# ਤੂਤਾਂ ਵਾਲਾ ਖੂਹ

(ਨਾਵਲ)

ਸੋਹਣ ਸਿੰਘ ਸੀਤਲ

ESTD. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

**TUTAN WALA KHUH** *(Novel)*
***(A Novel by Sohan Singh Seetal)***

© ਲੇਖਕ

2012

| | | |
|---|---|---|
| *ਮੁੱਲ* | : | *120* ਰੁਪਏ ਸਜਿਲਦ<br>80 ਰੁਪਏ ਪੇਪਰ ਬੈਕ |
| *ਪ੍ਰਕਾਸ਼ਕ* | : | *ਤੇਜਿੰਦਰ ਬੀਰ ਸਿੰਘ*<br>*ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,*<br>*ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।*<br>Ph. : 2740738, 6540738<br>E-Mail:-lahorebookshop40@Rediffmail.com<br>Printed in India |
| *ਲੇਜ਼ਰ ਸੈਟਿੰਗ* | : | *ਲਿਟਲ ਗ੍ਰਾਫ਼ਿਕਸ, ਜਲੰਧਰ।* |
| *ਛਾਪਕ* | : | *ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।* |

# 1

"ਮਰ ਗਏ ਅੱਜ। ...ਮਾਰ ਘੱਤਿਆ ਸਰਦਾਰ ਲੱਖਾ ਸਿੰਹੁ ਨੇ। ....ਉਹ"... ਆਹੰਦੇ ਨੇ ਨਾਂ, ਅਖੇ : ਲੱਖ ਲਾਨ੍ਹਤ ਤੇ ਤਮ੍ਹਾਂ ਖ਼ਰਾਬ। ਉਹ ਗੱਲ ਹੋਈ ਮੇਰੇ ਨਾਲ। ਬੱਸ, ਸੁਆਦ ਸੁਆਦ ਵਿੱਚ ਈ ਫੁੱਟ ਮਰੇ। ...ਪਾਪੀ ਨੇ ਬਣਾਇਆ ਵੀ ਬੜਾ ਵਧੀਆ ਸੀ। ਖਾਣ ਪੀਣ ਵੀ ਏਹਾ ਲੋਕ ਜਾਣਦੇ ਨੇ। ਅਸੀਂ ਤਾਂ ਸੱਤ ਦਿਨ ਹਫ਼ਤੇ ਦੇ ਤੇ ਚੌਦਾਂ ਡੰਗ ਮੂੰਗੀ ਦੀ ਦਾਲ। ਉਹ ਵੀ ਬਿਨਾਂ ਤੜਕਿਉਂ। ਥੋਮ, ਗੰਢਾ ਚੌਂਕੇ ਵਿੱਚ ਆਇਆ ਨਹੀਂ, ਤੇ ਧਰਮ ਭ੍ਰਸ਼ਟ। ਤੇ ਸ. ਲੱਖਾ ਸਿੰਹੁ ? ਜਦੋਂ ਵੀ ਜਾਈਏ, ਦਾਲ ਸਬਜ਼ੀ ਉਹਨੇ ਕਦੇ ਵਿਖਾਈ ਈ ਨਹੀਂ। ਮੱਥੇ ਲਗਦਿਆਂ ਸਾਰ ਪੁੱਤਰ ਨੂੰ ਵਾਜ ਮਾਰੇਗਾ, 'ਓ ਨ੍ਹਾਮਿਆਂ! ਸ਼ਾਹ ਹੋਰੀਂ ਆਏ ਨੇ ਭਈ! ਤੇ ਜਾਣਦਾ ਏਂ ਨਾ! ਸਾਡੀ ਸ਼ਾਹਣੀ ਪੱਕੀ ਵੈਸ਼ਨੋ ਏਂ। ਸਾਡੇ ਯਾਰ ਧੰਨੇ ਸ਼ਾਹ ਨੂੰ ਘਰ ਬਾਰਾਂ ਮਹੀਨੇ ਪਾਲਕ ਮੂੰਗੀ ਨਾਲ ਈ ਓਝਰੀ ਭਰਨੀ ਪੈਂਦੀ ਏ। ਅੱਜ ਭਈ, ਸ਼ਾਹ ਦੇ ਮੂੰਹ ਦਾ ਜ਼ਰਾ ਸੁਆਦ ਬਦਲ ਦਿਹ।' ਹਰਨਾਮਾ ਅੱਗੋਂ ਝੱਟ ਜਵਾਬ ਦੇਵੇਗਾ, 'ਬਾਪੂ! ਅੱਜ ਸ਼ਾਹ ਹੋਰਾਂ ਨੂੰ ਤੁਰਦੀ ਫਿਰਦੀ ਸਬਜ਼ੀ ਖੁਔਂਦੇ ਆਂ।' ਵਾਹ ਭਈ! ਕਿਆ ਨਾਂ ਧਰਿਆ ਸੁ, ਤੁਰਦੀ ਫਿਰਦੀ ਸਬਜ਼ੀ। ਬਾਹਰਲੀ ਹਵੇਲੀ ਭਰੀ ਪਈ ਏ ਕੁੱਕੜਾਂ ਨਾਲ। ਤੇ ਅੱਜ ਤਾਂ ਕੁੱਕੜ ਵੀ ਨਹੀਂ ਸੀ ਜਾਪਦਾ। ਤਿੱਤਰ ਹੋਣ ? ਪਰ ਤਿੱਤਰ ਤਾਂ ਏਡੇ ਵੱਡੇ ਨਹੀਂ ਹੁੰਦੇ। ਸ਼ਾਇਦ ਮੁਰਗ਼ਾਬੀਆਂ ਹੋਣ। ਸੁੱਕਾ ਘਿਉ ਵਿੱਚ ਭੁੰਨਿਆਂ ਹੋਇਆ ਕਬਾਬ। ....ਵਿਚਾਰੇ ਧੰਨੇ ਸ਼ਾਹ ਦੇ ਕੀ ਵੱਸ ? ਕੋਈ ਵੀ ਹੁੰਦਾ, ਤਾਂ ਏਹੋ ਜੇਹੇ ਪਦਾਰਥ ਪਿੱਛੇ ਮਰਨ ਤਕ ਜਾਂਦਾ। ਤੇ ਮੈਂ ਕਿਹੜਾ ਮਰਨ ਤੋਂ ਘੱਟ ਰਿਹਾ ਹਾਂ। ਹੁਣ ਕੋਈ ਕਸਰ ਏ ? ਉਹ! ਸਾਹ ਨਹੀਂ ਨਿਕਲਦਾ। ਅਜੇ ਤਾਂ ਮੈਂ ਸਿਆਣਪ ਕੀਤੀ। ਸਿਆਣਪ ਨਹੀਂ, ਸਬਰ। ਨਹੀਂ ਤਾਂ ਜਿਵੇਂ ਉਹਨੇ ਬੋਤਲ ਵੀ ਕੋਲ ਲਿਆ ਰੱਖੀ ਸੀ। ਹੇ ਰਾਮ! ਰਾਹ ਵਿੱਚ ਈ 'ਰਾਮ ਨਾਮ ਸੱਤ ਹੈ' ਹੋ ਜਾਂਦੀ। ...ਪਰ ਹੁਣ ਪਾਣੀ, ਪਾਣੀ ਕਿੱਥੋਂ ਮਿਲੇ ? ਅੱਜ ਪੀਰੂ ਵਾਲ ਈ ਪਰਦੇਸ ਬਣ ਗਿਆ ? ਬੱਸ, ਅੱਜ ਰੱਬ ਰੱਖ ਲਵੇ, ਮੁੜ ਕੇ ਨਹੀਂ ਸ. ਲੱਖਾ ਸਿੰਹੁ ਦੇ ਦਾਅ ਹੇਠ ਆਉਂਦੇ। ...ਉਹ!...ਹੈਂਹ...ਹੈਂਹ।"

ਸੁੱਕੇ ਬੁਲ੍ਹਾਂ ਉੱਤੇ ਜੀਭ ਫੇਰਦਾ ਧੰਨੇ ਸ਼ਾਹ ਲੱਤਾਂ ਧੂੰਹਦਾ ਤੁਰਿਆ ਜਾ ਰਿਹਾ ਸੀ। ਚੜ੍ਹਦੇ ਭਾਦਰੋਂ ਦੀ ਦੁਪਹਿਰ ਤੇ ਰੇਤਲਾ ਪੰਧ। ਸੌਣ ਸੁੱਕਾ ਲੰਘ ਜਾਣ ਕਰਕੇ ਆਸੇ ਪਾਸੇ ਟਿੱਬਿਆਂ ਵਿੱਚ ਭੱਖ ਲੌਂਦੇ ਨਜ਼ਰ ਆਉਂਦੇ ਸਨ। ਨਿੱਕੇ-ਨਿੱਕੇ ਸਰਕੜੇ ਤੋਂ ਬਿਨਾਂ ਉਸ ਬਰਾਨੇ ਇਲਾਕੇ ਵਿੱਚ ਕਿਤੇ ਹਰਿਆਵਲ ਨਹੀਂ ਸੀ ਦਿਸਦੀ। ਬਿੰਡਿਆਂ ਦੀ ਟੀਂ-ਟੀਂ ਤੋਂ ਬਿਨਾਂ ਕੋਈ ਵਾਜ ਕੰਨੀ ਨਹੀਂ ਸੀ ਪੈਂਦੀ। ਇਸ ਚੁੱਪ ਤੋਂ ਘਬਰਾ ਕੇ ਹੀ ਧੰਨੇ ਸ਼ਾਹ ਆਪ ਬੁੜ-ਬੁੜਾਉਂਦਾ ਜਾ ਰਿਹਾ ਸੀ।

ਜਿਉਂਦੇ ਗਲੇ ਦੀ ਵਾਜ ਹੀ ਜ਼ਿੰਦਗੀ ਦੀ ਨਸ਼ਾਨੀ ਹੈ। ਸੰਪੂਰਨ ਚੁੱਪ ਤਾਂ ਮੌਤ

ਨਾਲੋਂ ਵੀ ਭਿਆਨਕ ਹੁੰਦੀ ਹੈ। ਇਨਸਾਨੀ ਗਲੇ ਦੀ ਨਹੀਂ, ਤਾਂ ਕਿਸੇ ਪਸ਼ੂ ਪੰਛੀ ਦੀ ਵਾਜ ਹੀ ਕੰਨੀ ਪੈਣੀ ਚਾਹੀਦੀ ਹੈ। ਕੋਇਲ ਜਾਂ ਬੁਲਬੁਲ ਦੀ ਰਸੀਲੀ ਵਾਜ ਦੀ ਥਾਂ, ਕਈ ਵਾਰ ਆਦਮੀ ਢੋਡੂ ਕਾਂ ਦੀ ਕੰਨ-ਪਾੜਵੀਂ ਵਾਜ ਨੂੰ ਹੀ ਸਹਿਕਣ ਲੱਗ ਪੈਂਦਾ ਹੈ। ਉਹ ਵੀ ਉਸ ਵੇਲੇ ਚੁੱਪ ਨੂੰ ਤੋੜਨ ਦਾ ਸਾਧਨ ਬਣਦੀ ਹੈ।

ਬਿੰਡੇ ਦੀ ਅਣ-ਸੁਖਾਵੀਂ ਟੀਂ-ਟੀਂ ਵੀ ਉਸ ਵੇਲੇ ਧੰਨੇ ਸ਼ਾਹ ਨੂੰ ਚੰਗੀ ਲੱਗ ਰਹੀ ਸੀ। ਬਿੰਡਾ ਟਹਿਣੀਆਂ ਤੋਂ ਸੱਖਣੇ, ਰੁੰਡ-ਮੁੰਡ ਕਿੱਕਰ ਉੱਤੇ ਬੈਠਾ ਰਾਗ ਅਲਾਪ ਰਿਹਾ ਸੀ। ਪਰ ਧੰਨੇ ਸ਼ਾਹ ਤੁਰਿਆ ਜਾ ਰਿਹਾ ਸੀ। ਬਿੰਡੇ ਦੀ ਵਾਜ ਪਿੱਛੇ ਦੂਰ ਰਹਿ ਗਈ, ਤਾਂ ਧੰਨੇ ਸ਼ਾਹ ਆਪਣੇ ਆਪ ਹੀ ਗੱਲਾਂ ਕਰਨ ਲੱਗ ਪਿਆ। ਉਹ ਇਕ ਅੱਧਾ ਵਾਕ ਮੂੰਹੋਂ ਕੱਢ ਲੈਂਦਾ ਤੇ ਫਿਰ ਤਿੰਨ ਚਾਰ ਕਾਹਲੇ-ਕਾਹਲੇ ਸਾਹ ਖਿੱਚ ਲੈਂਦਾ। ਕੋਈ ਅਧੂਰੇ ਵਾਕ ਉਹਦੇ ਸੰਘ ਵਿੱਚ ਵੀ ਪਲਚ ਜਾਂਦੇ।

ਵਿਤੋਂ ਵੱਧ ਖਾਧੀ ਹੋਈ ਖ਼ੁਰਾਕ ਨੇ ਧੰਨੇ ਸ਼ਾਹ ਨੂੰ ਬਹੁਤ ਔਖਿਆਂ ਕਰ ਦਿੱਤਾ ਸੀ। ਤੇਜ ਮਸਾਲੇਦਾਰ ਮਾਸ ਨੇ ਅੰਦਰ ਏਨੀ ਭਟਕੀ ਲਾ ਦਿੱਤੀ ਸੀ, ਕਿ ਧੰਨੇ ਸ਼ਾਹ ਪਾਣੀ ਖੁਣੋਂ ਮੱਛੀ ਵਾਂਗ ਤੜਪਣ ਲੱਗਾ। ਉਹ ਇਉਂ ਮਹਿਸੂਸ ਕਰ ਰਿਹਾ ਸੀ, ਜਿਵੇਂ ਖਾਧਾ ਹੋਇਆ ਮਾਸ ਅੰਦਰ ਫੁੱਲ ਕੇ ਤਿੰਨ ਚਾਰ ਗੁਣਾ ਬਣ ਗਿਆ ਹੈ, ਜਿਸ ਦੇ ਬੋਝ ਨਾਲ ਓਝਰੀ ਪਾਟ ਜਾਏਗੀ। ਉਹਨੂੰ ਹਰ ਸਾਹ ਨਾਲ ਅੰਦਰ 'ਪਾਣੀ-ਪਾਣੀ' ਦੀ ਦੁਹਾਈ ਮੱਚੀ ਹੋਈ ਸੁਣਾਈ ਦੇਂਦੀ। ਸੁੱਕੇ ਬੁੱਲ੍ਹਾਂ ਨੂੰ ਤਰ ਕਰਨ ਵਾਸਤੇ ਉਹ ਜੀਭ ਫੇਰਦਾ, ਪਰ ਜੀਭ ਆਪ ਲੱਕੜ ਵਾਂਗ ਖ਼ੁਸ਼ਕ ਹੋਈ ਪਈ ਸੀ।

'ਵਰਨਾ' ਤੋਂ 'ਪੀਰੂਵਾਲਾ' ਬਹੁਤਾ ਦੂਰ ਨਹੀਂ ਸੀ, ਮਸ੍ਹਾਂ ਦੋ ਕੋਹ। ਉਹਨਾਂ ਦੋ ਕੋਹਾਂ ਵਿੱਚ ਸਾਹ ਲੈਣ ਵਾਸਤੇ ਰਾਹ ਉੱਤੇ ਇਕ ਵੀ ਹਰਿਆ ਰੁੱਖ ਨਹੀਂ ਸੀ। ਇਕ ਦੋ ਥਾਵਾਂ 'ਤੇ ਫ਼ਰਲਾਂਗ ਫ਼ਰਲਾਂਗ ਰੱਕੜ ਛੱਡ ਕੇ ਬਾਕੀ ਸਾਰਾ ਪੰਧ ਰੇਤਲਾ ਸੀ। ਰੇਤ ਵਿੱਚ ਥੱਕੇ ਹੋਏ ਰਾਹੀ ਦੀ ਤੋਰ ਹੋਰ ਵੀ ਮੱਠੀ ਹੋ ਜਾਂਦੀ ਹੈ। ਧੰਨੇ ਸ਼ਾਹ ਬੜੀ ਹਿੰਮਤ ਨਾਲ ਕਦਮ ਅਗਾਂਹ ਧਰਦਾ, ਪਰ ਥਲਿਓਂ ਸੁੱਕੀ ਰੇਤ ਖਿਸਕ ਜਾਣ ਕਰਕੇ ਪੈਰ ਪਿਛਾਂਹ ਹੀ ਜਾਂਦਾ। ਬੜੀ ਮੁਸ਼ਕਲ ਬਣੀ। ਔਖ ਵੇਲੇ ਕੋਈ ਵੀ ਸਹਾਈ ਨਜ਼ਰ ਨਾ ਆਉਂਦਾ। ਉਹਦਾ ਜੀ ਕਰਦਾ, ਕਿ ਕਿਸੇ ਕਾਨਿਆਂ ਦੇ ਬੂਝੇ ਦੇ ਆਸਰੇ ਹੀ ਬਹਿ ਕੇ ਦੋ ਮਿੰਟ ਸਾਹ ਲੈ ਲਵੇ। ਪਰ ਨਿੱਕੇ-ਨਿੱਕੇ ਕਾਨਿਆਂ ਦੇ ਬੂਝੇ ਵੀ ਤਾਂ ਛਾਂ ਕਰਨ ਜੋਗੇ ਨਹੀਂ ਸਨ। ਫਿਰ ਜੇ ਉਹ ਬਹਿ ਜਾਏ ਤਾਂ ਪਾਣੀ ਖੁਣੋਂ ਕਿਵੇਂ ਬਣੇ ? ਪਾਣੀ-ਪਾਣੀ। ਉਸ ਵੇਲੇ ਉਹਦੀ ਜਾਨ ਸਿਰਫ਼ ਪਾਣੀ ਵਿੱਚ ਸੀ। ਏਸੇ ਵਾਸਤੇ ਉਹ ਡਿਗਦਾ ਢਹਿੰਦਾ ਤੁਰਿਆ ਜਾ ਰਿਹਾ ਸੀ। ਉਹਨੇ ਆਪਣੇ ਆਪ ਨੂੰ ਹੌਸਲਾ ਦੇਣ ਵਾਸਤੇ ਬੜੀ ਦ੍ਰਿੜ੍ਹ ਸੁਰ ਵਿੱਚ ਕਿਹਾ, "ਧੰਨੇ ਸ਼ਾਹ। ਕਿਵੇਂ ਨਾ ਕਿਵੇਂ ਹਿੰਮਤ ਕਰਕੇ ਪੀਰੂ ਵਾਲੇ ਪਹੁੰਚ ਪਉ। ਨਹੀਂ ਤਾਂ ਐਸ ਰੇਤਥਲੇ ਵਿੱਚ ਸਰ੍ਹਾਣੇ ਧਾਹ ਮਾਰਨ ਵਾਸਤੇ ਪਾਰਬਤੀ ਦੀ ਭਾਬੋ ਨੇ ਵੀ ਨਹੀਂਊਂ ਆਉਣਾ।"

ਇਨਸਾਨ ਦਾ ਲਾਲਚੀ ਮਨ। ਮਰਨ ਪਿੱਛੋਂ ਵੀ ਇਹ ਚਾਹੁੰਦਾ ਹੈ ਕਿ ਕੋਈ ਆਪਣਾ ਰੋਣ ਵਾਸਤੇ ਕੋਲ ਹੋਵੇ।

ਜ਼ਿੰਦਗੀ ਬੜੀ ਹਿੰਮਤ ਵਾਲੀ ਹੈ। ਥੋੜ੍ਹੀ ਕੀਤਿਆਂ ਇਹ ਮੌਤ ਅੱਗੇ ਹਾਰ ਨਹੀਂ ਮੰਨਦੀ। ਆਖ਼ਰ ਦਮ ਤੱਕ ਇਹ ਜੀਵਨ ਵਾਸਤੇ ਤਾਂਘਦੀ ਤੇ ਉੱਦਮ ਕਰਦੀ ਰਹਿੰਦੀ ਹੈ। ਧੰਨੇ ਸ਼ਾਹ ਨੇ ਵੀ ਹੌਂਸਲਾ ਨਹੀਂ ਹਾਰਿਆ। ਉਹ ਡਿਗਦਾ ਢਹਿੰਦਾ ਪਾਣੀ ਦੇ ਕੰਢੇ ਪਹੁੰਚ ਹੀ ਗਿਆ।

ਵਰਨਾ, ਵਿਰਕ ਜੱਟਾਂ ਦਾ ਪਿੰਡ ਸੀ। ਕਸੂਰ ਸ਼ਹਿਰ ਤੋਂ ਚਾਰ ਕੋਹ ਦੂਰ, ਉਹ ਉੱਤਰ-ਪੂਰਬ ਦੀ ਗੁੱਠ ਵਿੱਚ ਹੈ। ਕਸੂਰ ਤੇ ਵਰਨਾ ਦੇ ਅੱਧ ਵਿੱਚ ਹੈ ਛੋਟਾ ਜਿਹਾ ਪਿੰਡ ਪੀਰੂ ਵਾਲਾ। ਪੀਰੂ ਵਾਲੇ ਦੀਆਂ ਕੰਧਾਂ ਤੋਂ ਇਕ ਪੈਲੀ ਦੀ ਵਿੱਥ 'ਤੇ ਪਹਾੜ ਦੀ ਬਾਹੀ ਤੂਤਾਂ ਵਾਲਾ ਖੂਹ ਹੈ। ਖੂਹ ਦੇ ਦੋ ਬਰਾਬਰ ਦੇ ਮਾਲਕ ਸਨ। ਸ. ਚੰਦਾ ਸਿੰਘ ਤੇ ਚੌਧਰੀ ਚਰਾਗ਼ ਦੀਨ। ਏਸੇ ਵਾਸਤੇ ਨਾ ਉਹ ਸ: ਚੰਦਾ ਸਿੰਘ ਦਾ ਖੂਹ ਅਖਵਾਉਂਦਾ ਸੀ, ਨਾ ਚੌਧਰੀ ਚਰਾਗ਼ ਦੀਨ ਦਾ। ਉਹਦੇ ਪੜਾਣੇ ਦੇ ਉਦਾਲੇ ਸੰਘਣੀ ਛਾਂ ਵਾਲੇ ਤੂਤ ਖਲੇ ਸਨ। ਗਰਮੀਆਂ ਵਿੱਚ ਉਹਨਾਂ ਤੂਤਾਂ ਥੱਲੇ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ। ਲੋਕ ਉਹਨੂੰ 'ਤੂਤਾਂ ਵਾਲਾ ਖੂਹ' ਆਖਦੇ ਸਨ।

ਤੂਤਾਂ ਦੀ ਛਾਂਵੇਂ ਵੱਡਾ ਸਾਰਾ ਤਖ਼ਤਪੋਸ਼ ਤੇ ਤਿੰਨ ਚਾਰ ਮੰਜੇ ਡੱਠੇ ਹੋਏ ਸਨ। ਤਖ਼ਤਪੋਸ਼ ਉੱਤੇ ਚਾਰ ਗੱਭਰੂ ਬੈਠੇ ਤਾਸ਼ ਖੇਡ ਰਹੇ ਸਨ। ਦੋ ਚਾਰ ਹੋਰ ਲਾਗੇ ਬੈਠੇ ਉਹਨਾਂ ਦੇ ਮੋਢਿਆਂ ਉਤਦੀ ਓਕੜ-ਓਕੜ ਕੇ ਵੇਖ ਰਹੇ ਸਨ। ਪਿੜ ਖ਼ੂਬ ਗਰਮ ਮਾਲੂਮ ਹੁੰਦਾ ਸੀ।

"ਓ, ਆ ਧੰਨੇ ਸ਼ਾਹ! ਐਸ ਵੇਲੇ ਕਿਧਰੋਂ ?" ਸੱਜਣ ਸਿੰਘ ਨੇ ਤਾਸ਼ ਦਾ ਪੱਤਾ ਜ਼ੋਰ ਨਾਲ ਥੱਲੇ ਪਟਕਦਿਆਂ ਆਉਣ ਵਾਲੇ ਤੋਂ ਰਸਮੀ ਤੌਰ 'ਤੇ ਪੁੱਛਿਆ।

ਧੰਨੇ ਸ਼ਾਹ ਨੇ ਸੱਜਣ ਸਿੰਘ ਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਉਸ ਵੇਲੇ ਉਹਦੇ ਵਿੱਚ ਹੁੰਗਾਰਾ ਭਰਨ ਦੀ ਵੀ ਸ਼ਕਤੀ ਨਹੀਂ ਸੀ। ਉਹ ਠਿਬਕਣੀ ਜੇਹੀ ਜੁੱਤੀ ਲਾਹ ਕੇ ਰਵਾਂ ਰਵੀਂ ਔਲੂ ਵਿੱਚ ਵੜ ਗਿਆ।

"ਉਠ ਉਇ ਬਸ਼ਕਿਆ! ਭੱਜ ਕੇ ਭਾਂਡਾ ਲਿਆ। ਸ਼ਾਹ ਨੂੰ ਪਾਣੀ ਪਿਆਈਏ।" ਸੱਜਣ ਸਿੰਘ ਨੇ ਧੰਨੇ ਸ਼ਾਹ ਦੀ ਹਾਲਤ ਵੇਖ ਕੇ, ਕੋਲ ਬੈਠੇ ਆਪਣੇ ਪੁੱਤਰ ਨੂੰ ਹੁਕਮ ਕੀਤਾ।

ਧੰਨੇ ਸ਼ਾਹ ਨੇ ਨਾਂਹ ਵਿੱਚ ਸਿਰ ਹਿਲਾਉਂਦਿਆਂ ਅੱਗੇ ਵੱਧ ਕੇ ਨਸਾਰ ਹੇਠਾਂ ਬੁੱਕ ਕਰ ਦਿੱਤਾ। ਮੂੰਹੋਂ ਉਹ ਕੁਛ ਕਹਿਣਾ ਵੀ ਚਾਹੁੰਦਾ, ਤਾਂ ਉਹਦੇ ਸੰਘੋਂ ਵਾਜ ਨਹੀਂ ਸੀ ਨਿਕਲਣੀ।

"ਫੌਤਿਆ ਖੂਹ ਗੇੜੀਂ ਉਇ। ਸ਼ਾਹ ਤਾਂ ਬਕਲਿਆ ਪਿਆ ਈ। ਕਿਤੇ ਆਪਣੇ

ਜੁੰਮੇਂ ਈ ਨਾ ਲੱਗਦਾ ਹੋਵੇ।" ਕਹਿੰਦਾ ਹੋਇਆ ਸੱਜਣ ਸਿੰਘ ਆਪ ਵੀ ਤਖ਼ਤਪੋਸ਼ ਤੋਂ ਉੱਠ ਬੈਠਾ।

ਫੱਤੋ ਤੇ ਪਾਲੇ ਨੇ ਭੱਜ ਕੇ ਖੂਹ ਗੇੜਿਆ। ਭਰੀਆਂ ਹੋਈਆਂ ਟਿੰਡਾਂ ਪਾੜਛੇ ਵਿੱਚ ਪਈਆਂ, ਤੇ ਜ਼ਿੰਦਗੀ ਦਾ ਸੁਨੇਹਾ ਲੈ ਕੇ ਪਾਣੀ ਨਸਾਰ ਵਿਚਦੀ ਨੀਂਵੇਂ ਪਾਸੇ ਨੂੰ ਭੱਜਿਆ। ਧੰਨੇ ਸ਼ਾਹ ਨੇ ਹਾਬੜਿਆਂ ਹੋਇਆਂ ਵਾਂਗ ਵੱਡੀਆਂ-ਵੱਡੀਆਂ ਘੁੱਟਾਂ ਨਾਲ ਪਾਣੀ ਅੰਦਰ ਸੁੱਟਿਆ। ਉਹਨੂੰ ਇਉਂ ਮਹਿਸੂਸ ਹੋਇਆ, ਜਿਵੇਂ ਅੰਦਰ ਬਲਦੀ ਅੱਗ ਉੱਤੇ ਪਾਣੀ ਪੈ ਰਿਹਾ ਹੈ।

"ਜੇਰਾ ਕਰ। ਸਾਹ ਲੈ ਕੇ ਪੀਂਵੀਂ ਹੋਰ।" ਸੱਜਣ ਸਿੰਘ ਨੇ ਡੌਲਿਉਂ ਫੜ ਕੇ ਮੱਲੋ-ਮੱਲੀ ਸ਼ਾਹ ਨੂੰ ਪਾਣੀ ਪੀਣੋਂ ਰੋਕ ਲਿਆ।

ਬਾਂਹੋਂ ਖਿੱਚ ਕੇ ਸੱਜਣ ਸਿੰਘ ਨੇ ਧੰਨੇ ਸ਼ਾਹ ਨੂੰ ਮੰਜੇ 'ਤੇ ਲਿਆ ਬਿਠਾਇਆ, ਪਰ ਮਗਰਲੇ ਦਾ ਧਿਆਨ ਅਜੇ ਵੀ ਨਸਾਰ ਵਿੱਚੋਂ ਹੇਠਾਂ ਡਿੱਗ ਰਹੇ ਪਾਣੀ ਵੱਲ ਸੀ।

"ਓ ਸ਼ਾਹ! ਕੀ ਬਣੀ ? ਕੀ ਹਾਲ ਹੋਇਆ ਪਿਆ ਏ ਤੇਰਾ ? ਐਸ ਵੇਲੇ ਤਿੱਖੜ ਦੁਪਹਿਰੇ ਕਿਧਰੋਂ ?" ਸੱਜਣ ਸਿੰਘ ਨੇ ਸ਼ਾਹ ਦੀ ਪੈਂਦ ਵੱਲ ਬਹਿੰਦਿਆਂ ਕੱਠੇ ਹੀ ਕੇਈ ਸਵਾਲ ਕਰ ਦਿੱਤੇ।

ਧੰਨੇ ਸ਼ਾਹ ਨੇ ਸੱਜਾ ਹੱਥ ਹਿਲਾ ਕੇ ਉਹਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਗ਼ਰੀਬ ਨੂੰ ਸੁਰਤ ਤਾਂ ਆ ਲੈਣ ਦਿਹ। ਫੇਰ ਹਾਲ ਚਾਲ ਵੀ ਪੁਛ ਲਈਂ ਸੁ।" ਕੋਲੋਂ ਇਲਮ ਦੀਨ ਨੇ ਤਰਸ ਨਾਲ ਸਿਰ ਹਿਲਾਉਂਦਿਆਂ ਕਿਹਾ।

"ਪਾਣੀ। ਮਰ ਗਿਆ ਅੱਜ।" ਧੰਨੇ ਸ਼ਾਹ ਨੇ ਖੂਹ ਵੱਲ ਹੱਥ ਕਰਕੇ ਕਿਹਾ। ਉਹਦੀ ਪਿਆਸ ਅਜੇ ਸ਼ਾਂਤ ਨਹੀਂ ਸੀ ਹੋਈ।

"ਕੋਈ ਨਹੀਂ। ਹੁਣ ਪਾਣੀ ਖੁਣੋ ਨਹੀਂ ਮਰਨ ਦੇਂਦੇ ਤੈਨੂੰ।" ਸੱਜਣ ਸਿੰਘ ਨੇ ਸ਼ਾਹ ਦੀ ਕੰਡ ਪਲੋਸਦਿਆਂ ਕਿਹਾ। "ਭੱਜ ਉਇ ਬਸ਼ਕਿਆ। ਲਿਆ ਛੰਨਾ! ਨਹੀਂ ਤਾਂ ਸ਼ਾਹ ਜਾਂਦਾ ਈ।"

ਉਦਾਲੇ ਬੈਠਿਆਂ ਵਿੱਚ ਹਾਸਾ ਪੈ ਗਿਆ, ਪਰ ਉਹ ਸ਼ਾਹ ਦਾ ਲਿਹਾਜ਼ ਕਰਕੇ ਪੂਰੀ ਤਰ੍ਹਾਂ ਖੁੱਲ੍ਹ ਕੇ ਨਾ ਹੱਸ ਸਕੇ।

ਪਿਉ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਬਸ਼ਕਾ ਭੱਜ ਉੱਠਿਆ, ਭਾਵੇਂ ਉਹ ਪਹਿਲਾਂ ਵੀ ਕਾਫ਼ੀ ਤੇਜ਼ ਚਾਲੇ ਆ ਰਿਹਾ ਸੀ।

ਸ਼ਾਹ ਨੇ ਬਸ਼ਕੇ ਦੇ ਹੱਥ ਵਿੱਚ ਭਾਂਡਾ ਵੇਖ ਕੇ ਸੱਖਣੇ ਛੰਨੇ ਵੱਲ ਹੀ ਹੱਥ ਵਧਾ ਦਿੱਤਾ। ਉਹਦੀ ਇਹ ਹਰਕਤ ਤੱਕ ਕੇ ਵੇਖਣ ਵਾਲੇ ਫਿਰ ਹੱਸ ਪਏ।

"ਛੇਤੀ ਲਿਆ ਉਇ ਗੰਗਾ ਜਲ। ਸ਼ਾਹ ਤਾਂ ਆਖ਼ਰੀ ਦਮਾਂ 'ਤੇ ਈ।" ਸੱਜਣ ਸਿੰਘ ਨੇ ਖੂਹ ਵੱਲ ਇਸ਼ਾਰਾ ਕਰਕੇ ਪੁੱਤਰ ਨੂੰ ਕਿਹਾ।

ਫੱਤੇ ਹੋਰਾਂ ਖੂਹ ਗੇੜਿਆ ਤੇ ਬਸ਼ਕੇ ਨੇ ਛੰਨਾ ਭਰਕੇ ਸ਼ਾਹ ਨੂੰ ਲਿਆ ਫੜਾਇਆ। ਦੋਹਾਂ ਹੱਥਾਂ ਨਾਲ ਛੰਨਾ ਸੰਭਾਲ ਕੇ ਸ਼ਾਹ ਨੇ ਮੂੰਹ ਨੂੰ ਲਾ ਲਿਆ। ਇਕੋ ਡੀਕੇ ਛੰਨਾ ਖ਼ਾਲੀ ਕਰਕੇ ਸ਼ਾਹ ਨੇ ਲੰਮਾ ਸਾਰਾ ਸਾਹ ਲਿਆ, "ਹਾ—ਆ—ਅ! ਰੱਖ ਲਿਆ, ਬਚਾਅ ਲਿਆ ਅੱਜ ਤਾਂ ਸ. ਸੱਜਣ ਸਿਹੁੰ ਨੇ। ਇਕ ਛੰਨਾ ਹੋਰ।" ਉਹਨੇ ਬਸ਼ਕੇ ਦੇ ਹੱਥ ਛੰਨਾ ਦੇਂਦਿਆਂ ਨਸਾਰ ਵੱਲ ਇਸ਼ਾਰਾ ਕਰਕੇ ਕਿਹਾ।

"ਸਾਹ ਲੈ ਲਾ, ਧੰਨੇ ਸ਼ਾਹ! ਇਕੋ ਸਾਹੇ ਬਹੁਤਾ ਪਾਣੀ ਪੀਣਾ ਠੀਕ ਨਹੀਂ। ਲੰਮਾ ਪੈ ਜਾ ਜਰਾ।" ਸੱਜਣ ਸਿੰਘ ਨੇ ਪੈਂਦ ਵੱਲ ਖਿਸਕਦਿਆਂ ਕਿਹਾ।

"ਮੈਨੂੰ ਪਹਿਲਾਂ ਨ੍ਹਾ ਲੈਣ ਦਿਹੋ। ਸੜ ਗਿਆ ਮੈਂ ਤਾਂ।" ਧੰਨੇ ਸ਼ਾਹ ਨੇ ਬੱਚਿਆਂ ਵਾਂਗ ਲਿਲਕਣੀ ਲੈਂਦਿਆਂ ਕਿਹਾ।

"ਉ, ਤੱਤੇਘਾਹ ਨ੍ਹਾ ਕੇ ਮਰਨਾ ਈਂ ? ਘੜੀ ਸਾਹ ਲੈ ਲਾ ਪਹਿਲਾਂ। ਠੰਢਾ ਹੋ ਜਰਾ, ਫਿਰ ਨੁਹਾ ਛੱਡ ਕੇ ਪਾਣੀ ਵਿੱਚ ਡੋਬ ਦਿਆਂਗੇ।"

ਸੱਜਣ ਸਿੰਘ ਦੀ ਇਹ ਗੱਲ ਸੁਣ ਕੇ ਸਾਰੇ ਖੁੱਲ੍ਹ ਕੇ ਹੱਸ ਪਏ। ਹੁਣ ਸਾਰਿਆਂ ਨੂੰ ਤਸੱਲੀ ਹੋ ਗਈ ਸੀ ਕਿ ਸ਼ਾਹ ਮਰਨੋਂ ਬਚ ਗਿਆ ਹੈ।

ਧੰਨੇ ਸ਼ਾਹ ਨੇ ਇਕ ਵਾਰ ਆਸ-ਪਾਸ ਬੈਠਿਆਂ ਵੱਲ ਤਕਿਆ ਤੇ ਫਿਰ ਮੰਜੇ 'ਤੇ ਟੇਢਾ ਹੋ ਗਿਆ। ਉਹਦੀ ਨਿਗ੍ਹਾ ਉਪਰ ਹਰੇ-ਸਾਵੇ ਤੂਤਾਂ ਵੱਲ ਗਈ, ਤਾਂ ਉਹਨੂੰ ਰਾਹ ਵਿੱਚ ਭੱਖ ਲੌਂਦੇ ਯਾਦ ਆ ਗਏ। 'ਹਰਿਆਵਲ ਵਿੱਚ ਕਿੰਨੀ ਜ਼ਿੰਦਗੀ ਹੈ।' ਉਹਦੇ ਅਚੇਤ ਮਨ ਵਿੱਚੋਂ ਮੱਧਮ ਜੇਹੀ ਵਾਜ ਆਈ। 'ਹੁਣ ਕੋਈ ਡਰ ਨਹੀਂ। ਇਕ ਵਾਰ ਯਮਰਾਜ ਛੱਡ ਗਿਆ।' ਉਹ ਲੰਮਾ ਪਿਆ ਵੀ ਸੋਚੀ ਜਾ ਰਿਹਾ ਸੀ। 'ਜੇ ਮੈਂ ਬੇਦਿਲ ਹੋ ਕੇ ਡਿੱਗ ਪੈਂਦਾ ਤਾਂ! ਜੇ...ਜੇ...ਜੇ।' ਨਾ ਚਾਹੁੰਦਾ ਹੋਇਆ ਵੀ ਉਹ ਇਸ 'ਜੇ....ਜੇ' ਦੇ ਗੇੜ ਵਿੱਚ ਪਿਆ ਗੋਤੇ ਖਾ ਰਿਹਾ ਸੀ।

ਇਸ ਤਰ੍ਹਾਂ ਉਹਨੂੰ ਅੱਧਾ ਕੁ ਘੰਟਾ ਬੀਤ ਗਿਆ। ਅਜੇ ਵੀ ਉਹਨੂੰ ਸਾਰਾ ਸਰੀਰ ਤਾਪ ਦੇ ਰੋਗੀ ਵਾਂਗ ਤਪ ਰਿਹਾ ਭਾਸਦਾ ਸੀ। ਉਹ ਹਿੰਮਤ ਕਰਕੇ ਉਠ ਬੈਠਾ।

"ਕਿਉਂ, ਹੋਰ ਪਾਣੀ ਪੀਣਾ ਏਂ ?" ਸੱਜਣ ਸਿੰਘ ਨੇ ਹਾਸੇ ਠੱਠੇ ਵਾਲੀ ਸੁਰ ਵਿੱਚ ਕਿਹਾ।

"ਛੰਨੇ ਨਾਲ ਕੁਛ ਨਹੀਂ ਬਣਨਾ, ਸ਼ਾਹ ਨੂੰ ਤਾਂਵੀਏ ਨਾਲ ਪਿਆਓ।" ਕੋਲੋਂ ਉਮਰਦੀਨ ਨੇ ਸਲਾਹ ਦਿੱਤੀ।

"ਪਿਆਓ ਨਹੀਂ, ਆਖ ਡਹਾਓ।" ਪਾਸੇ ਤੋਂ ਚੰਦਾ ਸਿੰਘ ਨੇ ਚੋਟ ਕੀਤੀ।

'ਪਿਆਓ' ਤੇ 'ਡਹਾਉ' ਦੇ ਭੇਦ ਨੂੰ ਸਮਝ ਕੇ ਸਾਰੇ ਹਾਸਾ ਪੈ ਗਿਆ।

"ਉ, ਭਰਾਓ! ਜੋ ਮਰਜ਼ੀ ਜੇ ਆਖ ਲਵੋ, ਤੇ ਬੇਸ਼ੱਕ ਖੁੱਲ੍ਹ ਕੇ ਹੱਸੋ। ਤੁਸਾਂ ਧੰਨੇ ਸ਼ਾਹ ਦੀ ਜਾਨ ਬਚਾ ਲਈ ਏ।" ਧੰਨੇ ਸ਼ਾਹ ਨੇ ਬੜੇ ਖੁੱਲ੍ਹੇ ਦਿਲ ਨਾਲ ਸਾਰਿਆਂ ਨੂੰ

ਹੱਸਣ ਦੀ ਪ੍ਰੇਰਨਾ ਦਿੱਤੀ। "ਪਰ ਪਹਿਲਾਂ ਮੈਨੂੰ ਨ੍ਹਾ ਕੇ ਠੰਢਾ ਹੋ ਲੈਣ ਦਿਹੋ।"

"ਉਠ ਫਿਰ ਬਲ ਧਾਰ। ਲੀੜੇ ਲਾਹ ਲਵੇਂਗਾ, ਕਿ ਮੈਂ ਲਾਹ ਦਿਆਂ ਈਂ।" ਸੱਜਣ ਸਿੰਘ ਨੇ ਆਪਣੇ ਆਪ ਨੂੰ ਸੇਵਾ ਵਾਸਤੇ ਪੇਸ਼ ਕਰਦਿਆਂ ਕਿਹਾ।

"ਸ਼ਾਹ ਲੋਕਾਂ ਦੇ ਲਾਹ ਲੈਂਦਾ ਏ, ਤੇ ਉਹਥੋਂ ਆਪਣੇ ਨਾ ਲਹਿਣਗੇ।" ਜਮਾਲ ਦੀਨ ਨੇ ਨਿੱਜੀ ਤਜਰਬੇ ਦੇ ਆਧਾਰ 'ਤੇ ਕਿਹਾ। ਪੀਰੂ ਵਾਲੇ ਵਿੱਚੋਂ ਉਹ ਧੰਨੇ ਸ਼ਾਹ ਦੀ ਸਭ ਤੋਂ ਪੁਰਾਣੀ ਸਾਮੀ ਸੀ।

"ਆਹ ਤਾਂ ਜਮਾਲੇ ਨੇ ਹੱਡ-ਬੀਤੀ ਕੀਤੀ ਏ।" ਚੰਦਾ ਸਿੰਘ ਨੇ ਜਮਾਲ ਦੀਨ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ।

"ਉ, ਸ. ਚੰਦਾ ਸਿਹਾਂ! ਨਾ ਕੋਈ ਕਿਸੇ ਦੇ ਲਾਹੁੰਦਾ ਈ ਤੇ ਨਾ ਲੁਹਾਉਂਦਾ ਈ। ਇਹ ਤਾਂ ਲੋੜਾਂ ਦੇ ਸੌਦੇ ਨੇ।" ਧੰਨੇ ਸ਼ਾਹ ਨੇ ਮੈਲਾ ਜਿਹਾ ਕੁੜਤਾ ਉਤਾਰਦਿਆਂ ਉੱਤਰ ਦਿਤਾ। "ਦੱਸ ਤੇਰੇ ਕਿੰਨੇ ਕੁ ਲਾਹੇ ਨੇ ?"

"ਇਹ ਮੈਂ ਨਹੀਂ ਲੁਹਾਏ ਕਿ! ਹੋਰ ਤੇਰੇ ਵੱਲੋਂ ਤਾਂ ਕਸਰ ਨਹੀਂ।" ਚੰਦਾ ਸਿੰਘ ਦੀ ਵਾਜ ਕੁਛ ਰੁੱਖੀ ਹੋ ਗਈ।

"ਹੱਛਾ ਸਰਦਾਰਾ, ਮੈਥੋਂ ਨਹੀਂ ਲੁਹਾਏ, ਤਾਂ ਕਿਸੇ ਹੋਰ ਮੇਰੇ ਭਰਾ ਕੋਲੋਂ ਲੁਹਾਏ ਹੋਣਗੇ। ਸਿਆਣਿਆਂ ਆਖਿਆ ਏ : ਸ਼ਾਹ ਬਿਨਾਂ ਜੱਟ ਦੀ ਗਤੀ ਨਹੀਂ।"

"ਉ, ਪਹਿਲਾਂ ਠੰਢਾ ਹੋ ਲੈ ਸ਼ਾਹ! ਚੁੰਝ-ਚਰਚਾ ਫੇਰ ਕਰ ਲਈਂ।...ਖੂਹ ਗੇੜੋ ਉਇ ਮੁੰਡਿਓ।...ਉਂਞ ਸ਼ਾਹ! ਖੂਹ ਦੇ ਵਿੱਚ ਉਤਰ ਕੇ ਨ੍ਹਾਉਣ ਦਾ ਬੜਾ ਅਨੰਦ ਏ।" ਸੱਜਣ ਸਿੰਘ ਨੇ ਫਿੱਕੇ ਹੋ ਰਹੇ ਵਾਰਤਾਲਾਪ ਨੂੰ ਰਸਕ ਬਨਾਉਣ ਦੇ ਇਰਾਦੇ ਨਾਲ ਗੱਲ ਹੋਰ ਪਾਸੇ ਮੋੜ ਦਿੱਤੀ।

"ਹਾਹੋ। ਫੇਰ ਤਾਂ ਹਰਦੁਆਰ ਜਾਣ ਦੀ ਵੀ ਲੋੜ ਨਹੀਂ।" ਜਿਹੜੀ ਗੱਲ ਕਿਸੇ ਨੇ ਕਹਿਣੀ ਸੀ, ਉਹ ਸ਼ਾਹ ਨੇ ਆਪ ਹੀ ਕਹਿ ਦਿੱਤੀ।

ਪੰਦਰਾਂ ਵੀਹ ਮਿੰਟ ਨਸਾਰ ਦੇ ਥੱਲੇ ਬਹਿ ਕੇ ਸ਼ਾਹ ਨ੍ਹਾਤਾ। ਬਾਹਰੋਂ ਸਰੀਰ ਠੰਢਾ ਹੋਇਆ, ਤਾਂ ਉਹਨੇ ਇਕ ਵਾਰ ਫਿਰ ਨਸਾਰ ਅੱਗੇ ਬੁੱਕ ਡਾਹ ਕੇ ਪਾਣੀ ਪੀਤਾ। "ਹਾ-ਅ-ਅ!" ਲੰਮਾ ਸਾਰਾ ਸਾਹ ਲੈ ਕੇ ਉਹਨੇ ਗੰਜੇ ਸਿਰ ਉੱਤੇ ਹੱਥ ਫੇਰਦਿਆਂ ਕਹਿਣਾ ਸ਼ੁਰੂ ਕੀਤਾ, "ਸ. ਸੱਜਣ ਸਿਹਾਂ! ਸਾਡੇ ਪੰਡਤ ਕਥਾ ਸੁਣਾਉਂਦੇ ਹੁੰਦੇ ਨੇ, ਅਖੇ : ਕਈ ਬੰਦੇ ਪਰਵਾਰੇ ਗਏ ਧਰਮਰਾਜ ਦੀ ਕਚਹਿਰੀ ਵਿੱਚੋਂ ਪਰਤ ਆਉਂਦੇ ਨੇ।"

"ਦਲ੍ਹੀਜਾਂ ਵਿੱਚੋਂ ਤਾਂ ਤੂੰ ਵੀ ਹੋ ਮੁੜਿਆ ਹੋਵੇਂਗਾ ?" ਸ਼ਾਹ ਦੀ ਗੱਲ ਰਾਹ ਵਿੱਚੋਂ ਹੀ ਟੋਕ ਕੇ ਸੱਜਣ ਸਿੰਘ ਨੇ ਸਵਾਲ ਕਰ ਦਿੱਤਾ।

"ਦਲ੍ਹੀਜਾਂ ਕੀਹਦੀ ਮਾਂ ਦੀਆਂ ? ਇਹ ਤਾਂ ਤੁਸਾਂ ਲੱਤਾਂ ਤੋਂ ਫੜ ਕੇ ਪਿਛਾਂਹ

ਧੂਹ ਲਿਆ, ਨਹੀਂ ਤਾਂ ਲੱਖਾ ਸਿਹੁੰ ਨੇ ਗੱਡੀ ਚੜ੍ਹਾ ਦਿੱਤਾ ਸੀ।" ਧੰਨੇ ਸ਼ਾਹ ਨੇ ਗਿੱਲੇ ਪਿੰਡੇ ਉਦਾਲੇ ਚਾਦਰ ਵਲਦਿਆਂ ਉੱਤਰ ਦਿੱਤਾ।

"ਕਿਉਂ, ਹੁਣ ਲੱਗੀਆਂ ਈਂ ਟਕੇ-ਟਕੇ ਦੀਆਂ ਫੁਰਨ।" ਗਭਰੇਟ ਦੀਪੇ ਦੀ ਗੱਲ ਨੇ ਇਕ ਵਾਰ ਫਿਰ ਹਾਸਾ ਛਣਕਾ ਦਿੱਤਾ।

"ਭਈ, ਗੁਰੂ ਮਹਾਰਾਜ ਨੇ ਫੁਰਮਾਇਆ ਏ : ਜਲ ਮਿਲਿਆ ਪਰਮੇਸ਼ਰ ਮਿਲਿਆ। ਸੋ, ਪਾਣੀ ਵਿੱਚ ਈ ਪਰਾਣ ਨੇ। ਮੈਨੂੰ ਜਰਾ ਮੰਜੇ 'ਤੇ ਬਹਿ ਲੈਣ ਦਿਹੋ, ਫਿਰ ਸੁਣਾਉਂਦਾਂ, ਜੋ ਮੇਰੇ ਨਾਲ ਬੀਤੀ ਏ। ....ਕਾਕਾ! ਜੁੱਤੀ ਕਰੀ ਉਰਾਂਹ।" ਸ਼ਾਹ ਨੇ ਆਪਣੀ ਜੁੱਤੀ ਵੱਲ ਇਸ਼ਾਰਾ ਕਰਕੇ ਕਿਹਾ।

"ਫੜਾਵੀਂ ਉਇ ਘਸੀਟਿਆ, ਸ਼ਾਹ ਦੀ ਚਾਨਣੀ ਜੁੱਤੀ।" ਸੱਜਣ ਸਿੰਘ ਦੀ ਟਕੋਰ ਸੁਣ ਕੇ ਸਾਰਿਆਂ ਦੀਆਂ ਨਜ਼ਰਾਂ ਸ਼ਾਹ ਦੀ ਠਿਬਕਣੀ ਜੁੱਤੀ 'ਤੇ ਜਾ ਟਿਕੀਆਂ।

"ਉ ਸਰਦਾਰਾ! ਚਾਨਣੀਆਂ ਜੁੱਤੀਆਂ ਵੀ ਤੁਹਾਨੂੰ ਹੀ ਸੁਹੰਦੀਆਂ ਨੇ। ਬਾਣੀਆ ਤਾਂ ਪੈਸੇ ਦਾ ਪੁੱਤ ਹੁੰਦਾ ਏ। ਸਾਡੇ ਭਾਗਾਂ ਵਿੱਚ ਖਾਣਾ ਹੰਢੌਣਾ ਕਿੱਥਿ ?" ਨ੍ਹਾ ਧੋ ਕੇ ਸ਼ਾਹ ਵਾਹਵਾ ਟਹਿਕ ਆਇਆ ਸੀ।

"ਹੱਛਾ, ਹੁਣ ਸੁਣਾ ਭਈ ਸ਼ਾਹ! ਐਨੀ ਧੁੱਪ ਵਿੱਚ ਤੂੰ ਕਾਬੂ ਕਿਵੇਂ ਆ ਗਿਉਂ ?" ਗਹਿਣੇ ਲੁਹਾਰ ਨੇ ਕਹਾਣੀ ਦਾ ਮੁੱਢ ਬੰਨ੍ਹਣ ਵਜੋਂ ਸਵਾਲ ਕੀਤਾ।

"ਸ. ਲੱਖਾ ਸਿਹੁੰ ਵਰਨਾ ਵਾਲੇ ਨਾਲ ਕੁਛ ਕੰਮ ਸੀ।" ਧੰਨੇ ਸ਼ਾਹ ਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕਰਦਿਆਂ ਸ਼ੁਰੂ ਕੀਤਾ। "ਮੈਂ ਸਵੇਰੇ ਸਵੇਰੇ ਹੀ ਘਰੋਂ ਤੁਰ ਪਿਆ। ਸੂਰਜ ਨਿਕਲਣ ਤੋਂ ਪਹਿਲਾਂ ਹੀ ਮੈਂ ਤੁਹਾਡੇ ਪਿੰਡੋਂ ਲੰਘ ਗਿਆ ਸਾਂ। ਮੇਰਾ ਖ਼ਿਆਲ ਸੀ ਕਿ ਮੈਂ ਨੌਂ-ਦਸ ਵਜਦੇ ਨੂੰ ਵਾਪਸ ਸ਼ਹਿਰ ਮੁੜ ਜਾਵਾਂਗਾ। ਅੱਗੇ ਸਰਦਾਰ ਦਾ ਲੜਕਾ ਨ੍ਹਾਮਾ ਤੜਕੇ-ਤੜਕੇ ਸ਼ਿਕਾਰ ਖੇਡ ਕੇ ਮੁੜਿਆ ਸੀ। ਉਹਨੇ ਚਾੜ੍ਹ ਪਤੀਲਾ ਦਿੱਤਾ। ਮੈਂ ਠੰਢੇ-ਠੰਢੇ ਮੁੜਨ ਵਾਸਤੇ ਬਥੇਰਾ ਜ਼ੋਰ ਲਾਇਆ, ਪਰ ਉਹ ਪਿਉ ਪੁੱਤਰ ਕਦੋਂ ਲੱਗੇ ਸੀ ਛੱਡਣ। ਪਤਾ ਨਹੀਂ ਤਿੱਤਰ ਸਨ, ਕਿ ਮੁਰਗਾਬੀਆਂ, ਮੁੰਡੇ ਨੇ ਬਣਾਇਆ ਬੜਾ ਵਧੀਆ ਸੀ।"

"ਭਾਵੇਂ ਕਾਂ ਤੇ ਬਗਲੇ ਈ ਹੋਣ।" ਕੋਲੋਂ ਇਲਮ ਦੀਨ ਨੇ ਸ਼ੱਕ ਪਰਗਟ ਕੀਤਾ।

"ਉ ਚੌਧਰੀ! ਮਾਸ ਤਾਂ ਸੀ ਨਾ। ਨਾਲੇ ਜੋ ਕੁਛ ਉਹ ਨਾਲ ਬਹਿ ਕੇ ਛਕ ਰਹੇ ਸਨ, ਅਸਾਂ ਵੀ ਉਹਨੂੰ ਪਵਿੱਤਰ ਸਮਝ ਕੇ ਭੋਗ ਲਾਉਣਾ ਸ਼ੁਰੂ ਕਰ ਦਿੱਤਾ। ਸੁਆਦ-ਸੁਆਦ ਵਿੱਚ ਕੁਛ ਵਧੇਰੇ ਖਾਧਾ ਗਿਆ। ਮੇਰੇ ਨਾਂਹ-ਨਾਂਹ ਕਰਦਿਆਂ ਸ. ਲੱਖਾ ਸਿਹੁੰ ਨੇ ਚਾਰ ਕੜਛੀਆਂ ਹੋਰ ਪਾ ਦਿੱਤੀਆਂ। ਬੱਸ, ਢਿੱਡ ਗਲ੍ਹ ਨੂੰ ਆ ਗਿਆ।"

"ਸ਼ਾਹ! ਅਖਾਣ ਤਾਂ ਪੌਂਦੇ ਹੁੰਦੇ ਨੇ : ਭੁੱਖੇ ਜੱਟ ਕਟੋਰਾ ਲੱਭਾ, ਪਾਣੀ ਪੀ-ਪੀ ਆਫਰਿਆ। ਤੇ ਖੱਤਰੀ-ਪੁੱਤ ਤਾਂ ਸਿਆਣੇ ਸਮਝੇ ਜਾਂਦੇ ਨੇ।" ਦੀਪੇ ਨੇ ਡੱਡੂ ਖਾਧੇ

ਸੱਪ ਵਾਂਗ, ਸ਼ਾਹ ਦੀ ਫੁੱਲੀ ਹੋਈ ਢਿੱਡੀ ਵੱਲ ਇਸ਼ਾਰਾ ਕਰਕੇ ਕਿਹਾ, ਜੋ ਸੁੱਕੇ ਹੋਏ ਪਿੰਜਰ ਥੱਲੇ ਬਿਲਕੁਲ ਵੱਖਰੀ-ਵੱਖਰੀ ਜਾਪਦੀ ਸੀ।

"ਮੱਲਾ! ਏਹਾ ਸਾਡੀ ਸਿਆਣਪ ਏ, ਕਿ ਬਗਾਨੇ ਘਰੋਂ ਚੌਂਹ ਦਿਨਾਂ ਦਾ ਇਕੋ ਡੰਗ ਖਾ ਗਿਆਂ, ਤੇ ਹੁਣ ਘਰ ਚਾਰ ਦਿਨ ਵਰਤ ਰੱਖ ਲਵਾਂਗਾ।"

"ਵਾਹ ਭਈ, ਸ਼ਾਹ ਹੈਗਾ ਵਾਹਵਾ ਹੱਸ-ਮੁੱਖ ਈ।" ਗਹਿਣੇ ਲੁਹਾਰ ਨੇ ਸ਼ਾਹ ਦੀ ਉਸਤਤ ਵਿੱਚ ਸਿਰ ਹਿਲਾਉਂਦਿਆਂ ਕਿਹਾ।

"ਬੱਸ, ਰਾਹ ਵਿੱਚ ਗਰਮ ਮਸਾਲਿਆਂ ਨੇ ਭਟਕੀ ਲਾਈ, ਤੇ ਪਾਣੀ ਖੁਣੋਂ ਇਹ ਹਾਲ ਹੋ ਗਿਆ। ਮੀਲ ਕੁ ਹੋਰ ਜਾਣਾ ਹੁੰਦਾ, ਤਾਂ ਢੋਲਕੀ ਛੈਣੇ ਵੱਜਣ ਲੱਗ ਪੈਂਦੇ।"

"ਤੇ ਭਲਾ ਤੈਨੂੰ ਕੋਈ ਪਿੱਛਿ ਪਿਆ ਸੀ ? ਕਿ ਕਸੂਰ ਕਿਤੇ ਦੂਰ ਚਲਾ ਚਲਿਆ ਸੀ ? ਜਰਾ ਠੰਢੇ ਹੋਏ ਤੁਰਦੋਂ।" ਇਲਮ ਦੀਨ ਨੇ ਉਹਦੀ ਹਾਲਤ ਉੱਤੇ ਤਰਸ ਖਾਂਦਿਆਂ ਕਿਹਾ। ਉਹਨੂੰ ਸ਼ਾਹ ਦੇ ਪਹਿਲੇ ਦਰਸ਼ਨ ਅਜੇ ਭੁੱਲੇ ਨਹੀਂ ਸਨ।

"ਸ. ਲੱਖਾ ਸਿਹੁੰ ਤਾਂ ਜ਼ੋਰ ਲਾ ਰਿਹਾ ਸੀ, ਪਰ ਮੈਂ ਈ ਐਵੇਂ ਹਠ ਕਰਕੇ ਤੁਰ ਪਿਆ। ਖਾਰੇ ਵਾਲੇ ਧੰਨਾ ਸਿਹੁੰ ਦਾ ਇਕਰਾਰ ਸੀ ਬਾਰਾਂ ਵਜੇ ਦਾ। ਮੈਂ ਸੋਚਿਆ, ਯਾਰ ਬੇਲੀ ਏ, ਐਵੇਂ ਉਡੀਕ ਕੇ ਮੁੜ ਨਾ ਜਾਏ।"

"ਬਿਆਜੜੀਏ ਦਾ ਵੀ ਕੋਈ ਯਾਰ ਵੇਲੀ ਹੁੰਦਾ ਏ ? ਸ਼ਾਹੂਕਾਰ ਤਾਂ ਸਕਿਆਂ ਦਾ ਵੀ ਸੱਕ ਲਾਹ ਲੈਂਦੇ ਨੇ।" ਚੰਦਾ ਸਿੰਘ ਦੀ ਗੱਲ ਭਾਵੇਂ ਸੱਚੀ ਸੀ, ਪਰ ਬੋਲੀ ਰੁੱਖੀ।

"ਸ. ਚੰਦਾ ਸਿਹਾਂ! ਪੰਜੇ ਉਂਗਲਾਂ ਇਕੋ ਜੇਹੀਆਂ ਨਹੀਂ ਹੁੰਦੀਆਂ। ਪਤਾ ਨਹੀਂ, ਤੂੰ ਕੇਹੋ ਜੇਹੇ ਸ਼ਾਹੂਕਾਰਾਂ ਨਾਲ ਵਰਤਿਆ ਏਂ। ਤੂੰ ਤਾਂ—ਜਾਪਦਾ ਏ—ਅੱਗ ਦਾ ਡਰਾਇਆ ਟਟਹਿਣਿਓਂ ਪਿਆ ਡਰਦਾ ਏਂ।" ਧੰਨੇ ਸ਼ਾਹ ਨੇ ਜ਼ਰਾ ਛਾਤੀ ਫੁਲਾ ਕੇ ਕਿਹਾ, ਜਿਵੇਂ ਉਹ ਇਹ ਅਸਰ ਪਾਉਣਾ ਚਾਹੁੰਦਾ ਹੋਵੇ, ਕਿ ਉਹ ਇਕ ਚੰਗਾ ਸ਼ਾਹੂਕਾਰ ਹੈ।

"ਠੀਕ ਏ ਸ਼ਾਹ! ਸਿਆਣਿਆਂ ਆਖਿਆ ਏ : ਕਰੀਏ, ਤਾਂ ਵੀ ਡਰੀਏ, ਨਾ ਕਰੀਏ, ਤਾਂ ਵੀ ਡਰੀਏ। ਵੱਡਿਆਂ ਬੰਦਿਆਂ ਤੋਂ ਡਰਦੇ ਈ ਰਹਿਣਾ ਚਾਹੀਦਾ ਏ।" ਚੰਦਾ ਸਿੰਘ ਨੇ ਮਾਨੋ ਲਾਲ ਝੰਡਾ ਨੀਵਾਂ ਕਰ ਲਿਆ। ਉਹ ਤਾੜ ਗਿਆ ਸੀ ਕਿ ਸ਼ਾਹ ਨੇ ਉਹਦੀ ਟਕੋਰ ਦਾ ਗ਼ੁੱਸਾ ਕੀਤਾ ਹੈ।

"ਨਹੀਂ, ਕਈ ਵਾਰ ਇਨਸਾਨ ਨੂੰ ਅਣਪੁੱਛੀ ਬਿਪਤਾ ਵੀ ਪੈ ਜਾਂਦੀ ਏ। ਉਸ ਔੜੇ ਸੌੜੇ ਵੇਲੇ ਕੋਈ ਦਲੇਰ ਸ਼ਾਹ ਈ ਕੰਮ ਆਉਂਦਾ ਏ। ਅਸੀਂ ਲੋਕ ਓਦੋਂ ਜ਼ਨਾਨੀਆਂ ਦੀਆਂ ਟੂੰਬਾਂ ਲਾਹ ਕੇ ਵੀ ਸਾਮੀ ਨੂੰ ਦੇ ਦੇਂਦੇ ਆਂ। ਹਾਂ।"

"ਹੱਛਾ, ਧੰਨੇ ਸ਼ਾਹ! ਦੋ ਘੋੜੀਆਂ ਢੋਕਾ ਲਾ ਲੈ। ਐਵੇਂ ਫੇਰ ਦਿਮਾਗ਼ ਨੂੰ

ਗਰਮੀ ਚੜ੍ਹ ਜਾਊਗੀ।" ਸੱਜਣ ਸਿੰਘ ਨੇ ਅਣ-ਸੁਖਾਵੀਂ ਬਹਿਸ ਬੰਦ ਕਰਨ ਦੇ ਇਰਾਦੇ ਨਾਲ ਕਿਹਾ।

ਧੰਨੇ ਸ਼ਾਹ ਨੇ ਵੀ ਉਹ ਚਰਚਾ ਬੰਦ ਕਰ ਦੇਣ ਵਿੱਚ ਹੀ ਭਲਾ ਸਮਝਿਆ। ਉਹ ਲੱਤਾਂ ਨਿੱਸਲ ਕਰਕੇ ਮੰਜੇ 'ਤੇ ਲੇਟ ਗਿਆ, ਤੇ ਪੈਂਦਾ-ਪੈਂਦਾ ਹੀ ਪੰਜਾਂ ਸੱਤਾਂ ਮਿੰਟਾਂ ਵ੍ਹਿੱਚ ਸੌਂ ਗਿਆ।

ਚਾਰ ਵਜੇ ਉਹਦੀ ਅੱਖ ਖੁੱਲ੍ਹੀ, ਤਾਂ ਗਰਮੀ ਦਾ ਜ਼ੋਰ ਕਾਫ਼ੀ ਘਟ ਚੁੱਕਾ ਸੀ।

"ਉਠ, ਧੰਨੇ ਸ਼ਾਹ! ਸੋਮਨ ਹੋ। ਸੁਣਾ, ਹੁਣ ਕੀ ਖਾਣਾ ਪੀਣਾ ਈ ?" ਸੱਜਣ ਸਿੰਘ ਨੇ ਰਸਮੀ ਤੌਰ 'ਤੇ ਪੁੱਛਿਆ।

"ਰਾਮ ਰਾਮ ਕਹੁ, ਸ. ਸੱਜਣ ਸਿਹਾਂ! ਹੁਣ ਤਾਂ ਤਿੰਨ ਦਿਨ ਵਰਤ ਰੱਖਾਂਗੇ, ਤਾਂ ਕੰਮ ਰਾਸ ਆਵੇਗਾ।" ਕਹਿੰਦਾ ਹੋਇਆ ਧੰਨੇ ਸ਼ਾਹ ਉਠ ਕੇ ਬਹਿ ਗਿਆ।

"ਤਿੰਨ ਦਿਨ ਘਰ ਵਰਤ ਰੱਖ ਕੇ ਚੌਥੇ ਦਿਨ ਫੇਰ ਲੱਖਾ ਸਿੰਘ ਨੂੰ ਮਿਲਣ ਚਲਾ ਜਾਈਂ।" ਦੀਪੇ ਦੀ ਏਸ ਗੱਲ ਨੇ ਸਾਰਿਆਂ ਦੀਆਂ ਅੱਖਾਂ ਅੱਗੇ ਫਿਰ ਪਹਿਲਾ ਦ੍ਰਿਸ਼ ਲੈ ਆਂਦਾ।

ਕੁਛ ਚਿਰ ਹੋਰ ਹਾਸੇ ਠੱਠੇ ਦੀਆਂ ਗੱਲਾਂ ਹੁੰਦੀਆਂ ਰਹੀਆਂ। ਧੰਨੇ ਸ਼ਾਹ ਨੇ ਲਲਚਾਈਆਂ ਜੇਹੀਆਂ ਨਜ਼ਰਾਂ ਨਾਲ ਆਸੇ ਪਾਸੇ ਤੱਕ ਕੇ ਕਿਹਾ, "ਭਈ, ਸ ਸੱਜਣ ਸਿਹਾਂ! ਤੁਹਾਡਾ ਇਹ ਤੂਤਾਂ ਵਾਲਾ ਖੂਹ ਤਾਂ ਧਰਤੀ 'ਤੇ ਸੁਰਗ ਏ, ਸੱਚਮੁੱਚ ਦਾ ਸੁਰਗ। ਮੇਰੀ ਮੰਨੋ, ਤਾਂ ਉਦਾਲੇ ਪੁਦਾਲੇ ਪੰਜ-ਸੱਤ ਪੈਲੀਆਂ ਬਾਗ਼ ਲਾ ਦਿਹੋ।"

"ਕਣਕ ਤਾਂ—ਸ਼ਾਹ!—ਡੂਢ ਰੁਪਈਏ ਮਣ ਵਿਕਦੀ ਏ ਪਈ, ਤੇ ਜੱਟਾਂ ਨੇ ਬਾਗ਼ ਕਿੱਥੋਂ ਲਾ ਲੈਣੇ ਨੇ। ਅੱਲਾਹ ਤੋਂ ਸੁੱਖ ਮੰਗ, ਇਹ ਤੂਤ ਈ ਬਚੇ ਰਹਿਣ।" ਇਲਮ ਦੀਨ ਦੀ ਵਾਜ ਵਿੱਚ ਨਿਰਾਸਤਾ ਲੁਕੀ ਹੋਈ ਸੀ।

"ਹਾਂ, ਚੌਧਰੀ! ਜਿਨਸਾਂ ਦੇ ਭਾਅ ਤਾਂ ਬਹੁਤੇ ਹੀ ਡਿੱਗ ਗਏ ਨੇ। ਰਾਮ ਈ ਰਾਖਾ ਏ।" ਧੰਨੇ ਸ਼ਾਹ ਨੇ ਵੀ ਹਮਦਰਦੀ ਪਰਗਟ ਕਰਦਿਆਂ ਓਸੇ ਲਹਿਜੇ ਵਿੱਚ ਕਿਹਾ।

"ਭਾਵਾਂ ਬਾਰੇ ਤਾਂ ਵਾਗੀਆਂ ਨੇ ਦੋਹੜੇ ਬਣਾ ਲਏ ਨੇ, ਅਖੇ : ਬਹੁਤੀਆਂ ਜ਼ਮੀਨਾਂ ਵਾਲੇ, ਮਾਂਬਲੇ ਨੂੰ ਵੇਖੇ ਜਾਣਗੇ।" ਕਹਿੰਦਾ ਹੋਇਆ ਦੀਪਾ ਸਾਫਾ ਝਾੜ ਕੇ ਤਖ਼ਤਪੋਸ਼ ਤੋਂ ਉਠ ਬੈਠਾ। ਉਹਦਾ ਪੱਠਿਆਂ ਨੂੰ ਜਾਣ ਦਾ ਵੇਲਾ ਹੋ ਗਿਆ ਸੀ।

ਹੌਲੀ-ਹੌਲੀ ਕੰਮ ਵਾਲੇ ਆਦਮੀ ਖਿਸਕਣ ਲੱਗੇ। ਧੰਨੇ ਸ਼ਾਹ ਵੀ ਸ਼ਹਿਰ ਨੂੰ ਤੁਰਨ ਵਾਸਤੇ ਤਿਆਰ ਹੋ ਪਿਆ। ਉਹਨੇ ਧੰਨਵਾਦ ਵਜੋਂ ਇਲਮ ਦੀਨ, ਸੱਜਣ ਸਿੰਘ ਤੇ ਹੋਰ ਦੋ ਚਾਰ ਬੰਦਿਆਂ ਨਾਲ ਹੱਥ ਮਿਲਾਉਂਦਿਆਂ ਸਾਂਝੇ ਜੇਹੇ ਸੰਬੋਧਨ ਨਾਲ

ਕਿਹਾ, "ਹੱਛਾ, ਭਈ ਸ. ਸੱਜਣ ਸਿਹਾਂ! ਤੇ ਬਾਕੀ ਭਰਾਵੋ! ਅੱਜ ਤਾਂ ਭਈ, ਤੁਸਾਂ ਮੇਰੀ ਜਾਨ ਬਚਾਈ ਏ। ਕਦੇ ਮੇਰੇ ਗੋਚਰੀ ਕੋਈ ਸੇਵਾ ਹੋਵੇ, ਤਾਂ ਆਪਣਾ ਘਰ ਸਮਝ ਕੇ ਆ ਜਾਇਉ। ਮੈਂ ਜਿੰਨੇ ਜੋਗਾ ਹਾਂ, ਤੁਹਾਥੋਂ ਮੋਢਾ ਨਹੀਂ ਮੋੜਾਂਗਾ।"

ਰਾਹੇ ਰਾਹ ਤੁਰਿਆ ਜਾਂਦਾ ਵੀ ਧੰਨੇ ਸ਼ਾਹ ਇਹੋ ਗੱਲ ਸੋਚਦਾ ਜਾ ਰਿਹਾ ਸੀ, 'ਸੱਚਮੁੱਚ ਈ ਇਹ ਤੂਤਾਂ ਵਾਲਾ ਖੂਹ ਧਰਤੀ ਦਾ ਸੁਰਗ ਏ, ਸੁਰਗ।'

## 2

ਸੱਜਣ ਸਿੰਘ ਆਪਣੇ ਕੋਠੇ ਉਤੇ ਲੇਟਿਆ ਹੋਇਆ ਤਾਰਿਆਂ ਵੱਲ ਵੇਖ ਰਿਹਾ ਸੀ। ਲਾਗੇ ਟੇਢਾ ਕੀਤਾ ਹੋਇਆ ਮੰਜਾ ਉਹਦੀ ਜੀਵਨ-ਸਾਥਣ ਭਜਨ ਕੌਰ ਦਾ ਸੀ। ਪੰਦਰਾਂ ਦਿਨ ਦੀ ਪੇਕਿਆਂ ਨੂੰ ਗਈ ਹੋਈ ਉਹ ਅਜੇ ਪਰਤੀ ਨਹੀਂ ਸੀ। ਸੱਜਣ ਸਿੰਘ ਓਸੇ ਬਾਰੇ ਸੋਚ ਰਿਹਾ ਸੀ, 'ਉਹ ਤਾਂ ਕਦੇ ਐਨਾ ਚਿਰ ਰਹੀ ਨਹੀਂ ਸੀ। ਸੁੱਖ ਹੋਵੇ ਸਹੀ। ਅੱਠਾਂ ਦਿਨਾਂ ਦਾ ਇਕਰਾਰ ਕਰ ਕੇ ਗਈ ਸੀ। ਤੇ ਅੱਜ ਹੋ ਗੇ ਬੁਧ ਬੁਧ ਅੱਠ, ਤੇ ਅੱਜ ਦੂਜਾ ਬੁੱਧਵਾਰ ਏ, ਪੂਰੇ ਪੰਦਰਾਂ ਦਿਨ। ਫਿਰ ਛੋਟੇ ਪੱਪੂ ਦਾ ਦਿਲ ਕਿਵੇਂ ਲੱਗਾ ਹੋਉ। ਉਹ ਤਾਂ ਮੇਰਾ ਵਸਾਹ ਨਹੀਂ ਕਰਦਾ ਹੁੰਦਾ। ਅੰਞਾਣੇ ਨੂੰ ਬਮਾਰ ਕਰ ਲਿਆਵੇਗੀ। ਵਾਹਵਾ ਭੱਜਣ ਸਿੱਖ ਪਿਆ ਸੀ। ਫੇਰ ਗੇਂਘਲ ਜਿਹਾ ਕਰ ਲਿਆਵੇਗੀ। ਇਕ ਉਹਨਾਂ ਦਾ ਗੁਆਂਢ ਚੰਗਾ ਨਹੀਂ। ਉਹ ਹਰ ਕੌਰ ਤੇ ਬਚਨੀ—ਦੋਵੇਂ ਨਨਾਨ ਭਰਜਾਈ—ਬੜੀਆਂ ਚੁੜੀਤੀਆਂ ਨੇ। ਬਗਾਨੇ ਅਞਾਣੇ ਨੂੰ ਰੁਔਣ ਵਿੱਚ ਉਹਨਾਂ ਨੂੰ ਬੜਾ ਸੁਆਦ ਔਂਦਾ ਏ। ਵੇਖਾਂ ਰਾਜੋ ਦੇ ਮੁੰਡੇ ਨੂੰ ਉਹਨਾਂ—ਚੰਗੇ ਭਲੇ ਨੂੰ—ਟੀਰਾ ਬਣਾ ਦਿੱਤਾ ਏ। ਓਸ ਵਚਾਰੇ ਨੂੰ ਤਾਂ ਨਾਨਕੇ ਰਹਿਣ ਦਾ ਚੰਗਾ ਫਲ ਮਿਲਿਆ। ਮਾਮੀਂ ਉੱਠੀ, ਤਾਂ ਮਾਰਾਂ ਈਂ ਚਪੇੜ ? ਮਾਸੀ ਬੋਲੀ, ਤਾਂ ਫੇਰ ਉਤਾਂਹ ਵਿਹੰਦਾ ਏਂ ? ਆਨਲ ਜਿਹਾ। ...ਬੱਸ, ਉਹਨੂੰ ਚੋਰ-ਅੱਖ ਨਾਲ ਝਾਕਣ ਦੀ ਵਾਦੀ ਪੈ ਗਈ। ਛੋਟੀ ਉਮਰੇ ਆਦਤ ਪੱਕ ਗਈ ਤੇ ਉਹ ਸਦਾ ਵਾਸਤੇ ਟੀਰਾ ਹੋ ਗਿਆ। ਠੀਕ ਆਹੰਦੇ ਨੇ, ਨਾਨਕਿਆਂ ਘਰ ਪਲਣ ਵਾਲੇ ਅਞਾਣੇ ਵਿਗੜ ਜਾਂਦੇ ਨੇ, ਸੁਭਾਅ ਤੋਂ ਵੀ, ਸ਼ਕਲ ਤੋਂ ਵੀ।...ਪਰ ਉਹ ਅਜੇ ਤੱਕ ਮੁੜੀ ਕਿਉਂ ਨਾ ? ਭਲਕੇ ਵੀਰਵਾਰ ਉਵ ਓਸ ਕਮਲੀ ਨੇ ਨਹੀਂ ਔਣਾ। ਅਖੇ : ਇਕ ਵੀਰ ਵਾਲੀ ਵੀਰਵਾਰ ਪੰਧ ਨਹੀਂ ਪੈਂਦੀ। ਹੁਣ ਸ਼ੁਕਰਵਾਰ 'ਤੇ ਗੱਲ ਜਾ ਪਈ। ਉਹ ਵੀ ਜੇ ਉਹਦਾ ਰੱਬ ਕਰਾਏ ਤਾਂ। ਸੌਂ ਜਾਹ ਮਨਾ!' ਤੇ ਓਹ ਪਾਸਾ ਮੋੜ ਕੇ ਸੌਣ ਦਾ ਯਤਨ ਕਰਨ ਲੱਗਾ।

ਪਾਸਾ ਪਰਤਿਆਂ ਉਹਦੀ ਨਿਗ੍ਹਾ ਤੂਤਾਂ ਵਾਲੇ ਖੂਹ 'ਤੇ ਜਾ ਪਈ। ਚਾਨਣੀ ਰਾਤ ਵਿੱਚ ਸੰਘਣੇ ਤੂਤਾਂ ਦੀ ਝੰਘੀ, ਕੋਠੇ ਦੀ ਛੱਤ ਉੱਤੋਂ ਸਾਫ਼ ਦਿੱਸ ਰਹੀ ਸੀ। ਕੋਈ ਆਦਮੀ ਪਾਣੀ ਪੀ ਕੇ, ਜਾਂ ਸ਼ਾਇਦ ਨਹਾਕੇ ਛਾਂ ਦੇ ਹਨ੍ਹੇਰੇ ਵਿੱਚੋਂ ਨਿਕਲ ਕੇ ਪਿੰਡ

ਵੱਲ ਹੋ ਤੁਰਿਆ ਸੀ। ਉਹਦੀ ਠਿਬਕਣੀ ਜੁੱਤੀ ਦੀ ਮੱਧਮ ਜੇਹੀ ਵਾਜ ਸੱਜਣ ਸਿੰਘ ਦੇ ਕੰਨਾਂ ਤਕ ਆ ਪਹੁੰਚੀ। ਸੱਜਣ ਸਿੰਘ ਦਾ ਹਾਸਾ ਨਿਕਲ ਗਿਆ। ਉਹਨੂੰ ਧੰਨੇ ਸ਼ਾਹ ਦਾ ਚੇਤਾ ਆ ਗਿਆ। ਹੂ-ਬਹੂ ਸ਼ਾਹ ਦੀ ਓਹਾ ਸ਼ਕਲ ਸੱਜਣ ਸਿੰਘ ਦੀਆਂ ਅੱਖਾਂ ਸਾਮ੍ਹਣੇ ਆ ਗਈ। ਚਿੜੀ ਦੇ ਬੋਟ ਵਾਂਗ ਮੂੰਹ ਟੱਡਿਆ ਹੋਇਆ, ਹੌਂਕਦਾ-ਹੌਂਕਦਾ ਸ਼ਾਹ ਪਾਣੀ ਤੋਂ ਸੱਖਣੀ ਨਸਾਰ ਅੱਗੇ ਬੁੱਕ ਡਾਹੀ ਖਲਾ ਸੀ। 'ਇਕ ਮੀਲ ਹੋਰ ਜਾਣਾ ਹੁੰਦਾ, ਤਾਂ ਸ਼ੁਹਦਾ ਪਾਣੀ ਖੁਣੋ ਹੀ ਮਰ ਜਾਂਦਾ। ਉਇ ਲਾਲਚੀਆ! ਤੂੰ ਸੋਚ, ਪਈ ਘਰ ਬਗਾਨਾ ਏਂ, ਪਰ ਢਿੱਡ ਤਾਂ ਆਪਣਾ ਏਂ। ਸੁਣਿਆ ਏਂ, ਸਰਾਧਾਂ ਵਿੱਚ ਹੰਦੇ ਖਾਣ ਵਾਲੇ ਪੰਡਤ ਪੇਟ ਪਾਟਕੇ ਮਰ ਜਾਂਦੇ ਸਨ। ਤੇ ਧੰਨੇ ਸ਼ਾਹ ਦੇ ਮਰਨ ਵਿੱਚ ਕਿਹੜੀ ਕਸਰ ਰਹਿ ਗਈ ਸੀ।...ਬੰਦਾ ਪੁੱਛੇ, ਗੰਜਿਆ ਪੁੰਜਿਆ ਏਂ, ਤੂੰ ਆਪਣਾ ਟਾਂਗਾ ਰੱਖ। ਪਰ ਜਿਹੜਾ ਜੁੱਤੀ ਲੀੜਾ ਚੱਜ ਦਾ ਨਹੀਂ ਪੌਂਦਾ, ਉਹ ਬੱਘੀ ਟਾਂਗਾ ਕਿੱਥੋਂ ਰੱਖੂ। ਪੈਸੇ ਦਾ ਪੁੱਤ। ਏਹੋ ਜੇਹੇ ਬੈਂਕ ਦੇ ਚਪੜਾਸੀਆਂ ਵਰਗੇ ਹੁੰਦੇ ਨੇ। ਪੇਟੀਆਂ ਭਰੀਆਂ ਹੁੰਦੀਆਂ ਨੇ ਨੋਟਾਂ ਨਾਲ, ਪਰ ਖਾਣ ਹੰਢੌਣ ਦਾ ਹੁਕਮ ਨਹੀਂ ਹੁੰਦਾ। ਮੱਖੀ ਚੂਸ। ਜਿਹੜੇ ਰੁੱਖ ਥੱਲੇ ਇਕ ਵੇਰ ਬਹਿ ਗਿਆ ਏ, ਰੁੱਖ ਸੁੱਕ ਗਿਆ ਏ। ਛਿੱਲ ਜੁ ਇਹਨੇ ਲਾਹ ਲੈਣੀ ਹੋਈ। ਸਾਡੇ ਖੂਹ 'ਤੇ ਵੀ ਅੱਖ ਨਾ ਰੱਖ ਲਈ ਹੋਵੇ ਸੁ। ਕੁਲਹਿਣੇ ਦੀ ਨਜ਼ਰ ਤਾਂ ਪੱਥਰ ਪਾੜ ਏ। ਅਖੇ, ਤੁਹਾਡਾ ਤੂਤਾਂ ਵਾਲਾ ਖੂਹ ਧਰਤੀ ਦਾ ਸੁਰਗ ਏ, ਸੁਰਗ।....ਉਹਨੂੰ ਕੀ ਪਤਾ, ਕਿ ਇਹ ਰੱਕੜਾਂ ਵਿੱਚ ਸੁਰਗ ਕਿਵੇਂ ਬਣਿਆ ਏਂ। ਆਹੰਦੇ ਨੇ, ਏਥੇ ਘਾਹ ਦੀ ਤਿੜ ਨਹੀਂ ਸੀ ਹੁੰਦੀ। ਰੋਹੀ ਦਾ ਕੰਢਾ ਸੀ। ਲਹਿੰਦੇ ਪਾਸਿਓਂ ਉੱਚਾ, ਚੜ੍ਹਦੇ ਵੱਲ ਢਲਵਾਨ। ਮੀਂਹ ਪੈਣਾ ਤੇ ਪਾਣੀ ਰੋਹੀ ਵਿੱਚ ਜਾ ਪੈਣਾ। ਉੱਤੋਂ ਰੱਕੜ ਧਰਤੀ ਮਸ੍ਹਾਂ ਪੋਟਾ-ਪੋਟਾ ਗਿੱਲੀ ਹੋਣੀ। ਘਾਹ ਉਗਣਾ ਤੇ ਉਗਦਾ ਸੁੱਕ ਜਾਣਾ। ਸਾਡੀ ਤਿੱਜੀ ਪੀਹੜੀ ਜਾ ਰਹੀ ਏ, ਏਸ ਥਾਂ ਦੀ ਕਾਇਆਂ ਪਲਟਦਿਆਂ। ਪਹਿਲਾਂ ਮੇਰੇ ਦਾਦੇ ਨੇ ਏਥੇ ਖੂਹ ਲੌਣ ਦੀ ਸਲਾਹ ਬਣਾਈ ਸੀ। ਉਹਨੇ ਥੋੜ੍ਹਾ ਜਿਹਾ ਪਾੜ ਪੁਟਿਆ ਵੀ ਸੀ। ਅਜੇ ਵੀ ਉਹ ਮਾੜਾ ਜਿਹਾ ਟੋਆ ਪਿਆ ਏ, ਪਰ੍ਹਾਂ ਬੂਝਿਆਂ ਵਿੱਚ। ਲੋਕੀਂ ਠੱਠੇ ਨਾਲ ਉਸ ਥਾਂ ਨੂੰ ਬਾਬਾ ਆਲਾ ਸੁੰਹ ਦਾ ਖੂਹ ਆਹੰਦੇ ਨੇ। ਮੇਰੇ ਪਿਉ ਨੇ ਆਪਣੇ ਪਿਉ ਦੇ ਸੁਫ਼ਨੇ ਨੂੰ ਸੱਚਿਆਂ ਕਰ ਦਿੱਤਾ। ਉਹਨੇ ਆਪਣੇ ਲੰਗੋਟੀਏ ਯਾਰ ਚਰਾਗ਼ਦੀਨ ਨੂੰ ਨਾਲ ਰਲਾ ਲਿਆ। ਝੂਠ ਨਹੀਂ ਆਖਣਾ, ਦੋਹਾਂ ਨੇ ਸਾਰੀ ਉਮਰ ਚੰਗੀ ਨਿਭਾਈ ਏ। ਲੋਕ ਆਹੰਦੇ ਨੇ, ਦੋਸਤੀ ਹੋਵੇ, ਤਾਂ ਏਹੋ ਜੇਹੀ ਹੋਵੇ। ਦੋਹਾਂ ਨੇ ਕੌਠਿਆਂ ਗੱਡੀਂ ਵਾਹੁਣੀਆਂ। ਲਹੌਰੋਂ ਪਰੋਜਪੁਰ ਤੇ ਪਰੋਜਪੁਰੋਂ ਲਹੌਰ। ਇਕ ਵਾਰ ਮੈਂ ਤੇ ਇਲਮਾ ਵੀ ਜਿਦ ਕਰਕੇ ਨਾਲ ਗਏ ਸਾਂ। ਪਹਿਲਾਂ ਲਹੌਰ ਵੇਖਿਆ ਤੇ ਫੇਰ ਪਰੋਜਪੁਰ। ਮੁੜਦੇ ਹੋਏ ਦਰਿਆ ਦੇ ਪੁਲ 'ਤੇ ਚੰਗੇ ਕਾਬੂ ਆਏ। ਕੁਛ ਗੋਰਿਆਂ ਨੇ ਗੱਡੀਆਂ ਆਣ ਘੇਰੀਆਂ। ਅਖੇ ਵੰਗਾਰ ਫੜ ਕੇ ਛੌਣੀ ਲਜਾਣੀਆਂ ਨੇ।

ਚਾਚਾ ਚਰਾਗ਼ਦੀਨ ਤੇ ਮੇਰਾ ਬਾਪੂ ਦੋਵੇਂ ਨੱਸ ਗਏ। ਪਿੱਛੇ ਕਾਬੂ ਆ ਗਏ ਮੈਂ ਤੇ ਇਲਮਾ। ਇਲਮਾ ਮੈਥੋਂ ਵਰ੍ਹਾ ਡੂਢ ਵਰ੍ਹਾ ਵੱਡਾ ਏ, ਪਰ ਉਹ ਸਾਹਬ ਵੱਲੇ ਵੇਖ ਕੇ ਡਾਡਾਂ ਮਾਰੀ ਜਾਏ। ਨਕੰਮਾਂ ਡਰਾਕਲ ਹੀ ਰਿਹਾ ਸਾਰੀ ਉਮਰ। ਅਸਾਂ ਗੱਡੀਆਂ ਹਿੱਕ ਕੇ ਇਕ ਪਾਸੇ ਖਲੀਆਂ ਕਰ ਦਿੱਤੀਆਂ। ਬਾਰਾਂ ਵੱਜ ਗਏ। ਸਾਡੇ ਭੁੱਖਿਆਂ ਦੇ ਕੋਕੜੇ ਲੂਸਣ ਲੱਗੇ, ਪਰ ਨਾ ਬਾਪੂ ਕਿਤੋਂ ਬਹੁੜਿਆ, ਨਾ ਚਾਚਾ ਚਰਾਗ਼ਦੀਨ ਈਂ। ਸਾਹਬ ਪਲ-ਪਲ ਪਿੱਛੋਂ ਸ਼ਕਾਰੀ ਕੁੱਤੇ ਵਾਂਗ ਝਵੀਆਂ ਲੈ-ਲੈ ਆਵੇ, "ਤੁਮ੍ਹਾਰਾ ਗਾਡੀਵਾਨ ਕਹਾਂ ਹੈ ? ਕਹਾਂ ਹੈ ਬਦਮਾਸ਼ ?" ਮੈਂ ਮੂੰਹ ਵਿੱਚ ਸਾਹਬ ਨੂੰ ਪੰਜਾਹ ਗਾਹਲੀਂ ਕੱਢੀਆਂ। ਤੇ ਇਲਮਾਂ ਤਾਂ ਉਹਨੂੰ ਵੇਖਦਾ ਈ ਰੋਣ ਲੱਗ ਪਵੇ। "ਤੁਮ ਦੋਨੋਂ ਬਦਮਾਸ਼ ਹੋ।" ਸਾਹਬ ਘੁਰਕ-ਘੁਰਕ ਪਵੇ। ਲੈ, ਅਸੀਂ ਦੋਵੇਂ ਬਦਮਾਸ਼ ਸਾਂ ਤੇ ਉਹ ਸੂਰ-ਮੂੰਹਾਂ ਭਲਾਮਾਣਸ। ਕਿਤੇ ਲੌਢੇ ਵੇਲੇ ਉਹ ਮਗਰੋਂ ਲੱਥਾ। ਪਿੱਛੋਂ ਝੱਟ ਹੀ ਚਾਚਾ ਚਰਾਗ਼ਦੀਨ ਝੱਲ ਵਿੱਚੋਂ ਨਿਕਲ ਆਇਆ। "ਕਿਉਂ ? ਸੁਣਾਉ ਬੱਚੂ! ਵੇਖ ਲਿਆ ਜੇ ਸ਼ਹਿਰ ? ਫੇਰ ਵੀ ਜਿਦ ਕਰੋਗੇ ਨਾਲ ਔਣ ਦੀ ?"

ਉਹਨੂੰ ਵੇਖ ਕੇ ਸਾਡੀ ਜਾਨ ਵਿੱਚ ਜਾਨ ਪਈ। "ਤੇ ਮੇਰਾ ਬਾਪੂ ਕਿੱਥੇ ਆ ?" ਮੈਂ ਬਿੱਥੇ ਲਿੱਕੇ ਜੇਹੇ ਹੋ ਕੇ ਪੁਛਿਆ ਸੀ। "ਉਹਨੂੰ ਤਾਂ ਸਾਹਬ ਫੜ ਕੇ ਲੈ ਗਿਆ ਏ।" ਮੈਨੂੰ ਛੇੜਨ ਦੇ ਮਾਰੇ ਚਾਚੇ ਨੇ ਜਵਾਬ ਦਿੱਤਾ ਸੀ। ਸੁਣ ਕੇ ਮੇਰਾ ਰੋਣ ਨਿਕਲ ਚੱਲਿਆ ਸੀ, ਪਰ ਮੈਂ ਬਖੇੜਿਆਂ ਤੋਂ ਡਰਦਾ ਤਕੜਾ ਰਿਹਾ। ਮੈਂ ਸੋਚਿਆ, ਅੱਗੇ ਇਲਮਾ ਰੋਂਦਾ ਏ, ਜੇ ਮੈਂ ਵੀ ਰੋ ਪਿਆ, ਤਾਂ ਦੋਹਾਂ ਨੂੰ ਝੇਡਾਂ ਹੋਣਗੀਆਂ। ਕਈ ਵਾਰ ਲੋਕਾਂ ਦੇ ਹਾਸੇ ਠੱਠੇ ਤੋਂ ਡਰਦਾ ਵੀ ਆਦਮੀ ਵਾਹਵਾ ਸਿਰੜ ਕਰਕੇ ਡਟਿਆ ਰਹਿੰਦਾ ਏ। ...ਤੇ ਜਦੋਂ ਰੋਹੇਵਾਲ ਦੇ ਆਵਿਆਂ ਤੋਂ ਖੂਹ ਵਾਸਤੇ ਇੱਟਾਂ ਢੋਂਦੇ ਸਾਂ। ਮੈਂ ਤੇ ਇਲਮਾ ਅਜੇ ਹੌਲੇ ਈ ਸਾਂ। ਫੇਰ ਵੀ ਅਸੀਂ ਜਿਦੋ-ਜਿਦੀ ਗੱਡੀਆਂ ਨਾਲ ਜਾਂਦੇ ਹੁੰਦੇ ਸਾਂ। ਇਲਮਾ ਤਾਂ ਇਕ ਦਿਨ ਗੱਡ ਹੇਠ ਈ ਆ ਚੱਲਿਆਂ ਸੀ। ਪਿਛਲੇ ਪਾਸੇ ਇੱਟਾਂ ਉਤੇ ਬੈਠਾ ਹੁਗਲੱਾ ਕੇ ਲੀਹਾਂ ਵਿੱਚ ਡਿਗ ਪਿਆ ਉਹ। ਛੇਤੀ ਨਾਲ ਬਲਦਾਂ ਦੀਆਂ ਨੱਥਾਂ ਖਿੱਚ ਕੇ ਬਾਪੂ ਨੇ ਗੱਡ ਰੋਕ ਲਈ। ਚਾਚੇ ਚਰਾਗ਼ਦੀਨ ਨੇ ਇਲਮੇ ਦੀ ਖੂਬ ਖੁੰਬ ਠੱਪੀ। ਓਸ ਦਿਨ ਤੋਂ ਸਾਡਾ ਗੱਡੀਆਂ ਨਾਲ ਜਾਣਾ ਬੰਦ ਹੋ ਗਿਆ।...ਇੱਟਾਂ ਢੁੱਕ ਗਈਆਂ, ਤਾਂ ਖੂਹ ਦਾ ਪਾੜ ਪੁੱਟਣ ਦੀ ਵਾਰੀ ਆਈ। ਅਸੀਂ ਕੁਛ ਕਰਨ ਜੋਗੇ ਤਾਂ ਸੀ ਨਹੀਂ, ਸਗੋਂ ਪਾੜ ਵਿੱਚ ਛਾਲਾਂ ਮਾਰ ਮਾਰ ਕੇ, ਬਾਹਰ ਕਢੀ ਹੋਈ ਮਿੱਟੀ, ਚਾਰ ਟੋਕਰੀਆਂ ਵਿੱਚ ਕੇਰ ਛੱਡਣੀ। ਕਿਸੇ ਦਿਨ ਏਸ ਖਰੂਦ ਤੋਂ ਦੋ ਚਾਰ ਵੱਜ ਵੀ ਜਾਣੀਆਂ, ਪਰ ਉਹ ਉਮਰ ਵੱਜੀਆਂ ਵਜਾਈਆਂ ਕਦੋਂ ਯਾਦ ਰੱਖਦੀ ਏ। ਇਲਤਾਂ ਤੋਂ ਅਸਾਂ ਨਾ ਭੋਣਾ। ਤੇ ਜਿਸ ਦਿਨ ਮਹਿਲ ਉਸਾਰ ਕੇ ਪਹਿਲੇ ਦਿਨ ਖੂਹ ਟੁੱਬਣਾ ਸ਼ੁਰੂ ਕੀਤਾ। ਅਸੀਂ ਦੋਵੇਂ ਟੋਬਿਆਂ ਦੇ ਨਾਲ ਵਿੱਚ ਉਤਰ ਗਏ। ਗੋਡੇ-ਗੋਡੇ ਪਾਣੀ ਹੋ

ਗਿਆ। ਅਸੀਂ ਦੋਵੇਂ ਵਿੱਚ ਛੜੀਆਂ ਮਾਰ ਮਾਰ ਭੁੜਕੀਏ। ਸਾਨੂੰ ਵਿਚੋਂ ਛੱਡ ਕੇ ਟੋਬਾ ਰੋਟੀ ਖਾਣ ਬਾਹਰ ਨਿਕਲ ਆਇਆ। ਓਦੋਂ ਸਾਡੇ ਭਾਅ ਦੀ ਬੁਰੀ ਬਣੀ। ਸਾਨੂੰ ਇਉਂ ਮਾਲੂਮ ਹੋਵੇ, ਜਿਵੇਂ ਉਤੋਂ ਖੂਹ ਦਾ ਮਹਿਲ ਮਿਲਦਾ ਜਾਂਦਾ ਏ। ਅਸੀਂ ਡਰੀਏ ਤਾਂ ਬੜੇ, ਪਰ ਸ਼ਰਮਿੰਦੇ ਹੁੰਦੇ ਰੋਈਏ ਨਾ। ਫਿਰ ਅਸੀਂ ਡਰ ਨੂੰ ਦੂਰ ਭਜੌਣ ਵਾਸਤੇ ਹੱਸਣਾ ਤੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।.....ਖ਼ੈਰ ਖ਼ੈਰਾਂ ਨਾਲ ਖੂਹ ਲੱਗ ਗਿਆ। ਸਾਰੇ ਪਿੰਡ ਨੇ ਪੀ ਕੇ ਵੇਖਿਆ, ਪਾਣੀ ਮਿੱਠਾ ਨਿਕਲਿਆ। ਲੋਕਾਂ ਨੇ ਮੇਰੇ ਪਿਉ ਤੇ ਚਾਚੇ ਚਰਾਗ਼ਦੀਨ ਨੂੰ ਵਧਾਈਆਂ ਦਿੱਤੀਆਂ, "ਲੈ ਭਾਈ ਚੰਦਾ ਸਿਹਾਂ! ਖਾਰੇ ਮਾਝੇ ਵਿੱਚ ਆਸ ਤਾਂ ਕੋਈ ਨਹੀਂ ਸੀ, ਪਰ ਤੁਹਾਡੇ ਖੂਹ ਦਾ ਪਾਣੀ ਮਿੱਠਾ ਨਿਕਲਿਆ ਏ। ਇਹ ਸ਼ੈਦ ਰੋਹੀ ਦੇ ਕੰਢੇ ਉੱਤੇ ਹੋਣ ਕਰਕੇ ਆ। ਉਮੇਦ ਏ, ਫ਼ਸਲਾਂ ਵੀ ਏਸ ਪਾਣੀ ਨੂੰ ਚੰਗਾ ਮੰਨਣਗੀਆਂ।" ਤੇ ਪਹਿਲੇ ਸਾਲ ਦੋ ਚਾਰ ਕਨਾਲਾਂ ਜਿਹੜੀ ਜਿਨਸ ਬੀਜੀ, ਹੋਈ ਵੀ ਚੰਗੀ। ਓਦੋਂ ਵਧੇਰੇ ਬੀਜਦੇ ਵੀ ਕਿੱਥੇ ? ਖਾਡੇ ਦੇ ਆਲੇ ਦੁਆਲੇ ਪਈਆਂ ਤਾਂ ਸਾਰੀਆਂ ਘਾਰਾਂ ਸਨ। ਸਾਰੇ ਉੱਚੇ ਨੀਵੇਂ ਥਾਂਵਾਂ 'ਤੇ ਦੱਭ ਤੇ ਸਰਕੜਾ ਖਲਾ ਸੀ। ਚਾਚੇ ਚਰਾਗ਼ਦੀਨ ਤੇ ਬਾਪੂ ਨੇ ਲਹੂ-ਪਾਣੀ ਇਕ ਕਰਕੇ ਇਹ ਪੈਲੀ ਪੱਧਰੀ ਕੀਤੀ ਸੀ। ਦੋਹਾਂ ਨੇ ਚੋਖੜੇ ਦਾ ਕਰਾਹਿਆ ਜੋ ਲੈਣਾ, ਤੇ ਲੌਢੇ ਵੇਲੇ ਤਕ ਪੈਲੀ ਦੇ ਵਿੱਚੇ ਸ਼ਹੀਦ ਹੋ ਜਾਣਾ। ਕਰਾਹੇ ਵਾਸਤੇ ਉਹਨਾਂ ਬੜੇ ਗੈਂਬਰੀ ਝੋਟੇ ਖ਼ਰੀਦੇ ਸਨ, ਮਾਲੀਆਂ ਵਰਗੇ। ਹੋਰ, ਮਾੜੇ ਪਸ਼ੂ ਨੇ ਕਰਾਹਿਆ ਕੀ ਖਿੱਚ ਲੈਣਾ ਹੁੰਦਾ ਹੈ। ਨਾ ਮਾੜਾ ਪਸ਼ੂ ਤਗੇ, ਨਾ ਮਾੜਾ ਬੰਦਾ। ਅਹੁ ਪਰਲੇ ਨਰਮੇ ਵਾਲੇ ਤਿੰਨ ਕਿੱਲੇ—ਬਾਪੂ ਦੇ ਪਿੱਛੋਂ—ਮੈਂ ਕਰਾਹੇ ਨੇ। ਇਹ ਕੰਮ ਕਿੰਨਾ ਕੁ ਔਖਾ ਏ, ਬੱਸ ਓਹਾ ਜਾਣ ਸਕਦਾ ਏ, ਜੀਹਨੇ ਹੱਥੀਂ ਕੀਤਾ ਹੋਵੇ। ਉਡਦੀ ਮਿੱਟੀ ਵਿੱਚ ਆਦਮੀ ਭੂਤ ਬਣ ਜਾਂਦਾ ਏ। ਸਿਰ ਤੋਂ ਪੈਰਾਂ ਤਕ ਮੁੜ੍ਹਕਾ। ਮੁੜ੍ਹਕਾ ਕਾਹਦਾ, ਸਰੀਰ ਦਾ ਲਹੂ ਪਾਣੀ ਬਣ ਕੇ ਵਗਦਾ ਏ। ਓਸ ਵੇਲੇ ਮਾਂਵਾਂ ਪੁੱਤ ਨਹੀਂ ਸੰਭਾਲਦੀਆਂ। ਠੀਕ ਸਿਆਣਿਆਂ ਆਖਿਆ ਏ, ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਏ, ਫੇਰ ਜਾ ਕੇ ਧਰਤੀ ਕੁਛ ਦੇਂਦੀ ਏ। ਅੱਜ ਰਾਹੀ ਨਰਮਾ ਖਲਾ ਵੇਖ ਕੇ, ਨਜ਼ਰਾਂ ਲਾਉਂਦੇ ਲੰਘਦੇ ਨੇ। ਤੇ ਕਦੇ ਓਥੇ ਸਰਕੜੇ ਵਿਚਦੀ ਸੱਪ ਚੀਰਿਆ ਨਹੀਂ ਲੰਘਦਾ। ਜਦ ਮੈਂ ਉਹ ਬੂਝੇ ਪੁਟਣੇ ਸ਼ੁਰੂ ਕੀਤੇ ਸੀ, ਵੇਖਣ ਵਾਲੇ ਝੇਡਾਂ ਕਰਿਆ ਕਰਦੇ ਸਨ। ਤੇ ਕੰਮ ਵੀ ਪਹਾੜਾਂ ਨੂੰ ਮੱਥਾ ਲੌਣ ਵਾਲਾ ਸੀ ਕਿ! ਇਕ ਦਿਨ ਮੈਂ ਓਥੋਂ ਬੂਝੇ ਪੁਟਦਿਆਂ ਪੰਜ ਸੱਪ ਮਾਰੇ ਡਾਂਗ-ਡਾਂਗ ਜਿੱਡੇ ਲੰਮੇ। ਰਾਹ ਦੀ ਵੱਟ ਉਤੇ ਮੈਂ ਉਹਨਾਂ ਦੀ ਪਾਲ ਲਾ ਦਿੱਤੀ। ਜਿਹੜਾ ਲੰਘਦਾ, ਦੋ ਚਾਰ ਪਲ ਖਲੋ ਕੇ ਉਹਨਾਂ ਵੱਲ ਵੇਖ ਕੇ ਲੰਘਦਾ। ਸਾਰੇ ਮੇਰਾ ਦਿਲ ਢਾਹੁਣ, "ਸੱਜਣਾ! ਹਟ ਜਾਹ, ਜਿਦ ਛੱਡ ਦਿਹ। ਐਵੇਂ ਕਿਤੇ ਸੱਪ ਲੜਾ ਕੇ ਬੂਝਿਆਂ ਵਿੱਚ ਪਿਆ ਰਹੇਂਗਾ।" ਇਕ ਬਾਬੇ ਅਕਾਲੀ ਨੇ ਹੌਸਲਾ ਦਿੱਤਾ, "ਛਾਵਾ, ਪੁੱਤਰਾ ਛਾਵਾ!

ਸਿਰੜ ਨਾ ਹਾਰੀਂ। ਮਰਦਾਂ ਦੀ ਹਿੰਮਤ ਅੱਗੇ ਤਾਂ ਪਰਬਤ ਨਿਉਂ ਜਾਇਆ ਕਰਦੇ ਨੇ। ਵੇਖ ਲਈਂ, ਏਥੇ ਕਣਕ ਤੇ ਕਪਾਹ ਵੀ ਅਸਵਾਰ ਦੇ ਸਿਰ ਸਿਰ ਜਿੱਡੀ ਹੋਇਆ ਕਰੇਗੀ।" ਤੇ ਅੱਜ ਨਰਮੇ ਵਿੱਚ ਫਿਰਦਾ ਬੰਦਾ ਦੂਰੋਂ ਦੀਹਦਾ ਨਹੀਂ। ਧੰਨੇ ਸ਼ਾਹ ਨੂੰ ਆਪਣੇ ਆਪ ਦੀ ਹੋਸ਼ ਹੁੰਦੀ, ਤਾਂ ਉਹ ਕੋਲ ਦੀ ਲੰਘਿਆ ਸੀ, ਨਰਮੇ ਨੂੰ ਨਜ਼ਰ ਲਾ ਕੇ ਹੀ ਲੰਘਦਾ, ਪਰ ਉਹਨੂੰ ਤਾਂ ਜਾਨ ਪਈ ਐਥੇ ਚਾਰ ਛੰਨੇ ਪਾਣੀ ਪੀ ਕੇ। ...ਤੇ ਜਾਂਦਾ-ਜਾਂਦਾ ਤੂਤਾਂ ਵਾਲੇ ਖੂਹ ਨੂੰ ਸੁਰਗ ਆਖ ਗਿਆ। ਕਾਲੀ ਜਬਾਨ ਵਾਲਾ। ...ਤੇ ਇਹ ਤੂਤ ਵੀ ਜਿਦਣ ਅਸਾਂ ਲਿਆਂਦੇ ਸਨ, ਥੱਲਾਂ ਵਾਲੀਆਂ ਦੇ ਕਮਾਦ ਵਿੱਚੋਂ ਖੱਗ ਕੇ। ਇਕ ਦਿਨ ਤਾਂ ਉਸ ਖਾਂਘੜ ਜੇਹੇ ਖੜਕ ਸੁੰਹ ਨੇ ਖੜਕਾਈਆਂ ਵੀ ਸੀ। ਅਖੇ ਤੁਸੀਂ ਦੋਵੇਂ ਰੋਜ ਗੰਨੇ ਭੰਨ ਲਜਾਂਦੇ ਓ। ਅਸੀਂ ਬਥੇਰੀਆਂ ਸੌਹਾਂ ਖਾਈਏ, ਪਰ ਮੁੰਡਿਆਂ ਦੀਆਂ ਸੌਹਾਂ ਉਤੇ ਕੌਣ ਅਤਬਾਰ ਕਰਦਾ ਏ।...ਪਹਿਲੇ ਦਿਨ ਅਸਾਂ ਅੱਠ ਕਿ ਨੌਂ ਤੂਤ ਖੱਗ ਕੇ ਲਿਆਂਦੇ।..."ਠੀਕ ਏ। ਲਹਿੰਦੇ ਪਾਸੇ ਇਲਮੇ ਕੀ ਪੈਲੀ ਏ। ਏਧਰ ਇਹ ਲਾ ਲਵੇ। ਤੇ ਚੜ੍ਹਦੇ ਵੱਲੇ ਆਪਣੇ ਪਾਸੇ, ਸੱਜਣਾ! ਤੂੰ ਲਾ ਲੈ। ਭਲਕੇ ਵੰਡਣ ਤੋਂ ਝਗੜਾ ਨਾ ਪਊ।" ਬਾਬੇ ਪੀਰੇ ਨੇ ਮੈਨੂੰ ਕਿਹਾ ਸੀ। ਕੋਲੋਂ ਓਸੇ ਵੇਲੇ ਬਾਪੂ ਨੇ ਉਹਨੂੰ ਝਿੜਕਿਆ ਸੀ, "ਮੀਆਂ ਪੀਰਿਆ! ਇਹਨਾਂ ਵਿੱਚ ਹੁਣੇ ਵਿਤਕਰਾ ਨਾ ਪਾ। ਇਹ ਸਾਰਾ ਖੂਹ ਇਹਨਾਂ ਦਾ ਸਾਂਝਾ ਏ। ਮੇਰੀ ਤੇ ਚਰਾਗ਼ਦੀਨ ਦੀ ਸਾਰੀ ਉਮਰ ਕੱਠਿਆਂ ਦੀ ਨਿਭ ਗਈ ਏ। ਅਸੀਂ ਚਾਹੁੰਦੇ ਆਂ, ਇਹਨਾਂ ਦੀ ਵੀ ਅਗ੍ਹਾਂ ਸਾਡੇ ਵਾਂਗ ਨਿਭ ਜਾਏ।" ਫਿਰ ਬਾਪੂ ਨੇ ਖੂਹ ਦੇ ਉਦਾਲੇ-ਉਦਾਲੇ ਆਪ ਨਸ਼ਾਨ ਲਾ ਦਿੱਤੇ। "ਲਉ, ਇਕ ਟੋਏ ਵਿੱਚ ਇਲਮਾ ਤੂਤ ਲਾਵੇ ਤੇ ਇਕ ਵਿੱਚ ਸੱਜਣ। ਤੇ ਇਹ ਸਾਰੇ ਤੁਹਾਡੇ ਦੋਹਾਂ ਦੇ ਸਾਂਝੇ ਹੋਏ।" ਅਸਾਂ ਏਸੇ ਤਰ੍ਹਾਂ ਇਹ ਦੋਵੇਂ ਪਾਲਾਂ ਲਾਈਆਂ ਸਨ। ਫਿਰ ਮਲ੍ਹਿਆਂ ਦੇ ਛਾਪੇ ਵੱਢ ਕੇ ਅਸਾਂ ਇਹਨਾਂ ਨੂੰ ਵਾੜ ਕੀਤੀ। ਇਹਨਾਂ ਨੂੰ ਪਸੂਆਂ ਤੋਂ ਬਚੌਣ ਵਾਸਤੇ ਅਸਾਂ ਕੇਈ ਵਾਰ ਕੰਡਿਆਂ ਨਾਲ ਹੱਥ ਪੜਵਾਏ। ਨਿੱਕਿਆਂ-ਨਿੱਕਿਆਂ ਦੀ ਛਾਂਵੇਂ ਈਂ ਅਸਾਂ ਚਾਅ ਨਾਲ ਮੰਜੇ ਡਾਹ ਲੈਣੇ। ਅੱਧੇ ਛਾਵੇਂ ਤੇ ਅੱਧੇ ਧੁੱਪੇ, ਅਸਾਂ ਸਾਰੀ ਦੁਪਹਿਰ ਕੜ੍ਹ ਜਾਣਾ। ਤੇ ਹੁਣ ਇਹਨਾਂ ਵਿਚਦੀ ਸਾਰਾ ਦਿਨ ਸੂਰਜ ਨਹੀਂ ਦੀਹਦਾ। ਹੈ ਤਾਂ ਉਂਞ ਸੁਰਗ ਈ। ਗਰਮੀਆਂ ਵਿੱਚ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਏ। ਤੇ ਜੇ ਕਿਤੇ—ਜਿਵੇਂ ਧੰਨੇ ਸ਼ਾਹ ਆਹੰਦਾ ਏ—ਏਥੇ ਦੋ ਚਾਰ ਘੁਮਾਂ ਬਾਗ਼ ਵੀ ਲੱਗ ਜਾਏ, ਤਾਂ ਇਹ ਸੁਰਗਾਂ ਨਾਲੋਂ ਵੀ ਚੰਗਾ ਲੱਗਣ ਲੱਗ ਪਏ। ਹੱਛਾ। ਇਲਮੇ ਨਾਲ ਸਲਾਹ ਕਰਦੇ ਆਂ।'

ਤੇ ਰਹਿੰਦੀ ਰਾਤ ਉਹ ਸੁੱਤਾ ਪਿਆ ਵੀ ਬਾਗ਼ ਲਾਉਣ ਦੀਆਂ ਤਜਵੀਜ਼ਾਂ ਸੋਚਦਾ ਰਿਹਾ।

## 3

"ਮੇਰੀ ਰਾਤ ਭਰ ਦੀ ਬਕੜਵਾਹ ਦਾ ਕੋਈ ਅਸਰ ਹੋਇਆ, ਜਾਂ ਨਹੀਂ।" ਧੰਨੇ ਸ਼ਾਹ ਨੇ ਬੜੀ ਰੁੱਖੀ ਸੁਰ ਵਿੱਚ ਪੁੱਛਿਆ।

"ਝੂਠੀ ਗੱਲ। ਅਖੇ : ਸਖੀ ਨਾਲੋਂ ਸੂਮ ਭਲਾ, ਜੋ ਤੁਰਤ ਦੇ ਜਵਾਬ।" ਜਵਾਲਾ ਦੇਈ ਨੇ ਜਵਾਬ ਦੇਂਦਿਆਂ ਮੂੰਹ ਦੂਜੇ ਪਾਸੇ ਮੋੜ ਲਿਆ।

"ਠੀਕ ਆਹੰਦੇ ਨੇ : ਜਨਾਨੀ ਦੀ ਮੱਤ ਖੁਰੀ ਪਿਛੇ ਹੁੰਦੀ ਏ।" ਧੰਨੇ ਸ਼ਾਹ ਨੇ ਲਾਲ ਰੰਗ ਦੀ ਵੱਡੀ ਸਾਰੀ ਵਹੀ ਦੇ ਪੱਤਰੇ ਉਲਟਦਿਆਂ ਬੜੀ ਘਿਰਣਾ ਨਾਲ ਕਿਹਾ।

"ਖੁਰੀ ਪਿੱਛੇ ਵੀ ਕਿੱਥੇ ? ਹੁੰਦੀ ਹੀ ਨਹੀਂ। ਮੱਤ ਹੁੰਦੀ, ਤਾਂ ਸਾਰਾ ਨੱਕ ਕੰਨ ਲਾਹ ਕੇ ਤੁਹਾਡੇ ਹਵਾਲੇ ਕਿਉਂ ਕਰ ਦੇਂਦੀ ? ਤੁਹਾਡਾ ਤਾਂ ਕਿਤੇ ਭਰਿਆ ਈ ਨਾ।" ਜਵਾਲਾ ਦੇਈ ਦੀ ਵਾਜ ਵਿੱਚ ਵੀ ਤੇਜ਼ੀ ਆ ਗਈ ਸੀ।

"ਮੈਂ ਕਿਤੇ ਜੂਆ ਖੇਡ ਆਇਆ ਹੋਵਾਂਗਾ।"

"ਸਾਨੂੰ ਕੀ ਪਤਾ, ਜੂਆ ਖੇਡਦੇ ਓ, ਕਿ ਕੰਜਰੀਆਂ ਨਚੌਂਦੇ ਓ। ਸਾਡੇ ਉਦਾਲੇ ਤਾਂ ਇਕ ਛੱਲਾ ਨਹੀਂ ਜੇ ਛੌਡਿਆ। ਨਿਉਂਦੇ ਸਲਾਮੀ ਆਹ ਬੰਦ ਰਹਿ ਗਏ ਨੇ। ਤੇ ਹੁਣ ਇਹਨਾਂ 'ਤੇ ਵੀ ਅੱਖ ਟਿਕੀ ਹੋਈ ਏ।"

"ਪਰ ਮੈਂ ਇਹਨਾਂ ਦੀ ਕਿਤੇ ਸ਼ਰਾਬ ਤਾਂ ਨਹੀਂ ਪੀਣ ਲੱਗਾ।"

"ਸ਼ਰਾਬ ਪੀਓ, ਭਾਵੇਂ ਰਖੇਲੀਆਂ ਰੱਖੋ। ਅਸਾਂ ਕਿਸੇ ਨੂੰ ਹਟਾਇਆ ਏ ?"

"ਤੈਨੂੰ ਓਹੋ ਜਿਹਾ ਕੋਈ ਮਿਲਿਆ ਨਹੀਂ। ਨਹੀਂ ਤਾਂ ਕੰਨ 'ਚ ਪਾਈ ਨਾ ਦੁਖਦੀਓਂ। ਵਿਹੰਦੀ ਏਂ ਨਾ ਦੌਲਤ ਰਾਮ ਦੇ ਘਰ ਦਾ ਹਾਲ।" ਧੰਨੇ ਸ਼ਾਹ ਨੇ ਓਸ ਗਵਾਂਢੀ ਦੀ ਮਸਾਲ ਦਿੱਤੀ, ਜੀਹਨੇ ਦੋ ਪਤਨੀਆਂ ਦੇ ਹੁੰਦਿਆਂ ਤਿੱਜੀ ਰਖੇਲ ਰੱਖੀ ਹੋਈ ਸੀ।

"ਤੁਹਾਨੂੰ ਵੀ ਕੋਈ ਓਹੋ ਜੇਹੀ ਟੱਕਰ ਜਾਂਦੀ, ਤਾਂ ਘਰ ਦਾ ਬੂਹਾ ਦੂੱਜੇ ਪਾਸੇ ਲਾ ਦੇਂਦੀ। ਸਿਆਣਿਆਂ ਦਾ ਅਖਾਣ ਏਂ : ਜਨਾਨੀ ਉਜਾੜਨ 'ਤੇ ਆਵੇ, ਤਾਂ ਸੂਈ ਨਾਲ ਘਰ ਢਾਹ ਛੱਡਦੀ ਏ।"

"ਤੇ ਅੱਗੋ ਥੋੜ੍ਹਾ ਉਜਾੜਿਆ ਈ ? ਕੁੜੀ ਤੇ ਮੁੰਡੇ ਦੇ ਵਿਆਹ 'ਤੇ ਕੋਈ ਕਸਰ ਛੱਡੀ ਉ ? ਏਦੋਂ ਅੱਧੇ ਨਾਲ ਵੀ ਕੰਮ ਸਰ ਸਕਦਾ ਸੀ, ਪਰ ਇਹਦਾ ਤਾਂ ਰਾਏ-ਜਾਦੀ ਦਾ ਨੱਕ ਨਹੀਂ ਸੀ ਰਹਿੰਦਾ। ਅਜੇ ਮੈਂ ਤੇਰੇ ਆਖੇ ਲੱਗਣ ਵਾਲਾ ਹੁੰਦਾ, ਤਾਂ ਆਹ ਚਾਰ ਇੱਟਾਂ ਵੀ ਵਿਕ ਜਾਂਦੀਆਂ।"

"ਮੇਰੇ ਕਿਸੇ ਭਰਾ ਭਤੀਜੇ ਦੇ ਵਿਆਹ 'ਤੇ ਨਹੀਂ ਜੇ ਲਾ ਆਏ। ਮੈਨੂੰ ਖ਼ੁਸ਼ੀ

ਢਾਹ-ਢਾਹ ਮਾਰੋ। ਕਿਸੇ ਲਾਇਆ ਹੋਊ, ਤਾਂ ਆਪਣੇ ਨੱਕ ਨਮੂਜ ਨੂੰ। ਸਾਡੇ ਸਿਰ ਕੇਹਾ ਸ੍ਹਾਨ ? ਅਸਾਂ ਤਾਂ ਸਾਰੀ ਉਮਰ ਏਸ ਘਰ ਵਿੱਚ ਮਜੂਰੀ ਕੀਤੀ ਏ, ਪੂਰਬਾਣੀਆਂ ਵਾਂਗ ਭਾਂਡੇ ਮਾਂਜੇ ਨੇ। ਹਾਹੋ।"

"ਪੇਕਿਆਂ ਘਰ ਤਾਂ ਇਹ ਪੰਘੂੜੇ ਝੂਟਦੀ ਆਈ ਸੀ, ਤੇ ਏਸ ਘਰ ਭਾਂਡੇ ਮਾਂਜਣੇ ਪੈ ਗਏ। ਹੈਂ ਨਾਂ ?" ਧੰਨੇ ਸ਼ਾਹ ਨੇ ਮੂੰਹ ਪਿਚਕਾ ਕੇ ਕਿਹਾ, ਜਿਵੇਂ ਬਾਲ ਇਕ ਦੂਸਰੇ ਨੂੰ ਦੰਦੀਆਂ ਚਿੜਾਉਂਦੇ ਹਨ।

"ਸਾਡੇ ਪੇਕੇ ਕਿਸੇ ਨਾਢੂ ਖ਼ਾਂ ਦੇ ਘਰੋਂ ਖਾਣ ਨਹੀਂ ਔਂਦੇ। ਖ਼ੁਸ਼ੀ ਸਾਨੂੰ ਮੇਹਣੇ ਦੇਵੇ ਕੋਈ।"

"ਭਾਬੀ ਜੀ! ਚੁੱਪ ਕਰੋ। ਕੋਈ ਓਪਰਾ ਸੁਣਨ ਵਾਲਾ ਕੀ ਆਖੇਗਾ ?" ਕੋਲੋਂ ਸੁਮਿੱਤਰਾਂ ਨੇ ਹੌਲੀ ਜੇਹੀ ਸੱਸ ਨੂੰ ਸਮਝਾਇਆ।

"ਇਹਨੂੰ ਕੋਈ ਲੱਜ ਸ਼ਰਮ ਏ ਕਿਸੇ ਸੁਨਣ ਵਾਲੇ ਦੀ ? ਅਕਲ ਦੀ ਗੱਲ ਵੀ ਆਖੋ, ਤਾਂ ਅੱਗੋਂ ਸਿਰ ਦੇ ਵਾਲਾਂ ਨੂੰ ਆਉਂਦੀ ਏ। ਮੈਂ ਕਿਤੇ ਹਿੱਕ 'ਤੇ ਧਰ ਕੇ ਤਾਂ ਨਹੀਂ ਲੈ ਜਾਣਾ। ਤੇਰੇ ਹੀ ਪੁੱਤ ਪੋਤਰੇ ਦਾ ਬਣਦਾ ਏ ਪਿਆ। ਮੈਂ ਤਾਂ ਸਾਰੀ ਉਮਰ ਗਾਂਧੀ ਦੀ ਮਲਮਲ ਵਿੱਚ ਗੁਜ਼ਾਰ ਲਈ ਏ।" ਧੰਨੇ ਸ਼ਾਹ ਨੇ ਆਪਣੀ ਸਾਦਗੀ ਜਾਂ ਕੰਜੂਸੀ ਨੂੰ ਵੀ ਘਰ ਦੇ ਜੀਆਂ ਸਿਰ ਅਹਿਸਾਨ ਹੀ ਜਤਾਇਆ।

"ਤੇ ਅਸੀਂ ਕਿਹੜਾ ਰੇਸ਼ਮ ਹੰਡੋਂਦੇ ਬੁੱਢੇ ਹੋ ਗਏ ਆਂ। ਜਿਉਂ ਏਸ ਘਰ ਆ ਵੜੇ, ਨਾ ਰੱਜ ਕੇ ਖਾਧਾ, ਨਾ ਛੰਡ ਕੇ ਹੰਡਾਇਆ।" ਜਵਾਲਾ ਦੇਈ ਨੇ ਪੁੱਠਾ ਹੱਥ ਦੇਂਦਿਆਂ ਬੜੀ ਘਿਰਣਾ ਨਾਲ ਕਿਹਾ।

"ਵੇਖਾਂ! ਭੁੱਖੀ ਰਹਿ ਰਹਿ ਕੇ ਸੁੱਕ ਕੇ ਪਾਪੜ ਹੋਈ ਪਈ ਏ।" ਧੰਨੇ ਸ਼ਾਹ ਨੇ ਭਰਵਾਂ ਵਿਅੰਗ ਕੱਸਿਆ।

ਦੂਸਰੇ ਬਾਲ ਦੇ ਜਨਮ ਵੇਲੇ ਜਵਾਲਾ ਦੇਈ ਨੂੰ ਸੂਤਕ ਵਿੱਚ ਵਾਅ ਲੱਗ ਗਈ ਸੀ। ਪੈਸਿਆਂ ਦੀ ਥੁੜੋਂ ਕਰਕੇ ਨਹੀਂ, ਸਰਫ਼ਾ ਕਰਕੇ ਉਹਦਾ ਪੂਰਾ ਇਲਾਜ ਨਾ ਕੀਤਾ ਗਿਆ, ਜਿਸ ਦਾ ਸਿੱਟਾ ਵਾਈ ਰੋਗ ਦੇ ਵਧ ਜਾਣ ਨਾਲ ਉਹ ਫੁੱਲ ਕੇ ਭੜੋਲਾ ਹੋ ਗਈ। ਇਸ ਵੇਲੇ ਉਹ ਆਪਣਾ ਆਪ ਸਾਂਭਣ ਤੋਂ ਵੀ ਔਖੀ ਸੀ।

'ਮਠਿਆਈਆਂ ਤੇ ਬੱਕਰੇ ਖਾ-ਖਾ ਕੇ ਫਿੱਟ ਗਈ ਆਂ। ਹੈਂ ਨਾ ?" ਮੂੰਗੀ ਦੀ ਦਾਲ ਤੇ ਪਾਲਕ ਦਿਆਂ ਪੱਤਿਆਂ 'ਤੇ ਜੂਨ ਗੁਜ਼ਾਰਨ ਵਾਲੀ ਜਵਾਲਾ ਦੇਈ ਨੇ ਬੱਕਰੇ ਦਾ ਨਾਂ ਲੈ ਕੇ ਹੀ ਜੀ-ਸਰੱਸਾ ਕਰ ਲਿਆ। ਭਟਕਦੇ ਦਿਲ ਦੀ ਹਸਰਤ ਸ਼ਬਦਾਂ ਰਾਹੀਂ ਬਾਹਰ ਆ ਗਈ।

"ਤੇਰੇ ਭਾਗਾਂ ਵਿੱਚ ਬੱਕਰਾ ਕਿੱਥੋਂ ? ਗੋਲ-ਗੱਪੇ ਖਾਂਦਿਆਂ ਖਾਂਦਿਆਂ ਆਪ ਵੀ ਗੋਲ-ਗੱਪਾ ਬਣ ਗਈ। ਬੇ-ਫ਼ਿਕਰੇ ਆਦਮੀ 'ਤੇ ਮਾਸ ਈ ਚੜ੍ਹਨਾ ਏਂ।"

"ਹੱਛਾ, ਮੈਂ ਤਾਂ ਗੋਲ-ਗੱਪਾ ਆਂ। ਤੁਸੀਂ ਕੋਈ ਚੰਗੀ ਲੈ ਆਓ। ਖਹਿੜਾ ਛੱਡੋ ਮੇਰਾ।" ਜਵਾਲਾ ਦੇਈ ਦੀ ਵਾਜ ਲੋੜ ਤੋਂ ਵਧੇਰੇ ਉੱਚੀ ਹੋ ਗਈ।

"ਪਰ ਭਾਬੀ ਜੀ! ਤੁਸੀਂ ਲੜੀ ਕਿਹੜੀ ਗੱਲੋਂ ਜਾਂਦੇ ਜੇ ?" ਸੁਮਿੱਤਰਾਂ ਨੇ ਫਿਰ ਸੱਸ ਦਾ ਪੈਰ ਦਬਾਉਂਦਿਆਂ ਹੌਲੀ ਜੇਹੀ ਕਿਹਾ। ਉਹ ਚੌਂਕੇ ਵਿੱਚ ਸੱਸ ਦੇ ਕੋਲ ਬੈਠੀ ਆਲੂ ਛਿੱਲ ਰਹੀ ਸੀ।

"ਅਹਿਨਾਂ ਬੰਦਾਂ ਦਾ ਸਿਆਪਾ ਈ। ਇਹ ਮਰਨ ਵਾਲੀ ਦੀ ਆਖ਼ਰੀ ਨਸ਼ਾਨੀ ਰਹਿ ਗਈ ਏ ਮੇਰੇ ਕੋਲ। ਆਹੰਦੇ ਈ, ਇਹ ਵੀ ਲਾਹ ਦਿਹ, ਤੇ ਬੁੱਚੀ ਬਾਂਦਰੀ ਬਣ ਕੇ ਬਹਿ ਜਾ। ਅਖੇ : ਨੱਕ ਨਾ ਕੰਨ ਤੇ ਮੋਈ ਮੱਥਾ ਭੰਨ। ਮਰੀ ਨੂੰ ਕਿਸੇ ਨੌਂਹ ਧੀ ਨੇ ਨੁਹੌਣਾ ਵੀ ਨਹੀਂ।" ਜਵਾਲਾ ਦੇਈ ਨੇ ਪਤੀ ਨੂੰ ਸੁਣਾ ਕੇ ਨੌਂਹ ਨੂੰ ਉੱਤਰ ਦਿੱਤਾ।

"ਮਰੀ ਨੂੰ ਨੁਹਾਉਣ ਦੀ ਜਿੰਨ੍ਹਾਂ ਦੀ ਜ਼ਿੰਮੇਂਵਾਰੀ ਏ, ਉਹ ਜਾਨਣ। ਭਲਾ ਤੈਨੂੰ ਏਸ ਗੱਲ ਦੀ ਕੀ ਚਿੰਤਾ ?"

"ਆਹੋ। ਤੂੰ ਮਰਨ ਵਾਲੀ ਬਣ। ਏਹਾ ਆਖਣਾ ਚੌਂਹਦੇ ਜੇ ਨਾਂ। ਤੇ ਏਸ ਤਰ੍ਹਾਂ ਤਾਂ ਮੈਂ ਮਗਰੋਂ ਨਹੀਂ ਲਹਿਣ ਲੱਗੀ।" ਜਵਾਲਾ ਦੇਈ ਦੀਆਂ ਅੱਖਾਂ ਵਿੱਚੋਂ ਕ੍ਰੋਧ ਨਾਲ ਲੰਬਾਂ ਨਿਕਲ ਰਹੀਆਂ ਸਨ।

"ਉਹ ਤਾਂ ਮੈਂ ਜਾਣਦਾਂ, ਪਈ ਮੇਰੇ ਐਡੇ ਭਾਗ ਕਿੱਥੋਂ ? ਪਰ ਤੂੰ ਅੱਜ ਦੀ...।"

"ਏ ਧੰਨੇ ਸ਼ਾਹ ਜੀ-ਈ!" ਬਾਹਰੋਂ ਲੱਖਾ ਸਿੰਘ ਦੀ ਵਾਜ ਆਈ। ਆੜ੍ਹਤ ਉੱਤੇ ਸਵੇਰ ਦਾ ਬੈਠਾ ਉਡੀਕ ਉਡੀਕ ਕੇ ਉਹ ਘਰ ਆ ਧਮਕਿਆ ਸੀ।

"ਕੌਣ, ਸ. ਲੱਖਾ ਸਹੁੰ!" ਧੰਨੇ ਸ਼ਾਹ ਨੇ ਬਾਹਰ ਵੱਲ ਮੂੰਹ ਕਰਕੇ ਕਿਹਾ। "ਆ ਜਾਹ, ਲੰਘਿਆ। ਨਾਲੇ ਆਪਣੀ ਸ਼ਾਹਣੀ ਦਾ ਅਸਲੀ ਰੂਪ ਵੇਖ ਲੈ।"

ਬੈਠਕ ਦੇ ਗਲੀ ਵੱਲ ਦੇ ਬੂਹੇ ਅੱਗੋਂ ਚਿਕ ਹਟਾ ਕੇ ਲੱਖਾ ਸਿੰਘ ਅੰਦਰ ਲੰਘ ਆਇਆ।

"ਜਵਾਲਾ ਦੇਈ ਤਾਂ ਕਿਸੇ ਨੇ ਭੁੱਲ ਭੁਲੇਖੇ ਇਹਦਾ ਨਾਂ ਰੱਖ ਦਿੱਤਾ ਏ। ਸਹੀ ਅਰਥਾਂ ਵਿੱਚ ਇਹ ਜਵਾਲਾ ਮੁਖੀ ਏ, ਜਵਾਲਾ-ਮੁਖੀ।" ਤਿੰਨਾਂ ਚੌਂਹ ਦਿਨਾਂ ਦੇ ਸਤੇ ਹੋਏ ਧੰਨੇ ਸ਼ਾਹ ਨੇ ਮਿੱਤਰ ਅੱਗੇ ਸ਼ਕਾਇਤ ਲਾ ਦਿੱਤੀ।

"ਕਿਉਂ ਸ਼ਾਹਣੀ! ਕੀ ਗੱਲ ਏ ? ਸਤਿ ਸ੍ਰੀ ਅਕਾਲ।" ਕਹਿੰਦਾ ਹੋਇਆ ਲੱਖਾ ਸਿੰਘ ਸ਼ਾਹ ਦੇ ਸਾਮ੍ਹਣੇ ਡੱਠੇ ਹੋਏ ਮੰਜੇ ਉੱਤੇ ਬਹਿ ਗਿਆ।

"ਸਤਿ ਸ੍ਰੀ ਅਕਾਲ ਜੀ! ਤੁਸੀਂ ਆਪਣੇ ਸ਼ਾਹ ਤੋਂ ਈਂ ਪੁੱਛ ਲਵੋ, ਮੈਂ ਕੀ ਦੱਸਣਾ ਏਂ। ਜਨਾਨੀ ਦੀ ਵੀ ਕਦੇ ਪੁੱਜਦੀ ਏ ?" ਜਵਾਲਾ ਦੇਈ ਨੇ ਯਥਾ ਸ਼ਕਤ ਨਰਮ ਸ਼ਬਦਾਂ ਵਿੱਚ ਉੱਤਰ ਦਿੱਤਾ। ਤੀਸਰਾ ਆਦਮੀ ਕੋਲ ਆ ਗਿਆ ਕਰਕੇ ਉਹਨੇ ਆਪਣੇ ਗੁੱਸੇ ਉੱਤੇ ਕਾਬੂ ਪਾ ਲਿਆ ਸੀ।

ਧੰਨੋ ਸ਼ਾਹ ਕਸੂਰ ਦੇ ਪੁੱਜਦੇ ਸ਼ਾਹੂਕਾਰਾਂ ਵਿੱਚੋਂ ਸੀ। ਆੜ੍ਹਤ ਵਾਲੇ ਚੰਗੇ ਖੁੱਲ੍ਹੇ ਅਹਾਤੇ ਤੋਂ ਵੱਖਰੇ ਸ਼ਹਿਰ ਵਿੱਚ ਉਹਦੇ ਪੰਜ ਮਕਾਨ ਸਨ। ਉਹਨਾਂ ਵਿੱਚੋਂ ਤਿੰਨ ਤਾਂ ਰੇਲਵੇ ਰੋਡ ਉੱਤੇ ਚੰਗੇ ਸ਼ਾਨਦਾਰ ਸਨ। ਉਹਨਾਂ ਦਾ ਵਾਹਵਾ ਕਰਾਇਆ ਆਉਂਦਾ ਸੀ। ਤੇ ਆਪ ਉਹ ਸਭ ਤੋਂ ਮਾੜੇ ਮਕਾਨ ਵਿੱਚ ਰਹਿੰਦਾ ਸੀ।

ਲੱਖਾ ਸਿੰਘ ਦਾ ਉਹਦੇ ਘਰ ਖੁੱਲ੍ਹਾ ਆਉਣ ਜਾਣ ਸੀ। ਦੋਵੇਂ ਵਿਆਜੜੀਏ ਤੇ ਮਿੱਤਰ ਸਨ। ਕੇਈ ਵਾਰ ਲੱਖਾ ਸਿੰਘ ਨੇ ਕਹਿਣਾ, "ਉ ਭੈੜਿਆ ਧੰਨੋ ਸ਼ਾਹ! ਕਿੱਥੇ ਐਥੇ ਗੰਦੇ ਜੇਹੇ ਮਹੱਲੇ ਵਿੱਚ ਦੜਿਆ ਬੈਠਾ ਏਂ। ਇਹ ਵੀ ਕੋਈ ਮਕਾਨ ਏਂ ? ਨਿਰੀ ਚੂਹਿਆਂ ਦੀ ਖੁੱਡ। ਔਹ ਬੁੱਲੇ ਸ਼ਾਹ ਦੇ ਸਾਮ੍ਹਣੇ ਰੇਲਵੇ ਰੋਡ ਵਾਲਾ ਮਕਾਨ ਖ਼ਾਲੀ ਕਰਾ ਲੈ। ਅੱਬਲ ਤਾਂ ਬਾਹਰ ਕਿਤੇ ਕੋਠੀ ਪਾ।"

"ਚਾਚਾ ਜੀ! ਏਸ ਮਕਾਨ ਨੂੰ ਕੋਈ ਕਿਰਾਏਦਾਰ ਝੱਲਦਾ ਨਹੀਂ ਜੇ। ਨਹੀਂ ਤਾਂ ਭਾਈਏ ਹੋਰੀਂ ਤਾਂ ਕਬਰਾਂ ਲਾਗੇ ਛੱਜ-ਬੰਨ੍ਹਾਂ ਦੀਆਂ ਝੁੱਗੀਆਂ ਵਿੱਚ ਰਹਿਣ ਨੂੰ ਤਿਆਰ ਨੇ।" ਕੋਲੋਂ ਮਦਨ ਲਾਲ ਨੇ ਵਿਅੰਗ ਨਾਲ ਹੱਸਦਿਆਂ-ਹੱਸਦਿਆਂ ਕਹਿਣਾ।

ਲੱਖਾ ਸਿੰਘ ਤੇ ਧੰਨੋ ਸ਼ਾਹ ਦੋਵੇਂ ਭਰਾ ਬਣੇ ਹੋਏ ਸਨ। ਧੰਨੋ ਸ਼ਾਹ ਨੇ ਆਪਣੇ ਧੀ ਪੁੱਤਰ ਨੂੰ ਨਿੱਕੇ ਹੁੰਦੇ ਤੋਂ ਸਿਖਾਇਆ ਸੀ ਕਿ ਉਹ ਲੱਖਾ ਸਿੰਘ ਨੂੰ 'ਚਾਚਾ ਜੀ' ਕਿਹਾ ਕਰਨ। ਧੰਨੋ ਸ਼ਾਹ ਜਾਣਦਾ ਸੀ, ਕਿ ਜੱਟ ਜਿੰਨਾ 'ਚਾਚਾ' ਅਖਵਾ ਕੇ ਖ਼ੁਸ਼ ਹੁੰਦਾ ਹੈ, ਓਨਾ ਹੋਰ ਕਿਸੇ ਤਰ੍ਹਾਂ ਨਹੀਂ। ਜੱਟ ਮੁੰਡੇ-ਮੁੰਡੇ ਲੜ ਪੈਣਗੇ, ਤਾਂ ਇਕ ਦੂਸਰੇ ਅੱਗੇ ਵੱਡੀ ਸ਼ਰਤ ਏਹਾ ਰੱਖਣਗੇ, ਕਿ ਚਾਚਾ ਆਖੇਂਗਾ, ਤਾਂ ਛੱਡੂੰ।

"ਬੱਚੂ! ਜਿੱਦਣ ਹੱਥੀ ਕਮਾਉਗੇ, ਓਦਣ ਪਤਾ ਲੱਗੂ। ਜਿੰਨਾ ਚਿਰ ਬਗਾਨੇ ਸਿਰ 'ਤੇ ਹੋਵੇ, ਏਸੇ ਤਰ੍ਹਾਂ ਆਖੀਦਾ ਏ। ਏਸ ਮਕਾਨ ਵਿੱਚ ਰਹਿੰਦਿਆਂ ਸਾਡੀ ਸ਼ਾਨ ਨਹੀਂ ਮਾਰੀ ਚੱਲੀ। ਧੰਨੋ ਸ਼ਾਹ ਆਖ਼ਰ ਧੰਨੋ ਸ਼ਾਹ ਈ ਏ।"

ਮਾਪਿਆਂ ਉਹਦਾ ਨਾਂ ਧੰਨਾ ਮੱਲ ਰੱਖਿਆ ਸੀ, ਪਰ ਬਹੁਤ ਸਾਰੀਆਂ ਸਾਮੀਆਂ ਦਾ ਸ਼ਾਹੂਕਾਰ ਹੋਣ ਕਰਕੇ, ਸਾਰੇ ਉਹਨੂੰ 'ਧੰਨੋ ਸ਼ਾਹ' ਕਹਿੰਦੇ ਸਨ, ਜਿਵੇਂ ਉਹਦੇ ਪਿਤਾ ਪਿਰਥੀ ਚੰਦ ਨੂੰ ਪਿਰਥੀ ਸ਼ਾਹ। ਅਗ੍ਹਾਂ ਧੰਨੋ ਸ਼ਾਹ ਦੇ ਇਕੋ ਇਕ ਪੁੱਤਰ ਮਦਨ ਲਾਲ ਨੂੰ ਵੀ ਪੇਂਡੂ ਸਾਮੀਆਂ ਮਦਨ ਸ਼ਾਹ ਹੀ ਕਹਿੰਦੀਆਂ ਸਨ।

ਮਕਾਨ ਸੱਚਮੁੱਚ ਧੰਨੋ ਸ਼ਾਹ ਦੀ ਸ਼ਾਨ ਦੇ ਮੁਤਾਬਕ ਨਹੀਂ ਸੀ। ਭੀੜੀ ਜੇਹੀ ਗਲੀ ਉੱਤੇ ਇਕ ਬੈਠਕ ਸੀ, ਜਿਸ ਦਾ ਇਕ ਬੂਹਾ ਬਾਹਰ ਗਲੀ ਵਿੱਚ ਖੁੱਲ੍ਹਦਾ ਸੀ ਤੇ ਦੂਜਾ ਅੰਦਰ ਘਰ ਵਿੱਚ। ਬੈਠਕ ਦੇ ਨਾਲ ਚਾਰ ਫੁਟ ਚੌੜੀ ਡਿਉਢੀ ਸੀ। ਕਹਿਣ ਨੂੰ ਡਿਉਢੀ ਕਹਿ ਲਉ, ਪਰ ਹੈ ਉਹ ਸਿਰਫ਼ ਲੰਘਣ ਜੋਗਾ ਰਸਤਾ ਹੀ ਸੀ। ਉਸ ਤੋਂ ਪਿੱਛੇ ਦੋ ਮੰਜਿਆਂ ਦਾ ਵਿਹੜਾ ਸੀ, ਜਿਸ ਵਿੱਚ ਇਕ ਪਾਸੇ ਅੱਧੇ ਕੁ ਮੰਜੇ ਦੀ ਰਸੋਈ ਛੱਤੀ ਹੋਈ ਸੀ। ਵਿਹੜੇ ਦੇ ਪਿੱਛੇ ਅੱਗੜ-ਪਿੱਛੜ ਦੋ ਕਮਰੇ ਸਨ। ਤੇ ਬੱਸ।

ਬਾਹਰਲੀ ਬੈਠਕ ਵਿੱਚ ਇਕ ਮੰਜਾ ਤੇ ਇਕ ਛੋਟਾ ਜਿਹਾ ਤਖ਼ਤਪੋਸ਼ ਹਰ ਵੇਲੇ ਡੱਠਾ ਰਹਿੰਦਾ ਸੀ। ਓਸ ਤਖ਼ਤਪੋਸ਼ 'ਤੇ ਬੈਠਾ ਧੰਨੇ ਸ਼ਾਹ ਕਿਸੇ ਸਾਮੀ ਦਾ ਹਿਸਾਬ ਫੋਲ ਰਿਹਾ ਸੀ।

ਬਰਾਂਡੇ ਵਰਗੀ ਰਸੋਈ ਵਿੱਚ ਜਵਾਲਾ ਦੇਈ ਤੇ ਸੁਮਿੱਤਰਾਂ ਬੈਠੀਆਂ ਸਨ। ਜਵਾਲਾ ਦੇਈ ਧੰਨੇ ਸ਼ਾਹ ਦੇ ਸਾਮ੍ਹਣੇ ਸੀ ਤੇ ਸੁਮਿੱਤਰਾਂ ਸਹੁਰੇ ਵੱਲੋਂ ਕੁਛ ਉਹਲਾ ਕਰਕੇ ਬੈਠੀ ਸੀ। ਜਿਸ ਮੰਜੀ 'ਤੇ ਲੱਖਾ ਸਿੰਘ ਆ ਕੇ ਬੈਠਾ ਸੀ, ਓਥੋਂ ਜਵਾਲਾ ਦੇਈ ਤੇ ਸੁਮਿੱਤਰਾਂ—ਦੋਹਾਂ—ਨੂੰ ਉਹਲਾ ਸੀ।

ਵਰਨਾ ਦਾ ਅਮਲੀ ਨੱਥਾ ਸਿੰਘ, ਧੰਨੇ ਸ਼ਾਹ ਤੇ ਲੱਖਾ ਸਿੰਘ ਦਾ ਸਾਂਝਾ ਕਰਜ਼ਾਈ ਸੀ। ਨੱਥਾ ਸਿੰਘ ਦੇ ਘਰ ਛੇ ਲੜਕੀਆਂ ਸਨ ਤੇ ਸਾਰੀਆਂ ਤੋਂ ਛੋਟਾ ਇਕ ਲੜਕਾ। ਘਰ ਦੇ ਨੌਂ ਜੀਅ ਖਾਣ ਵਾਲੇ ਸਨ ਤੇ ਕਮਾਉਣ ਵਾਲਾ ਇਕ ਵੀ ਨਾ। ਪਿਛਲੀ ਉਮਰ, ਬਹੁਤੀਆਂ ਲੜਕੀਆਂ ਦਾ ਝੋਰਾ, ਉੱਤੋਂ ਅਫ਼ੀਮ ਦਾ ਰੋਗ, ਅਮਲੀ ਨੱਥਾ ਸਿੰਘ ਸਖ਼ਤ ਕੰਮ ਕਰਨ ਜੋਗਾ ਨਹੀਂ ਸੀ ਰਿਹਾ। ਜ਼ਮੀਨ ਗੁਜ਼ਾਰੇ ਜੋਗੀ ਹੈ ਗੀ ਸੀ, ਪਰ ਬਿਨਾਂ ਕਮਾਈ ਕੀਤਿਆਂ ਧਰਤੀ ਦੇਵੇ ਕਿੱਥੋਂ? ਲੱਖਾ ਸਿੰਘ ਨੇ ਸਮਾਂ ਤਾੜਕੇ ਅਮਲੀ ਨੂੰ ਕਰਜ਼ਾ ਦੇਣਾ ਸ਼ੁਰੂ ਕਰ ਦਿੱਤਾ। ਕਰਜ਼ੇ ਦੀ ਰਕਮ ਅੱਧੀ ਲੱਖਾ ਸਿੰਘ ਦੇਂਦਾ ਤੇ ਅੱਧੀ ਧੰਨੇ ਸ਼ਾਹ।

ਧੰਨੇ ਸ਼ਾਹ ਦਾ ਵਧੇਰੇ ਸ਼ਾਹੂਕਾਰਾ ਪਿੰਡਾਂ ਦੇ ਛੋਟੇ ਜ਼ਿਮੀਂਦਾਰਾਂ ਨਾਲ ਸੀ। ਸੂਦ ਦਰ ਸੂਦ ਲਾ ਕੇ ਉਹ ਰਕਮ ਵਧਾਉਣ ਵਿੱਚ ਬੜਾ ਉਸਤਾਦ ਸੀ। ਜਿਹੜਾ ਜੱਟ ਇਕ ਵਾਰ ਉਹਦੇ ਕਾਬੂ ਆ ਜਾਂਦਾ, ਜਿਊਂਦੇ ਜੀਅ ਕਰਜ਼ੇ ਦੇ ਭਾਰ ਹੇਠੋਂ ਨਿਕਲ ਨਾ ਸਕਦਾ। ਅੰਤ ਜ਼ਮੀਨ ਉੱਤੇ ਗੱਲ ਆ ਨਿਬੜਦੀ। ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿੱਚ ਇਕ ਕਾਨੂੰਨ ਪਰਚਲਤ ਸੀ, ਜਿਸ ਦੇ ਅਸਰ ਕਾਰਨ ਗ਼ੈਰ-ਜ਼ਰਾਇਤ ਪੇਸ਼ਾ ਜ਼ਮੀਨ ਖ਼ਰੀਦ ਨਹੀਂ ਸੀ ਸਕਦਾ। ਧੰਨੇ ਸ਼ਾਹ ਦੇ ਸਾਮ੍ਹਣੇ ਵੀ ਏਹਾ ਰੁਕਾਵਟ ਸੀ। ਏਸੇ ਦੁੱਖੋਂ ਉਹਨੇ ਲੱਖਾ ਸਿੰਘ ਨੂੰ ਭਾਈਵਾਲ ਬਣਾਇਆ ਹੋਇਆ ਸੀ। ਧੰਨੇ ਸ਼ਾਹ ਕਿਸੇ ਸਾਮੀ ਕੋਲੋਂ ਜ਼ਮੀਨ ਗਹਿਣੇ ਜਾਂ ਬੈਅ ਕਰਾਉਂਦਾ, ਤਾਂ ਰਜਿਸਟਰੀ ਲੱਖਾ ਸਿੰਘ ਦੇ ਨਾਮ ਹੁੰਦੀ। ਆਪਣੀ ਰਕਮ ਦੀ ਰੱਖਿਆ ਵਾਸਤੇ ਧੰਨੇ ਸ਼ਾਹ, ਲੱਖਾ ਸਿੰਘ ਕੋਲੋਂ ਅਸ਼ਟਾਮੀ ਕਾਗ਼ਜ਼ ਉੱਤੇ ਇਕਰਾਰਨਾਮਾ ਲਿਖਵਾ ਲੈਂਦਾ, ਜਿਸ ਦਾ ਭਾਵ ਹੁੰਦਾ, "ਇਹ ਜ਼ਮੀਨ ਖ਼ਰੀਦਣ ਵਾਸਤੇ ਲੱਖਾ ਸਿੰਘ ਨੇ ਧੰਨੇ ਸ਼ਾਹ ਕੋਲੋਂ ਐਨੀ ਰਕਮ ਕਰਜ਼ ਵਜੋਂ ਲਈ ਹੈ। ਜਿੰਨਾ ਚਿਰ ਲੱਖਾ ਸਿੰਘ ਇਹ ਰਕਮ ਵਾਪਸ ਨਹੀਂ ਕਰ ਦੇਵੇਗਾ, ਓਨਾ ਚਿਰ ਉਪਰਲੀ ਰਕਮ ਦੇ ਵਿਆਜ ਵਜੋਂ, ਧੰਨੇ ਸ਼ਾਹ ਨੂੰ ਜ਼ਮੀਨ ਦੀ ਆਮਦਨ ਵਿੱਚੋਂ ਹਿੱਸਾ ਦੇਵੇਗਾ।"

ਨੱਥਾ ਸਿੰਘ ਅਮਲੀ ਦੇ ਸਿਰ ਕਰਜ਼ ਵਧਦਾ-ਵਧਦਾ ਪੰਦਰਾਂ ਸੌ ਤਕ ਪੁੱਜ ਗਿਆ। ਦੋ ਰੁਪੈ ਸੈਂਕੜੇ ਦੇ ਹਿਸਾਬ ਤਿੰਨ ਸੌ ਸੱਠ ਰੁਪੈ ਸਾਲ ਦਾ ਵਿਆਜ ਬਣ

ਜਾਂਦਾ। ਕਰਜ਼ਾ ਵਾਪਸ ਕਰਨਾ ਤਾਂ ਇਕ ਪਾਸੇ, ਅਮਲੀ ਉਸ ਦਾ ਸੂਦ ਵਾਪਸ ਕਰਨ ਜੋਗਾ ਵੀ ਨਹੀਂ ਸੀ। ਤੰਗ ਆ ਕੇ ਅਮਲੀ ਨੇ ਕੁਛ ਪੈਲੀ ਗਹਿਣੇ ਕਰਨੀ ਮੰਨ ਲਈ। ਪੰਜ ਸੌ ਰੁਪਇਆ ਹੋਰ ਨਕਦ ਦੇ ਕੇ ਲੱਖਾ ਸਿੰਘ ਹੋਰਾਂ ਅਮਲੀ ਤੋਂ ਦੋ ਹਜ਼ਾਰ ਦੀ ਰਜਿਸਟਰੀ ਕਰਾਉਣੀ ਸੀ। ਉਹ ਰਕਮ ਧੰਨੇ ਸ਼ਾਹ ਤੇ ਲੱਖਾ ਸਿੰਘ ਨੇ ਅੱਧੋ-ਅੱਧ ਤਾਰਨੀ ਸੀ। ਉਹਦੇ ਬਦਲੇ ਹੀ ਧੰਨੇ ਸ਼ਾਹ ਘਰ ਵਾਲੀ ਤੋਂ ਬੰਦ ਮੰਗ ਰਿਹਾ ਸੀ।

ਧੰਨੇ ਸ਼ਾਹ ਦਾ ਹਮਾਇਤੀ ਆ ਗਿਆ ਸੀ। ਉਹਨੂੰ ਹੌਸਲਾ ਹੋ ਗਿਆ ਸੀ ਕਿ ਹੁਣ ਉਹ ਘਰ ਵਾਲੀ ਕੋਲੋਂ ਬੰਦ ਲੈਣ ਵਿਚ ਸਫਲ ਹੋ ਜਾਏਗਾ। ਉਹਨੇ ਆਪਣੇ ਮੰਤਵ ਤੱਕ ਪਹੁੰਚਣ ਵਾਸਤੇ ਜ਼ਰਾ ਲੰਮੀ ਵਿਆਖਿਆ ਸ਼ੁਰੂ ਕਰ ਦਿੱਤੀ, "ਸ. ਲੱਖਾ ਸਿਹਾਂ! ਜਿਨਸਾਂ ਦੇ ਭਾਅ ਬਹੁਤ ਡਿਗ ਗਏ ਨੇ। ਪੰਜੀਂ-ਛੀਂ ਕਪਾਹ, ਢਾਈ-ਤਿੰਨ ਰੁਪਏ ਤੋਰੀਆ ਤੇ ਦੋ-ਪੌਣੇ ਦੋ ਕਣਕ। ਇਹ ਕੋਈ ਭਾਅ ਨੇ ? ਪਿਛਲੀ ਜੰਗ ਵਿੱਚ ਵੀਹ ਬਾਈ ਰੁਪਏ ਕਪਾਹ ਤੇ ਦਸੀਂ-ਬਾਹਰੀਂ ਕਣਕ ਵਿਕ ਚੁੱਕੀ ਏ। ਜਿਨਸਾਂ ਮਹਿੰਗੀਆਂ ਹੋਣ ਕਰਕੇ ਜੱਟਾਂ ਨੇ ਘਰਾਂ ਦੇ ਖ਼ਰਚ ਵਧਾ ਲਏ ਨੇ। ਹੁਣ ਭਾਅ ਡਿੱਗਣ ਨਾਲ ਆਮਦਨ ਘੱਟ ਗਈ, ਪਰ ਇਕ ਵਾਰ ਵਧੇ ਹੋਏ ਖ਼ਰਚ ਘਟਣੇ ਔਖੇ ਹੁੰਦੇ ਨੇ। ਸੱਚੀ ਗੱਲ ਏ, ਸੌ ਵਿਚੋਂ ਅੱਸੀ-ਪਚਾਸੀ ਜੱਟ ਕਰਜ਼ਾਈ ਹੋ ਗਏ ਨੇ। ਤੇ ਏਹਾ ਵੇਲਾ ਏ ਸ਼ਾਹੂਕਾਰਾਂ ਦੇ ਕਮਾਉਣ ਦਾ। ਮੈਂ ਤਾਂ ਸੋਚਦਾਂ, ਕਿ ਚਾਰ ਪੰਜ ਸਾਲ ਭਾਅ ਏਸੇ ਤਰ੍ਹਾਂ ਡਿੱਗੇ ਰਹਿਣ, ਤਾਂ ਸਾਡੀਆਂ ਕਈ ਪੀੜ੍ਹੀਆਂ ਨੂੰ ਮੁੜ ਕੇ ਕਮਾਈ ਕਰਨ ਦੀ ਲੋੜ ਨਹੀਂ ਰਹੇਗੀ। ਭਲਾ ਦੱਸੋ, ਅਮਲੀ ਨੱਥਾ ਸਿਹੁੰ ਜਿਹੜੀ ਜ਼ਮੀਨ ਅੱਜ ਗਹਿਣੇ ਪਾ ਜਾਵੇਗਾ, ਮੁੜ ਕੇ ਉਹਨੇ ਕੋਈ ਛੁਡਾ ਲੈਣੀ ਏਂ ? ਪਰ ਤੇਰੀ ਸ਼ਾਹਣੀ ਨੂੰ ਕੌਣ ਸਮਝਾਵੇ ? ਇਹਦੇ ਦਿਮਾਗ਼ ਵਿੱਚ ਤਾਂ ਨਿਰਾ ਭੋਹ ਭਰਿਆ ਹੋਇਆ ਏ। ਮੈਂ ਚੌਥੇ ਦਿਨ ਦਾ ਸਿਰ ਖਪਾਉਣ ਡਿਹਾ ਹੋਇਆਂ, ਪਈ ਇਸ ਵੇਲੇ ਹੋਰ ਕੋਈ ਚਾਰਾ ਨਹੀਂ ਚਲਦਾ, ਤੇ ਮੈਂ ਸਾਲ ਦੇ ਅੰਦਰ ਤੈਨੂੰ ਫੇਰ ਬੰਦ ਬਣਵਾ ਦਿਆਂਗਾ। ਪਰ ਇਹ ਜਿਦ ਫੜੀ ਬੈਠੀ ਏ, ਅਖੇ : ਸਹੇ ਦੀਆਂ ਤਿੰਨੇ ਲੱਤਾਂ ਨੇ, ਚੌਥੀ ਹੈ ਈ ਨਹੀਂ। ਭਲਾ ਬੰਦਾ ਪੁੱਛੇ, ਇਹਨੂੰ ਬੰਦਾਂ ਬਿਨਾਂ ਰਾਤ ਨੀਂਦ ਨਾ ਆਊ ? ਦੱਸ।"

"ਲੈ, ਵਿੱਚੋਂ ਗੱਲ ਕੱਢੀ ਸੂ! ਐਧਰ ਵੇਖ।" ਲੱਖਾ ਸਿੰਘ ਨੇ ਜੇਬ ਵਿੱਚੋਂ ਰੁਮਾਲ ਕੱਢ ਕੇ ਧੰਨੇ ਸ਼ਾਹ ਅੱਗੇ ਸੁੱਟਦਿਆਂ ਕਿਹਾ, "ਆਹ ਨ੍ਹਾਮੋ ਦੀ ਮਾਂ ਦੀਆਂ ਡੰਡੀਆਂ ਈਂ। ਔਂਦੀ ਫ਼ਸਲ ਤੋਂ ਉਹਨੂੰ ਨਵੀਆਂ ਬਣਾ ਦਿਆਂਗੇ। ਕਰਮਾਂ ਵਾਲੀ ਨੇ ਇਕ ਵਾਰ ਨਾਂਹ ਨਹੀਂ ਕੀਤੀ। ਤੂੰ ਮੈਨੂੰ ਕੱਲ੍ਹ ਸੁਨੇਹਾ ਘੱਲ ਦੇਂਦੋਂ, ਤਾਂ ਮੈਂ ਉਹਦੀਆਂ ਬੁਘਤੀਆਂ ਵੀ ਫੜੀ ਔਂਦਾ। ਭੈੜਿਆ, ਸਾਡੇ 'ਤੇ ਬਾਹਰ ਦੇ ਇਤਬਾਰ ਕਰ ਲੈਂਦੇ, ਤੇ ਘਰ ਦੀਆਂ ਨਾ ਕਰਦੀਆਂ ? ਪਰ ਹੁਣ ਤਾਂ ਅਮਲੀ ਆੜ੍ਹਤ 'ਤੇ ਆਇਆ ਬੈਠਾ ਏ। ਮੈਂ ਉਡੀਕ-ਉਡੀਕ ਕੇ ਘਰ ਸੱਦਣ ਆਇਆਂ। ਹੱਛਾ, ਤੇਰੇ 'ਤੇ ਨਹੀਂ, ਤਾਂ ਮੇਰੇ 'ਤੇ

ਸ਼ਾਹਣੀ ਬੇ-ਤਬਾਰੀ ਨਹੀਂ ਕਰਦੀ।...ਪਈ ਸ਼ਾਹਣੀ!" ਉਹਨੇ ਜ਼ਰਾ ਉੱਚੀ ਸੁਰ ਵਿੱਚ ਜਵਾਲਾ ਦੇਈ ਨੂੰ ਸੰਬੋਧਨ ਕੀਤਾ, "ਸਾਡਾ ਇਹ ਵੇਲਾ ਸਾਰ ਦਿਹ। ਮੈਂ ਜਾਮਨ ਰਿਹਾ। ਏਸੇ ਫ਼ਸਲ ਤੋਂ ਨਵੇਂ ਬੰਦ ਬਣਵਾ ਦਿਆਂਗੇ।"

"ਭਈ, ਸਾਡੀ ਸਰਦਾਰਨੀ ਦੀ ਗਾਤ ਓਹਾ ਜੰਮੀ ਏਂ। ਵਾਹ ਭਈ ਭਾਗਵਾਨੇ!" ਧੰਨੇ ਸ਼ਾਹ ਨੇ ਰੁਮਾਲ ਵਿੱਚੋਂ ਡੰਡੀਆਂ ਕੱਢ ਕੇ ਹੱਥ ਉੱਤੇ ਜੋਹੰਦਿਆਂ ਕਿਹਾ। "ਐਧਰ ਵੇਖ।" ਉਹਨੇ ਜਵਾਲਾ ਦੇਈ ਨੂੰ ਡੰਡੀਆਂ ਵਿਖਾਉਂਦਿਆਂ ਕਿਹਾ, "ਜਿਨ੍ਹਾਂ ਨੂੰ ਘਰ ਪਿਆਰੇ ਹੁੰਦੇ ਨੇ, ਉਹ ਗਹਿਣੇ ਪਿੱਛੇ ਜਾਨ ਨਹੀਂ ਦੇਂਦੀਆਂ। ਇਹ ਸਭ ਕੁਛ ਤੁਹਾਡਾ ਈ ਬਣਦਾ ਏ ਪਿਆ। ਮੈਂ ਤਾਂ ਅਜੇ ਤੂਤਾਂ ਵਾਲੇ ਖੂਹ ਬਾਰੇ ਸੋਚ ਰਿਹਾਂ। .....ਭਈ ਲੱਖਾ ਸਿਹਾਂ! ਕੋਈ ਦਾਅ ਪੇਚ ਵੱਜ ਜਾਏ, ਤਾਂ ਹੈ ਉਂਞ ਸੁਰਗ ਦਾ ਨਮੂਨਾ।"

"ਵੇਖੋ, ਸਹਿਜ ਪੱਕੇ ਸੋ ਮੀਠਾ ਹੋ। ਤੂੰ ਛੇਤੀ ਉਠ ਹੁਣ। ਤੈਨੂੰ ਆਖਿਆ ਸੀ ਨਾਂ! ਸਾਡੀ ਸ਼ਾਹਣੀ ਦਿਲ ਦੀ ਮਾੜੀ ਨਹੀਂ।"

ਡੰਡੀਆਂ ਵੇਖ ਕੇ ਜਵਾਲਾ ਦੇਈ ਨੇ ਹੱਥਾਂ ਤੋਂ ਬੰਦ ਲਾਹ ਕੇ ਧੰਨੇ ਸ਼ਾਹ ਦੀ ਹਿੱਕ ਵਿੱਚ ਵਗਾਹ ਮਾਰੇ। ਉਹ ਜਾਣਦੀ ਸੀ ਕਿ ਇਸ ਖਾਤੇ ਵਿੱਚ ਪਈ ਕੋਈ ਚੀਜ਼ ਕਦੇ ਵਾਪਸ ਨਹੀਂ ਮੁੜੇਗੀ।

ਧੰਨੇ ਸ਼ਾਹ ਦੀ ਕੰਜੂਸੀ ਤੋਂ ਘਰ ਦੇ ਸਾਰੇ ਜੀਅ ਤੰਗ ਸਨ। ਲੱਖਾਂ ਰੁਪਏ ਦੀ ਜਾਇਦਾਦ ਨੂੰ ਉਹ ਕੀ ਕਰਦੇ, ਜਿਨ੍ਹਾਂ ਨੂੰ ਮਨ-ਮਰਜ਼ੀ ਦਾ ਖਾਣ ਹੰਡਾਉਣ ਨੂੰ ਨਹੀਂ ਸੀ ਮਿਲਦਾ। ਨੋਂਹ ਪੁੱਤਰ ਜਵਾਨ ਸਨ। ਉਹਨਾਂ ਦੇ ਅੰਦਰ ਖਾਣ ਹੰਡਾਉਣ ਦੀ ਰੀਝ ਸੀ, ਪਰ ਧੰਨੇ ਸ਼ਾਹ ਨੇ ਆਪਣੀ ਜਵਾਨੀ ਵਿੱਚ ਖਾ ਹੰਡਾ ਕੇ ਨਹੀਂ ਸੀ ਵੇਖਿਆ, ਤਾਂ ਨੋਂਹ ਪੁੱਤਰ ਦੀ ਜਵਾਨੀ ਦੀਆਂ ਰੀਝਾਂ ਦੀ ਉਹ ਕੀ ਕਦਰ ਕਰਦਾ? ਜਵਾਲਾ ਦੇਈ ਨੇ ਵੀ ਸਾਰੀ ਜਵਾਨੀ ਹਉਕੇ ਭਰਦਿਆਂ ਹੀ ਗੁਜ਼ਾਰੀ ਸੀ। ਉਹਦੇ ਪੇਕਿਆਂ ਤੇ ਸਹੁਰਿਆਂ ਦੀਆਂ ਪਾਈਆਂ ਸਾਰੀਆਂ ਟੂੰਬਾਂ ਧੰਨੇ ਸ਼ਾਹ ਨੇ ਵੇਚ ਵੱਟ ਲਈਆਂ ਸਨ। ਜਿਸ ਸਾਮੀ ਕੋਲੋਂ ਉਹਨੂੰ ਕੁਝ ਮਿਲਣ ਦੀ ਆਸ ਹੋਵੇ, ਉਹ ਕਦੇ ਮੋੜਿਆ ਨਹੀਂ ਸੀ ਕਰਦਾ। ਘਰ ਦੇ ਭਾਂਡੇ ਵੇਚ ਕੇ ਵੀ ਉਹ ਸਾਮੀ ਨੂੰ ਦੇਣ ਵਾਸਤੇ ਤਿਆਰ ਹੋ ਜਾਇਆ ਕਰਦਾ ਸੀ, ਜੇ ਸਾਮੀ ਵਿਆਜ ਉਹਦੀ ਮਨ-ਮਰਜ਼ੀ ਦਾ ਦੇਣਾ ਮੰਨ ਜਾਏ। ਜਵਾਲਾ ਦੇਈ ਕੋਈ ਵਾਰ ਖਿਝ ਕੇ ਏਥੋਂ ਤਕ ਕਹਿ ਦਿਆ ਕਰਦੀ, "ਹੁਣ ਤਾਂ ਮੈਂ ਰਹਿ ਗਈ ਆਂ। ਕੋਈ ਗਾਹਕ ਮਿਲਦਾ ਜੇ, ਤਾਂ ਮੈਨੂੰ ਵੇਚ ਕੇ ਕੋਈ ਦੋ ਪੈਲੀਆਂ ਹੋਰ ਖ਼ਰੀਦ ਲਵੋ।"

"ਪਾਰਬਤੀ ਦੀ ਭਾਬੋ! ਮੈਨੂੰ ਭਰੋਸਾ ਏ, ਪਈ ਕਦੇ ਮੇਰੇ 'ਤੇ ਭੀੜ ਆ ਬਣੀ, ਤਾਂ ਤੂੰ ਦਰੋਪਦੀ ਵਾਂਗ ਮੇਰੇ ਬਦਲੇ ਇਹ ਕੁਰਬਾਨੀ ਕਰਨ ਵਾਸਤੇ ਵੀ ਤਿਆਰ ਹੋ ਜਾਏਂਗੀ। ਪਾਂਡਵਾਂ ਵੀ ਤਾਂ ਦਰੋਪਦੀ ਜੂਏ ਵਿੱਚ ਹਾਰ ਦਿੱਤੀ ਸੀ।" ਲੱਜਿਆ

ਮਹਿਸੂਸ ਕਰਨ ਦੀ ਥਾਂ ਧੰਨੇ ਸ਼ਾਹ ਅੱਗੋਂ ਇਹ ਉੱਤਰ ਦਿਆ ਕਰਦਾ।

ਪਹਿਲਾਂ ਭਾਵੇਂ ਕਿੰਨਾ ਗਰਮ ਹੋਵੇ, ਪਰ ਮਨ-ਇੱਛਤ ਵਸਤੂ ਮਿਲ ਜਾਣ ਉੱਤੇ ਧੰਨੇ ਸ਼ਾਹ ਝੱਟ ਨਰਮ ਹੋ ਜਾਂਦਾ। ਬੰਦ ਜੇਬ ਵਿੱਚ ਪਾ ਕੇ ਉਹ ਜਵਾਲਾ ਦੇਈ ਦੀਆਂ ਸਿਫ਼ਤਾਂ ਕਰਦਾ ਉੱਠ ਬੈਠਾ।

ਸਾਰੇ ਰਾਹ ਧੰਨੇ ਸ਼ਾਹ, ਲੱਖਾ ਸਿੰਘ ਨਾਲ ਤੂਤਾਂ ਵਾਲੇ ਖੂਹ ਦੀਆਂ ਗੱਲਾਂ ਕਰਦਾ ਗਿਆ।

## 4

"ਮਾਰ, ਮਾਰ, ਮਾਰ। ਦੂਹਰੀ ਉ ਦੂਹਰੀ।" ਸੱਜਣ ਸਿੰਘ ਨੇ ਹੱਲਾ-ਸ਼ੇਰੀ ਦੇਂਦਿਆਂ ਹਾਣੀ ਨੂੰ ਵੰਗਾਰਿਆ।

"ਮਖ, ਆਪਾਂ ਖੰਘਣ ਨਹੀਂ ਦੇਂਦੇ। ਆਹ ਲੈ ਫੜ।" ਉਮਰ ਦੀਨ ਨੇ ਸਾਰਾ ਟਿੱਲ ਲਾ ਕੇ ਪੱਤਾ ਸੁੱਟਿਆ।

"ਹੁਣ ਏਸੇ ਹੱਥ ਇਕ ਹੋਰ ਲੈ ਲੈ।" ਸੱਜਣ ਸਿੰਘ ਨੇ ਦੂੱਜੀ ਵਾਰ ਜੋਟੀਦਾਰ ਨੂੰ ਲਲਕਾਰਿਆ।

"ਉ ਲੈ, ਤੂੰ ਕਦ-ਕਦ ਆਖਣਾ ਏਂ।" ਉਮਰ ਦੀਨ ਨੇ ਪਾਨ ਦਾ ਯੱਕਾ ਕੱਢ ਮਾਰਿਆ। ਉਹਦਾ ਖ਼ਿਆਲ ਸੀ ਕਿ ਏਸ ਤਰ੍ਹਾਂ ਉਹ ਦੂਸਰੀ ਸਰ ਬਣਾ ਲਵੇਗਾ।

"ਛੜਿਆ! ਹੁਣ ਤੇਰੀ ਵਾਰੀ ਉ। ਮਰ ਜਾਹ ਕਿਸੇ ਦੇ ਗਲ੍ਹ ਲੱਗ ਕੇ।" ਦੀਪੇ ਨੇ ਆਪਣੇ ਹਾਣੀ ਨੂੰ ਟੁੰਬਿਆ।

ਖੇਡਣ ਵਾਲਿਆਂ ਦੇ ਹੱਥਾਂ ਵਿੱਚ ਸਭੋ ਤਿੰਨ ਤਿੰਨ ਪੱਤੇ ਰਹਿ ਗਏ ਸਨ। ਹੇਠਾਂ ਪਿੜ ਵਿੱਚ ਦਸ ਸਰਾਂ ਜੁੜੀਆਂ ਪਈਆਂ ਸਨ। ਜਿਹੜੀ ਧਿਰ ਉਹ ਚੁੱਕ ਲੈਂਦੀ, ਓਸੇ ਜਿੱਤ ਜਾਣਾ ਸੀ। ਜ਼ੋਰ ਦੋਹਾਂ ਧੜਿਆ ਬੜਾ ਲਾਇਆ ਸੀ, ਪਰ ਸਫ਼ਲ ਕੋਈ ਨਹੀਂ ਸੀ ਹੋਇਆ।

ਬੜੀ ਸਾਦਾ ਜੇਹੀ ਖੇਡ-ਖੇਡ ਰਹੇ ਸਨ ਉਹ। ਪੱਤੇ ਕੱਟਣ ਵਾਲੇ ਨੇ ਪਹਿਲੇ ਪੰਜਾਂ ਪੱਤਿਆਂ ਵਿੱਚੋਂ ਮਰਜ਼ੀ ਦਾ ਰੰਗ ਮਿਥ ਲੈਣਾ ਤੇ ਉਹਦਾ ਇਕ ਪੱਤਾ ਥੱਲੇ ਮੂਧਾ ਮਾਰ ਦੇਣਾ। ਬਾਕੀ ਤਿੰਨਾਂ ਨੂੰ ਰੰਗ ਦਾ ਕੋਈ ਪਤਾ ਨਾ ਹੋਣਾ। ਸਾਰੇ ਪੱਤੇ ਵੰਡ ਕੇ ਖੇਡ ਸ਼ੁਰੂ ਹੋ ਜਾਣੀ। ਇਕੋ ਖਿਡਾਰੀ ਆਪਣੇ ਹੱਥੋਂ ਦੋ ਸਰਾਂ ਕੱਠੀਆਂ ਲੈ ਜਾਵੇ, ਤਾਂ ਹੇਠ ਪਈਆਂ ਸਾਰੀਆਂ ਸਰਾਂ ਉਹਨੇ ਚੁੱਕ ਲੈਣੀਆਂ। ਸਰ ਖੇਡੇ ਜਾ ਰਹੇ ਰੰਗ ਦੇ ਭਾਰੇ ਪੱਤੇ ਦੀ ਮਿਥੀ ਜਾਣੀ। ਵਿਰੋਧੀ ਧੜੇ ਦੇ ਕਿਸੇ ਹਾਣੀ ਕੋਲ ਖੇਡੇ ਜਾ ਰਹੇ ਰੰਗ ਦਾ ਪੱਤਾ ਨਾ ਹੋਵੇ, ਤਾਂ ਉਹਨੇ ਨੱਪਿਆ ਹੋਇਆ ਰੰਗ ਪੁੱਛ ਲੈਣਾ। ਫਿਰ ਰੰਗ ਦੀ ਦੁੱਕੀ ਨੇ ਵੀ ਬਦਰੰਗ ਦੇ ਯੱਕੇ-ਬਾਦਸ਼ਾਹ ਨੂੰ ਕੱਟ ਲੈਣਾ।

"ਹੱਛਾ, ਇਹ ਗੱਲ ਏ ?" ਧਰਮ ਸਿੰਘ ਨੇ ਪੱਤੇ ਫੋਲਦਿਆਂ ਥੋੜ੍ਹਾ ਜਿਹਾ ਸਿਰ ਤੇ ਮੋਢੇ ਹਿਲਾ ਕੇ ਜੋਸ਼ ਨਾਲ ਕਿਹਾ। ਹਮਲਾ ਕਰਨ ਲਈ ਤਿਆਰ ਸਿਪਾਹੀ ਵਾਂਗ ਉਹਦੇ ਸਾਰੇ ਸਰੀਰ ਵਿੱਚ ਫੁਰਤੀ ਆ ਗਈ।

"ਮਖ ਗਿਓ ਈ ਸਭ ਕੁਛ।" ਦੀਪੇ ਨੇ ਸਮੇਂ ਦੀ ਨਜ਼ਾਕਤ ਨੂੰ ਜਾਚਦਿਆਂ ਹਾਣੀ ਨੂੰ ਸਾਵਧਾਨ ਕੀਤਾ।

ਚੌਹਾਂ ਖਿਡਾਰੀਆਂ ਤੇ ਓਨੇ ਕੁ ਉਦਾਲੇ ਵੇਖਣ ਵਾਲਿਆਂ ਦਾ ਸਾਰਾ ਧਿਆਨ ਪੱਤਿਆਂ ਉੱਤੇ ਟਿਕਿਆ ਹੋਇਆ ਸੀ। ਧਰਮ ਸਿੰਘ ਦੀ ਖੇਡ ਉੱਤੇ ਦੋਹਾਂ ਧੜਿਆਂ ਦੀ ਜਿੱਤ ਹਾਰ ਨਿਰਭਰ ਸੀ। ਸਾਰੇ ਜਣੇ ਥਾਂਉਂ-ਥਾਂਈਂ ਤਣੇ ਖਲੋ ਸਨ। ਉਹਨਾਂ ਦਾ ਉਸ ਵੇਲੇ ਗੱਸਾ ਖਿੱਚਣ ਵਾਲਿਆਂ ਜਿੰਨਾ ਜ਼ੋਰ ਲੱਗ ਰਿਹਾ ਸੀ।

"ਰੰਗ ਬੋਲ ਭਈ ਜੁਆਨਾ, ਰੰਗ ਬੋਲ।" ਧਰਮ ਸਿੰਘ ਦੀ ਵਾਜ ਵਿੱਚ ਜੋਸ਼ ਤੇ ਉਤਸ਼ਾਹ ਭਰਿਆ ਹੋਇਆ ਸੀ।

ਸੁਣਦੇ ਸਾਰ ਦੀਪੇ ਦਾ ਚਿਹਰਾ ਟਹਿਕ ਆਇਆ। ਵਿਰੋਧੀ ਧੜੇ ਦੇ ਅੰਦਰ ਚਿੰਤਾ ਪੈਦਾ ਹੋ ਗਈ। ਉਹ ਪੀਰਾਂ ਫ਼ਕੀਰਾਂ ਦੀ ਸੁੱਕੀ ਮਨਤਾ ਮੰਨਣ ਲੱਗ ਪਏ, ਕਿ ਯਾ ਚਿੜੂਆ ਪੀਰ! ਧਰਮ ਸਿੰਘ ਕੋਲ ਰੰਗ ਦਾ ਪੱਤਾ ਨਾ ਨਿਕਲੇ।

"ਰੰਗ ? ਇੱਟ ਈ।" ਸੱਜਣ ਸਿੰਘ ਨੇ ਉਤਸ਼ਾਹ ਰਹਿਤ ਸੁਰ ਵਿੱਚ ਕਿਹਾ। ਨਾਲ ਹੀ ਉਹਨੇ ਦੱਬਿਆ ਹੋਇਆ ਬਾਦਸ਼ਾਹ ਚੁੱਕ ਕੇ ਵਿਖਾ ਦਿੱਤਾ।

"ਆਹ ਲੈ ਫੜ ਫਿਰ, ਪਾਨ ਦੇ ਯੱਕੇ ਨੂੰ ਇੱਟ ਦੀ ਪੰਜੀ ਲਈ ਜਾਂਦੀ ਊ।" ਧਰਮ ਸਿੰਘ ਨੇ ਪੱਤਾ ਸੁੱਟਣ ਲੱਗਿਆਂ ਸੁੱਕੇ ਹੋਏ ਸਰੀਰ ਦਾ ਸਾਰਾ ਬਲ ਲਾ ਦਿੱਤਾ।

"ਸ਼ਾਵਾ ਛੜਿਆ! ਰੱਖ ਵਿਖਾਈ ਊ। ਆਹ ਤਾਂ ਮਰਦਾਂ ਵਾਲੀ ਕੀਤੀ ਊ।" ਦੀਪੇ ਨੇ ਸੱਜੀ ਬਾਂਹ ਉਤਾਂਹ ਨਿੱਸਲ ਕਰਕੇ ਖ਼ੁਸ਼ੀ ਪਰਗਟ ਕੀਤੀ। ਏਨੇ ਨਾਲ ਉਹਦਾ ਜਿਵੇਂ ਸੇਰ ਲਹੂ ਵਧ ਗਿਆ ਸੀ।

"ਮਖ, ਵੀਹ ਪੁਜਾ ਦਿੱਤੀ ਸੂ ਕਿ!"

"ਉਇ, ਛੜਾ ਕਿਤੇ ਅਸਲੋਂ ਗਿਆ ਗੁਜ਼ਰਿਆ ਤਾਂ ਨਹੀਂ।"

ਦੀਪੇ ਕੇ ਹਮਾਇਤੀਆਂ ਨੇ—ਅਖਾੜੇ ਵਿੱਚ ਢਾਹ ਜਾਣ ਵਾਲੇ ਪਹਿਲਵਾਨ ਵਾਂਗ—ਧਰਮ ਸਿੰਘ ਦੀ ਜੈ-ਜੈ ਕੀਤੀ। ਸੱਜਣ ਸਿੰਘ ਕੇ ਹਮਦਰਦ ਚੁੱਪ ਵੱਟ ਕੇ ਭਲੇ ਸਮੇਂ ਦੀ ਉਡੀਕ ਕਰਨ ਲੱਗੇ।

"ਦੀਪਿਆ! ਹੁਣ ਮੂੰਹੋਂ ਮੰਗ, ਜੋ ਮੰਗਣਾ ਈਂ। ਪੀਹ ਤਾਂ ਅਗ੍ਹਾਂ ਗਈ ਸਮਝ। ਆਖੇਂ ਤਾਂ ਕੋਟ ਕਰ ਦਿਆਂ ?" ਧਰਮ ਸਿੰਘ ਨੇ ਸੂਮ ਦੇ ਧਨ ਵਾਂਗ ਪੱਤੇ ਘੁੱਟ ਕੇ ਹਿੱਕ ਨਾਲ ਲਾਉਂਦਿਆਂ ਹਾਣੀ ਦੀ ਸਲਾਹ ਪੁੱਛੀ।

"ਕਰਦੇ, ਕਰਦੇ ਕੋਟ। ਵਚਾਰੇ ਸਿਆਲ ਵਿੱਚ ਪਾਲੇ ਤੋਂ ਬਚੇ ਰਹਿਣਗੇ।" ਦੀਪੇ ਨੇ ਸੱਜੇ ਗੋਡੇ ਉੱਤੇ ਧੱਫਾ ਮਾਰਦਿਆਂ ਕਿਹਾ।

"ਪਾਲੇ ਦਾ ਵੀ ਸੱਜਣ ਸੂੰਹ ਨੂੰ ਡਰ ਏ। ਹੋਰ, ਉਮਰੇ ਨੂੰ ਤਾਂ ਰਜਾਈ ਦੀ ਵੀ ਲੋੜ ਨਹੀਂ ਪੈਂਦੀ ਹੋਣੀ।" ਕੋਲੋਂ ਮਿਲਖਾ ਸਿੰਘ ਨੇ ਗੁੱਝੀ ਚੋਟ ਕੀਤੀ।

ਸਾਰੀ ਬੈਠੀ ਢਾਣੀ ਵਿੱਚ ਹਾਸਾ ਪੈ ਗਿਆ। ਉਮਰ ਦੀਨ ਦੇ ਘਰਵਾਲੀ ਹੁਸੈਨਾ ਬਹੁਤ ਮੋਟੀ ਸੀ। ਏਨੀ ਮੋਟੀ, ਕਿ ਪੰਜ ਫੁੱਟ ਦਾ ਫੀਤਾ ਉਹਦੇ ਉਦਾਲੇ ਪੂਰਾ ਨਹੀਂ ਸੀ ਆਉਂਦਾ। ਉਹਦੀਆਂ ਛਾਤੀਆਂ ਢਿਲਕ ਕੇ ਵਧੇ ਹੋਏ ਪੇਟ ਤੱਕ ਅਪੜ ਪਈਆਂ ਸਨ। ਜ਼ਰਾ ਕੁ ਗਰਮੀ ਲੱਗਣ ਤੇ ਉਹ ਇਉਂ ਸਾਹ ਲੈਣ ਲੱਗ ਪੈਂਦੀ, ਜਿਵੇਂ ਲੁਹਾਰ ਦੀਆਂ ਖੱਲਾਂ ਵਿੱਚੋਂ ਫੂਕ ਨਿਕਲਦੀ ਹੈ।

"ਉਇ ਕਿਤੇ ਤੁਹਾਡੇ ਵਰਗੀਆਂ ਸੁੱਕੀਆਂ ਸੜੀਆਂ ਟਬਰੀਆਂ ਤਾਂ ਨਹੀਂ ਰੱਖੀਆਂ ਹੋਈਆਂ। ਅੱਲਾਹ ਦੀ ਮੇਹਰ ਨਾਲ ਟੱਬਰ ਏ ਟੱਬਰ।" ਹਾਣੀਆਂ ਦੇ ਹਾਸੇ ਠੱਠੇ ਤੋਂ ਚਿੜਨ ਦੀ ਥਾਂ ਉਮਰ ਦੀਨ ਨੇ ਘਰਵਾਲੀ ਦੇ ਮੁਟਾਪੇ ਨੂੰ ਵਡੱਪਣ ਦੀ ਨਸ਼ਾਨੀ ਦੱਸਿਆ।

"ਟੱਬਰ ਵੀ ਮਾਈ ਭਾਗਣ ਦੇ ਗਹੂਰੇ ਜਿੱਡਾ।" ਮਿਲਖਾ ਸਿੰਘ ਨੇ ਇਕ ਹੋਰ ਟਕੋਰ ਕੀਤੀ।

ਹਾਸੇ ਨਾਲ ਤੂਤਾਂ ਦੇ ਸਾਵੇ ਪੱਤੇ ਕੰਬ ਉੱਠੇ।

"ਭਈ, ਇਹਦੇ ਵਾਸਤੇ ਓਹਾ ਨਿਆਮਤ ਏ।" ਕੋਲੋਂ ਮਹੰਦੇ ਕੰਮਿਹਾਰ ਨੇ ਉਮਰ ਦੀਨ ਦਾ ਪੱਖ ਪੂਰਦਿਆਂ ਕਿਹਾ।

"ਉਇ, ਕਿਸੇ ਨੂੰ ਆਪਣੀ ਜਨਾਨੀ ਮਾੜੀ ਵੀ ਲੱਗਦੀ ਏ ?" ਧਰਮ ਸਿੰਘ ਨੇ ਉਮਰ ਭਰ ਨਾ ਪੂਰੇ ਹੋਣ ਵਾਲੇ ਉਤਸ਼ਾਹ ਨਾਲ ਪੁੱਛਿਆ।

"ਆਹੋ, ਉਹਦਾ ਭਾਰ ਇਹ ਚੁੱਕ ਲਵੇਗਾ।" ਦੀਪੇ ਨੇ ਧਰਮ ਸਿੰਘ ਦੇ ਦਿਲ ਦੀ ਬੁਝਦਿਆਂ ਕਿਹਾ।

"ਉ, ਹੁਣ ਪੱਤਾ ਵੀ ਸੁੱਟ, ਕਿ ਨਕਲੀਆਂ ਨੂੰ ਰੁਪਈਆ ਦੇਣ ਵਾਲਿਆਂ ਵਾਂਗ ਹੱਥਾਂ ਵਿੱਚ ਈ ਮਲੀ ਜਾਣੇ ਈਂ ?" ਸੱਜਣ ਸਿੰਘ ਨੇ ਕਾਹਲੇ ਪੈ ਕੇ ਕਿਹਾ। ਬਾਜ਼ੀ ਸਿਰ 'ਤੇ ਪਹੁੰਚੀ ਹੋਈ ਵੇਖ ਕੇ ਉਹਦਾ ਮਨ ਝੁੰਜਲਾ ਰਿਹਾ ਸੀ।

"ਕਿਹੜਾ ਸੁੱਟਾਂ ? ਪੱਤੇ ਦੋਵੇਂ ਬੜੇ ਵਧੀਆ ਨੇ। ਸੁੱਟਣ ਨੂੰ ਜੀਅ ਨਹੀਂ ਕਰਦਾ। ਹੱਛਾ, ਚੱਲਣ ਦਿਹ।" ਧਰਮ ਸਿੰਘ ਨੇ ਹੁਕਮ ਦੀ ਅੱਠੀ ਦੇ ਮਾਰੀ।

"ਲੈ, ਛਾਲ ਮਾਰੀ ਸੁ। ਨਿਘਰਿਆ! ਤੂੰ ਤਾਂ ਕੀਤੀ ਕੱਤਰੀ ਖੂਹ 'ਚ ਪਾ ਦਿੱਤੀ ਏ।" ਦੀਪਾ ਕੁਛ ਉਦਾਸ ਹੋ ਗਿਆ ਸੀ।

ਉਹ ਸਰ ਸੱਜਣ ਸਿੰਘ ਦੀ ਬਣ ਗਈ। ਇਕੋ ਇਕ ਪੱਤਾ ਬਾਕੀ ਰਹਿ ਗਿਆ।

ਹੱਛਾ, ਆ ਹੁਣ ਮਦਾਨ ਵਿੱਚ।" ਸੱਜਣ ਸਿੰਘ ਨੇ ਦੀਪੇ ਵੱਲ ਮੂੰਹ ਕਰਕੇ ਕਿਹਾ। ਉਹਦਾ ਖ਼ਿਆਲ ਸੀ, ਕਿ ਰੰਗ ਦਾ ਯੱਕਾ ਦੀਪੇ ਕੋਲ ਹੈ। ਆਪਣਾ ਬਾਦਸ਼ਾਹ ਉਹਨੇ ਡਰਦਿਆਂ ਹਿੱਕ ਨਾਲ ਘੁੱਟਿਆ ਹੋਇਆ ਸੀ।

"ਉ, ਮੇਰੇ ਕੋਲ ਕੀ ਉ ? ਲੈ ਫੜ।" ਦੀਪੇ ਨੇ ਇੱਟ ਦੀ ਛਿੱਕੀ ਸਾਮ੍ਹਣੇ ਪਟਕ ਦਿੱਤੀ।

"ਕਿਉਂ ਉਇ ਉਮਰਿਆ, ਸਗੋਂ ਤੂੰ ਦੱਬੀ ਬੈਠਾ ਏਂ ?" ਸੱਜਣ ਸਿੰਘ ਨੇ ਅੰਦਰਲਾ ਤੌਖਲਾ ਮੱਠਾ ਕਰਨ ਵਾਸਤੇ ਹਾਣੀ ਨੂੰ ਪੁੱਛਿਆ।

ਉਮਰੇ ਨੇ ਉਦਾਸ ਜਿਹਾ ਮੂੰਹ ਬਣਾ ਕੇ ਨਾਂਹ ਵਿੱਚ ਸਿਰ ਹਿਲਾ ਦਿੱਤਾ।

"ਹੁਣ ਸੱਟ ਵੀ ? ਹਿੱਕ ਨਾਲ ਘੁੱਟਿਆਂ ਇਹਦੀ ਜਾਨ ਬਚ ਤਾਂ ਨਹੀਂ ਚੱਲੀ।" ਦੀਪੇ ਨੇ ਸੱਜਣ ਸਿੰਘ ਦੇ ਹੱਥੋਂ ਬਾਦਸ਼ਾਹ ਖੁਹ ਕੇ ਸਰਾਂ ਉੱਤੇ ਪਟਕ ਦਿੱਤਾ।

"ਹੂੰਹ।" ਧਰਮ ਸਿੰਘ ਨੇ ਸਾਰਾ ਜ਼ੋਰ ਲਾ ਕੇ ਉੱਤੇ ਯੱਕਾ ਮਾਰਿਆ।

"ਕਿਉਂ ? ਛੜਾ ਐਵੇਂ ਤਾਂ ਨਹੀਂ ਸੀ ਦੜ ਵੱਟੀ ਬੈਠਾ।"

"ਫੇਰ ਮਾਲੀ ਲੈ ਗਿਆ ਕਿ!"

"ਮੈਂ ਆਖਿਆ, ਫੇਰ ਵੀ ਜਤੀ ਸਤੀ ਏ। ਮਦਾਨ ਮਾਰ ਗਿਆ ਕਿ।"

"ਅਣਹੋਂਦ ਦਾ ਜਤੀ, ਅਣਹੋਂਦ ਦਾ।"

ਬਾਜੀ ਮੁਕਣ ਉੱਤੇ ਸਾਰਿਆਂ ਨੇ ਕੁਛ ਨਾ ਕੁਛ ਕਹਿਣਾ ਜ਼ਰੂਰੀ ਸਮਝਿਆ।

"ਛੜੇ ਦੇ ਪੁੱਤ ਮਰ ਗਏ, ਨਹੀਂ ਤਾਂ ਸਵੇਰ ਦੇ ਬੜੇ ਦਬਾਅ ਕੇ ਰੱਖੇ ਸੀ।" ਉਮਰ ਦੀਨ ਨੇ ਹਉਕਾ ਭਰਕੇ ਕਿਹਾ। ਬਾਜੀ ਹਾਰ ਜਾਣ ਦਾ ਉਹਨੂੰ ਬਹੁਤ ਅਫ਼ਸੋਸ ਸੀ।

"ਨਾ ਉਇ ਗਲੱਕੜਾ, ਇਉਂ ਨਾ ਆਖ। ਛੜੇ ਦੇ ਪੁੱਤ ਮਰਨ ਨਾਲ ਕੇਈਆਂ ਘਰਾਂ ਵਿੱਚ ਪਿੱਟਣੇ ਪੈ ਜਾਣਗੇ।" ਮਿਲਖਾ ਸਿੰਘ ਨੇ ਕੁਛ ਗਹਿਰੀ ਰਮਜ਼ ਲਾਈ।

"ਉ ਸੱਚ ਛੜਿਆ! ਤੂੰ ਪੈਰਾਂ 'ਤੇ ਪਾਣੀ ਨਹੀਂ ਪੈਣ ਦੇਂਦਾ ਹੁੰਦਾ। ਤੇ ਰਾਤੀਂ ਤੇਰੇ ਵੱਲ ਬੇਗਮੇ ਤੁਰੀ ਜਾਂਦੀ ਸੀ।" ਦੀਪੇ ਨੇ ਉਸ ਅਵਾਰਾ ਅੱਧਖੜ ਮਰਾਸਣ ਦਾ ਨਾਂ ਲਿਆ, ਜੀਹਦੀ ਕਿਸੇ ਨੂੰ ਵੀ ਚੇੜ ਨਹੀਂ ਸੀ।

"ਉ, ਰੱਬ-ਰੱਬ ਕਰ, ਭਲਿਆ ਲੋਕਾ! ਮੇਰੇ ਵੱਲੇ ਤਾਂ ਤਾਸ਼ ਦੀ ਬੇਗੀ ਨਹੀਂ ਔਂਦੀ, ਤੇ ਹੱਡ ਚੰਮ ਦੀ ਬੇਗਮੇ ਕਿੱਥੇ ਔਣ ਲੱਗੀ ਏ।" ਧਰਮ ਸਿੰਘ ਨੇ ਆਪਣੀ ਕਿਸਮਤ ਉੱਤੇ ਬੇ-ਭਰੋਸਗੀ ਪਰਗਟ ਕਰਦਿਆਂ ਕਿਹਾ।

"ਠੀਕ ਏ, ਜਮਾਂਦਰੂ ਛੜਿਆਂ 'ਤੇ ਕੌਣ ਵਿੱਸਦਾ ਏ। ਛੜਿਆਂ ਦੇ ਘਰ ਤਾਂ— ਆਹੰਦੇ ਨੇ—ਚੱਕੀ ਹੋਵੇ, ਤਾਂ ਡਰਦੀ ਪੀਹਣ ਕੋਈ ਨਹੀਂ ਜਾਂਦੀ।" ਮਿਲਖਾ ਸਿੰਘ ਨੇ ਪ੍ਰਸਿੱਧ ਲੋਕ-ਉਕਤੀ ਦੁਹਰਾਈ।

"ਛੜਿਆਂ ਦਾ ਤਾਂ ਭਰਾਵਾ! ਐਵੇਂ ਨਾਂ ਬੱਦੂ ਏ। ਜਦੋਂ ਮਜੂਰ ਵਰਗਾ ਖਸਮ ਕੋਲ ਹੋਵੇ, ਤਾਂ ਚੱਕੀ ਪੀਹਵੇ ਕਿਉਂ ਕੋਈ।" ਧਰਮ ਸਿੰਘ ਨੇ ਆਂਢ-ਗੁਆਂਢ ਦੇ ਆਗਿਆਕਾਰੀ ਪਤੀਆਂ ਦੇ ਰੋਜ਼ਾਨਾ ਜੀਵਨ ਤੋਂ ਪਰਾਪਤ ਕੀਤੇ ਗਿਆਨ ਦੇ ਆਧਾਰ 'ਤੇ ਕਿਹਾ।

"ਭਈ, ਗੱਲ ਖਰੀ ਕੀਤੀ ਜੇ ਧਰਮ ਸੁੰਹ ਨੇ। ਅੱਜ ਕੱਲ੍ਹ ਦੀਆਂ ਮੂੰਹ-ਜ਼ੋਰ ਜਨਾਨੀਆਂ ਤਾਂ ਖਸਮ ਨੂੰ ਮਜੂਰ ਈ ਸਮਝਦੀਆਂ ਜੇ।" ਜ਼ਰਾ ਕੁ ਪਸਿੱਤੇ ਬੈਠੇ ਗਹਿਣੇ ਲੁਹਾਰ ਨੇ ਸਿਰ ਹਿਲਾ ਕੇ ਕਿਹਾ।

"ਅਹੁ ਬਾਬਾ 'ਕਾਲੀ ਆਉਂਦਾ ਜੇ। ਵਾਜ ਮਾਰ ਸੱਜਣ ਸਿਹਾਂ! ਗੱਲਾਂ-ਬਾਤਾਂ ਸੁਣਾਂਗੇ।" ਦੀਪੇ ਨੇ ਸੱਜਣ ਸਿੰਘ ਦੇ ਗੋਡੇ ਨੂੰ ਗੋਡੇ ਨਾਲ ਹਿਲਾ ਕੇ ਕਿਹਾ।

ਬੁੱਢੇ ਦੇਸ-ਭਗਤ ਕਰਮ ਸਿੰਘ ਨੂੰ ਸਾਰੇ 'ਬਾਬਾ ਅਕਾਲੀ' ਆਖ ਕੇ ਬੁਲਾਉਂਦੇ ਸਨ। ਪਿੰਡ ਵਿੱਚ ਉਮਰੋਂ ਤਾਂ ਸ਼ਾਇਦ ਕੁਛ ਉਸ ਦੇ ਹਾਣੀ ਤੇ ਕੋਈ ਦੋ ਚਾਰ ਵਡੇਰੇ ਵੀ ਹੋਣ, ਪਰ ਸਤਕਾਰ ਵਜੋਂ ਸਾਰੇ ਉਹਨੂੰ 'ਬਾਬਾ ਅਕਾਲੀ' ਹੀ ਕਿਹਾ ਕਰਦੇ ਸਨ। ਅੰਗਰੇਜ਼ੀ ਸਾਮਰਾਜ ਵਿਰੁੱਧ ਚਲਦੀਆਂ ਲਹਿਰਾਂ ਵਿੱਚ ਉਹ ਕੇਈ ਵਾਰ ਜੇਹਲ ਜਾ ਚੁੱਕਾ ਸੀ। ਫਿਰ ਉਹ ਸਾਰਿਆਂ ਦਾ ਸਾਂਝਾ ਤੇ ਸੁੱਚਾ ਸੱਚਾ ਆਦਮੀ ਸੀ।

ਉਹ ਆਪਣੇ ਖੇਤ ਵੱਲੋਂ ਆ ਰਿਹਾ ਸੀ। ਤੂਤਾਂ ਦੇ ਕੋਲ ਦੀ ਉਹਦੇ ਘਰ ਨੂੰ ਡੰਡੀ ਜਾਂਦੀ ਸੀ। ਛਾਂਵੇਂ ਖਲੋਣ ਦਾ ਉਹਦਾ ਰੌਂ ਨਹੀਂ ਸੀ ਜਾਪਦਾ। ਉਹ ਆਪਣੇ ਧਿਆਨ ਪਾਸੇ-ਪਾਸੇ ਲੰਘ ਚਲਿਆ। ਬਰਾਬਰ 'ਤੇ ਆਏ ਨੂੰ ਉਹਨੂੰ ਸੱਜਣ ਸਿੰਘ ਨੇ ਵਾਜ ਮਾਰ ਲਈ! "ਬਾਬਾ 'ਕਾਲੀਆ! ਆ ਤੈਨੂੰ ਤਾਸ਼ ਖੜਾਈਏ।"

"ਤਾਸ਼ ?" ਬਾਬਾ ਅਕਾਲੀ ਤੁਰਿਆ-ਤੁਰਿਆ ਜਾਂਦਾ ਖਲੋ ਗਿਆ। ਪਤਾ ਨਹੀਂ, ਉਹਦੇ ਦਿਲ ਵਿੱਚ ਕੀ ਆਈ, ਉਹ ਮੁੜ ਕੇ ਤਖ਼ਤਪੋਸ਼ ਦੇ ਕੋਲ ਆ ਖਲਾ। ਉਹਦੇ ਗੰਭੀਰ ਚਿਹਰੇ 'ਤੇ ਕੁਛ ਅਨੋਖੀਆਂ ਰੇਖਾਂ ਉਘੜ ਆਈਆਂ।

ਤਖ਼ਤਪੋਸ਼ ਉੱਤੇ ਚੁੱਪ ਛਾ ਗਈ। ਸਾਰੇ ਹੈਰਾਨੀ ਨਾਲ ਬਾਬੇ ਅਕਾਲੀ ਦੇ ਮੂੰਹ ਵੱਲ ਵੇਖਣ ਲੱਗ ਪਏ।

"ਉਂਞ ਖੇਡਣੀ ਔਂਦੀ ਵੀ ਏ ਤੁਹਾਨੂੰ ? ਲਿਆ ਕਰ ਉਰ੍ਹਾਂ।" ਬਾਬੇ ਅਕਾਲੀ ਨੇ ਸੱਜਣ ਸਿੰਘ ਦੇ ਹੱਥੋਂ ਤਾਸ਼ ਫੜ ਲਈ। ਇਕ ਪਲ ਉਹਨੇ ਸਾਰਿਆਂ ਦੇ ਚਿਹਰਿਆਂ ਵੱਲ ਬੜੀ ਵਿੰਨ੍ਹਵੀਂ ਨਜ਼ਰ ਨਾਲ ਘੂਰਿਆ। ਫਿਰ ਉਹ ਆਪਣੇ ਆਪ ਪੱਤੇ ਫੋਲ ਕੇ ਤਰਤੀਬ ਵਾਰ ਕਰਨ ਲੱਗ ਪਿਆ। "ਆਹ ਦੁੱਕੀ ਏ ਨਾ!" ਉਹਨੇ ਪਾਨ ਦੀ ਦੁੱਕੀ ਹੇਠਾਂ ਸੁੱਟਦਿਆਂ ਕਿਹਾ।

ਤਿੰਨਾਂ ਚੌਂਹ ਬੰਦਿਆਂ ਨੇ ਸਿਰ ਹਿਲਾ ਕੇ ਹਾਮੀ ਭਰੀ।

"ਤੇ ਆਹ ਤਿੱਕੀ!" ਬਾਬੇ ਅਕਾਲੀ ਨੇ ਇਕ ਹੋਰ ਪੱਤਾ ਪਹਿਲੇ ਉੱਤੇ ਸੁੱਟ

ਦਿੱਤਾ। "ਇਹਦੇ ਉੱਤੇ ਇਕ ਟਿਮਕਣਾ ਵੱਧ ਏ। ਜਿਵੇਂ ਫ਼ੌਜੀ ਦੀ ਬਾਂਹ ਉੱਤੇ ਦੋ ਦੀ ਥਾਂ ਤਿੰਨ ਫੀਤੀਆਂ ਲੱਗ ਗਈਆਂ ਹੋਣ। ਇਕ ਵਾਧੂ ਟਿਮਕਣੇ ਨਾਲ ਦਰਜਾ ਵੱਧ ਗਿਆ। ਉਹਨੇ ਦੁੱਕੀ ਨੂੰ ਕੱਟ ਦਿੱਤਾ। ਸਮਝੇ ?"

ਉਦਾਲੇ ਪੁਦਾਲੇ ਬੈਠਿਆਂ ਨੇ 'ਹਾਂ' ਵਿੱਚ ਸਿਰ ਹਿਲਾਏ। ਭਾਵੇਂ ਉਹਨਾਂ ਵਿੱਚੋਂ ਅਜੇ ਕੋਈ ਵੀ ਨਹੀਂ ਸੀ ਸਮਝਿਆ, ਕਿ ਬਾਬੇ ਅਕਾਲੀ ਦਾ ਭਾਵ ਕੀ ਹੈ ?

"ਤੇ ਆਹ ਚੌਕੀ। ਇਹਨੇ ਤਿੱਕੀ ਨੂੰ ਮਾਰ ਲਿਆ।" ਬਾਬੇ ਅਕਾਲੀ ਨੇ ਪੱਤਾ ਸੁੱਟ ਕੇ ਇਕ ਵਾਰ ਫਿਰ ਸਾਰਿਆਂ ਵੱਲ ਬੜੀ ਪੜਚੋਲਵੀਂ ਨਜ਼ਰ ਨਾਲ ਤਕਿਆ।

"ਏਸੇ ਤਰ੍ਹਾਂ ਚੌਕੀ ਉੱਤੇ ਪੰਜੀ, ਪੰਜੀ ਉੱਤੇ ਛਿੱਕੀ, ਤੇ ਅਗ੍ਹਾਂ ਸੱਤੀ, ਅੱਠੀ, ਨਹਿਲਾ, ਦਹਿਲਾ।" ਨਾਲੋਂ ਨਾਲ ਬਾਬਾ ਅਕਾਲੀ ਪੱਤੇ ਸੁੱਟੀ ਜਾ ਰਿਹਾ ਸੀ। "ਆਪ ਤੋਂ ਨੀਵੇਂ ਉੱਤੇ ਦੂਜਾ ਭਾਰੂ ਹੈ। ਤੇ ਇਹਨਾਂ ਸਾਰਿਆਂ ਨਹਿਲਿਆਂ ਦਹਿਲਿਆਂ ਦੇ ਸਿਰ 'ਤੇ ਗੋਲਾ ਚੜ੍ਹਿਆ ਬੈਠਾ ਏ, ਗ਼ੁਲਾਮ। ਇਕ ਗ਼ੁਲਾਮ, ਦੂਜਾ ਗ਼ੁਲਾਮ, ਤਿੱਜਾ ਗ਼ੁਲਾਮ, ਚੌਥਾ ਗ਼ੁਲਾਮ।" ਉਹਨੇ ਚੌਹਾਂ ਰੰਗਾਂ ਦੇ ਗੋਲੇ ਹੇਠਾਂ ਸੁੱਟ ਦਿੱਤੇ। "ਇਹ ਚੌਹਾਂ ਰੰਗਾਂ ਦੇ ਗ਼ੁਲਾਮ ਨੇ, ਸਮਝੋ ਚੌਹਾਂ ਵਰਣਾਂ ਦੇ, ਚੌਹਾਂ ਮਜ਼੍ਹਬਾਂ ਦੇ। ਸਾਰੇ ਈ ਗ਼ੁਲਾਮ।" ਉਹਨੇ ਸੱਜਾ ਹੱਥ ਫੇਰ ਕੇ ਸਾਰਿਆਂ ਵੱਲੇ ਇਸ਼ਾਰਾ ਕਰਦਿਆਂ ਕਿਹਾ। "ਤੇ ਇਹ ਸਾਰੇ ਗ਼ੁਲਾਮ ਇਕ ਬੇਗਮ ਦਾ ਪਾਣੀ ਭਰਦੇ ਜੇ ਪਏ।" ਨਾਲ ਹੀ ਉਹਨੇ ਧੋਲੇ ਜੇਹੇ ਹੱਥ ਨਾਲ, ਗੋਲਿਆਂ ਉੱਤੇ ਪਾਨ ਦੀ ਬੇਗੀ ਧਰ ਦਿੱਤੀ। "ਇਹ ਲਾਲ ਰੰਗ ਦੀ ਬੇਗੀ ਸਾਰਿਆਂ ਗ਼ੁਲਾਮਾਂ ਤੇ ਗ਼ੁਲਾਮਾਂ ਤੋਂ ਵੀ ਨੀਵਿਆਂ ਨਹਿਲਿਆਂ ਦਹਿਲਿਆਂ ਉੱਤੇ ਜੁੱਤੀ ਨਾਲ ਰਾਜ ਕਰਦੀ ਜੇ ਪਈ। ਕਿਉਂਕਿ ਇਹਦੇ ਪਿੱਛੇ ਸੁਨਹਿਰੀ ਤਾਜ ਵਾਲਾ ਬਾਦਸ਼ਾਹ ਬੈਠਾ ਏ। ਦੱਸੋ, ਹੁਣ ਕੀ ਕਰੋਗੇ ਤੁਸੀਂ ? ਮੇਰੇ ਵੱਲੇ ਕੀ ਵਿਹੰਦੇ ਜੇ ਪਏ। ਖਾਹੋ ਜੁੱਤੀਆਂ, ਸਹੋ ਰਗੜੇ। ਇਹਦਾ ਇਲਾਜ ਜੇ, ਆਹ ਵਿਹੰਦੇ ਓ ?" ਉਹਨੇ ਪਾਨ ਦਾ ਯੱਕਾ ਸੱਜੇ ਹੱਥ ਵਿੱਚ ਲੈ ਕੇ ਸਾਰਿਆਂ ਵੱਲ ਸਿੱਧਾ ਕਰਕੇ ਪੁੱਛਿਆ, "ਕੀ ਨਾਂ ਏ ਇਹਦਾ ?"

"ਯੱਕਾ।" ਉਮਰ ਦੀਨ ਦੀ ਮੱਧਮ ਜੇਹੀ ਵਾਜ ਆਈ।

"ਯੱਕਾ ਨਹੀਂ, ਅਸਲ ਵਿੱਚ ਇਹਦਾ ਨਾਂ ਏ 'ਏਕਾ'। 'ਇੱਕਾ'। ਇੱਕੋ ਟਿਮਕਣਾ ਏ ਨਾ ਇਹਦੇ ਉੱਤੇ। ਏਕਾ। ਤੇ ਸਿਰਫ਼ ਏਹਾ ਇਹਨਾਂ ਬੇਗਮਾਂ ਬਾਦਸ਼ਾਹਾਂ ਦਾ ਮੂੰਹ ਭੰਨ ਸਕਦਾ ਜੇ। ਏਕੇ ਤੋਂ ਬਿਨਾਂ ਤੁਸੀਂ ਇਹਨਾਂ ਨੂੰ ਜਿੱਤ ਨਹੀਂ ਸਕਦੇ। ਹੈਂ ? ...ਤੁਸੀਂ ਬੜੇ ਬਹਾਦਰ ਓ, ਬੜੇ ਸੂਰਮੇ ਓ। ਤੁਸੀਂ ਵੱਡੇ-ਵੱਡੇ ਜ਼ਿਮੀਂਦਾਰ ਓ, ਕਾਰਖ਼ਾਨੇਦਾਰ ਓ, ਰਾਜੇ, ਮਹਾਰਾਜੇ ਤੇ ਨਵਾਬ ਸਾਹਿਬ ਹੋ। ਤੁਹਾਡੇ ਕੋਲ ਧਰਤੀ ਹੈ, ਕਪਾਹ ਹੈ, ਕਣਕ ਹੈ, ਚਾਂਦੀ ਹੈ, ਸੋਨਾ ਹੈ, ਹੀਰੇ ਮੋਤੀ ਤੇ ਜਵਾਹਰ ਹਨ, ਪਰ ਏਕਾ ਹੈ ਨਹੀਂ। ਇਹ ਸਿੱਖ ਏ, ਇਹ ਮੁਸਲਮਾਨ ਏ, ਔਹ ਹਿੰਦੂ ਏ, ਔਹ ਇਸਾਈ ਏ, ਆਹ ਪੰਡਤ

ਏ ਤੇ ਆਹ ਚੰਮਿਆਰ ਏ। ਪਰ ਇਨਸਾਨ ? ਇਕ ਵੀ ਨਹੀਂ। ਦੁੱਕੀਆਂ ਤਿੱਕੀਆਂ ਵਾਂਗ ਵੰਡੇ ਹੋਏ ਆਪਸ ਵਿੱਚ ਲੜਣ ਜੋਗੇ ਓ, ਪਰ ਏਕਾ ਹੈ ਨਹੀਂ। ਤਾਸ਼ ਖੇਡਦੇ ਓ, ਰੋਜ਼ ਖੇਡਦੇ ਓ, ਪਰ ਏਕੇ ਦੀ ਤਾਕਤ ਨਹੀਂ ਸਮਝਦੇ। ਇਹ ਜੇ ਤਾਸ਼ ਖੇਡਣ ਦਾ ਅਸਲੀ ਮਨੋਰਥ। ਨਹੀਂ ਸਮਝਦੇ ? ਤਾਂ ਖਾਹੋ ਖਸਮਾਂ ਨੂੰ, ਆਹ ਪਈ ਜੇ।" ਹੱਥ ਵਿੱਚ ਰਹਿੰਦੇ ਪੱਤੇ ਉਹਨੇ ਭੁਆਂ ਕੇ ਮਾਰੇ ਤੇ ਆਪ ਘਰ ਨੂੰ ਤੁਰ ਪਿਆ।

"ਬੜੀ ਰਮਜ ਵਾਲੀ ਗੱਲ ਕਹੀ ਏ ਬਾਬੇ 'ਕਾਲੀ ਨੇ। ਕੋਈ ਸਮਝਣ ਵਾਲਾ ਹੋਵੇ, ਤਾਂ ਏਨੀ ਹੀ ਕਾਫ਼ੀ ਏ। ਅਖੇ : ਇਕੋ ਅਲਫ਼ ਮੇਰੇ ਤਕਰਾਰ। ਆਹਾ!" ਗਹਿਣੇ ਨੇ ਮਸਤੀ ਵਿੱਚ ਸਿਰ ਹਿਲਾਉਂਦਿਆਂ ਕਿਹਾ। "ਬੜਾ ਕੁਰਬਾਨੀ ਆਲਾ ਸ਼ਖਸ ਏ। ਕਰਤਾਰ ਸੁੰਹ ਸਰਾਭੇ ਦਾ ਸਾਥੀ ਏ ਨਾ।"

"ਕੁਰਬਾਨੀ ?" ਜਾਂਦਾ-ਜਾਂਦਾ ਬਾਬਾ ਅਕਾਲੀ ਫਿਰ ਪਿੱਛੇ ਮੁੜ ਪਿਆ। "ਮੇਰੇ ਵਰਗਿਆਂ ਨੇ ਕੀ ਕੁਰਬਾਨੀ ਕਰਨੀ ਏਂ ? ਕੁਰਬਾਨੀ ਕਰ ਗਿਆ ਸ਼ੇਰ ਬੱਬਰ, ਕਰਤਾਰ ਸਿੰਘ ਸਰਾਭਾ। ਉਹਦੇ ਵਰਗੇ ਘਰ-ਘਰ ਜੰਮ ਪੈਣੇ ਨੇ ?"

"ਬਾਬਾ 'ਕਾਲੀਆ! ਸਰਾਭੇ ਦੀ ਕੋਈ ਗੱਲ ਸੁਣਾ। ਆ, ਬਹਿ ਜਾ ਐਥੇ। ਤੇਰੇ ਮੂੰਹੋਂ ਸੁਣ ਕੇ ਸਾਡਾ ਲਹੂ ਉਬਲਣ ਲੱਗ ਪੈਂਦਾ ਈ।" ਸਚਮੁੱਚ ਸੱਜਣ ਸਿੰਘ ਦਾ ਰੰਗ ਕੁਛ ਸੂਹਾ ਹੋ ਗਿਆ ਸੀ।

"ਉਇ, ਉਹ ਮਰਦ ਸੀ ਮਰਦ। ਸੱਚਾ ਦੇਸ਼ ਭਗਤ। ਲਉ ਸੁਣੋ।" ਬਾਬਾ ਅਕਾਲੀ ਤਖ਼ਤਪੋਸ਼ ਉੱਤੇ ਇਕ ਬੰਨੇ ਨਿੱਠ ਕੇ ਬਹਿ ਗਿਆ।

## 5

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਚੇਤੇ ਆਉਂਦਿਆਂ ਹੀ ਬਾਬਾ ਅਕਾਲੀ ਸਭ ਕੁਛ ਭੁੱਲ ਜਾਂਦਾ ਸੀ। ਉਹਨੂੰ ਭੁੱਖ ਤੇਹ ਦੀ ਵੀ ਸੁੱਧ ਨਹੀਂ ਸੀ ਰਹਿੰਦੀ। ਇਕ ਮਿੰਟ ਉਹ ਅੱਖਾਂ ਬੰਦ ਕਰਕੇ ਬੈਠਾ ਰਿਹਾ। ਇਉਂ ਪਰਤੀਤ ਹੁੰਦਾ ਸੀ, ਜਿਵੇਂ ਉਹ ਬੀਤੀਆਂ ਯਾਦਾਂ ਨੂੰ ਮਨ ਵਿੱਚ ਸਜੀਵ ਕਰ ਰਿਹਾ ਹੋਵੇ। ਉਸ ਵੇਲੇ ਉਹਦੇ ਸ਼ਾਂਤ ਚਿਹਰੇ ਦਾ ਪ੍ਰਭਾਵ ਬੜਾ ਅਨੋਖਾ ਸੀ। ਵੇਖਣ ਵਾਲਿਆਂ ਸਾਰਿਆਂ ਦੀਆਂ ਅੱਖਾਂ ਇਕ ਟਕ ਬਾਬੇ ਅਕਾਲੀ ਉੱਤੇ ਟਿਕੀਆਂ ਹੋਈਆਂ ਸਨ।

"ਕਰਤਾਰ ਸਿੰਘ ਸਰਾਭਾ", ਬਾਬੇ ਅਕਾਲੀ ਨੇ ਆਸ-ਪਾਸ ਬੈਠਿਆਂ ਉੱਤੇ ਝਾਤੀ ਮਾਰਦਿਆਂ ਕਹਿਣਾ ਸ਼ੁਰੂ ਕੀਤਾ, "ਮਸਾਂ ਦੀਪੋ ਦੇ ਹਾਣ ਸੀ, ਜਦ ਪਹਿਲੇ-ਪਹਿਲ ਮੈਨੂੰ ਉਹਦੇ ਦਰਸ਼ਨ ਹੋਏ। ਬੜੀ ਮਨਮੋਹਣੀ ਦੱਖ ਸੀ ਉਹਦੀ। ਵੇਖਣ ਵਾਲੇ ਦੇ ਦਿਲ ਵਿੱਚ ਧਸ ਜਾਂਦਾ ਸੀ ਤੇ ਚਿਹਰੇ ਦਾ ਰੁਹਬ ਐਨਾ, ਜਿਵੇਂ ਹਰੀ ਸਿੰਘ ਨਲੂਆ ਹੋਵੇ। ਮੈਂ ਓਦੋਂ ਛੱਬੀਆਂ-ਸਤਾਈਆਂ ਵਰ੍ਹਿਆਂ ਦਾ ਭਰ-ਜੁਆਨ ਸਾਂ ਤੇ ਉਹ

ਮੈਥੋਂ ਛੇ-ਸੱਤ ਸਾਲ ਛੋਟਾ ਮਲੂਮ ਹੁੰਦਾ ਸੀ। ਪਾਰਟੀ ਵਿੱਚ ਉਹ ਸ਼ਾਇਦ ਸਾਰਿਆਂ ਨਾਲੋਂ ਛੋਟੀ ਉਮਰ ਦਾ ਸੀ। ਫਿਰ ਵੀ ਅਸੀਂ ਸਾਰੇ ਬੜੀ ਖ਼ੁਸ਼ੀ ਨਾਲ ਉਹਦਾ ਹੁਕਮ ਮੰਨਦੇ ਸਾਂ। ਉਹਦਾ ਹੁਕਮ ਟਾਲਣ ਦੀ ਕਿਸੇ ਨੂੰ ਹਿੰਮਤ ਈ ਨਹੀਂ ਸੀ ਪੈਂਦੀ। ਫਿਰ ਦਲੇਰ ਐਨਾ ਕਿ ਮੌਤ ਨੂੰ ਵੀ ਟਿੱਚ ਸਮਝਦਾ ਸੀ ਉਹ। ਵਾਹ ਉ ਸਰਾਭਿਆ!" ਬਾਬੇ ਅਕਾਲੀ ਨੇ ਸਤਕਾਰ ਵਜੋਂ ਸਿਰ ਹਿਲਾ ਕੇ ਕਿਹਾ।

"ਬਾਬਾ 'ਕਾਲੀਆ! ਸਰਾਭਾ ਉਹਨਾਂ ਦੀ ਗੋਤ ਸੀ ?" ਦੀਪੇ ਨੇ ਜਾਣਕਾਰੀ ਹਾਸਲ ਕਰਨ ਬਦਲੇ ਪੁੱਛਿਆ।

"ਨਹੀਂ। ਸਰਾਭਾ ਪਿੰਡ ਏ ਜ਼ਿਲ੍ਹਾ ਲੁਧਿਆਣੇ ਵਿੱਚ।" ਬਾਬੇ ਅਕਾਲੀ ਨੇ ਉੱਤਰ ਦਿੱਤਾ। "ਸ਼ਹੀਦ ਕਰਤਾਰ ਸਿੰਘ ਓਥੋਂ ਦੇ ਸਰਦਾਰ ਮੰਗਲ ਸਿੰਘ ਦਾ ਪੁੱਤਰ ਸੀ। ਪਿੰਡ ਦੇ ਨਾਂ ਉੱਤੇ ਉਹਨੂੰ ਸਾਰੇ ਕਰਤਾਰ ਸਿੰਘ ਸਰਾਭਾ, ਜਾਂ ਨਿਰਾ ਸਰਾਭਾ ਸਾਹਿਬ ਆਖਦੇ ਸਨ।"

"ਸੁਣਿਆਂ ਏਂ, ਏਸੇ ਉਮਰ ਉਹਨੇ ਵਲੈਤ ਪਾਸ ਕੀਤੀ ਹੋਈ ਸੀ।" ਗਹਿਣੇ ਲੁਹਾਰ ਦੀ ਬੋਲੀ ਵਿੱਚ ਸ਼ਰਧਾ ਮਿਲੀ ਹੋਈ ਸੀ।

"ਵਲੈਤ ਤਾਂ ਆਪਾਂ ਅੰਗਰੇਜ਼ਾਂ ਦੇ ਮੁਲਕ ਨੂੰ ਆਹੰਦੇ ਆਂ ਨਾਂ, ਪਰ ਉਹ ਅਮਰੀਕਾ ਵਿੱਚ ਪੜ੍ਹਦਾ ਸੀ। ਏਧਰੋਂ ਪੜ੍ਹ ਕੇ ਉਹ ਉੱਚੀ ਪੜ੍ਹਾਈ ਵਾਸਤੇ ਅਮਰੀਕਾ ਚਲਾ ਗਿਆ। ਪੜ੍ਹਦਿਆਂ-ਪੜ੍ਹਦਿਆਂ ਈ ਉਹਨੂੰ ਦੇਸ਼-ਭਗਤੀ ਦੀ ਲਗਨ ਲੱਗ ਗਈ। ਜਦੋਂ ਉਹ ਓਥੇ ਲਾਲਾ ਹਰਦਿਆਲ ਨੂੰ ਮਿਲਿਆ, ਅਜੇ ਉੱਨ੍ਹੀਆਂ ਵਰ੍ਹਿਆਂ ਦਾ ਸੀ ਮਸ੍ਹਾਂ। ਬੱਸ, ਮੱਸ ਫਿਰਦੀ ਸੀ ਪਈ। ਤੇ ਫਾਂਸੀ ਚੜ੍ਹਨ ਵੇਲੇ ਵੀ ਉਹ ਅਜੇ ਮੁੰਡਾ ਜਿਹਾ ਈ ਮਲੂਮ ਹੁੰਦਾ ਸੀ। ਜੁਆਨ ਦੇ ਦਰਸ਼ਨ ਕੀਤਿਆਂ ਭੁੱਖ ਲਹਿੰਦੀ ਸੀ ਪਈ।"

"ਸੁਬਹਾਨ ਅੱਲਾ! ਧੰਨ ਮਾਈ, ਜੀਹਨੇ ਉਸ ਸੂਰਮੇ ਨੂੰ ਜਰਮ ਦਿੱਤਾ ਸੀ।" ਕਹਿੰਦਿਆਂ-ਕਹਿੰਦਿਆਂ ਗਹਿਣੇ ਲੁਹਾਰ ਦੀਆਂ ਅੱਖਾਂ ਵਿੱਚ ਸਤਿਕਾਰ ਦੇ ਹੰਝੂ ਆ ਗਏ।

"ਲਾਲਾ ਹਰਦਿਆਲ ਤੇ ਉਹਦੇ ਕੁਛ ਸਾਥੀਆਂ ਨੇ ਰਲ ਕੇ ਅਮਰੀਕਾ ਵਿੱਚ 'ਗ਼ਦਰ' ਅਖ਼ਬਾਰ ਕੱਢਿਆ। ਕਰਤਾਰ ਸਿੰਘ ਦੀਆਂ ਉਹਦੇ ਵਿੱਚ ਕਈ ਕਵਿਤਾ ਛਪਿਆ ਕਰਦੀਆਂ। ਅਖੇ :

"ਹਿੰਦੂ ਸਿੱਖ ਪਠਾਣ ਤੇ ਮੁਸਲਮਾਨੋ-ਹ!" ਬਾਬੇ ਅਕਾਲੀ ਨੇ ਆਖ਼ਰੀ ਹੇਕ ਨੂੰ ਜ਼ਰਾ ਲਮਕਾਅ ਕੇ ਕਿਹਾ,

"ਫ਼ੌਜਾਂ ਵਾਲਿਓ ਜ਼ਰਾ ਖ਼ਿਆਲ ਕਰਨਾ।
ਦੇਸ ਲੁੱਟ ਫਰੰਗੀਆਂ ਲਿਆ ਸਾਡਾ,

ਅਸਾਂ ਜੰਗ ਹੁਣ ਉਹਨਾਂ ਦੇ ਨਾਲ ਕਰਨਾ।
ਵੇਲਾ ਜੁੱਧ ਦਾ ਆਣ ਨਜੀਕ ਢੁੱਕਾ,
ਰੋਸ਼ਨ ਹਿੰਦ ਨੂੰ ਵਾਂਗ ਮਸਾਲ ਕਰਨਾ।
ਹੋਊ ਜਿੱਤ ਅਸਾਡੜੀ ਠੀਕ ਵੀਰੋ!
ਜੁੱਧ ਬੜੇ ਪਰੇਮ ਦੇ ਨਾਲ ਕਰਨਾ।
ਮਾਰ ਮਾਰ ਕੇ ਗੋਰਿਆਂ ਪਾਮਰਾਂ ਨੂੰ,
ਸਿਰੋਂ ਦੂਰ ਗ਼ੁਲਾਮੀ ਦਾ ਜਾਲ ਕਰਨਾ।
ਸੁਣ ਕੇ ਗ਼ਦਰ ਦੀ ਖ਼ਬਰ ਨੂੰ ਖ਼ੁਸ਼ੀ ਹੋਣਾ,
ਗ਼ਮੀ ਦੂਰ ਤੇ ਚਿੱਤ ਨਿਹਾਲ ਕਰਨਾ।"

ਕਹਿੰਦਿਆਂ-ਕਹਿੰਦਿਆਂ ਬਾਬੇ ਦਾ ਬਿਰਧ ਚਿਹਰਾ ਵੀ ਜੋਸ਼ ਵਿੱਚ ਭੱਖ ਕੇ ਲਾਲ ਹੋ ਗਿਆ।

"ਵਾਹ, ਵਾਹ!"

ਇਕੋ ਵਾਰ ਕਈ ਬੰਦੇ ਮਸਤੀ ਵਿੱਚ ਬੋਲ ਉੱਠੇ। ਸਿਰ ਤਾਂ ਸਾਰਿਆਂ ਦੇ ਝੂਮ ਰਹੇ ਸਨ।

"ਮਖ : ਮੁਰਦੇ ਜਿਉਂ ਉਠਿਆ ਕਰਦੇ ਸਨ, ਜਦੋਂ ਕਰਤਾਰ ਸਿੰਘ ਇਹ ਆਪ ਗੌਂ ਕੇ ਸੁਣੌਂਦਾ ਹੁੰਦਾ ਸੀ।" ਬਾਬੇ ਅਕਾਲੀ ਨੇ ਦੋਵੇਂ ਮੁੱਠਾਂ ਮੀਟ ਕੇ ਕਿਹਾ।

"ਹੱਛਾ, ਫੇਰ।" ਸੱਜਣ ਸਿੰਘ ਦਾ ਇਸ਼ਾਰਾ ਸੀ, ਕਿ ਕਹਾਣੀ ਅਗ੍ਹਾਂ ਵੀ ਤੁਰਨੀ ਚਾਹੀਦੀ ਹੈ।

"ਉਹਨਾਂ ਦਾ ਨਸ਼ਾਨਾ ਸੀ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਹਿੰਦ ਨੂੰ ਆਜ਼ਾਦ ਕਰੌਣਾ। ਅਮਰੀਕਾ ਵਿੱਚ ਉਹਨਾਂ ਆਜ਼ਾਦ ਹਿੰਦੁਸਤਾਨ ਦਾ ਝੰਡਾ ਵੀ ਬਣਾ ਲਿਆ ਸੀ, ਤਿੰਨ-ਰੰਗਾ ਝੰਡਾ। ਉਹਦੇ ਵਿੱਚ ਖੱਟਾ ਰੰਗ ਸਿੱਖਾਂ ਦਾ, ਹਰਿਆ ਮੁਸਲਮਾਨਾਂ ਦਾ ਤੇ ਲਾਲ ਹਿੰਦੂਆਂ ਦਾ ਸੀ। ਉੱਤੇ ਕੈਂਚੀ ਦੇ ਫਲਾਂ ਵਾਂਗ ਦੋ ਤਲਵਾਰਾਂ ਦਾ ਨਸ਼ਾਨ ਸੀ।"

"ਹੁਣ ਤਾਂ ਹਿੰਦੂਆਂ ਦਾ ਚਿੱਟਾ ਰੰਗ ਏ।" ਕੋਲੋਂ ਮਿਲਖਾ ਸਿੰਘ ਨੇ ਸਵਾਲ ਕਰ ਦਿੱਤਾ।

"ਇਹ ਤਾਂ ਕਾਂਗਰਸ ਦਾ ਝੰਡਾ ਏ ਨਾਂ। ਗ਼ਦਰ ਪਾਰਟੀ ਦੇ ਝੰਡੇ ਵਿੱਚ ਲਾਲ ਰੰਗ ਸੀ।....ਹੱਛਾ, ਯੂਰਪ ਵਿੱਚ ਬਿੱਲਿਆਂ (ਅੰਗਰੇਜ਼ਾਂ) ਤੇ ਜਰਮਨਾਂ ਦੀ ਜੰਗ ਸ਼ੁਰੂ ਹੋ ਗਈ ਸੀ। ਮੌਕਿਆ ਤਾੜ ਕੇ ਹਜ਼ਾਰਾਂ ਦੇਸ-ਭਗਤ ਅਮਰੀਕਾ ਤੇ ਕੈਨੇਡਾ ਤੋਂ ਹਿੰਦ ਵੱਲੋਂ ਤੁਰ ਪਏ। ਕੇਈ ਤਾਂ ਬਾਬਾ ਸੋਹਣ ਸਿੰਘ ਭਕਨੇ ਵਰਗੇ ਲੀਡਰ ਰਾਹ ਵਿੱਚ ਜਹਾਜ਼ ਉੱਤੇ ਈ ਫੜੇ ਗਏ, ਪਰ ਕਰਤਾਰ ਸਿੰਘ ਸਰਾਭਾ ਤੇ ਉਹਦੇ ਹੋਰ ਕੇਈ ਸਾਥੀ

ਬਚ ਕੇ ਆ ਪਹੁੰਚੇ। ਉਹ ਲੰਕਾ ਤੇ ਮਦਰਾਸ ਰਾਹੀਂ ਆ ਗਏ ਸਨ।"

"ਸ਼ੇਰ ਕਾਬੂ ਔਂਦਾ ਸੀ ਥੋੜ੍ਹੀ ਕੀਤਿਆਂ ?" ਦੀਪੇ ਨੇ ਸਲਾਹੁਤ ਵਜੋਂ ਕਿਹਾ।

"ਅੰਗਰੇਜ਼ਾਂ ਜ਼ੋਰ ਤਾਂ ਬੜਾ ਲਾਇਆ ਸੀ, ਪਰ ਉਹ ਪੁਲਸ ਦੀ ਅੱਖੀਂ ਘੱਟਾ ਘੱਤ ਕੇ ਪੰਜਾਬ ਆ ਵੜਿਆ। ਓਦੋਂ ਸੰਨ ਚੋਦਾਂ ਦਾ ਅਕਤੂਬਰ ਮਹੀਨਾ ਸੀ। ਪੁਲਸ ਨੇ ਸਾਰੇ ਪੰਜਾਬ ਵਿੱਚ ਹਫੜਾ-ਦਫੜੀ ਮਚਾਈ ਹੋਈ ਸੀ। ਓਸੇ ਸਾਲ ਕਲਕੱਤੇ ਬਜ-ਬਜ ਘਾਟ ਉੱਤੇ ਬਾਬੇ ਗੁਰਦਿਤ ਸਿੰਘ ਦੇ ਜਹਾਜ਼ 'ਤੇ ਗੋਲੀ ਚੱਲੀ ਸੀ। ਸਾਰੇ ਦੇਸ਼ ਵਿੱਚ ਫੜੋ-ਫੜੀ ਲੱਗੀ ਹੋਈ ਸੀ। ਲੋਕ ਸਰਕਾਰ ਦੇ ਡਰ ਤੋਂ ਤਰੱਠੇ ਬੈਠੇ ਸਨ। ਪਰ ਉਹ ਸ਼ੇਰ ਕਦੋਂ ਚੁੱਪ ਕਰਕੇ ਬਹਿਣ ਵਾਲੇ ਸਨ। ਨਾਲੇ ਉਹ ਘਰੀਂ ਆਰਾਮ ਨਾਲ ਬਹਿਣ ਵਾਸਤੇ ਥੋੜ੍ਹੇ ਆਏ ਸਨ ? ਉਹਨਾਂ ਔਂਦਿਆਂ ਕੰਮ ਸ਼ੁਰੂ ਕਰ ਦਿੱਤਾ।

"ਉਹਨੀਂ ਦਿਨੀ ਬੰਗਾਲ ਵਿੱਚ ਰਾਸ ਬਿਹਾਰੀ ਬੋਸ ਦਾ ਬੜਾ ਨਾਂ ਸੀ। ਉਹਨਾਂ ਆਪਣਾ ਗੁਪਤ ਦਲ ਬਣਾਇਆ ਹੋਇਆ ਸੀ ਅੰਗਰੇਜ਼ਾਂ ਨੂੰ ਕੱਢਣ ਵਾਸਤੇ। ਉਹਨਾਂ ਨੇ ਹਥਿਆਰ ਵੀ ਚੋਖੇ ਕੱਠੇ ਕਰ ਲਏ ਸਨ। ਬੰਬ ਤਾਂ ਉਹ ਆਪ ਈ ਬਣਾ ਲੈਂਦੇ ਸਨ। ਸਾਡੇ ਪੰਜਾਬੀ ਵੀ ਬੰਬ ਬਣੌਂਦੇ ਸਨ, ਪਰ ਉਹ ਬੰਗਾਲੀਆਂ ਵਰਗੇ ਵਧੀਆ ਨਹੀਂ ਸਨ ਹੁੰਦੇ। ਸਾਡੇ ਬੰਬ ਨਾਲ ਮਸਾਂ ਇਕ-ਦੋ ਬੰਦੇ ਮਰ ਸਕਦੇ ਸਨ, ਪਰ ਬੰਗਾਲੀਆਂ ਦਾ ਬੰਬ ਪੰਜਾਹ-ਸੱਠਾਂ ਨੂੰ ਉਡਾ ਦੇਂਦਾ ਸੀ। ਨਾਲੇ ਸਾਡੇ ਬੰਬ ਕੇਈ ਵਾਰ ਆਪਣੇ ਆਪ ਚੱਲ ਜਾਂਦੇ ਸਨ। ਟੁੰਡੀ ਲਾਟ ਦੀ ਬਾਂਹ ਏਸੇ ਤਰ੍ਹਾਂ ਉਡ ਗਈ ਸੀ ਕਿ !"

"ਟੁੰਡੀ ਲਾਟ ਕੌਣ ?" ਕੋਲੋਂ ਧਰਮ ਸਿੰਘ ਛੜੇ ਨੇ ਪੁੱਛ ਲਿਆ।

"ਭੈੜਿਆ, ਹਰਨਾਮ ਸਿੰਘ ਟੁੰਡੀ ਲਾਟ, ਕੋਟਲਾ ਨੌਧਸਿੰਘ (ਹੁਸ਼ਿਆਰਪੁਰ) ਦਾ। ਅਸੀਂ ਉਹਨੂੰ ਦੁਆਬੀਆ, ਪਰ ਵਧੇਰੇ ਨਿਰਾ ਟੁੰਡੀ ਲਾਟ ਈ ਸੱਦਿਆ ਕਰਦੇ ਸਾਂ। ਉਹਦੀ ਕਹਾਣੀ ਵੀ ਤੁਹਾਨੂੰ ਕਿਸੇ ਦਿਨ ਸੁਣਾਵਾਂਗਾ।...ਹਾਂ, ਪੰਜਾਬ ਦੀ ਗ਼ਦਰ ਲਹਿਰ ਵਿੱਚ ਸਰਾਭਾ ਮੋਢੀਆਂ ਵਿੱਚੋਂ ਇਕ ਸੀ। ਉਹਦੇ ਵਰਗਾ ਦਲੇਰ ਬੰਦਾ ਮੈਂ ਹੋਰ ਕੋਈ ਨਹੀਂ ਵੇਖਿਆ। ਇਕੇਰਾਂ ਦੀ ਗੱਲ ਏ, ਅਸੀਂ ਸੁਰ ਸਿੰਘ ਬਾਹਰ ਇਕ ਵਾੜੇ 'ਤੇ ਸੁੱਤੇ ਪਏ ਸਾਂ। ਅੱਧੀ ਰਾਤ ਸਾਨੂੰ ਕਰਤਾਰ ਸਿੰਘ ਨੇ ਆ ਜਗਾਇਆ। ਉਸ ਵੇਲੇ ਉਹਦੇ ਨਾਲ ਦੋ ਗਭਰੂ ਹੋਰ ਸਨ, ਇਕ ਮੁਸਲਮਾਨ ਤੇ ਇਕ ਪਹਾੜੀਆ ਰਾਜਪੂਤ। ਸ਼ੇਰਾਂ ਦੀਆਂ ਜੇਬਾਂ ਵਿੱਚ ਬੰਬ ਤੇ ਹੱਥਾਂ ਵਿੱਚ ਪਸਤੌਲ ਫੜੇ ਹੋਏ ਸਨ। ਹਥਿਆਰ ਦਾ ਤਾਂ ਉਹ ਕਿਸੇ ਵੇਲੇ ਵਸਾਹ ਈ ਨਹੀਂ ਸੀ ਕਰਦਾ ਹੁੰਦਾ। ਨੱਥਾ ਸੁੰਹ ਮਜ਼੍ਹਬੀ ਨੇ ਪੁੱਛਿਆ, 'ਸੁਣਾਉ ਸਰਾਭਾ ਸੈਹਬ! ਕੁਛ ਛਕਣ ਛਕੌਣ ਦੀ ਇੱਛਿਆ ਹੈ ?' ਅੱਗੋਂ ਸਰਾਭੇ ਦੀ ਥਾਂ ਅਮਰ ਸਿੰਘ ਰਾਜਪੂਤ ਨੇ ਜਵਾਬ ਦਿੱਤਾ, 'ਭਈ, ਐਸ ਵੇਲੇ ਕੁਛ ਹੈ ਗਾ ਈ, ਤਾਂ ਲੈ ਆ। ਸਰਾਭਾ ਸੈਹਬ ਨੇ ਤਾਂ ਸਵੇਰ ਦਾ ਕੁਛ ਨਹੀਂ ਖਾਧਾ ਪੀਤਾ।'

ਕੋਲੋਂ ਉਸ ਮੁਸਲਮਾਨ ਨੇ ਕਿਹਾ, 'ਸਵੇਰ ਦਾ ਕਿਉਂ, ਇਨ੍ਹਾਂ ਤਾਂ ਕੱਲ੍ਹ ਰਾਤੀਂ ਵੀ ਕੁਛ ਨਹੀਂ ਖਾਧਾ। ਨਾ ਵਿਹਲ ਮਿਲਿਆ, ਨਾ ਰੋਟੀ ਖਾਧੀ।' ਏਹੋ ਜਿਹਾ ਸਾ ਜੇ ਉਹ ਸਿਰੜੀ ਬੰਦਾ। ਲੋਹੇ ਦੀ ਲੱਠ ਸੀ ਸੂਰਮਾ। ਕੰਮ ਵਿੱਚ ਦੌੜ ਭੱਜ ਕਰਦਿਆਂ ਚਾਰ-ਚਾਰ ਡੰਗ ਉਹਨੂੰ ਖਾਣ ਪੀਣ ਦੀ ਸੁੱਧ ਵੀ ਨਾ ਰਹਿਣੀ। ਨਥਾ ਸੁੰਹ ਮਜ਼੍ਹਬੀ ਨੇ ਆਪਣੀ ਚਾਦਰ ਵਿੱਚ ਵਲ੍ਹੇਟ ਕੇ ਰੱਖੀਆਂ ਹੋਈਆਂ ਦੋ ਰੋਟੀਆਂ ਕੱਢ ਲਿਆਂਦੀਆਂ। ਬਿਨਾਂ ਦਾਲ ਅਚਾਰ ਦੇ ਸ਼ੇਰ ਪਾਣੀ ਨਾਲ ਘੁੱਟੋ-ਘੁੱਟੀ ਖਾ ਗਏ।"

"ਮਜ਼੍ਹਬੀ ਦੇ ਹੱਥਾਂ ਦੀਆਂ ?" ਮਿਲਖਾ ਸਿੰਘ ਨੇ ਬੜੀ ਹੈਰਾਨੀ ਨਾਲ ਪੁੱਛਿਆ। ਉਹਦੀ ਸਮਝ ਅਨੁਸਾਰ ਇਹ ਅਲੋਕਾਰ ਕਾਰਨਾਮਾ ਸੀ।

"ਮਜ਼੍ਹਬੀ ਬੰਦੇ ਨਹੀਂ ਹੁੰਦੇ ਉਇ!" ਬਾਬੇ ਅਕਾਲੀ ਨੂੰ ਗੁੱਸਾ ਆ ਗਿਆ। "ਅਖੇ : ਇਹ ਮਜ਼੍ਹਬੀ ਏ, ਇਹ ਚਮਿਆਰ ਏ, ਇਹ ਮੁਸਲਮਾਨ ਏਂ। ਅਸਾਂ ਇਹਨਾਂ ਦੇ ਹੱਥਾਂ ਦਾ ਨਹੀਂ ਖਾਣਾ। ਕਿਉਂਕਿ ਅਸੀਂ ਹੋਏ ਜੱਟ ਸਰਦਾਰ, ਖੱਤਰੀ, ਮਹਾਜਨ, ਬਰ੍ਹਮਾ ਦੀ ਉਲਾਦ ਪੰਡਤ। ਇਹਨਾਂ ਦੇ ਹੱਥਾਂ ਦਾ ਖਾਧਿਆਂ ਅਸੀਂ ਭਿੱਟੇ ਜਾਵਾਂਗੇ। ਭਰਾਵਾਂ ਦੇ ਹੱਥਾਂ ਦਾ ਅਸਾਂ ਪਾਣੀ ਨਹੀਂ ਪੀਣਾ, ਤੇ ਬਗਾਨਿਆਂ ਦੀਆਂ ਜੁੱਤੀਆਂ ਖਾਧੀ ਜਾਣੀਆਂ ਨੇ। ਇਹ ਆ ਸਾਡੀ ਅਕਲ। ਇਹ ਮਜ਼੍ਹਬੀ, ਇਹ ਮੁਸਲਮਾਨ, ਸਾਡੇ ਦੇਸ ਦੇ ਜੰਮੇ-ਪਲੇ, ਸਾਡੇ ਭਰਾ, ਸਾਡਾ ਲਹੂ ਤੇ ਮਾਸ, ਇਹਨਾਂ ਦੇ ਹੱਥ ਦਾ ਪਾਣੀ ਨਹੀਂ ਪੀਣਾ, ਸਾਹਬ ਬਹਾਦਰ-ਸੱਤ ਹਜ਼ਾਰ ਮੀਲ ਤੋਂ ਆਏ ਹੋਏ ਬਿੱਲ-ਦੇ ਬੂਟ ਚੱਟੀ ਜਾਣੇ ਨੇ। ਅਸੀਂ ਗ਼ੁਲਾਮ ਕਿਹੜੀ ਗੱਲੋਂ ਆਂ ? ਏਸੇ ਕਰਤੂਤੋਂ। ਜਿੰਨਾ ਚਿਰ ਇਹ ਹਿੰਦੂ ਮੁਸਲਮਾਨ ਤੇ ਊਚ-ਨੀਚ ਦਾ ਵਿਤਕਰਾ ਨਹੀਂ ਮਿਟਦਾ, ਅਸੀਂ ਆਜ਼ਾਦ ਨਹੀਂ ਹੋ ਸਕਦੇ। ਸਮਝੇ ? ਅਸੀਂ ਹਿੰਦੂ, ਮੁਸਲਮਾਨ, ਸਿੱਖ, ਮਜ਼੍ਹਬੀ, ਸਾਰੇ ਕੱਠੇ ਖਾ ਪੀ ਲੈਂਦੇ ਸਾਂ। ਸਾਡਾ ਕਿਸੇ ਦਾ ਕੁਛ ਨਹੀਂ ਸੀ ਵਿਗੜਿਆ। ਹਾਂਹ।"

"ਹੱਛਾ, ਉਹ ਮੁਸਲਮਾਨ ਕੌਣ ਸੀ ?" ਸੱਜਣ ਸਿੰਘ ਨੇ ਕਹਾਣੀ ਅਗ੍ਹਾਂ ਤੋਰਨ ਦੇ ਇਰਾਦੇ ਨਾਲ ਬਾਬੇ ਅਕਾਲੀ ਨੂੰ ਭੁੱਲੀ ਹੋਈ ਗੱਲ ਯਾਦ ਕਰਾ ਦਿੱਤੀ।

"ਉਹ ਮੁਸਲਮਾਨ ?" ਬਾਬੇ ਅਕਾਲੀ ਨੇ ਟੁੱਟੀ ਹੋਈ ਲੜੀ ਫੇਰ ਫੜ ਲਈ। "ਉਹ ਵਜੀਦ ਕੇ ਦਾ ਰਹਿਮਤ ਅਲੀ ਸ਼ਾਹ ਸੀ। ਉਹ ਮਨੀਲੇ ਤੋਂ ਆਇਆ ਸੀ, ਜਿਵੇਂ ਕਰਤਾਰ ਸੁੰਹ ਸਰਾਭਾ ਅਮਰੀਕਾ ਤੋਂ। ਓਸੇ ਦੀ ਗੱਲ ਦੱਸਣ ਲੱਗਾਂ ਨਾ ਤੁਹਾਨੂੰ। ਜਗਤ ਸੁੰਹ, ਪਰੇਮ ਸੁੰਹ ਤੇ ਅਸੀਂ ਸਾਰੇ—ਕੋਈ ਪੰਦਰ੍ਹਾਂ ਬੰਦੇ ਹੋ ਗਏ ਸਾਂ ਰਲ ਮਿਲਕੇ—ਓਸੇ ਵੇਲੇ ਤੁਰ ਪਏ। ਅਗਲੇ ਦਿਨ ਅਸਾਂ ਫ਼ਿਰੋਜ਼ਪੁਰ ਛੌਣੀ ਕੱਠਿਆਂ ਹੋਣਾ ਸੀ। ਅਸੀਂ ਫ਼ਿਰੋਜ਼ਪੁਰ ਦੇ ਨੇੜੇ ਜਲਾਲਾਬਾਦ ਵਾਲੀ ਸੜਕ 'ਤੇ ਜਾ ਕੱਠੇ ਹੋਏ। ਉਸ ਦਿਨ ਅਸਾਂ ਫ਼ਿਰੋਜ਼ਪੁਰ ਛੌਣੀ ਤੇ ਲਹੌਰ ਛੌਣੀ ਮੀਆਂ ਮੀਰ 'ਤੇ ਇਕੱਠਾ ਹਮਲਾ ਕਰਨਾ ਸੀ। ਉਹ ਤਰੀਕ ਮੇਰੇ ਸੀਨੇ 'ਤੇ ਲਿਖੀ ਹੋਈ ਏ। ਇਉਂ ਭਾਸਦਾ ਏ, ਜਿਵੇਂ

ਅਜੇ ਕੱਲ੍ਹ ਦੀ ਗੱਲ ਹੋਵੇ, ਅੰਗਰੇਜ਼ਾਂ ਦੇ ਯਾਰ੍ਹਵੇਂ ਮਹੀਨੇ ਦੀ ਛੱਬੀ ਤਰੀਕ ਸੀ। ਦੇਸ਼ ਦੇ ਮੰਦੇ ਭਾਗ, ਉਸ ਰਾਤ ਕੁਛ ਗੜਬੜ ਹੋ ਜਾਣ ਕਰਕੇ ਕਿਤੇ ਵੀ ਹਮਲਾ ਨਾ ਹੋ ਸਕਿਆ। ਜੁਆਨਾਂ ਦੀਆਂ ਮਾਲਸ਼ਾਂ ਕੀਤੀਆਂ ਐਵੇਂ ਰਹਿ ਗਈਆਂ। ਅਗਲੇ ਦਿਨ ਮੂੰਹ ਹਨੇਰੇ ਈ ਅਸੀਂ ਸਾਰੇ ਰਾਹੋ-ਰਾਹੀ ਪੈ ਗਏ। ਅਸੀਂ ਕੁਛ ਬੰਦੇ ਪਿੰਡਾਂ ਰਾਹੀਂ ਸਿੱਧੇ ਤੁਰ ਪਏ। ਕਰਤਾਰ ਸਿੰਘ ਸਰਾਭਾ ਕੁਛ ਆਦਮੀਆਂ ਨੂੰ ਲੈ ਕੇ ਲੁਧਿਆਣੇ ਨੂੰ ਗੱਡੀ ਚੜ੍ਹ ਗਿਆ। ਤੇ ਕੁਛ ਮੋਗੇ ਨੂੰ ਤਾਂਗਿਆਂ 'ਤੇ ਬਹਿ ਗਏ। ਫੇਰੂ ਸ਼ਹਿਰ ਤੇ ਮਿਸਰੀ ਵਾਲੇ ਦੇ ਸੰਨ੍ਹ ਵਿੱਚ ਸੋਕੜ ਨਹਿਰ ਦਾ ਉੱਚਾ ਸਾਰਾ ਪੁਲ ਏ।"

"ਸੋਕੜ ਨਹਿਰ ?" ਦੀਪੇ ਨੇ ਹੈਰਾਨੀ ਨਾਲ ਪੁੱਛਿਆ। 'ਸੋਕੜ' ਤੇ 'ਨਹਿਰ' ਦੋਵੇਂ ਸ਼ਬਦ ਉਹਨੂੰ ਕੁਛ ਅਨਮੇਲ ਜੇਹੇ ਜਾਪੇ।

"ਹਾਂ। ਬਾਰਸ਼ਾਂ ਬੁਰਸ਼ਾਂ ਕਰਕੇ ਮੁਦਕੀ ਵਾਲੀ ਨਹਿਰ ਵਿੱਚ ਪਾਣੀ ਵਾਧੂ ਹੋ ਜਾਏ, ਤਾਂ ਉਹ ਮਹਿਕਮੇਂ ਵਾਲੇ ਫੇਰੂ ਸ਼ਹਿਰ ਵਾਲੀ ਨਹਿਰ ਵਿੱਚ ਛੱਡ ਦੇਂਦੇ ਨੇ। ਉਹ ਵਲੂਰ ਕੋਲ ਦੀ ਲੰਘ ਕੇ ਦਰਿਆ ਵਿੱਚ ਜਾ ਪੈਂਦੀ ਏ! ਸਮਝੇ ? ਕਦੇ ਵਧਿਆ ਘਟਿਆ ਪਾਣੀ ਹੀ ਉਹਦੇ ਵਿੱਚ ਔਂਦਾ ਏ, ਨਹੀਂ ਤਾਂ ਉਹ ਬਾਰਾਂ ਮਹੀਨੇ ਸੁੱਕੀ ਈ ਰਹਿੰਦੀ ਏ। ਏਸੇ ਵਾਸਤੇ ਲੋਕ ਉਹਨੂੰ ਸੋਕੜ ਨਹਿਰ ਆਹੰਦੇ ਨੇ। ਓਸ ਫੇਰੂ ਸ਼ਹਿਰ ਵਾਲੇ ਪੁਲ ਉੱਤੇ ਉਸ ਦਿਨ ਪੁਲਸ ਕਪਤਾਨ ਨੇ ਔਣਾ ਸੀ। ਉਹਦੇ ਸਵਾਗਤ ਵਾਸਤੇ ਇਲਾਕੇ ਦੀ ਪੁਲਸ, ਜ਼ੈਲਦਾਰ, ਲੰਬਰਦਾਰ ਤੇ ਸਰਕਾਰ ਨੂੰ ਮਾਈ-ਬਾਪ ਆਖਣ ਵਾਲੇ ਚੋਖੇ ਬੰਦੇ ਕੱਠੇ ਹੋਏ ਹੋਏ ਸਨ। ਤਾਂਗਿਆਂ ਵਾਲੇ ਪੁਲ 'ਤੇ ਅਪੜੇ, ਤਾਂ ਪੁਲਸ ਨੇ ਘੇਰ ਲਏ। ਉਹਨਾਂ ਗ਼ਦਰ ਪਾਰਟੀ ਵਾਲਿਆਂ ਦਾ ਆਗੂ ਸੀ ਓਹਾ ਰਹਿਮਤ ਅਲੀ ਸ਼ਾਹ। ਪੁਲਸ ਨੇ ਸਾਰੀਆਂ ਸਵਾਰੀਆਂ ਨੂੰ ਤਾਂਗਿਆਂ ਤੋਂ ਉਤਾਰ ਕੇ ਬਿਠਾ ਲਿਆ। ਰਹਿਮਤ ਅਲੀ ਸ਼ਾਹ ਨੇ ਇਸ ਧੱਕੇ ਸ਼ਾਹੀ ਦਾ ਕਾਰਨ ਪੁੱਛਿਆ, ਤਾਂ ਜ਼ੈਲਦਾਰ ਜਵਾਲਾ ਸੁੰਹ ਤੇ ਠਾਣੇਦਾਰ ਬੁਸ਼ਾਰਤ ਅਲੀ ਬਹੁਤੇ ਈ ਤੱਤੇ ਠੰਢੇ ਹੋਣ ਲੱਗ ਪਏ। ਇਸ ਗੋਰੇ ਸ਼ਾਹੀ ਪੁਲਸ ਦਾ ਸੁਭਾਅ ਤਾਂ ਤੁਸੀਂ ਜਾਣਦੇ ਈ ਓ। ਆਪਣਾ ਰੁਹਬ ਦੱਸਣ ਵਾਸਤੇ ਠਾਣੇਦਾਰ ਨੇ ਰਹਿਮਤ ਅਲੀ ਨੂੰ ਚੁਪੇੜ ਕੱਢ ਮਾਰੀ। ਭਲਾ ਗ਼ਦਰੀਏ ਐਨੀ ਬੇਇੱਜ਼ਤੀ ਕਿਵੇਂ ਸਹਾਰ ਲੈਂਦੇ, ਜਿਹੜੇ ਹਰ ਵੇਲੇ ਤਲੀ 'ਤੇ ਜਾਨ ਰੱਖੀ ਫਿਰਦੇ ਸਨ। ਲਾਗੇ ਖਲਾ ਸੀ ਕੱਚਰਭੰਨ ਵਾਲਾ ਭਗਤ ਸੁੰਹ। ਸ਼ੇਰ ਨੇ ਕੱਢਿਆ ਬੁੱਕਲ ਵਿੱਚੋਂ ਪਸਤੌਲ ਤੇ ਗੋਲੀ ਠਾਣੇਦਾਰ ਦੇ ਕੰਨਾਂ ਵਿਚਦੀ ਲੰਘਾ ਦਿੱਤੀ। ਠਾਣੇਦਾਰ ਦਾ ਵੱਡਾ ਹਮੈਤੀ ਸੀ ਜ਼ੈਲਦਾਰ ਜਵਾਲਾ ਸੁੰਹ। ਦੂਜੀ ਗੋਲੀ ਭਗਤ ਸੁੰਹ ਨੇ ਉਹਦੀ ਹਿੱਕ ਵਿੱਚ ਜੜ ਦਿੱਤੀ।"

"ਸਦਕੇ ਜੁਆਨਾਂ ਦੇ-ਇ"। ਇਕੋ ਵਾਰ ਦੋ-ਤਿੰਨ ਵਾਜਾਂ ਆਈਆਂ। ਸਾਰੇ ਸਰੋਤਿਆਂ ਦੇ ਚਿਹਰੇ ਭਖ ਕੇ ਲਾਲ ਹੋ ਗਏ। ਬਹੁਤੇ ਇਉਂ ਅਨੁਭਵ ਕਰ ਰਹੇ ਸਨ,

ਕਿ ਜੇ ਉਹ ਗੋਲੀ ਮਾਰਨ ਵਾਲੇ ਨਹੀਂ, ਤਾਂ ਉਹਨਾਂ ਦੇ ਸਾਥੀ ਜ਼ਰੂਰ ਹਨ।

"ਵਿਹੰਦਿਆਂ-ਵਿਹੰਦਿਆਂ ਠਾਣੇਦਾਰ ਤੇ ਜ਼ੈਲਦਾਰ, ਦੋਵੇਂ ਠੰਢੇ ਹੋ ਗਏ।" ਬਾਬਾ ਅਕਾਲੀ ਕਹਿੰਦਾ ਗਿਆ, "ਦੋਂਹ ਦੇ ਡਿੱਗਣ ਨਾਲ ਸਾਰੇ ਲੋਕੀਂ ਡਰ ਦੇ ਮਾਰੇ ਭੱਜ ਉੱਠੇ। ਕੁਛ ਗ਼ਦਰ ਪਾਰਟੀ ਦੇ ਬੰਦੇ ਵੀ ਉਹਨਾਂ ਲੋਕਾਂ ਦੇ ਵਿੱਚ ਰਲ ਕੇ ਖਿਸਕ ਗਏ।"

"ਜਿਵੇਂ ਚੋਰ ਵਾਹਰ ਨਾਲ ਰਲ ਕੇ ਆਪ ਵੀ ਚੋਰ-ਚੋਰ ਕਰਨ ਲੱਗ ਪੈਂਦਾ ਏ।" ਕੋਲੋਂ ਮਿਲਖਾ ਸਿੰਘ ਨੇ ਮਿਸਾਲ ਵਜੋਂ ਕਿਹਾ।

"ਚੋਰ ?" ਬਾਬੇ ਅਕਾਲੀ ਨੇ ਲਾਲ ਅੱਖਾਂ ਨਾਲ ਮਿਲਖਾ ਸਿੰਘ ਵੱਲ ਵੇਖਿਆ "ਉਹਨਾਂ ਸੂਰਮਿਆਂ ਨੂੰ ਚੋਰ ਆਹੰਦਿਆਂ ਤੈਨੂੰ ਸ਼ਰਮ ਨਹੀਂ ਐਂਦੀ। ਉਹ ਸਨ ਅਸਲੀ ਕੌਮੀ-ਪਰਵਾਨੇ, ਸੱਚੇ ਦੇਸ਼-ਭਗਤ, ਜੋ ਕੌਮ ਦੀ ਆਜ਼ਾਦੀ ਬਦਲੇ ਲੜਦੇ ਫਿਰਦੇ ਸਨ। ਹਾਂਹ।" ਬਾਬੇ ਅਕਾਲੀ ਨੇ ਬੜੇ ਰੁਹਬ ਨਾਲ ਕਿਹਾ।

ਅੱਗੋਂ ਸਾਰਿਆਂ ਨੇ ਥੋੜ੍ਹੇ ਥੋੜ੍ਹੇ ਸਿਰ ਹਿਲਾਏ, ਜਿਵੇਂ ਉਹ ਸਾਰੇ ਬਾਬੇ ਨਾਲ ਸਹਿਮਤ ਸਨ।

"ਸਾਡੇ ਕੁਛ ਬੰਦੇ ਤਾਂ ਏਸ ਤਰ੍ਹਾਂ ਬਚ ਕੇ ਨਿਕਲ ਗਏ, ਪਰ ਨੌਂ ਜਣੇ ਨਹਿਰ ਦੇ ਕੰਢੇ ਖਲੇ ਝੱਲ ਵਿੱਚ ਵੜ ਗਏ। ਰਹਿੰਦੀ ਪੁਲਸ ਨੇ ਲੋਕਾਂ ਨੂੰ ਲਲਕਾਰ ਕੇ ਤੇ ਦਾਬੇ ਮਾਰ ਕੇ ਫਿਰ ਕੱਠਿਆਂ ਕਰ ਲਿਆ। ਉਹਨਾਂ ਝੱਲ ਨੂੰ ਘੇਰ ਕੇ ਗੋਲੀਆਂ ਵਰ੍ਹੌਣੀਆਂ ਸ਼ੁਰੂ ਕਰ ਦਿੱਤੀਆਂ। ਅੱਗੋਂ ਗ਼ਦਰੀਆਂ ਵੀ ਗੋਲੀਆਂ ਦਾ ਜਵਾਬ ਗੋਲੀਆਂ ਵਿੱਚ ਦਿੱਤਾ, ਪਰ ਪੱਕੀਆਂ ਰਫਲਾਂ ਦੇ ਸਾਮ੍ਹਣੇ ਪਸਤੌਲਾਂ ਦੀ ਕੀ ਵੱਟੀ ਦੀ ਸੀ ? ਗ਼ਦਰੀਆਂ ਕੋਲ ਕੁਛ ਪਸਤੌਲ ਈ ਸਨ। ਉਹਨਾਂ ਦੀਆਂ ਵੀ ਗੋਲੀਆਂ ਮੁੱਕ ਗਈਆਂ। ਸੂਰਮੇ ਨਿਹੱਥੇ ਹੋ ਗਏ। ਉਤੋਂ ਪੁਲਸ ਨੇ ਝੱਲ ਨੂੰ ਅੱਗ ਲਾ ਦਿੱਤੀ, ਏਸ ਜੰਗ ਵਿੱਚ ਸਾਡੇ ਦੋ ਜੋਧੇ—ਧਿਆਨ ਸਿੰਘ ਬੰਗਸੀ ਪੁਰਾ ਤੇ ਚੰਦਾ ਸਿੰਘ ਵੜਾਇਚ—ਸ਼ਹੀਦ ਹੋ ਗਏ। ਬਾਕੀ ਦੇ ਸੱਤ—ਪੰਡਤ ਕਾਂਸ਼ੀ ਰਾਮ ਮੜੌਲੀ (ਅੰਬਾਲਾ), ਉਹ ਪਾਰਟੀ ਦਾ ਖ਼ਜ਼ਾਨਚੀ ਹੁੰਦਾ ਸੀ, ਜੀਵਨ ਸਿੰਘ ਦੌਲਾ ਸਿੰਘ ਵਾਲਾ (ਸੰਗਰੂਰ), ਰਹਿਮਤ ਅਲੀ ਵਜੀਦ ਕੇ (ਪਟਿਆਲਾ), ਬਖ਼ਸ਼ੀਸ਼ ਸਿੰਘ ਖਾਨਪੁਰ, ਲਾਲ ਸਿੰਘ ਸਾਹਿਬਾਣਾ, ਜਗਤ ਸਿੰਘ ਬਿੰਝਲ (ਲੁਧਿਆਣਾ) ਤੇ ਧਿਆਨ ਸਿੰਘ ਉਮਰ ਪਰੀਆ (ਅੰਮ੍ਰਿਤਸਰ)—ਫੜੇ ਗਏ।"

"ਸੁਬਹਾਨ ਅੱਲਾ। ਬਾਬੇ 'ਕਾਲੀ ਦਾ ਚੇਤਾ ਕਿੰਨਾ ਈਂ।" ਗਹਿਣੇ ਲੁਹਾਰ ਨੇ ਹੈਰਾਨੀ ਭਰੀ ਸ਼ਰਧਾ ਨਾਲ ਸਿਰ ਫੇਰਦਿਆਂ ਕਿਹਾ।

"ਉ ਮੀਆਂ ਗਹਿਣਿਆਂ! ਉਹਨਾਂ ਸ਼ਹੀਦਾਂ ਦਾ ਚੇਤਾ ਕਦੇ ਭੁੱਲ ਸਕਦਾ ਏ ? ਮੇਰੇ ਕੋਲ ਇਕ-ਇਕ ਦਾ ਨਾਂ ਪਤਾ ਲਿਖਿਆ ਪਿਆ ਏ। ਪੰਜ ਵਰ੍ਹੇ ਜੇਲ੍ਹ ਵਿੱਚ ਅਸੀਂ

ਉਹਨਾਂ ਦਾ ਹੀ ਨਾਮ ਜਪਦੇ ਰਹੇ ਆਂ। ਤੇ ਭੁੱਲੋ ਬਾਹਰ ਆ ਕੇ ਵੀ ਨਹੀਂ। ਖ਼ੈਰ ਫ਼ਿਰੋਜ਼ਪੁਰ ਸੈਸ਼ਨ ਜੱਜ ਦੀ ਅਦਾਲਤ ਵਿੱਚ ਮੁਕੱਦਮਾ ਚੱਲਿਆ ਤੇ ਉਹ ਸੱਤੇ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ। ਗੋਲੀ ਮਾਰਨ ਵਾਲਾ ਭਗਤ ਸਿੰਘ ਕੱਚਰਭੰਨ (ਫ਼ਿਰੋਜ਼ਪੁਰ) ਤੇ ਸੁਰਜਣ ਸਿੰਘ ਫ਼ਤਹਿਗੜ੍ਹੀਆ (ਹੁਸ਼ਿਆਰਪੁਰ) ਪਿੱਛੋਂ ਫੜੇ ਗਏ ਤੇ ਫਾਂਸੀ ਲਾਕੇ ਸ਼ਹੀਦ ਕੀਤੇ ਗਏ। ਕੁਛ ਬੰਦਿਆਂ ਨੂੰ ਤਿੰਨ-ਤਿੰਨ, ਪੰਜ-ਪੰਜ ਵਰ੍ਹੇ ਕੈਦ ਵੀ ਹੋਈ, ਸਾਡੇ ਭਰਾਵਾਂ ਦੀਆਂ ਉਗਾਹੀਆਂ ਪਿੱਛੇ।"

"ਹੱਤ, ਟੋਡੀਓ! ਤੁਹਾਡੀ ਬੇੜੀ ਡੁੱਬੇ।" ਧਰਮ ਸਿੰਘ ਨੇ ਜਿਵੇਂ ਆਹ ਦਾ ਨਾਹਰਾ ਮਾਰਿਆ।

"ਏਸ ਸਾਕੇ ਪਿੱਛੋਂ, ਸਰਕਾਰ ਅੱਗੇ ਨਾਲੋਂ ਪੱਕੀ ਹੋ ਗਈ। ਸਾਡੇ ਆਗੂਆਂ ਦਾ ਕੰਮ ਵਧੇਰੇ ਔਖਾ ਹੋ ਗਿਆ। ਸਰਾਭਾ ਦੇ ਕੁਛ ਸਾਥੀਆਂ ਨੇ ਸਲਾਹ ਕੀਤੀ ਕਿ ਅਗ੍ਹਾਂ ਬੰਗਾਲ ਦੇ ਜੁੱਗ-ਪਲਟਾਊ ਦਲ ਨਾਲ ਮਿਲ ਕੇ ਕੰਮ ਕੀਤਾ ਜਾਏ। ਉਹਨਾਂ ਬੰਗਾਲੀ ਲੀਡਰ ਰਾਸ ਬਿਹਾਰੀ ਬੋਸ ਨੂੰ ਲਿਆਉਣ ਵਾਸਤੇ ਬੰਦੇ ਭੇਜੇ। ਬੋਸ ਨੇ ਪਹਿਲਾਂ ਪਤਾ ਸੁਰ ਕਰਨ ਵਾਸਤੇ ਆਪਣੇ ਇਕ ਸਾਥੀ ਸਚਿੰਦਰ ਨਾਥ ਸਾਨਿਆਲ ਨੂੰ ਪੰਜਾਬ ਭੇਜਿਆ। ਉਹ ਵੀ ਬੜਾ ਦਲੇਰ ਤੇ ਸਿਆਣਾ ਬੰਦਾ ਸੀ। ਉਹਨੇ ਸਾਨੂੰ ਸਾਡੀਆਂ ਖ਼ਾਮੀਆਂ ਤੋਂ ਜਾਣੂ ਕਰਾਇਆ, ਤੇ ਅਸਾਂ ਸਾਰਿਆਂ ਰਲ ਕੇ ਬਹੁਤ ਸਾਰੀਆਂ ਊਣਤਾਈਆਂ ਦੂਰ ਕਰ ਲਈਆਂ। ਅਸਾਂ ਅੰਮ੍ਰਿਤਸਰ ਵਿੱਚ ਪਾਰਟੀ ਦਾ ਪੱਕਾ ਤੇ ਵੱਡਾ ਅੱਡਾ ਬਣਾ ਲਿਆ। ਓਥੋਂ ਸਾਰੇ ਜੋਟੀਦਾਰਾਂ ਨੂੰ ਸੁਨੇਹੇ ਤੇ ਹੁਕਮ ਭੇਜੇ ਜਾਂਦੇ ਸਨ। ਪਿੱਛੋਂ ਵੱਡਾ ਅੱਡਾ ਜਾਂ ਕੇਂਦਰ ਲਹੌਰ ਬਣਾਇਆ ਗਿਆ। ਸਾਡੇ ਵੱਡੇ ਕੰਮ ਸਨ: ਪਿੰਡਾਂ ਦਿਆਂ ਦਲੇਰ ਬੰਦਿਆਂ ਨੂੰ ਪਾਰਟੀ ਵਿੱਚ ਭਰਤੀ ਕਰਨਾ, ਹਥਿਆਰ ਕੱਠੇ ਕਰਨੇ ਤੇ ਫ਼ੌਜਾਂ ਵਿੱਚ ਫਿਰ ਕੇ ਸਿਪਾਹੀਆਂ ਤੇ ਦੇਸੀ ਅਫ਼ਸਰਾਂ ਨੂੰ ਸਮਝਾ ਬੁਝਾ ਕੇ ਗ਼ਦਰ ਵਾਸਤੇ ਤਿਆਰ ਕਰਨਾ। ਇਹਨਾਂ ਕੰਮਾਂ ਵਿੱਚ ਅਸੀਂ ਕਿਸੇ ਹੱਦ ਤਕ ਸਫਲ ਵੀ ਹੋ ਗਏ। ਲਹੌਰ ਵਿੱਚ ਓਦੋਂ ਤੇਈ ਨੰਬਰ ਰਸਾਲਾ ਸੀ ਤੇ ਫ਼ਿਰੋਜ਼ਪੁਰ ਵਿੱਚ ਛੱਬੀ ਨੰਬਰ ਪਲਟਣ। ਦੋਹੀਂ ਥਾਂਈਂ ਬਹੁਤੇ ਜੁਆਨ ਪੰਜਾਬੀ ਸਨ। ਪ੍ਰੋਗਰਾਮ ਇਹ ਸੀ, ਕਿ ਸਾਡੇ ਨਾਲ ਮਿਲ ਕੇ ਇਹ ਦੋਵੇਂ ਫ਼ੌਜਾਂ ਗ਼ਦਰ ਕਰ ਦੇਣਗੀਆਂ। ਦੋਹਾਂ ਥਾਂਵਾਂ ਦੀ ਗੋਰੀ ਫ਼ੌਜ ਨੂੰ—ਜੋ ਗਿਣਤੀ ਵਿੱਚ ਬਹੁਤ ਥੋੜ੍ਹੀ ਸੀ—ਅਸੀਂ ਮਾਰ ਭਜਾਵਾਂਗੇ, ਤੇ ਹਥਿਆਰ ਲੁਟ ਕੇ ਫਿਰ ਬਾਕੀ ਛੌਣੀਆਂ ਵੱਲ ਵਧਾਂਗੇ। ਕੁਛ ਹੋਰ ਛੌਣੀਆਂ ਵਿੱਚ ਵੀ ਫ਼ੌਜਾਂ ਨਾਲ ਸਾਡਾ ਗੰਢ ਤੁੱਪ ਹੋਇਆ ਹੋਇਆ ਸੀ, ਜਿਵੇਂ ਪਸ਼ੌਰ, ਰਾਵਲਪਿੰਡੀ, ਅੰਬਾਲਾ, ਮੇਰਠ, ਝਾਂਸੀ ਆਦਿਕ। ਉਹਨਾਂ ਲੋਕਾਂ ਦਾ ਸਾਡੇ ਨਾਲ ਬਚਨ ਸੀ ਕਿ ਪਹਿਲ ਅਸੀਂ ਕਰੀਏ ਤੇ ਉਹ ਸਮਾਂ ਔਣ ਉੱਤੇ ਸਾਡੇ ਨਾਲ ਰਲ ਜਾਣਗੇ। ਏਸ ਤਰ੍ਹਾਂ ਅਸਾਂ ਆਪਣੇ ਵੱਲੋਂ ਪੂਰੀ ਤਿਆਰੀ ਕਰ ਲਈ। ਸੰਨ ਪੰਦਰਾਂ ਦੇ ਪਹਿਲੇ ਮਹੀਨੇ

(ਜਨਵਰੀ 25 ਨੂੰ) ਰਾਸ ਬਿਹਾਰੀ ਬੋਸ ਵੀ ਆ ਗਿਆ। ਕੁਛ ਦਿਨ ਤਾਂ ਉਹ ਅੰਮ੍ਰਿਤਸਰ ਰਿਹਾ, ਤੇ ਫਿਰ ਲਹੌਰ ਪੱਕੇ ਡੇਰੇ ਲਾ ਲਏ। ਉਹ ਸਰਕਾਰ ਦਾ ਭਗੌੜਾ ਸੀ। ਦੋ-ਕੁ ਵਰ੍ਹੇ ਪਹਿਲਾਂ ਜਿਹੜਾ ਨਵੀਂ ਦਿੱਲੀ ਵਿੱਚ ਵਾਇਸਰਾਏ (ਲਾਰਡ ਹਾਰਡਿੰਗ) ਉੱਤੇ ਬੰਬ ਸੁਟਿਆ ਗਿਆ ਸੀ ਨਾ (2 ਦਸੰਬਰ, 1912 ਈ. ਨੂੰ), ਓਸ ਕੇਸ ਵਿੱਚ ਰਾਸ ਬਿਹਾਰੀ ਵੀ ਹੈਗਾ ਸੀ। ਉਹ ਸ਼ੇਰ ਸਾਰੀ ਉਮਰ ਸਰਕਾਰ ਤੋਂ ਫੜਿਆ ਨਹੀਂ ਗਿਆ।

"ਲਹੌਰ ਵਿੱਚ ਪਾਰਟੀ ਨੇ ਤਿੰਨ ਚਾਰ ਮਕਾਨ ਲਏ ਹੋਏ ਸਨ। ਉਹ ਦਿਨੇ ਕਿਸੇ ਮਕਾਨ ਵਿੱਚ ਹੁੰਦੇ ਤੇ ਰਾਤ ਨੂੰ ਕਿਸੇ ਵਿੱਚ। ਲੋਕਾਂ ਨੂੰ ਕਿਸੇ ਹੋਰ ਮਕਾਨ ਮਿਲਦੇ ਤੇ ਫਿਰ ਆਰਾਮ ਕਿਸੇ ਹੋਰ ਮਕਾਨ ਵਿੱਚ ਜਾ ਕਰਦੇ। ਮਕਾਨ ਕਰਾਏ 'ਤੇ ਲੈਣ ਦੀ ਵੀ ਬੜੀ ਅਨੋਖੀ ਕਹਾਣੀ ਏ। ਇਕ ਲਾਲਾ ਰਾਮ ਸਰਨ ਦਾਸ ਸਨ ਕਪੂਰਥਲੇ ਦੇ। ਉਹਨਾਂ ਦੀ ਘਰਵਾਲੀ ਬੀਬੀ ਸੱਤਿਆਵਤੀ ਵੀ ਸਵੇਰ ਦੇ ਨਾਂ ਵਾਲੀ ਸੀ। ਉਹ ਦੋਵੇਂ ਜੀ ਮਕਾਨ ਭਾਲ ਕੇ ਦਿਆ ਕਰਦੇ ਸਨ। ਛੜੇ ਛਾਂਟ ਬੰਦਿਆਂ ਨੂੰ ਤਾਂ ਮੁਹੱਲੇ ਵਿੱਚ ਮਕਾਨ ਦੇਂਦਾ ਕੋਈ ਨਹੀਂ ਸੀ। ਸੋ ਭੈਣ ਸੱਤਿਆਵਤੀ ਨੇ ਸਾਰਿਆਂ ਨਾਲ ਕੋਈ ਨਾ ਕੋਈ ਰਿਸ਼ਤਾ ਦੱਸ ਦੇਣਾ। ਅਖੇ : ਇਹ ਮੇਰੇ ਚਾਚੇ ਦਾ ਪੁੱਤ ਭਰਾ ਏ। ਭਰਜਾਈ ਮੇਰੇ ਦੇ ਬਾਲ ਹੋਣ ਵਾਲਾ ਏ। ਉਹਨੂੰ ਤਾਂ ਮਹੀਨਾ ਚਾਲੀ ਦਿਨ ਪੇਕੇ ਰਹਿਣਾ ਪਵੇਗਾ। ਮੈਂ ਹੀ ਇਹਦੀ ਦੂਜੇ ਚੌਥੇ ਦਿਨ ਸੁਰਤ ਸਾਰ ਲੈਂਦੀ ਰਹਾਂਗੀ। ਏਸੇ ਤਰ੍ਹਾਂ ਕਿਸੇ ਦੀ ਭਰਜਾਈ, ਕਿਸੇ ਦੀ ਸਾਲੀ ਤੇ ਕਿਸੇ ਦੀ ਚਾਚੀ ਜਾਂ ਮਾਮੀ, ਮਾਸੀ ਬਣ ਰਹਿਣਾ ਉਹਨੇ। ਤੇ ਇਕ ਹੋਰ ਸੀ ਮਾਈ ਗੁਲਾਬ ਕੌਰ, ਉਹ ਤਾਂ ਮਰਦਾਂ ਨਾਲੋਂ ਵੀ ਦਲੇਰ ਸੀ। ਅਮਰੀਕਾ ਵਿੱਚ ਗ਼ਦਰ ਪਾਰਟੀ ਤਿਆਰ ਹੋਈ, ਤਾਂ ਉਹ ਦੋਵੇਂ ਜੀ ਵੀ ਪਾਰਟੀ ਵਿੱਚ ਰਲ ਗਏ। ਉਹਨਾਂ ਦੇਸ਼ ਆ ਕੇ ਗ਼ਦਰ ਕਰਨ ਵਾਲਿਆਂ ਵਿੱਚ ਆਪਣੇ ਨਾਂ ਲਿਖਾ ਦਿੱਤੇ। ਉਹਦਾ ਪਤੀ ਵੇਲੇ ਦੇ ਵੇਲੇ ਭੈੜਾ ਪੈ ਗਿਆ, ਪਰ ਉਹ ਸ਼ੇਰਨੀ ਕੱਲੀ ਹੀ ਬਾਕੀ ਸਾਥੀਆਂ ਨਾਲ ਜਹਾਜੇ ਚੜ੍ਹ ਆਈ। ਦੇਸ਼ ਆ ਕੇ ਉਹ ਅੱਠੇ ਪਹਿਰ ਪਾਰਟੀ ਦੇ ਕੰਮ ਵਿੱਚ ਜੁੱਟ ਗਈ। ਉਹਦਾ ਘਰ-ਘਾਟ, ਉਹਦਾ ਸਾਕ ਸੰਬੰਧੀ, ਸਭ ਕੁਛ ਪਾਰਟੀ ਹੀ ਸੀ। ਉਹ ਲੀਡਰਾਂ ਦੀਆਂ ਚਿੱਠੀਆਂ ਤੇ ਸੁਨੇਹੇ ਇਕ ਥਾਂ ਤੋਂ ਦੂਜੇ ਥਾਂ ਪੁਚਾਇਆ ਕਰਦੀ ਸੀ। ਕੇਈ ਵਾਰ ਉਹ ਹਥਿਆਰ ਜਾਂ ਗੋਲੀਆਂ ਵੀ ਲੁਕਾ ਕੇ ਲੈ ਜਾਂਦੀ ਸੀ। ਉਮਰੋਂ ਤਾਂ ਉਹ ਓਦੋਂ ਅਜੇ ਜੁਆਨ ਹੀ ਸੀ, ਪਰ ਪਾਰਟੀ ਵਿੱਚ ਸਾਰੇ ਉਹਨੂੰ ਮਾਈ ਗੁਲਾਬ ਕੌਰ ਕਿਹਾ ਕਰਦੇ ਸਨ। ਤੇ ਉਹ ਲੋਕਾਂ ਨੂੰ ਪਤਿਆਉਣ ਬਦਲੇ ਕਿਸੇ ਦੀ ਭਰਜਾਈ, ਕਿਸੇ ਦੀ ਭੈਣ, ਕਿਸੇ ਦੀ ਚਾਚੀ ਤਾਈ ਬਣ ਜਾਇਆ ਕਰਦੀ ਸੀ। ਲੋੜ ਪਈ 'ਤੇ ਉਹ ਆਪਣੇ ਆਪ ਨੂੰ ਕਿਸੇ ਦੀ ਘਰ ਵਾਲੀ ਜ਼ਾਹਰ ਕਰਨ ਤੋਂ ਵੀ ਨਹੀਂ ਸੀ ਝਿਜਕਦੀ। ਇਕ ਵਾਰ ਉਹ ਮਦਨ ਸਿੰਘ ਗਾਗੇ ਵਾਲੇ ਦੀ ਦੁਕਾਨ 'ਤੇ

ਬੈਠੀ ਕਿਸੇ ਨੂੰ ਕਰਤਾਰ ਸਿੰਘ ਸਰਾਭੇ ਦਾ ਸੁਨੇਹਾ ਦੇ ਰਹੀ ਸੀ। ਮਦਨ ਸਿੰਘ ਦੀ ਦੁਕਾਨ ਲਹੌਰ ਮੀਆਂ ਮੀਰ ਬਜ਼ਾਰ ਵਿੱਚ ਹੁੰਦੀ ਸੀ। ਦੁਕਾਨ ਤਾਂ ਐਵੇਂ ਬਹਾਨਾ ਸੀ, ਅਸਲ ਵਿੱਚ ਉਹ ਸੁਨੇਹੇ ਦੇਣ ਤੇ ਖ਼ਬਰ ਪਤਾ ਰੱਖਣ ਦਾ ਪਾਰਟੀ ਦਾ ਅੱਡਾ ਸੀ। ਮਾਈ ਗੁਲਾਬ ਕੌਰ ਸ਼ੈਦ ਪਰੇਮ ਸਿੰਘ ਸੁਰਸਿੰਘੀਏ ਨੂੰ ਸੁਨੇਹਾ ਦੇ ਰਹੀ ਸੀ। ਇਕ ਸੀ.ਆਈ.ਡੀ. ਦਾ ਚਿਟ-ਕੱਪੜੀਆ ਉਹਨਾਂ ਦੇ ਸਿਰ ਹੋ ਗਿਆ। ਉਹ ਵੀ ਤਾੜ ਗਈ। ਉਹ ਇਕੋ ਵਾਰ ਪਰੇਮ ਸੁੰਹ 'ਤੇ ਟੁੱਟ ਪਈ। ਅਖੇ 'ਵੇ ਤੂੰ ਮਰਦ ਬਣਨ ਨੂੰ ਪਿਆ ਸੈਂ ? ਜੇ ਤੂੰ ਖੱਟ ਕੇ ਖੁਐਣ ਜੋਗਾ ਨਹੀਂ ਸੈਂ, ਤਾਂ ਸੌ-ਜੜੀ 'ਚ ਮੇਰੇ ਨਾਲ ਲਾਂਵਾਂ ਫੇਰੇ ਕਿਉਂ ਲਏ ਸਈ। ਤੇਰੀ ਸ਼ਰਾਬ ਨੇ ਮੈਨੂੰ ਪੱਟ ਛੱਡਿਆ। ਮੇਰੇ ਮਾਪਿਆਂ ਦੀਆਂ ਪਾਈਆਂ ਤੂੰ ਲਾਹ ਕੇ ਖਾ ਗਿਓਂ।' ਮਦਨ ਸਿੰਘ ਤੇ ਪਰੇਮ ਸਿੰਘ ਵੀ ਗੱਲ ਨੂੰ ਤਾੜ ਗਏ। ਪਰੇਮ ਸੁੰਹ ਵੀ ਅੱਗੋਂ ਢੀਠ ਸ਼ਰਾਬੀਆਂ ਵਾਂਗ ਝਗੜਣ ਲੱਗ ਪਿਆ। ਕੋਲੋਂ ਮਦਨ ਸਿੰਘ ਨੇ ਮਸਾਂ-ਮਸਾਂ ਉਹਨਾਂ ਦੀ ਸੁਲ੍ਹਾ ਕਰਾਈ। ਪੁਲਸੀਆ ਏਸ ਨਾਟਕ ਨੂੰ ਸੱਚ ਸਮਝ ਕੇ ਮਗਰੋਂ ਲਹਿ ਗਿਆ, ਤਾਂ ਉਹ ਤਿੰਨੇ ਫੇਰ ਆਪਣੇ ਕੰਮ ਦੀਆਂ ਗੱਲਾਂ ਵਿੱਚ ਰੁੱਝ ਗਏ। ਉਹ ਮਾਈ ਗੁਲਾਬ ਕੌਰ ਬਣ ਗਈ ਤੇ ਉਹ ਭਾਈ ਪਰੇਮ ਸੁੰਹ।"

"ਹੂੰ! ਚੰਗਾ ਪੱਤਾ ਖੇਡਿਓ ਨੇ।" ਦੀਪੇ ਦੇ ਸਾਰੇ ਚਿਹਰੇ ਉੱਤੇ ਮੁਸਕਰਾਹਟ ਫੈਲ ਗਈ।

"ਮੁਕਦੀ ਗੱਲ, ਗ਼ਦਰ ਕਰਨ ਦੀ ਪੂਰੀ ਤਿਆਰੀ ਹੋ ਗਈ। ਫਰਵਰੀ ਦੀ ਇਕੀ ਤਰੀਕ ਵੀ ਮਿਥ ਲਈ ਗਈ। ਜੇ ਕਿਤੇ ਕੰਮ ਸਿਰੇ ਚੜ੍ਹ ਜਾਂਦਾ, ਤਾਂ ਸੁਆਦ ਆ ਜਾਂਦਾ। ਸਾਰੇ ਹਿੰਦੁਸਤਾਨ ਵਿੱਚ ਕਿਤੇ ਬਿੱਲੋ ਭਾਲੇ ਨਾ ਲੱਭਦੇ। ਅੱਜ ਅਸੀਂ ਆਜ਼ਾਦ ਹੁੰਦੇ।"

"ਉਹ!" ਸੱਜਣ ਸਿੰਘ ਨੇ ਅਫ਼ਸੋਸ ਵਿੱਚ ਸਿਰ ਫੇਰਦਿਆਂ ਕਿਹਾ। "ਫਿਰ ਕੰਮ ਵਿਗੜਿਆ ਕਿਵੇਂ ?"

"ਸਾਡੀਆਂ ਗ਼ਲਤੀਆਂ ਕਰਕੇ। ਜਾਣਦਾ ਏਂ, ਬੰਦਿਆਂ ਵਿੱਚ ਕੋਈ ਕਮਜ਼ੋਰੀਆਂ ਵੀ ਹੁੰਦੀਆਂ ਨੇ। ਇਕ ਵਾਰ ਪਾਰਟੀ ਨੂੰ ਪੈਸੇ ਦੀ ਸਖ਼ਤ ਟੋਟ ਆ ਗਈ। ਹੋਰ ਕੋਈ ਚਾਰਾ ਨਾ ਰਿਹਾ, ਤਾਂ ਪਾਰਟੀ ਨੇ ਡਾਕੇ ਮਾਰਨ ਦਾ ਪ੍ਰੋਗਰਾਮ ਬਣਾਇਆ। ਕਿਸੇ ਮੰਦੀ ਭਾਵਨਾ ਨਾਲ ਨਹੀਂ, ਪਾਰਟੀ ਦੀ ਲੋੜ ਪੂਰੀ ਕਰਨ ਵਾਸਤੇ। ਕੁਛ ਡਾਕੇ ਮਾਰੇ ਵੀ। ਚੱਬੇ ਵਾਲਾ ਡਾਕਾ (2 ਫਰਵਰੀ, 1915 ਈ.) ਪਾਰਟੀ ਨੂੰ ਬਹੁਤ ਮਹਿੰਗਾ ਪਿਆ। ਡਾਕੇ ਵਿੱਚ ਸਾਡਾ ਸਾਥੀ ਕਾਲਾ ਸੁੰਹ ਲੁਹਾਰ ਫੜਿਆ ਗਿਆ। ਪੁਲਿਸ ਦੀ ਮਾਰ ਅੱਗੇ ਉਹ ਤਗ ਨਾ ਸਕਿਆ, ਤੇ ਉਹਨੇ ਪਾਰਟੀ ਦਾ ਸਾਰਾ ਪ੍ਰੋਗਰਾਮ ਦੱਸ ਦਿੱਤਾ। ਕੁਛ ਬੰਦਿਆਂ ਦੇ ਉਹਨੇ ਨਾਂ ਪਤੇ ਵੀ ਦੱਸੇ, ਜਿੰਨ੍ਹਾਂ ਬਾਰੇ ਉਹ ਜਾਣਦਾ ਸੀ। ਬੱਸ,

ਸਰਕਾਰ ਖ਼ਬਰਦਾਰ ਹੋ ਗਈ। ਕਾਲਾ ਸੁੰਹ ਨੂੰ ਗ਼ਦਰ ਦੀ ਤਰੀਕ ਦਾ ਪਤਾ ਨਹੀਂ ਸੀ। ਸੋ ਸਰਕਾਰ ਨੂੰ ਵੀ ਏਸ ਗੱਲ ਦਾ ਪਤਾ ਨਾ ਲੱਗਾ।

"ਪੁਲਿਸ ਨੇ ਸਾਰਾ ਟਿੱਲ ਲਾ ਦਿੱਤਾ ਗ਼ਦਰ ਦੀ ਤਰੀਕ ਦਾ ਪਤਾ ਕਰਨ ਬਦਲੇ ਤੇ ਅੰਤ ਉਹ ਕਾਮਯਾਬ ਹੋ ਗਈ। ਅੰਮ੍ਰਿਤਸਰ ਦਾ ਡਿਪਟੀ ਸੁਪਰਡੰਟ ਸੀ.ਆਈ.ਡੀ. ਲਿਆਕਤ ਹਯਾਤ ਖ਼ਾਂ ਬੜਾ ਖੁਰਾਂਟ ਪੁਲਸੀਆ ਸੀ। ਉਹਨੇ ਮਾਦੋਕੇ ਬਰਾੜ (ਅੰਮ੍ਰਿਤਸਰ) ਦੇ ਜ਼ੈਲਦਾਰ ਬੇਲਾ ਸਿੰਘ ਨੂੰ ਬੁਲਾ ਕੇ ਕਿਹਾ, ਕਿ ਗ਼ਦਰ ਪਾਰਟੀ ਵਿੱਚ ਕੋਈ ਆਪਣਾ ਜਸੂਸ ਭੇਜੋ। ਜ਼ੈਲਦਾਰ ਨੇ ਆਪਣੇ ਪਿੰਡ ਦੇ ਕਿਰਪਾਲ ਸੁੰਹ ਨੂੰ ਮੁਰੱਬਿਆਂ ਦਾ ਲਾਲਚ ਦੇ ਕੇ ਪ੍ਰੇਰ ਲਿਆ। ਕਿਰਪਾਲ ਸੁੰਹ ਸ਼ੰਘਾਈ ਤੋਂ ਗ਼ਦਰੀਆਂ ਦੇ ਨਾਲ ਹੀ ਜਹਾਜ਼ ਵਿੱਚ ਆਇਆ ਸੀ। ਇਸ ਵਾਸਤੇ ਸਾਡੇ ਬੰਦੇ ਉਹਦੇ ਉੱਤੇ ਵਿੱਸ ਗਏ। ਉਹ ਸਰਕਾਰ ਦਾ ਜਸੂਸ ਬਣ ਕੇ ਸਾਡੀ ਪਾਰਟੀ ਵਿੱਚ ਦਾਖ਼ਲ ਹੋ ਗਿਆ। ਉਹਨੇ ਸਰਕਾਰ ਨੂੰ ਦੱਸ ਦਿੱਤਾ, ਕਿ ਇੱਕੀ ਤਰੀਕ ਨੂੰ ਅੱਧੀ ਰਾਤ ਵੇਲੇ ਛੌਣੀਆਂ ਵਿੱਚ ਗ਼ਦਰ ਸ਼ੁਰੂ ਹੋਵੇਗਾ।"

"ਹੱਤ, ਤੇਰਾ ਕੱਖ ਨਾ ਰਹੇ, ਦੁਸ਼ਟਾ!"

ਇਕੋ ਵਾਰ ਤਿੰਨ-ਚਾਰ ਵਾਜਾਂ ਆਈਆਂ। ਜਿੰਨ੍ਹਾਂ ਜ਼ਬਾਨੋਂ ਸ਼ਬਦ ਨਾ ਕੱਢੇ, ਉਹਨਾਂ ਦਿਲ ਵਿੱਚ ਹੀ ਕਿਰਪਾਲ ਸਿੰਘ ਨੂੰ ਬੁਰਾ ਭਲਾ ਕਿਹਾ। ਉਸ ਦੇਸ਼-ਧਰੋਹੀ ਵਾਸਤੇ ਹਰ ਇਕ ਦੇ ਅੰਦਰ ਅਥਾਹ ਘਿਰਣਾ ਸੀ।

"ਸਾਨੂੰ ਪਤਾ ਲੱਗਾ, ਤਾਂ ਅਸਾਂ ਤਰੀਕ ਇਕੀ ਦੀ ਥਾਂ ਉੱਨੀ ਕਰ ਦਿੱਤੀ।"

"ਹੱਛਾ!"

ਸਰੋਤਿਆਂ ਦਾ ਉਤਸ਼ਾਹ ਫੇਰ ਪਰਤ ਆਇਆ। ਉਹ ਅੰਗਰੇਜ਼ਾਂ ਦੇ ਵਿਰੁੱਧ ਬਹੁਤ ਕੁਛ ਹੋਇਆ ਸੁਣਨਾ ਚਾਹੁੰਦੇ ਸਨ।

"ਪਰ ਅਫ਼ਸੋਸ! ਭਾਗਾਂ ਨੇ ਸਾਡਾ ਸਾਥ ਨਾ ਦਿੱਤਾ। ਕਿਰਪਾਲ ਸੁੰਹ ਨੂੰ ਨਵੀਂ ਤਰੀਕ ਦਾ ਵੀ ਪਤਾ ਲੱਗ ਗਿਆ ਤੇ ਉਹਨੇ ਝੱਟਪੱਟ ਹਾਕਮਾਂ ਤਕ ਖ਼ਬਰ ਪੁਚਾ ਦਿੱਤੀ।" ਬਾਬੇ ਅਕਾਲੀ ਨੇ ਨਿਰਾਸਤਾ ਵਿੱਚ ਸਿਰ ਧੁਣਦਿਆਂ ਕਿਹਾ। ਉਹਦੀ ਵਾਜ ਵਿੱਚ ਵੀ ਉਦਾਸੀ ਆ ਗਈ ਸੀ।

"ਤੁਸਾਂ ਉਸ ਕੁੱਤੇ ਦਾ ਫਾਹ ਨਾ ਵੱਢਿਆ ?"

ਸਰੋਤਿਆਂ ਦੇ ਦਿਲ ਕਾਹਲੇ ਪਏ ਹੋਏ ਸਨ। ਉਹ ਛੇਤੀ ਤੋਂ ਛੇਤੀ ਕਿਰਪਾਲ ਸਿੰਘ ਦੀ ਮੌਤ ਬਾਰੇ ਸੁਣਨਾ ਚਾਹੁੰਦੇ ਸਨ।

"ਸਾਡੀ ਸਲਾਹ ਤਾਂ ਓਸੇ ਵੇਲੇ ਕੰਡਾ ਕੱਢ ਦੇਣ ਦੀ ਸੀ, ਪਰ ਰਾਸ ਬਿਹਾਰੀ ਬੋਸ ਦੇ ਆਖਣ ਉੱਤੇ ਅਸੀਂ ਕੁਛ ਸਮੇਂ ਵਾਸਤੇ ਚੁੱਪ ਕਰਕੇ ਸਹਿ ਗਏ। ਪਿੱਛੋਂ ਕਿਰਪਾਲ ਸੁੰਹ ਨੂੰ ਮੁਲਤਾਨ ਮੁਰੱਬੇ ਮਿਲੇ। ਉਹ ਪਿੰਡ ਛੱਡ ਕੇ ਡਰਦਾ ਮੁਰੱਬਿਆਂ 'ਚ

ਜਾ ਵੱਸਿਆ। ਸਾਡੇ ਕੁਛ ਸਾਥੀ ਓਥੇ ਵੀ ਜਾ ਪੁੱਜੇ। ਸ਼ੇਰਾਂ ਨੇ ਕੌਮੀ-ਗ਼ਦਾਰ ਨੂੰ ਓਥੇ ਜਾ ਗਾੜ੍ਹਿਆ।" ਬਾਬੇ ਅਕਾਲੀ ਨੇ ਚੁਫੇਰੇ ਝਾਤੀ ਮਾਰ ਕੇ ਸਾਰਿਆਂ ਦੇ ਚਿਹਰਿਆਂ ਵੱਲ ਤਕਿਆ।

"ਹੈਥੇ ਰੱਖ। ਖਾ ਲੈ ਮਰੱਬਿਆਂ ਦੀਆਂ ਖੱਟੀਆਂ!" ਦੀਪੇ ਨੇ ਸਾਰਿਆਂ ਦੇ ਦਿਲ ਦੀ ਕਹੀ।

(ਉੱਨੀ ਫਰਵਰੀ, 1915 ਈ.) ਨੂੰ ਸਵੇਰੇ ਜਗਤ ਸਿੰਘ ਸੁਰਸਿੰਘੀਆ ਆਪਣਾ ਜੱਥਾ ਲੈ ਕੇ ਲਹੌਰ ਛੌਣੀ ਕੋਲ ਪੁੱਜਾ, ਤਾਂ ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਖੇਡ ਵਿਗੜ ਚੁੱਕੀ ਸੀ। ਕਿਰਪਾਲ ਸੁੰਹ ਵੱਲੋਂ ਭੇਤ ਮਿਲਣ 'ਤੇ ਸਰਕਾਰ ਨੇ ਸਭ ਪ੍ਰਬੰਧ ਕਰ ਲਿਆ ਸੀ। ਪੰਜਾਬੀ ਸਪਾਹੀਆਂ ਤੇ ਅਫ਼ਸਰਾਂ ਦੇ ਹਥਿਆਰ ਖੁਹ ਕੇ ਲੈਨ ਵਿੱਚ ਖੜੇ ਕਰ ਲਏ ਸਨ। ਉਹਨਾਂ ਦੇ ਸਿਰ 'ਤੇ ਬਾਂਦਰ ਮੂੰਹੇਂ ਗੋਰੇ ਸਿਪਾਹੀ ਰਫਲਾਂ ਤਾਣ ਕੇ ਖੜੇ ਸਨ। ਵੇਖ ਕੇ ਗ਼ਦਰੀਆਂ ਦਾ ਦਿਲ ਟੁੱਟ ਗਿਆ ਤੇ ਉਹ ਓਸੇ ਵੇਲੇ ਵੱਖੋ-ਵੱਖ ਹੋ ਕੇ ਖਿਸਕ ਗਏ।

"ਉਹ-ਹੋ!"

ਸਰੋਤੇ ਇਉਂ ਮਹਿਸੂਸ ਕਰ ਰਹੇ ਸਨ, ਜਿਵੇਂ ਉਹ ਆਪ ਸਾਰਾ ਯਤਨ ਕਰਕੇ ਹਾਰ ਗਏ ਹੋਣ।

"ਕਰਤਾਰ ਸਿੰਘ ਸਰਾਭਾ ਫ਼ਿਰੋਜ਼ਪੁਰ ਜੱਥਾ ਲੈ ਕੇ ਗਿਆ ਸੀ। ਉਹਦੀ ਸੇਵਾ ਓਥੇ ਲੱਗੀ ਹੋਈ ਸੀ। ਭਾਈ ਰਣਧੀਰ ਸਿੰਘ ਦਾ ਜੱਥਾ ਵੀ ਉਹਦੇ ਨਾਲ ਸੀ। ਰਾਜਨੀਤੀ ਏ ਨਾ। ਉਹਨਾਂ ਢੋਲਕੀ ਛੈਣੇ ਤੇ ਵਾਜੇ ਵੀ ਨਾਲ ਚੁੱਕੇ ਹੋਏ ਸਨ। ਉਹ ਚਾਂਦਮਾਰੀ ਮੈਦਾਨ ਵਿੱਚ ਪੁੱਜੇ, ਤਾਂ ਅੱਗੋਂ ਗਸ਼ਤੀ ਗਾਰਦ ਨੇ ਘੇਰ ਲਿਆ। ਜੱਥੇ ਵਾਲਿਆਂ ਨੇ ਆਪਣੇ ਸਾਜ ਵਿਖਾ ਕੇ ਦੱਸਿਆ ਕਿ ਉਹ ਤਾਂ ਕਿਸੇ ਪਰੇਮੀ ਦੇ ਘਰ ਕੀਰਤਨ ਕਰਨ ਜਾ ਰਹੇ ਨੇ। ਏਸ ਤਰ੍ਹਾਂ ਉਹ ਓਥੋਂ ਬਚ ਨਿਕਲੇ।"

"ਵਾਹ! ਆਹੰਦੇ ਨੇ ਨਾ, ਦਾਅ ਦਾਤਾ ਤੇ ਵੰਝ ਵਰਿਆਮ।" ਗਹਿਣੇ ਲੁਹਾਰ ਨੇ ਸਿਫ਼ਤ ਵਿੱਚ ਸਿਰ ਹਿਲਾ ਕੇ ਕਿਹਾ।

"ਜੱਥੇ ਦੇ ਨਾਲ ਕਿਰਪਾ ਸਿਹੁੰ ਸਪਾਹੀ ਵੀ ਸੀ, ਜੋ ਫ਼ੌਜ ਵਿੱਚੋਂ ਕੱਢਿਆ ਹੋਇਆ ਸੀ। ਪਤਾ ਲੈਣ ਵਾਸਤੇ ਉਹਨੂੰ ਬਾਰਕਾਂ ਵਿੱਚ ਭੇਜਿਆ ਗਿਆ। ਉਹ ਵਿਚਾਰਾ ਓਥੇ ਈ ਗ੍ਰਿਫ਼ਤਾਰ ਕਰ ਲਿਆ ਗਿਆ। ਅਸਲ ਵਿੱਚ ਉਹ ਬੰਦੇ, ਜੋ ਫ਼ੌਜ ਵਿੱਚ ਸਾਡੀ ਪਾਰਟੀ ਦੇ ਪੱਕੇ ਸਾਥੀ ਸਨ, ਇਕ ਦਿਨ ਪਹਿਲਾਂ ਹੀ ਫੜ ਲੈ ਗਏ ਸਨ। ਬਾਕੀ ਸਾਰੀ ਪਲਟਣ ਨੂੰ ਵੀ ਬੇ-ਹਥਿਆਰਾ ਕਰ ਦਿੱਤਾ ਗਿਆ ਸੀ।

ਸਾਰੀ ਰਾਤ ਓਥੇ ਭੰਨ ਕੇ ਸਾਰੇ ਲੋਕ ਥਾਂਓਂ ਥਾਂਈਂ ਮੁੜ ਗਏ। ਸਾਰਿਆਂ ਦੇ ਦਿਲ ਟੁੱਟ ਗਏ ਸਨ। ਲਹੌਰ ਦਾ ਪਤਾ ਸੁਰ ਕਰਨ ਵਾਸਤੇ ਕਰਤਾਰ ਸਿੰਘ ਸਰਾਭਾ ਤੇ ਇਕ ਹੋਰ ਸਾਥੀ ਲਹੌਰ ਜਾ ਪੁੱਜੇ। ਓਥੇ ਵੀ ਸਭ ਖੇਡ ਖ਼ਤਮ ਹੋ ਚੁੱਕੀ ਸੀ। ਸਰਾਭਾ

ਰਾਸ ਬਿਹਾਰੀ ਦੇ ਅੱਡੇ 'ਤੇ ਪੁੱਜਾ। ਅੱਗੋ ਉਹ ਵੀ ਬੜਾ ਉਦਾਸ ਬੈਠਾ ਸੀ। ਦੋਹਾਂ ਨੇ ਇਕ ਦੂਜੇ ਵੱਲ ਤੱਕਿਆ, ਪਰ ਕੁਛ ਕਹਿਣ ਸੁਣਨ ਦੀ ਹਿੰਮਤ ਕਿਸੇ ਵਿੱਚ ਵੀ ਨਹੀਂ ਸੀ। ਕਹਿੰਦੇ ਵੀ ਕੀ ? ਕਹਿਣ ਵਾਸਤੇ ਰਿਹਾ ਈ ਕੁਛ ਨਹੀਂ ਸੀ। ਸਾਰੀ ਕੀਤੀ ਕੱਤਰੀ 'ਤੇ ਪਾਣੀ ਫਿਰ ਗਿਆ ਸੀ। ਕਿੱਥੋਂ ਉਹ ਅਮਰੀਕਾ ਤੋਂ ਚੱਲੇ ਸਨ। ਏਥੇ ਆ ਕੇ ਤਲੀ 'ਤੇ ਸਿਰ ਰੱਖ ਕੇ ਉਹਨਾਂ ਰਾਤ ਦਿਨ ਇਕ ਕਰ ਛੱਡਿਆ ਸੀ ਤੇ ਇਕ ਚੰਡਾਲ ਨੇ ਬੇੜਾ ਗ਼ਰਕ ਕਰ ਦਿੱਤਾ।"

"ਠੀਕ ਆਹੰਦੇ ਨੇ, ਘਰ ਦਾ ਭੇਤੀ ਲੰਕਾ ਢਾਹੇ। ਜਾਹ ਉਇ ਖ਼ੁਦਾ ਦਿਆ ਧੱਕਿਆ ਹੋਇਆ।" ਗਹਿਣੇ ਲੁਹਾਰ ਦੇ ਧੁਰ ਅੰਦਰੋਂ ਬਦ-ਦੁਆ ਨਿਕਲੀ।

"ਵੀਹ ਤਰੀਕ ਨੂੰ ਸਵੇਰ ਤੋਂ ਈ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਅਰਜਨ ਸੁੰਹ ਤੇ ਕੁਛ ਹੋਰ ਬੰਦੇ ਲਹੌਰ ਫੜੇ ਗਏ। ਰਾਸ ਬਿਹਾਰੀ ਬੋਸ ਦੇ ਫੜੇ ਜਾਣ ਦਾ ਵੀ ਡਰ ਸੀ। ਹੁਣ ਉਹਨੂੰ ਲਹੌਰ ਵਿੱਚੋਂ ਕੱਢੇ ਕੌਣ ? ਇਹ ਕੰਮ ਕਰਤਾਰ ਸਿੰਘ ਸਰਾਭੇ ਨੇ ਆਪਣੇ ਜ਼ੁੰਮੇ ਲਿਆ। ਵੀਹ ਦੀ ਅੱਧੀ ਰਾਤ ਨੂੰ ਉਹ ਆਪਣੇ ਅੱਡੇ ਤੋਂ ਨਿਕਲ ਤੁਰੇ। ਦੋਹਾਂ ਨੇ ਖੁਲ੍ਹੀਆਂ ਬਾਂਹਾਂ ਵਾਲੇ ਕੁੜਤੇ ਪਾਏ ਹੋਏ ਸਨ ਤੇ ਤੇੜ ਲੱਠੇ ਦੀਆਂ ਧੂਹਵੀਆਂ ਚਾਦਰਾਂ। ਕਰਤਾਰ ਸਿੰਘ ਦੇ ਸਿਰ 'ਤੇ ਪੇਂਡੂਆਂ ਵਰਗੀ ਸਿੱਧ ਪੱਧਰੀ ਪੱਗ ਸੀ, ਪਰ ਰਾਸ ਬਿਹਾਰੀ ਸਿਰੋਂ ਨੰਗਾ। ਪੰਜਾਬੀ ਭਰਾਵੇ ਵਿੱਚ ਉਹ ਮੋਟਾ ਤਾਜਾ ਬੰਗਾਲੀ ਲੀਡਰ, ਚੰਗਾ ਪਹਿਲਵਾਨ ਜਾਪਦਾ ਸੀ। ਰਾਤੋ ਰਾਤ ਉਹਨੂੰ ਬਨਾਰਸ ਵੱਲ ਗੱਡੀ ਚੜ੍ਹਾ ਕੇ ਕਰਤਾਰ ਸਿੰਘ ਫਿਰ ਅੱਡੇ 'ਤੇ ਮੁੜ ਆਇਆ।

"ਰਾਸ ਬਿਹਾਰੀ ਬੋਸ ਸੁੱਖੀਂ ਸਾਂਦੀ ਬਨਾਰਸ ਪਹੁੰਚ ਗਿਆ, ਤੇ ਓਥੋਂ ਉਹ ਛੇਤੀ ਹੀ ਜਾਪਾਨ ਚਲਾ ਗਿਆ।

"ਅਗਲੇ ਦਿਨ ਜਗਤ ਸੁੰਹ ਸੁਰਸਿੰਘੀਆ ਵੀ ਲਹੌਰ ਸਰਾਭੇ ਕੋਲ ਪੁੱਜ ਗਿਆ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀ ਲਾਟ ਤੇ ਜਗਤ ਸਿੰਘ ਸੁਰ-ਸਿੰਘੀਆ, ਤਿੰਨਾਂ ਨੇ ਸਲਾਹ ਕੀਤੀ ਕਿ ਅਫ਼ਗ਼ਾਨਸਤਾਨ ਨੂੰ ਨੱਸ ਚੱਲੀਏ। ਓਥੋਂ ਪਠਾਣੀ ਫ਼ੌਜ ਦੀ ਮਦਦ ਨਾਲ ਉਹਨਾਂ ਦਾ ਇਰਾਦਾ ਸੀ, ਹਿੰਦੁਸਤਾਨ 'ਤੇ ਹਮਲਾ ਕਰਨ ਦਾ। ਓਸੇ ਰਾਤ ਨੂੰ ਉਹ ਤਿੰਨੇ ਲੈਲਪੁਰ ਨੂੰ ਤੁਰ ਪਏ। ਓਥੋਂ ਕਿਸੇ ਸਰਦਾਰ ਤੋਂ—ਹਾਂ, ਹਰਚੰਦ ਸਿੰਘ ਤੋਂ ਰਾਹ ਖ਼ਰਚ ਵਾਸਤੇ ਰੁਪਏ ਲੈ ਕੇ ਉਹਨਾਂ ਪਸ਼ੌਰ ਨੂੰ ਚਾਲੇ ਪਾ ਦਿੱਤੇ। ਪਸ਼ੌਰੋਂ ਅਗ੍ਹਾਂ ਕਾਬਲੀਏ ਦੀ ਹੱਦ ਉੱਤੇ ਮਿਚਨੀ ਜਾ ਪੁੱਜੇ ਉਹ। ਇਕ ਦੋ ਦਿਨ ਉਹ ਤਿੰਨੇ ਜਣੇ ਓਥੇ ਅਗਲੇ ਪ੍ਰੋਗਰਾਮ ਬਾਰੇ ਸਲਾਹੀਂ ਕਰਦੇ ਰਹੇ। ਘੱਟ ਭਾਵੇਂ ਤਿੰਨਾਂ ਵਿਚੋਂ ਕੋਈ ਨਹੀਂ ਸੀ, ਪਰ ਕਰਤਾਰ ਸਿੰਘ ਸਰਾਭਾ ਕੁਛ ਬਹੁਤਾ ਹੀ ਜੁਸ਼ੀਲਾ ਸੀ। ਇਕ ਦਿਨ ਬੈਠਿਆਂ ਉਹਨੇ ਕਿਹਾ, 'ਕਿਉਂ ਭਈ ਟੁੰਡੀ ਲਾਟਾ! ਅਮਰੀਕਾ ਤੋਂ ਤਾਂ ਆਪਾਂ ਅੰਗਰੇਜ਼ਾਂ ਨਾਲ ਲੜਣ ਵਾਸਤੇ ਤੁਰੇ ਸਾਂ, ਤੇ ਹੁਣ ਜਾਨਾਂ ਬਚੌਣ ਵਾਸਤੇ

ਅਫ਼ਗਾਨਿਸਤਾਨ ਨੂੰ ਭੱਜੇ ਜਾਂਦੇ ਆਂ ? ਸਾਥੋਂ ਤਾਂ ਭਰਾਵਾ, ਇਹ ਗੀਦੀਪੁਣਾ ਨਹੀਂ ਹੁੰਦਾ। ਚੱਲੋ ਮੁੜੋ ਪਿਛਾਂਹ। ਕਿਤੇ ਆਪਣੇ ਸਾਰੇ ਬੰਦੇ ਤਾਂ ਨਹੀਂ ਫੜੇ ਮਾਰੇ ਗਏ। ਨਵੇਂ ਸਿਰਿਓਂ ਸਾਰਿਆਂ ਨੂੰ ਜੱਥੇਬੰਦ ਕਰਕੇ ਉੱਦਮ ਕਰੀਏ। ਨਾਲੇ ਮੇਰਾ ਤਾਂ ਅਸੂਲ ਏ ਕਿ ਲੜਾਈ ਵਿੱਚ ਹਾਰ ਵੀ ਜਾਓ, ਤਾਂ ਪਰਵਾਹ ਨਹੀਂ ਪਰ ਹੌਸਲਾ ਨਾ ਹਾਰੋ। ਸਾਹ ਲੈ ਲੈ ਕੇ ਫੇਰ ਟੱਕਰ ਪਵੋ। ਕਦੇ ਨਾ ਕਦੇ ਤੁਹਾਡੀ ਹਾਰ ਜਿੱਤ ਵਿੱਚ ਬਦਲ ਜਾਵੇਗੀ। ਚਲੋ ਉਠੋ।' ਸਲਾਹ ਪੱਕੀ ਹੋ ਗਈ ਤੇ ਤਿੰਨੇ ਫੇਰ ਪਿਛਾਂਹ ਨੂੰ ਮੁੜ ਪਏ। ਰਾਹ ਵਿੱਚ ਜਗਤ ਸੂੰਹ ਨੇ ਦੱਸਿਆ ਕਿ ਸਰਗੋਧੇ ਦੀ ਬਾਰ ਵਿੱਚੋਂ ਆਪਾਂ ਨੂੰ ਰਫਲਾਂ ਮਿਲ ਸਕਦੀਆਂ ਨੇ। ਚੱਕ ਨੰਬਰ ਪੰਜ ਦੇ ਪੈਨਸ਼ਨੀ ਸਿਪਾਹੀ ਰਾਜਿੰਦਰ ਸਿੰਘ ਨੇ ਉਹਨੂੰ ਬੰਦੂਕਾਂ ਦੇਣ ਦਾ ਲਾਰਾ ਲਾਇਆ ਹੋਇਆ ਸੀ। ਸੋ ਤਿੰਨੇ ਪੰਜ ਚੱਕ ਵਿੱਚ ਆ ਪੁੱਜੇ। ਓਥੋਂ ਦਾ ਵੱਡਾ ਬੰਦਾ—ਜਾਂ ਕਹੋ, ਵੱਡਾ ਝੋਲੀ ਚੁੱਕ ਸੀ ਰਸਾਲਦਾਰ ਗੰਡਾ ਸੂੰਹ ਗੰਡੀਵਿੰਡੀਆ। ਰਾਜਿੰਦਰ ਸਿੰਘ ਨੇ ਅਗ੍ਹਾਂ ਉਹਦੇ ਨਾਲ ਗੱਲ ਗਿਣ ਛੱਡੀ ਸੀ। ਰਸਾਲਦਾਰ ਜਾ ਕੇ ਪੁਲਿਸ ਲੈ ਆਇਆ। ਏਸ ਤਰ੍ਹਾਂ ਉਹ ਤਿੰਨੇ ਸੂਰਮੇ ਧੋਖੇ ਨਾਲ ਫੜੇ ਗਏ।" (ਦੋ ਫ਼ਰਵਰੀ।)

"ਪੁਲਿਸ ਦੇ ਟਾਕਰੇ 'ਤੇ ਉਹਨਾਂ ਅੱਗੋਂ ਕੁਛ ਨਾ ਕੀਤਾ ?" ਸੱਜਣ ਸਿੰਘ ਨੇ ਸਵਾਲ ਕੀਤਾ। ਉਹਦੇ ਅੰਦਰ ਇਹ ਸੁਣਨ ਦੀ ਰੀਝ ਸੀ ਕਿ ਅੱਗੋਂ ਉਹਨਾਂ ਵੀ ਪੰਜ-ਦਸ ਪੁਲਸੀਏ ਮਾਰੇ ਹੁੰਦੇ।

"ਰਸਾਲਦਾਰ ਨੇ ਵਿਸਾਹ ਕੇ ਹਥਿਆਰ ਉਹਨਾਂ ਦੇ ਪਹਿਲਾਂ ਹੀ ਪਾਸੇ ਕੀਤੇ ਹੋਏ ਸਨ। ਉਹ ਨਿਹੱਥੇ ਅੱਗੋਂ ਕੀ ਕਰਦੇ ? ਤਿੰਨੇ ਛਾਤੀਆਂ ਤਾਣ ਕੇ ਖਲੋ ਗਏ। ਸੂਰਮਿਆਂ ਦੇ ਚਿਹਰਿਆਂ 'ਤੇ ਉਦਾਸੀ ਦਾ ਨਾਂ ਤਕ ਨਹੀਂ ਸੀ। ਮਖ : ਜਿਹਲ ਵਿੱਚ ਲਾਹੌਰ ਕੱਠੇ ਹੋ ਰਹੇ ਆਂ ਨਾ। ਚਿੰਤਾ ਜਾਂ ਅਫ਼ਸੋਸ ਤਾਂ ਸ਼ੇਰਾਂ ਦੇ ਕਿਤੇ ਨੇੜੇ-ਨੇੜੇ ਨਹੀਂ ਸੀ ਢੁੱਕਾ ਕਿ ! ਹਰ ਵੇਲੇ ਗ਼ਦਰ ਦੀ ਗੂੰਜ ਤੇ ਜਾਂ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਹਿੰਦੇ ਸਾਂ। ਮੈਂ ਪੰਜ-ਦਸ ਦਿਨ ਪਿੱਛੋਂ ਕਸੂਰੋਂ ਫੜਿਆ ਗਿਆ ਸਾਂ। ਏਸੇ ਤਰ੍ਹਾਂ ਕੋਈ ਕਿਤੋਂ, ਕੋਈ ਕਿਤੋਂ ਫੜ ਕੇ ਲਹੌਰ ਵੱਡੀ ਜਿਹਲ ਵਿੱਚ ਕੱਠੇ ਕਰ ਦਿੱਤੇ। ਕਿਤੇ ਤੁਹਾਨੂੰ ਜਿਹਲ ਦੀਆਂ ਗੱਲਾਂ ਸੁਣਾਈਏ, ਤਾਂ ਦਿਨ ਛੱਡਿਆ, ਰਾਤ ਵੀ ਏਥੇ ਨਿਭ ਜਾਏ। ਖ਼ੈਰ ਫੇਰ ਕਿਸੇ ਦਿਨ ਸਹੀ।

"ਪੰਜ-ਕੁ ਮਹੀਨੇ ਮੁਕੱਦਮਾ ਚਲਦਾ ਰਿਹਾ। ਜੱਜ ਜਿਹਲ ਦੇ ਵਿਚੇ ਕਚਹਿਰੀ ਲਾ ਕੇ ਮੁਕੱਦਮਾ ਸੁਣਦੇ ਸਨ। ਜਿਹੜੇ ਵਿੱਚੋਂ ਭੈੜੇ ਪੈ ਕੇ ਵਹਿਦਾ ਮਾਫ਼ ਉਗਾਹ ਬਣ ਗਏ; ਉਹਨਾਂ ਦੀ ਗੱਲ ਛੱਡੋ, ਬਾਕੀ ਸਾਰੇ ਸੂਰਮਿਆਂ ਵਾਂਗ ਅਡੋਲ ਰਹੇ। ਕਰਤਾਰ ਸਿੰਘ ਸਰਾਭੇ ਨੇ ਜੱਜਾਂ ਅੱਗੇ ਬਿਆਨ ਦੇਂਦਿਆਂ ਸਾਰੇ ਜੁਰਮ ਆਪਣੇ ਸਿਰ ਲੈ ਲਏ। ਫਿਰ ਜੱਜਾਂ ਨੇ ਪੁੱਛਿਆ ਕਿ ਤੇਰੇ ਸਾਥੀ ਕੌਣ-ਕੌਣ ਹਨ ? ਉਹਨਾਂ ਦੇ ਨਾਂ ਦੱਸ। ਤਾਂ

ਅੱਗੋਂ ਸ਼ੇਰ ਨੇ ਬੜਾ ਸੋਹਣਾ ਜਵਾਬ ਦਿੱਤਾ। ਅਖੇ : ਸਾਰੇ ਹਿੰਦੁਸਤਾਨੀ ਮੇਰੇ ਨਾਲ ਨੇ। ਸਭ ਹਿੰਦੂ ਸਿੱਖ ਮੁਸਲਮਾਨ ਗ਼ਦਰ ਪਾਰਟੀ ਦੇ ਮੈਂਬਰ ਨੇ, ਜਿੰਨੇ ਤੁਹਾਡਾ ਦਿਲ ਕਰੇ, ਫੜ ਲਵੋ। ...ਅਖ਼ੀਰ (13 ਸਤੰਬਰ, 1915) ਮੁਕੱਦਮੇ ਦਾ ਫ਼ੈਸਲਾ ਸੁਣਾ ਦਿੱਤਾ ਗਿਆ। ਸਰਾਭੇ ਸਣੇ ਚੌਵੀ ਸੂਰਮਿਆਂ ਨੂੰ ਫਾਂਸੀ ਦਾ ਹੁਕਮ ਹੋਇਆ। ਇਸ ਤੋਂ ਕੁਛ ਵਧੇਰੇ ਬੰਦਿਆਂ ਨੂੰ ਉਮਰ ਕੈਦ ਦੀ ਸਜ਼ਾ ਬੋਲੀ। ਮੇਰਾ ਨਾਂ ਉਹਨਾਂ ਵਿੱਚ ਸੀ। ਕੁਝ ਕੁ ਨੂੰ ਘੱਟ ਸਜ਼ਾਵਾਂ ਵੀ ਹੋਈਆਂ। ਇਹ ਸਿਰਫ਼ ਇਕ ਮੁਕੱਦਮੇ ਦੀ ਗਿਣਤੀ ਏ। ਬਾਕੀ, ਹੋਰ ਕੋਈ ਮੁਕੱਦਮੇ ਚੱਲੇ ਸਨ, ਤੇ ਸਾਰਿਆਂ ਵਿੱਚ ਕੋਈਆਂ ਨੂੰ ਫਾਂਸੀ ਤੇ ਕੋਈਆਂ ਨੂੰ ਉਮਰ ਕੈਦ ਹੋਈ ਸੀ।

"ਜਿਉਂ-ਜਿਉਂ ਫਾਂਸੀ ਲੱਗਣ ਦਾ ਦਿਨ ਨੇੜੇ ਔਂਦਾ ਜਾਂਦਾ, ਸੂਰਮਿਆਂ ਦੇ ਚਿਹਰੇ ਭੱਖ ਕੇ ਲਾਲ ਹੁੰਦੇ ਜਾਂਦੇ। ਸਰਾਭਾ ਹਰ ਵੇਲੇ ਕੋਈ ਨਾ ਕੋਈ ਜੁਸ਼ੀਲੀ ਕਵਿਤਾ ਪੜ੍ਹਦਾ ਰਹਿੰਦਾ, ਤੇ ਗੱਲਾਂ ਕਰਦਿਆਂ ਉਹ ਸਦਾ ਇਕੋ ਗੱਲ ਕਿਹਾ ਕਰਦਾ, 'ਯਾਰ, ਛੇਤੀ-ਛੇਤੀ ਫਾਂਸੀ ਲੈਣ, ਤਾਂ ਅਗਲੇ ਵਰ੍ਹੇ ਜਨਮ ਲੈ ਕੇ ਅੰਗਰੇਜ਼ਾਂ ਨਾਲ ਲੜਣ ਵਾਲੇ ਬਣੀਏਂ।' ਅਖ਼ੀਰ ਉਹ ਦਿਨ ਆ ਗਿਆ। ਆਹ ਕਿਹੜਾ ਸਾਲ ਜਾਂਦਾ ਏ ? ਅੰਗਰੇਜ਼ਾਂ ਦਾ ਸੰਨ ਚੌਂਤੀ ਏ ਨਾ। ਤੇ ਸਰਾਭੇ ਹੋਰੀਂ ਸ਼ਹੀਦ ਹੋਏ ਸਨ, ਸੰਨ ਪੰਦਰਾਂ (16 ਨੰਵਬਰ, 1915) ਵਿੱਚ। ਪਰ ਜਿੰਨਾ ਚਿਰ ਦੁਨੀਆਂ ਰਹੇਗੀ, ਮਰਦ ਜਿਊਂਦੇ ਰਹਿਣਗੇ।"

"ਵਾਹ! ਜੀਹਦਾ ਨਾਂ ਪਿੱਛੇ ਹੈ, ਉਹ ਸਦਾ ਈ ਜਿਊਂਦਾ ਏ।" ਗਹਿਣੇ ਲੁਹਾਰ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਕਿਹਾ।

"ਉਹ ਸਾਰੇ ਫਾਂਸੀ ਲਾ ਦਿੱਤੇ ਗਏ ?" ਸੱਜਣ ਸਿੰਘ ਨੇ ਪੁੱਛਿਆ।

"ਨਹੀਂ। ਸਣੇ ਸਰਾਭੇ ਸੱਤਾਂ ਨੂੰ ਫਾਂਸੀ ਲਾਇਆ ਗਿਆ। ਬਾਕੀ ਸਤਾਰਾਂ ਦੀ ਸਜ਼ਾ ਵਾਇਸਰਾਏ ਨੇ ਫਾਂਸੀ ਦੀ ਥਾਂ ਉਮਰ ਕੈਦ ਕਰ ਦਿੱਤੀ ਸੀ। ਕੁਛ ਉਮਰ ਕੈਦੀਆਂ ਦੀ ਸਜ਼ਾ ਵੀ ਘਟਾ ਦਿੱਤੀ ਸੀ। ਪਿੱਛੋਂ ਸੰਨ ਵੀਹ ਵਿੱਚ ਇਕ ਸਰਕਾਰੀ ਐਲਾਨ ਰਾਹੀਂ ਬਹੁਤ ਸਾਰੇ ਕੈਦੀ ਰਿਹਾਅ ਕੀਤੇ ਗਏ। ਉਹਨਾਂ ਵਿੱਚ ਮੈਂ ਵੀ ਮਿੰਟਗੁਮਰੀ ਜੇਹਲ ਤੋਂ ਰਿਹਾ ਹੋਇਆ।"

"ਵਾਹ ਬਾਬਾ 'ਕਾਲੀਆ! ਸੂਰਮਿਆਂ ਦੀ ਗੱਲ ਸੁਣਾ ਕੇ ਖ਼ੁਸ਼ ਕਰ ਦਿੱਤਾ ਈ। ਕਿਤੇ ਅਸੀਂ ਵੀ ਉਹਨਾਂ ਦੇ ਨਾਲ ਹੁੰਦੇ ਤਾਂ।" ਦੀਪੇ ਨੇ ਅੰਗੜਾਈ ਲੈਂਦਿਆਂ ਕਿਹਾ।

"ਉਇ ਹੁਣ ਕੀ ਹੋ ਗਿਆ ਏ। ਰਾਗ ਮੁਕ ਗਿਆ ਏ, ਜਾਂ ਤਾਰ ਟੁੱਟ ਗਈ ਏ। ਅਜੇ ਕਿਹੜਾ ਅੰਗਰੇਜ਼ ਨਿਕਲ ਗਿਆ ਏ। ਤੁਸੀਂ ਤਿਆਰ ਰਹੋ। ਵੇਖੋ, ਫੇਰ ਸਮਾਂ ਆਇਆ ਖਲਾ ਏ।" ਬਾਬੇ ਅਕਾਲੀ ਨੇ ਆਉਣ ਵਾਲੇ ਸਮੇਂ ਲਈ ਤਿਆਰ ਰਹਿਣ ਦੀ ਪ੍ਰੇਰਨਾ ਕੀਤੀ।

"ਔਣ ਦਿਹ ਸਮਾਂ। ਹੁਣ ਪਿਛਾਂਹ ਕੋਈ ਨਹੀਂ ਹਟਦਾ।" ਸੱਜਣ ਸਿੰਘ ਨੇ ਵੀ ਸਰੀਰ ਛੰਡਦਿਆਂ ਕਿਹਾ।

"ਭਲਾ ਬਾਬਾ 'ਕਾਲੀਆ! ਤੂੰ ਵੀ ਡਾਕੇ ਮਾਰਨ ਵਿੱਚ ਕਦੇ ਨਾਲ ਗਿਆ ਸੈਂ ?" ਮਹੰਦੇ ਕੰਮਿਹਾਰ ਨੇ ਪੁੱਛਿਆ। "ਤੂੰ ਤਾਂ ਕਿਸੇ ਦਾ ਪੱਤਾ ਤੱਕ ਨਹੀਂ ਛੇੜਦਾ।"

"ਉਇ ਬੁੱਧੂਆ! ਅਸੀਂ ਡਾਕੇ ਕਿਤੇ ਆਪਣੇ ਵਾਸਤੇ ਮਾਰਦੇ ਸਾਂ ? ਸਗੋਂ ਅਸੀਂ ਤਾਂ ਪੈਸੇ-ਪੈਸੇ ਦਾ ਹਿਸਾਬ ਰੱਖਦੇ ਸਾਂ। ਤੇ ਸਾਡਾ ਪ੍ਰੋਗਰਾਮ ਸੀ ਕਿ ਅਜ਼ਾਦੀ ਪਿੱਛੋਂ ਸਾਰਿਆਂ ਨੂੰ ਸਭ ਕੁਛ ਮੋੜ ਦਿੱਤਾ ਜਾਵੇਗਾ।"

"ਤੇ ਤਾਈ ਸਾਡੀ ਤੈਨੂੰ ਏਸ ਪਾਸਿਓਂ ਰੋਕਦੀ ਨਹੀਂ ਸੀ ? ਹਰ ਵੇਲੇ ਜਾਨ ਦਾ ਖ਼ਤਰਾ। ਸਾਡੀਆਂ ਨੇ ਤਾਂ ਪੈਰਾਂ ਵਿੱਚ ਬੇੜੀਆਂ ਪਾਈਆਂ ਹੋਈਆਂ ਨੇ। ਕਿਤੇ ਔਥੋਂ ਤੱਕ ਨਹੀਂ ਹਿੱਲਣ ਦੇਂਦੀਆਂ।" ਉਮਰ ਦੀਨ ਚੋਖੇ ਚਿਰ ਦਾ ਸੋਚ ਰਿਹਾ ਸੀ ਇਹ ਸਵਾਲ ਕਰਨ ਵਾਸਤੇ। ਉਹਨੂੰ ਡਰ ਸੀ ਕਿ ਉਹਦੀ ਹੁਸੈਨਾ ਉਹਨੂੰ ਕਦੇ ਵੀ ਏਹੋ ਜੇਹੇ ਜਾਨ ਜੋਖੋਂ ਵਾਲੇ ਰਾਹੇ ਪੈਰ ਨਾ ਧਰਨ ਦੇਵੇ।

"ਅਸੀਂ ਘਰ ਆ ਕੇ ਦਸਦੇ ਥੋੜ੍ਹਾ ਸਾਂ। ਨਾ-ਜਾਣੀਏਂ, ਕਿਤੇ ਗੱਲ ਨਿਕਲ ਜਾਵੇ।"

"ਭਈ, ਬਾਬਾ 'ਕਾਲੀਆ! ਇਕ ਗੱਲ ਦੱਸ। ਸੁਣਿਆ ਏ, ਤੁਹਾਡਾ ਤਾਂ ਪ੍ਰੇਮ ਬੜਾ ਸੀ। ਭਲਾ ਮਾਈ ਖੇਮ ਕੌਰ ਕਦੇ ਯਾਦ ਵੀ ਔਂਦੀ ਏ, ਜਾਂ ਨਹੀਂ।" ਦੀਪੇ ਨੇ ਪੀਡਾ ਜਿਹਾ ਮੂੰਹ ਬਣਾ ਕੇ ਪੁੱਛਿਆ। ਉਹਦੇ ਜਵਾਨ ਦਿਲ ਵਿੱਚ ਪਿਆਰ ਭਰੀ ਸ਼ਰਾਰਤ ਮਚਲ ਆਈ ਸੀ।

"ਯਾਦ ? ਕਿਸੇ ਵੇਲੇ ਭੁੱਲਦੀ ਹੀ ਨਹੀਂ। ਉਹ ਬੜੀ ਬਹਾਦਰ ਇਸਤਰੀ ਸੀ। ਉਹ ਆਪਣੇ ਧਰਮ ਪਿੱਛੇ ਸ਼ਹੀਦ ਹੋ ਗਈ ਸੀ। ਉਹਦੇ ਵਰਗੀ....।"

ਸੁੱਤੇ ਹੀ ਬਾਬੇ ਅਕਾਲੀ ਦੀ ਨਿਗ੍ਹਾ ਦੀਪੇ ਦੇ ਚਿਹਰੇ 'ਤੇ ਪੈ ਗਈ। ਦੀਪਾ ਅੱਗੋਂ ਮੁਸਕੜੀਆਂ 'ਚ ਹੱਸ ਰਿਹਾ ਸੀ। ਬਾਬਾ ਅਕਾਲੀ ਉਹਦੀ ਦਿਲ-ਲਗੀ ਨੂੰ ਤਾੜ ਗਿਆ।

"ਉ ਬਦਮਾਸ਼ੋ! ਤੁਸੀਂ ਬੜੇ ਭੈੜੇ ਜੇ। ਤੁਸਾਂ ਮੇਰੇ ਕਲੇਜੇ ਦੇ ਜ਼ਖ਼ਮ ਛਿੱਲ ਦਿੱਤੇ ਨੇ।" ਬਾਬਾ ਅਕਾਲੀ ਗੁੱਸੇ ਵਿੱਚ ਭੜਕ ਕੇ ਉੱਠ ਬੈਠਾ। "ਮੇਰੇ ਜ਼ਖ਼ਮਾਂ ਤੋਂ ਖਰੀਂਢ ਵਲੂੰਧਰ ਘੱਤੇ ਜੇ। ਤੁਸੀਂ ਸਾਰੇ—ਇਕ ਵਢਿਓਂ ਸਾਰੇ—ਬਦਮਾਸ਼ ਜੇ। ਪਹਿਲਾਂ ਮੈਥੋਂ ਗੱਲਾਂ ਸੁਣਦੇ ਓ, ਫੇਰ ਕੋਈ ਚੁਆਤੀ ਬਾਲ ਕੇ ਲਾ ਦੇਂਦੇ ਓ। ਤੁਸੀਂ ਸ਼ਤਾਨ ਕੱਠੇ ਹੋਏ ਹੋਏ ਓ। ਖੇਮ ਕੌਰ ਵਰਗੀ ਸ਼ਹੀਦ ਦਾ ਵੀ ਤੁਹਾਡੇ ਦਿਲ ਵਿੱਚ ਕੋਈ ਸਤਿਕਾਰ ਨਹੀਂ। ਮੈਂ ਮੁੜਕੇ ਕਦੇ ਤੁਹਾਡੇ ਨਾਲ ਕਲਾਮ ਨਹੀਂ ਕਰਨੀ। ਤੁਸੀਂ ਉਚੱਕੇ ਕੱਠੇ ਹੋਏ-ਹੋਏ ਓ। ਤੁਹਾਡੀਆਂ ਪੂੰਨੀ ਤਕ ਘੁੰਡ ਕੱਢਣ ਵਾਲੀਆਂ ਖੇਮ ਕੌਰ ਦੇ ਪੈਰ ਵਰਗੀਆਂ

ਨਹੀਂ। ਹਾਹੋ। ਖੇਮ ਕੌਰ ਸ਼ਹੀਦ ਏ, ਸ਼ਹੀਦ। ਉਹਦੀ ਯਾਦ...ਉਹਦੀ ਯਾਦ...।" ਤੇ ਉਹਦੀ ਯਾਦ ਵਿੱਚ ਬਿਹਬਲ ਬਾਬਾ ਅਕਾਲੀ ਬੁੜ-ਬੁੜਾਉਂਦਾ ਆਪਣੇ ਘਰ ਜਾ ਵੜਿਆ।

"ਦੀਪ ਸਿਹਾਂ! ਤੂੰ ਭਈ, ਚੰਗਾ ਨਹੀਂ ਕੀਤਾ। ਬਾਬੇ 'ਕਾਲੀ ਦਾ ਦਿਲ ਦੁਖਾ ਦਿੱਤਾ ਈ।' ਗਹਿਣੇ ਲੁਹਾਰ ਨੇ ਅਫ਼ਸੋਸ ਵਿੱਚ ਸਿਰ ਹਿਲਾ ਕੇ ਕਿਹਾ।

"ਮੁੰਡਾ ਏ ਨਾ ਅਜੇ। ਕਿਸੇ-ਕਿਸੇ ਵੇਲੇ ਕੋਈ ਯਭਲੀ ਮਾਰ ਦੇਂਦਾ ਏ। ਭਲਾ ਇਹ ਵੇਲਾ ਸੀ, ਇਹੋ ਜਿਹਾ ਹਾਸਾ ਠੱਠਾ ਕਰਨ ਦਾ ?" ਕੋਲੋਂ ਸੱਜਣ ਸਿੰਘ ਨੇ ਵੀ ਗਹਿਣੇ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ।

"ਉ ਯਾਰ! ਐਵੇਂ ਹਾਸੇ ਭਾਣੇ ਈ ਗ਼ਲਤੀ ਹੋ ਗਈ। ਮੈਨੂੰ ਏਹੋ ਜੇਹੀ ਗੱਲ ਨਹੀਂ ਸੀ ਕਰਨੀ ਚਾਹੀਦੀ।" ਦੀਪੇ ਨੇ ਵੀ ਆਪਣੀ ਭੁੱਲ ਮੰਨ ਕੇ ਸਿਰ ਝੁਕਾਅ ਲਿਆ।

## 6

ਰਾਤ ਅੱਧੀ ਬੀਤ ਗਈ ਸੀ, ਪਰ ਬਾਬੇ ਅਕਾਲੀ ਦੇ ਅੰਦਰ ਦੀਵਾ ਜਗ ਰਿਹਾ ਸੀ। ਗਰਮੀ ਦੀ ਰੁੱਤ ਵਿੱਚ ਵੀ ਉਹ ਅੰਦਰੋਂ ਕੁੰਡਾ ਮਾਰ ਕੇ ਆਪਣੇ ਕਮਰੇ ਵਿੱਚ ਟਹਿਲ ਰਿਹਾ ਸੀ। ਕੱਚਾ ਕਮਰਾ ਜਾਂ ਕੋਠਾ ਬਿਲਕੁਲ ਕਾਲ-ਕੋਠੜੀ ਵਰਗਾ ਸੀ, ਜਿਸ ਨੂੰ ਕੋਈ ਬਾਰੀ ਜਾਂ ਰੋਸ਼ਨਦਾਨ ਨਹੀਂ ਸੀ। ਸਿਰਫ਼ ਸਾਢੇ ਤਿੰਨ ਫੁੱਟ ਚੌੜਾ ਇਕੋ ਇਕ ਬੂਹਾ ਸੀ ਤੇ ਉਹ ਵੀ ਉਸ ਵੇਲੇ ਬੰਦ ਸੀ। ਅੰਦਰ ਸਾਮ੍ਹਣੀ ਕੰਧ ਨਾਲ ਇਕ ਛੇ ਫੁੱਟ ਉੱਚਾ ਤੇ ਚਾਰ ਫੁੱਟ ਚੌੜਾ ਲੱਕੜੀ ਦਾ ਸੰਦੂਕ ਸੀ, ਜਿਸ ਦੇ ਸਾਮ੍ਹਣੇ ਮੱਥੇ ਛੋਟੇ-ਛੋਟੇ ਸ਼ੀਸ਼ੇ ਲੱਗੇ ਹੋਏ ਸਨ। ਸੰਦੂਕ ਉੱਤੇ ਕੀਤਾ ਹੋਇਆ ਰੰਗ ਰੋਗ਼ਨ ਫਿੱਕਾ ਪੈ ਗਿਆ ਸੀ, ਪਰ ਉੱਪਰ ਘੱਟਾ ਕੋਈ ਨਹੀਂ ਸੀ। ਰੰਗ ਫਿੱਕਾ ਪੈ ਗਿਆ ਸੀ ਵੀਹ ਸਾਲ ਪੁਰਾਣਾ ਹੋਣ ਕਰਕੇ, ਤੇ ਘੱਟਾ ਮਿੱਟੀ ਇਸ ਵਾਸਤੇ ਨਹੀਂ ਸੀ ਜੰਮਿਆ, ਕਿਉਂਕਿ ਦੂੱਜੇ ਚੌਥੇ ਦਿਨ ਉਹਨੂੰ ਪਿਆਰ ਵਾਲਾ ਹੱਥ ਝਾੜਦਾ ਰਹਿੰਦਾ ਸੀ। ਉਸ ਦੇ ਲਾਗੇ ਇਕ ਰੰਗੀਲਾ ਪਲੰਘ ਵਿਛਿਆ ਹੋਇਆ ਸੀ। ਪਲੰਘ ਦੀ ਪੈਂਦ ਵੱਲ ਇਕ ਸੂਤ ਦਾ ਉਣਿਆ ਹੋਇਆ ਦਰਮਿਆਨਾ ਮੰਜਾ ਖਲਾ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਦੋ ਟੀਨ ਦੇ ਟਰੰਕ, ਇਕ ਪੀਹੜਾ, ਦੋ ਤਿੰਨ ਘੜੇ, ਇਕ ਦਾਣਿਆਂ ਦੀ ਬੋਰੀ ਤੇ ਪੰਜ ਸੱਤ ਚੌਂਕੇ ਦੇ ਭਾਂਡੇ ਪਏ ਸਨ। ਕਮਰਾ ਬਾਰਾਂ ਫੁੱਟ ਚੌੜਾ ਤੇ ਵੀਹ ਫੁੱਟ ਲੰਮਾ ਸੀ। ਏਨੇ ਥੋੜ੍ਹੇ ਸਾਮਾਨ ਨਾਲ ਉਹ ਭਰਿਆ-ਭਰਿਆ ਮਾਲੂਮ ਨਹੀਂ ਸੀ ਹੁੰਦਾ।

ਪਲੰਘ ਦੀ ਚਿੱਟੀ ਵਿਛਾਈ ਉੱਤੇ ਦੋ ਜ਼ਨਾਨੇ ਸੂਟ ਪਏ ਸਨ। ਉਹ ਬਹੁਤੇ ਹੰਢੇ ਹੋਏ ਨਹੀਂ ਸਨ, ਪਰ ਪਏ-ਪਏ ਬੋਡੇ ਜ਼ਰੂਰ ਹੋ ਗਏ ਸਨ। ਉਹਨਾਂ ਦੇ ਸ਼ੋਖ਼ ਰੰਗ ਦੱਸਦੇ

ਸਨ ਕਿ ਉਹ ਕਿਸੇ ਨਵੀਂ ਵਿਆਹੀ ਮੁਟਿਆਰ ਦਾ ਉਤਾਰ ਸਨ। ਇਕ ਸੂਟ ਉੱਤੇ ਹਾਥੀ-ਦੰਦ ਦੀਆਂ ਦੋ ਟੁੱਟੀਆਂ ਹੋਈਆਂ ਚੂੜੀਆਂ ਵੀ ਪਈਆਂ ਸਨ। ਤੇਜ਼ ਕਦਮੀਂ ਟਹਿਲਦਾ ਬਾਬਾ ਅਕਾਲੀ ਵਿੱਚੋਂ ਵਾਰੋਂ ਉਹਨਾਂ ਸੂਟਾਂ ਵੱਲੋ ਝਾਤੀ ਮਾਰ ਲੈਂਦਾ। ਉਸ ਵੇਲੇ ਉਹਦੀਆਂ ਅੱਖਾਂ ਵਿੱਚ ਬੜੀ ਅਨੋਖੀ ਚਮਕ ਆ ਜਾਂਦੀ। ਉਹ ਦੋ ਸੂਟ ਤੇ ਟੁੱਟੀਆਂ ਹੋਈਆਂ ਚੂੜੀਆਂ ਉਹਦੀ ਜ਼ਿੰਦਗੀ ਦਾ ਕੀਮਤੀ ਸਰਮਾਇਆ ਸੀ।

ਉਹਦੇ ਅੰਦਰ ਅਥਾਹ ਹਲਚਲ ਮੱਚੀ ਹੋਈ ਸੀ। ਦੀਪੇ ਨੇ ਬੇ-ਮੌਕਿਆ ਸਵਾਲ ਕਰਕੇ ਬਾਬੇ ਅਕਾਲੀ ਦੇ ਜਜ਼ਬਾਤ ਭੜਕਾ ਦਿੱਤੇ ਸਨ। ਉਹ ਮਨ ਦੇ ਅੰਦਰੇ-ਅੰਦਰ ਕਹਿ ਰਿਹਾ ਸੀ, 'ਖੇਮ ਕੁਰੇ! ਸੁਣ ਲਿਆ ? ਦੀਪਾ ਪੁੱਛਦਾ ਸੀ ਕਿ ਕਦੇ ਮੈਨੂੰ ਤੇਰੀ ਯਾਦ ਵੀ ਔਂਦੀ ਏ ਜਾਂ ਨਹੀਂ। ਉਹ ਹੋ! ਲੋਕਾਂ ਨੂੰ ਸਾਡੇ ਪਿਆਰ ਉੱਤੇ ਵੀ ਸ਼ੱਕ ਹੋ ਰਿਹਾ ਏ। ਉਹ ਸਮਝਦੇ ਨੇ, ਮੈਂ ਬੁੱਢਾ ਹੋ ਗਿਆ ਹਾਂ। ਸਾਰੇ ਮੈਨੂੰ ਬਾਬਾ ਅਕਾਲੀ ਆਖ ਕੇ ਬੁਲੌਂਦੇ ਨੇ। ਏਸ ਵਾਸਤੇ ਉਹਨਾਂ ਦੇ ਖ਼ਿਆਲ ਵਿੱਚ ਮੇਰਾ ਪਿਆਰ ਵੀ ਬੁੱਢਾ ਹੋ ਗਿਆ ਏ। ਹੁਣ ਮੇਰੇ ਅੰਦਰੋਂ ਤੇਰੀ ਯਾਦ ਮੁੱਕ ਗਈ ਹੋਵੇਗੀ। ਉਹ ਕੀ ਜਾਨਣ, ਉਹ ਜਾਣ ਸਕਦੇ ਵੀ ਨਹੀਂ, ਕਿ ਇਸ ਚਿੱਟੇ ਦਾਹੜੇ ਵਾਲੇ ਤੇ ਜਿਹਲਾਂ ਦੇ ਮਾਰੇ ਹੋਏ ਸਰੀਰ ਵਿੱਚ ਵੀ ਦਿਲ ਹੈ, ਤੇ ਦਿਲ ਵਿੱਚ ਹੈ ਤੇਰਾ ਜੁਆਨ ਪਿਆਰ। ਤੂੰ ਓਦੋਂ ਮਸ੍ਹਾਂ ਅਠਾਰਾਂ ਜਾਂ ਹੱਦ ਉੱਨੀ ਸਾਲ ਦੀ ਹੋਵੇਂਗੀ, ਤੇ ਮੈਂ ਪੰਝੀ ਛੱਬੀ ਸਾਲ ਦਾ। ਵਿਆਹ ਵੇਰੀਂ ਮੈਂ ਤੇਰਾ ਮੂੰਹ ਵੀ ਸੁਆਰ ਕੇ ਨਹੀਂ ਸੀ ਵੇਖ ਸਕਿਆ। ਐਵੇਂ ਮਾੜੀ ਜੇਹੀ ਠੋਡੀ ਦਿਸੀ ਸੀ ਵਾਪਸ ਮੁੜਦੀ ਦੀ। ਜਾਂ ਮਛਲੀ ਦੇ ਹੇਠਲੇ ਪੱਤ। ਫੇਰ ਵੀ ਤੈਨੂੰ ਜਾਣ ਗਿਆ ਸਾਂ। ਗਾੱਨਾ ਖੇਡਦਿਆਂ ਤੇਰੇ ਹੱਥਾਂ ਦੀ ਮਾੜੀ ਜੇਹੀ ਛੁਹ। ਏਨੇ ਨਾਲ ਹੀ ਮੈਂ ਤੇਰੇ ਦਿਲ ਦੀ ਧੜਕਣ ਸੁਣ ਲਈ ਸੀ। ਬਿਨਾਂ ਵੇਖਿਆਂ ਈਂ ਪਿਆਰ ਪੈ ਗਿਆ। ਜੁਆਨ ਦਿਲ ਵਿੱਚ ਪਿਆਰ ਵਾਸਤੇ ਥਾਂ ਖ਼ਾਲੀ ਸੀ, ਤੇ ਉਹ ਜਗ੍ਹਾ ਤੂੰ ਭਰ ਦਿੱਤੀ। ਉਸ ਵੇਲੇ ਮੈਂ ਸਮਾਜ ਦੇ ਇਸ ਰਵਾਜ ਤੋਂ ਬੜਾ ਖਿਝਿਆ ਸਾਂ, ਜਿਸ ਨੇ ਵਿਆਹ ਵੇਲੇ ਸਾਨੂੰ ਇਕ ਦੂੱਜੇ ਦੇ ਮੱਥੇ ਵੀ ਨਾ ਲੱਗਣ ਦਿੱਤਾ। ਵਿਆਹ ਵੇਲੇ ਤੇਰਾ ਮੂੰਹ ਕੇਹੋ ਜੇਹਾ ਲੱਗਦਾ ਸੀ, ਇਹ ਜਾਨਣ ਦੀ ਰੀਝ ਹੀ ਰਹੀ। ਤੇਰੇ ਅੰਦਰ ਵੀ ਤਾਂ ਏਹੋ ਰੀਝ ਹੋਵੇਗੀ। ਅੰਤ ਤਿੰਨਾਂ ਮਹੀਨਿਆਂ ਦੇ ਲੰਮੇ ਵਿਛੋੜੇ ਪਿੱਛੋਂ ਤੂੰ ਮੁਕਲਾਵਾ ਆਈ। ਤੇ ਰਹੀ ਸਭੋ ਪੰਜ ਦਿਨ। ਉਹ ਪੰਜ ਦਿਨ ਸੁਰਗਾਂ ਵਰਗੇ। ਸਾਰੀ-ਸਾਰੀ ਰਾਤ ਆਪਾਂ ਗੱਲਾਂ ਕਰਦਿਆਂ ਨਿਭਾ ਦੇਣੀ। ਓਹੋ ਜੇਹੀਆਂ ਗੱਲਾਂ ਸਾਰੇ ਈ ਕਰਦੇ ਨੇ, ਪਰ ਦੂਸਰੇ ਨੂੰ ਕੋਈ ਨਹੀਂ ਦੱਸਦਾ। ਅਜੇ ਤੱਕ ਮੇਰੇ ਕੰਨਾਂ ਵਿੱਚ ਓਹਾ ਗੱਲਾਂ ਗੂੰਜਦੀਆਂ ਰਹਿੰਦੀਆਂ ਨੇ। ਤੇਰੀਆਂ ਅਹਿਨਾਂ ਨਸ਼ਾਨੀਆਂ ਵੱਲ ਵਿਹੰਦਾ ਆਂ, ਤਾਂ ਇਹਨਾਂ ਵਿੱਚੋਂ ਵੀ ਤੇਰੀ ਵਾਜ ਸੁਣਾਈ ਦੇਂਦੀ ਏ। ਆਹ ਦੋਵੇਂ ਚੂੜੀਆਂ ਮੁਕਲਾਵੇ ਵੇਰੀਂ ਈ ਮੇਥੋਂ ਟੁੱਟੀਆਂ ਸਨ। ਤੂੰ ਹਉਕਾ ਭਰ ਕੇ ਕਿਹਾ ਸੀ, "ਇਹ ਕੀ ਕੀਤਾ ਜੇ ? ਮੇਰਾ

ਸਗਨਾਂ ਦਾ ਚੂੜਾ। ਸਵਾ ਵਰ੍ਹੇ ਤੋਂ ਪਹਿਲਾਂ ਈ ਚੂੜੀਆਂ ਤੋੜ ਦਿੱਤੀਆਂ ਜੇ। ਬੇ-ਸ਼ਗਨੀ ਹੋ ਗਈ।" ਤੇਰੇ ਵਾਸਤੇ ਕਾਹਦੀ, ਮੇਰੇ ਵਾਸਤੇ ਬੇ-ਸ਼ਗਨੀ ਹੋ ਗਈ। ਤੂੰ ਤਾਂ ਸ਼ਹੀਦੀ ਪਾ ਗਈਓਂ। ਪਿੱਛੇ ਮੈਂ ਹੀ ਤੇਰੀ ਯਾਦ ਵਿੱਚ ਸੜਨ ਵਾਸਤੇ ਰਹਿ ਗਿਆ। ਹਾਂ, ਹਾਂ। ਤੂੰ ਸ਼ਹੀਦ ਹੈਂ। ਕੋਈ ਭਾਵੇਂ ਕੁਛ ਕਹੇ, ਮੈਂ ਤੈਨੂੰ ਸ਼ਹੀਦ ਮੰਨਦਾ ਹਾਂ। ਕਿਤੇ ਮੈਂ ਵੀ ਸ਼ਹੀਦ ਹੋ ਜਾਂਦਾ। ਆਪਾਂ ਹੁਣ ਤਕ ਫੇਰ ਮਿਲੇ ਹੁੰਦੇ। ਹੁਣ ਨੂੰ ਆਪਾਂ ਅਠਾਰਾਂ-ਉੱਨੀ ਸਾਲ ਦੇ ਜੁਆਨ ਹੋਣਾ ਸੀ। ਤੇਰੀ ਓਹਾ ਉਮਰ ਹੁੰਦੀ ਵਿਆਹ ਵੇਲੇ ਵਾਲੀ। ਪਰ ਮੇਰੇ ਭਾਗਾਂ ਵਿੱਚ ਸ਼ਹੀਦ ਹੋਣਾ ਨਹੀਂ ਸੀ ਲਿਖਿਆ। ਤੇਰੇ ਵਾਂਗ ਸਰਾਭਾ ਵੀ ਮੈਨੂੰ ਛੱਡ ਗਿਆ। ਫੇਰ ਵੀ ਤੁਹਾਡਾ ਦੋਹਾਂ ਦਾ ਕੋਈ ਕਸੂਰ ਨਹੀਂ। ਨਾ ਹੀ ਮੈਂ ਤੁਹਾਡੇ ਦੋਹਾਂ ਵਿੱਚੋਂ ਕਿਸੇ ਨਾਲ ਨਾਰਾਜ਼ ਹਾਂ। ਤੇਰਾ ਸਾਥ ਸਮਾਜ ਨੇ ਨਖੇੜ ਦਿੱਤਾ ਤੇ ਸਰਾਭੇ ਦਾ ਸਰਕਾਰ ਨੇ। ਉਹ! ਸਰਾਭੇ ਨੇ ਮੇਰੇ ਅੰਦਰ ਇਕ ਨਵੀਂ ਲਗਨ ਪੈਦਾ ਕਰ ਦਿੱਤੀ ਸੀ, ਨਵਾਂ ਇਸ਼ਕ ਜਗਾ ਦਿੱਤਾ ਸੀ, ਅਜ਼ਾਦੀ ਦਾ ਇਸ਼ਕ। ਪਰ ਉਸ ਨਾਲ ਤੇਰਾ ਪਿਆਰ ਮੇਰੇ ਦਿਲ ਵਿੱਚੋਂ ਘੱਟ ਨਹੀਂ ਸੀ ਗਿਆ। ਦੋਵੇਂ ਪਿਆਰ ਵੱਖਰੇ-ਵੱਖਰੇ ਢੰਗ ਦੇ ਸਨ। ਇਕ ਪਾਸੇ ਤੇਰਾ ਪਿਆਰ ਸੀ, ਇਕ ਪਾਸੇ ਦੇਸ਼ ਦਾ ਪਿਆਰ। ਤੇਰੇ ਨਾਲ ਗੁਜ਼ਾਰੇ ਹੋਏ ਦੋ ਸਾਲ। ਅਜੇ ਵੀ ਕਿਤੇ ਸੁੱਤਿਆਂ ਪਿਆਂ ਬਾਂਹੀਂ ਹਿੱਕ ਨਾਲ ਕੱਠੀਆਂ ਹੋ ਜਾਣ, ਤਾਂ ਮੈਨੂੰ ਇਉਂ ਭਾਸਦਾ ਏ, ਜਿਵੇਂ ਮੇਰੀਆਂ ਬਾਂਹੀਂ ਵਿੱਚ ਤੂੰ ਹੁੰਦੀ ਏਂ, ਓਹਾ ਅਠਾਰਾਂ-ਵੀਹ ਸਾਲ ਦੀ ਮੁਟਿਆਰ ਖੇਮੋ। ਮੈਂ ਬੁੱਢੜਾ ਹੋ ਗਿਆਂ, ਪਰ ਤੂੰ ਅਜੇ ਮੁਟਿਆਰ ਏਂ। ਮੈਨੂੰ ਤਾਂ ਬੁੱਢਾ ਕਰ ਦਿੱਤਾ ਏ ਅਹਿਨਾਂ ਬਾਬਾ ਆਖਣ ਵਾਲਿਆਂ ਨੇ। ਇਹ ਵੀ ਸੱਚੇ ਨੇ। ਪੰਜਾਂ ਵਰ੍ਹਿਆਂ ਦੀ ਕੈਦ ਨੇ ਮੈਨੂੰ ਸੱਚਮੁੱਚ ਬੁੱਢਿਆਂ ਕਰ ਦਿੱਤਾ ਸੀ। ਬੱਤੀਆਂ-ਤੇਤੀਆਂ ਵਰ੍ਹਿਆਂ ਦੀ ਉਮਰ ਵਿੱਚ ਈ ਮੇਰੇ ਦਾੜ੍ਹੀ ਤੇ ਸਿਰ ਦੇ ਵਾਲ ਅੱਧੇ ਚਿੱਟੇ ਹੋ ਗਏ ਸਨ। ਤੇ ਅਜੇ ਵੀ ਮੇਰੀ ਕਿਹੜੀ ਉਮਰ ਏ। ਮਸ੍ਹਾਂ ਛਤਾਲੀ ਸੰਤਾਲੀ ਸਾਲ। ਤੇ ਮੇਰੇ ਦਾੜ੍ਹੇ ਤੇ ਸਿਰ ਦੇ ਸਾਰੇ ਵਾਲ ਚਿੱਟੇ ਹੋ ਗਏ ਨੇ। ਵੇਖਣ ਵਾਲਾ ਮੈਨੂੰ ਸੱਠਾਂ ਵਰ੍ਹਿਆਂ ਤੋਂ ਘੱਟ ਨਹੀਂ ਸਮਝਦਾ। ਸਰੀਰ ਕੁੜ ਕੇ ਬੋਡਾ ਹੋ ਗਿਆ ਏ। ਸਰੀਰ ਵੀ ਕੀ ਕਰਦਾ। ਇਹਦੇ ਉੱਤੇ ਥੋੜ੍ਹੇ ਝੱਖੜ ਝੁੱਲੇ ਨੇ ? ਹੁਣ ਤੱਕ ਮੈਂ ਚਾਰ ਵਾਰ ਜੇਹਲ ਕੱਟ ਚੁੱਕਾ ਆਂ, ਤੇ ਤਿੰਨ ਵਾਰ ਸਰਕਾਰ ਪਾਸੋਂ ਮਾਰ ਖਾ ਚੁੱਕਾਂ। ਦੋ ਵਾਰ ਤਾਂ ਪਹਿਲੀ ਕੈਦ ਵੇਗੀਂ ਬੈਂਤ ਲੱਗੇ ਸਨ। ਪਹਿਲੀ ਵਾਰ ਸਰਾਭੇ ਦੇ ਸਾਮ੍ਹਣੇ ਤੀਹ ਬੈਂਤ ਲੱਗੇ ਸਨ। ਥੋੜੀ ਜੇਹੀ ਗੱਲ ਤੋਂ ਜੇਹਲ ਵਾਲਿਆਂ ਨਾਲ ਝਗੜਾ ਹੋ ਪਿਆ ਸੀ। ਅਸਲ ਵਿੱਚ ਉਹ ਸਾਨੂੰ ਦਬੋਣਾਂ ਚੌਂਹਦੇ ਸਨ ਤੇ ਅਸੀਂ ਦਬਾਅ ਮੰਨਦੇ ਨਹੀਂ ਸਾਂ। ਥੋੜ੍ਹੀ ਥੋੜ੍ਹੀ ਗੱਲੋਂ ਅਸੀਂ ਭੁੱਖ-ਹੜਤਾਲ ਕਰ ਦੇਂਦੇ ਸਾਂ। ਸੱਤਾਂ-ਅੱਠਾਂ ਵਰ੍ਹਿਆਂ ਦੀ ਕੈਦ ਵਿੱਚ ਮੈਂ ਸਾਰੀ ਇਕ ਸੌ ਸਤਾਰਾਂ ਦਿਨ ਭੁੱਖ ਹੜਤਾਲ ਕੀਤੀ ਏ। ਕੈਦੀਆਂ ਕੋਲ ਹੋਰ ਚਾਰਾ ਵੀ ਕੀ ਹੁੰਦਾ ਏ। ਭੁੱਖ ਹੜਤਾਲ ਈ ਉਹਨਾਂ ਦਾ ਸਭ ਤੋਂ ਵੱਡਾ ਹਥਿਆਰ ਸਮਝਿਆ ਜਾਂਦਾ

ਏ। ਉਂਞ ਭੁੱਖ ਹੜਤਾਲ ਵਰਗਾ ਹੋਰ ਕੋਈ ਕਸ਼ਟ ਨਹੀਂ। ਆਂਦਰਾਂ ਵੱਢੀ ਦੀਆਂ ਨੇ, ਲਹੂ ਔਣ ਲੱਗ ਪੈਂਦਾ ਏ, ਖਾਣ ਵਾਲੀਆਂ ਚੀਜ਼ਾਂ ਵੇਖ-ਵੇਖ ਕੇ ਮਨ ਕਲਪਦਾ ਏ। ਆਪਣੇ ਆਪ ਨੂੰ ਆਦਮੀ ਕੋਸਦਾ ਏ ਤੇ ਉਸ ਵੇਲੇ ਨੂੰ ਪਛਤੌਂਦਾ ਏ, ਜਦੋਂ ਉਹ ਰੋਹ ਵਿੱਚ ਆਇਆ ਭੁੱਖ-ਹੜਤਾਲ ਕਰ ਬੈਠਾ ਸੀ। ਹਰ ਵੇਲੇ ਅੰਦਰਲਾ ਏਹੋ ਲੋਚਦਾ ਰਹਿੰਦਾ ਏ ਕਿ ਦਾਅ ਲੱਗੇ, ਤਾਂ ਲੋਕਾਂ ਤੋਂ ਅੱਖ ਬਚਾ ਕੇ ਕੁਛ ਨਾ ਕੁਛ ਖਾ ਲਵਾਂ। ਬਸ, ਇਕੋ ਸਿਰੜ ਈ ਹੁੰਦਾ ਏ, ਜਿਸ ਆਸਰੇ ਬੰਦਾ ਕੱਟ ਲੈਂਦਾ ਏ।...ਤੇ ਖੇਮ ਕੁਰੇ! ਮੈਂ ਸਾਰੇ ਦੁੱਖ ਬੜੇ ਸਿਰੜ ਤੇ ਜਿਗਰੇ ਨਾਲ ਕੱਟੇ ਈ। ਤੂੰ ਇਕ ਵਾਰ ਪੁੱਛਿਆ ਸੀ ਨਾ, "ਤੁਸੀਂ ਚੁੱਪ ਕੀਤੇ ਈ ਕਿਧਰ ਖਿਸਕ ਜਾਂਦੇ ਹੁੰਦੇ ਜੇ ? ਐਨੀਆਂ-ਐਨੀਆਂ ਰਾਤਾਂ ਤੁਸੀਂ ਕਿੱਥੇ ਰਹਿੰਦੇ ਜੇ ? ਮੇਰਾ ਦਿਲ ਡਰਦਾ ਏ। ਵੇਖਿਓ ਕਿਤੇ ?" ਤੇ ਮੈਂ ਅੱਗੋਂ ਹੱਸ ਕੇ ਇਕੋ ਗੱਲ ਕਹੀ ਸੀ : "ਘਬਰਾ ਨਾ ਮੇਰੀ ਲਾਡੋ! ਮੈਂ ਕਦੇ ਕੋਈ ਏਹੋ ਜੇਹਾ ਕੰਮ ਨਹੀਂ ਕਰਾਂਗਾ, ਜਿਸ ਨਾਲ ਤੇਰਾ ਸਿਰ ਲੋਕਾਂ ਦੇ ਸਾਮ੍ਹਣੇ ਨੀਂਵਾਂ ਹੋਵੇ, ਜਾਂ ਤੈਨੂੰ ਕੋਈ ਉਲਾਹਮਾ ਦੇਵੇ।" ਤੇ ਵੇਖ ਲੈ, ਮੈਂ ਤੇਰਾ ਸਿਰ ਨੀਂਵਾਂ ਨਹੀਉਂ ਹੋਣ ਦਿੱਤਾ। ਮੈਂ ਸਾਰੇ ਤਸੀਹੇ ਸੂਰਮਿਆਂ ਵਾਂਗ ਝੱਲੇ ਨੇ। ਤੀਹ ਬੈਂਤ ਮਾਰ ਕੇ ਮੈਨੂੰ ਟਿਕਟਿਕੀ ਨਾਲੋਂ ਖੋਲ੍ਹਿਓ ਨੇ, ਤਾਂ ਮੈਂ ਸੱਜੀ ਬਾਂਹ ਉੱਚੀ ਕਰਕੇ ਜਕਾਰੇ ਛੱਡਣ ਲੱਗ ਪਿਆ। ਦਰੋਗੇ ਨੇ ਮੈਨੂੰ ਜ਼ਰਾ ਤਾਹਨੇ ਨਾਲ ਪੁੱਛਿਆ, "ਸੁਣਾ ਕਰਮ ਸਿਹਾਂ! ਕੀ ਹਾਲ ਈ ?" ਸੁਣ ਕੇ ਮੇਰਾ ਖ਼ੂਨ ਉਬਲ ਪਿਆ ਸੀ। ਮੈਂ ਮੱਥੇ 'ਤੇ ਘੂਰੀ ਪਾ ਕੇ ਤੇ ਛਾਤੀ ਫੁਲਾ ਕੇ ਓਸੇ ਵਰਗੀ ਬੋਲੀ ਵਿੱਚ ਜਵਾਬ ਦਿੱਤਾ, "ਉਇ, ਬਿੱਲਿਆਂ ਦਿਆ ਟੁਕੜ-ਬੋਚਾ! ਖ਼ਾਲਸਾ ਤਿਆਰ-ਬਰ-ਤਿਆਰ ਏ। ਮੈਨੂੰ ਹੁਣੇ ਫੇਰ ਟਿਕਟਿਕੀ ਨਾਲ ਬੰਨ੍ਹ ਦਿਹ, ਤੇ ਦਸ ਬੰਦੇ ਬੈਂਤ ਮਾਰਨ ਲਾ ਦਿਹ। ਮੈਂ ਓਨਾ ਚਿਰ ਬੈਂਤ ਖਾਂਦਾ ਰਹਾਂਗਾ, ਜਿੰਨਾ ਚਿਰ ਅੰਗਰੇਜ਼ ਏਥੋਂ ਨਿਕਲ ਨਹੀਂ ਜਾਂਦੇ।" ਮੇਰਾ ਇਹ ਉੱਤਰ ਸੁਣ ਕੇ ਸਾਰੇ ਸਾਥੀਆਂ ਨੇ ਜਕਾਰੇ ਛੱਡੇ ਸਨ, ਤੇ "ਕਰਮ ਸੁੰਹ ਜ਼ਿੰਦਾਬਾਦ" ਦੇ ਨਾਹਰੇ ਲਾਏ ਸਨ। ਕਰਤਾਰ ਸਿੰਘ ਸਰਾਭੇ ਨੇ ਮੈਨੂੰ ਹਿੱਕ ਨਾਲ ਘੁੱਟ ਕੇ ਕਿਹਾ ਸੀ; "ਕਰਮ ਸਿਹਾਂ! ਮੈਨੂੰ ਤੇਰੇ ਵਰਗੇ ਸਾਥੀਆਂ 'ਤੇ ਬੜਾ ਮਾਣ ਏਂ। ਸੋਹਣ ਸਿੰਘ ਭਕਨਾ ਵੀ ਜੇਹਲ ਵਿੱਚ ਸਾਡੇ ਨਾਲ ਈ ਹੁੰਦਾ ਸੀ। ਹੁਣ ਤਾਂ ਉਹਨੂੰ ਵੀ ਮੇਰੇ ਵਾਂਗ ਸਾਰੇ ਬਾਬਾ ਆਹੰਦੇ ਨੇ। ਮੇਰੇ ਨਾਲੋਂ ਉਹ ਥੋੜ੍ਹੇ ਵਰ੍ਹੇ ਈ ਵੱਡਾ ਏ। ਉਹ ਸਾਡੀ ਗ਼ਦਰ ਪਾਰਟੀ ਦਾ ਪ੍ਰਧਾਨ ਸੀ। ਉਹਨੇ ਮੇਰੀਆਂ ਮੌਰਾਂ ਥਾਪੜਦਿਆਂ ਕਿਹਾ ਸੀ, "ਕਰਮ ਸਿਹਾਂ! ਜਿਸ ਲਹਿਰ ਵਿੱਚ ਤੇਰੇ ਵਰਗੇ ਸਿਰੜੀ ਗਭਰੂ ਹੋਣ, ਉਹ ਕਦੇ ਨਹੀਂ ਮਰਦੀ। ਬੇਸ਼ੱਕ ਅਸੀਂ ਆਪਣੇ ਪ੍ਰੋਗਰਾਮ ਵਿੱਚ ਸਫਲ ਨਹੀਂ ਹੋਏ। ਵੇਖਣ ਵਾਲਿਆਂ ਨੂੰ ਜਾਪਦਾ ਏ, ਸਾਡੀ ਲਹਿਰ ਫੇਲ੍ਹ ਹੋ ਗਈ ਏ। ਅੰਗਰੇਜ਼ੀ ਸਰਕਾਰ ਨੇ ਸਾਨੂੰ ਦਬਾਅ ਲਿਆ ਏ, ਤੇ ਸਾਡੀ ਅਜ਼ਾਦੀ ਦੀ ਲਹਿਰ ਨੂੰ ਖ਼ਤਮ ਕਰ ਦਿੱਤਾ ਏ। ਪਰ ਯਾਦ ਰੱਖ, ਜਿਹੜੀ ਆਜ਼ਾਦੀ

ਦੀ ਭਾਵਨਾ ਅਸਾਂ ਲੋਕਾਂ ਵਿੱਚ ਪੈਦਾ ਕਰ ਦਿੱਤੀ ਏ, ਇਹ ਅਸਲੋਂ ਮਰਨ ਨਹੀਂ ਲੱਗੀ। ਅਸਾਂ ਦੇਸ਼ ਵਾਸੀਆਂ ਨੂੰ ਜਗਾ ਦਿੱਤਾ ਏ। ਤੇ ਜਾਗੀ ਹੋਈ ਜਨਤਾ ਓਨਾ ਚਿਰ ਮੋਰਚੇ ਲੈਂਦੀ ਰਹੇਗੀ, ਜਿੰਨਾ ਚਿਰ ਅੰਗਰੇਜ਼ ਏਥੋਂ ਚਲੇ ਨਹੀਂ ਜਾਂਦੇ। ਨਵੀਆਂ ਲਹਿਰਾਂ ਤੇ ਪਾਰਟੀਆਂ ਉੱਠਣਗੀਆਂ। ਭਲੇ ਈ ਉਹਨਾਂ ਦੇ ਨਾਂ ਤੇ ਕੰਮ ਕਰਨ ਦੇ ਢੰਗ ਵੱਖਰੇ ਹੋਣ, ਪਰ ਉਹਨਾਂ ਦਾ ਨਿਸ਼ਾਨਾ ਦੇਸ਼ ਦੀ ਆਜ਼ਾਦੀ ਈ ਹੋਵੇਗਾ। ਅਸੀਂ ਫਾਂਸੀ ਚੜ੍ਹ ਜਾਵਾਂਗੇ। ਅੰਗਰੇਜ਼ ਸਾਨੂੰ ਛੱਡਣ ਨਹੀਂ ਲੱਗੇ। ਪਰ ਸਾਡੀ ਸ਼ਹੀਦੀ ਦੇਸ਼ ਨੂੰ ਨਵਾਂ ਜੀਵਨ ਦੇ ਜਾਵੇਗੀ।" ਉਹਦੀਆਂ ਇਹ ਗੱਲਾਂ ਮੈਨੂੰ ਅਜੇ ਤਕ ਯਾਦ ਨੇ। ਤੇ ਸਾਨੂੰ ਏਹਾ ਯਕੀਨ ਸੀ, ਕਿ ਅਸੀਂ ਸਾਰੇ ਫਾਂਸੀ ਲਾ ਦਿੱਤੇ ਜਾਵਾਂਗੇ। ਮੈਂ ਕੋਈ ਵਾਰ ਸਰਾਭੇ ਨੂੰ ਕਹਿਣਾ, 'ਸਰਾਭਾ ਸਾਹਿਬ! ਤੂੰ ਸਾਡਾ ਜਰਨੈਲ ਏਂ। ਸੁਆਦ ਤਾਂ ਏਂ, ਜੇ ਓਸ ਵੇਲੇ ਤੂੰ ਸਾਮ੍ਹਣੇ ਹੋਵੇਂ, ਜਦੋਂ ਅਸੀਂ ਫਾਂਸੀ ਲੱਗੀਏ। ਫਿਰ ਵੇਖੇਂ ਜੁਆਨਾਂ ਦੇ ਹੱਥ, ਕਿਵੇਂ ਹੱਸ-ਹੱਸ ਕੇ ਆਪਣੀ ਹੱਥੀਂ ਗਲਾਂ ਵਿੱਚ ਰੱਸੇ ਪੌਂਦੇ ਆਂ।" ਉਂਵ ਸੱਚੀ ਗੱਲ ਪੁੱਛਦੀ ਏਂ, ਤਾਂ ਮੇਰਾ ਜੀਅ ਨਹੀਂ ਸਈ ਕਰਦਾ ਫਾਹੇ ਲੱਗਣ ਨੂੰ। ਮਰਨਾ ਬੜਾ ਔਖਾ ਹੁੰਦਾ ਏ। ਅੱਜ ਮੈਂ ਤੇਰੇ ਅੱਗੇ ਦਿਲ ਦਾ ਭੇਤ ਭੰਨਦਾ ਆਂ।'

ਬਾਬਾ ਅਕਾਲੀ ਪਲੰਘ ਦੇ ਕੋਲ ਖਲੋ ਗਿਆ। ਦੋਵੇਂ ਟੁੱਟੀਆਂ ਹੋਈਆਂ ਚੂੜੀਆਂ ਚੁੱਕ ਕੇ ਉਹਨੇ ਹਿੱਕ ਨਾਲ ਲਾ ਲਈਆਂ। ਦੋ ਮਿੰਟ ਉਹ ਅੱਖਾਂ ਬੰਦ ਕਰਕੇ ਖਲਾ ਰਿਹਾ। ਇਉਂ ਮਾਲੂਮ ਹੁੰਦਾ ਸੀ, ਜਿਵੇਂ ਉਹ ਕਿਸੇ ਜੁਰਮ ਦਾ ਇਕਬਾਲ ਕਰਨ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੋਵੇ। ਉਹਨੇ ਚੂੜੀਆਂ ਸੂਟ ਉੱਤੇ ਪਹਿਲੀ ਥਾਂ ਟਿਕਾ ਦਿੱਤੀਆਂ ਤੇ ਆਪ ਫਿਰ ਟਹਿਲਣ ਲੱਗ ਪਿਆ। ਪਰ ਉਹਦੀ ਚਾਲ ਪਹਿਲਾਂ ਨਾਲੋਂ ਸੁਸਤ ਸੀ।

ਉਹਨੇ ਫਿਰ ਦਿਲ ਵਿੱਚ ਵਸਦੀ ਖੇਮ ਕੌਰ ਨਾਲ ਗੱਲਾਂ ਸ਼ੁਰੂ ਕਰ ਦਿੱਤੀਆਂ। 'ਜਾਣਦੀ ਏਂ, ਕਮਜ਼ੋਰੀ ਹਰ ਇਨਸਾਨ ਵਿੱਚ ਹੁੰਦੀ ਏ। ਇਕ ਵਾਰ ਮੇਰਾ ਦਿਲ ਵੀ ਡੋਲ ਗਿਆ ਸੀ। ਸੱਚੀ ਪੁੱਛਦੀ ਏਂ, ਤਾਂ ਤੇਰੇ ਪਿਆਰ ਨੇ ਈ ਮੈਨੂੰ ਡੁਲਾ ਦਿੱਤਾ ਸੀ। ਤੇਰਾ ਵਿਛੋੜਾ ਮੇਰੇ ਵਾਸਤੇ ਸਹਿਣਾ ਔਖਾ ਹੋ ਗਿਆ ਸੀ। ਕੋਈ ਦਿਨ ਮੈਂ ਇਕੋ ਗੱਲ ਸੋਚਦਾ ਰਿਹਾ, ਕਿ ਮੇਰੇ ਪਿੱਛੋਂ ਤੇਰਾ ਕੀ ਬਣੇਗਾ। ਨਾਲੇ ਕੁਛ ਕਮਜ਼ੋਰ ਬੰਦੇ ਸਾਡੇ ਵਿੱਚੋਂ ਹੀ ਵਹਿਦਾ-ਮਾਫ਼ ਬਣ ਗਏ ਸਨ। ਉਹਨਾਂ ਦਾ ਵੀ ਮੇਰੇ ਦਿਲ 'ਤੇ ਅਸਰ ਪਿਆ ਸੀ। ਉਤੋਂ ਜੇਹਲ ਦੇ ਅਫ਼ਸਰ ਵੀ ਸਾਨੂੰ ਹਰ ਵੇਲੇ ਭਰਮੌਂਦੇ ਰਹਿੰਦੇ ਸਨ। ਕੋਈ ਵੱਡੇ-ਵੱਡੇ ਲੋਕ, ਸਰਦਾਰ ਬਹਾਦਰ ਤੇ ਰਾਏ ਬਹਾਦਰ ਵੀ ਆ-ਆ ਕੇ ਸਾਨੂੰ ਸਮਝੌਂਦੇ, ਜਾਂ ਕਹੋ, ਕੁਰਾਹੇ ਪੌਂਦੇ ਰਹਿੰਦੇ, ਕਿ ਅੰਗਰੇਜ਼ਾਂ ਵਰਗਾ ਇਨਸਾਫ਼ ਵਾਲਾ ਰਾਜ ਕਿਸੇ ਦਾ ਨਹੀਂ। ਸਾਨੂੰ ਅੰਗਰੇਜ਼ਾਂ ਤੋਂ ਮਾਫ਼ੀ ਮੰਗ ਕੇ ਅਗ੍ਹਾਂ ਵਾਸਤੇ ਸਿੱਧੇ ਰਾਹ ਪੈ ਜਾਣਾ ਚਾਹੀਦਾ ਏ। ਇਕ ਰਾਤ ਤੜਕੇ ਤਿੰਨ ਵਜੇ ਤੱਕ ਮੈਂ ਸੋਚਦਾ ਰਿਹਾ, ਕਿ ਮੈਨੂੰ ਵੀ ਸਰਕਾਰ ਕੋਲੋਂ ਮਾਫ਼ੀ ਮੰਗ ਕੇ ਬਾਹਰ ਚਲੇ ਜਾਣਾ ਚਾਹੀਦਾ ਏ। ਮੈਂ ...ਮੈਂ ਰੱਬ

ਅੱਗੇ ਭਾਵੇਂ ਝੂਠ ਮਾਰ ਲਵਾਂ, ਪਰ ਤੇਰੇ ਅੱਗੇ ਨਹੀਂ। ਸੱਚ ਜਾਣੀਂ, ਮੇਰਾ ਦਿਲ ਡੋਲ ਗਿਆ ਸੀ। ਏਨੀ ਬਹਾਦਰੀ ਨਾਲ ਬੈਂਤ ਖਾਣ ਵਾਲਾ ਕਰਮ ਸੁੰਹ ਡੋਲ ਗਿਆ ਸੀ। ਤੇ ਫਿਰ ਜਾਣਦੀ ਏਂ, ਮੈਨੂੰ ਬਚਾਇਆ ਕੀਹਨੇ ? ਜੀਹਨੇ ਡੁਲਾਇਆ ਸੀ। ਡੁਲਾਇਆ ਸੀ ਤੇਰੇ ਵਿਛੋੜੇ ਨੇ ਤੇ ਬਚਾ ਲਿਆ ਤੇਰੇ ਸਿਦਕ ਨੇ। ਤੜਕਸਾਰ ਮੇਰੀ ਅੱਖ ਲੱਗ ਗਈ। ਕੀ ਵੇਖਦਾਂ ਮੈਂ, ਕਿ ਤੂੰ ਮੇਰੇ ਵੱਲੋਂ ਕੰਡ ਕਰਕੇ ਰੁੱਸੀ ਬੈਠੀ ਏਂ। ਮੈਂ ਮਿੰਨਤਾਂ ਕਰ ਕਰਕੇ ਤੈਨੂੰ ਰੁੱਸਣ ਦਾ ਕਾਰਨ ਪੁੱਛਦਾਂ। ਅੰਤ ਤੂੰ ਮੇਰੇ ਵੱਲ ਮੂੰਹ ਕਰਕੇ ਬੜੇ ਨਿਹੋਰੇ ਨਾਲ ਕਿਹਾ, "ਤੁਸੀਂ ਤਾਂ ਆਹੰਦੇ ਸੀ, ਕਿ ਤੁਸੀਂ ਕੋਈ ਐਹੋ ਜਿਹਾ ਕੰਮ ਨਹੀਂ ਕਰੋਗੇ, ਜਿਸ ਨਾਲ ਮੇਰਾ ਸਿਰ ਨੀਂਵਾਂ ਹੋਵੇ। ਹੁਣ ਦੱਸੋ, ਤੁਹਾਡੇ ਮਾਫ਼ੀ ਮੰਗ ਲੈਣ ਨਾਲ ਮੇਰਾ ਸਿਰ ਉੱਚਾ ਰਹਿ ਜਾਇਗਾ ? ਸਹੇਲੀਆਂ ਮੈਨੂੰ ਕੀ ਆਖਣਗੀਆਂ? ਮੈਂ ਸ਼ਰੀਕਣੀਆਂ ਵਿੱਚ ਕੀ ਮੂੰਹ ਲੈ ਕੇ ਬਿਹਾ ਕਰਾਂਗੀ?" ਬੱਸ, ਓਸੇ ਵੇਲੇ ਮੇਰੀ ਅੱਖ ਖੁੱਲ੍ਹ ਗਈ। ਮੈਂ ਉੱਠ ਕੇ ਬਹਿ ਗਿਆ। ਮੈਨੂੰ ਇਉਂ ਭਾਸਦਾ ਸੀ, ਜਿਵੇਂ ਤੂੰ ਕਿਤੇ ਮੇਰੇ ਨੇੜੇ ਹੀ ਲੁਕੀ ਬੈਠੀ ਮੇਰੀ ਦੁਰਦਸ਼ਾ ਵੱਲ ਵੇਖ ਰਹੀ ਹੋਵੇਂ।...ਆਹ! ਕਈ ਦਿਨ ਮੇਰਾ ਦਿਲ ਬੜਾ ਅਵਾਜ਼ਾਰ ਰਿਹਾ। ਮੇਰਾ ਜੀਅ ਕਰੇ, ਮੈਂ ਸਰਾਭੇ ਤੇ ਭਕਨੇ ਦੇ ਗਲ੍ਹ ਨਾਲ ਲੱਗ ਕੇ ਉੱਚੀ-ਉੱਚੀ ਰੋਵਾਂ ਤੇ ਉਹਨਾਂ ਨੂੰ ਸਭ ਕੁਛ ਦੱਸ ਦੇਵਾਂ, ਪਰ ਮੈਂ ਇਹ ਦਲੇਰੀ ਨਾ ਕਰ ਸਕਿਆ। ਅੱਜ ਤਕ ਮੈਂ—ਨਾ ਬਖ਼ਸ਼ੇ ਜਾਣ ਵਾਲੇ ਗੁਨਾਹ ਵਾਂਗ—ਇਸ ਭੇਤ ਨੂੰ ਅੰਦਰੇ ਲੁਕਾਈ ਰੱਖਿਆ ਏ। ਅੱਜ ਤੇਰੇ ਅੱਗੇ ਇਕਬਾਲ ਕਰਕੇ ਮੈਂ ਦਿੱਲ ਹੋਲਾ ਕਰ ਲਿਆ ਏ।...ਖ਼ੈਰ, ਮੈਂ ਸੰਭਲ ਗਿਆ। ਤੇਰੀ ਇਕੋ ਫਿਟਕਾਰ ਨੇ ਮੈਨੂੰ ਤਕੜਿਆਂ ਕਰ ਦਿੱਤਾ। ਫਿਰ ਮੈਂ ਇਕ ਇਕ ਕਰਕੇ ਫਾਂਸੀ ਦੇ ਦਿਨ ਗਿਣਨ ਲੱਗਾ। ਤੇ ਜਿਸ ਦਿਨ ਜੱਜਾਂ ਨੇ ਹੁਕਮ ਸੁਣਾਇਆ, ਮੇਰਾ ਦਿਲ ਉਦਾਸ ਹੋ ਗਿਆ। ਮੇਰਾ ਨਾਂ ਫਾਂਸੀ ਵਾਲਿਆਂ ਵਿੱਚ ਨਹੀਂ ਸੀ। ਮੈਨੂੰ ਉਮਰ ਕੈਦ ਦੀ ਸਜ਼ਾ ਮਿਲੀ। ਨਾਲ ਹੀ ਜਾਇਦਾਦ ਜ਼ਬਤੀ ਦਾ ਵੀ ਹੁਕਮ ਹੋਇਆ। ਪਰ ਮੇਰੀ ਜਾਇਦਾਦ ਹੈਗੀ ਈ ਕਿਹੜੀ ਸੀ, ਜਿਹੜੀ ਸਰਕਾਰ ਜ਼ਬਤ ਕਰ ਲੈਂਦੀ। ਜ਼ਮੀਨ ਬਾਪੂ ਦੇ ਨਾਂ ਸੀ। ਤੇ ਉਹਨੇ ਸਰਕਾਰੇ ਬਿਆਨ ਦੇ ਦਿੱਤਾ, ਕਿ ਮੇਰੇ ਨਾਲ ਉਹਨਾਂ ਦਾ ਕੋਈ ਸੰਬੰਧ ਨਹੀਂ। ਵੇਖਿਆ ਈ ? ਘਰ ਦੇ ਵੀ ਓਦੋਂ ਗ਼ਦਰੀਆਂ ਨਾਲ ਕੋਈ ਸੰਬੰਧ ਰੱਖਣ ਨੂੰ ਤਿਆਰ ਨਹੀਂ ਸਨ। ਸਰਕਾਰ ਤੋਂ ਡਰਦੇ। ਹੋਰ ਕੀ। ਪੰਜ ਸਾਲ ਵਿੱਚ ਮੈਂ ਕੋਈ ਜੇਹਲਾਂ ਵੇਖੀਆਂ। ਕੋਈ ਵਾਰ ਮੈਂ ਭੁੱਖ-ਹੜਤਾਲ ਕੀਤੀ ਤੇ ਇਕ ਵਾਰ ਹੋਰ ਮੁਲਤਾਨ ਜੇਹਲ ਵਿੱਚ ਪੰਝੀ ਬੈਂਤ ਲੱਗੇ। ਕਦੇ ਡੰਡਾ ਬੇੜੀ, ਕਦੇ ਕੋਠੀ ਬੰਦ, ਇਹ ਤਾਂ ਆਮ ਗੱਲ ਸੀ ਨਾ। ਅਸਲ ਵਿੱਚ ਮੇਰਾ ਸੁਭਾਅ ਵਿਗੜ ਗਿਆ ਸੀ। ਤੇਰੀ ਮੌਤ ਨੇ ਮੇਰਾ ਦਿਲ ਹਿਲਾ ਦਿੱਤਾ ਸੀ। ਵੀਹ ਵਰ੍ਹੇ ਕੈਦ ਕੱਟ ਕੇ ਫੇਰ ਮਿਲਣ ਦੀ ਆਸ ਟੁੱਟ ਗਈ ਸੀ। ਮੈਂ ਓਦੋਂ ਆਪਣੇ ਆਪ ਨੂੰ ਅੱਧਾ ਪਾਗ਼ਲ ਖ਼ਿਆਲ ਕਰਦਾ ਸਾਂ। ਫਿਰ ਤੇਰੀ ਮੌਤ ਕੁਦਰਤੀ ਹੁੰਦੀ, ਤਾਂ ਹੋਰ ਗੱਲ ਸੀ। ਮੈਂ ਹੌਸਲੇ ਨਾਲ ਸਹਿ ਲੈਂਦਾ। ਪਰ ਏਹੋ ਜੇਹੀ ਮੌਤ

ਕਿਵੇਂ ਜਰੀ ਜਾਂਦੀ ਸੀ ? ਮੈਂ ਓਦੋਂ ਬਾਹਰ ਹੁੰਦਾ, ਤਾਂ ਸ਼ੈਦ ਦੋਂਹ-ਚੌਂਹ ਨੂੰ ਕਤਲ ਕਰ ਦੇਂਦਾ। ਪਰ ਮੈਂ ਬਾਹਰ ਹੁੰਦਾ, ਤਾਂ ਐਸਾ ਹੁੰਦਾ ਈ ਕਿਉਂ ? ਅੱਜ ਮੈਂ ਤੇਰੇ ਮਾਪਿਆਂ ਨੂੰ ਵੀ ਬਹੁਤਾ ਦੋਸ਼ ਨਹੀਂ ਦੇਂਦਾ। ਪਰ ਓਦੋਂ ਉਹ ਮੈਨੂੰ ਬਹੁਤ ਬੁਰੇ ਲੱਗਦੇ ਸਨ, ਤੇਰੇ ਕਾਤਲ। ਜਿਸ ਦਿਨ ਮੈਂ ਜੇਹਲ ਵਿੱਚ ਖ਼ਬਰ ਸੁਣੀ ਸੀ, ਮੈਂ ਦੱਸ ਨਹੀਂ ਸਕਦਾ, ਮੇਰੀ ਹਾਲਤ ਕੀ ਹੋ ਗਈ ਸੀ ? ਮੇਰਾ ਦਿਲ ਕਰਦਾ ਸੀ, ਮੈਂ ਸਾਰੀ ਦੁਨੀਆਂ ਨੂੰ ਫ਼ਨਾਹ ਕਰ ਦਿਆਂ। ਬੱਲਾਂ ਵਾਲੀਏ ਰਾਮੇ ਨੇ ਦੱਸਿਆ ਸੀ। ਉਹ ਦੇਸੀ ਸ਼ਰਾਬ ਕੱਢਣ ਵਿੱਚ ਛੇ ਮਹੀਨੇ ਕੈਦ ਹੋ ਕੇ ਆਇਆ ਸੀ। ਉਹਨੇ ਦੱਸਿਆ, ਤੇਰੇ ਮਾਪਿਆਂ ਨੇ ਤੈਨੂੰ ਦੂਜੇ ਥਾਂ ਬਹਾ ਦਿੱਤਾ ਸੀ। ਉਹ ਵੀਹ ਸਾਲ ਮੇਰੀ ਉਡੀਕ ਕਰਨ ਵਾਸਤੇ ਤਿਆਰ ਨਹੀਂ ਸਨ। ਅੱਜ ਸੋਚਦਾਂ, ਉਹਨਾਂ ਦਿਨਾਂ ਵਿੱਚ ਸ਼ੈਦ ਕੋਈ ਮਾਪੇ ਵੀ ਏਨੀ ਉਡੀਕ ਕਰਨ ਵਾਸਤੇ ਤਿਆਰ ਨਾ ਹੁੰਦੇ। ਉਹਨਾਂ ਨੂੰ ਮੇਰੇ ਜਿਊਂਦੇ-ਜੀ ਜੇਹਲ ਵਿੱਚੋਂ ਬਾਹਰ ਆ ਜਾਣ ਦੀ ਆਸ ਨਹੀਂ ਸੀ ਰਹੀ। ਮੁਟਿਆਰ ਧੀ ਸਾਰੀ ਉਮਰ ਬੂਹੇ ਬਠਾ ਛੱਡਣ ਵਾਸਤੇ ਉਹ ਤਿਆਰ ਨਹੀਂ ਸਨ। ਰਾਮੇ ਨੇ ਇਹ ਵੀ ਦੱਸਿਆ ਸੀ ਕਿ ਤੂੰ ਮਾਂ ਪਿਉ ਅੱਗੇ ਵਾਸਤੇ ਪਾ ਰਹੀ ਸੈਂ। ਤੂੰ ਸਾਰੀ ਉਮਰ ਆਪਣੇ ਸਿਦਕ ਵਿੱਚ ਤੇ ਮੇਰੀ ਉਡੀਕ ਵਿੱਚ ਕੱਟਣ ਵਾਸਤੇ ਤਿਆਰ ਸੈਂ। ਪਰ ਤੇਰੇ ਥੋੜ-ਦਿਲੇ ਮਾਪੇ ਨਾ ਮੰਨੇ। ਤੂੰ ਆਤਮ-ਹੱਤਿਆ ਕਰਨ ਦੀ ਧਮਕੀ ਦਿੱਤੀ। ਤੇਰੇ ਮਾਪਿਆਂ ਨੇ ਧਮਕੀ ਨੂੰ ਸੱਚ ਨਾ ਮੰਨਿਆ। ਤੇਰੇ ਅੱਗੇ ਉਹਨਾਂ ਵਲੱਾਂ ਰਖਿਆ, ਪਰ ਅੰਦਰੋ ਅੰਦਰ ਦੂਜੇ ਥਾਂ ਪੱਕ ਪਕਾਅ ਲਿਆ। ਤੈਨੂੰ ਤਦ ਪਤਾ ਲੱਗਾ, ਜਾਂ ਬੂਰਿਆਂ ਵਾਲਾ ਕਿਸ਼ਨਾ ਤੈਨੂੰ ਲੈਣ ਆ ਗਿਆ। ਤੂੰ ਸਾਰੀ ਰਾਤ ਰੋਂਦੀ ਪਿਟਦੀ ਨੇ ਕੱਢੀ, ਤੇ ਤੇਰੀ ਮਾਂ ਤੇ ਭਰਜਾਈ ਤੇਰੇ ਕੋਲ ਬੈਠੀਆਂ ਤੈਨੂੰ ਸਮਝਾਉਂਦੀਆਂ ਰਹੀਆਂ। ਅਸਲ ਵਿੱਚ ਉਹ ਤੇਰੀ ਰਾਖੀ ਕਰਦੀਆਂ ਰਹੀਆਂ। ਅਗਲੀ ਸਵੇਰ ਤੈਨੂੰ ਰੋਂਦੀ ਕੁਰਲੌਂਦੀ ਨੂੰ ਕਿਸ਼ਨੇ ਨਾਲ ਤੋਰ ਦਿੱਤਾ। ਸੁਣਿਆ ਏ, ਤੋਰਨ ਲੱਗਿਆਂ ਮਾਂ ਤੇਰੇ ਗਲ੍ਹ ਲੱਗ ਕੇ ਰੋਣ ਲੱਗੀ, ਤਾਂ ਤੂੰ ਉਹਨੂੰ ਝਿੜਕ ਦਿੱਤਾ ਸੀ। "ਹੁਣ ਬਲਦੀ 'ਤੇ ਤੇਲ ਪੌਣ ਲੱਗੀ ਏਂ ? ਛੇਤੀ ਹੀ ਵੇਲਾ ਆ ਜਾਵੇਗਾ, ਜਦੋਂ ਤੁਸੀਂ ਸਾਰੇ ਰੋਵੋਗੇ।" ਤੇ ਉਹ ਵੇਲਾ ਛੇਤੀ ਹੀ ਆ ਗਿਆ। ਅੱਠ ਦਿਨ ਬੂਰੀਂ ਰਹਿ ਕੇ ਤੂੰ ਵਾਪਸ ਆਈ ਤੇ ਪੇਕੇ ਆਈ ਨੇ ਚੌਥੇ ਦਿਨ ਖੂਹ ਵਿੱਚ ਛਾਲ ਮਾਰ ਕੇ ਤੂੰ ਜਾਨ ਦੇ ਦਿੱਤੀ। ਤੂੰ ਸ਼ਹੀਦ ਹੋ ਗਈ। ਖੇਮ ਕੁਰੇ! ਮੇਰੇ ਪਿਆਰ ਬਦਲੇ ਤੂੰ ਸ਼ਹੀਦੀ ਪਾ ਗਈ। ਇਸ ਜ਼ਾਲਮ ਸਮਾਜ ਦੇ ਸਿਰ ਚੜ੍ਹ ਕੇ ਤੂੰ ਕੁਰਬਾਨ ਹੋ ਗਈ। ਮੇਰੀ ਦੁਨੀਆਂ ਉੱਜੜ ਗਈ। ਫਿਰ ਨਾ ਜੇਹਲ ਕੱਟਣ ਦਾ ਕੋਈ ਸੁਆਦ ਰਹਿ ਗਿਆ, ਨਾ ਰਿਹਾਅ ਹੋ ਕੇ ਘਰ ਔਣ ਦੀ ਰੀਝ। ਮੈਂ ਚੌਂਹਦਾ ਸਾਂ, ਜੇਹਲ ਦੇ ਵਿਚੇ ਮੇਰੀ ਮੁਕਤੀ ਹੋ ਜਾਏ, ਪਰ ਐਸਾ ਹੋਇਆ ਨਾ। ਯੂਰਪ ਦੀ ਲੜਾਈ ਜਿੱਤਣ ਦੀ ਖ਼ੁਸ਼ੀ ਵਿੱਚ ਅੰਗਰੇਜ਼ਾਂ ਨੇ ਬਹੁਤ ਸਾਰੇ ਕੈਦੀ ਰਿਹਾਅ ਕਰ ਦਿੱਤੇ (ਮਾਰਚ, 1920)। ਮੈਂ ਵੀ ਮਿੰਟਗੁਮਰੀ ਜੇਹਲ ਵਿੱਚੋਂ ਰਿਹਾਅ ਹੋ ਕੇ ਘਰ ਆ ਗਿਆ। ਪਰ ਮੇਰਾ ਘਰ ਕਿੱਥੇ ਰਹਿ ਗਿਆ ਸੀ ? ਉਹ ਤਾਂ

ਉਜੜ ਚੁੱਕਾ ਸੀ। ਹਾਂ, ਘਰ ਸੀ ਉਸ ਵੇਲੇ ਛੋਟੇ ਭਰਾ ਸ਼ਰਮ ਸੁੰਹ ਦਾ। ਤਿੰਨ ਸਾਲ ਹੋ ਗਏ ਸਨ ਉਹਦਾ ਵਿਆਹ ਹੋਏ ਨੂੰ। ਉਹਨਾਂ ਦੇ ਘਰ ਵਰ੍ਹੇ-ਕੁ ਦਾ ਮੁੰਡਾ ਵੀ ਸੀ। ਮੇਰੇ ਆਉਣ ਤੋਂ ਛੇ ਕੁ ਮਹੀਨੇ ਪਹਿਲਾਂ ਬਾਪੂ ਮਰ ਚੁੱਕਾ ਸੀ। ਸ਼ਰਮ ਸੁੰਹ ਈ ਸਾਰੇ ਘਰ ਦਾ ਮਾਲਕ ਸੀ। ਉਹ ਮਾੜਾ ਬੰਦਾ ਨਹੀਂ, ਪਰ ਉਹਦੇ ਘਰ ਵਾਲੀ ਬਸੰਤ ਕੌਰ ਬੜੇ ਭੈੜੇ ਸੁਭਾਅ ਤੇ ਛੋਟੇ ਦਿਲ ਦੀ ਮਾਲਕ ਏ। ਉਹ ਮੈਨੂੰ ਵੇਖ ਨਾ ਸੁਖਾਈ। ਸ਼ੈਦ ਮੇਰੇ ਫਾਂਸੀ ਲੱਗ ਜਾਣ ਦੀ ਜਾਂ ਜੇਹਲ ਵਿੱਚ ਉੱਥ ਈ ਮਰ ਜਾਣ ਦੀ ਉਹਨੂੰ ਅੰਗਰੇਜ਼ਾਂ ਜਿੰਨੀ ਖ਼ੁਸ਼ੀ ਹੁੰਦੀ। ਘਰ ਵਿੱਚੋਂ ਮੇਰਾ ਹਿੱਸਾ ਵੰਡ ਕੇ ਦੇਣਾ ਉਹਨੂੰ ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡਣ ਨਾਲੋਂ ਵੀ ਔਖਾ ਪ੍ਰਤੀਤ ਹੁੰਦਾ ਸੀ। ਉਹਨੇ ਬਥੇਰਾ ਰੌਲਾ ਪਾਇਆ, ਪਰ ਮੈਂ ਬਹੁਤਾ ਝਗੜਾ ਕਰਨਾ ਠੀਕ ਨਾ ਸਮਝਿਆ। ਮੈਂ ਝਗੜਾ ਕਰਦਾ ਵੀ ਕੀਹਦੇ ਬਦਲੇ। ਬੱਸ, ਆਹ ਤੇਰੀਆਂ ਚਾਰ ਨਸ਼ਾਨੀਆਂ ਤੇ ਹਿੱਸੇ ਨਾਲੋਂ ਵੀ ਦੋ ਘੁਮਾ ਘੱਟ ਜ਼ਮੀਨ ਲੈ ਕੇ ਮੈਂ ਵੱਖ ਹੋ ਗਿਆ। ਪਰ ਮੈਂ ਆਹ ਕੋਠਾ ਨਾ ਛੱਡਿਆ, ਜੀਹਦੇ ਵਿੱਚ ਤੇਰੇ ਨਾਲ ਜ਼ਿੰਦਗੀ ਦੇ ਚਾਰ ਦਿਹਾੜੇ ਮਾਣੇ ਸਨ। ਬਸੰਤ ਕੌਰ ਅਜੇ ਵੀ ਔਖੀ ਸੀ। ਓਸੇ ਸਾਲ ਉਹਨੇ ਵਿਹੜੇ ਵਿੱਚ ਕੰਧ ਕਰ ਲਈ। ਵਿਹੰਨੀ ਏ ਨਾ। ਆਪਣੇ ਪਾਸੇ ਕੋਈ ਬਾਰੀ ਤਕ ਨਹੀਂ ਸੁ ਰਖੀ। ਘਰ ਵੱਖਰੇ, ਚੁੱਲ੍ਹੇ ਵੱਖਰੇ, ਬੂਹੇ ਵੱਖਰੇ। ਏਸ ਸੁੰਞੇ ਘਰ ਵਿੱਚ ਮੇਰਾ ਜੀਅ ਨਾ ਲੱਗਾ। ਜੀਅ ਕੀਹਦੇ ਨਾਲ ਲੱਗਦਾ ? ਤੂੰ ਮੈਨੂੰ ਛੱਡ ਕੇ ਤੁਰ ਗਈ ਸੈਂ। ਪਿੱਛੇ ਰਹਿ ਗਿਆ ਸੀ ਦੇਸ਼, ਜਿਸ ਨੂੰ ਮੈਂ ਪਿਆਰ ਕਰਦਾ ਹਾਂ। ਬੱਸ, ਦੇਸ਼ ਦੀ ਆਜ਼ਾਦੀ ਵਾਸਤੇ ਕੋਈ ਵੀ ਲਹਿਰ ਚੱਲੀ, ਮੈਂ ਉਹਦੇ ਵਿੱਚ ਅੱਗੇ ਹੋ ਕੇ ਹਿੱਸਾ ਲਿਆ। ਗੁਰੂ ਕੇ ਬਾਗ਼ ਦਾ ਮੋਰਚਾ ਲੱਗ ਗਿਆ, ਤਾਂ ਮੈਂ ਓਧਰ ਤੁਰ ਪਿਆ। ਪਹਿਲੀ ਵਾਰ ਜਥੇ ਵਿੱਚ ਗਿਆ ਬੀ.ਟੀ. ਦੇ ਜਰਵਾਣਿਆਂ ਦੀਆਂ ਡਾਂਗਾਂ ਖਾਧੀਆਂ। ਅਸਲ ਵਿੱਚ ਪੰਥ ਦਾ ਹੁਕਮ ਸੀ ਸ਼ਾਂਤ ਰਹਿਣ ਦਾ, ਜਿਹੜੇ ਅਸੀਂ ਚੁੱਪ ਕਰਕੇ ਮਾਰ ਖਾਈ ਜਾਂਦੇ ਸਾਂ, ਨਹੀਂ ਤਾਂ ਉਹਨਾਂ ਵਰਗੇ ਦਸ ਸਿਪਾਹੀ ਮੇਰੇ ਸਾਮ੍ਹਣੇ ਨਹੀਂ ਸਨ ਖਲੋ ਸਕਦੇ। ਇਕ ਵਾਰ ਜੋਸ਼ ਵਿੱਚ ਆ ਕੇ ਮੈਂ ਦੋ ਸਿਪਾਹੀਆਂ ਦੀਆਂ ਡਾਂਗਾਂ ਖੁਹ ਲਈਆਂ। ਬਾਕੀ ਤਿੰਨ ਚਾਰ ਡਰਦੇ ਐਵੇਂ ਹੀ ਨੱਸ ਉੱਠੇ। ਮੈਂ ਹੱਸ ਕੇ ਆਖਿਆ, "ਉਇ ਬੀ.ਟੀ.! ਆਹ ਨੇ ਤੇਰੇ ਸੂਰਮੇ ? ਸਾਨੂੰ ਸ਼ਾਂਤ ਰਹਿਣ ਦਾ ਹੁਕਮ ਲੱਗਾ ਹੋਇਆ ਏ, ਨਹੀਂ ਤਾਂ ਮੈਂ ਸਾਰਿਆਂ ਨੂੰ ਵੇਖ ਲਵਾਂ। ਲੈ, ਹੁਣ ਆਖ ਨੇ, ਗੀਝ ਲਾਹ ਲੈਣ।" ਤੇ ਮੈਂ ਸੋਟੇ ਸੁੱਟ ਕੇ ਚੌਂਕੜਾ ਮਾਰ ਕੇ ਬਹਿ ਗਿਆ। ਫਿਰ ਉਹਨਾਂ ਚਿਪ ਚੜ੍ਹਿਆਂ ਡਾਂਗ ਵਰ੍ਹਾਈ ਨਹੀਂ ਨਾ! ਮੈਨੂੰ ਕੋਈ ਸੁਰਤ ਨਹੀਂ ਰਹੀ ਕਿ ਉਹਨਾਂ ਕਿੰਨੀਆਂ ਕੁ ਮਾਰੀਆਂ। ਖ਼ੈਰ, ਓਦੋਂ ਅਜੇ ਜਾਨ ਤਕੜੀ ਸੀ। ਮੈਂ ਛੇਤੀ ਹੀ ਰਾਜ਼ੀ ਹੋ ਗਿਆ ਤੇ ਅਗਲੇ ਮਹੀਨੇ ਫੇਰ ਜੱਥੇ ਨਾਲ ਤੁਰ ਗਿਆ। ਮੈਨੂੰ ਦੋ ਸਾਲ ਸਜ਼ਾ ਹੋਈ, ਪਰ ਮੋਰਚਾ ਫ਼ਤਹਿ ਹੋ ਗਿਆ ਤੇ ਮੈਂ ਛੇ ਮਹੀਨੇ ਕੱਟਣ ਪਿੱਛੋਂ ਰਿਹਾਅ ਕਰ ਦਿੱਤਾ ਗਿਆ। ਫੇਰ ਜੈਤੋ ਦਾ ਮੋਰਚਾ ਲੱਗ ਗਿਆ, ਤਾਂ ਇਕ ਸਾਲ ਹੋਰ ਕੱਟ ਆਇਆ।

ਅਸਲ ਵਿੱਚ...ਅਸਲ ਵਿੱਚ...ਵਾਰ-ਵਾਰ ਜੇਹਲ ਜਾਣ ਦਾ ਕਾਰਨ ਅੰਗਰੇਜ਼ਾਂ ਨਾਲ ਘਿਰਣਾ ਤੇ ਦੇਸ਼ ਨੂੰ ਆਜ਼ਾਦ ਕਰੌਣ ਦੀ ਲਗਨ ਸੀ, ਘਰ ਦੀ ਉਦਾਸੀ ਨਹੀਂ। ਜਿਹੜੀ ਲਗਨ ਸਰਾਭਾ ਲਾ ਗਿਆ ਸੀ, ਉਹ ਅੰਦਰੋਂ ਮੱਠੀ ਨਹੀਂ ਪਈ। ਇਕ ਸਾਲ ਮਹਾਤਮਾ ਗਾਂਧੀ ਦੇ ਲੂਣ-ਸੱਤਿਆਗ੍ਰਹਿ ਵਿੱਚ ਵੀ ਕੱਟ ਆਏ ਆਂ...ਇਹ ਈ ਮੇਰਾ ਜੀਵਨ। ਤੇਰੀਆਂ ਅਹਿਨਾਂ ਨਸ਼ਾਨੀਆਂ ਦੇ ਆਸਰੇ ਜਿਉਂ ਰਿਹਾ ਹਾਂ। ਜਾਂ ਇਕ ਹੋਰ ਆਸ ਹੈ, ਕਿ ਜਿਉਂਦੇ ਜਿਉਂਦੇ ਦੇਸ਼ ਆਜ਼ਾਦ ਹੋਇਆ ਜ਼ਰੂਰ ਵੇਖ ਚਲੀਏ। ਖੇਮ ਕੁਰੇ! ਦੇਸ਼ ਆਜ਼ਾਦ ਹੋ ਕੇ ਰਹੇਗਾ। ਮੈਂ ਉਹ ਦਿਨ ਜ਼ਰੂਰ ਵੇਖਾਂਗਾ, ਪਰ ਤੂੰ ਮੇਰੇ ਕੋਲ ਨਹੀਂ ਹੋਵੇਂਗੀ। ਨਹੀਂ ਨਹੀਂ। ਮੈਂ ਐਸਾ ਕਿਉਂ ਆਖਾਂ! ਤੂੰ ਤਾਂ ਹਰ ਵੇਲੇ ਮੇਰੇ ਕੋਲ ਏਂ। ਤੂੰ ਮੇਰੇ ਦਿਲ ਵਿੱਚ ਵਸਦੀ ਏਂ, ਜਿੱਥੇ ਹੋਰ ਕੋਈ ਨਹੀਂ ਵੇਖ ਸਕਦਾ। ਤੂੰ...ਤੂੰ...।' ਬਾਬੇ ਅਕਾਲੀ ਦੀ ਸਾਰੀ ਰਾਤ ਇਹਨਾਂ ਹੀ ਵਹਿਣਾਂ ਵਿੱਚ ਨਿਭ ਗਈ।

# 7

"ਉ ਆ ਧੰਨੇ ਸ਼ਾਹ! ਅੱਜ ਸਵੇਰੇ-ਸਵੇਰੇ ਈ ਵਰਨਾ ਤੋਂ ਹੋ ਮੁੜਿਆ ਏਂ ?" ਬੂਹੇ ਅੱਗੋਂ ਦੀ ਲੰਘੇ ਜਾ ਰਹੇ ਧੰਨੇ ਸ਼ਾਹ ਨੂੰ ਸੱਜਣ ਸਿੰਘ ਨੇ ਰਸਮੀ ਤੌਰ 'ਤੇ ਪੁੱਛਿਆ।

"ਭਰਾਵਾ, ਓਦਣ ਦਾ ਡਰਿਆ ਹੋਇਆ ਸਵੱਖ਼ਤੇ ਤੁਰ ਪਿਆ। ਸ. ਲੱਖਾ ਸਿਹੁੰ ਤਾਂ ਜ਼ੋਰ ਲਾਉਂਦਾ ਸੀ, ਅਖੇ : ਰੋਟੀ ਖਾ ਕੇ ਜਾਈਂ, ਪਰ ਮੈਂ ਹੱਥ ਜੋੜ ਕੇ ਛੁੱਟੀ ਲੈ ਲਈ। ਓਦਣ ਵਾਲੀ ਦੁਪਹਿਰ ਅਜੇ ਭੁੱਲੀ ਨਹੀਂ।" ਉਸ ਦੁਪਹਿਰ ਦਾ ਚੇਤਾ ਕਰਕੇ ਧੰਨੇ ਸ਼ਾਹ ਨੂੰ ਕੰਬਣੀ ਆ ਗਈ।

"ਆ ਫਿਰ ਕੋਈ ਜਲ ਪਾਣੀ ਦੀ ਸੇਵਾ ਕਰੀਏ।" ਸੱਜਣ ਸਿੰਘ ਨੇ ਸਿਰਫ਼ ਰਿਵਾਜ ਪੂਰਾ ਕਰਨ ਵਾਸਤੇ ਸੁਲ੍ਹਾ ਮਾਰੀ।

"ਸ. ਸੱਜਣ ਸਿਹਾਂ!...!" ਧੰਨੇ ਸ਼ਾਹ ਕੁਛ ਕਹਿਣ ਲੱਗਾ ਪਲ ਦਾ ਪਲ ਰੁਕ ਗਿਆ। "ਹੱਛਾ, ਚੱਲ ਭਈ! ਤੇਰਾ ਪ੍ਰੇਮ ਰੋਜ਼-ਰੋਜ਼ ਮੋੜਿਆ ਨਹੀਂ ਜਾਂਦਾ। ਆਖੀਂ ਨਾ ਨਾ, ਪਈ ਮੈਂ ਲੱਖਾ ਸਿਹੁੰ ਨਾਲ ਗੂੜ੍ਹਾ ਯਰਾਨਾ ਰਖਦਾਂ ਤੇ ਤੇਰੇ ਨਾਲ ਕੋਈ ਦੂਜੀ ਗੱਲ ਸਮਝਦਾਂ।"

ਧੰਨੇ ਸ਼ਾਹ, ਸੱਜਣ ਸਿੰਘ ਦੇ ਮਗਰ ਮਗਰ ਤੁਰ ਪਿਆ। ਸੱਜਣ ਸਿੰਘ ਦਾ ਇਰਾਦਾ ਕੋਈ ਨਹੀਂ ਸੀ ਧੰਨੇ ਸ਼ਾਹ ਨੂੰ ਜਲ-ਪਾਣੀ ਪਿਆਉਣ ਦਾ। ਨਾ ਹੀ ਉਹਨਾਂ ਦੋਹਾਂ ਦਾ ਬਹੁਤਾ ਨੇੜ ਸੀ। ਉਹਨੇ ਐਵੇਂ ਰਸਮੀ ਤੌਰ 'ਤੇ ਕਿਹਾ ਸੀ। ਏਨੀ ਸੁਲ੍ਹਾ ਅਗਲਾ ਕਿਸੇ ਓਬੜ ਨੂੰ ਵੀ ਮਾਰ ਬਹਿੰਦਾ ਹੈ, ਪਰ ਕੋਈ ਏਨੇ ਕੁ ਇਸ਼ਾਰੇ 'ਤੇ ਮਗਰ ਤਾਂ ਨਹੀਂ ਲੱਗ ਤੁਰਦਾ। ਸੱਜਣ ਸਿੰਘ ਵੀ ਦਿਲ ਵਿੱਚ ਏਹਾ ਸੋਚਦਾ ਜਾ ਰਿਹਾ ਸੀ :

'ਐਵੇਂ ਮਾੜਾ ਜਿਹਾ ਆਖਣ ਨਾਲ ਈ ਇਹ ਗੰਗਾ ਦਿਆਂ ਬਾਮ੍ਹਣਾਂ ਵਾਂਗ ਮਗਰ ਲੱਗ ਤੁਰਿਆ ਏ। ਪਤਾ ਹੁੰਦਾ, ਤਾਂ ਮੈਂ ਏਸ ਲਾਲਚੀ ਨੂੰ ਬੁਲੌਂਦਾ ਈ ਨਾ। ਘਰ ਲਿਜਾਕੇ ਪਿਆਵਾਂਗਾ ਕੀ ? ਐਵੇਂ ਬਲਾ ਗਲ੍ਹ ਪਾ ਲਈ। ਹੁਣ ਨਾਂਹ ਵੀ ਨਹੀਂ ਕੀਤੀ ਜਾਂਦੀ। ਨਿਰਨੇ ਕਲੇਜੇ ਰੂੜੀ-ਬਰਾਂਡ ਨਾ ਪਿਆਵਾਂ ? ਨਾਲੇ ਇਹਨੂੰ ਪਤਾ ਲਗ ਜੈ ਜੱਟਾਂ ਦੀ ਸੇਵਾ ਦਾ। ਐਨ ਗੁੱਟ ਕਰਕੇ ਦੁਪਹਿਰੇ ਸ਼ਹਿਰ ਨੂੰ ਤੋਰ ਦਿਆਂ।'

ਦੋਵੇਂ ਵੱਖਰੇ-ਵੱਖਰੇ ਢੰਗ ਨਾਲ ਸੋਚਦੇ ਘਰ ਪਹੁੰਚੇ। ਵਿਹੜੇ ਵਿੱਚ ਡੱਠੇ ਹੋਏ ਮੰਜੇ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਸੱਜਣ ਸਿੰਘ ਨੇ ਪੁੱਛਿਆ, "ਸੁਣਾ ਫਿਰ ਸ਼ਾਹ! ਕੀ ਛਕਣਾ ਏਂ ?"

"ਬੱਸ, ਖੱਟੀ ਲੱਸੀ ਦਾ ਛੰਨਾ ਲੈ ਆ ਲੂਣ ਘੋਰ ਕੇ।" ਧੰਨੇ ਸ਼ਾਹ ਆਪਣੇ ਵੱਲੋਂ ਵਧੇਰੇ ਖੇਚਲ ਨਹੀਂ ਸੀ ਦੇਣਾ ਚਾਹੁੰਦਾ।

"ਲੱਸੀ ਤਾਂ ਸ਼ਾਹ, ਹੈ ਨਹੀਂ।" ਚੌਂਕੇ ਵਿੱਚ ਬੈਠੀ ਭਜਨ ਕੌਰ ਨੇ ਅਣਚਾਹੇ ਪਰਾਹੁਣੇ ਦੀ ਮੰਗ ਦੇ ਉੱਤਰ ਵਿੱਚ ਕਿਹਾ। "ਮਹਿ ਭੱਜੀ ਨੂੰ ਸੁੱਖ ਨਾਲ ਡੂਢ ਮਹੀਨਾ ਹੋ ਗਿਆ ਏ। ਸਗੋਂ ਅੰਞਾਣੇ ਲੱਸੀ ਦੀ ਘੁੱਟ ਨੂੰ ਤਰਸਦੇ ਨੇ ਪਏ। ਸ਼ਕੰਜਵੀ ਬਣਾ ਦੇਂਦੀ ਆਂ।"

"ਸੱਜਣ ਸਿਹਾਂ! ਤੂੰ ਮੈਨੂੰ ਕਿਉਂ ਨਾ ਦੱਸਿਆ ਭਈ। ਭੱਠ ਪਿਆ ਸਾਡਾ ਸ਼ਾਹੂਕਾਰਾ, ਜੇ ਸੱਜਣਾਂ ਮਿੱਤਰਾਂ ਦੇ ਬਾਲ ਲੱਸੀ ਨੂੰ ਤਰਸਦੇ ਰਹੇ ਤਾਂ। ਤੂੰ ਮੈਨੂੰ ਓਪਰਾ ਈ ਸਮਝਿਆ ਨਾ।" ਧੰਨੇ ਸ਼ਾਹ ਨੇ ਰੋਹ ਭਰੀ ਸੁਰ ਵਿੱਚ ਬੜੇ ਨਿਹੋਰੇ ਨਾਲ ਕਿਹਾ।

"ਓ ਸ਼ਾਹ, ਐਵੇਂ ਖੇਚਲ ਦੇਣ 'ਤੇ ਦਿਲ ਈ ਨਹੀਂ ਕੀਤਾ।" ਸੱਜਣ ਸਿੰਘ ਨੇ ਐਵੇਂ ਹੁੰਗਾਰਾ ਭਰਨ ਵਜੋਂ ਕਿਹਾ।

"ਓ, ਖੇਚਲ ਕੇਹੀ। ਜੇ ਸੱਜਣ-ਬੇਲੀ ਏਹੋ ਜੇਹੇ ਵੇਲੇ ਵੀ ਕੰਮ ਨਾ ਆਇਆ, ਤਾਂ ਉਹਦਾ ਅਚਾਰ ਪਾਉਣਾ ਏਂ ? ਚਲ ਤੁਰ ਏਸੇ ਵੇਲੇ ਮੇਰੇ ਨਾਲ, ਤੇ ਮੰਡੀ ਵਿੱਚੋਂ ਵੇਖ ਕੇ ਮਹਿ ਲੈ ਆ।" ਧੰਨੇ ਸ਼ਾਹ ਨੇ ਹੁਕਮੀ ਲਹਿਜੇ ਵਿੱਚ ਕਿਹਾ।

"ਨਹੀਂ, ਸ਼ਾਹ! ਐਵੇਂ ਦੋ-ਢਾਈ ਮਹੀਨਿਆਂ ਦੀ ਗੱਲ ਏ, ਓਨੇ ਚਿਰ ਨੂੰ ਝੋਟੀ ਸੂ ਪਵੇਗੀ।" ਸੱਜਣ ਸਿੰਘ ਨੇ ਓਸ ਪਹਿਲਣ ਝੋਟੀ ਵੱਲ ਵਿਹੰਦਿਆਂ ਕਿਹਾ, ਜੀਹਦੀ ਅਜੇ ਛੇ ਮਹੀਨੇ ਨੂੰ ਸੂਣ ਦੀ ਆਸ ਸੀ।

"ਓ, ਨਹੀਂ-ਨਹੀਂ ਕੇਹੀ। ਉਠ ਕੇ ਮੇਰੇ ਨਾਲ ਤੁਰ ਤੂੰ। ਜਿਨ੍ਹਾਂ ਬਦਲੇ ਕਮਾਈਦਾ ਏ, ਉਹ ਅੰਞਾਣੇ ਈਂ ਤਰਸਦੇ ਰਹੇ, ਤਾਂ ਆਪਾਂ ਜਾਣ ਲੱਗਿਆਂ ਹਿੱਕ 'ਤੇ ਧਰ ਕੇ ਲੈ ਜਾਣਾ ਏਂ ?" ਸ਼ਾਹ ਨੇ ਉਹ ਉਪਦੇਸ਼ ਦਿੱਤਾ, ਜਿਸ ਉੱਤੇ ਉਹਨੇ ਆਪਣੇ ਘਰ ਵਿੱਚ ਕਦੇ ਅਮਲ ਨਹੀਂ ਸੀ ਕੀਤਾ।

"ਸ਼ਾਹ, ਮਹਿ ਤਾਂ ਲੈ ਆਈਏ, ਪਰ ਤੇਰਾ ਬਿਆਜ ਬੜਾ ਕਰੜਾ ਏ। ਨਹੀਂ ਤਾਂ

ਉਖਿਆਈ ਤਾਂ ਬੜੀ ਏ। ਸਾਡਾ ਪੱਪੂ ਸਵੇਰੇ ਉਠਦਾ ਦਹੀਂ ਵਾਸਤੇ ਰੋਣ ਡਹਿ ਪੈਂਦਾ ਏ।" ਕੋਲੋਂ ਭਜਨ ਕੌਰ ਨੇ ਕਿਹਾ। ਸ਼ਾਹ ਦੀਆਂ ਗੱਲਾਂ ਸੁਣ ਕੇ ਉਹਦਾ ਮਨ ਭਰਮ ਪਿਆ ਸੀ। ਉਧਾਰ ਮਹਿੰ ਲੈਣ ਵਾਸਤੇ ਉਹ ਤਿਆਰ ਹੋ ਪਈ ਸੀ, ਸਿਰਫ਼ ਬਹੁਤੇ ਸੂਦ ਤੋਂ ਡਰਦੀ ਸੀ।

"ਬੀਬੀ! ਇਹ ਤੂੰ ਕੀ ਗੱਲ ਆਖੀ। ਜਾਹ ਤੂੰ ਧਰਮ ਦੀ ਭੈਣ ਹੋਈਓਂ, ਹਾੜ੍ਹੀ ਤੱਕ ਇਕ ਪੈਸਾ ਬਿਆਜ ਨਹੀਂ ਲੈਂਦਾ। ਹੁਣ ਖ਼ੁਸ਼ ਏਂ ? ਦਾਣਿਆਂ ਤੋਂ ਸਾਵੇਂ ਦੇ ਸਾਵੇਂ ਦੇ ਦਿਉ ਜੇ। ਹੋਰ ਥੋੜ੍ਹੀਆਂ ਸਾਮੀਆਂ ਨੇ ਬਿਆਜ ਦੇਣ ਵਾਲੀਆਂ ? ਇਕ ਭਰਾ ਤੋਂ ਨਾ ਲਿਆ, ਤਾਂ ਕਿਹੜਾ ਧੰਨੇ ਸ਼ਾਹ ਨੰਗ ਹੋ ਚੱਲਿਆ ਏ।" ਧੰਨੇ ਸ਼ਾਹ ਨੇ ਮਾਣ ਨਾਲ ਛਾਤੀ ਫੁਲਾ ਕੇ ਕਿਹਾ, ਜਿਵੇਂ ਉਹ ਅਜੇਹਾ ਕਾਰਨਾਮਾ ਕਰ ਰਿਹਾ ਸੀ, ਜਿਹੜਾ ਅੱਜ ਤੱਕ ਕਿਸੇ ਬਿਆਜੜੀਏ ਨਾ ਕੀਤਾ ਹੋਵੇ।

"ਬੱਸ, ਓਨਾ ਚਿਰ ਈ ਇਹ ਗੱਲਾਂ ਨੇ, ਜਿੰਨਾ ਚਿਰ ਵਹੀ 'ਤੇ ਅੰਗੂਠਾ ਨਹੀਂ ਲੁਆ ਲੈਂਦਾ। ਫਿਰ ਤਾਂ ਬਿਆਜ ਨੂੰ ਵੀ ਬਿਆਜ ਲੱਗੇਗਾ ਪਿਆ।" ਸੱਜਣ ਸਿੰਘ ਨੇ ਸ਼ਾਹੂਕਾਰਾਂ ਦੇ ਸੁਭਾਅ ਬਾਰੇ ਹਾਸੇ ਦੇ ਰੰਗ ਵਿੱਚ ਖਰੀ-ਖਰੀ ਕਹਿ ਦਿੱਤੀ।

"ਉ ਸੱਜਣ ਸਿਹਾਂ! ਯਾਰ ਤੂੰ ਧੰਨੇ ਸ਼ਾਹ ਨੂੰ ਕੀ ਸਮਝ ਛੱਡਿਆ ਏ ? ਮਰਦ ਦੀ ਜ਼ਬਾਨ ਹੁੰਦੀ ਏ। ਤੈਨੂੰ ਇਕ ਵਾਰ ਜੂ ਆਖ ਦਿੱਤਾ ਏ, ਹਾੜ੍ਹੀ ਤੱਕ ਕੋਈ ਬਿਆਜ ਨਹੀਂ। ਅਸੀਂ ਲੋਕ ਜ਼ਬਾਨ ਪਿੱਛੇ ਸਭ ਕੁਛ ਉਜਾੜ ਦੇਂਦੇ ਆਂ। ਤੇ ਇਹ ਤਾਂ ਬਾਲਾਂ ਨੇ ਦੁੱਧ ਪੀਣਾ ਏਂ। ਤੇਰੇ ਬਾਲ ਕੀ ਤੇ ਸਾਡੇ ਕੀ ?" ਧੰਨੇ ਸ਼ਾਹ ਬਹੁਤੀ ਹੀ ਅਪਣੱਤ ਜਤਾ ਰਿਹਾ ਸੀ।

"ਵੇ ਬਸ਼ਕਿਆ!" ਭਜਨ ਕੌਰ ਨੇ ਅੰਦਰ ਬੈਠੇ ਪੁੱਤਰ ਨੂੰ ਵਾਜ ਮਾਰੀ। "ਜਾਹ ਵੇ, ਭੱਜ ਕੇ ਹੱਟੀਓਂ ਨਿੰਬੂ ਲਿਆ, ਸਕੰਜਵੀ ਬਣਾਈਏ।"

"ਨਹੀਂ, ਭੈਣ! ਕਾਕੇ ਹੱਥ ਪਾਣੀ ਦਾ ਗਲਾਸ ਭੇਜ ਦਿਹ। ਮਹਿੰ ਆਵੇਗੀ, ਤਾਂ ਕਿਸੇ ਦਿਨ ਆ ਕੇ ਦੁੱਧ ਪੀ ਜਾਵਾਂਗਾ। ਮੈਨੂੰ ਕੋਈ ਓਪਰਾ ਘਰ ਏ ?"

"ਹਾਹੋ। ਖੁਰ ਵਢੋਣ ਨੂੰ ਅਸੀਂ, ਤੇ ਦੁੱਧ ਤੂੰ ਪੀ ਜਾਇਆ ਕਰੀਂ ਆ ਕੇ।" ਸੱਜਣ ਸਿੰਘ ਨੇ ਹਾਸੇ ਨਾਲ ਕਿਹਾ।

"ਉ ਸਰਦਾਰਾ! ਸਾਡੀ ਭੈਣ ਦਾ ਘਰ ਏ। ਭਾਵੇਂ ਦੁੱਧ ਪੀਏ, ਭਾਵੇਂ ਖੀਰ ਖਾਈਏ, ਤੇਰੀ ਕੀ ਦਾਲ ਗਲਦੀ ਏ।" ਧੰਨੇ ਸ਼ਾਹ ਨੇ ਵੀ ਅੱਗੋਂ ਓਸੇ ਤਰ੍ਹਾਂ ਦੀ ਹਾਸੇ ਠੱਠੇ ਵਾਲੀ ਬੋਲੀ ਵਿੱਚ ਉੱਤਰ ਦਿੱਤਾ।

"ਸਾਰੀ ਉਮਰ ਇਹਨਾਂ ਦਾ ਏਹਾ ਸੁਭਾਅ ਰਿਹਾ। ਇਹ ਨਹੀਂ ਸੋਚਣਾ, ਪਈ ਕਿਸੇ ਨੂੰ ਇਹ ਗੱਲ ਆਖਣੀ ਵੀ ਏ ਕਿ ਨਹੀਂ।" ਭਜਨ ਕੌਰ ਨੇ ਮਿੱਠੀ ਜੇਹੀ ਝਿੜਕ ਦੇਂਦਿਆਂ ਕਿਹਾ। ਉਹ ਨਹੀਂ ਸੀ ਚਾਹੁੰਦੀ ਕਿ ਏਹੋ ਜੇਹੇ ਉਪਕਾਰੀ ਸ਼ਾਹ ਦਾ ਮਖ਼ੌਲ ਉਡਾਇਆ ਜਾਵੇ।

"ਉਇ, ਮਹਿੰ ਤਾਂ ਖੁਰਲੀ 'ਤੇ ਆ ਲੈਣ ਦਿਹ। ਅੱਗੇ ਈ ਤਰਫ਼ਦਾਰੀਆਂ ਹੋਣ ਲੱਗ ਪਈਆਂ ਨੇ।" ਸੱਜਣ ਸਿੰਘ ਨੂੰ ਅਜੇ ਪੂਰਾ ਭਰੋਸਾ ਨਹੀਂ ਸੀ ਕਿ ਧੰਨੇ ਸ਼ਾਹ ਕਹੀ ਹੋਈ ਗੱਲ 'ਤੇ ਪੂਰਾ ਉਤਰੇਗਾ।

"ਇਹ ਧੰਨੇ ਸ਼ਾਹ ਨੇ ਜ਼ਬਾਨ ਕੀਤੀ ਏ, ਧੰਨੇ ਸ਼ਾਹ ਨੇ। ਭਲਕੇ ਐਸ ਵੇਲੇ ਨੂੰ ਐਥੇ ਲਵੇਰੀ ਮਹਿੰ ਬੱਝੀ ਹੋਵੇਗੀ।" ਧੰਨੇ ਸ਼ਾਹ ਨੇ ਛਾਤੀ 'ਤੇ ਹੱਥ ਮਾਰਦਿਆਂ ਕਿਹਾ।

ਧੰਨੇ ਸ਼ਾਹ ਤੇ ਸੱਜਣ ਸਿੰਘ ਏਸੇ ਤਰ੍ਹਾਂ ਦਿਲ-ਲਗੀ ਵਿੱਚ ਰੁੱਝੇ ਰਹੇ। ਭਜਨ ਕੌਰ ਨੇ ਓਨਾ ਚਿਰ ਪਾਣੀ ਵਿੱਚ ਖੰਡ ਘੋਰ ਕੇ—ਬਿਨਾਂ ਦੁੱਧ ਤੋਂ ਹੀ—ਪਾਣੀ ਬਣਾ ਲਿਆ। "ਲੈ ਸ਼ਾਹ! ਅੱਜ ਬਿਨਾਂ ਦੁੱਧ ਤੋਂ ਈ ਪਰਵਾਨ ਕਰ ਲੈ। ਮਹਿੰ ਆਈ 'ਤੇ ਕੱਚਾ ਦੁੱਧ ਪਿਆਵਾਂਗੀ।"

"ਬੀਬੀ, ਇਹ ਤੂੰ ਐਵੇਂ ਖੇਚਲ ਕੀਤੀ।" ਧੰਨੇ ਸ਼ਾਹ ਨੇ ਘੁੱਟ ਭਰ ਕੇ ਕਿਹਾ। "ਐਸ ਵੇਲੇ ਸਗੋਂ ਫੋਕਾ ਪਾਣੀ ਹੀ ਚੰਗਾ ਸੀ।"

"ਉ ਪੀ ਲੈ ਅਗਾਂਹ, ਕਿਤੇ ਸੰਘ ਵਿੱਚ ਤਾਂ ਨਹੀਂ ਅੜ ਚਲਿਆ। ਤੇ ਜੇ ਮਿੱਠਾ ਨਹੀਂ ਰੁਚਦਾ, ਤਾਂ ਕੌੜਾ ਪਾਣੀ ਲਿਆਵਾਂ ?" ਸੱਜਣ ਸਿੰਘ ਨੇ ਥੋੜ੍ਹਾ ਜੇਹਾ ਮੂੰਹ ਨੇੜੇ ਕਰਕੇ ਕਿਹਾ।

"ਉਂਹੂੰ! ਕੌੜਾ ਪਾਣੀ ਪੀਣ ਨੂੰ ਕਿੱਡੇ ਛੇਰ ਨੇ।" ਭਜਨ ਕੌਰ ਨੇ ਨੱਕ ਮਰੋੜ ਕੇ ਕਿਹਾ। ਸ਼ਰਾਬ ਤੋਂ ਉਹਨੂੰ ਸਖ਼ਤ ਨਫ਼ਰਤ ਸੀ।

"ਜੱਟਾਂ ਦੀ ਨਹੀਂ, ਇਹ ਤਾਂ ਕਿਸੇ ਪਿਛਲੇ ਜਰਮ ਦੀ ਬਾਣੀਆਂ ਦੀ ਧੀ ਏ ? ਵੇਖੋਂ ਨਾ ਧੰਨੇ ਸ਼ਾਹ, ਸ਼ਰਾਬ ਦਾ ਨਾਂ ਸੁਣ ਕੇ ਕਿਵੇਂ ਨੱਕ ਵੱਟਦੀ ਏ ?" ਸੱਜਣ ਸਿੰਘ ਦੀ ਵਾਜ ਵਿੱਚ ਗੁੱਸੇ ਦੀ ਥਾਂ ਕਿਸੇ ਨੂੰ ਚਿੜਾਉਣ ਵਾਲਾ ਹਾਸਾ-ਠੱਠਾ ਵਧੇਰੇ ਸੀ।

"ਭਲਿਆ ਲੋਕਾ! ਸ਼ਰਾਬ ਕਿਤੇ ਬੰਦਿਆਂ ਦੇ ਪੀਣ ਵਾਲੀ ਚੀਜ਼ ਥੋੜ੍ਹੀ ਏ ? ਇਹ ਤਾਂ ਦੈਂਤਾਂ ਦਾ ਨੁਕਲ ਏ।" ਧੰਨੇ ਸ਼ਾਹ ਨੇ ਭਜਨ ਕੌਰ ਦੀ ਹਮਾਇਤ ਵਜੋਂ ਕਿਹਾ।

"ਤੇ ਜੇ ਭਲਾ ਮੁਫ਼ਤ ਮਿਲ ਜਾਏ ਤਾਂ ?" ਸੱਜਣ ਸਿੰਘ ਜਾਣਦਾ ਸੀ, ਕਿ ਧੰਨੇ ਸ਼ਾਹ ਮੁਫ਼ਤ ਦੀ ਕਦੇ ਕਦਾਈਂ ਪੀ ਲਿਆ ਕਰਦਾ ਸੀ।

"ਫਿਰ ਮੁਫ਼ਤ ਦੀ ਤਾਂ ਭਰਾਵਾ! —ਆਹੰਦੇ ਨੇ—ਕਾਜ਼ੀ ਵੀ ਨਹੀਂ ਛੱਡਦੇ।" ਧੰਨੇ ਸ਼ਾਹ ਨੇ ਇਸ ਲੋਕੁਕਤੀ ਦਾ ਆਸਰਾ ਲੈ ਕੇ ਇਕ ਤਰ੍ਹਾਂ ਇਕਬਾਲ ਕਰ ਲਿਆ।

ਧੰਨੇ ਸ਼ਾਹ ਪਾਣੀ ਪੀ ਕੇ ਤੁਰ ਗਿਆ। ਉਹਨੇ ਬੜਾ ਜ਼ੋਰ ਲਾਇਆ ਕਿ ਮਹਿੰ ਲੈਣ ਵਾਸਤੇ ਸੱਜਣ ਸਿੰਘ ਓਸੇ ਵੇਲੇ ਉਹਦੇ ਨਾਲ ਚੱਲੇ, ਪਰ ਸੱਜਣ ਸਿੰਘ ਨੇ ਅਗਲੇ ਦਿਨ ਦਾ ਇਕਰਾਰ ਕਰਕੇ ਧੰਨੇ ਸ਼ਾਹ ਨੂੰ ਤੋਰ ਦਿੱਤਾ।

ਪਿੱਛੋਂ ਸਾਰਾ ਦਿਨ ਸੱਜਣ ਸਿੰਘ ਤੇ ਭਜਨ ਕੌਰ ਵਿੱਚ ਬਹਿਸ ਹੁੰਦੀ ਰਹੀ।

ਸੱਜਣ ਸਿੰਘ ਕਰਜ਼ ਲੈਣ ਦੇ ਹੱਕ ਵਿੱਚ ਨਹੀਂ ਸੀ। ਉਹ ਦਲੀਲ ਦੇਂਦਾ ਸੀ ਕਿ ਜਿਨਸਾਂ ਦੇ ਭਾਅ ਬਹੁਤ ਮੰਦੇ ਹਨ। ਮਾਮਲਾ ਤਾਰ ਕੇ ਸ਼ਾਹ ਦੇ ਮੋੜਨ ਜੋਗੇ ਨਾ ਬਚੇ, ਤਾਂ ਕੀ ਬਣੇਗਾ ? ਪਰ ਭਜਨ ਕੌਰ, ਧੰਨੇ ਸ਼ਾਹ ਦੀ ਦਿੱਤੀ ਹੋਈ ਰਿਆਇਤ ਤੋਂ ਫ਼ਾਇਦਾ ਉਠਾਉਣ ਦੇ ਹੱਕ ਵਿੱਚ ਸੀ। ਨਾ ਉਹਨੂੰ ਅੱਗੇ ਕਰਜ਼ੇ ਦਾ ਤਜਰਬਾ ਸੀ, ਨਾ ਧੰਨੇ ਸ਼ਾਹ ਦੇ ਸੁਭਾਅ ਦਾ। ਏਸ ਵਾਸਤੇ ਉਹ ਆਪਣੀ ਗੱਲ 'ਤੇ ਅੜੀ ਹੋਈ ਸੀ। ਅਖ਼ੀਰ ਉਹਨੇ ਖਿਝ ਕੇ ਕਿਹਾ, "ਤੁਹਾਨੂੰ ਤਾਂ ਅਹਿਨਾਂ ਫੋਹਾ-ਫੋਹਾ ਭਰ ਜੁਆਕਾਂ 'ਤੇ ਵੀ ਤਰਸ ਨਹੀਂ ਆਉਂਦਾ। ਮੈਂ ਕਿਤੇ ਆਪਣੇ ਖਾਣ ਮਰਨ ਨੂੰ ਤਾਂ ਨਹੀਂ ਆਹੰਦੀ। ਅੱਗੇ ਕਿਹੜੀ ਮੈਂ ਮਲਾਈਆਂ ਮਖਣੀਆਂ 'ਤੇ ਲੱਗੀ ਹੋਈ ਆਂ। ਐਵੇਂ ਮਾਂਵਾਂ ਦੀਆਂ ਆਂਦਰਾਂ ਹੁੰਦੀਆਂ ਨੇ। ਸਵੇਰੇ ਉਠਦਾ ਪੱਪੂ ਦਹੀਂ ਮੰਗਦਾ ਏ, ਤਾਂ ਜੀਅ ਨੂੰ ਵਲ੍ਹੇਟ ਫਿਰਦੇ ਨੇ। ਨਾਲੇ ਉਹ ਵੀ ਭਲਾ-ਲੋਕ ਕਿੰਨੀਆਂ ਪੱਕੀਆਂ ਕਰਦਾ ਗਿਆ ਏ। ਹਾੜੀ ਨੂੰ ਭਲਾ ਇਕ ਮਹਿੰ ਦੇ ਪੈਸੇ ਵੀ ਨਾ ਨਿਬੜਣਗੇ ? ਅਸਾਂ ਕਿਤੇ ਰੱਬ ਦੇ ਮਾਂਹ ਤਾਂ ਨਹੀਂ ਮਾਰੇ ਹੋਏ। ਬੰਦੇ ਤਾਂ ਐਵੇਂ ਮਰੂੰ-ਮਰੂੰ ਕਰਦੇ ਰਹਿਣਗੇ।"

"ਬੰਦਿਆਂ ਨੂੰ ਕਮੌਣਾ ਜੁ ਪੈਂਦਾ ਹੋਇਆ।" ਸੱਜਣ ਨੇ ਆਪਣੀ ਜ਼ਿੰਮੇਂਵਾਰੀ ਮਹਿਸੂਸ ਕਰਦਿਆਂ ਕਿਹਾ।

"ਬੰਦੇ ਕਿਤੇ ਅਲੋਕਾਰ ਕਮੌਂਦੇ ਨੇ ? ਜਨਾਨੀਆਂ ਵਿਹਲੀਆਂ ਬੈਠੀਆਂ ਰਹਿੰਦੀਆਂ ਨੇ ?" ਭਜਨ ਕੌਰ ਨੇ ਸੱਜਣ ਸਿੰਘ ਦੀ 'ਇਕੱਲੇ ਕਮਾਉਣ ਦੀ' ਦਲੀਲ ਨੂੰ ਮੰਨਿਆਂ ਨਾ।

"ਵਿਹਲੀਆਂ ਨਹੀਂ ਬੈਠੀਆਂ ਰਹਿੰਦੀਆਂ, ਪਰ ਕਿਸੇ ਕੋਲੋਂ ਲਿਔਣ ਦੇਣ ਦਾ ਤਾਂ ਫ਼ਿਕਰ ਨਹੀਂ। ਘਰ ਬੈਠੀਆਂ ਮੰਗ ਈ ਲੈਣਾ ਏਂ ਨਾ। ਅਖੇ : ਲਿਆਵੇਗਾ ਮੀਆਂ ਤੇ ਖਾਏਗੀ ਡਾਰੀ। ਨਾ ਲਿਆਊ ਮੀਆਂ, ਤਾਂ ਹੋਊ ਖੁਆਰੀ।"

"ਤੁਹਾਨੂੰ ਤਾਂ ਡਾਰੀ ਨੇ ਬਹੁਤ ਔਖਿਆਂ ਕਰ ਛੱਡਿਆ ਹੋਣਾ ਏਂ। ਲੈ ਖਾਂ, ਨਾ ਲਿਆਓ। ਮੇਰੇ ਇਹ ਵਧੇਰੇ ਨੇ ? ਸਿਆਣਿਆਂ ਅਖਾਣ ਪਾਇਆ ਏ : ਮਾਪੇ ਤਰਸਣ ਪੁੱਤਾਂ ਨੂੰ ਤੇ, ਪੁੱਤਰ ਤਰਸਣ ਟੁੱਕਾਂ ਨੂੰ। ਸਾਡੇ ਵਚਾਰੇ ਮਾਪਿਆਂ ਦੇ ਹੁੰਦਿਆਂ ਈ ਲੱਸੀ ਨੂੰ ਪਏ ਤਰਸਦੇ ਨੇ।" ਭਜਨ ਕੌਰ ਮੂੰਹ ਵੱਟ ਕੇ ਅੰਦਰ ਚਲੀ ਗਈ। ਆਪਣੀ ਨਾਰਾਜ਼ਗੀ ਪ੍ਰਗਟ ਕਰਨ ਵਾਸਤੇ ਉਹ ਏਨਾ ਹੀ ਕਾਫ਼ੀ ਸਮਝਦੀ ਸੀ।

ਦਿਲੋਂ ਨਾ ਚਾਹੁੰਦਾ ਹੋਇਆ ਵੀ ਸੱਜਣ ਸਿੰਘ ਅਗਲੀ ਸਵੇਰ ਸ਼ਹਿਰ ਨੂੰ ਤੁਰ ਗਿਆ।

ਧੰਨੇ ਸ਼ਾਹ ਨੇ ਸੱਜਣ ਸਿੰਘ ਦਾ ਬੜਾ ਨਿੱਘਾ ਸਵਾਗਤ ਕੀਤਾ। ਸੱਜਣ ਸਿੰਘ ਦੇ ਨਾਂਹ-ਨਾਂਹ ਕਰਦਿਆਂ ਵੀ ਧੰਨੇ ਸ਼ਾਹ ਨੇ ਨੌਕਰ ਨੂੰ ਭੇਜ ਕੇ ਲੱਸੀ ਦਾ ਗਲਾਸ ਮੰਗਾ ਲਿਆ। ਘਰ ਵਿੱਚ ਧੰਨੇ ਸ਼ਾਹ ਜਿੰਨਾ ਕੰਜੂਸ ਸੀ, ਆੜ੍ਹਤ ਉੱਤੇ–ਸਾਮੀ ਨੂੰ

ਫਾਹੁਣ ਵਾਸਤੇ—ਉਹ ਕਿਸੇ-ਕਿਸੇ ਵੇਲੇ ਖੁੱਲ੍ਹ-ਦਿਲਾ ਵੀ ਹੋ ਜਾਂਦਾ ਸੀ।

"ਆਹ ਲੈ।" ਧੰਨੇ ਸ਼ਾਹ ਨੇ ਸੱਜਣ ਸਿੰਘ ਨੂੰ ਦਸਾਂ ਦਾ ਨੋਟ ਫੜਾਉਂਦਿਆਂ ਕਿਹਾ, "ਹਾਤਿਆਂ 'ਚ ਫਿਰ ਕੇ ਮਹਿੰ ਪਸੰਦ ਕਰਕੇ ਸਾਈ ਦਿਹ। ਫੇਰ ਆ ਕੇ ਜਿੰਨੇ ਲੋੜ ਹੋਣ, ਲੈ ਜਾਈਂ। ਤੇ ਮਹਿੰ ਕੋਈ ਚੰਗੀ ਖ਼ਰੀਦੀਂ। ਐਵੇਂ ਕੋਈ ਖੜੰਭਾ ਜੇਹੀ ਨਾ ਹਿੱਕ ਤੁਰੀਂ, ਜੀਹਨੂੰ ਵੇਖ ਕੇ ਘਰ ਦੇ ਬਾਲ ਈ ਪਏ ਡਰਨ। ਚੰਗਾ ਪਸ਼ੂ ਸੂਆ, ਦੋ ਸੂਏ ਪਿਆ ਕੇ ਵੀ ਮੁੱਲ ਪੂਰਾ ਕਰ ਜਾਂਦਾ ਏ।" ਇਸ ਸਾਰੇ ਉਪਦੇਸ਼ ਦਾ ਅਸਲੀ ਮਨੋਰਥ ਇਹ ਸੀ ਕਿ ਸੱਜਣ ਸਿੰਘ ਏਨਾ ਕਰਜ਼ ਚੁੱਕ ਲਵੇ, ਜਿਹੜਾ ਉਹ ਹਾੜ੍ਹੀ ਨੂੰ ਉਤਾਰ ਨਾ ਸਕੇ।

ਕਸੂਰ ਮਹੀਂ ਦੀ ਬੜੀ ਉੱਘੀ ਮੰਡੀ ਸੀ। ਸ਼ਹਿਰ ਦੇ ਹਰ ਹਿੱਸੇ ਵਿੱਚ ਕੋਈ ਅਹਾਤੇ ਸਨ। ਹਰ ਅਹਾਤੇ ਵਿੱਚ ਦਸ, ਪੰਦਰਾਂ, ਵੀਹ ਮਹੀਂ ਹਰ ਵੇਲੇ ਵਿਕਾਊ ਖਲੋਤੀਆਂ ਰਹਿੰਦੀਆਂ ਸਨ। ਹਜ਼ਾਰਾਂ ਰੁਪਏ ਦਾ ਲੈਣ ਦੇਣ ਰੋਜ਼ ਹੁੰਦਾ ਸੀ। ਕੋਈ ਬਿਉਪਾਰੀ ਪਿੰਡਾਂ ਵਿੱਚੋਂ ਮਾਲ ਖ਼ਰੀਦ ਕੇ ਕਸੂਰ ਰਾਹੀਂ ਬੰਬਈ ਭੇਜਦੇ ਸਨ। ਕਿਸੇ ਪੇਂਡੂ ਨੇ ਲਵੇਰੀ ਵੇਚਣੀ, ਜਾਂ ਖ਼ਰੀਦਣੀ ਹੋਵੇ, ਤਾਂ ਹਰ ਵੇਲੇ ਉਹਦੀ ਲੋੜ ਕਸੂਰ ਵਿੱਚੋਂ ਪੂਰੀ ਹੋ ਸਕਦੀ ਸੀ।

ਸੱਜਣ ਸਿੰਘ ਨੇ ਕੋਈ ਅਹਾਤੇ ਫਿਰ ਕੇ ਵੇਖੇ। ਅੰਤ ਤਾਹਰਕਿਆਂ ਦੇ ਅਹਾਤੇ ਵਿੱਚੋਂ ਉਹਨੇ ਇਕ ਦੁੱਜਣ ਮਹਿੰ ਪਸੰਦ ਕੀਤੀ। ਮਹਿੰ ਮੱਥਿਓਂ ਬੱਲ੍ਹੀ, ਚੂਰ-ਕੁੰਢੀ, ਪੰਜ ਕਲਿਆਣੀ, ਹਵਾਨੇ ਦੀ ਦੱਖ ਮਨਮੋਹਣੀ ਤੇ ਚੋਣ ਨੂੰ ਸਾਰੇ ਗੁਣਾਂ ਵਿੱਚ ਪੂਰੀ ਸੀ। ਦਲਾਲ ਨੇ ਮਹਿੰ ਦੀ ਕੰਡ 'ਤੇ ਹੱਥ ਫੇਰਦਿਆਂ ਕਿਹਾ, "ਸ. ਸੱਜਣ ਸਿਹਾਂ! ਮਹਿੰ ਲੈਣੀ ਉਂ, ਤਾਂ ਆਹ ਝੋਟੀ ਸਾਰੇ ਕਸੂਰ ਵਿੱਚੋਂ ਸਿੱਟਾ ਈ। ਤੇਰੇ ਪੀਰੂਵਾਲੇ ਵਿੱਚ ਇਹਦੇ ਵਰਗੀ ਇਕ ਨਹੀਂ ਹੋਣੀ। ਪੈਸੇ ਤਾਂ ਇਕ ਵਾਰ ਲੱਗ ਜਾਣਗੇ, ਪਰ ਸਾਰਾ ਪਿੰਡ ਤੁਰ ਕੇ ਵੇਖਣ ਆਵੇਗਾ। ਨਾਲੇ ਸਿਆਣਿਆਂ ਆਖਿਆ ਏ, ਪਸ਼ੂ ਚਾਰ ਛਿੱਲੜ ਮਹਿੰਗਾ, ਪਰ ਨਵਾਂ ਤੇ ਮੂੰਹ-ਮੱਥੇ ਲੱਗਦਾ ਖ਼ਰੀਦੀਏ। ਜਾਹ, ਦੋ ਸੂਏ ਪੀ ਕੇ ਮੇਰੇ ਕਿੱਲੇ 'ਤੇ ਬੰਨ੍ਹ ਜਾਵੀਂ ਤੇ ਲੱਗੀ ਰਕਮ ਲੈ ਜਾਵੀਂ। ਹੋਰ ਦੱਸ।"

ਇਕ ਪੇਂਡੂ ਹਲ-ਵਾਹ ਦੇ ਉਦਾਲੇ ਤਿੰਨ ਸ਼ਹਿਰੀਏ ਦਲਾਲ ਹੋ ਗਏ। ਫਿਰ ਉਹਨੇ ਜਾਲ ਵਿੱਚੋਂ ਕਿਧਰ ਨਿਕਲ ਜਾਣਾ ਸੀ। ਸੱਜਣ ਸਿੰਘ ਨੇ ਹਾਮੀ ਭਰ ਦਿੱਤੀ। ਮਹਿੰ ਉਹਦੇ ਵੀ ਦਿਲ ਲੱਗਦੀ ਸੀ।

"ਕਰ ਭਈ, ਮੁੱਲ।" ਫੱਜੇ ਦਲਾਲ ਨੇ ਮਾਲਕ ਨੂੰ ਪੁੱਛਿਆ।

"ਫੱਜਿਆ! ਮੁੱਲ ਮੈਂ ਕਰਨਾ ਏ? ਮੁੱਲ ਤਾਂ ਝੋਟੀ ਆਪੇ ਪਈ ਕਰਦੀ ਏ।" ਪੁਰਾਣੇ ਬਿਉਪਾਰੀ ਪੀਰਾਂ ਦਿੱਤੇ ਨੇ ਸਿਰ ਤੋਂ ਪੱਗ ਲਾਹ ਕੇ ਮਹਿੰ ਦਾ ਪਿੰਡਾ ਪੂੰਝਦਿਆਂ ਕਿਹਾ।

ਪੀਰਾਂ ਦਿਤੇ ਦੀ ਆਦਤ ਸੀ ਕਿ ਉਹ ਹਰ ਵੇਲੇ ਆਪਣੇ ਪਸ਼ੂ ਦੇ ਪਿੰਡੇ ਉੱਤੇ ਕੱਪੜਾ ਫੇਰਦਾ ਰਹਿੰਦਾ। ਹੋਰ ਲੀੜਾ ਕੋਲ ਨਾ ਹੋਵੇ ਤਾਂ ਉਹਨੇ ਸਿਰੋਂ ਪੱਗ ਲਾਹ ਕੇ ਓਸੇ ਨਾਲ ਪਸ਼ੂ ਦਾ ਪਿੰਡਾ ਸਾਫ਼ ਕਰਨ ਲੱਗ ਪੈਣਾ। ਉਹਦੇ ਆਪਣੇ ਕੱਪੜੇ ਮੈਲੇ ਹੋਣੇ, ਪਰ ਉਹਦੀਆਂ ਮਹੀਂ ਦੇ ਪਿੰਡੇ ਹਰ ਵੇਲੇ ਲਿਸ਼ਕਦੇ ਰਹਿਣੇ। ਕਈ ਵਾਰ ਉਹਨੇ ਪਿੰਡ ਵਿੱਚੋਂ ਮਹਿੰ ਖ਼ਰੀਦਣ ਲੱਗਿਆਂ ਮਾਣ ਨਾਲ ਕਹਿਣਾ, "ਉ ਸਰਦਾਰਾ! ਪੈਸਿਆਂ ਦੇ ਮੱਥੇ ਨਾ ਲੱਗ। ਤੇਰਾ ਪਸ਼ੂ ਸੁਰਗ ਵਿੱਚ ਪੈ ਜਾਊਗਾ। ਆਹ ਵੇਖ੍ਹਾਂ ਤੇਰੀ ਸਾਂਭੀ ਹੋਈ ਦਾ ਹਾਲ। ਗਿਠ-ਗਿਠ ਗੋਹਾ ਤੇ ਚਿੱਕੜ ਚੜ੍ਹਿਆ ਪਿਆ ਏ ਪਿੰਡੇ 'ਤੇ। ਖੁੱਡੇ ਨਿਕਲੇ ਹੋਏ ਨੇ। ਜਾਹ, ਚੌਥੇ ਦਿਨ ਆ ਕੇ ਪੀਰਾਂ ਦਿਤੇ ਦੇ ਕਿੱਲੇ 'ਤੇ ਵੇਖ ਲਈਂ। ਮਹਿੰ ਸਿਆਣ ਲਵੇਂ ਤਾਂ ਮੁਖਤੋ-ਮੁਖਤ ਖੁਹਲ ਲਿਆਵੀਂ।"

"ਫਿਰ ਵੀ, ਭਈ ਨਾ ਤਾਂ ਮਾਪਿਆਂ ਈਂ ਧਰਨਾ ਏਂ ਨਾ।" ਫੱਜੇ ਨੇ ਪੀਰਾਂ ਦਿਤੇ ਨੂੰ ਦੁਬਾਰਾ ਕਿਹਾ।

"ਉਹ—ਹੋ, ਤੂੰ ਅੱਜ ਨਵਾਂ ਮਹਿੰ ਖ਼ਰੀਦਣ ਲੱਗਾ ਏਂ? ਮਾਲ ਤੇਰੇ ਸਾਮ੍ਹਣੇ ਆਂ, ਜੋ ਮਰਜ਼ੀ ਉ, ਲਾ।" ਤੇਲ ਨਾਲ ਚੋਪੜੇ ਹੋਏ ਸਿੰਙਾਂ ਉੱਤੇ ਪੀਰਾਂ ਦਿਤੇ ਨੇ ਹੱਥ ਫੇਰਦਿਆਂ ਕਿਹਾ।

"ਸਾਰੀ ਉਮਰ ਤੇਰੀ ਇਹ ਆਦਤ ਨਾ ਗਈ। ਮੂੰਹ 'ਚ ਦੰਦ ਨਹੀਂ ਰਹੇ; ਤੇ ਨਖ਼ਰੇ ਕਸ਼ਮੀਰਨ ਜੰਨਤ-ਬਾਈ ਵਾਂਗ ਕਰਨੇ।" ਸੰਤੇ ਦਲਾਲ ਨੇ ਕਸੂਰ ਦੀ ਪ੍ਰਸਿੱਧ ਨਾਚੀ ਦਾ ਨਾਂ ਮਸਾਲ ਵਜੋਂ ਪੇਸ਼ ਕੀਤਾ। "ਮੁੱਲ ਦੱਸ। ਤੇ ਜੇ ਵੇਚਣ ਦਾ ਅਰਾਦਾ ਨਹੀਂ, ਤਾਂ ਅਸੀਂ ਅਗ੍ਹਾਂ ਤੁਰਦੇ ਬਣੀਏਂ। ਕਸੂਰ ਵਿੱਚ ਮਹੀਂ ਦਾ ਕਾਲ ਨਹੀਂ ਪੈ ਗਿਆ ਜੇਹੜੀ ਤੇਰੇ ਕੋਲ ਸੁੰਢ ਦੀ ਗੰਢੀ ਏ, ਹੋਰ ਕਿਤੋਂ ਭਲਾ ਲੱਭਣੀ ਏ?"

"ਇਹਦੇ ਨਾਲ ਦੀ? ਜਾਹ, ਸਾਰੇ ਕਸੂਰ ਵਿੱਚੋਂ ਲੱਭ ਲਿਆਵੇਂ, ਤਾਂ ਮੁਖਤ ਲੈ ਜਾਈਂ। ਸੰਤਿਆ! ਤੂੰ ਮਹੀਂ ਕਦੇ ਵੇਖੀਆਂ ਈ ਨਹੀਂ। ਇਸੇ ਵਾਸਤੇ ਤੇਰਾ-ਮੇਰਾ ਸੌਦਾ ਨਹੀਂ ਬਣਦਾ ਹੁੰਦਾ। ਤੈਨੂੰ ਪਸ਼ੂ ਦੀ ਸਨਾਸ ਵੀ ਹੋਵੇ?"

"ਉ, ਤੂੰ ਹੁਣ ਕੁਛ ਮੂੰਹੋਂ ਫੁੱਟੇਂ ਮਰੇਂ ਵੀ?" ਫੱਜੇ ਨੇ ਥੋੜ੍ਹਾ ਜਿਹਾ ਖਿਝ ਕੇ ਕਿਹਾ।

"ਰੁਪਈਆ ਡੂਢ ਸੌ ਲਊਂਗਾ। ਹੈਗਾ ਈ ਪੱਲੇ?" ਪੀਰਾਂ ਦਿਤੇ ਨੇ ਕੁਛ ਤਿਖੀ ਜੇਹੀ ਸੁਰ ਨਾਲ ਫੱਜੇ ਨੂੰ ਜਵਾਬ ਦਿੱਤਾ। ਅਸਲ ਵਿੱਚ ਉਹ ਗਾਹਕ ਦੀ ਅਣਖ ਨੂੰ ਟੁੰਬ ਰਿਹਾ ਸੀ।

"ਡੂਢ ਸੌ ਨਹੀਂ, ਦੋ ਸੌ। ਲਾਮ ਲੱਗੀ ਹੋਣੀ ਏਂ ਕਿਤੇ। ਕਣਕ ਡੂਢ ਰੁਪਈਏ ਰੁਲਦੀ ਫਿਰਦੀ ਏ, ਤੇ ਏਸ ਕਾਲੇ ਚੰਮ ਦਾ ਡੂਢ ਸੌ।" ਫੱਜੇ ਨੇ ਕੁਛ ਘ੍ਰਿਣਾ ਭਰੇ ਢੰਗ ਨਾਲ ਕਿਹਾ।

"ਵੇਖ ਉਇ ਫੱਜਿਆ! ਬੰਦੇ ਦਾ ਪੁੱਤ ਏਂ ਤਾਂ ਮੁੜ ਕੇ ਏਹੋ ਜੇਹੀ ਗੱਲ ਨਾ ਮੂੰਹੋਂ

ਕੱਢੀਂ। ਅਖੇ : ਚੜ੍ਹਨਾ ਜੱਟੀਏ ਤੂੰ ਆਪਣੇ ਸ਼ੌਕ ਨੂੰ ਪਰ ਮੇਰੀ ਬੱਕੀ ਨੂੰ ਨਿੰਦ ਕੇ ਨਾ ਜਾਹ।" ਪੀਰਾਂ ਦਿਤੇ ਨੇ ਮੱਥੇ 'ਤੇ ਤਿਊੜੀ ਪਾ ਕੇ ਮਿਰਜ਼ੇ ਦੇ ਕਿੱਸੇ ਦੀ ਮਸ਼ਹੂਰ ਪੰਗਤੀ ਕਹੀ।

"ਉ, ਹੱਛਾ ਤੇਰੀ ਭੂਫ ਸੌ ਦੀ ਨਹੀਂ, ਢਾਈ ਸੌ ਦੀ ਏ, ਪਰ ਅਸਾਂ ਤਾਂ ਗਾਹਕ ਦਾ ਪੁੱਜਦਾ ਮੁੱਲ ਲੈਣਾ ਏਂ। ਲੈ ਕਰ ਹੱਥ।" ਸੰਤੇ ਨੇ ਬੜੀ ਮਿੱਠੀ ਸੁਰ ਨਾਲ ਕਿਹਾ।

ਪੀਰਾਂ ਦਿਤਾ ਵੀ ਇਕ ਮਿੰਟ ਵਿੱਚ ਨਰਮ ਹੋ ਗਿਆ। ਉਹਨੇ ਸੱਜਾ ਹੱਥ ਅਗ੍ਹਾਂ ਵਧਾ ਦਿੱਤਾ।

"ਲੈ, ਅੱਲਾ ਪਾਕ ਦਾ ਨਾਂ ਲੈ। ਬੋਹਣੀ ਦਾ ਵੇਲਾ ਈਂ।" ਸੰਤੇ ਨੇ ਪੀਰਾਂ ਦਿੱਤੇ ਦੇ ਹੱਥ ਉੱਤੇ ਚਾਂਦੀ ਦਾ ਰੁਪਇਆ ਧਰ ਕੇ ਉਹਦਾ ਹੱਥ ਆਪਣੇ ਦੋਹਾਂ ਹੱਥਾਂ ਵਿੱਚ ਘੁੱਟ ਕੇ ਕਿਹਾ : "ਰੁਪਈਏ ਪੰਜਾਹ ਈ।" ਨਾਲ ਹੀ ਉਹਨੇ ਦੋਹਾਂ ਹੱਥਾਂ ਨਾਲ ਪੀਰਾਂ ਦਿਤੇ ਦੇ ਹੱਥ ਨੂੰ ਜ਼ੋਰ ਨਾਲ ਪਿਛਾਂਹ ਨੂੰ ਧੱਕਾ ਦਿੱਤਾ।

"ਮੈਂ ਤੁਹਾਡਾ ਬਖੇੜੀਆਂ ਉਇ!" ਪੀਰਾਂ ਦਿਤੇ ਨੇ ਹੱਥ ਵਿੱਚੋਂ ਰੁਪਈਆ ਇਉਂ ਛਿਣਕ ਦਿੱਤਾ, ਜਿਵੇਂ ਉਹ ਤੱਤਾ ਹੋਵੇ। "ਆਏ ਨੇ ਵੱਡੇ ਮੁਹਤਬਰ ਦਲਾਲ। ਹੂੰਹ।" ਤੇ ਉਹ ਭੁੜਕ ਕੇ ਮਹਿੰ ਦੇ ਦੂਜੇ ਪਾਸੇ ਜਾ ਖਲਾ।

"ਕਿਉਂ, ਸੱਪ ਸੀ, ਜੀਹਨੇ ਹੱਥ ਉੱਤੇ ਡੰਗ ਮਾਰ ਦਿੱਤਾ ਏ? ਲੈ, ਆ ਉਰ੍ਹਾਂ।" ਫੱਤੇ ਨੇ ਭੋਇੰ ਤੋਂ ਰੁਪਇਆ ਫੜ ਕੇ ਫੇਰ ਉਹਦੇ ਵੱਲ ਵਧਾ ਦਿੱਤਾ।

"ਬੱਸ, ਇਹ ਸੰਤਾ ਮੇਰੇ ਮੱਥੇ ਨਾ ਲੱਗੇ। ਇਹਦੇ ਨਾਲ ਮੈਂ ਗੱਲ ਨਹੀਂ ਕਰਨੀ। ਊਂਹ, ਪੰਜਾਹ ਲੈ ਲਾ ਸੁ।" ਪੀਰਾਂ ਦਿਤਾ ਸੰਤੇ ਵੱਲੇ ਗੁੱਸੇ ਭਰੀਆਂ ਅੱਖਾਂ ਨਾਲ ਵਿਹੰਦਾ ਫਿਰ ਨੇੜੇ ਆ ਗਿਆ।

"ਲੈ ਨਾ ਪੰਜਾਹ ਨਾ ਪਚਵੰਜਾ।" ਫੱਜੇ ਨੇ ਪੀਰਾਂ ਦਿਤੇ ਦਾ ਹੱਥ ਫੜ ਕੇ ਉੱਤੇ ਰੁਪਇਆ ਰਖਦਿਆਂ ਕਿਹਾ। "ਰੁਪਈਏ ਸੱਠ ਈ।"

"ਤੁਸੀਂ ਸਾਰੇ....ਤੁਸੀਂ ਸਾਰੇ ਇਕੋ ਰੱਸੇ ਫਾਹੇ ਦੇਣ ਵਾਲੇ ਓ। ਛੱਡ ਦੇ, ਮੈਂ ਨਹੀਂ ਸੌਦਾ ਕਰਦਾ।" ਪੀਰਾਂ ਦਿਤਾ ਫੇਰ ਪਹਿਲਾਂ ਵਾਂਗ ਹੀ ਤੜਫਿਆ, ਭੁੜਕਿਆ, ਪਰ ਫੱਜੇ ਨੇ ਉਹਦਾ ਹੱਥ ਛੱਡਿਆ ਨਾ।

"ਉਇ ਤੈਨੂੰ ਬਿੱਛੂ ਲੜਦੇ ਨੇਂ? ਤੜਫਦਾ ਕਿਉਂ ਏਂ ਐਨਾ? ਬੰਦਿਆਂ ਵਾਂਗ ਖਲੋ ਕੇ ਗੱਲ ਕਰ। ਤੈਥੋਂ ਕੋਈ ਖੁਹ ਕੇ ਤਾਂ ਨਹੀਂ ਲੈ ਚੱਲਿਆ।" ਕੋਲੋਂ ਅਹਾਤੇ ਦੇ ਮਾਲਕ ਚੌਧਰੀ ਅਲਾਹ ਬਖ਼ਸ਼ ਤਾਹਰਕੇ ਨੇ ਪੀਰਾਂ ਦਿਤੇ ਨੂੰ ਜ਼ਰਾ ਝਿੜਕਦਿਆਂ ਕਿਹਾ।

"ਹੱਛਾ, ਐਧਰ ਆ ਭਈ ਸ. ਸਜਣ ਸਿਹਾਂ!" ਸੰਤਾ, ਫੱਜਾ ਤੇ ਲਾਲ ਦੀਨ—ਤਿੰਨੇ ਦਲਾਲ—ਸੱਜਣ ਸਿੰਘ ਨੂੰ ਬਾਂਹੋਂ ਫੜਕੇ ਅਹਾਤਿਓਂ ਬਾਹਰ ਲੈ ਗਏ।

"ਤੂੰ ਦੱਸ ਭਈ, ਕਿੱਥੋਂ ਤੱਕ ਵਾਰਾ ਖਾਂਦੀ ਏ। ਅਸਾਂ ਤਾਂ ਤੇਰੇ ਵੱਲ ਦੀ ਈ ਕਰਨੀ ਏਂ। ਉਂਞ ਐਸ ਭਾਅ ਵਿੱਚ ਮਹਿੰ ਸੌ ਤੋਂ ਘੱਟ ਦੀ ਨਹੀਂ।" ਲਾਲ ਦੀਨ ਨੇ ਆਪਣੀ ਰਾਏ ਦੱਸੀ।

"ਨਾ ਭਈ, ਮੈਂ ਤਾਂ ਅੱਸੀਆਂ ਤੋਂ ਵੱਧ ਨਹੀਂ ਖ਼ਰਚਣੇ। ਆਪਾਂ ਕੋਈ ਹੋਰ ਵੇਖ ਲੈਂਦੇ ਆਂ।" ਦਲਾਲਾਂ ਦਾ ਹੰਮਾ ਰੱਖਣ ਵਾਸਤੇ ਸੱਜਣ ਸਿੰਘ ਨੇ ਆਪਣੀ ਇੱਛਿਆ ਨਾਲੋਂ ਦਸ ਵੱਧ ਹੀ ਦੱਸੇ।

"ਫੇਰ ਨਹੀਂ ਸੌਦਾ ਬਣਨਾ। ਉਹ ਬੁੱਢਾ ਬੜਾ ਖੁਰਾਂਟ ਏ।" ਸੰਤੇ ਨੇ ਸਿਰ ਫੇਰਦਿਆਂ ਕਿਹਾ।

"ਬਣਨਾ ਕਿਉਂ ਨਹੀਂ? ਜਾਂ ਦੋ ਵੱਧ ਜਾਂ ਘੱਟ। ਚੰਗਾ ਪਸ਼ੂ ਵੀ ਕਿਤੇ ਭਾਗਾਂ ਨਾਲ ਈ ਬਣਦਾ ਏ।" ਲਾਲ ਦੀਨ ਨੇ ਗਾਹਕ ਕੋਲ ਵਿਕਾਊ ਚੀਜ਼ ਦੀ ਤਾਰੀਫ਼ ਕਰਨੀ ਜ਼ਰੂਰੀ ਸਮਝੀ।

"ਨਾ ਭਈ! ਮੈਂ ਅੱਸੀਆਂ ਤੋਂ ਵੱਧ ਇਕ ਪੈਸਾ ਨਹੀਂ ਜੇ ਦੇਣਾ। ਝੂਠੀ ਗੱਲ। ਸੱਜਣ ਸਿੰਘ ਨੇ ਆਪਣੇ ਵੱਲੋਂ ਬੜੀ ਦ੍ਰਿੜ੍ਹ ਵਾਜ ਵਿੱਚ ਕਿਹਾ।

"ਹੱਛਾ, ਆਓ ਤਾਂ ਸਹੀ। ਮੈਂ ਗੱਲ ਕਰਦਾਂ।" ਲਾਲ ਦੀਨ ਅੱਗੇ ਲੱਗ ਕੇ ਤੁਰ ਪਿਆ।

"ਆ ਭਈ ਬਾਬਾ ਪੀਰਾਂ ਦਿਤਿਆ! ਪਰ ਇਕ ਗੱਲ ਈ। ਗੱਲ ਠੰਢੇ ਸੁਭਾਅ ਨਾਲ ਕਰਨੀ ਊਂ। ਐਵੇਂ ਛੁਹਰ-ਛਿੰਨਿਆਂ ਵਾਂਗ ਭੜਥੂ ਨਹੀਂ ਪੌਣਾ। ਲੈ, ਕਰ ਹੱਥ।" ਲਾਲ ਦੀਨ ਨੇ ਰੁਪਏ ਵਾਲਾ ਹੱਥ ਅਗਾਂਹ ਵਧਾ ਕੇ ਕਿਹਾ।

"ਬੋਲ!" ਪੀਰਾਂ ਦਿਤੇ ਨੇ ਭਲੇ-ਮਾਣਸਾਂ ਵਾਂਗ ਸਾਈ ਵਾਸਤੇ ਸੱਜਾ ਹੱਥ ਅਗਾਂਹ ਵਧਾ ਦਿੱਤਾ।

"ਰੁਪਈਏ ਪੈਂਹਠ ਈ।"

"ਨਹੀਂ ਪੁੱਜਦੇ।'

"ਉਹ ਫਿਰ ਚੱਲਿਆ ਕਿੱਥੇ ਏਂ? ਬੰਦਿਆਂ ਵਾਂਗ ਖਲੋ ਕੇ ਗੱਲ ਕਰ। ਲੈ, ਛਿਆਹਟ ਈ।"

"ਨਹੀਂ।"

"ਸਤਾਹਟ.....। ਅਠਾਹਠ....ਲੈ ਸੱਤਰ ਈ।"

"ਨਹੀਂ, ਬਾਬਾ! ਨਹੀਂ। ਮੇਰੀ ਜਾਨ ਛੱਡ।"

ਇਕ ਵਾਰ ਸੌਦਾ ਫੇਰ ਟੁੱਟ ਗਿਆ ਜਾਪਣ ਲੱਗਾ। ਪਰ ਲਾਲ ਦੀਨ ਕੇ ਵੀ ਪੁਰਾਣੇ ਘੁਲਾਟੀਏ ਸਨ। ਉਹਨਾਂ ਤਿੰਨਾਂ ਨੇ ਘੇਰ ਕੇ ਇਕੱਠਾ ਹਮਲਾ ਕੀਤਾ। ਉਹ ਲੱਗੇ ਇਕ-ਇਕ ਰੁਪਿਆ ਵਧਣ। ਜਿਉਂ-ਜਿਉਂ ਉਹ ਵੱਧਦੇ ਜਾਂਦੇ ਸੱਜਣ ਸਿੰਘ ਦਾ

ਦਿਲ ਘਟਦਾ ਜਾ ਰਿਹਾ ਸੀ। ਉਹਨੂੰ ਸੌਦਾ ਮਹਿੰਗਾ ਹੁੰਦਾ ਜਾਂਦਾ ਪ੍ਰਤੀਤ ਹੋ ਰਿਹਾ ਸੀ। ਪਤਾ ਤਦ ਹੀ ਲੱਗਾ ਜਾਂ ਦਲਾਲਾਂ ਨੇ ਇਕੋ ਵਾਰ ਅੱਸੀਆਂ ਤੋਂ ਵੱਧ ਕੇ ਨੱਬਿਆਂ 'ਤੇ ਛਾਲ ਮਾਰ ਦਿੱਤੀ। ਨਾਲ ਹੀ ਉਹਨਾਂ ਇਕੋ ਵਾਰ ਚਤੌੜ ਦਾ ਕਿਲ੍ਹਾ ਫ਼ਤਹਿ ਹੋਣ ਵਾਂਗ ਰੌਲਾ ਪਾ ਦਿੱਤਾ। ਇਕ ਜਣਾ ਧੀਰਾਂ ਦਿਤੇ ਨੂੰ ਲੱਕੋਂ ਜੱਫਾ ਪਾ ਕੇ ਪਰ੍ਹਾਂ ਲੈ ਗਿਆ। ਇਕ ਜਣੇ ਨੇ ਕਿੱਲੇ ਤੋਂ ਮਹਿੰ ਖੋਲ੍ਹ ਲਈ। ਧੀਰਾਂ ਦਿੱਤਾ 'ਲੁੱਟ ਲਿਆ, ਮਾਰ ਲਿਆ' ਦੀ ਦੁਹਾਈ ਪਾਈ ਜਾ ਰਿਹਾ ਸੀ। ਤਿੰਨੇ ਦਲਾਲ ਤੇ ਓਨੇ ਕੁ ਹੋਰ ਅਹਾਤੇ ਵਾਲੇ ਆਪੋ ਆਪਣੀ ਥਾਂ ਕਾਂਵਾਂ-ਰੌਲੀ ਪਾਈ ਜਾ ਰਹੇ ਸਨ। ਦੋ ਮਿੰਟ ਸਿੱਟਾ-ਮੰਡੀ ਵਾਲੀ ਹਾ-ਉ-ਹੂ ਦਾ ਨਜ਼ਾਰਾ ਬੱਝ ਗਿਆ। ਸੱਜਣ ਸਿੰਘ ਆਪਣੀ ਥਾਂ 'ਮੈਨੂੰ ਮਨਜ਼ੂਰ ਨਹੀਂ, ਮੈਨੂੰ ਨਹੀਂ ਪੁੱਜਦਾ' ਕਹੀ ਜਾ ਰਿਹਾ ਸੀ। ਪਰ ਸ਼ਹਿਰੀਆਂ ਦੇ ਉੱਚੀ-ਉੱਚੀ ਰੌਲੇ ਥੱਲ੍ਹੇ ਪੇਂਡੂ ਦੀ ਹੌਲੀ ਤੇ ਸਾਊਆਂ ਵਰਗੀ ਵਾਜ ਦੱਬੀ ਗਈ। ਦਲਾਲਾਂ ਨੇ ਮੱਲੋ-ਮੱਲੀ ਮਹਿੰ ਦਾ ਰੱਸਾ ਸੱਜਣ ਸਿੰਘ ਦੇ ਹੱਥ ਫੜਾ ਦਿੱਤਾ।

"ਚਲੋ, ਸਮਝ ਛੱਡਾਂਗੇ, ਸ਼ਾਹ ਨੇ ਛਿਆਂ ਮਹੀਨਿਆਂ ਦਾ ਵਿਆਜ ਈ ਲਾ ਲਿਆ ਸਹੀ।" ਇਹ ਸੋਚ ਕੇ ਸੱਜਣ ਸਿੰਘ ਚੁੱਪ ਕਰ ਰਿਹਾ।

ਸੌਦਾ ਹੋ ਗਿਆ। ਧੰਨੇ ਸ਼ਾਹ ਦੇ ਆਦਮੀ ਨੇ ਆ ਕੇ ਰੁਪਏ ਤਾਰ ਦਿੱਤੇ। ਅਹਾਤੇ 'ਚੋਂ ਮਹਿੰ ਖੁਹਲ ਕੇ ਸੱਜਣ ਸਿੰਘ ਨੇ ਧੰਨੇ ਸ਼ਾਹ ਦੀ ਆੜ੍ਹਤ ਵਿੱਚ ਲਿਆ ਬੱਧੀ।

"ਲਿਆ, ਧੰਨੇ ਸ਼ਾਹ! ਲਖਾ ਲੈ ਫਿਰ।" ਸੱਜਣ ਸਿੰਘ ਨੇ ਅੰਗੂਠਾ ਲਾਉਣ ਵਾਸਤੇ ਖੱਬਾ ਹੱਥ ਅਗਾਂਹ ਵਧਾਉਂਦਿਆਂ ਕਿਹਾ।

"ਸੱਜਣ ਸਿਹਾਂ! ਸ਼ਰਮਿੰਦਿਆਂ ਨਾ ਕਰ। ਮੈਂ ਤੈਥੋਂ ਲਿਖਾ ਲਵਾਂ? ਸਾਰੀ ਉਮਰ ਰੰਗਾ-ਰੰਗ ਦੇ ਲੋਕਾਂ ਨਾਲ ਵਾਹ ਪਿਆ ਏ। ਧੰਨੇ ਸ਼ਾਹ ਬੰਦਾ-ਕੁ-ਬੰਦਾ ਪਛਾਨਣਾ ਜਾਣਦਾ ਏ। ਆਪਣੇ ਆਪ ਹਾੜ੍ਹੀ ਨੂੰ ਆ ਕੇ ਨੱਬਿਆਂ ਦੇ ਨੱਬੇ ਦੇ ਜਾਈਂ। ਹਾਂ, ਇਕ ਗੱਲ ਯਾਦ ਰੱਖੀਂ। ਅੱਜ ਤੋਂ ਇਹ ਆੜ੍ਹਤ ਤੇਰੀ ਆਪਣੀ ਏਂ ਤੇ ਸਾਡੀ ਭੈਣ ਨੂੰ ਆਖੀਂ, ਕਿਸੇ ਮੱਸਿਆ ਵਾਲੇ ਦਿਨ ਖੀਰ ਖਾਣ ਆਵਾਂਗਾ। ਹਿੰਹਿੰ ਹਿੰਹਿੰ।" ਧੰਨੇ ਸ਼ਾਹ ਨੇ ਸ਼ਾਹੂਕਾਰਾਂ ਵਰਗਾ ਹਾਸਾ ਹੱਸਦਿਆਂ ਕਿਹਾ।

ਸੱਜਣ ਸਿੰਘ ਮਹਿੰ ਤੇ ਕੱਟੀ ਅੱਗੇ ਲਾ ਕੇ ਪਿੰਡ ਨੂੰ ਤੁਰ ਪਿਆ। ਸਾਰੇ ਰਾਹ ਉਹ ਇਕੋ ਗੱਲ ਸੋਚਦਾ ਗਿਆ, 'ਧੰਨੇ ਸ਼ਾਹ ਕਿਸੇ ਉੱਤੇ ਇਕ ਪੈਸੇ ਦਾ ਵਸਾਹ ਨਹੀਂ ਕਰਦਾ। ਮੇਰੇ ਉੱਤੇ ਉਹਨੇ ਐਨਾ ਅਤਬਾਰ ਕਿਉਂ ਕਰ ਲਿਆ ? ਨੱਬੇ ਰੁਪਈਏ ਕੋਈ ਥੋੜ੍ਹੀ ਰਕਮ ਨਹੀਂ। ਤੇ ਉਹਨੇ ਲਖਵਾਇਆ ਤੱਕ ਨਹੀ। ਕਿਉਂ?.... ਖ਼ੈਰ, ਮੈਨੂੰ ਕਿਸੇ ਦੀ ਨੀਤ ਉੱਤੇ ਸ਼ੱਕ ਨਹੀਂ ਕਰਨਾ ਚਾਹੀਦਾ। ਮੈਂ ਉਹਦੀ ਨੇਕੀ ਨੂੰ ਨਹੀਂ ਭੁਲਾਵਾਂਗਾ।"

ਮਹਿੰ ਵੇਖ ਕੇ ਘਰ ਦਿਆਂ ਸਾਰਿਆਂ ਜੀਆਂ ਨੂੰ ਚਾਅ ਚੜ੍ਹ ਗਿਆ। ਛੋਟਾ ਜਿਹਾ ਪੱਪੂ ਓਸੇ ਵੇਲੇ ਕੌਲੀ ਫੜ ਕੇ ਮਹਿੰ ਦੇ ਉਦਾਲੇ-ਉਦਾਲੇ ਭੌਣ ਲੱਗ ਪਿਆ।

# 8

"ਇਲਮ ਦੀਨਾ! ਅੱਜ ਧੰਨੇ ਸ਼ਾਹ ਦੀ ਆੜ੍ਹਤ 'ਤੇ ਚੱਲਣਾ ਏਂ।" ਸੱਜਣ ਸਿੰਘ ਨੇ ਸਲਾਹ ਵਜੋਂ ਨਹੀਂ, ਹੁਕਮ ਵਜੋਂ ਕਿਹਾ।

"ਕਿਉਂ, ਐਨਾ ਨੇੜ ਹੋ ਗਿਆ ਏ?" ਇਲਮ ਦੀਨ ਨੇ ਨਿੰਮ੍ਹਾ-ਨਿੰਮ੍ਹਾ ਮੁਸਕਰਾਉਂਦਿਆਂ ਕਿਹਾ।

"ਭਈ, ਸਿਆਣਿਆਂ ਆਖਿਆ ਏ, ਅਖੇ : ਵਾਹ ਪਏ ਜਾਣੀਏਂ, ਜਾਂ ਰਾਹ ਪਏ। ਧੰਨੇ ਸ਼ਾਹ ਬੰਦਾ ਬੜਾ ਚੰਗਾ ਸਾਬਤ ਹੋਇਆ ਏ।" ਕਈ ਵਾਰ ਸੋਚਣ ਉੱਤੇ ਵੀ ਸੱਜਣ ਸਿੰਘ ਨੂੰ ਧੰਨੇ ਸ਼ਾਹ ਚੰਗਾ ਲੱਗਾ ਸੀ।

'ਹਾਹੋ, ਤੈਨੂੰ ਮਹਿ ਜੁ ਲੈ ਦਿੱਤੀ। ਮੈਨੂੰ ਲੈ ਦੇਵੇ, ਤਾਂ ਮੈਂ ਵੀ ਚੰਗਾ ਆਖਣ ਲੱਗ ਪਵਾਂਗਾ।" ਇਲਮਦੀਨ ਨੇ ਹਾਸੇ ਦੇ ਰੌਂ ਵਿੱਚ ਕਿਹਾ।

"ਮਹਿੰ ਲੈ ਦੇਣੀ ਕੋਈ ਵੱਡੀ ਗੱਲ ਨਹੀਂ। ਜਿੱਥੋਂ ਤਰ ਜਾਣ ਦੀ ਆਸ ਹੋਵੇ ਹਰ ਸ਼ਾਹੂਕਾਰ ਦੇਂ ਦੇਂਦਾ ਏ, ਪਰ ਪੈਸੇ ਦੇ ਕੇ ਲਖਵਾਉਣੇ ਨਾ, ਇਹ ਹਰ ਇਕ ਦਾ ਜਿਗਰਾ ਨਹੀਂ। ਕੋਈ ਵਿਆਜੜੀਆ ਕਿਸੇ 'ਤੇ ਟਕੇ ਡੱਬਲ ਦਾ ਇਤਬਾਰ ਨਹੀਓਂ ਕਰਦਾ।" ਏਹਾ ਭੇਤ ਅਜੇ ਸੱਜਣ ਸਿੰਘ ਸਮਝ ਨਹੀਂ ਸੀ ਸਕਿਆ।

ਸੱਜਣ ਸਿੰਘ ਤੇ ਇਲਮ ਦੀਨ ਗੱਡੀਆਂ ਉੱਤੇ ਕਪਾਹ ਲੱਦੀ ਸ਼ਹਿਰ ਨੂੰ ਤੁਰੇ ਜਾ ਰਹੇ ਸਨ। ਅੱਗੇ ਇਲਮ ਦੀਨ ਕੀ ਗੱਡ ਸੀ। ਉਹਦਾ ਛੋਟਾ ਭਰਾ ਕਰਮਦੀਨ ਗੱਡ ਹਿੱਕ ਰਿਹਾ ਸੀ। ਇਲਮ ਦੀਨ ਆਪ ਕਪਾਹ ਦੇ ਉੱਤੇ ਬੈਠਾ ਖ਼ਾਕੀ ਖੇਸ ਦੇ ਡੋਰੇ ਵੱਟ ਰਿਹਾ ਸੀ। ਪਿਛਲੀ ਗੱਡ ਸੱਜਣ ਸਿੰਘ ਆਪ ਹਿੱਕ ਰਿਹਾ ਸੀ।

ਪਹਿਲਾਂ ਉਹ ਦੋਵੇਂ ਨਿਹਾਲੇ ਸ਼ਾਹ ਕੀ ਆੜ੍ਹਤ 'ਤੇ ਮਾਲ ਵੇਚਣ ਜਾਇਆ ਕਰਦੇ ਸਨ। ਨਿਹਾਲੇ ਸ਼ਾਹ ਕੇ ਵਿਹਾਰ ਦੇ ਕੁਛ ਖਰੇ ਸਨ। ਦੂਜਿਆਂ ਨਾਲੋਂ ਉਹ ਆੜ੍ਹਤ ਦਾ ਖ਼ਰਚ ਵੀ ਘੱਟ ਲਾਇਆ ਕਰਦੇ ਸਨ। ਪਰ ਉਹ ਕਿਸੇ ਨੂੰ ਇਕ ਪੈਸਾ ਵੀ ਉਧਾਰ ਨਹੀਂ ਸਨ ਦਿਆ ਕਰਦੇ। ਇਸ ਵਾਸਤੇ ਉਹਨਾਂ ਦੀ ਆੜ੍ਹਤ 'ਤੇ ਓਹਾ ਜ਼ਿਮੀਂਦਾਰ ਜਾਇਆ ਕਰਦੇ, ਜੋ ਸਮਝਦੇ, ਕਿ ਉਹਨਾਂ ਨੂੰ ਵੇਲੇ-ਕੁਵੇਲੇ ਕਰਜ਼ਾ ਲੈਣ ਦੀ ਲੋੜ ਨਹੀਂ ਪੈਣੀ।

ਸੱਜਣ ਸਿੰਘ ਵੀ ਹੁਣ ਤੱਕ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਬਚਿਆ ਰਿਹਾ ਸੀ, ਪਰ ਮੰਦੇ ਭਾਗਾਂ ਨੇ ਉਹਨੂੰ ਇਕ ਮਹਿੰ ਉਧਾਰ ਲੈਣ ਵਾਸਤੇ ਮਜਬੂਰ ਕਰ ਦਿੱਤਾ ਸੀ। ਹੁਣ ਵੀ ਸ਼ਾਇਦ ਉਹ ਛੇ ਮਹੀਨੇ ਦਾ ਮਨਿਹਾਉਣਾ ਕੱਟ ਲੈਂਦਾ, ਪਰ ਭਜਨ ਕੌਰ ਨੇ ਛੋਟੇ ਪੱਪੂ ਦਾ ਨਾਂ ਲੈ ਕੇ ਉਹਨੂੰ ਬੇਵੱਸ ਕਰ ਦਿੱਤਾ ਸੀ।

ਸੱਜਣ ਸਿੰਘ ਕਦੇ-ਕਦੇ ਰਾਤ ਨੂੰ ਸੌਣ ਲੱਗਾ ਸੋਚਾਂ ਵਿੱਚ ਪੈ ਜਾਂਦਾ, 'ਤੇਤੀਆਂ

ਚੌਤੀਆਂ ਵਰ੍ਹਿਆਂ ਦੀ ਉਮਰ ਹੋ ਗਈ ਏ। ਅੱਜ ਤੱਕ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਬਚੇ ਰਹੇ ਸਾਂ। ਐਵੇਂ ਬਸ਼ਕੇ ਦੀ ਮਾਂ ਨੇ ਜਿੱਲ੍ਹਣ ਵਿੱਚ ਫਸਾ ਦਿੱਤਾ ਏ। ਬਾਪੂ ਆਹੰਦਾ ਹੁੰਦਾ ਸੀ : ਸ਼ਾਹੂਕਾਰ ਦਾ ਕਰਜ਼ਾ ਦਰਿਆ ਦੀ ਜਿੱਲ੍ਹਣ ਵਾਂਗ ਏ। ਇਕ ਵਾਰ ਉਹਦੇ ਵਿੱਚ ਪੈਰ ਫਸ ਗਿਆ ਤਾਂ ਮੁੜ ਕੇ ਨਿਕਲਣਾ ਔਖਾ ਹੋ ਜਾਏਗਾ। ਜਿੱਲ੍ਹਣ ਵਿੱਚੋਂ ਜਿਉਂ-ਜਿਉਂ ਨਿਕਲਣ ਲਈ ਜ਼ੋਰ ਲਾਈਏ, ਸਗੋਂ ਹੇਠਾਂ ਈ ਹੇਠਾਂ ਧੱਸਦਿਆਂ ਜਾਈਦਾ ਏ।...ਬਾਪੂ ਤਾਂ ਏਥੋਂ ਤੱਕ ਪੱਕੀ ਕਰਿਆ ਕਰਦਾ ਸੀ ਕਿ ਰੁੱਖੀ ਖਾ ਲਵੋ, ਭੁੱਖੇ ਬੈਠੇ ਰਹੋ, ਪਰ ਸ਼ਾਹੂਕਾਰ ਤੋਂ ਕਰਜ਼ਾ ਨਾ ਲਵੋ। ਨਹੀਂ ਤਾਂ ਤੁਸੀਂ ਬਿਆਜ ਦੀ ਮਾਰ ਹੇਠੋਂ ਨਹੀਂ ਉਠ ਸਕੋਗੇ। ਬਾਤ ਪੌਂਦੇ ਹੁੰਦੇ ਨੇ, ਅਖੇ : ਰਾਤ ਦਿਨੇ ਕਿਹੜੀ ਚੀਜ਼ ਵਧਦੀ ਏ? ਜਵਾਬ ਏ, ਬਿਆਜ। ਬਿਆਜ ਦੀ ਮਾਰ ਬੁਰੀ। ਖ਼ੈਰ, ਭਲਾ ਹੋਵੇ ਓਸ ਨੇਕ ਬੰਦੇ ਦਾ, ਹਾੜ੍ਹੀ ਤੱਕ ਉਹਨੇ ਬਿਆਜ ਦੀ ਛੋਟ ਦਿੱਤੀ ਹੋਈ ਏ ਤੇ ਫ਼ਸਲ ਤੋਂ ਉਹਦੇ ਪੈਸੇ ਮੁਕਾ ਦੇਣੇ ਨੇ, ਭਾਵੇਂ ਕੋਲ ਡੰਗ ਦੇ ਖਾਣ ਜੋਗੇ ਨਾ ਰਹਿਣ।'

ਕਦੇ-ਕਦੇ ਉਹਦੀ ਵਿਚਾਰ ਦਾ ਰੁਕ ਇਕ ਹੋਰ ਪਾਸੇ ਬਦਲ ਜਾਂਦਾ। 'ਉਂਞ ਮਹਿੰ ਚੰਗੀ ਮਿਲ ਗਈ ਏ। ਵੇਖਣ ਨੂੰ, ਚੋਣ ਨੂੰ, ਦੁੱਧ-ਘਿਉ ਨੂੰ, ਹਰ ਗੁਣ ਵਿੱਚ ਪੂਰੀ ਏ। ਚੰਗਾ ਪਸ਼ੂ ਭਾਗਾਂ ਨਾਲ ਈ ਬਣਦਾ ਏ। ਮਹਿੰਗੀ ਤਾਂ ਸੀ ਦਸ-ਪੰਦਰਾਂ ਰੁਪਏ, ਪਰ ਕੋਈ ਗੱਲ ਨਹੀਂ। ਨਹੀਂ ਤਾਂ ਪੱਪੂ ਨੇ ਰੁਲ ਜਾਣਾ ਸੀ। ਆਪਣੀਆਂ ਵੀ ਰੁੱਖੀਆਂ ਰੋਟੀਆਂ ਖਾਂਦਿਆਂ ਪੱਸਲੀਆਂ ਨਿਕਲ ਔਣੀਆਂ ਸੀ। ਜੀਹਦੀ ਆਸ ਉੱਤੇ ਬੈਠੇ ਸਾਂ, ਉਹ ਝੋਟੀ ਤਾਂ ਨਾ-ਮੁਰਾਦ ਫੰਡਰ ਈ ਨਿਕਲੀ। ਵੇਖਣ ਨੂੰ ਚੰਮ ਕਿੰਨਾ ਚੜ੍ਹਿਆ ਹੋਇਆ ਸੂ। ਬੱਸ, ਮਸਤੇਵੇਂ ਵਿੱਚ ਈ ਫਿਰ ਗਈ। ਪਤਾ ਤਦ ਲੱਗਾ, ਜਾਂ ਪਰਸੋਂ ਫੇਰ ਬੋਲ ਪਈ ਤਾਂ। ਐਤਕੀਂ ਵੀ ਨਾ ਟਿਕੀ, ਤਾਂ ਹਲਾਂ ਅੱਗੇ ਫੰਡਾਂਗੇ। ਇਲਮੇ ਨੇ ਤਾਂ ਕੱਲ੍ਹ ਈ ਫੜ ਕੇ ਜੋ ਦਿੱਤੀ ਸੀ, ਪਰ ਮੇਰਾ ਈ ਜੀਅ ਰਿਤ ਗਿਆ। ਭੈੜੀ ਸੋਹਣੀ ਕਿੱਡੀ ਏ। ਹੱਛਾ ਵੇਖੋ ਇਹਦੇ ਭਾਗ। ਨਾਲ ਈ ਸਾਡੇ ਵੀ।"

ਸੱਜਣ ਸਿੰਘ ਦੀ ਜ਼ਮੀਨ ਭਾਵੇਂ ਬਹੁਤੀ ਨਹੀਂ ਸੀ, ਪਰ ਪਰਿਵਾਰ ਸੰਕੋਚਵਾਂ ਸੀ, ਇਸ ਵਾਸਤੇ ਗੁਜ਼ਾਰਾ ਚਲਦਾ ਜਾਂਦਾ ਸੀ। ਦੋਵੇਂ ਜੀਅ ਉਹ ਆਪ ਤੇ ਤਿੰਨ ਛੋਟੇ ਬੱਚੇ। ਪਲੇਠੀ ਦਾ ਲੜਕਾ ਬਖ਼ਸ਼ੀਸ਼ ਸਿੰਘ ਬਾਰਾਂ-ਤੇਰਾਂ ਸਾਲ ਦਾ ਹੋ ਗਿਆ ਸੀ। ਲਾਡ ਨਾਲ ਉਹਨੂੰ ਸਾਰੇ ਬਸ਼ਕਾ ਆਹੰਦੇ ਸਨ। ਉਹ ਹੁਣ ਵਾਹੀ ਜੋਤੀ ਦੇ ਕੰਮ ਵਿੱਚ ਪਿਉ ਦਾ ਹੱਥ ਵਟਾਉਣ ਲੱਗ ਪਿਆ ਸੀ। ਮਾਲ ਚਾਰਨਾ ਤੇ ਪੱਠੇ ਵੱਢਣੇ ਓਸੇ ਦੇ ਜ਼ਿੰਮੇਂ ਸੀ। ਕਦੇ-ਕਦੇ ਉਹ ਚਾਅ ਨਾਲ ਹਲ ਮਗਰ ਵੀ ਲੱਗ ਪੈਂਦਾ। ਪਰ ਏਸ ਕੰਮੋਂ ਸੱਜਣ ਸਿੰਘ ਉਹਨੂੰ ਵਰਜੀ ਰਖਦਾ। ਉਹਨੂੰ ਆਪਣੇ ਪਿਉ ਦੀ ਨਸੀਹਤ ਯਾਦ ਆ ਜਾਂਦੀ। 'ਕਦੇ ਵੀ ਵੀਹਾਂ ਸਾਲਾਂ ਤੋਂ ਘੱਟ ਉਮਰ ਦੇ ਪੁੱਤਰ ਨੂੰ ਹਲ ਮਗਰ ਨਾ ਲੱਗਣ ਦੇਈਏ, ਤੇ ਪੰਝੀਆਂ ਵਰ੍ਹਿਆਂ ਤੋਂ ਛੋਟੇ ਦਾ ਵਿਆਹ ਨਾ ਕਰੀਏ। ਜਿਹੜੇ ਚੌਦ੍ਹਾਂ-

ਪੰਦਰ੍ਹਾਂ ਵਰ੍ਹਿਆਂ ਦੇ ਅੰਞਾਣਿਆਂ ਨੂੰ ਹਲ ਦੀ ਜੰਘੀ ਫੜਾ ਦੇਂਦੇ ਨੇ, ਉਹਨਾਂ ਦੇ ਗਿੱਟੇ ਨਿਕਲ ਜਾਂਦੇ ਨੇ, ਲੱਤਾਂ ਵਿੰਗੀਆਂ ਹੋ ਜਾਂਦੀਆਂ ਨੇ। ਚੰਨਣ ਠਿੱਬੇ ਵੱਲੇ ਵਿਹੰਦਾ ਏਂ ਨਾ। ਬੱਸ ਓਹਾ ਸ਼ਕਲ ਬਣ ਜਾਂਦੀ ਏ। ਤੇ ਛੋਟੀ ਉਮਰ ਦਾ ਵਿਆਹ ਤਾਂ ਉਸ ਤੋਂ ਵੀ ਵੱਡਾ ਪਾਪ ਏ। ਖੱਬਲ ਮਾਰੀ ਪੈਲੀ ਦੀ ਕਣਕ ਸੋਕੇ ਨਾਲ ਤਰੂਆ ਜਾਂਦੀ ਏ ਨਾ! ਐਵੇਂ ਪੋਟਾ-ਪੋਟਾ ਸਿੱਟਾ ਪੈਂਦਾ ਏ ਸਿਰ 'ਤੇ। ਓਹਾ ਹਾਲ ਛੋਟੀ ਉਮਰ ਦੇ ਵਿਆਹ ਦਾ ਹੁੰਦਾ ਈ। ਬੱਸ, ਗਿੱਠ-ਮੁਠੀਏ ਜੁਆਕ ਉੱਤੋ-ੜਿਤੀ ਤੁਰੇ ਔਂਦੇ ਨੇ। ਅਗਲੇ ਸਮਿਆਂ ਵਿੱਚ ਪੰਝੀਆਂ-ਤੀਹਾਂ ਵਰ੍ਹਿਆਂ ਦਾ ਮੁੰਡਾ ਹੋਣਾ ਤੇ ਬਾਹੀਆਂ-ਚਵ੍ਹੀਆਂ ਵਰ੍ਹਿਆਂ ਦੀ ਕੁੜੀ। ਦੋਵੇਂ ਕੋਠੋ-ਕੋਠੇ ਜਿੱਡੇ ਜੁਆਨ। ਫਿਰ ਉਹਨਾਂ ਦੀ ਉਲਾਦ ਸਰੂਆਂ ਵਰਗੀ ਕਿਉਂ ਨਾ ਹੋਵੇ। ਤੇ ਹੁਣ? ਆਂਢ-ਗੁਆਂਢ ਅੱਖੀਂ ਵੇਖ ਲੈ।" ਤੇ ਸੱਜਣ ਸਿੰਘ ਨੇ ਇਕ-ਇਕ ਗੁਆਂਢੀ ਦੇ ਘਰ ਵੱਲੇ ਝਾਤੀ ਮਾਰ ਕੇ ਆਪਣੇ ਪਿਤਾ ਦੇ ਕਥਨ ਦੀ ਸੱਚਾਈ ਜਾਚਣ ਲੱਗ ਪੈਣਾ।

"ਬਾਪੂ ਦੀ ਗੱਲ ਸੱਚੀ ਏ। ਦਨਾਵਾਂ ਤੱਤ ਕੱਢੇ ਹੁੰਦੇ ਸਨ ਕਿ! ਪਹਿਲਾਂ ਘਚਲਿਆਂ ਦੇ ਟੱਬਰ ਵੱਲ ਈ ਵੇਖ ਲਓ ਖਾਂ। ਦੂਲਾ ਸੂੰਹ ਬਾਰਾਂ-ਤੇਰਾਂ ਵਰ੍ਹਿਆਂ ਦਾ ਸੀ; ਤੇ ਉਹਦੇ ਘਰ ਦੀ ਓਦੋਂ ਵੀ ਤਿੰਨ-ਚਾਰ ਸਾਲ ਛੋਟੀ, ਜਦੋਂ ਉਹਨਾਂ ਦਾ ਵਿਆਹ ਹੋ ਗਿਆ। ਐਸ ਵੇਲੇ ਉਹਨਾਂ ਦੇ ਅੱਠ ਕਿ ਨੌਂ ਅੰਞਾਣੇ ਨੇ। ਸਾਰੇ ਈ ਗਿੱਠ-ਮੁਠੀਏ ਤੇ ਘਚਲੇ। ਉਹਨਾਂ ਦੀ ਅੱਲ ਈ ਘਚਲੇ ਪੈ ਗਈ ਏ। ਨਾ ਕਿਸੇ ਦੇ ਗਲ, ਨਾ ਤੇੜ। ਸਭ ਗੈਂਘਲ ਜੇਹੇ ਨਲੀ-ਚੋਚੇ। ਨਿਰਾ ਭੇਡਾਂ ਦਾ ਵਾੜਾ। ਸਾਡੇ ਬਸ਼ਕੇ ਦੇ ਕੋਲ ਖਲੇ ਉਹ ਸਾਰੇ ਟਿੰਘਾਂ ਜੇਹੀਆਂ ਜਾਪਦੇ ਨੇ।...ਮੇਰੇ ਸਹੁਰੇ ਵੀ ਦੋ-ਤਿੰਨ ਸਾਲ ਵਿਆਹ ਨੂੰ ਜ਼ੋਰ ਦੇਂਦੇ ਰਹੇ ਸਨ, ਪਰ ਬਾਪੂ ਨਹੀਂ ਸੀ ਮੰਨਿਆ। ਉਦੋਂ ਤਾਂ ਮੇਰਾ ਜੀ ਵੀ ਕਾਹਲਾ ਪੈ ਜਾਇਆ ਕਰਦਾ ਸੀ, ਪਈ ਕਿਹੜਾ ਵੇਲਾ ਹੋਵੇ, ਤਾਂ ਵਿਆਹ ਝੁਲਸਾਅ ਹੋ ਜਾਵੇ। ਪਰ ਹੁਣ ਪਤਾ ਲੱਗਾ ਏ, ਕਿ ਛੋਟੀ ਉਮਰ ਦਾ ਐਵੇਂ ਝੁਲਸਾਅ ਹੀ ਹੁੰਦਾ ਹੈ। ਮੈਂ ਉਦੋਂ ਵੀਹਾਂ ਵਰ੍ਹਿਆਂ ਦਾ ਸਾਂ ਤੇ ਬਸ਼ਕੇ ਦੀ ਮਾਂ ਉੱਨ੍ਹੀਆਂ ਦੀ। ਇਹ ਵੀ ਅਗਲਿਆਂ ਦੇ ਹੱਦੋਂ ਵੱਧ ਜ਼ੋਰ ਦੇਣ 'ਤੇ। ਨਹੀਂ ਤਾਂ ਬਾਪੂ ਆਹੰਦਾ ਸੀ, ਮੈਂ ਪੰਝੀਆਂ ਵਰ੍ਹਿਆਂ ਦਾ ਕਰਕੇ ਈ ਪੁੱਤਰ ਵਿਔਹਣਾ ਏਂ। ਉਂਞ ਕੱਦ ਵਾਹਵਾ ਹੋਣ ਕਰਕੇ ਮੈਂ ਵੀਹਾਂ ਦਾ ਹੁੰਦਾ ਹੋਇਆ, ਪੰਝੀਆਂ ਵਰ੍ਹਿਆਂ ਦਾ ਹੀ ਜਾਪਦਾ ਸਾਂ। ਵੇਖ ਲੌ ਫਿਰ, ਬਸ਼ਕਾ ਹੁਣੇ ਈਂ ਮੇਰੇ ਜਿੱਡਾ ਲੱਗਦਾ ਏ। ਸਾਰੇ ਹਾਣੀਆਂ ਨਾਲੋਂ ਗਿੱਠ ਜਿਨਾ ਉੱਚਾ ਏ। ਉਸ ਤੋਂ ਛੋਟੀ ਦੀਪੋ ਵੀ ਮਰਨੀ ਓਸੇ ਜਿੱਡੀ ਜਾਪਦੀ ਏ। ਉਹ ਆਪਣੀ ਮਾਂ ਜਿੰਨੀ ਉੱਚੀ ਲੰਮੀ ਹੋ ਜਾਏਗੀ। ਛੋਟਾ ਪੱਪੂ ਵੀ ਹੱਡਾਂ ਪੈਰਾਂ ਦਾ ਬਥੇਰਾ ਖੁੱਲ੍ਹਾ ਏ। ਖ਼ੁਰਾਕ ਦੀ ਟੋਟ ਨਾ ਆ ਜਾਏ, ਦੋਵੇਂ ਭਰਾ ਮੇਰੇ ਜਿੱਡੇ ਉੱਚੇ ਹੋ ਜਾਣਗੇ। ਉ, ਇਹਨਾਂ ਵਰਗੇ ਤਾਂ ਦੋ ਈ ਕਾਫ਼ੀ ਨੇ। ਸਿਆਣੇ ਆਹੰਦੇ ਨੇ, ਜਿੰਨੀ ਵਿਰਲੀ, ਓਨਾ ਬੂਟਾ।

ਮੇਰਾ ਖ਼ਿਆਲ ਏ, ਅੰਞਾਣਿਆਂ ਦਾ ਵੀ ਏਹਾ ਹਾਲ ਏ। ਜਿਸ ਘਰ ਅੱਠ-ਦਸ ਹੋਣ, ਉਹਨਾਂ ਨੂੰ ਹਰ ਚੀਜ਼ ਵੰਡਵੀਂ ਈ ਔਣੀ ਹੋਈ ਨਾ। ਆਹ ਇਲਮ ਦੀਨ ਵੱਲੇ ਈ ਵੇਖ ਲੈ ਖਾਂ। ਮੇਰੇ ਨਾਲੋਂ ਮਸ੍ਹਾਂ ਵਰ੍ਹਾ ਡੂਢ ਵਰ੍ਹਾ ਵੱਡਾ ਏ। ਤੇ ਉਹਦੇ ਅੰਞਾਣਿਆਂ ਦਾ ਮੈਨੂੰ ਪਤਾ ਨਹੀਂ ਲੱਗਦਾ, ਪਈ ਕਿੰਨੇ ਕੁ ਨੇ। ਕੁਕੜੀ ਦੇ ਚੂਚਿਆਂ ਵਾਲਾ ਹਾਲ ਏ। ਉਤੋਂ ਗਲ ਵਿੱਚ ਦੋਂਹ ਟੱਬਰਾਂ ਦਾ ਫਾਹ ਪਾ ਲਿਆ ਹੋਇਆ ਸੁ। ਉਹ ਮਗਰਲੀ ਜੈਨਾਂ ਤਾਂ ਹਰ ਸਾਲ ਈ ਇਕ ਜੁਆਕ ਜਣ ਸੁੱਟਦੀ ਏ। ਨਰਕ ਏ ਨਰਕ।"

ਇਲਮ ਦੀਨ ਦਾ ਘਰ ਸੱਚ-ਮੁੱਚ ਈ ਨਰਕ ਸੀ। ਅਜੇ ਉਹਨੂੰ ਦਾੜ੍ਹੀ ਨਹੀਂ ਸੀ ਆਈ ਜਾਂ ਉਹਦਾ ਵਿਆਹ ਫ਼ਤਹਿ ਬੀਬੀ ਨਾਲ ਹੋ ਗਿਆ ਸੀ। ਫ਼ਤਹਿ ਬੀਬੀ ਉਹਦੇ ਮਾਮੇ ਦੀ ਧੀ ਸੀ। ਉਹ ਬਹੁਤੀ ਸੋਹਣੀ ਨਹੀਂ ਸੀ। ਉਦੋਂ ਇਲਮ ਦੀਨ ਦਾ ਪਿਉ ਜਿਊਂਦਾ ਸੀ। ਉਹਦੇ ਦਬ-ਦਬਾਅ ਨਾਲ ਵਿਆਹ ਹੋ ਗਿਆ ਸੀ। ਨਾਲੇ ਪਿੰਡਾਂ ਦੇ ਹੇਠਲੇ ਤਬਕੇ ਵਿੱਚ ਰੰਗ-ਰੂਪ ਦੀ ਐਨੀ ਵਿਚਾਰ ਵੀ ਕੌਣ ਕਰਦਾ ਹੈ? ਇਲਮ ਦੀਨ 'ਤੇ ਭਰਵੀਂ ਜੁਆਨੀ ਆਉਂਦਿਆਂ ਤੱਕ ਉਹ ਤਿੰਨਾਂ ਬੱਚਿਆਂ ਦਾ ਬਾਪ ਬਣ ਚੁੱਕਾ ਸੀ।

ਫੇਰ ਇਲਮ ਦੀਨ ਦੇ ਜੈਨਾ ਪਸੰਦ ਆ ਗਈ। ਜੈਨਾ ਉੱਚੀ-ਲੰਮੀ ਸੁੰਦਰ ਮੁਟਿਆਰ ਸੀ। ਉਹ ਇਲਮ ਦੀਨ ਦੀ ਮਾਸੀ ਦੇ ਦਿਉਰ ਦੀ ਧੀ ਸੀ। ਉਸ ਬਰਾਦਰੀ ਵਿੱਚ ਦੂਸਰੇ ਵਿਆਹ ਨੂੰ ਬੁਰਾ ਨਹੀਂ ਸਮਝਿਆ ਜਾਂਦਾ। ਨਾਲੇ ਗ਼ਲਤੀ ਕਰਨ ਲੱਗਾ ਇਨਸਾਨ ਉਸ ਦੇ ਸਿੱਟਿਆਂ ਬਾਰੇ ਕਦੇ ਨਹੀਂ ਸੋਚਦਾ। ਇਲਮ ਦੀਨ ਨੇ ਆਪਣੀ ਮਾਸੀ ਉੱਤੇ ਦਬਾਅ ਪਾ ਕੇ ਜੈਨਾ ਦਾ ਰਿਸ਼ਤਾ ਹਾਸਲ ਕਰ ਲਿਆ। ਵਜਦੇ ਵਾਜਿਆਂ ਨਾਲ ਵਿਆਹ ਹੋ ਗਿਆ, ਪਰ ਛੇਤੀ ਹੀ ਪਿੱਲੀ ਤੋਂੜੀ ਵਾਂਗ ਰੰਗ ਘੁਲਨਾ ਸ਼ੁਰੂ ਹੋ ਗਿਆ। ਜੈਨਾ ਦੇ ਹੱਥਾਂ ਦੀ ਮਹਿੰਦੀ ਦਾ ਅਜੇ ਰੰਗ ਵੀ ਫਿੱਕਾ ਨਹੀਂ ਸੀ ਪਿਆ ਜਾਂ ਘਰ ਵਿੱਚ ਮਹਾਂਭਾਰਤ ਸ਼ੁਰੂ ਹੋ ਗਿਆ। ਜੈਨਾ ਤੇ ਫ਼ਤਹਿ ਬੀਬੀ ਦੇ ਮਾਪਿਆਂ ਨੂੰ ਵੀ ਉਸ ਧਰਮ ਯੁੱਧ ਵਿੱਚ ਹਿੱਸਾ ਲੈਣਾ ਪੈ ਗਿਆ। ਸਿੱਟੇ ਵਜੋਂ ਇਲਮ ਦੀਨ ਦੋਹਾਂ ਸੋਹਰਿਆਂ ਵੱਲੋਂ ਟੁੱਟ ਗਿਆ। ਜੈਨਾ ਦੇ ਮਾਪੇ ਤਾਂ ਹਮੇਸ਼ਾਂ ਵਾਸਤੇ ਦੂਰ ਹੋ ਗਏ, ਜੋ ਫਿਰ ਕਦੇ ਨਾ ਮਿਲੇ।

ਉਦੋਂ ਦਾ ਇਲਮ ਦੀਨ ਦੋਹਾਂ ਪੰਡਾਂ ਥੱਲੇ ਸਿਰ ਦਿੱਤੀ, ਮਰਦਾ ਜਿਊਂਦਾ ਤੁਰਿਆ ਜਾ ਰਿਹਾ ਸੀ। ਉਹਦੇ ਘਰ ਚਾਰ ਅੰਞਾਣੇ ਪਹਿਲੀ ਵਿੱਚੋਂ ਸਨ ਤੇ ਛੇ ਜੈਨਾ ਵਿੱਚੋਂ। ਇਹ ਦਸ ਤਾਂ ਸੁੱਖ ਨਾਲ ਹਰੀ ਕਾਇਮ ਸਨ। ਅਜੇ ਦੋ ਫ਼ਤਹਿ ਬੀਬੀ ਦੇ ਤੇ ਇਕ ਜੈਨਾ ਦਾ ਦੁੱਧ ਚੁੰਘਦੇ ਹੀ ਮਰ ਗਏ ਸਨ। ਹਾਣੀ ਠੱਠਾ ਕਰਿਆ ਕਰਦੇ, "ਇਲਮ ਦੀਨਾ! ਪਿੰਡ ਵਿੱਚ ਤੇਰਾ ਗੁਜ਼ਾਰਾ ਨਹੀਂ ਹੋਣਾ। ਬਾਬੇ ਆਲਾ ਸਿੰਘ ਦੇ ਖੂਹ ਕੋਲ ਵੱਖਰਾ ਪਿੰਡ ਬੰਨ੍ਹ ਲੈ।"

"ਉ, ਮੀਆਂ! ਅੱਲਾਹ ਤਾਲਾ ਆਪੇ ਦੇਵੇਗਾ। ਸਾਨੂੰ ਤੁਹਾਨੂੰ ਕੇਹਾ ਫ਼ਿਕਰ।" ਦਿਲ ਨੂੰ ਠੁੰਮ੍ਹਣਾ ਦੇਣ ਵਾਸਤੇ ਅੱਗੋਂ ਇਲਮ ਦੀਨ ਜੀਅ-ਭਿਆਣਾ ਕਹਿ ਦਿਆ ਕਰਦਾ। ਪਰ ਏਸ ਕਥਨ 'ਤੇ ਉਹਨੂੰ ਬਹੁਤ ਭਰੋਸਾ ਨਹੀਂ ਸੀ ਰਹਿ ਗਿਆ।

ਕਪਾਹ ਦੀ ਗੱਡ ਉੱਤੇ ਬੈਠਾ ਇਲਮ ਦੀਨ ਘਰ ਦਿਆਂ ਫ਼ਿਕਰਾਂ ਵਿੱਚ ਡੁੱਬਾ ਜਾ ਰਿਹਾ ਸੀ। "ਅੱਲ੍ਹਾ ਕਿਵੇਂ ਬੇੜਾ ਬੰਨ੍ਹੇ ਲਾਵੇਗਾ! ਕਪਾਹ ਤਾਂ ਲੂਣ-ਤੇਲ ਜੋਗੀ ਵੀ ਨਹੀਂ। ਅਸੀਂ ਦੋ ਭਰਾ ਕਮੌਣ ਵਾਲੇ ਆਂ ਤੇ ਸੱਜਣ ਸੁੰਹ ਕੱਲ੍ਹਾ, ਪਰ ਉਹਦੀ ਸੌਣੀ ਸਾਡੇ ਨਾਲੋਂ ਵਧੇਰੇ ਹੋਈ ਏ। ਕਿਸਮਤ। ਏਨ੍ਹੇ ਨਾਲ ਤਾਂ ਸਾਰਿਆਂ ਜੀਆਂ ਦਾ ਤੇੜ ਸਿਰ ਵੀ ਨਹੀਂ ਕੱਜਿਆ ਜਾਣਾ। ਦਸ ਮੇਰੇ ਤੇ ਪੰਜ ਕਰਮ ਦੀਨ ਦੇ। ਉਹ ਭੱਬਰ ਜੇਹੀ ਦਾਈ ਆਖੇਗੀ, "ਬਿੱਸਮਿੱਲਾ! ਖ਼ੁਦਾ ਦੀ ਮੇਹਰ ਹੋਈ। ਇਕ ਜੀਅ ਹੋਰ ਆ ਗਿਆ।" ਇਹ ਤਾਂ ਸਾਨੂੰ ਪਤਾ ਏ ਨਾ ਕਿ ਇਹ ਖ਼ੁਦਾ ਦੀ ਮੇਹਰ ਏ, ਜਾਂ ਕਹਿਰ।...ਅਜੇ ਦੋਵੇਂ ਅਫ਼ਾਤਾਂ ਨਾਲ ਤਿਆਰ ਹੋਈਆਂ ਬੈਠੀਆਂ ਸਨ। ਉਹ ਆਉਂਦੀਆਂ, ਤਾਂ ਕਰਮ ਦੀਨ ਦੀ ਕਦੋਂ ਪਿੱਛੇ ਰਹਿਣ ਲੱਗੀ ਸੀ। ਫੇਰ ਤਾਂ ਗੱਡ ਬਲਦ ਵੇਚ ਕੇ ਈ ਛੁਟਕਾਰਾ ਹੁੰਦਾ। ਯਾ ਅੱਲਾ!" ਔਖੇ ਵੇਲੇ ਉਹਦੇ ਕੋਲ ਅੱਲਾਹ ਨੂੰ ਯਾਦ ਕਰਨ ਬਿਨਾਂ ਕੋਈ ਚਾਰਾ ਨਹੀਂ ਸੀ।

ਇਸੇ ਤਰ੍ਹਾਂ ਉਹ ਘਰ ਦੀਆਂ ਸੋਚਾਂ ਸੋਚਦੇ ਤੇ ਕਦੇ ਆਪਸ ਵਿੱਚ ਮਿੱਠੀਆਂ ਸਲੂਣੀਆਂ ਕਰਦੇ ਧੰਨੇ ਸ਼ਾਹ ਦੀ ਆੜ੍ਹਤ 'ਤੇ ਜਾ ਪਹੁੰਚੇ। ਹੁਣ ਸੱਜਣ ਨੂੰ ਇਕ ਨਵਾਂ ਫ਼ਿਕਰ ਲੱਗ ਗਿਆ ਕਿ ਜੇ ਸ਼ਾਹ ਨੇ ਮਹਿ ਵਾਲੇ ਹੁਣੇ ਕਟ ਲਏ ਤਾਂ ਫੇਰ ਕੀ ਬਣੇਗਾ। ਕਬੀਲਦਾਰੀ ਦੀਆਂ ਲੂਣ ਤੇਲ ਦੀਆਂ ਲੋੜਾਂ ਤੇ ਸਰਕਾਰੀ ਮਾਮਲਾ—ਇਹ ਦੋ ਮੁਸੀਬਤਾਂ—ਸਾਮ੍ਹਣੇ ਖਲੀਆਂ ਸਨ।

ਧੰਨੇ ਸ਼ਾਹ ਨੇ ਦੋਹਾਂ ਦਾ ਬੜਾ ਨਿੱਘਾ ਸਵਾਗਤ ਕੀਤਾ। "ਆਈਏ, ਆਈਏ ਸ. ਸੱਜਣ ਸਿਹਾਂ! ਚੌਧਰੀ ਇਲਮ ਦੀਨਾ! ਜੀ ਆਇਆਂ ਨੂੰ ਭਰਾਓ!" ਧੰਨੇ ਸ਼ਾਹ ਨੇ ਗੱਦੀ ਤੋਂ ਉਠਦਿਆਂ ਕਿਹਾ। "ਉਇ ਧੰਮੀ! ਉਇ ਬਿੱਲੂ! ਐਧਰ ਆਓ ਉਇ।" ਧੰਨੇ ਸ਼ਾਹ ਨੇ ਨੌਕਰਾਂ ਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ।

"ਦੱਸੋ ਸ਼ਾਹ ਜੀ!" ਬਿੱਲੂ ਨੇ ਸਿਰ ਦਾ ਦੋ-ਕੁ ਗਜ਼ ਮੈਲਾ ਜੇਹਾ ਸਾਫ਼ਾ ਠੀਕ ਕਰਦਿਆਂ ਪੁੱਛਿਆ।

"ਉਇ ਸਹੁਰੀ ਦਿਓ! ਕਿੱਥੇ ਮਰ ਜਾਂਦੇ ਹੁੰਦੇ ਜੇ? ਮੰਜਾ ਡਾਹ ਪਹਿਲਾਂ। ਫਿਰ ਮਾਲ ਲੁਹਾ। ਉਹ ਉੱਲੂ ਦਾ ਪੱਠਾ ਧੰਮੀ ਕਿਧਰ ਗ਼ਰਕ ਹੋ ਗਿਆ ਏ?"

"ਸ਼ਾਹ ਜੀ, ਉਹ ਤੁਹਾਡਾ ਲਾਡਲਾ ਪੁੱਤਰ ਏ। ਕਿਤੇ ਸੈਰਾਂ ਕਰ ਰਿਹਾ ਹੋਵੇਗਾ।" ਬਿੱਲੂ ਨੇ ਕੰਧ ਨਾਲ ਖਲਾ ਕੀਤਾ ਹੋਇਆ ਮੰਜਾ ਡਾਹੁੰਦਿਆਂ ਕਿਹਾ। "ਕੰਮ ਕਰਨ ਨੂੰ

ਅਸੀਂ ਵੇਖਾਂ ਹਾਜ਼ਰ।" ਬਿੱਲੂ ਮੁਸਕੜੀਆਂ ਵਿੱਚ ਖਚਰੀ ਜੇਹੀ ਮੁਸਕਰਾਹਟ ਦਬਾਅ ਰਿਹਾ ਸੀ।

ਧੰਮੀ ਇਕ ਗ਼ਰੀਬ ਪਾਂਡੀ ਦਾ ਪੁੱਤਰ ਸੀ। ਧੰਮੀ ਦੀ ਮਾਂ ਵਾਹਵਾ ਮੂੰਹ-ਮੱਥੇ ਲੱਗਦੀ ਤੇ ਹਸਾਉਣੇ ਸੁਭਾਅ ਦੀ ਸੀ। ਜੁਆਨੀ ਵੇਲੇ ਕੁਛ ਸਮਾਂ ਉਹ ਘਰ ਦੇ ਅੱਕੇ ਹੋਏ ਧੰਨੇ ਸ਼ਾਹ ਦੇ ਦਿਲ-ਪ੍ਰਚਾਵੇ ਦਾ ਸਾਧਨ ਬਣੀ ਰਹੀ ਸੀ। ਫਿਰ ਉਹ ਗੱਲ ਨੂੰ ਲੁਕਾ ਕੇ ਰੱਖਣ ਦੀ ਆਦੀ ਨਹੀਂ ਸੀ। ਉਹਨੇ ਕਈ ਵਾਰ ਆੜ੍ਹਤ ਦੇ ਤੋਲਿਆਂ ਤੇ ਪਾਂਡੀਆਂ ਦੇ ਸਾਹਮਣੇ ਹੀ ਆਖ ਦਿਆ ਕਰਨਾ, "ਧੰਮੀ ਨਾ ਆਖਿਆ ਕਰੋ ਵੇ ਮੇਰੇ ਮੁੰਡੇ ਨੂੰ। ਇਹ ਚੰਦੂ ਭੰਗੀ ਦਾ ਪੁੱਤਰ ਨਹੀਂ, ਸੇਠ ਧੰਨੇ ਸ਼ਾਹ ਦਾ ਪੁੱਤਰ ਏ। ਇਹਨੂੰ ਸੇਠ ਧਰਮਪਾਲ ਆਖ ਕੇ ਸੱਦਿਆ ਕਰੋ।"

"ਉਇ ਚੰਦੂ! ਉੱਲੂ ਦਿਆ ਪੱਠਿਆ! ਤੂੰ ਏਸ ਮੂੰਹ-ਪਾਟੀ ਨੂੰ ਵਰਜ ਕੇ ਨਹੀਂ ਰਖਦਾ?" ਧੰਨੇ ਸ਼ਾਹ ਨੇ ਖਿੱਝ ਕੇ ਕਹਿਣਾ। "ਯਾਦ ਰੱਖ, ਮੈਂ ਦੋਹਾਂ ਨੂੰ ਛਿੱਤਰ ਮਾਰ ਕੇ ਅਹਾਤੇ 'ਚੋਂ ਕੱਢ ਦਿਆਂਗਾ।"

"ਸ਼ਾਹ ਜੀ! ਮੇਰੀ ਵਰਜੀ ਇਹ ਕਦੋਂ ਰਹਿੰਦੀ ਏ। ਮੈਨੂੰ ਤਾਂ ਅੱਗੋਂ ਇਕ ਦੀਆਂ ਚਾਰ ਸੁਣਾਉਂਦੀ ਏ। ਅਖੇ; ਮੇਰਾ ਧੰਨੇ ਸ਼ਾਹ ਨਾਲ......।"

"ਚੁੱਪ ਕਰ ਵੇ! ਬਹੁਤਾ ਚਪੜ-ਚਪੜ ਨਾ ਕਰ। ਨਹੀਂ ਤਾਂ ਨਿਕਲ ਜਾਹ ਸਾਡੀ ਆੜ੍ਹਤ ਤੋਂ। ਮੈਂ ਧੰਨੇ ਸ਼ਾਹ ਦੇ ਪੁੱਤਰ ਦੀ ਮਾਂ। ਮੈਨੂੰ ਉੱਚੀ ਨੀਵੀਂ ਕੌਣ ਆਖ ਸਕਦਾ ਏ?" ਧੰਮੀ ਦੀ ਮਾਂ ਨੇ ਬਨਾਉਟੀ ਗੁੱਸੇ ਨਾਲ ਮਾਲਕ ਵੱਲ ਮਾਂਜਾ ਉਲਾਰਦਿਆਂ ਕਹਿਣਾ।

ਧੰਨੇ ਸ਼ਾਹ ਨੇ ਚਿੜ ਕੇ ਗਾਲ੍ਹਾਂ ਦੇਣੀਆਂ ਤੇ ਆੜ੍ਹਤ ਦੇ ਨੌਕਰਾਂ ਚਾਕਰਾਂ ਨੇ ਖਿੱਲੀ ਮਾਰ ਕੇ ਹੱਸਣਾ।

ਚੰਦੂ ਮਰ ਚੁੱਕਾ ਸੀ। ਧੰਮੀ ਨੇ ਜੁਆਨ ਹੋ ਕੇ ਪਿਉ ਦਾ ਕੰਮ ਸੰਭਾਲ ਲਿਆ ਸੀ। ਧੰਮੀ ਦੀ ਮਾਂ ਸਮੇਂ ਤੋਂ ਪਹਿਲਾਂ ਹੀ ਬੁੱਢੜੀ ਹੋ ਗਈ ਸੀ। ਹੁਣ ਧੰਨੇ ਸ਼ਾਹ ਵ ਜਤੇ ਉਹਦੇ ਵਿੱਚ ਕੋਈ ਰਸ ਨਹੀਂ ਸੀ ਰਹਿ ਗਿਆ। ਪਰ ਪੁਰਾਣੇ ਨੌਕਰ ਤੇ ਜਾਣੂ ਗੁਆਂਢੀ ਅਜੇ ਵੀ ਧੰਨੇ ਸ਼ਾਹ ਨੂੰ ਛੇੜਨ ਵਾਸਤੇ ਧੰਮੀ ਨੂੰ ਉਹਦੇ ਪੁੱਤਰ ਕਹਿ ਕੇ ਹਾਸਾ ਠੱਠਾ ਕਰਿਆ ਕਰਦੇ।

ਬਿੱਲੂ ਕੋਟ ਮੁਰਾਦ ਖ਼ਾਂ ਦਾ ਕਸਾਈ ਸੀ। ਮੌਲਵੀ ਨੇ ਉਹਦਾ ਨਾਂ ਬੁਲੰਦ ਖ਼ਾਂ ਰਖਿਆ ਸੀ, ਪਰ ਉਹ ਸਾਰੀ ਉਮਰ ਨੂਰੀ ਦਾ ਪੁੱਤਰ ਬਿੱਲੂ ਹੀ ਰਿਹਾ। ਸਿਰਫ਼ ਜਨਮ ਤੋਂ ਕਸਾਈ ਸੀ ਉਹ, ਕਰਮ ਤੋਂ ਨਹੀਂ।

ਬਿੱਲੂ ਨੇ ਮੰਜਾ ਡਾਹ ਦਿੱਤਾ। ਸੱਜਣ ਸਿੰਘ ਤੇ ਇਲਮ ਦੀਨ ਦੋਵੇਂ—ਆਦਰ ਮਾਣ ਨਾਲ ਸੱਦੇ ਹੋਏ ਪ੍ਰਾਹੁਣਿਆਂ ਵਾਂਗ—ਨਿੱਠ ਕੇ ਬਹਿ ਗਏ। ਓਨੇ ਚਿਰ ਤੱਕ

ਚੁਟਕੀ ਨਾਲ ਸਿਗਰਟ ਦੀ ਸੁਆਹ ਝਾੜਦਾ ਧੰਮੀ ਵੀ ਆ ਗਿਆ।

"ਉਇ, ਉੱਲੂ ਦਿਆ ਪੱਠਿਆ! ਕਿਧਰ ਮਰਿਆ ਹੋਇਆ ਸੈਂ ਤੂੰ। ਸ਼ਾਹ ਹੋਰੀਂ ਪਿੱਛੋਂ ਵਾਜਾਂ ਮਾਰ-ਮਾਰ ਕੇ ਖਪ ਗਏ ਨੇ।" ਬਿੱਲੂ ਨੇ ਬਨਾਉਟੀ ਗੁੱਸੇ ਤੇ ਜਿਗਰੀ ਹਾਸੇ ਨਾਲ ਕਿਹਾ।

"ਸ਼ਾਹ ਜੀ! ਵੇਖ ਲੌ, ਤੁਹਾਡੇ ਮੂੰਹ 'ਤੇ ਈ ਮੈਨੂੰ ਕੀ ਆਖੀ ਜਾਂਦਾ ਜੇ।" ਧੰਮੀ ਨੇ ਆਪ ਗੁੱਸਾ ਕਰਨ ਦੀ ਥਾਂ ਸਾਰੀ ਗੱਲ ਧੰਨੇ ਸ਼ਾਹ ਵੱਲੇ ਟਾਲ ਦਿੱਤੀ।

"ਉਇ ਕੁੱਤਿਓ! ਹਰ ਵੇਲੇ ਝੇਡਾਂ ਵੱਲੇ ਧਿਆਨ ਨਾ ਰਖਿਆ ਕਰੋ। ਕਿਸੇ ਵੇਲੇ ਕੰਮ ਵੀ ਕਰਿਆ ਮਰਿਆ ਕਰੋ। ਜਾਹ ਉਇ ਧੰਮੀ। ਤੂੰ ਗੱਡਾ ਲੁਹਾ। ਤੇ ਤੂੰ ਚੌਧਰੀ ਵਾਸਤੇ ਹੁੱਕਾ ਤਾਜ਼ਾ ਕਰਕੇ ਲਿਆ ਉਇ ਬਿੱਲੂ ਦੇ ਬੱਚੇ।" ਧੰਨੇ ਸ਼ਾਹ ਨੇ ਦੋਹਾਂ ਨੂੰ ਨਿਖੇੜਨ ਵਾਸਤੇ ਵੱਖਰਾ-ਵੱਖਰਾ ਹੁਕਮ ਦਿੱਤਾ।

"ਨਹੀਂ, ਸ਼ਾਹ ਜੀ! ਹੁੱਕਾ ਤਾਂ ਮੈਂ ਕਦੇ ਨਹੀਂ ਪੀਤਾ। ਤਮਾਕੂ ਪੀਣ ਵਾਲੇ ਹੁੰਦੇ ਤਾਂ ਸੱਜਣ ਸੂੰਹ ਨਾਲ ਯਾਰੀ ਨਿਭਦੀ ਸੀ?" ਤਮਾਕੂ ਪੀਣ ਤੋਂ ਬਚੇ ਰਹਿਣਾ ਵੀ ਇਲਮ ਦੀਨ ਨੇ ਸੱਜਣ ਸਿੰਘ ਦੇ ਸਿਰ ਅਹਿਸਾਨ ਪ੍ਰਗਟ ਕੀਤਾ।

"ਫਿਰ ਦੌੜ ਕੇ ਜਾਹ ਉਇ।" ਧੰਨੇ ਸ਼ਾਹ ਨੇ ਬਿੱਲੂ ਨੂੰ ਹੁਕਮ ਦਿੱਤਾ। ਕਿਰਪੇ ਹਲਵਾਈ ਨੂੰ ਆਖ, ਦੋ ਗਲਾਸ ਦਹੀਂ ਦੀ ਲੱਸੀ ਦੇ ਤੇ ਦੋ ਥਾਂਈਂ ਪਾ-ਪਾ ਬਰਫ਼ੀ ਘੱਲੇ।"

"ਨਹੀਂ, ਸ਼ਾਹ ਜੀ! ਐਨੀ ਖੇਚਲ ਕੀ ਕਰਨੀ ਏਂ। ਅਸੀਂ ਘਰੋਂ ਖਾ-ਪੀ ਕੇ ਤੁਰੇ ਆਂ।" ਸੱਜਣ ਸਿੰਘ ਨੇ ਸਿਰ ਫੇਰਦਿਆਂ ਕਿਹਾ।

"ਉ, ਸ. ਸੱਜਣ ਸਿਹਾਂ! ਖੇਚਲ ਕੇਹੀ? ਤੁਹਾਡੇ ਵਰਗੇ ਮਿੱਤਰਾਂ ਦੇ ਆਇਆਂ ਤਾਂ ਬੰਦਾ ਗਿੱਠ ਉੱਚਾ ਹੋ ਜਾਂਦਾ ਏ। ਤੁਸੀਂ ਦੋਵੇਂ ਪਰ੍ਹੇ ਦੇ ਮੁਖੀ ਓ, ਸਾਰੇ ਪਿੰਡ ਦਾ ਸ਼ਿੰਗਾਰ। ਅੱਜ ਸਾਰਾ ਪੀਰੂ ਵਾਲਾ ਮੇਰਾ ਹੋ ਗਿਆ ਏ।...ਉਇ ਸੱਚ!" ਕਰਮ ਦੀਨ ਦਾ ਖ਼ਿਆਲ ਕਰਕੇ ਧੰਨੇ ਸ਼ਾਹ ਨੇ ਤੁਰਨ ਲੱਗੇ ਬਿੱਲੂ ਨੂੰ ਨਵਾਂ ਹੁਕਮ ਦਿੱਤਾ, "ਲੱਸੀ ਤੇ ਬਰਫ਼ੀ ਤਿੰਨ ਥਾਈਂ ਲਿਆਵੀਂ ਉਇ। ਮੈਂ ਪਹਿਲਾਂ ਚੌਧਰੀ ਦੇ ਭਰਾ ਨੂੰ ਵੇਖਿਆ ਈ ਨਹੀਂ ਸੀ।"

ਕਪਾਹ ਦੀਆਂ ਢੇਰੀਆਂ ਲਾ ਕੇ ਗੱਡੀਆਂ ਇਕ ਪਾਸੇ ਖਲੀਆਂ ਕਰ ਦਿੱਤੀਆਂ। ਉਧਰੋਂ ਵਿਹਲਾ ਹੋ ਕੇ ਕਰਮ ਦੀਨ ਵੀ ਭਰਾ ਦੀ ਪੈਂਦ ਵੱਲ ਆ ਬੈਠਾ। ਇੰਨੇ ਚਿਰ ਤੱਕ ਕਿਰਪੇ ਹਲਵਾਈ ਦਾ ਮੁੰਡੂ ਲੱਸੀ ਤੇ ਬਰਫ਼ੀ ਲੈ ਕੇ ਆ ਗਿਆ।

"ਸ਼ਾਹ ਜੀ! ਆਹ ਤਾਂ ਤੁਸਾਂ ਬੜੀ ਖੇਚਲ ਕੀਤੀ ਏ।" ਸੱਜਣ ਸਿੰਘ ਨੇ ਲੱਸੀ ਦਾ ਗਲਾਸ ਫੜਦਿਆਂ ਰਸਮੀ ਤੌਰ 'ਤੇ ਕਿਹਾ।

"ਖੇਚਲ? ਫੇਰ ਤਾਂ ਭਈ, ਪਿੰਡ ਗਿਆਂ ਨੂੰ ਤੂੰ ਵੀ ਸਾਨੂੰ ਪਾਣੀ ਪਿਆਉਣਾ

ਖੇਚਲ ਈ ਸਮਝਦਾ ਹੋਵੇਂਗਾ।" ਧੰਨੇ ਸ਼ਾਹ ਨੇ ਢੁੱਕਵਾਂ ਜਵਾਬ ਦਿੱਤਾ।

"ਪਿੰਡਾਂ ਦੀ ਸ਼ਾਹ ਜੀ, ਹੋਰ ਗੱਲ ਏ, ਪਰ ਏਥੇ ਸ਼ਹਿਰ ਵਿੱਚ ਸਭ ਕੁਛ ਮੁੱਲ ਦਾ ਹੋਇਆ।" ਇਲਮ ਦੀਨ ਨੇ ਸ਼ਹਿਰ ਤੇ ਪਿੰਡ ਦੇ ਫ਼ਰਕ ਨੂੰ ਮੁੱਖ ਰੱਖ ਕੇ ਕਿਹਾ।

"ਸ਼ਹਿਰੀਏ ਆਪ ਨਹੀਂ ਖਾਂਦੇ ਪੀਂਦੇ? ਇਹ ਤਾਂ ਐਵੇਂ—ਚੌਧਰੀ!—ਜ਼ਰਾ ਆਏ ਭਰਾ ਦਾ ਆਦਰ ਮਾਣ ਹੁੰਦਾ ਏ। ਨਹੀਂ ਤਾਂ ਪੰਜਾਂ-ਸੱਤਾਂ ਆਨਿਆਂ ਦੇ ਖ਼ਰਚ ਨਾਲ ਕੋਈ ਨੰਗ ਹੋ ਜਾਂਦਾ ਏ ਜਾਂ ਸ਼ਾਹੂਕਾਰ ਬਣ ਜਾਂਦਾ ਏ। ਗੱਫੇ ਲਾਓ ਤੁਸੀਂ।" ਧੰਨੇ ਸ਼ਾਹ ਉਹਨਾਂ ਦੇ ਸਾਹਮਣੇ ਗੱਦੀ 'ਤੇ ਬਹਿ ਕੇ ਲਾਲ ਰੰਗ ਦੀ ਵਹੀ ਦੇ ਪੱਤਰੇ ਫੋਲਣ ਲੱਗ ਪਿਆ।

ਕੁਛ ਚਿਰ ਰਸਮੀ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਖਾਰੇ ਦੀਆਂ ਤਿੰਨ ਸਾਮੀਆਂ ਮਾਲ ਲੈ ਕੇ ਆ ਗਈਆਂ। ਫਿਰ ਧੰਨੇ ਸ਼ਾਹ ਉਹਨਾਂ ਨਾਲ ਗੱਲੀਂ-ਬਾਤੀਂ ਰੁੱਝ ਗਿਆ, ਪਰ ਉਹਨਾਂ ਨੂੰ ਉਹਨੇ ਲੱਸੀ ਪਾਣੀ ਨਹੀਂ ਪੁੱਛਿਆ।

"ਸ਼ਾਹ ਜੀ!" ਇਲਮ ਦੀਨ ਨੇ ਸੱਜਣ ਸਿੰਘ ਨਾਲ ਕੁਛ ਸਲਾਹ ਕਰਨ ਪਿੱਛੋਂ ਝਿਜਕਦਿਆਂ-ਝਿਜਕਦਿਆਂ ਕਿਹਾ, "ਮਾਲ ਤਾਂ ਕਿਤੇ ਪਿਛਲੇ ਪਹਿਰ ਤੁੱਲੇਗਾ ਅਸੀਂ ਓਨਾ ਚਿਰ ਸ਼ਹਿਰੋਂ ਕੁਛ ਸੌਦਾ ਸੂਤ ਲੈ ਆਈਏ?"

"ਹਾਂ ਹਾਂ, ਜ਼ਰੂਰ। ਆਹ ਲੌ....।" ਨਾਲ ਹੀ ਧੰਨੇ ਸ਼ਾਹ ਜੇਬ ਵਿੱਚੋਂ ਚਾਬੀ ਕੱਢ ਕੇ ਗੱਦੀ ਦੇ ਪਿਛਲੇ ਪਾਸੇ ਖਲੀ ਲੋਹੇ ਦੀ ਪੇਟੀ ਖੋਲ੍ਹਣ ਲੱਗ ਪਿਆ।

"ਮੈਂ ਵੀ ਭਲਾ ਕੁਛ ਪੈਸੇ ਪੁੱਛਾਂ ਕਿ ਨਾ। ਇਹਦੇ ਦੇਣੇ ਜੁ ਹੋਏ।" ਸੱਜਣ ਸਿੰਘ ਅੰਦਰੇ-ਅੰਦਰ ਗਿਣਤੀਆਂ ਗਿਣ ਰਿਹਾ ਸੀ। ਲੋੜ ਹੁੰਦਿਆਂ ਵੀ ਉਹਦਾ ਮੰਗਣ ਲਈ ਹੌਸਲਾ ਨਹੀਂ ਸੀ ਪੈ ਰਿਹਾ।

"ਸੱਜਣ ਸਿਹਾਂ!" ਧੰਨੇ ਸ਼ਾਹ ਨੇ ਦਸਾਂ-ਦਸਾਂ ਦੇ ਨੋਟ ਗਿਣਦਿਆਂ ਕਿਹਾ। "ਸੱਠ ਰੁਪਏ ਬਥੇਰੇ ਨੇ? ਨਹੀਂ ਤਾਂ ਵੱਡਾ ਨੋਟ ਲੈ ਜਾਹ।"

"ਬੜੇ ਨੇ ਸ਼ਾਹ ਜੀ!" ਸੱਜਣ ਸਿੰਘ ਨੇ ਹੈਰਾਨੀ ਭਰੀ ਖ਼ੁਸ਼ੀ ਵਿੱਚ ਕਿਹਾ। ਉਹ ਦਿਲ ਵਿੱਚ ਮਸਾਂ ਵੀਹ-ਪੰਝੀ ਮੰਗਣ ਵਾਸਤੇ ਸੋਚ ਰਿਹਾ ਸੀ।

ਧੰਨੇ ਸ਼ਾਹ ਦੇ ਹੱਥੋਂ ਨੋਟ ਫੜ ਕੇ ਸੱਜਣ ਸਿੰਘ ਗਿਣਨ ਲੱਗ ਪਿਆ।

"ਤੁਸੀਂ ਤਾਂ ਫਿਰ ਚੌਧਰੀ ਜੀ, ਸੌ ਦਾ ਨੋਟ ਈ ਲੈ ਜੌ। ਫੇਰ ਵਾਧਾ-ਘਾਟਾ ਵੇਖਿਆ ਜਾਵੇਗਾ।" ਧੰਨੇ ਸ਼ਾਹ ਨੇ ਸੌ ਦਾ ਨੋਟ ਇਲਮ ਦੀਨ ਨੂੰ ਫੜਾ ਦਿੱਤਾ।

ਅਨਪੜ੍ਹ ਜੱਟ ਵਿਆਜੜੀਏ ਸ਼ਾਹੂਕਾਰ ਦੀ ਡੂੰਘੀ ਚਾਲ ਨੂੰ ਸਮਝ ਨਾ ਸਕੇ। ਪੈਸਿਆਂ ਨਾਲ ਜੇਬਾਂ ਭਰੀ ਉਹ ਤਿੰਨੇ ਖ਼ੁਸ਼ੀ-ਖ਼ੁਸ਼ੀ ਬਜ਼ਾਰ ਵਿੱਚ ਜਾ ਵੜੇ। ਚਾਰ ਵਜੇ ਉਹ ਵਾਪਸ ਆੜ੍ਹਤ 'ਤੇ ਪਰਤੇ ਤਾਂ ਪੈਸਿਆਂ ਵੱਲੋਂ ਤਿੰਨਾਂ ਦੇ ਪੱਲੇ ਖ਼ਾਲੀ ਸਨ।

ਸੱਜਣ ਸਿੰਘ ਦੀ ਕਪਾਹ ਪੰਦਰਾਂ ਮਣ ਤੋਂ ਉੱਤੇ ਹੋਈ, ਪਰ ਇਲਮ ਦੀਨ ਦੀ

ਤੇਰਾਂ ਮਣ ਤੋਂ ਵੀ ਕੁਛ ਘੱਟ। ਧੰਨੇ ਸ਼ਾਹ ਨੇ ਦੋਹਾਂ ਨੂੰ ਬੜੀ ਤਸੱਲੀ ਨਾਲ ਹਿਸਾਬ ਸਮਝਾਉਂਦਿਆਂ ਕਿਹਾ, "ਸ. ਸੱਜਣ ਸਿਹਾਂ! ਅਸੀਂ ਲੋਕ ਬਾਹਰ ਆਪਣੀਆਂ ਧਿਰਾਂ ਬਣਾ ਕੇ ਖ਼ੁਸ਼ ਹੁੰਦੇ ਹਾਂ। ਮੈਂ ਸਮਝਦਾ ਹਾਂ, ਹੁਣ ਤੁਸੀਂ ਦੋਵੇਂ ਪੀਰੂਵਾਲੇ ਵਿੱਚ ਮੇਰੀ ਭਰਾਵਾਂ ਵਰਗੀ ਧਿਰ ਓ। ਤੁਹਾਥੋਂ ਆੜ੍ਹਤ ਦਾ ਖ਼ਰਚ ਸਿਰਫ਼ ਓਨਾ ਲਾਇਆ ਏ, ਜਿੰਨਾ ਨੌਕਰਾਂ ਚਾਕਰਾਂ ਲੈ ਜਾਣਾ ਏਂ। ਮੈਂ ਦੁਕਾਨ ਦਾ ਹਿੱਸਾ ਭਈ, ਕੋਈ ਨਹੀਂ ਰੱਖਣਾ। ਦੁਕਾਨ-ਸਮਝੋ-ਹੈ ਹੀ ਤੁਹਾਡੀ। ਸੋ ਤੇਰੇ ਬਣੇ ਛਿਹੱਤਰ ਰੁਪਏ ਸਵਾ ਸੱਤ ਆਨੇ। ਸੱਠ ਤੂੰ ਲੈ ਗਿਆ ਏਂ ਤੇ ਬਾਕੀ ਆਹ ਲੈ। ਹੋਰ ਵੀ ਵੇਲੇ ਕੁਵੇਲੇ ਲੋੜ ਪਵੇ ਤਾਂ ਧੰਨੇ ਸ਼ਾਹ ਤਨ ਦੇ ਕੱਪੜੇ ਲਾਹ ਕੇ ਵੀ ਦੇਣ ਨੂੰ ਤਿਆਰ ਏ।" ਧੰਨੇ ਸ਼ਾਹ ਨੇ ਪੈਸੇ ਫੜਾਉਂਦਿਆਂ ਕਿਹਾ। "ਤੇ ਚੌਧਰੀ ਇਲਮ ਦੀਨ! ਤੂੰ ਵੀ ਭਈ ਇਹ ਨਾ ਸਮਝੀਂ ਕਿ ਤੈਨੂੰ ਧੰਨੇ ਸ਼ਾਹ ਕਿਸੇ ਨਾਲੋਂ ਘੱਟ ਸਮਝਦਾ ਏ। ਤੁਹਾਡੇ ਦੋਹਾਂ ਨਾਲ ਇਕੋ ਵਿਹਾਰ ਰਹੇਗਾ। ਬਾਕੀ ਭਾਵੇਂ ਅਸੀਂ ਸਾਰੇ ਦੇਸ਼ ਨੂੰ ਲੁੱਟ ਲਈਏ। ਤੇਰੇ ਬਣੇ ਚੌਹਠ ਰੁਪਏ ਪੌਣੇ ਬਾਰਾਂ ਆਨੇ। ਤੁਸੀਂ ਸੌ ਲੈ ਗਏ ਸਉ। ਸੋ ਬਾਕੀ.....।"

"ਬਾਕੀ ਸ਼ਾਹ ਹੁਣ ਅਗਲੇ ਫੇਰੇ ਸਹੀ। ਅਸੀਂ ਸਾਰੇ ਖ਼ਰਚ ਆਏ ਆਂ। ਐਵੇਂ ਕਰਮ ਦੀਨ ਵਿਟਰ ਬੈਠਾ ਸੀ।" ਇਲਮ ਦੀਨ ਨੇ ਵਧੇਰੇ ਪੈਸੇ ਖ਼ਰਚੇ ਜਾਣ ਦਾ ਉਲ੍ਹਾਮਾ ਛੋਟੇ ਭਰਾ ਸਿਰ ਮੜ੍ਹ ਦਿੱਤਾ।

"ਉ ਚੌਧਰੀ! ਅਸੀਂ ਕਰਮ ਦੀਨ ਨੂੰ ਨਰਾਜ਼ ਹੋਣ ਦੇਂਦੇ ਆਂ? ਲੋੜ ਏ, ਤਾਂ ਹੋਰ ਲੈ ਜਾਹ। ਏਥੇ ਧੰਨੇ ਸ਼ਾਹ ਨਾਲ ਵਾਹ ਪਿਆ ਏ, ਕਿਸੇ ਚਿੜੀ ਦੇ ਦਿਲ ਵਾਲੇ ਬਾਣੀਏਂ ਨਾਲ ਨਹੀਂ।" ਧੰਨੇ ਸ਼ਾਹ ਨੇ ਜ਼ਰਾ ਵਾਜ 'ਤੇ ਜ਼ੋਰ ਦੇ ਕੇ ਤੜ੍ਹ ਮਾਰੀ।

ਇਲਮ ਦੀਨ ਨੇ ਟਕੇ ਰੁਪਏ ਸੂਦ ਦੇ ਹਿਸਾਬ, ਪੈਂਤੀ ਰੁਪਏ ਸਵਾ ਚਾਰ ਆਨੇ 'ਤੇ ਅੰਗੂਠਾ ਲਾ ਦਿੱਤਾ। ਦੋਵੇਂ ਗੱਡੀਆਂ ਹਿੱਕ ਕੇ ਉਹ ਸੋਤੇ ਵੇਲੇ ਘਰ ਜਾ ਪੁੱਜੇ।

## 9

"ਬਾਬਾ 'ਕਾਲੀਆ! ਕਿਵੇਂ ਬਹਿ ਰਿਹਾ ਏਂ? ਹੋਲਾਂ ਨਹੀਂ ਚੱਬਦਾ?" ਬਾਬੇ ਅਕਾਲੀ ਨੂੰ ਬਹੁਤ ਉਦਾਸ ਵੇਖ ਕੇ ਸੱਜਣ ਸਿੰਘ ਨੇ ਪੁੱਛਿਆ।

"ਸੱਜਣ ਸਿਹਾਂ!" ਬਾਬੇ ਅਕਾਲੀ ਨੇ ਉਦਾਸ ਜਿਹੀ ਨਜ਼ਰ ਨਾਲ ਆਉਣ ਵਾਲੇ ਵੱਲ ਵੇਖ ਕੇ ਕਿਹਾ, "ਆ ਪੁੱਤ! ਬਹਿ ਜਾਹ। ਹੋਲਾਂ ਭੁੰਨੀਆਂ ਸਨ, ਪਰ ਕੌਲ੍ਹਿਆਂ ਚੱਬਣ 'ਤੇ ਦਿਲ ਨਹੀਂ ਮੰਨਿਆਂ। ਐਸ ਉਮਰੇ ਆਦਮੀ ਨੂੰ ਕਦੇ-ਕਦੇ ਪੁਰਾਣੀਆਂ ਯਾਦਾਂ ਬੇਚੈਨ ਕਰ ਦਿੰਦੀਆਂ ਨੇ। ਮੈਨੂੰ ਵੀ ਐਵੇਂ....।" ਬਾਬਾ ਅਕਾਲੀ ਕਹਿੰਦਾ-ਕਹਿੰਦਾ ਚੁੱਪ ਕਰ ਗਿਆ। "ਬਹਿ ਜਾਹ, ਆਪਾਂ ਦੋਵੇਂ ਚੱਬਦੇ ਆਂ।" ਉਹ ਅੱਧ ਸੜੀ ਗਿੱਠ ਕੁ ਜਿੱਡੀ ਲੱਕੜ ਨਾਲ ਹੋਲਾਂ ਫੋਲਣ ਲੱਗ ਪਿਆ।

ਸੱਜਣ ਸਿੰਘ ਸਾਹਮਣੇ ਬਹਿ ਕੇ ਹੋਲਾਂ ਚੱਬਣ ਲੱਗ ਪਿਆ। ਵਿੱਚੋਂ ਵਾਰੋਂ ਉਹ ਬੜੇ ਧਿਆਨ ਨਾਲ ਬਾਬੇ ਅਕਾਲੀ ਦੇ ਚਿਹਰੇ ਵੱਲ ਵੇਖੀ ਜਾ ਰਿਹਾ ਸੀ। ਬਾਬੇ ਅਕਾਲੀ ਦੇ ਚਿਹਰੇ ਦਾ ਪ੍ਰਭਾਵ ਬੜਾ ਉਦਾਸ ਤੇ ਅਸਰੰਪਾਊ ਸੀ।

"ਨਹੀਂ, ਮੈਂ ਮੂੰਹ ਆਈਆਂ ਗੱਲਾਂ ਨੂੰ ਅੰਦਰੇ ਨਹੀਂ ਰੋਕ ਸਕਦਾ।" ਬਾਬੇ ਅਕਾਲੀ ਨੇ ਸਿਰ ਹਿਲਾ ਕੇ ਕਿਹਾ। "ਕਈ ਵਾਰ ਬੰਦਾ ਕਿਸੇ ਨਾਲ ਵੀ ਗੱਲਾਂ ਕਰਨ ਵਾਸਤੇ ਬੇਵੱਸ ਹੋ ਜਾਂਦਾ ਏ। ਇਸ ਵੇਲੇ ਮੇਰੀ ਵੀ ਇਹ ਹਾਲਤ ਏ। ਚੰਗਾ ਹੋਇਆ ਤੂੰ ਆ ਗਿਓਂ। ਫਿਰ ਤੂੰ ਤਾਂ ਮੇਰਾ ਆਪਣਾ ਏਂ।" ਬਾਬਾ ਅਕਾਲੀ ਪੀਹੜੀਓਂ ਸੱਜਣ ਸਿੰਘ ਦੇ ਦਾਦੇ ਦਾ ਭਰਾ ਲੱਗਦਾ ਸੀ। ਉਹ ਸਾਰੇ ਪਿੰਡ ਵਿੱਚੋਂ ਪੀਹੜੀਓਂ ਉਚੇਰਾ ਸੀ। ਇਸ ਵਾਸਤੇ ਵੀ ਸਾਰੇ ਲੋਕ ਉਹਨੂੰ ਬਾਬਾ ਅਕਾਲੀ ਆਹੰਦੇ ਸਨ।

"ਤੇਰੇ ਬੱਚੇ ਆਂ ਬਾਬਾ 'ਕਾਲੀਆ! ਕਿਤੇ ਪ੍ਰਮਾਤਮਾ ਤੁਹਾਨੂੰ ਵੀ ਇਕ ਪੁੱਤਰ ਦੇ ਦੇਂਦਾ, ਤਾਂ ਉਹ ਸਾਡਾ ਹਾਣੀ ਹੁੰਦਾ।" ਸੱਜਣ ਸਿੰਘ ਨੇ ਹਮਦਰਦੀ ਨਾਲ ਦਰਦ ਭਰੀ ਸੁਰ ਵਿੱਚ ਕਿਹਾ।

"ਕਦੇ ਮੈਂ ਵੀ ਏਹਾ ਸੋਚਿਆ ਕਰਦਾ ਸਾਂ। ਇਕ ਦਿਨ ਤੇਰੀ ਮਾਈ ਨੇ ਵੀ ਇਹ ਰੀਝ ਪ੍ਰਗਟ ਕੀਤੀ ਸੀ। ਮੈਂ ਸੱਤਾਂ-ਅੱਠਾਂ ਦਿਨਾਂ ਪਿੱਛੋਂ ਬਾਹਰੋਂ ਆਇਆ ਸਾਂ। ਬਾਪੂ ਬਹੁਤ ਗੁੱਸੇ ਹੋਇਆ ਸੀ। ਛੋਟੇ ਭਰਾ ਨੇ ਵੀ ਮੂੰਹ ਵੱਟਿਆ ਸੀ। ਖੇਮ ਕੌਰ ਨੇ ਸਿਰਫ਼ ਏਨਾ ਈ ਕਿਹਾ ਸੀ, "ਮੈਨੂੰ ਇਹ ਸ਼ੱਕ ਨਹੀਂ ਕਿ ਤੁਸੀਂ ਕਿਸੇ ਬੁਰੇ ਕੰਮ ਵਿੱਚ ਫਸੇ ਹੋਣ ਕਰਕੇ ਐਨੇ-ਐਨੇ ਦਿਨ ਬਾਹਰ ਰਹਿੰਦੇ ਓ, ਪਰ ਮੇਰਾ ਪਿੱਛੋਂ ਜੀਅ ਨਹੀਂ ਲੱਗਦਾ। ਕਿਤੇ ਗੁਰੂ ਮਹਾਰਾਜ ਆਪਾਂ ਨੂੰ ਇਕ ਕਾਕਾ....।" ਉਹ ਵਾਕ ਪੂਰਾ ਨਹੀਂ ਸੀ ਕਰ ਸਕੀ। ਸ਼ਾਇਦ ਸ਼ਰਮਾ ਕੇ ਚੁੱਪ ਕਰ ਗਈ ਸੀ। ਉਸ ਉਮਰੇ ਇਸਤਰੀ ਕਈਆਂ ਗੱਲਾਂ 'ਚ ਆਪਣੇ ਪਤੀ ਕੋਲੋਂ ਵੀ ਸੰਗ ਜਾਇਆ ਕਰਦੀ ਏ। ਉਹਦੀ ਇਹ ਖ਼ਾਹਿਸ਼ ਯਾਦ ਕਰਕੇ ਕਦੇ ਮੈਂ ਵੀ ਸੋਚਿਆ ਕਰਦਾਂ ਕਿ ਜੇ ਉਹਨੇ ਛੱਡ ਜਾਣਾ ਸੀ ਤਾਂ ਉਹਦੀ ਨਿਸ਼ਾਨੀ ਹੀ ਕੋਈ ਪਿੱਛੇ ਮੇਰੇ ਕੋਲ ਹੁੰਦੀ।... ਪਰ....ਪਰ....ਹੁਣ ਮੇਰੇ ਖ਼ਿਆਲ ਬਦਲ ਗਏ ਨੇ। ਤੁਹਾਡਾ ਹਾਣ, ਸਾਰੇ ਦੇਸ਼ ਦੇ ਬੱਚੇ ਹੁਣ ਮੈਨੂੰ ਆਪਣੇ ਹੀ ਧੀਆਂ ਪੁੱਤਰ ਜਾਪਦੇ ਨੇ। ਐਸ ਵੇਲੇ ਦੇਸ਼ ਹੀ ਮੇਰਾ ਸਭ ਕੁਝ ਹੈ। ਤੇ ਤੁਸੀਂ ਸਾਰੇ ਹੋ ਮੇਰਾ ਲਹੂ ਤੇ ਮਾਸ।" ਬਾਬਾ ਅਕਾਲੀ ਜਿਵੇਂ ਸਾਹ ਲੈਣ ਵਾਸਤੇ ਖਲੋ ਗਿਆ। ਇਕ ਵਾਰ ਤੇਰੀ 'ਮਾਈ ਦੇ ਜ਼ੋਰ ਦੇਣ 'ਤੇ ਮੈਂ ਐਨਾ ਕੁ ਭੇਤ ਭੰਨਿਆ ਸੀ, "ਅਸੀਂ ਦੇਸ਼ ਦੀ ਅਜ਼ਾਦੀ ਵਾਸਤੇ ਯਤਨ ਕਰ ਰਹੇ ਹਾਂ। ਅਜ਼ਾਦੀ ਮਿਲ ਜਾਣ ਪਿੱਛੋਂ ਸਭ ਕੁਛ ਦੱਸ ਦਿਆਂਗਾ। ਪਰ ਐਸ ਵੇਲੇ ਮੈਥੋਂ ਕੁਝ ਨਾ ਪੁੱਛ ਤੇ ਉਸ ਭਲੀ ਲੋਕ ਨੇ ਫੇਰ ਕਦੇ ਕੁਛ ਨਹੀਂ ਸੀ ਪੁੱਛਿਆ।"

"ਬੜੀ ਚੰਗੀ ਸੀ ਮਾਈ ਖੇਮ ਕੌਰ। ਪਰ ਵਿਚਾਰੀ ਨਾਲ ਅਨਰਥ ਬੜਾ

ਹੋਇਆ।" ਸੱਜਣ ਸਿੰਘ ਦੇ ਦਿਲ 'ਤੇ ਵੀ ਖੇਮ ਕੌਰ ਨਾਲ ਹੋਏ ਅੱਤਿਆਚਾਰ ਦਾ ਮਾਰੂ ਅਸਰ ਸੀ।

"ਠੀਕ ਆਹਨਾਂ ਏਂ ਤੂੰ। ਪਰ ਅੱਜ ਤਾਂ ਮੈਂ ਵੇਖਦਾਂ, ਕਿ ਇਸ ਦੇਸ਼ ਦੀਆਂ ਹਜ਼ਾਰਾਂ-ਲੱਖਾਂ ਦੇਵੀਆਂ ਨਾਲ ਓਹੋ ਜੇਹਾ, ਜਾਂ ਉਸ ਤੋਂ ਵੱਧ ਅਨਰਥ ਹੋ ਰਿਹਾ ਹੈ। ਤੇ ਇਹ ਸਭ ਕੁਛ ਹੈ ਗ਼ੁਲਾਮੀ ਦੇ ਕਾਰਣ। ਇਹਨਾਂ ਸਾਰਿਆਂ ਦੁੱਖਾਂ ਕਲੇਸ਼ਾਂ ਨੂੰ ਦੂਰ ਕਰਨ ਵਾਸਤੇ ਸਾਨੂੰ ਸਾਰੇ ਜ਼ੋਰ ਨਾਲ ਅਜ਼ਾਦੀ ਦੀ ਜੰਗ ਲੜਨੀ ਚਾਹੀਦੀ ਏ। ਜਾਣਦਾ ਏਂ, ਤੇਰੇ ਔਣ ਤੋਂ ਪਹਿਲਾਂ ਮੈਂ ਕਿਹੜੇ ਵਹਿਣਾਂ ਵਿੱਚ ਡੁੱਬਾ ਹੋਇਆ ਸਾਂ?"

ਸੱਜਣ ਸਿੰਘ ਨੇ ਸਿਰਫ਼ ਪ੍ਰਸ਼ਨ ਭਰੀਆਂ ਅੱਖਾਂ ਨਾਲ ਬਾਬੇ ਅਕਾਲੀ ਵੱਲ ਤੱਕਿਆ, ਜਿਵੇਂ ਉਹ ਉਪਰਲੇ ਸਵਾਲ ਦਾ ਜਵਾਬ ਸੁਣਨ ਦਾ ਡਾਢਾ ਖ਼ਾਹਸ਼ਮੰਦ ਹੋਵੇ।

"ਮੈਂ ਤੇਰੀ ਮਾਈ ਨਾਲ ਹੀ ਗੱਲਾਂ ਕਰ ਰਿਹਾ ਸਾਂ।" ਬਾਬੇ ਅਕਾਲੀ ਨੇ ਨਿੰਮ੍ਹਾ ਜੇਹਾ ਖੰਘੂਰਾ ਮਾਰ ਕੇ ਫਿਰ ਕਹਿਣਾ ਸ਼ੁਰੂ ਕੀਤਾ, "ਇਕ ਦਿਨ ਅਸਾਂ ਏਸੇ ਟਾਹਲੀ ਹੇਠ ਹੋਲਾਂ ਭੁੰਨ ਕੇ ਚੱਬੀਆਂ ਸਨ। ਉਹ ਦੁਪਹਿਰ ਦੀ ਰੋਟੀ ਲੈ ਕੇ ਆਈ ਤਕਾਲਾਂ ਵੇਲੇ ਤੱਕ ਏਥੇ ਮੇਰੇ ਕੋਲ ਈ ਰਹੀ ਸੀ। ਅੱਜ ਹੋਲਾਂ ਭੁੰਨਦਿਆਂ ਉਹ ਸਮਾਂ ਯਾਦ ਆ ਗਿਆ ਸੀ। ਮੈਂ ਉਹਨੂੰ ਕਹਿ ਰਿਹਾ ਸਾਂ, 'ਖੇਮ ਕੁਰੇ! ਇਹ ਨਾ ਸਮਝੀਂ ਕਿ ਮੈਂ ਤੈਨੂੰ ਭੁੱਲਾ ਦਿੱਤਾ ਏ। ਅਸੀਂ ਅਜ਼ਾਦੀ ਦੀ ਇਕ ਲੰਮੀ ਜੰਗ ਲੜ ਰਹੇ ਹਾਂ ਤੇ ਉਦੋਂ ਤੱਕ ਬਹਾਦਰ ਸਿਪਾਹੀਆਂ ਵਾਂਗ ਲੜਦੇ ਰਹਾਂਗੇ, ਜਦੋਂ ਤੱਕ ਫ਼ਤਹਿ ਪ੍ਰਾਪਤ ਨਹੀਂ ਕਰ ਲੈਂਦੇ।' ਤੇ ਪੁੱਤ ਸੱਜਣ ਸਿਹਾਂ! ਇਹ ਲੜਾਈ ਮੁੱਕੇਗੀ ਓਦਣ ਹੀ, ਜਿੱਦਣ ਦੇਸ਼ ਅਜ਼ਾਦ ਹੋ ਜਾਏਗਾ।"

"ਕਿਉਂ ਨਹੀਂ। ਅੰਤ ਤੁਹਾਡੇ ਵਰਗੇ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਨੂੰ ਫਲ ਲੱਗੇਗਾ।" ਸੱਜਣ ਸਿੰਘ ਨੇ ਸ਼ਰਧਾ ਨਾਲ ਸਿਰ ਝੁਕਾਅ ਕੇ ਕਿਹਾ।

"ਕੁਰਬਾਨੀ ਕਦੇ ਆਹਲੀ ਨਹੀਂ ਜਾਂਦੀ।" ਬਾਬੇ ਅਕਾਲੀ ਨੇ 'ਹਾਂ' ਵਿੱਚ ਸਿਰ ਹਿਲਾ ਕੇ ਆਪਣਾ ਵਿਸ਼ਵਾਸ ਪ੍ਰਗਟ ਕੀਤਾ। "ਗ਼ਦਰ ਲਹਿਰ ਵਿੱਚ ਕਿੰਨੇ ਸੂਰਮੇ ਫ਼ਾਂਸੀ ਚੜ੍ਹੇ, ਕਿੰਨੇ ਉਮਰ ਕੈਦ ਹੋਏ, ਕਿੰਨਿਆਂ ਨੂੰ ਬੈਂਤ ਲੱਗੇ, ਕਿੰਨਿਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ, ਕਿੰਨੇ ਗੱਭਰੂ ਜੇਲ੍ਹ ਵਿੱਚ ਗਏ ਤੇ 'ਬਾਬੇ' ਬਣ ਕੇ ਬਾਹਰ ਆਏ। ਓਦੋਂ ਕੋਈ ਲੋਕ ਆਹੰਦੇ ਸੀ, ਇਸ ਕੁਰਬਾਨੀ ਦਾ ਕੋਈ ਮੁੱਲ ਨਹੀਂ ਪਿਆ। ਸਭ ਕੀਤਾ ਕਰਾਇਆ ਐਵੇਂ ਗਿਆ। ਜਨਤਾ ਨੇ ਕੋਈ ਅਸਰ ਨਹੀਂ ਕਬੂਲਿਆ, ਪਰ ਅਜਿਹਾ ਸੋਚਣਾ ਉਹਨਾਂ ਦੀ ਕਮ-ਅਕਲੀ ਸੀ। ਠੀਕ ਏ, ਉਦੋਂ ਬਹੁਤੇ ਲੋਕਾਂ ਨੇ ਸਾਡਾ ਸਾਥ ਨਾ ਦਿੱਤਾ, ਕਿਉਂਕਿ ਦੇਸ਼ ਅਜੇ ਘੂਕ ਸੁੱਤਾ ਪਿਆ ਸੀ। ਵੱਡੇ ਘਰਾਣੇ ਅੰਗਰੇਜ਼ਾਂ ਦੀ ਵਫ਼ਾਦਾਰੀ ਵਿੱਚ ਈ ਆਪਣੀ ਕਲਿਆਣ ਤੇ ਇੱਜ਼ਤ

ਸਮਝਦੇ ਸਨ। ਕਾਂਗਰਸ ਵੀ ਓਦੋਂ ਜਰਮਨ-ਜੰਗ ਵਿੱਚ ਤਨੋ-ਮਨੋ ਅੰਗਰੇਜ਼ਾਂ ਦੀ ਮਦਦ ਕਰ ਰਹੀ ਸੀ। ਸਾਡੇ ਲੀਡਰ ਸਮਝਦੇ ਸਨ ਕਿ ਜੰਗ ਜਿੱਤਣ ਦੀ ਖ਼ੁਸ਼ੀ ਵਿੱਚ ਅੰਗਰੇਜ਼ ਸਾਨੂੰ ਸਵਰਾਜ ਦੇਣਗੇ, ਪਰ ਇਹਨਾਂ ਇਹ ਨਾ ਸੋਚਿਆ ਕਿ 'ਕੋਊ ਕਿਸੀ ਕੋ ਰਾਜ ਨਾ ਦੇ ਹੈ। ਜੋ ਲੇ ਹੈ, ਨਿਜ ਬਲ ਸੇ ਲੇ ਹੈ।" ਭਾਈ ਰਣਧੀਰ ਸਿੰਘ ਜੀ ਸਾਨੂੰ ਜੇਲ੍ਹ ਵਿੱਚ ਇਹ ਤੁਕਾਂ ਸੁਣਾਇਆ ਕਰਦੇ ਸਨ। ਇਹ ਗੱਲ ਸੋਲਾਂ ਆਨੇ ਸੱਚੀ ਏ, ਪੁੱਤ ਸੱਜਣ ਸਿਹਾਂ! ਰਾਜ ਦੇਂਦਾ ਕੋਈ ਨਹੀਂ, ਸਗੋਂ ਹਾਸਲ ਕੀਤਾ ਜਾਂਦਾ ਏ। ਉਦੋਂ ਕਿਤੇ ਸਾਰੀਆਂ ਪਾਰਟੀਆਂ ਤੇ ਲੀਡਰ ਸਾਡਾ ਸਾਥ ਦੇਂਦੇ ਤਾਂ ਜਿਵੇਂ ਅੰਗਰੇਜ਼ ਜੰਗ ਵਿੱਚ ਫਸਿਆ ਹੋਇਆ ਸੀ, ਹਿੰਦੁਸਤਾਨ ਅਜ਼ਾਦ ਹੋ ਜਾਂਦਾ, ਪਰ ਓਦੋਂ ਤਾਂ ਉਲਟਾ ਕਈ ਪਾਰਟੀਆਂ ਤੇ ਨਰਮ ਖ਼ਿਆਲਾਂ ਦੇ ਲੀਡਰਾਂ ਨੇ ਸਾਡਾ ਵਿਰੋਧ ਕੀਤਾ ਸੀ। ਫਿਰ ਵੀ ਅਸੀਂ ਸਮਝਦੇ ਆਂ, ਸਾਡੀ ਘਾਲਣਾ ਐਵੇਂ ਨਹੀਂ ਗਈ। ਸੋਹਣ ਸਿੰਘ ਭਕਨਾ ਆਖਿਆ ਕਰਦਾ ਸੀ, 'ਅਸਾਂ ਧਰਤੀ ਵਾਹ ਬਣਾ ਕੇ ਬੀ ਬੀਜ ਦਿੱਤਾ ਏ। ਇਕ ਦਿਨ ਇਹ ਜ਼ਰੂਰ ਪੁੰਗਰ ਪਏਗਾ।' ਸੋ ਸਮਾਂ ਆਉਣ ਉੱਤੇ.....।"

"ਬਾਬਾ ਸੋਹਣ ਸੁੰਹ ਭਕਨਾ ਤੁਹਾਡੇ ਨਾਲ ਹੁੰਦਾ ਸੀ।" ਚਲਦੀ ਵਾਰਤਾ ਵਿੱਚ ਸੱਜਣ ਸਿੰਘ ਨੇ ਐਵੇਂ ਹੁੰਗਾਰੇ ਵਜੋਂ ਸਵਾਲ ਕਰ ਦਿੱਤਾ।

"ਹਾਂ। ਜੇਲ੍ਹ ਵਿੱਚ ਬਹੁਤ ਸਿਆਣੇ-ਸਿਆਣੇ ਤੇ ਨੇਕ ਆਦਮੀ ਸਾਡੇ ਨਾਲ ਰਹੇ ਹਨ। ਸੋਹਣ ਸਿੰਘ ਭਕਨਾ, ਵਸਾਖਾ ਸਿੰਘ ਦਦੇਹਰ, ਭਾਈ ਰਣਧੀਰ ਸਿੰਘ ਨਾਰੰਗਵਾਲ, ਭਾਈ ਪਰਮਾਨੰਦ, ਡਾਕਟਰ ਮਥਰਾ ਸਿੰਘ ਤੇ ਹੋਰ ਪੜ੍ਹੇ-ਲਿਖੇ ਤੇ ਸਮਝਦਾਰ ਬੰਦਿਆਂ ਦੀ ਸੰਗਤ ਰਹੀ ਹੈ। ਅਸਲ ਵਿੱਚ ਜੇਲ੍ਹ ਅੰਦਰ ਮੈਂ ਬਹੁਤ ਕੁਛ ਸਿੱਖਿਆ ਏ। ਏਥੇ ਨਿੱਕੇ ਹੁੰਦਿਆਂ ਤਾਂ ਸਭੋ ਅੱਠ ਜਮਾਤਾਂ ਹੀ ਪੜ੍ਹੀਆਂ ਸਨ ਨਾ। ਸਗੋਂ ਸੱਤ ਈ ਸਮਝ ਖਾਂ। ਅੱਠਵੀਂ ਦਾ ਤਾਂ ਇਮਤਿਹਾਨ ਈ ਨਹੀਂ ਸੀ ਦਿੱਤਾ ਤੇ ਸਹਿਜ-ਸਹਿਜ ਉਹ ਵੀ ਭੁਲਾ ਲਈਆਂ।"

"ਪਰ ਬਾਬਾ! ਐਸ ਵੇਲੇ ਤਾਂ ਤੇਰੇ ਜਿੰਨੀ ਸੋਝੀ ਕਿਸੇ ਬੀ.ਏ. ਪਾਸ ਵਕੀਲ ਨੂੰ ਵੀ ਨਹੀਂ।" ਸੱਜਣ ਸਿੰਘ ਨੇ ਤਾਰੀਫ਼ ਵਜੋਂ ਕਿਹਾ।

"ਇਹ ਸਭ ਕੁਛ ਜੇਲ੍ਹ ਵਿੱਚੋਂ ਸਿੱਖਿਆ ਏ। ਸਿਆਸੀ ਲਗਨ ਵਾਲਿਆਂ ਬੰਦਿਆਂ ਵਾਸਤੇ ਜੇਲ੍ਹ ਬਹੁਤ ਵੱਡਾ ਕਾਲਜ ਏ। ਓਥੇ ਹੋਰ ਕਿਸੇ ਕੰਮ ਦਾ ਤਾਂ ਫ਼ਿਕਰ ਹੁੰਦਾ ਨਹੀਂ ਸੀ। ਜਾਂ ਅੱਠੇ ਪਹਿਰ ਭਜਨ ਕਰਦਿਆਂ ਲੰਘ ਜਾਣਾ, ਜਾਂ ਦੇਸ਼ ਦੀ ਅਜ਼ਾਦੀ ਬਾਰੇ ਵਿਉਂਤਾਂ ਸੋਚਦਿਆਂ।" ਹੋਲਾਂ ਦੇ ਕੱਢੇ ਹੋਏ ਦਾਣਿਆਂ ਦਾ ਫੱਕਾ ਮਾਰ ਕੇ ਬਾਬਾ ਅਕਾਲੀ ਦੰਦਾਂ ਹੇਠ ਚਬਾਉਣ ਲੱਗ ਪਿਆ। ਇਸ ਤਰ੍ਹਾਂ ਪਲ ਦਾ ਪਲ ਗੱਲਾਂ ਦਾ ਸਿਲਸਿਲਾ ਰੁਕ ਗਿਆ।

"ਇਕ ਦਿਨ ਜੇਲ੍ਹ ਵਿੱਚ ਅਸਾਂ ਮਾਰਸ਼ਲ-ਲਾਅ ਤੇ ਜਲ੍ਹਿਆਂ ਵਾਲੇ ਬਾਗ਼ ਦੇ

ਸਾਕੇ ਦੀਆਂ ਖ਼ਬਰਾਂ ਸੁਣੀਆਂ। ਸੋਹਣ ਸਿੰਘ ਭਕਨੇ ਨੇ ਆਖਿਆ, 'ਲਉ, ਸਾਡਾ ਬੀਜਿਆ ਬੀ ਉੱਗ ਪਿਆ ਜੇ। ਇਹਦੀ ਪਹਿਲੀ ਸਿੰਚਾਈ ਜਲ੍ਹਿਆਂ ਵਾਲੇ ਦੇ ਸ਼ਹੀਦਾਂ ਦੇ ਖ਼ੂਨ ਨਾਲ ਹੋਈ ਏ। ਹੁਣ ਇਹ ਬੂਟਾ ਸੁੱਕੇਗਾ ਕਦੇ ਨਹੀਂ।' ਸੱਜਣ ਸਿਹਾਂ! ਇਹ ਬੂਟਾ ਵੱਧੇ ਫੁੱਲੇਗਾ। ਤੇ ਇਕ ਦਿਨ ਇਹਨੂੰ ਅਜ਼ਾਦੀ ਦਾ ਫਲ ਜ਼ਰੂਰ ਲੱਗੇਗਾ।"

"ਸਾਨੂੰ ਕੁਛ-ਕੁਛ ਸੰਭਾਲ ਏ ਮਾਰਸ਼ਲ-ਲਾਅ ਦੀ।" ਸੱਜਣ ਸਿੰਘ ਨੇ ਦੋਹਾਂ ਹੱਥਾਂ ਦੀਆਂ ਤਲੀਆਂ ਵਿੱਚ ਹੋਲਾਂ ਮਲਦਿਆਂ ਕਿਹਾ। "ਮੈਂ ਓਦੋਂ ਬਸ਼ਕੇ ਜਿੱਡਾ ਜਾਂ ਇਸ ਤੋਂ ਥੋੜ੍ਹਾ ਜਿਹਾ ਵੱਡਾ ਹੁੰਦਾ ਹੋਵਾਂਗਾ। ਬਾਪੂ ਹੋਰੀਂ ਡਰਦੇ ਸਾਨੂੰ ਅੰਦਰੋਂ ਬਾਹਰ ਨਹੀਂ ਸਨ ਨਿਕਲਣ ਦੇਂਦੇ। ਵਿਚਾਰਾ ਹੀਰਾ ਖੋਜਾ ਸੌਦਾ ਲੈਣ ਗਿਆ ਈ ਕਸੂਰ ਫੜਿਆ ਗਿਆ ਸੀ। ਏਥੇ ਗੱਲ ਉੱਡ ਗਈ ਕਿ ਉਹਨੂੰ ਫਾਂਸੀ ਲਾ ਦਿੱਤਾ ਨੇ। ਬੱਸ ਸਾਰਾ ਪਿੰਡ ਡਰ ਨਾਲ ਸਹਿਮ ਗਿਆ।"

"ਇਕ ਪਿੰਡ ਕੀ, ਸਾਰਾ ਦੇਸ਼ ਸਹਿਮ ਗਿਆ ਸੀ। ਹੀਰਾ ਵੀ ਸਾਲ ਕੁ ਸਾਡੇ ਕੋਲ ਰਿਹਾ ਸੀ। ਪਹਿਲਾਂ ਉਹਨੂੰ ਫਾਂਸੀ ਦਾ ਹੁਕਮ ਹੋਇਆ, ਫੇਰ ਉਮਰ ਕੈਦ ਦਾ ਤੇ ਅਖ਼ੀਰ ਸੱਤ ਸਾਲ ਦਾ, ਪਰ ਅਗਲੇ ਸਾਲ ਸਾਡੇ ਨਾਲ ਉਹ ਵੀ ਰਿਹਾਅ ਹੋ ਗਿਆ।

"ਤੇ ਉਹ ਮਾਰਸ਼ਲ-ਲਾਅ ਲਾਇਆ ਕਿਹੜੀ ਗੱਲੋਂ ਸਾਨੇ? ਆਹੰਦੇ ਨੇ, ਕਾਲਿਆਂ ਨੇ ਕੁਛ ਗੋਰੇ ਮਾਰ ਦਿੱਤੇ ਸਨ।" ਸੱਜਣ ਸਿੰਘ ਨੇ ਸੁਣੀਆਂ ਸੁਣਾਈਆਂ ਤੇ ਅੱਧ-ਚੇਤੇ ਗੱਲਾਂ ਦੇ ਆਧਾਰ 'ਤੇ ਸਵਾਲ ਕੀਤਾ।

"ਬੱਚੂ! ਬੱਸ, ਹਾਹਾ ਈ ਗ਼ੁਲਾਮੀ ਦੀ ਨਸ਼ਾਨੀ।" ਬਾਬੇ ਅਕਾਲੀ ਨੇ ਕੁਛ ਤਾੜਨਾ ਭਰੀ ਨਿਗ੍ਹਾ ਨਾਲ ਤੱਕਦਿਆਂ ਕਿਹਾ, "ਅੰਗਰੇਜ਼ ਆਪਣੇ ਆਪ ਨੂੰ ਗੋਰੇ ਅਤੇ ਸਾਨੂੰ ਕਾਲੇ ਤੇ ਕੁਲੀ ਆਖਦੇ ਨੇ। ਜਿਵੇਂ ਤੂੰ ਵੀ ਆਖ ਦਿੱਤਾ ਏ, ਕਾਲਿਆਂ ਨੇ ਗੋਰੇ ਮਾਰ ਦਿੱਤੇ ਸਨ। ਬੱਸ, ਅਸੀਂ ਏਨੇ ਨਿੱਘਰ ਗਏ ਆਂ ਕਿ ਆਪ ਹੀ ਆਪਣੇ ਆਪ ਨੂੰ ਕਾਲੇ ਆਖੀ ਜਾਂਦੇ ਆਂ। ਤੇ ਇਹ ਈ ਸਾਰਾ ਗ਼ੁਲਾਮੀ ਦਾ ਅਸਰ ਕਿ ਹਿੰਦੀ ਆਪਣੇ ਆਪ ਨੂੰ ਅੰਗਰੇਜ਼ਾਂ ਨਾਲੋਂ ਨੀਵਾਂ ਸਮਝਣ ਲੱਗ ਪਏ ਨੇ। ਹੁਣ ਸਵਾਲ ਏ, ਮਾਰਸ਼ਲ-ਲਾਅ ਲੱਗਾ ਕਿਉਂ? ਸ਼ਾਇਦ ਮੈਂ ਪੂਰੀ ਤਰ੍ਹਾਂ ਸਮਝਾ ਨਾ ਸਕਾਂ ਪਰ ਜਦੋਂ ਮੈਂ ਉਸ ਸਾਲ ਦੀ ਕਹਾਣੀ ਪੜ੍ਹਦਾ ਹਾਂ, ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਨੇ। ਮਹਾਤਮਾ ਗਾਂਧੀ ਉਹਨਾਂ ਦਿਨਾਂ ਵਿੱਚ ਈ ਪ੍ਰਸਿੱਧ ਹੋਇਆ ਏ। ਪਹਿਲਾਂ ਉਹ ਦੂਸਰੇ ਦਰਜੇ ਦਾ ਲੀਡਰ ਸੀ। ਉਸ ਵੇਲੇ ਕਾਂਗਰਸ ਵਿੱਚ ਕੋਈ ਲੀਡਰ ਉਸ ਤੋਂ ਅੱਗੇ ਸਨ। ਕਾਂਗਰਸ ਦੀ ਗੱਲ ਵੀ ਸੁਣ ਲੈ। ਇਸ ਪਾਰਟੀ ਦਾ ਮੁੱਢ ਬੰਨ੍ਹਣ ਵਾਲਾ ਇਕ ਅੰਗਰੇਜ਼ ਈ ਸੀ, ਮਿਸਟਰ ਹਿਯੂਮ। ਪਹਿਲਾਂ ਪਹਿਲਾਂ ਕਾਂਗਰਸ ਦੀ ਸਭ ਤੋਂ ਵੱਡੀ ਮੰਗ ਸੀ ਕਿ ਸਰਕਾਰੀ ਨੌਕਰੀਆਂ ਵਿੱਚ ਹਿੰਦੁਸਤਾਨੀਆਂ ਨੂੰ ਵੀ ਕੁਛ ਵੱਡੇ ਅਹੁਦੇ ਦਿੱਤੇ ਜਾਇਆ ਕਰਨ। ਸਹਿਜ-ਸਹਿਜ ਸਮੇਂ ਦੀ ਲੋੜ ਅਨੁਸਾਰ ਕਾਂਗਰਸ ਦੀਆਂ ਮੰਗਾਂ ਵਧਦੀਆਂ

ਗਈਆਂ। ਸੰਨ ਚੌਦਾਂ ਵਿੱਚ ਜਰਮਨ ਜੰਗ ਛਿੜ ਪਈ। ਕਾਂਗਰਸ ਨੇ ਸਾਰਾ ਟਿੱਲ ਲਾ ਕੇ ਉਸ ਜੰਗ ਵਿੱਚ ਅੰਗਰੇਜ਼ੀ ਸਰਕਾਰ ਦੀ ਮਦਦ ਕੀਤੀ। ਲੀਡਰਾਂ ਦਾ ਖ਼ਿਆਲ ਸੀ ਕਿ ਸਾਡੀ ਮਦਦ ਨਾਲ ਅੰਗਰੇਜ਼ ਜਿੱਤ ਗਏ, ਤਾਂ ਇਹ ਸਾਨੂੰ ਸਵਰਾਜ ਦੇ ਬਹੁਤ ਸਾਰੇ ਹੱਕ ਦੇ ਦੇਣਗੇ। ਉਦੋਂ ਗਰਮ ਧੜੇ ਦੇ ਕਾਂਗਰਸੀ ਵੀ ਸਿਰਫ਼ ਏਨਾ ਕੁ ਹੀ ਸਵਰਾਜ ਮੰਗਦੇ ਸਨ, ਜਿਸ ਨਾਲ ਅੰਗਰੇਜ਼ ਦੀ ਛਤਰ ਛਾਇਆ ਥੱਲੇ ਉਹ ਅੱਧ-ਪਚੱਧ ਹਕੂਮਤ ਸੰਭਾਲ ਲੈਣ। ਪੂਰੀ ਅਜ਼ਾਦੀ ਦੀ ਉਹਨਾਂ ਦੀ ਅਜੇ ਕੋਈ ਮੰਗ ਨਹੀਂ ਸੀ। ਹਿੰਦੁਸਾਨੀਆਂ ਦੀ ਮਦਦ ਨਾਲ ਹੀ ਅੰਗਰੇਜ਼ਾਂ ਨੇ ਜੰਗ ਜਿੱਤ ਲਈ। ਉਸ ਵੇਲੇ ਸੰਨ ਅਠਾਰਾਂ ਮੁੱਕਣ ਵਾਲਾ ਸੀ (ਨਵੰਬਰ)। ਕਾਂਗਰਸ ਲੱਗੀ ਸਵਰਾਜ ਦੀ ਉਡੀਕ ਕਰਨ। ਤੇ ਕੀਤੀ ਸੇਵਾ ਦੇ ਇਨਾਮ ਵਜੋਂ ਮਿਲਿਆ ਕੀ? ਰੌਲਟ ਬਿੱਲ।"

"ਰੌਲਟ ਬਿੱਲ ਕੀ?" ਸੱਜਣ ਸਿੰਘ ਨੇ ਵਧੇਰੇ ਜਾਨਣ ਦੀ ਚਾਹ ਨਾਲ ਪੁੱਛਿਆ।

"ਵੇਖੋਂ ਨਾ, ਜਿਉਂ ਅੰਗਰੇਜ਼ਾਂ ਨੇ ਪੰਜਾਬ ਮੱਲਿਆ ਏ, ਏਥੇ ਕੋਈ ਨਾ ਕੋਈ ਲਹਿਰ ਵਿਦੇਸ਼ੀ ਸਰਕਾਰ ਦੇ ਵਿਰੁੱਧ ਚਲਦੀ ਹੀ ਰਹੀ ਏ। ਪਹਿਲਾਂ ਸੰਨ ਸਤਵੰਜਾ ਦਾ ਵੱਡਾ ਗ਼ਦਰ ਹੋਇਆ। ਫੇਰ ਨਾਮਧਾਰੀਆਂ ਦੀ ਕੂਕਾ ਲਹਿਰ ਚੱਲੀ। ਮਲੇਰਕੋਟਲੇ ਵਿੱਚ ਕਈ ਕੂਕੇ ਤੋਪਾਂ ਅੱਗੇ ਉਡਾਏ ਗਏ (17 ਜਨਵਰੀ, 1872 ਈ.)। ਸੰਨ 1912 ਵਿੱਚ ਅੰਗਰੇਜ਼ਾਂ ਨੇ ਕਲਕੱਤੇ ਦੀ ਥਾਂ ਨਵੀਂ ਦਿੱਲੀ ਨੂੰ ਰਾਜਧਾਨੀ ਬਣਾ ਲਿਆ। ਵਾਇਸਰਾਏ ਦਾ ਜਲੂਸ ਨਿਕਲ ਰਿਹਾ ਸੀ ਜਾਂ ਹਨਵੰਤ ਸਹਾਏ ਨੇ ਉਸ ਉੱਤੇ ਬੰਬ ਸੁੱਟਿਆ। ਵਾਇਸਰਾਏ ਲਾਰਡ ਹਾਰਡਿੰਗ ਜ਼ਖ਼ਮੀ ਹੋ ਗਿਆ, ਪਰ ਜਾਨੋਂ ਬਚ ਗਿਆ। ਏਸ ਅਪਰਾਧ ਵਿੱਚ ਹਨਵੰਤ ਸਹਾਏ ਤੇ ਉਹਦੇ ਤਿੰਨ ਹੋਰ ਸਾਥੀਆਂ (ਅਵਧ ਬਿਹਾਰੀ, ਮਾਸਟਰ ਅਮੀਰ ਚੰਦ ਤੇ ਬਾਲ ਮੁਕੰਦ) ਨੂੰ ਫ਼ਾਂਸੀ ਦਾ ਹੁਕਮ ਹੋਇਆ, ਜੋ ਪਿੱਛੋਂ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ। ਹਨਵੰਤ ਸਹਾਏ ਕੈਦ ਭੁਗਤ ਕੇ ਆਇਆ। ਰਾਸ ਬਿਹਾਰੀ ਬੋਸ ਓਸ ਮੁਕੱਦਮੇ ਵਿੱਚੋਂ ਭਗੌੜਾ ਹੋ ਗਿਆ, ਜੋ ਕਦੇ ਵੀ ਫੜਿਆ ਨਹੀਂ ਗਿਆ। ਐਸ ਵੇਲੇ ਉਹ ਜਾਪਾਨ ਵਿੱਚ ਦੱਸੀਦਾ ਏ। ਦਿੱਲੀ ਦੇ ਬੰਬ ਕੇਸ ਤੋਂ ਪਿੱਛੋਂ ਸਾਡੀ ਗ਼ਦਰ ਲਹਿਰ ਚੱਲੀ, ਜਿਸ ਨੇ ਅੰਗਰੇਜ਼ਾਂ ਵਾਸਤੇ ਬਹੁਤ ਡਰ ਪੈਦਾ ਕੀਤਾ। ਕਿਤੇ ਘਰ ਦਾ ਭੇਤੀ ਨਾ ਮਾਰ ਜਾਂਦਾ ਤਾਂ ਸਤਵੰਜਾ ਨਾਲੋਂ ਵੀ ਵੱਡਾ ਗ਼ਦਰ ਹੋ ਜਾਂਦਾ।"

"ਕਰਪਾਲ ਸੂੰਹ ਸੀ ਨਾਂ ਜੀਹਨੇ ਭੇਤ ਦਿੱਤਾ ਸੀ? ਬੇੜਾ ਗ਼ਰਕ ਹੋਵੇ ਸੁ।" ਸੱਜਣ ਸਿੰਘ ਨੇ ਡਾਢੀ ਘ੍ਰਿਣਾ ਨਾਲ ਦੇਸ ਧ੍ਰੋਹੀ ਦਾ ਨਾਂ ਲਿਆ।

"ਹਾਂ! ਕੀ ਨਾਂ ਲੈਣਾ ਏਂ ਉਸ ਕੁਲ-ਕਲੰਕ ਦਾ।...ਖ਼ੈਰ, ਇਸ ਲਹਿਰ ਤੋਂ ਅੰਗਰੇਜ਼ ਬਹੁਤ ਘਬਰਾ ਗਏ ਸਨ। ਉਹਨਾਂ ਸੋਚਿਆ, ਕੋਈ ਐਹੋ ਜਿਹਾ ਕਾਨੂੰਨ

ਬਣਾਓ, ਜਿਸ ਨਾਲ ਮੁੜ ਕੇ ਕੋਈ ਲਹਿਰ ਏਥੇ ਉੱਠ ਈ ਨਾ ਸਕੇ। ਸੋ ਮਿਸਟਰ ਰੌਲਟ ਦੀ ਰਿਪੋਰਟ ਉੱਤੇ ਰੌਲਟ ਬਿੱਲ ਪਾਸ ਕੀਤਾ ਗਿਆ (ਫਰਵਰੀ 1919)।"

"ਹਾਂ, ਸੁਣਿਆ ਸੀ, ਵਿਆਹ ਕਰੋ, ਤਾਂ ਦਰਖ਼ਾਸ ਦੇ ਕੇ। ਦਸਾਂ ਬੰਦਿਆਂ ਰਲ ਕੇ ਕਿਤੇ ਕਾਣ-ਮੁਕਾਣ ਜਾਣਾ ਹੋਵੇ, ਤਾਂ ਗੌਰਮਿੰਟ ਤੋਂ ਅਜਾਜ਼ਤ ਲੈ ਕੇ, ਤੇ ਹੋਰ ਏਹੋ ਜੇਹੀਆਂ ਕੋਈ ਪਾਬੰਦੀਆਂ।" ਸੱਜਣ ਸਿੰਘ ਨੇ ਯਾਦਦਾਸ਼ਤ ਉੱਤੇ ਜ਼ੋਰ ਦੇ ਕੇ ਚੇਤੇ ਕਰਦਿਆਂ ਕਿਹਾ।

"ਮਖ : ਮੁਸ਼ਕਾਂ ਕੱਸ ਦਿੱਤੀਆਂ ਸਾਨੇ ਕਿ! ਉਸ ਬਿੱਲ ਦੇ ਹੁੰਦਿਆਂ ਕੋਈ ਲਹਿਰ ਚੱਲ ਈ ਨਹੀਂ ਸੀ ਸਕਦੀ। ਜ਼ਰਾ ਕੁ ਸਰਕਾਰ ਦਾ ਵਿਰੋਧ ਕਰਨ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਸੀ ਤੇ ਫਿਰ ਉਸ ਦੀ ਅਪੀਲ ਵੀ ਨਹੀਂ ਸੀ ਹੋ ਸਕਦੀ। ਹੱਥੀਂ ਜਾਂ ਜ਼ਬਾਨੀ ਮੁਖ਼ਾਲਫ਼ਤ ਕਰਨੀ ਤਾਂ ਇਕ ਪਾਸੇ ਰਹੀ, ਜਿਸ ਆਦਮੀ ਬਾਰੇ ਸਰਕਾਰੀ ਅਫ਼ਸਰਾਂ ਨੂੰ ਸ਼ੱਕ ਪੈ ਜਾਏ ਕਿ ਇਹ ਕੋਈ ਵਿਰੋਧ ਕਰੇਗਾ, ਉਹਨੂੰ ਵੀ ਸਜ਼ਾ ਦਿੱਤੀ ਜਾ ਸਕਦੀ ਸੀ।"

"ਜੁਰਮ ਕਰਨ ਤੋਂ ਪਹਿਲਾਂ ਈ ਸਜ਼ਾ।"

"ਹਾਂ। ਫੇਰ ਕਾਂਗਰਸੀ ਸੋਚਣ ਲੱਗੇ ਕਿ ਅਸਾਂ ਸੱਪਾਂ ਨੂੰ ਦੁੱਧ ਪਿਆ ਕੇ, ਗ਼ਲਤੀ ਕੀਤੀ ਏ। ਸਭ ਤੋਂ ਪਹਿਲਾਂ ਮਹਾਤਮਾ ਗਾਂਧੀ ਮੈਦਾਨ ਵਿੱਚ ਆਇਆ। ਉਹਨੇ ਐਲਾਨ ਕੀਤਾ ਕਿ ਅਸੀਂ ਰੌਲਟ ਬਿੱਲ ਦੇ ਵਿਰੁੱਧ ਮੋਰਚਾ ਲਾਵਾਂਗੇ। ਉਹਨੇ ਤੀਹ ਮਾਰਚ (1919 ਈ.) ਦਾ ਦਿਨ ਵੀ ਪੱਕਾ ਕਰ ਦਿੱਤਾ। ਓਸ ਦਿਨ ਸਾਰੇ ਮੁਲਕ ਵਿੱਚ ਹੜਤਾਲ ਕਰਨ, ਜਲਸੇ ਕਰਨ ਤੇ ਜਲੂਸ ਕੱਢਣ ਦਾ ਹੁਕਮ ਹੋਇਆ। ਪਿੱਛੋਂ—ਪਤਾ ਨਹੀਂ ਕਿਸ ਕਰਕੇ—ਮਹਾਤਮਾ ਗਾਂਧੀ ਨੇ ਨਵਾਂ ਐਲਾਨ ਕੱਢਿਆ ਕਿ ਤੀਹ ਮਾਰਚ ਦੀ ਥਾਂ ਛੇ ਅਪ੍ਰੈਲ ਨੂੰ ਜਲੂਸ ਕੱਢੇ ਜਾਣ ਤੇ ਛੇ ਤੋਂ ਤੇਰਾਂ ਤੱਕ ਰੋਸ-ਹਫ਼ਤਾ ਮਨਾਇਆ ਜਾਵੇ। ਦਿੱਲੀ ਵਿੱਚ ਨਵੇਂ ਐਲਾਨ ਦੀ ਵੇਲੇ ਸਿਰ ਖ਼ਬਰ ਨਾ ਪੁੱਜੀ। ਉਥੇ ਲੋਕਾਂ ਨੇ ਤੀਹ ਨੂੰ ਜਲੂਸ ਕੱਢ ਲਿਆ। ਰੌਲਟ ਬਿੱਲ ਦੇ ਵਿਰੁੱਧ ਹਰ ਹਿੰਦੁਸਤਾਨੀ ਦੇ ਦਿਲ ਵਿੱਚ ਗ਼ੁੱਸਾ ਸੀ। ਦਿੱਲੀ ਵਿੱਚ ਮੁਕੰਮਲ ਹੜਤਾਲ ਹੋਈ ਤੇ ਲੱਖਾਂ ਬੰਦੇ ਜਲੂਸ ਵਿੱਚ ਸ਼ਾਮਲ ਹੋਏ। ਅੰਗਰੇਜ਼ੀ ਸਰਕਾਰ ਬੜੀ ਘਬਰਾਈ। ਜਲੂਸ ਦੇ ਰਾਹ ਵਿੱਚ ਰੁਕਾਵਟ ਪਾਉਣ ਵਾਸਤੇ ਥਾਂ-ਥਾਂ ਪੁਲਿਸ ਤੇ ਗੋਰੇ ਸਿਪਾਹੀ ਖੜੇ ਸਨ। ਇਕ ਥਾਂ ਜਲੂਸ ਨੂੰ ਰੋਕ ਕੇ ਗੋਰੇ ਸਿਪਾਹੀਆਂ ਨੇ ਧਮਕੀ ਦਿੱਤੀ, "ਭਾਗ ਜਾਉ, ਵਰਨਾ ਗੋਲੀ ਸੇ ਉੜਾ ਦੀਏ ਜਾਉਗੇ।" ਜਲੂਸ ਦੇ ਆਗੂ ਸਵਾਮੀ ਸ਼ਰਧਾਨੰਦ ਨੇ ਕਮੀਜ਼ ਦੇ ਬੀੜੇ ਖੋਲ੍ਹ ਕੇ, ਸੂਰਮਿਆਂ ਵਾਂਗ ਛਾਤੀ ਤਾਣ ਕੇ ਕਿਹਾ, "ਲਉ ਮਾਰੋ ਗੋਲੀ।" ਇਕ ਦੂੱਜੇ ਦੇ ਮੂੰਹ ਵੱਲੋ ਵੇਖ ਕੇ ਗੋਰੇ ਪਾਸੇ ਹੋ ਗਏ, ਤੇ ਜਲੂਸ ਚੱਲਦਾ ਰਿਹਾ। ਅੰਤ ਰੇਲਵੇ ਸਟੇਸ਼ਨ ਕੋਲ ਪਹੁੰਚ ਕੇ ਗੋਲੀ ਚੱਲ ਹੀ ਗਈ। ਸਰਕਾਰ ਦੇ

ਮੁੱਲ-ਖ਼ਰੀਦੇ ਟੁਕੜ-ਬੋਚਾਂ ਨੇ ਅਫ਼ਸਰਾਂ ਦੀ ਸ਼ਹਿ ਉੱਤੇ ਕੁਛ ਗੜਬੜ ਕਰ ਦਿੱਤੀ। ਇਸ ਤਰ੍ਹਾਂ ਦੰਗੇ ਫ਼ਸਾਦ ਦਾ ਬਹਾਨਾ ਘੜ ਕੇ ਗੋਰਿਆਂ ਨੇ ਗੋਲੀ ਚਲਾ ਦਿੱਤੀ। ਪੰਜ ਬੰਦੇ ਥਾਂ ਮਰ ਗਏ ਤੇ ਫੱਟੜ—ਪਤਾ ਨਹੀਂ—ਕਿੰਨੇ ਕੁ ਹੋਏ।"

"ਹੱਤ ਤੁਹਾਡਾ ਬੇੜਾ ਗ਼ਰਕ, ਬਿੱਲਿਓ।" ਅੰਗਰੇਜ਼ਾਂ ਦੇ ਵਿਰੁੱਧ ਜੋਸ਼ ਨਾਲ ਸੱਜਣ ਸਿੰਘ ਦੀ ਛਾਤੀ ਧਕੜਣ ਲੱਗ ਪਈ।

"ਏਸ ਭਿਆਨਕ ਘਟਨਾ ਦੀ ਖ਼ਬਰ ਨੇ ਸਾਰੇ ਦੇਸ਼ ਵਿੱਚ ਅੱਗ ਲਾ ਦਿੱਤੀ।" ਬਾਬਾ ਅਕਾਲੀ ਆਪਣੇ ਰੌਂ ਵਿੱਚ ਕਹਿੰਦਾ ਜਾ ਰਿਹਾ ਸੀ, "ਛੇ ਅਪ੍ਰੈਲ ਨੂੰ ਸਾਰੇ ਦੇਸ਼ ਵਿੱਚ ਮੁਕੰਮਲ ਹੜਤਾਲ ਹੋਈ। ਕਿਸੇ ਦੁਕਾਨਦਾਰ ਨੇ ਹੱਟੀ ਦਾ ਬੂਹਾ ਤੱਕ ਨਾ ਖੋਲ੍ਹਿਆ। ਹਾਲੀਆਂ ਨੇ ਹਲ ਨਾ ਜੁੱਤੇ। ਮੁੰਡੇ ਸਕੂਲ ਪੜ੍ਹਨ ਨਾ ਗਏ। ਲਾਰੀਆਂ, ਤਾਂਗੇ ਬੰਦ। ਸੁੰਞੇ ਸਟੇਸ਼ਨ ਭਾਂ-ਭਾਂ ਕਰ ਰਹੇ ਸਨ। ਅਸਵਾਰੀ ਹੀ ਕੋਈ ਨਹੀਂ ਸੀ। ਹਾਂ, ਪੁਲਿਸ ਤੇ ਫ਼ੌਜੀ ਹਰਲ-ਹਰਲ ਕਰਦੇ ਫਿਰਦੇ ਸਨ, ਜਿਵੇਂ ਘਰ ਵਿੱਚ ਅੱਗ ਲੱਗ ਗਈ ਹੋਵੇ।"

"ਅੰਗਰੇਜ਼ਾਂ ਦੇ ਭਾਅ ਦੀ ਤਾਂ ਇਕ ਗੱਲੇ ਅੱਗ ਈ ਸੀ ਕਿ!" ਸੱਜਣ ਸਿੰਘ ਨੇ ਅੰਦਰ ਦੀ ਹਵਾੜ੍ਹ ਕਢੀ।

"ਵਧੇਰੇ ਤਾਂ ਅੰਗਰੇਜ਼ ਘਬਰਾਏ ਸਨ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਦੇ ਇਤਫ਼ਾਕ ਤੋਂ। ਅੰਗਰੇਜ਼ਾਂ ਦੀ ਮੁੱਢ ਤੋਂ ਨੀਤੀ ਚਲੀ ਆਉਂਦੀ ਏ 'ਪਾੜੋ ਤੇ ਰਾਜ ਕਰੋ'। ਕਦੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਲੜਾ ਦਿੱਤਾ। ਕਿਤੇ ਕਿਸੇ ਹੋਰ ਢੰਗ ਨਾਲ ਝਗੜਾ ਖੜ੍ਹਾ ਕਰ ਦਿੱਤਾ। ਪਰ ਉਸ ਵੇਲੇ ਹਿੰਦੂ ਮੁਸਲਮਾਨ ਇਕ ਜਾਨ ਹੋਏ ਹੋਏ ਸਨ। ਹਿੰਦੂ, ਸਿੱਖ, ਮੁਸਲਮਾਨਾਂ ਦੇ ਹੱਥਾਂ ਦਾ ਖ਼ੁਸ਼ੀ-ਖ਼ੁਸ਼ੀ ਖਾ-ਪੀ ਰਹੇ ਸਨ। ਮੁਸਲਮਾਨ-ਹਿੰਦੂਆਂ ਨੂੰ ਮਸੀਤਾਂ ਵਿੱਚ ਬੁਲਾ ਕੇ ਲੈਕਚਰ ਕਰਵਾ ਰਹੇ ਸਨ। ਬੱਸ, ਪੁੱਛ ਕੁਛ ਨਾ। ਭਰਾਵਾਂ ਭਰਾਵਾਂ ਵਰਗੇ ਪ੍ਰੇਮ ਦਾ ਓਹੋ ਜੇਹਾ ਸਮਾਂ ਹਿੰਦੂਆਂ ਮੁਸਲਮਾਨਾਂ ਵਿੱਚ ਮੁੜ ਕੇ ਕਦੇ ਨਹੀਂ ਆਇਆ।"

"ਪਾਸੇ ਤੋਂ ਚੁਆਤੀਆਂ ਲੌਣ ਵਾਲਿਆਂ ਈ ਪਾੜ ਛੌਡਿਆ ਏ ਕਿ!"

"ਸੱਚ ਆਹਨਾਂ ਏਂ, ਪੁੱਤ! ਕਿਤੇ ਅਸੀਂ ਇਕ ਮੁੱਠ ਰਹਿੰਦੇ ਤਾਂ!" ਬਾਬੇ ਅਕਾਲੀ ਨੇ ਠੰਢਾ ਸਾਹ ਭਰਿਆ। "ਖ਼ੈਰ, ਸਾਡੇ ਮਲਾਪ ਵਿੱਚ ਉਹ ਦਿਨ ਸੁਨਹਿਰੀ ਸਨ। ਅੰਗਰੇਜ਼ਾਂ ਨੂੰ ਸਭ ਤੋਂ ਵਧੇਰੇ ਡਰ ਪੰਜਾਬ ਦਾ ਸੀ। ਏਸੇ ਵਾਸਤੇ ਪੰਜਾਬ ਦਾ ਗਵਰਨਰ ਇਕ ਜ਼ਾਲਮ ਅੰਗਰੇਜ਼ ਸਰ ਮਾਈਕਲ ਓਡਵਾਇਰ ਨੂੰ ਬਣਾਇਆ ਹੋਇਆ ਸੀ। ਉਧਰੋਂ ਕਾਂਗਰਸ ਨੇ ਆਪਣਾ ਸਲਾਨਾ ਜਲਸਾ ਅੰਮ੍ਰਿਤਸਰ ਰੱਖ ਦਿੱਤਾ। ਓਡਵਾਇਰ ਨੇ ਸਹੁੰ ਖਾ ਲਈ ਕਿ ਮੈਂ ਪੰਜਾਬ ਵਿੱਚ ਕਿਸੇ ਨੂੰ ਕੰਨ ਨਹੀਂ ਹਿਲਾਉਣ ਦੇਣਾ। ਵਿਸਾਖੀ ਤੋਂ ਤਿੰਨ ਦਿਨ ਪਹਿਲਾਂ (ਦਸ ਅਪ੍ਰੈਲ) ਅੰਮ੍ਰਿਤਸਰ ਦੇ ਡੀ.ਸੀ. ਨੇ

ਸਵੇਰੇ-ਸਵੇਰੇ ਡਾ. ਕਿਚਲੂ ਤੇ ਡਾ. ਸਤਪਾਲ ਨੂੰ ਆਪਣੀ ਕੋਠੀ ਬੁਲਾਕੇ ਧੋਖੇ ਨਾਲ ਕੈਦ ਕਰ ਲਿਆ। ਏਸ ਗੱਲੋਂ ਸ਼ਹਿਰ ਦੇ ਲੋਕ ਭੜਕ ਉਠੇ। ਹਜ਼ਾਰਾਂ ਬੰਦੇ ਕੱਠੇ ਹੋ ਕੇ ਜ਼ਿਲ੍ਹਾ ਕਚਹਿਰੀ ਨੂੰ ਤੁਰ ਪਏ। ਜਲੂਸ ਰੇਲ ਦੇ ਪੁਲ ਤੋਂ ਪਾਰ ਹੋਇਆ ਤਾਂ ਅੱਗੋਂ ਫ਼ੌਜ ਨੇ ਆ ਰਾਹ ਰੋਕਿਆ। ਬਿਨਾਂ ਪੁੱਛਿਆ ਦੱਸਿਆਂ ਹੀ ਫ਼ੌਜ ਨੇ ਗੋਲੀ ਚਲਾ ਦਿੱਤੀ। ਪਿੱਛੋਂ ਇਹ ਬਹਾਨਾ ਘੜ ਲਿਆ ਕਿ ਭੀੜ ਨੇ ਪਹਿਲਾਂ ਇੱਟਾਂ ਮਾਰੀਆਂ ਸਨ, ਤਾਂ ਫ਼ੌਜ ਨੂੰ ਗੋਲੀ ਚਲਾਉਣੀ ਪਈ। ਏਹੋ ਜੇਹੇ ਝੂਠੇ ਬਹਾਨੇ ਸਰਕਾਰ ਹਮੇਸ਼ਾਂ ਘੜ ਲਿਆ ਕਰਦੀ ਏ।"

"ਝੂਠੇ ਦਾ ਕਿਸੇ ਮੂੰਹ ਫੜ ਲੈਣਾ ਏ?"

"ਏਥੇ ਦੋ ਬੰਦੇ ਥਾਂ ਮਰ ਗਏ ਤੇ ਪਤਾ ਨਹੀਂ ਸੌ ਕਿ ਦੋ ਸੌ ਫੱਟੜ ਹੋ ਗਏ। ਫੱਟੜਾਂ ਤੇ ਸ਼ਹੀਦਾਂ ਨੂੰ ਚੁੱਕ ਕੇ ਜਲੂਸ ਪਿਛਾਂਹ ਸ਼ਹਿਰ ਵੱਲ ਮੁੜ ਪਿਆ। ਲੋਕ ਡਾਢੇ ਗੁੱਸੇ ਵਿੱਚ ਬੇਕਾਬੂ ਹੋ ਰਹੇ ਸਨ। ਰਾਹ ਵਿੱਚ ਸਰਕਾਰੀ ਬੈਂਕ (ਨੈਸ਼ਨਲ ਬੈਂਕ) ਆ ਗਿਆ। ਬੈਂਕ ਦਾ ਮੈਨੇਜਰ ਅੰਗਰੇਜ਼ ਸੀ। ਉਹ ਬਾਹਰ ਨਿਕਲ ਕੇ ਲੱਗਾ ਲੋਕਾਂ 'ਤੇ ਰੋਹਬ ਪਾਉਣ। 'ਟੁਮ ਕਾਲਾ ਲੋਗ, ਭਾਗ ਜਾਉ, ਨਹੀਂ ਤੋ ਗ੍ਰਿਫ਼ਤਾਰ ਕਰ ਲੀਏ ਜਾਉਗੇ।' ਇਹ ਧਮਕੀ ਸੁਣ ਕੇ ਲੋਕ ਵਧੇਰੇ ਭੜਕ ਉੱਠੇ। ਉਹਨਾਂ ਅੰਗਰੇਜ਼ ਮੈਨੇਜਰ ਨੂੰ ਥਾਂ ਮਾਰ ਦਿੱਤਾ ਤੇ ਬੈਂਕ ਨੂੰ ਅੱਗ ਲਾ ਦਿੱਤੀ।"

"ਹੈਥੇ ਰੱਖ। ਤੂੰ ਤਾਂ ਕਰ ਲੈ ਖਾਂ ਗ੍ਰਿਫ਼ਦਾਰ।" ਇਕ ਅੰਗਰੇਜ਼ ਦੀ ਮੌਤ ਸੁਣ ਕੇ ਸੱਜਣ ਸਿੰਘ ਦੇ ਅੰਦਰ ਪੈਦਾ ਹੋਈ ਬਦਲੇ ਦੀ ਭਾਵਨਾ ਨੂੰ ਕੁਛ ਖ਼ੁਸ਼ੀ ਹਾਸਲ ਹੋਈ।

"ਇਹ ਖ਼ਬਰ ਸੁਣ ਕੇ ਸਰਕਾਰੀ ਅਫ਼ਸਰਾਂ ਨੇ ਸ਼ਹਿਰ ਫ਼ੌਜ ਦੇ ਹਵਾਲੇ ਕਰ ਦਿੱਤਾ। ਸਾਰੇ ਬਜ਼ਾਰ ਤੇ ਚੌਂਕ ਫ਼ੌਜ ਨੇ ਮੱਲ ਲਏ। ਅੰਮ੍ਰਿਤਸਰ ਦੀਆਂ ਖ਼ਬਰਾਂ ਬਾਹਰ ਖਿੱਲਰੀਆਂ ਤੇ ਗੁਜਰਾਂਵਾਲੇ, ਲਾਹੌਰ, ਕਸੂਰ ਆਦਿ ਕਈ ਥਾਵਾਂ 'ਤੇ ਗੜਬੜ ਹੋ ਗਈ। ਕਸੂਰ ਦੀ ਤਾਂ ਤੁਹਾਨੂੰ ਵੀ ਥੋੜ੍ਹੀ ਬਹੁਤੀ ਸੰਭਾਲ ਹੋਵੇਗੀ।" ਬਾਬੇ ਅਕਾਲੀ ਨੇ ਸੱਜਣ ਸਿੰਘ ਵੱਲ ਬੜੇ ਧਿਆਨ ਨਾਲ ਤੱਕਦਿਆਂ ਪੁੱਛਿਆ।

"ਹਾਂ, ਸੁਫ਼ਨੇ ਵਾਂਗ ਯਾਦ ਏ। ਮੁੰਡ-ਪੁਣੇ ਦੀਆਂ ਗੱਲਾਂ ਭੁੱਲਦੀਆਂ ਜਾ ਰਹੀਆਂ ਨੇ।" ਸੱਜਣ ਸਿੰਘ ਨੇ—ਜਿਵੇਂ ਆਪਣੀ ਭੁੱਲ ਮਹਿਸੂਸ ਕਰਦਿਆਂ—ਸਿਰ ਝੁਕਾਅ ਕੇ ਕਿਹਾ।

"ਤੁਹਾਨੂੰ ਭੁੱਲ ਗਈਆਂ ਹੋਣਗੀਆਂ, ਪਰ ਮੇਰੇ ਤਾਂ—ਬੱਚੂ !—ਸੀਨੇ 'ਤੇ ਲਿਖੀਆਂ ਪਈਆਂ ਨੇ। ਤੁਸੀਂ ਵਿਹਲੇ ਵੇਲੇ ਤਾਸ਼ ਖੇਡ ਕੇ ਜੀ-ਪਰਚਾ ਲੈਂਦੇ ਓ ਤੇ ਮੈਂ ਏਹੋ ਜਿਹੀਆਂ ਕਿਤਾਬਾਂ ਪੜ੍ਹਦਾ ਰਹਿੰਦਾ, ਜਿਨ੍ਹਾਂ ਵਿੱਚ ਸਾਡੇ ਕੌਮੀ ਸ਼ਹੀਦਾਂ ਦੀਆਂ ਕਹਾਣੀਆਂ ਦਰਜ ਨੇ। ਓਦਣ ਗਹਿਣਾ ਕਹਿੰਦਾ ਸੀ, 'ਬਾਬਾ! ਤੈਨੂੰ ਇਹ ਸਭ ਕੁਛ ਕਿਵੇਂ ਯਾਦ ਏ?' ਮੈਂ ਕੀ ਦੱਸਾਂ? ਮੈਨੂੰ ਭੁੱਲ ਈ ਕਿਵੇਂ ਸਕਦਾ ਏ? ਇਹ ਗੱਲਾਂ ਮੇਰੇ

ਲਹੂ ਵਿੱਚ ਰਚ ਚੁੱਕੀਆਂ ਨੇ। ਕਿਤੇ ਵੀ ਕੋਈ ਏਹੋ ਜੇਹੀ ਘਟਨਾ ਵਾਪਰੀ ਪੜ੍ਹਦਾ ਸੁਣਦਾ ਹਾਂ ਤਾਂ ਮੈਂ ਆਪਣੀ ਡੈਰੀ ਵਿੱਚ ਲਿਖ ਲੈਂਦਾ। ਪਤਾ ਏ ਨਾ ਤੈਨੂੰ, ਜ਼ਖ਼ਮ 'ਤੇ ਖ਼ਰੀਂਢ ਆਉਣ ਲੱਗੇ, ਤਾਂ ਕਿੰਨੀ ਜਲੂਣ ਜੇਹੀ ਹੁੰਦੀ ਏ। ਤੰਗ ਪਿਆ ਆਦਮੀ ਖ਼ਰੀਂਢ ਛਿੱਲ ਘੱਤਦਾ ਏ। ਏਹਾ ਹਾਲਤ ਮੇਰੀ ਏ। ਜ਼ਰਾ ਕੁ ਕੋਈ ਯਾਦ ਧੁੰਦਲੀ ਪੈਣ ਲੱਗਦੀ ਏ, ਤਾਂ ਮੈਂ ਖ਼ਰੀਂਢ ਛਿੱਲ ਲੈਂਦਾਂ, ਆਪਣੀ ਡੈਰੀ ਕੱਢ ਕੇ ਪੜ੍ਹਨ ਲੱਗ ਪੈਂਦਾਂ। ਉਸ ਦਿਨ ਫਿਰ ਮੈਨੂੰ ਸਾਰੀ-ਸਾਰੀ ਰਾਤ ਨੀਂਦ ਨਹੀਂ ਆਉਂਦੀ। ਤੈਨੂੰ ਸ਼ਾਇਦ ਇਤਬਾਰ ਨਾ ਆਵੇ, ਕੋਈ ਵਾਰ ਮੈਨੂੰ ਅੱਠ-ਅੱਠ ਦਿਨ ਨੀਂਦ ਨਹੀਂ ਆਉਂਦੀ। ਜੇਲ੍ਹ ਵਿੱਚ ਜਦੋਂ ਮਾਰਸ਼ਲ-ਲਾਅ ਦੀਆਂ ਖ਼ਬਰਾਂ ਸੁਣੀਆਂ ਸਨ, ਅਸਾਂ ਤਿੰਨ ਦਿਨ ਰੋਟੀ ਨਹੀਂ ਸੀ ਖਾਧੀ। ਕਈ ਰਾਤਾਂ ਮੈਂ ਜਾਗਦਿਆਂ ਗੁਜ਼ਾਰ ਦਿੱਤੀਆਂ ਸਨ। ਤੇ ਜਦੋਂ ਹੀਰੇ ਨੇ ਜਾ ਕੇ ਇਹ ਸਭ ਕੁਛ ਜ਼ਬਾਨੀ ਦੱਸਿਆ, ਮੇਰਾ ਅੰਦਰ ਬਲ ਉਠਿਆ ਸੀ। ਕਸੂਰ ਦੀ ਗੜਬੜ ਵਿਸਾਖੀ ਤੋਂ ਇਕ ਦਿਨ ਪਹਿਲਾਂ ਹੋਈ ਸੀ। ਭੜਕੀ ਹੋਈ ਭੀੜ ਨੇ ਡਾਕਖ਼ਾਨਾ ਤੇ ਰੇਲ ਦਾ ਸਟੇਸ਼ਨ ਸਾੜ ਦਿੱਤੇ। ਹੋਰ ਵੀ ਕੇਈ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪੁੱਜਾ। ਦਿੱਲੀ, ਲਾਹੌਰ ਤਾਰਾਂ ਖੜਕ ਗਈਆਂ। ਕੈਪਟਨ ਡੋਵਟਨ ਦੇਸੀ ਤੇ ਗੋਰੀ ਫ਼ੌਜ ਲੈ ਕੇ ਆ ਗਿਆ। ਉਹਨੇ ਆਉਂਦਿਆਂ ਸ਼ਹਿਰ ਨੂੰ ਘੇਰ ਲਿਆ। ਜਿਹੜਾ ਬੰਦਾ ਵੀ ਕਿਤੇ ਘਰੋਂ ਬਾਹਰ ਸੜਕ ਬਜ਼ਾਰ ਵਿੱਚ ਨਜ਼ਰੀਂ ਪੈ ਗਿਆ, ਫੜ ਲਿਆ। ਕਸੂਰ ਰੇਲ ਦੇ ਸਟੇਸ਼ਨ ਦੇ ਸਾਹਮਣੇ ਖੁੱਲ੍ਹੀ ਥਾਂ ਪਈ ਏ ਨਾ! ਏਥੇ ਕੰਡਿਆਂ ਵਾਲੀ ਤਾਰ ਦਾ ਜੰਗਲਾ ਵੱਲ ਦਿੱਤਾ। ਜਿਹੜਾ ਪੰਛੀ ਕਾਬੂ ਆ ਗਿਆ, ਝੱਟ ਪਿੰਜਰੇ ਵਿੱਚ ਬੰਦ। ਨਾਲ ਹੀ ਓਥੇ ਤਿੰਨ ਫਾਂਸੀਆਂ ਗੱਡ ਦਿੱਤੀਆਂ ਗਈਆਂ। ਕੁਛ ਆਦਮੀ ਫੜ ਕੇ ਬਿਨਾਂ ਪੁੱਛ ਪੜਤਾਲ ਕੀਤੇ ਫਾਂਸੀ 'ਤੇ ਲਟਕਾ ਦਿੱਤੇ। ਉਹਨਾਂ ਦੀਆਂ ਲੋਥਾਂ ਓਨਾ ਚਿਰ ਫਾਂਸੀ ਦੇ ਰੱਸਿਆਂ ਨਾਲ ਲਟਕਦੀਆਂ ਰਹੀਆਂ, ਜਿੰਨਾ ਚਿਰ ਪਹਿਲੀਆਂ ਦੀ ਥਾਂ ਨਵੇਂ ਬੰਦੇ ਨਾ ਲਟਕਾ ਦਿੱਤੇ ਗਏ। ਫਾਂਸੀ ਚੜ੍ਹਨ ਵਾਲਿਆਂ ਦੇ ਵਾਰਸ ਸਾਹਮਣੇ ਖਲੋ ਰੋਂਦੇ ਸਨ ਤੇ ਗੋਰੇ ਸਿਪਾਹੀ ਵੇਖ-ਵੇਖ ਖਿੱਲੀ ਮਾਰਦੇ ਸਨ।"

ਸੁਣ ਕੇ ਸੱਜਣ ਸਿੰਘ ਦੀਆਂ ਅੱਖਾਂ ਵਿੱਚ ਵੀ ਪਾਣੀ ਭਰ ਆਇਆ।

"ਏਹਾ ਹਾਲ ਗੁਜਰਾਂਵਾਲੇ, ਲਾਹੌਰ ਤੇ ਸ਼ੇਖ਼ੂਪੁਰੇ ਵਿੱਚ ਹੋਇਆ। ਕਿਹੜੀ-ਕਿਹੜੀ ਥਾਂ ਦਾ ਜ਼ਿਕਰ ਕਰਾਂ? ਫੋੜੇ ਵਾਂਗ ਦਿਲ ਭਰਿਆ ਪਿਆ ਏ।" ਕਹਿੰਦਿਆਂ-ਕਹਿੰਦਿਆਂ ਬਾਬੇ ਅਕਾਲੀ ਦਾ ਦਿਲ ਭਰ ਆਇਆ ਤੇ ਉਹ ਕੁਛ ਚਿਰ ਸਾਹ ਲੈਣ ਵਾਸਤੇ ਜਾਂ ਆਪਣੇ ਜਜ਼ਬਾਤ ਉੱਤੇ ਕਾਬੂ ਪਾਉਣ ਵਾਸਤੇ ਚੁੱਪ ਕਰ ਗਿਆ। "ਸਭ ਤੋਂ ਵੱਡਾ ਸਾਕਾ ਜਲ੍ਹਿਆਂ ਵਾਲੇ ਬਾਗ ਦਾ ਹੋਇਆ। ਉਸ ਦਿਨ ਵਸਾਖੀ ਦਾ ਪੁਰਬ ਸੀ। ਅੰਮ੍ਰਿਤਸਰ ਵਸਾਖੀ ਉੱਤੇ ਲੱਖ, ਡੂਢ ਲੱਖ ਬੰਦਾ ਸਹਿਜੇ ਹੀ ਕੱਠਾ ਹੋ ਜਾਂਦਾ ਏ। ਸਾਡੇ ਲੀਡਰਾਂ ਨੇ ਉਸ ਮੌਕਿਆਂ ਉੱਤੇ ਜਲ੍ਹਿਆਂ ਵਾਲੇ ਬਾਗ ਵਿੱਚ ਇਕ ਵੱਡਾ

ਜਲਸਾ ਕਰਨ ਦਾ ਐਲਾਨ ਕੀਤਾ। ਜਲਸਾ, ਹੋਈਆਂ ਘਟਨਾਵਾਂ ਦੇ ਰੋਸ ਵਜੋਂ ਸੀ। ਵੀਹ ਹਜ਼ਾਰ ਤੋਂ ਵੱਧ ਲੋਕ ਬਾਗ਼ ਵਿੱਚ ਕੱਠੇ ਹੋ ਗਏ। ਉਸ ਥਾਂ ਦਾ ਨਾਂ ਹੀ ਜਲ੍ਹਿਆਂ ਵਾਲਾ ਬਾਗ਼ ਏ, ਵੈਸੇ ਓਥੇ ਹੈ ਕੋਈ ਨਹੀਂ। ਸ਼ਹਿਰ ਦੇ ਮਕਾਨਾਂ ਵਿੱਚ ਘਿਰਿਆ ਹੋਇਆ ਇਕ ਖੁੱਲ੍ਹਾ ਥਾਂ ਪਿਆ ਏ, ਜਿਸ ਦਾ ਬਜ਼ਾਰ ਵੱਲ ਇਕ ਤੰਗ ਜਿਹਾ ਬੂਹਾ ਹੈ। ਹਿੰਦੂ, ਸਿੱਖ, ਮੁਸਲਮਾਨ, ਈਸਾਈ, ਇਸਤਰੀਆਂ, ਮਰਦ, ਬੁੱਢੇ ਤੇ ਬੱਚੇ, ਸਭ ਮਿਲ ਕੇ ਆਪਣੇ ਆਗੂਆਂ ਦੀਆਂ ਤਕਰੀਰਾਂ ਸੁਣਨ ਵਾਸਤੇ ਸ਼ਾਂਤ ਬੈਠੇ ਸਨ। ਪਤਾ ਤਦ ਲੱਗਾ, ਜਾਂ ਜਨਰਲ ਡਾਇਰ ਬੂਹੇ ਵਿੱਚ ਅੰਦਰ ਵਾਰ ਆ ਖਲਾ। ਉਹਦੇ ਨਾਲ ਸੌ ਹਿੰਦੁਸਤਾਨੀ ਤੇ ਪੰਜਾਹ ਗੋਰੇ ਸਨ। ਅੱਗੇ ਹਿੰਦੁਸਤਾਨੀ ਸਿਪਾਹੀ ਬੰਦੂਕਾਂ ਤਾਣ ਕੇ ਖਲੋ ਗਏ ਤੇ ਉਹਨਾਂ ਦੇ ਮਗਰ ਗੋਰੇ ਫ਼ੌਜੀ। ਆਉਂਦਿਆਂ ਹੀ ਡਾਇਰ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਹਿੰਦੀ ਸਪਾਹੀਆਂ ਤੋਂ ਚਲਵਾਈ ਗਈ।"

"ਉਹਨਾਂ ਹਿੰਦੁਸਤਾਨੀਆਂ ਨੂੰ ਵੀ ਆਪਣੇ ਭਰਾਵਾਂ 'ਤੇ ਤਰਸ ਨਾ ਆਇਆ?"

"ਉਹਨਾਂ ਦਾ ਵੱਸ ਚੱਲਦਾ ਤਾਂ—ਪੁੱਤ!—ਉਹ ਆਪਣੇ ਭਰਾਵਾਂ 'ਤੇ ਗੋਲੀ ਚਲੌਂਦੇ? ਉਹ ਕਾਨੂੰਨ ਦੇ ਸ਼ਿਕੰਜੇ ਵਿੱਚ ਜਕੜੇ ਹੋਏ ਸਨ। ਫਿਰ ਉਹਨਾਂ ਦੇ ਪਿੱਛੇ ਪੰਜਾਹ ਗੋਰੇ ਫ਼ੌਜੀ ਬੰਦੂਕਾਂ ਤਾਣੀ ਖਲੇ ਸਨ। ਹਿੰਦੁਸਤਾਨੀ ਜ਼ਰਾ ਕੁ ਨਾਂਹ-ਨੁੱਕਰ ਕਰਦੇ ਤਾਂ ਗੋਰੇ ਉਹਨਾਂ ਉੱਤੇ ਗੋਲੀ ਚਲਾ ਦਿੰਦੇ। ਨਾਲੇ ਸਿਰ 'ਤੇ ਖਲੋਤਾ ਡਾਇਰ ਚੰਘਾੜ ਰਿਹਾ ਸੀ, 'ਜ਼ੋਰ ਸੇ ਗੋਲੀ ਚਲਾਓ, ਖ਼ੂਬ ਨਿਸ਼ਾਨੇ ਪਰ ਮਾਰੋ, ਕੋਈ ਬਚ ਕਰ ਨਾ ਜਾਏ।' ਬੱਸ, ਗੋਲੀਆਂ ਦਾ ਮੀਂਹ ਵਰ੍ਹ ਗਿਆ ਤੇ ਲੋਥਾਂ ਦੇ ਢੇਰ ਲੱਗ ਗਏ। ਸਾਰੀ ਧਰਤੀ ਲਹੂ ਨਾਲ ਰੰਗੀ ਗਈ। ਹਾਲ ਦੁਹਾਈ ਤੇ ਹਾਇ-ਪਾਹਰਿਆ ਮੱਚ ਗਈ। ਇਕ ਗੋਲੀ ਖਾ ਕੇ ਕੋਈ ਜੀ-ਭਿਆਣਾ ਜਾਨ ਬਚਾਉਣ ਵਾਸਤੇ ਨੱਸਦਾ, ਤਾਂ ਦੂਜੀ ਖਾ ਕੇ ਓਥੇ ਹੀ ਠੰਢਾ ਹੋ ਜਾਂਦਾ। ਬੱਚੇ ਵਿਲਕ ਰਹੇ ਸਨ, ਇਸਤਰੀਆਂ ਚੀਕਦੀਆਂ ਸਨ ਤੇ ਡਾਇਰ ਲਲਕਾਰੇ ਮਾਰਦਾ ਗੋਲੀ ਚਲਵਾ ਰਿਹਾ ਸੀ।"

"ਬਾਬਾ 'ਕਾਲੀਆ!" ਸੱਜਣ ਸਿੰਘ ਦਾ ਗਲਾ ਭਰ ਆਇਆ ਤੇ ਉਹਨੇ ਪਾਸੇ ਮੂੰਹ ਕਰਕੇ ਅੱਖਾਂ ਪੂੰਝ ਲਈਆਂ।

"ਪੁੱਤ ਸੱਜਣ ਸਿਹਾਂ! ਇਕ ਤੂੰ ਹੀ ਨਹੀਂ, ਇਹ ਹਾਲ ਸੁਣ ਕੇ ਸਾਰਾ ਦੇਸ਼ ਰੋ ਉਠਿਆ ਸੀ। ਗੱਲ ਵੀ ਰੋਣ ਵਾਲੀ ਹੀ ਸੀ। ਜ਼ੁਲਮ ਦੀ ਅਖ਼ੀਰ ਹੋ ਗਈ ਸੀ। ਵਿਹੰਦਿਆਂ-ਵਿਹੰਦਿਆਂ ਹਜ਼ਾਰਾਂ ਆਦਮੀ ਭੁੰਨ ਦਿੱਤੇ ਗਏ ਸਨ। ਦੁੱਧ ਚੁੰਘਦੇ ਬੱਚੇ ਮਾਂਵਾਂ ਦੀਆਂ ਗੋਦੀਆਂ ਵਿੱਚ ਹੀ ਸੌਂ ਗਏ ਸਨ। ਇਕ ਆਖ਼ਰੀ ਚੀਕ ਤੋਂ ਪਿੱਛੋਂ ਮਾਵਾਂ ਨੂੰ ਉਹਨਾਂ ਦੀ ਠੰਢੀ ਆਹ ਵੀ ਸੁਣਨੀ ਨਸੀਬ ਨਹੀਂ ਸੀ ਹੋਈ। ਫਿਰ ਸਾਰੀ ਰਾਤ ਡਾਇਰ ਸਣੇ ਫ਼ੌਜ ਓਥੇ ਆਕੜਿਆ ਰਿਹਾ। ਫੱਟੜਾਂ ਦੀਆਂ 'ਹਾਇ ਪਾਣੀ' ਦੀਆਂ ਕੂਕਾਂ ਸੁਣ ਕੇ ਧਰਤੀ ਤੇ ਅੰਬਰ ਰੋ ਰਹੇ ਸਨ, ਪਰ ਗੋਰੀ ਚਮੜੀ ਤੇ ਕਾਲੇ ਦਿਲ ਵਾਲੇ

ਅੰਗਰੇਜ਼ ਜਨਰਲ ਡਾਇਰ ਨੂੰ ਤਰਸ ਨਾ ਆਇਆ। ਨਾ ਫੱਟੜਾਂ ਵਾਸਤੇ ਕੋਈ ਡਾਕਟਰੀ ਮਦਦ ਹੀ ਪਹੁੰਚਣ ਦਿੱਤੀ ਗਈ, ਨਾ ਕਿਸੇ ਕਿਸਮ ਦੀ ਹੋਰ ਸਹਾਇਤਾ ਹੀ। ਕਈ ਫੱਟੜ ਪਾਣੀ ਖੁਣੋਂ ਹੀ ਤੜਫ-ਤੜਫ ਕੇ ਮਰ ਗਏ।"

"ਇਸ ਪਾਪ ਦਾ ਬਦਲਾ ਅੰਗਰੇਜ਼ਾਂ ਨੂੰ ਨਹੀਂ ਦੇਣਾ ਪਵੇਗਾ? ਸਾਡਾ ਵੱਸ ਚੱਲੇ ਤਾਂ....।" ਸੱਜਣ ਸਿੰਘ ਦਾ ਖ਼ੂਨ ਉਬਲ ਰਿਹਾ ਸੀ।

"ਹਰ ਪਾਪ ਦਾ ਬਦਲਾ ਇਨਸਾਨ ਨੂੰ ਚੁਕੌਣਾ ਪੈਂਦਾ ਏ। ਜਲ੍ਹਿਆਂ ਵਾਲੇ ਬਾਗ਼ ਦੀ ਹੱਤਿਆ ਸਦਕਾ ਅੰਗਰੇਜ਼ਾਂ ਨੂੰ ਛੇਤੀ ਹੀ ਏਥੋਂ ਬੇਇੱਜ਼ਤ ਹੋ ਕੇ ਜਾਣਾ ਪਵੇਗਾ। ਇਸ ਤੋਂ ਵੱਡਾ ਔਤਿਆਚਾਰ ਵੀ ਕੋਈ ਹੋ ਸਕਦਾ ਏ? ਉਹ ਨਿਹੱਥੇ ਲੋਕ ਸ਼ਾਂਤੀ ਨਾਲ ਬੈਠੇ ਆਪਣੇ ਲੀਡਰਾਂ ਦੀਆਂ ਤਕਰੀਰਾਂ ਸੁਣ ਰਹੇ ਸਨ। ਕਿਸੇ ਦਾ ਕੁਛ ਗੁਆ ਨਹੀਂ ਸਨ ਰਹੇ, ਕਿਸੇ ਦੇ ਵਿਰੁੱਧ ਹਥਿਆਰ ਫੜ ਕੇ ਧਾਵਾ ਬੋਲਣ ਦੀ ਸਲਾਹ ਨਹੀਂ ਸਨ ਕਰ ਰਹੇ। ਬਿਨਾਂ ਕਾਰਣ ਉਹਨਾਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ। ਸਰਕਾਰੀ ਬਿਆਨ ਏਂ ਕਿ ਚਾਰ ਸੌ ਮਰੇ ਤੇ ਦੋ ਹਜ਼ਾਰ ਫੱਟੜ ਹੋਏ। ਪਰ ਲੋਕਾਂ ਦਾ ਖ਼ਿਆਲ ਏ ਕਿ ਮਰਨ ਵਾਲਿਆਂ ਦੀ ਗਿਣਤੀ ਦੋ ਹਜ਼ਾਰ ਦੇ ਲਗਭਗ ਸੀ। ਫੱਟੜ ਹੋਣ ਵਾਲਿਆਂ ਦਾ ਕੋਈ ਹਿਸਾਬ ਨਹੀਂ।"

"ਉਸ ਵੇਲੇ ਹਸਾਬ ਲੌਂਦਾ ਵੀ ਕੌਣ ?"

"ਏਥੇ ਹੀ ਬੱਸ ਨਹੀਂ, ਲਾਹੌਰ, ਗੁਜਰਾਂਵਾਲੇ, ਸ਼ੇਖ਼ੂਪੁਰੇ, ਕੋਈ ਥਾਵਾਂ 'ਤੇ ਲਹੂ ਦੀ ਹੋਲੀ ਖੇਡੀ ਗਈ। ਮਾਰਸ਼ਲ-ਲਾਅ ਲਾ ਕੇ ਅੰਗਰੇਜ਼ ਹਾਕਮਾਂ ਨੇ ਮੌਤ ਦਾ ਨੰਗਾ ਨਾਚ ਨੱਚਿਆ। ਸਿਰਫ਼ ਪੈਦਲਾਂ ਤੇ ਘੋੜ-ਸਵਾਰਾਂ ਨੇ ਹੀ ਗੋਲੀਆਂ ਨਹੀਂ ਚਲਾਈਆਂ, ਹਵਾਈ ਜਹਾਜ਼ਾਂ ਤੋਂ ਬੰਬ ਸੁੱਟੇ ਗਏ ਤੇ ਮਸ਼ੀਨ ਗੰਨ ਨਾਲ ਗੋਲੀਆਂ ਦੇ ਮੀਂਹ ਵਰ੍ਹਾਏ ਗਏ। ਖੇਤਾਂ ਵਿੱਚ ਕੰਮ ਕਰਦਿਆਂ ਕਾਮਿਆਂ ਉੱਤੇ ਹਵਾਈ ਜਹਾਜ਼ਾਂ ਨੇ ਫ਼ਾਇਰ ਕੀਤੇ। ਪਿੰਡਾਂ ਵਿੱਚ ਘਰਾਂ ਅੰਦਰ ਫਿਰਦਿਆਂ ਨੂੰ ਮਸ਼ੀਨ ਗੰਨਾਂ ਨਾਲ ਭੁੰਨਿਆ ਗਿਆ। ਏਨਾ ਕੁਛ ਕਰਨ ਪਿੱਛੋਂ ਵੱਡੇ-ਵੱਡੇ ਸ਼ਹਿਰਾਂ ਵਿੱਚ ਕਈ ਦਿਨ ਹਿੰਦੀਆਂ ਦੀ ਪਤ ਰੋਲੀ ਗਈ। ਸ਼ੁਭੇ ਵਿੱਚ ਹੀ ਲੋਕਾਂ ਨੂੰ ਫੜ ਕੇ ਆਮ ਜਨਤਾ ਦੇ ਸਾਹਮਣੇ ਅਲਫ਼ ਨੰਗਿਆਂ ਕਰਕੇ ਬੈਂਤ ਮਾਰੇ ਗਏ। ਫਿਰ ਬੇਗੁਨਾਹਾਂ ਨੂੰ ਫੜ ਕੇ ਸੜਕਾਂ ਉੱਤੇ ਢਿੱਡ ਪਰਨੇ ਲੰਮਿਆਂ ਪਾ ਕੇ ਰਿੜ੍ਹਨ ਵਾਸਤੇ ਮਜਬੂਰ ਕੀਤਾ ਗਿਆ।"

"ਬਾਬਾ! ਸਾਡੇ ਜਿਊਣ ਦਾ ਕੋਈ ਹੱਜ ਏ ਫਿਰ ?"

"ਪੁੱਤ! ਗ਼ੁਲਾਮ ਦੇ ਜਿਊਣ ਦਾ ਕਿਤੇ ਵੀ ਕੋਈ ਹੱਜ ਨਹੀਂ। ਤੇ ਲਹੂ ਦੀ ਕੁਰਬਾਨੀ ਦਿੱਤਿਆਂ ਬਿਨਾਂ ਕਦੇ ਵੀ ਕੋਈ ਕੌਮ ਅਜ਼ਾਦ ਨਹੀਂ ਹੋਈ। ਸਾਨੂੰ ਅਜੇ ਬਹੁਤ ਕੁਛ ਕਰਨਾ ਤੇ ਸਹਿਣਾ ਪਵੇਗਾ। ਏਨਾ ਕੁਛ ਕਰਨ ਪਿੱਛੋਂ ਸਰਕਾਰ ਨੇ ਬਹੁਤ ਸਾਰੇ ਬੰਦਿਆਂ ਉੱਤੇ ਮੁਕੱਦਮੇ ਚਲਾਏ। ਕਈ ਫਾਂਸੀ ਲਾਏ ਗਏ, ਕਈਆਂ ਨੂੰ ਉਮਰ

ਕੈਦ, ਕਾਲੇ ਪਾਣੀ ਦੀ ਸਜ਼ਾ ਬੋਲੀ, ਕੁਛ ਦਸ-ਦਸ, ਸੱਤ-ਸੱਤ, ਪੰਜ-ਪੰਜ ਸਾਲ ਕੈਦ ਹੋਏ। ਸਭ ਦਾ ਜੁਰਮ ਇਕੋ ਸੀ ਕਿ ਉਹ ਗ਼ੁਲਾਮ ਕੌਮ ਦੇ ਬੰਦੇ ਸਨ, ਪਰ ਆਪਣੀ ਅਜ਼ਾਦੀ ਦੇ ਚਾਹਵਾਨ ਸਨ।"

"ਪੰਜਾਬ ਵਿੱਚ ਏਨਾ ਕੁਛ ਹੋ ਗਿਆ, ਪਰ ਗਾਂਧੀ ਨਾ ਬਹੁੜਿਆ?" ਸੱਜਣ ਸਿੰਘ ਨੂੰ ਉਸ ਵੇਲੇ ਮਹਾਤਮਾ ਗਾਂਧੀ ਉੱਤੇ ਵੀ ਗ਼ੁੱਸਾ ਆ ਰਿਹਾ ਸੀ।

"ਮਹਾਤਮਾ ਗਾਂਧੀ ਸੁਣ ਕੇ ਰਹਿ ਸਕਦਾ ਸੀ? ਪਰ ਉਹਨੂੰ ਸਰਕਾਰ ਨੇ ਪੰਜਾਬ ਵਿੱਚ ਅਪੜਨ ਹੀ ਨਾ ਦਿੱਤਾ। ਦਿੱਲੀਓਂ ਪਿਛਾਂਹ ਹੀ ਉਹਨੂੰ ਫੜ ਕੇ ਵਾਪਸ ਬੰਬਈ ਲੈ ਗਏ। ਉਹਦੇ ਮਨ ਉੱਤੇ ਇਹਨਾਂ ਅੱਤਿਆਚਾਰਾਂ ਦਾ ਬੜਾ ਅਸਰ ਹੋਇਆ। ਉਹਨੇ ਉਸ ਵੇਲੇ ਸੱਤਿਆਗ੍ਰਹਿ ਕਰਨ ਦਾ ਇਰਾਦਾ ਛੱਡ ਦਿੱਤਾ।"

"ਫਿਰ ਇਹ ਐਨੀ ਕੁਰਬਾਨੀ ਐਵੇਂ ਗਈ ?"

"ਕੁਰਬਾਨੀ ਕਦੇ ਨਿਸਫਲ ਨਹੀਂ ਜਾਂਦੀ। ਇਸ ਦਾ ਇਕ ਤਾਂ ਇਹ ਸਿੱਟਾ ਨਿਕਲਿਆ ਕਿ ਰੌਲਟ ਬਿੱਲ ਲਾਗੂ ਨਹੀਂ ਕੀਤਾ ਜਾ ਸਕਿਆ। ਸਰਕਾਰ ਦੀ ਹਿੰਮਤ ਹੀ ਨਹੀਂ ਪਈ ਤੇ ਦੂਜਾ ਅਸਰ ਕਿ ਸਾਰਾ ਭਾਰਤ ਪੂਰੀ ਤਰ੍ਹਾਂ ਜਾਗ ਉਠਿਆ। ਪਿੱਛੋਂ ਚੱਲਣ ਵਾਲੀਆਂ ਲਹਿਰਾਂ ਵਿੱਚ ਜਿੰਨਾ ਜੋਸ਼ ਤੇ ਬਲ ਸੀ, ਸਭ ਏਸੇ ਕੁਰਬਾਨੀ ਦਾ ਸਦਕਾ। ਨਾ-ਮਿਲਵਰਤਣ ਲਹਿਰ ਚੱਲੀ, ਵਿਦੇਸ਼ੀ ਮਾਲ ਦਾ ਬਾਈਕਾਟ ਕੀਤਾ ਗਿਆ, ਦੁਕਾਨਾਂ ਉੱਤੇ ਪਿਕਟਿੰਗ ਹੋਈ ਤੇ ਵਲੈਤੀ ਕੱਪੜੇ ਦੀ ਹੋਲੀ ਬਾਲੀ ਗਈ। ਕਈ ਲੋਕ ਆਹੰਦੇ ਨੇ, ਗਾਂਧੀ ਦੇ ਖੱਦਰ ਦੇ ਪ੍ਰਚਾਰ ਨੇ ਦੇਸ਼ ਦਾ ਕੀ ਸਵਾਰਿਆ ? ਖੱਦਰ ਦੇ ਪ੍ਰਚਾਰ ਤੇ ਵਲੈਤੀ ਮਾਲ ਦੇ ਬਾਈਕਾਟ ਕਰਕੇ ਇੰਗਲੈਂਡ ਦੇ ਕਈ ਕਾਰਖ਼ਾਨੇ ਬੰਦ ਹੋ ਗਏ। ਸੱਚੀਂ ਪੁੱਛਦਾ ਏਂ, ਤਾਂ ਵਲੈਤ ਵਿੱਚ ਪਿੱਟਣੇ ਪੈ ਗਏ ਸਨ। ਨਾ-ਮਿਲਵਰਤਣ ਲਹਿਰ ਦੇ ਨਾਲ-ਨਾਲ ਪੰਜਾਬ ਵਿੱਚ ਗੁਰਦੁਆਰਾ ਲਹਿਰ ਬੜੀ ਜ਼ੋਰਾਂ ਦੀ ਚੱਲੀ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੇ ਕੁਰਬਾਨੀ ਵਾਲੀ ਅਖ਼ੀਰ ਕਰ ਦਿੱਤੀ। ਉਸ ਨਾਲ ਤਾਂ ਅੰਗਰੇਜ਼ੀ ਸਰਕਾਰ ਦਾ ਭੈਅ ਹੀ ਚੁੱਕਿਆ ਗਿਆ। ਫੇਰ ਕਿਸੇ ਦਿਨ ਤੈਨੂੰ ਇਹ ਸਾਰੀ ਕਥਾ ਸੁਣਾਵਾਂਗਾ।"

"ਬਾਬਾ 'ਕਾਲੀਆ! ਅੱਜ ਤਾਂ ਅੰਦਰ ਅੱਗ ਬਾਲ ਦਿੱਤੀ ਉ। ਮੇਰੇ ਸਾਰੇ ਸਰੀਰ ਵਿੱਚ ਐਸ ਵੇਲੇ ਚਿੜੰਗਾਂ ਛੁੱਟ ਰਹੀਆਂ ਨੇ।" ਸੱਜਣ ਸਿੰਘ ਨੇ ਸਾਰਾ ਸਰੀਰ ਝੂਣਦਿਆਂ ਕਿਹਾ।

"ਪੁੱਤ! ਜਿਸ ਦਿਨ ਤੇਰੇ ਵਾਂਗ ਪੰਜਵਾਂ ਹਿੱਸਾ ਹਿੰਦੀਆਂ ਦਾ ਵੀ ਲਹੂ ਗਰਮ ਹੋ ਗਿਆ, ਅੰਗਰੇਜ਼ ਆਪਣੇ ਆਪ ਕੰਨ ਵਲ੍ਹੇਟ ਕੇ ਤੁਰ ਜਾਣਗੇ।"

"ਕਿਸੇ ਦਾ ਪਤਾ ਨਹੀਂ, ਸਾਨੂੰ ਤਾਂ—ਕੋਈ ਵੀ ਮੋਰਚਾ ਲੱਗੇ—ਬੇਸ਼ੱਕ ਵਾਜ ਮਾਰ ਲਈਂ। ਆਪਾਂ ਨਹੀਂ ਹੁਣ ਪਿਛਾਂਹ ਹਟਦੇ।" ਸੱਜਣ ਸਿੰਘ ਉਸ ਵੇਲੇ ਹਰ ਤਰ੍ਹਾਂ

ਦੀ ਕੁਰਬਾਨੀ ਕਰਨ ਵਾਸਤੇ ਆਪਣੇ ਆਪ ਨੂੰ ਤਿਆਰ ਮਹਿਸੂਸ ਕਰ ਰਿਹਾ ਸੀ।

"ਸਾਨੂੰ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਏ। ਅਖੇ : ਸੱਸੀ ਜਿਊਂਦਿਆਂ ਨਿੱਤ ਪੁਆੜੇ। ਅਜੇ ਕਈ ਮੋਰਚੇ ਲੱਗਣਗੇ। ਕੁਰਬਾਨੀ ਕਰਨ ਵਾਲੇ ਵਾਸਤੇ ਸਦਾ ਈ ਸਮਾਂ ਬਣਿਆ ਰਹਿੰਦਾ ਏ। ਅਸਾਂ ਤਾਂ ਹਮੇਸ਼ਾਂ ਵਾਸਤੇ ਸਿਰ 'ਤੇ ਖੱਫਣ ਬੰਨ੍ਹ ਰਖਿਆ ਏ। ਸਮਝਿਆ?" ਉਸ ਵੇਲੇ ਬਾਬੇ ਅਕਾਲੀ ਦੇ ਚਿਹਰੇ ਉੱਤੇ ਮਹਾਨ ਤਪੱਸਵੀਆਂ ਵਰਗੀ ਲਾਲੀ ਚਮਕ ਰਹੀ ਸੀ।

## 10

"ਇਲਮ ਦੀਨਾ! ਅੱਜ ਈ ਫਲ੍ਹੇ ਵੌਹਣ ਦਾ ਸੁਆਦ। ਵੇਖ ਕੜਾਕੇਦਾਰ ਦਿਨ ਲੱਗਾ।" ਸੱਜਣ ਸਿੰਘ ਨੇ ਤੰਗਲੀ ਨਾਲ ਪੈਰੀ ਨੂੰ ਪੁੱਟ ਦੇਂਦਿਆਂ ਕਿਹਾ।

"ਮਖ, ਹੱਦ ਮੁੱਕ ਗਈ ਏ ਕਿ! ਕਿਤੇ ਪੱਤਾ ਨਹੀਂ ਹਿਲਦਾ। ਕਾਂ ਅੱਖ ਨਿਕਲਦੀ ਏ ਪਈ।" ਇਲਮ ਦੀਨ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਕਿਹਾ। ਉਹ ਉਦਾਲਿਓਂ ਰੋਲ ਸੁੱਟ ਰਿਹਾ ਸੀ।

"ਸਿਆਣਿਆਂ ਆਖਿਆ ਏ, ਰਾਹ ਰਹਿਣ ਤੇ ਗਾਹ ਗਹਿਣ। ਹੁੱਸੜ ਨਾਲ ਜਾਨ ਨਿਕਲਦੀ ਏ ਪਈ।" ਸੱਜਣ ਸਿੰਘ ਨੇ ਧੁੱਪ ਤੋਂ ਬਚਣ ਵਾਸਤੇ ਸਿਰ ਉੱਤੇ ਚੌਹਰਾ ਕਰਕੇ ਪਾਇਆ ਹੋਇਆ ਖੱਦਰ ਦਾ ਸਾਫ਼ਾ ਠੀਕ ਕਰਦਿਆਂ ਕਿਹਾ, "ਪਰ ਤੂੜੀ ਅੱਜ ਛੇਤੀ ਮਹੀਨ ਹੋ ਜਾਏਗੀ।"

"ਐਹੋ ਜੇਹੇ 'ਚ ਧੰਨੇ ਸ਼ਾਹ ਨੂੰ ਫਲ੍ਹੇ ਮਗਰ ਲੌਣਾ ਚਾਹੀਦਾ ਏ। ਓਥੇ ਈ ਪੱਖੇ ਥੱਲੇ ਬੈਠਾ ਟਕੇ ਟਕੇ ਦੀਆਂ ਗੱਲਾਂ ਰੇੜ੍ਹਦਾ ਰਹਿੰਦਾ ਏ।" ਇਲਮ ਦੀਨ ਨੂੰ ਆਪਣੇ ਅਤੇ ਧੰਨੇ ਸ਼ਾਹ ਦੇ ਜੀਵਨ ਵਿੱਚ ਪ੍ਰਤੱਖ ਫ਼ਰਕ ਨਜ਼ਰ ਆ ਰਿਹਾ ਸੀ।

"ਧੰਨੇ ਸ਼ਾਹ? ਹਾ-ਹਾ, ਹਾ-ਹਾ।" ਸੱਜਣ ਸਿੰਘ ਦਾ ਮੱਲੋ-ਮੱਲੀ ਹਾਸਾ ਨਿਕਲ ਗਿਆ। "ਓਦਣ ਦਾ ਚੇਤਾ ਈ ਨਾ! ਵਰਨਾ ਤੋਂ ਔਂਦਾ ਔਂਦਾ ਰਾਹ ਵਿੱਚ ਈ ਬੇਦਿਲ ਹੋ ਗਿਆ ਸੀ।"

"ਮਖ, ਪਾਣੀ ਨੂੰ ਇਉਂ ਪਿਆ ਸੀ, ਜਿਵੇਂ ਹਰਿਆਲ ਗਾਂ ਰੱਸਾ ਤੁੜਾ ਕੇ ਹਰੇ ਨੂੰ ਪੈਂਦੀ ਏ। ਕਿਤੇ ਕੋਹ ਕੁ ਹੋਰ ਜਾਣਾ ਹੁੰਦਾ, ਤਾਂ......।"

"ਬੋਲੋ 'ਰਾਮ ਨਾਮ ਸੱਤ ਹੈ' ਹੋ ਜਾਂਦੀ।" ਇਲਮ ਦੀਨ ਦਾ ਅਧੂਰਾ ਛੱਡਿਆ ਹੋਇਆ ਵਾਕ ਸੱਜਣ ਸਿੰਘ ਨੇ ਪੂਰਾ ਕਰ ਦਿੱਤਾ।

"ਕਈ ਸਾਮੀਆਂ ਸੁਖ ਦਾ ਸਾਹ ਲੈਂਦੀਆਂ।" ਇਲਮ ਦੀਨ ਦਾ ਖ਼ਿਆਲ ਸੀ ਕਿ ਸ਼ਾਹ ਦੇ ਮਰਨ ਨਾਲ ਸਾਮੀਆਂ ਨੂੰ ਸ਼ਾਇਦ ਕਰਜ਼ਾ ਵਾਪਸ ਕਰਨ ਤੋਂ ਛੁਟਕਾਰਾ ਮਿਲ ਜਾਂਦਾ।

"ਸਾਮੀਆਂ ਨੂੰ ਕੀ ਫ਼ਰਕ ਪੈਣਾ ਸੀ। ਧੰਨੇ ਸ਼ਾਹ ਦੀ ਥਾਂ ਮਦਨ ਸ਼ਾਹ ਛਿੱਲ ਲੌਹਣ ਲੱਗ ਪੈਂਦਾ।"

"ਹਾਂ, ਠੀਕ ਏ। ਭੇਡਾਂ ਤੋਂ ਉੱਨ ਤਾਂ ਕਿਸੇ ਛੱਡਣੀ ਈ ਨਹੀਂ।"

"ਪਰ ਭਈ, ਭੇਡਾਂ ਆਪ ਈ ਜਾ ਕੇ ਉੱਨ ਲਹੌਂਦੀਆਂ ਨੇ। ਸ਼ਾਹਾਂ ਸਿਰ ਕੀ ਦੋਸ਼। ਆਪਾਂ ਵੇਖ੍ਹਾਂ ਅੱਜ ਤੱਕ ਬਚੇ-ਬਚੇ ਜਾ ਫਸੇ ਆਂ ਕਿ ਨਾ।"

"ਤੂੰ ਤਾਂ ਭਈ, ਨਾ ਫਸਦੋਂ, ਤਾਂ ਗੁਜ਼ਾਰਾ ਹੋ ਸਕਦਾ ਸੀ, ਪਰ ਮੈਂ ਤਾਂ ਅੰਦਰੋਂ-ਅੰਦਰੀ ਥੋਥਾ ਹੋ ਗਿਆ ਸਈ। ਅਹਿਨਾਂ ਭਾਵਾਂ ਨੇ ਮਾਰ ਲਿਆ। ਮਾਂਬਲਾ ਤਾਰ ਕੇ ਛਮਾਹੀਂ ਦੇ ਖਾਣ ਜੋਗੇ ਵੀ ਨਹੀਉਂ ਬਚਦੇ। ਘਰ ਵਿੱਚ ਚਾਂਦੀ ਦਾ ਛੱਲਾ ਤੱਕ ਨਹੀਂ ਰਿਹਾ। ਹੁਣ ਤਾਂ ਪਿੱਤਲ, ਤਾਂਮੇ ਦੇ ਭਾਂਡੇ ਵੇਚ ਕੇ ਮਿੱਟੀ ਦੀਆਂ ਕਨਾਲੀਆਂ ਲਿਔਣ ਬਾਰੇ ਸੋਚ ਰਹੇ ਆਂ। ਸੱਚੀ ਪੁੱਛਦਾ ਏਂ, ਤਾਂ ਜੀਅ ਜੀਅ ਦੇ ਦੇਣਦਾਰ ਈ ਅਸੀਂ।" ਇਲਮ ਦੀਨ ਨੇ ਮਿੱਤਰ ਅੱਗੇ ਆਪਣੀ ਗ਼ਰੀਬੀ ਦਾ ਰੋਣਾ ਰੋਇਆ।

"ਭਰਾਵਾ, ਘਰ ਘਰ ਏਹਾ ਹਾਲ ਈ। ਏਸ ਮੰਦੇ ਨੇ ਜੱਟਾਂ ਦੇ ਦੰਦਾਂ 'ਤੇ ਰੇਹ ਨਹੀਂ ਛੱਡੀ।" ਸੱਜਣ ਸਿੰਘ ਦੇ ਮੂੰਹੋਂ ਛੋਟਾ ਜ਼ਿਮੀਂਦਾਰ ਬੋਲ ਰਿਹਾ ਸੀ, ਜੀਹਦੇ ਕੋਲ ਮਸਾਂ ਇਕ ਹਲ ਦੀ, ਜਾਂ ਇਸ ਤੋਂ ਘੱਟ ਜ਼ਮੀਨ ਸੀ।

"ਤੇਰੇ ਸਾਹਮਣੇ ਓਦਣ ਖੜ-ਖੜ ਕਰਦਾ ਸੌ ਦਾ ਨੋਟ ਖ਼ਰਚ ਕੇ ਆਇਆਂ ਤੇ ਘਰਦੀਆਂ ਸੂਰਨੀਆਂ ਦੇ ਬੂਥੇ ਫੇਰ ਵੀ ਸਿੱਧੇ ਨਹੀਂ। ਬੱਸ, ਦੋਹਾਂ 'ਚੋਂ ਇਕ ਦੀ ਸੁੰਨੀ ਵਿੰਗੀ ਈ ਰਹੇਗੀ।" ਇਲਮ ਦੀਨ ਨੇ ਕਿਸੇ ਵੇਲੇ ਦੀ ਕੀਤੀ ਭੁੱਲ ਉੱਤੇ ਸਿਰ ਧੁਣਦਿਆਂ ਕਿਹਾ।

"ਐਵੇਂ ਹਾਰੇ ਹੋਏ ਜੁਆਰੀਏ ਵਾਂਗ ਬੁਸਕਣ ਲੱਗਾ ਹੋਇਆ ਏਂ, ਦੋਂਹ ਜਨਾਨੀਆਂ ਦੀ ਮੌਜ ਵੀ ਤਾਂ ਤੈਨੂੰ ਈ ਏਂ ਨਾ। ਜੀਹਦੀ ਹਮਾਤੜ ਦੀ ਨਿਉਂਦੇ ਸਲਾਮੀ ਇਕੋ ਟੱਬਰੀ ਹੋਵੇ, ਜੇ ਓਹਾ ਦਸ ਦਿਨ ਪੇਕੇ ਤੁਰ ਜਾਏ, ਤਾਂ ਰੋਟੀ ਵੇਲੇ ਬੰਦਾ ਐਵੇਂ ਜੀ-ਭਿਆਣਾ ਕੰਧਾਂ ਨਾਲ ਵਜਦਾ ਫਿਰਦਾ ਏ। ਦੋਂਹ ਵਾਲੇ ਨੂੰ ਇਹ ਖ਼ਤਰਾ ਤਾਂ ਨਹੀਂ? ਇਕ ਕਿਤੇ ਗੁੱਸੇ ਰਾਜ਼ੀ ਹੋ ਕੇ ਜਾਏਗੀ, ਤਾਂ ਇਕ ਫਿਰ ਵੀ ਕੋਲ ਰਹੇਗੀ?" ਸੱਜਣ ਸਿੰਘ ਨੇ ਗੱਲ ਹਾਸੇ ਵਿੱਚ ਪਾ ਦਿੱਤੀ।

"ਉਇ, ਸਾਡੀ ਕਿਸਮਤ ਵਿੱਚ ਤਾਂ ਇਹ ਵੀ ਨਹੀਂ। ਇਕ ਨੇ ਤਾਂ ਭਲਾ ਜਾਣ ਔਣ ਦੀ ਥਾਂ ਆਪ ਗੁਆ ਲਈ, ਤੇ ਦੂਜੀ ਅਫ਼ਾਤ ਵੀ ਉਹਦੀ ਰੀਸ ਨਾਲ ਕਿਤੇ ਨਹੀਂ ਜਾਂਦੀ। ਮੈਥੋਂ ਪੁੱਛੋ ਤਾਂ ਕੈਦ ਕੱਟ ਲਏ, ਪਰ ਦੋ ਟੱਬਰ ਨਾ ਕਰੇ।' ਇਲਮ ਦੀਨ ਨੇ ਆਪਣੇ ਬਾਰਾਂ-ਚੋਦਾਂ ਸਾਲ ਦੇ ਤਜਰਬੇ ਦੇ ਆਧਾਰ 'ਤੇ ਕਿਹਾ।

"ਹੂੰ। ਹੁਣ ਪਤਾ ਲੱਗਾ ਏ। ਓਦੋਂ ਤਾਂ ਮਿਰਜ਼ੇ ਵਾਂਗ ਵਾਅ ਦੇ ਘੋੜੇ ਚੜ੍ਹਿਆ ਫਿਰਦਾ ਸੈਂ।"

"ਹੁਣ ਤਾਂ ਨੱਕ ਨਾਲ ਲਖੀਰਾਂ ਕੱਢਣ ਨੂੰ ਤਿਆਰ ਆਂ, ਪਰ ਵਗੀਆਂ ਕਲਮਾਂ ਮੁੜਦੀਆਂ ਨਹੀਉਂ।" ਸੱਚਮੁੱਚ ਹੀ ਇਲਮ ਦੀਨ ਆਪਣੀ ਭੁੱਲ 'ਤੇ ਪਛਤਾ ਰਿਹਾ ਸੀ।

"ਚਾਚਾ! ਐਧਰ ਪੱਪੂ ਵੱਲੇ ਵੇਖ।" ਫਲ੍ਹਾ ਹਿੱਕ ਰਹੇ ਬਸ਼ਕੇ ਨੇ ਕੋਲ ਆ ਕੇ ਸੱਜਣ ਸਿੰਘ ਦਾ ਧਿਆਨ ਦੂਜੇ ਪਾਸੇ ਮੋੜਿਆ। ਉਹ ਬਹੁਤੇ ਹਾਣੀਆਂ ਵਾਂਗ ਪਿਉ ਨੂੰ 'ਚਾਚਾ' ਕਿਹਾ ਕਰਦਾ ਸੀ।

"ਵੇਖ ਉਇ ਇਲਮ ਦੀਨਾ! ਫਲ੍ਹੇ 'ਤੇ ਬੈਠਾ ਹੁੰਘਲਾਈ ਜਾ ਰਿਹਾ ਈ।" ਸੱਜਣ ਸਿੰਘ ਨੇ ਪੱਪੂ ਵੱਲ ਵੇਖ ਕੇ ਮੁਸਕਰਾਉਂਦਿਆਂ ਕਿਹਾ।

"ਆਪਾਂ ਏਡੇ-ਏਡੇ ਹੁੰਦੇ ਕੀ ਕਰਦੇ ਸਾਂ। ਬਾਬੇ ਚੰਦਾ ਸੁੰਹ ਨੇ ਵਰਜਦਿਆਂ ਘੂਰਦਿਆਂ ਰਹਿਣਾ, ਪਰ ਆਪਾਂ ਦੋਹਾਂ ਜਿਦੋ-ਜਿਦੀ ਸਾਰਾ ਸਾਰਾ ਦਿਨ ਫਲ੍ਹੇ ਤੋਂ ਨਾ ਉਤਰਨਾ। ਕੜਕਦੀ ਧੁੱਪ, ਬਰੀਕ ਪੰਬੀ ਉਡ-ਉਡ ਸਾਰਾ ਪਿੰਡਾ ਭਰ ਜਾਣਾ। ਰਾਤ ਸਾਰੀ ਖੁਰਕ-ਖੁਰਕ ਕੇ ਲਹੂ ਕੱਢ ਲੈਣਾ। ਤੇ ਦਿਨੇ ਫੇਰ ਆਣ ਫਲ੍ਹੇ ਉਦਾਲੇ ਹੋਣਾ। ਹਾਣੀਆਂ 'ਚ ਬਹਿ ਕੇ ਤੜ੍ਹਾਂ ਮਾਰਨੀਆਂ, ਅਸਾਂ ਬੜੇ ਹੂਟੇ ਲਏ ਨੇ।"

"ਇਹ ਉਮਰ ਈ ਏਹੋ ਜੇਹੀ ਹੁੰਦੀ ਏ। ਹੈ ਕਿਸੇ ਗੱਲ ਦੀ ਲੱਥੀ ਚੜ੍ਹੀ?"

"ਆਹੰਦੇ ਨੇ ਨਾ, ਅੰਞਾਣਾ ਬਾਦਸ਼ਾਹ ਹੁੰਦਾ ਏ।"

ਫਲ੍ਹੇ ਉੱਤੇ ਭਾਰ ਵਜੋਂ ਰੱਖੀਆਂ ਹੋਈਆਂ ਵਾਹਣ ਦੀਆਂ ਇੱਟਾਂ ਉੱਤੇ ਸਿਰ ਸੁੱਟ ਕੇ ਪੱਪੂ ਸੌਂ ਗਿਆ ਸੀ। ਸਵੇਰੇ ਉਹ ਮੱਲੋ-ਮੱਲੀ ਭਰਾ ਨਾਲ ਆ ਗਿਆ ਸੀ।

"ਬਸ਼ਕਿਆ! ਫਲ੍ਹਾ ਖਲ੍ਹਾਰ ਕੇ ਇਹਨੂੰ ਅੰਬ ਹੇਠ ਪਾ ਆ, ਉਇ! ਮੁੜ ਕੇ ਨਾ ਇਹਨੂੰ ਨਾਲ ਲਿਆਵੀਂ।" ਸੱਜਣ ਸਿੰਘ ਨੇ ਵੱਡੇ ਪੁੱਤਰ ਨੂੰ ਆਗਿਆ ਕੀਤੀ।

"ਹੋ ਹੋ, ਹੋ ਹੋ-ਹ।" ਬਸ਼ਕੇ ਨੇ ਬੁਚਕਾਰ ਕੇ ਬਲਦ ਖਲ੍ਹਾਰ ਲਏ।

ਇਕ-ਇਕ ਪੈਰ ਪਿਛਾਂਹ ਹਟ ਕੇ ਬਲਦਾਂ ਨੇ ਫਲ੍ਹੇ ਦੀ ਖਿੱਚ ਢਿੱਲੀ ਕਰ ਲਈ ਆਪਣੇ ਕੰਨ੍ਹਾਂ ਦੀ ਧੂਖ ਕੱਢਣ ਦਾ ਪਸ਼ੂਆਂ ਨੂੰ ਵੀ ਏਨਾ ਕੁ ਗਿਆਨ ਹੈ ਸੀ। ਉਤਲਾ ਬਲਦ ਪੂਛਲ ਚੁੱਕ ਕੇ ਫੋਸ ਕਰਨ ਲੱਗ ਪਿਆ। ਸੱਜਣ ਸਿੰਘ ਨੇ ਝੱਟ ਕੁਛ ਬਰਕ ਦੇ ਕੱਖ ਤੰਗਲੀ ਉੱਤੇ ਚੜ੍ਹਾ ਕੇ, ਉਹ ਫੋਸ ਕਰਦੇ ਬਲਦ ਅੱਗੇ ਡਾਹ ਦਿੱਤੀ। ਏਸ-ਤਰ੍ਹਾਂ ਤੰਗਲੀ ਉੱਤੇ ਗੋਹਾ ਸੰਭਾਲ ਕੇ ਉਹਨੇ ਪਿੜ ਤੋਂ ਬਾਹਰ ਚਲਾ ਮਾਰਿਆ।

ਹੇਠਲਾ ਬਲਦ ਸਰੀਰ ਢਿੱਲਾ ਕਰਕੇ ਪੇਸ਼ਾਬ ਕਰਨ ਲੱਗ ਪਿਆ।

ਏਨੇ ਤੱਕ ਪੱਪੂ ਨੂੰ ਅੰਬ ਦੀ ਛਾਂਵੇਂ ਸੁਆ ਕੇ ਬਸ਼ਕਾ ਮੁੜ ਆਇਆ।

"ਖਲੋ ਜਾਹ। ਪੇਸ਼ਾਬ ਕਰ ਲੈਣ ਦਿਹ ਨੇ।" ਸੱਜਣ ਸਿੰਘ ਨੇ ਬਸ਼ਕੇ ਨੂੰ ਰੋਕ ਦਿੱਤਾ, ਜੋ ਬਲਦਾਂ ਨੂੰ ਹਿੱਕਣ ਵਾਸਤੇ ਕਾਹਲਾ ਪੈ ਰਿਹਾ ਸੀ।

ਸੱਜਣ ਸਿੰਘ ਤੇ ਇਲਮ ਦੀਨ ਦੀ ਜ਼ਮੀਨ ਛੋਟੇ-ਛੋਟੇ ਚਹੁੰ ਟੁਕੜਿਆਂ ਵਿੱਚ

ਵੰਡੀ ਹੋਈ ਸੀ। ਤੇ ਹਰ ਥਾਂ ਉਹਨਾਂ ਦੋਹਾਂ ਘਰਾਂ ਦੀ ਪੈਲੀ ਕੋਲੋ ਕੋਲ ਸੀ। ਛੇ-ਸੱਤ ਪੀੜ੍ਹੀਆਂ ਪਿਛਾਂਹ ਦੀ ਖੋਜ ਕਰੀਏ ਤਾਂ ਉਹ ਦੋਵੇਂ ਘਰ ਇਕੋ ਦੀ ਔਲਾਦ ਸਨ, ਬਾਬੇ ਯਾਤਰੀ ਦੀ। ਯਾਤਰੀ ਇਕ ਸੌ ਤੀਹ ਸਾਲ ਦਾ ਹੋ ਕੇ ਮਰਿਆ ਸੀ। ਰੋਹੀ ਦੇ ਕੰਢੇ ਉਹਦੀ ਸਮਾਧ ਦੀਆਂ ਉਖੜੀਆਂ ਹੋਈਆਂ ਨਾਨਕਸ਼ਾਹੀ ਇੱਟਾਂ ਅਜੇ ਵੀ ਕਰੀਰ ਦੇ ਮੁੱਢ ਨਾਲ ਪਈਆਂ ਸਨ। ਅਧਿਓਂ ਬਹੁਤੇ ਸਿੱਖ ਤੇ ਮੁਸਲਮਾਨ ਉਸ ਥਾਂ ਨੂੰ ਜਠੇਰਾ ਸਮਝ ਕੇ ਪੂਜਦੇ ਸਨ। ਫ਼ਰਕ ਕੇਵਲ ਏਨਾ ਸੀ ਕਿ ਸਿੱਖ ਉਹਨੂੰ ਧਰਤੀ ਤੱਕ ਝੁਕ ਕੇ ਮੱਥਾ ਟੇਕਦੇ ਸਨ, ਤੇ ਮੁਸਲਮਾਨ ਦੋਵੇਂ ਹੱਥ ਫੈਲਾ ਕੇ ਥੋੜ੍ਹਾ ਜਿਹਾ ਸਿਰ ਝੁਕਾਅ ਕੇ ਸਿਜਦਾ ਕਰ ਲੈਂਦੇ ਸਨ। ਪੁੱਤਰ ਦੇ ਜੰਮਣੇ, ਮੰਗਣੇ ਤੇ ਵਿਆਹ ਸਮੇਂ ਉਥੋਂ ਦੀ ਪੂਜਾ ਜ਼ਰੂਰੀ ਸਮਝੀ ਜਾਂਦੀ ਸੀ। ਹਰ ਵਿਆਹੀ ਆਈ ਨੂੰਹ ਨੂੰ ਓਥੇ ਮੱਥਾ ਟੇਕ ਕੇ ਆਪਣਾ ਨਵਾਂ ਜਠੇਰਾ ਪ੍ਵਾਨ ਕਰਨਾ ਪੈਂਦਾ ਸੀ।

ਯਾਤਰੀ ਦੇ ਅੱਗੇ ਦੋ ਪੁੱਤਰ ਸਨ : ਸੁੱਧੂ ਤੇ ਬੁੱਧੂ। ਵੱਡੇ ਸੁੱਧੂ ਦੀ ਔਲਾਦ ਸੱਜਣ ਸਿੰਘ ਦਾ ਟੱਬਰ ਤੇ ਛੋਟੇ ਬੁੱਧੂ ਦੀ ਬੰਸ ਇਲਮ ਦੀਨ ਦੇ ਪੰਜੀ ਘਰ ਸਨ। ਇਕੋ ਮੁੱਢ ਹੋਣ ਕਰਕੇ ਸਿੱਖਾਂ, ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਰਸਮਾਂ ਰੀਤਾਂ ਵੀ ਮਿਲਦੀਆਂ ਜੁਲਦੀਆਂ ਸਨ। ਸਾਰੇ ਪਿੰਡ ਦੇ ਨਿਉਂਦਰੇ ਭਾਜੀਆਂ ਵੀ ਭਰਾਵਾਂ ਵਾਂਗ ਸਨ, ਪਰ ਹੁਣ ਕੁਛ ਸਾਲਾਂ ਤੋਂ ਥੋੜ੍ਹੀ-ਥੋੜ੍ਹੀ ਵਿੱਥ ਪੈਂਦੀ ਜਾਂਦੀ ਸੀ। ਸੱਜਣ ਸਿੰਘ ਤੋਂ ਇਲਮ ਦੀਨ ਅੱਜ ਪੁਰਾਣੇ ਭਾਈਚਾਰੇ ਨੂੰ ਓਸੇ ਤਰ੍ਹਾਂ ਨਿਭਾਈ ਆ ਰਹੇ ਸਨ।

ਕਸੂਰ ਤੋਂ ਕਾਦੀਵਿੰਡ, ਕਤਲੂਹੀ ਨੂੰ ਜਾਣ ਵਾਲੇ ਰਾਹ ਤੋਂ ਲਹਿੰਦੇ ਪਾਸੇ ਸੀ ਉਹਨਾਂ ਦਾ ਇਹ ਖੇਤ। ਸੱਜਣ ਸਿੰਘ ਦੀ ਪੈਲੀ ਵਿੱਚ ਇਕ ਸੰਘਣੀ ਛਤਰੀ ਵਾਲਾ ਅੰਬ ਦਾ ਬੂਟਾ ਖਲਾ ਸੀ। ਉਹਦਾ ਬਾਪੂ ਕਿਹਾ ਕਰਦਾ ਸੀ, 'ਪੁੱਤਰ ਸੱਜਣਾ! ਜਿਸ ਵਰ੍ਹੇ ਤੂੰ ਜੰਮਿਆਂ ਸੈਂ, ਓਸੇ ਵਰ੍ਹੇ ਇਹ ਅੰਬ ਉਗਿਆ ਸੀ। ਇਹ ਤੇਰਾ ਹਾਣੀ ਏ ਇਹਦੀ ਭਰਾਵਾਂ ਵਾਂਗ ਪਾਲਣਾ ਕਰੀਂ। ਇਹ ਵੀ ਤੇਰੀ ਬਥੇਰੀ ਸੇਵਾ ਕਰੇਗਾ' ਸੱਜਣ ਸਿੰਘ ਨੇ ਪਿਤਾ ਦੇ ਬਚਨ ਨੂੰ ਭੁਲਾਇਆ ਨਹੀਂ ਸੀ ਤੇ ਅੰਬ ਵੀ ਆਪਣੀ ਸੰਘਣੀ ਠੰਢੀ ਛਾਂ ਨਾਲ ਉਹਦੀ ਸੇਵਾ ਕਰਦਾ ਆ ਰਿਹਾ ਸੀ। ਉਹਦੇ ਅੰਬ ਬਹੁਤੇ ਮਿੱਠੇ ਨਹੀ ਸਨ, ਪਰ ਦਾਣੇ ਮੋਟੇ ਹੋਣ ਕਰਕੇ ਅਚਾਰ ਵਾਸਤੇ ਬੜੇ ਵਧੀਆ ਸਮਝੇ ਜਾਂਦੇ ਸਨ ਉਹ ਆਪਣੇ ਥੱਲੇ ਘੇਰੀ ਹੋਈ ਧਰਤੀ ਦਾ ਮੁੱਲ ਮੋੜ ਛੱਡਿਆ ਕਰਦਾ ਸੀ।

ਅੰਬ ਦੀ ਛਾਂ ਦਾ ਆਸਰਾ ਤੱਕ ਕੇ ਹੀ ਇਲਮ ਦੀਨ ਨੇ ਸੱਜਣ ਸਿੰਘ ਦੀ ਪੈਲੀ ਵਿੱਚ ਖਲਵਾੜਾ ਲਾਇਆ ਸੀ। ਦੋ ਪਿੜ ਇਕੱਠੇ ਹੋਣ ਕਰਕੇ ਰਾਖੀ ਦਾ ਵੀ ਸੁਖ ਸੀ। ਨਾਲੇ ਦੋਹਾਂ ਦੀ ਮਰਜ਼ੀ ਮਿਲੀ ਹੋਈ ਸੀ।

ਛੇ-ਸੱਤ ਘੜੀਆਂ ਦਿਨ ਢਲਿਆ ਸੀ, ਜਾਂ ਜੈਨਾ ਤੇ ਭਜਨ ਕੌਰ ਲੌਢੇ ਵੇਲੇ ਦੀਆਂ ਰੋਟੀਆਂ ਲੈ ਕੇ ਤੁਰੀਆਂ ਆਉਂਦੀਆਂ ਨਜ਼ਰੀਂ ਪਈਆਂ।

ਫਾਲ੍ਹੀ ਸਵੇਰ ਦੀਆਂ ਰੋਟੀਆਂ ਘਰੋਂ ਖਾ ਕੇ ਤੁਰਦੇ ਹਨ। ਵਾਹਵਾ ਚੰਗੀ ਧੁੱਪ ਚੜ੍ਹੀ, ਨੌਂ-ਦਸ ਵਜੇ ਗਾਹ ਦਾ ਕੰਮ ਸ਼ੁਰੂ ਹੁੰਦਾ ਹੈ। ਕਿਸੇ ਉੱਦਮ ਵਾਲੀ ਨੇ ਦਾਲ ਭਾਜੀ ਬਣਾ ਦਿੱਤੀ ਤਾਂ ਵਾਹਵਾ, ਨਹੀਂ ਤਾਂ ਲੱਸੀ ਨਾਲ ਹੀ ਦੋ ਮੰਨੀਆਂ ਅੰਦਰ ਸੁੱਟ ਕੇ ਵਿਚਾਰੇ ਤੁਰ ਪਏ। ਫਿਰ ਦੋ-ਤਿੰਨ ਵਜੇ ਸਜਰੀਆਂ ਰੋਟੀਆਂ ਪਕ ਕੇ ਆ ਜਾਣੀਆਂ। ਵਾਢੀਆਂ ਤੇ ਫਲ੍ਹਿਆਂ ਵਿੱਚ ਕੇਈਆਂ ਪੁੱਜਦਿਆਂ ਘਰਾਂ ਦੀ ਨਾਲ ਘਿਉ ਵਿੱਚ ਤਰ ਕੀਤੀ ਹੋਈ ਸ਼ੱਕਰ ਵੀ ਆ ਜਾਣੀ। ਨਹੀਂ ਤਾਂ ਛੋਲਿਆਂ ਦੀ ਦਾਲ ਤਾਂ ਚਾਰ ਦਿਨ ਹਰ ਇਕ ਨੂੰ ਮਿਲ ਜਾਣੀ। ਕਿਸੇ ਨੂੰ ਤੜਕੇ ਵਾਲੀ, ਕਿਸੇ ਨੂੰ ਬਿਨਾਂ ਤੜਕਿਉਂ ਹੀ ਸਹੀ। ਦੁਪਹਿਰੇ ਇਕ ਵਾਰ ਗੁੜ ਦਾ ਸ਼ਰਬਤ ਉਹਨਾਂ ਆਪ ਹੀ ਬਣਾ ਲੈਣਾ।

ਵਾਹੀਵਾਨ ਬੰਦਿਆਂ ਵਾਸਤੇ ਅੱਸੂ-ਕੱਤੇਂ ਤੇ ਵਿਸਾਖ-ਜੇਠ ਬੜੇ ਸਖ਼ਤ ਕੰਮ ਦੇ ਹੁੰਦੇ ਹਨ। ਪੰਜਾਬ ਦੇ ਗਰਮ ਮੈਦਾਨ ਵਿੱਚ ਮਗਰਲੇ ਮਹੀਨੇ ਵਧੇਰੇ ਔਖਿਆਈ ਵਾਲੇ ਹੁੰਦੇ ਹਨ। ਕਈ ਵਾਰ ਰਾਤ ਪਾਣੀ ਲਾਉਣਾ, ਤੜਕੇ ਤੋਂ ਦੁਪਹਿਰ ਤੱਕ ਹਲ ਵਾਹੁਣਾ ਤੇ ਦੁਪਹਿਰ ਤੋਂ ਸ਼ਾਮ ਤੱਕ ਫਲ੍ਹੇ ਵਾਹੁਣੇ। ਏਹਾ ਹਾਲਤ ਵੇਖ ਕੇ ਕਿਸੇ ਨੇ ਕਿਹਾ ਸੀ, "ਜਾਟ ਕੀ ਜੂਨ ਨਾ ਪਾਈਓ ਰੇ, ਜਾਟ ਕੀ ਜੂਨ ਬੁਰੀ।"

ਸੱਜਣ ਸਿੰਘ ਦੀ ਰੌਣੀ ਵੱਤਰ ਸੀ। ਪਹਿਰ ਦੇ ਤੜਕੇ ਤੋਂ ਉਠਕੇ ਸੱਜਣ ਸਿੰਘ ਤੇ ਇਲਮ ਦੀਨ ਨੇ ਹਲ ਜੁੱਤੇ ਸਨ। ਸੂਰਜ ਚੜ੍ਹਦੇ ਨਾਲ ਕਰਮ ਦੀਨ ਤੇ ਬਸ਼ਕਾ ਵੀ ਖੇਤ ਵਿੱਚ ਆ ਗਏ ਸਨ। ਪਹਿਲਾਂ ਉਹਨਾਂ ਦੋਹਾਂ ਨੇ ਅੱਧ-ਸੁੱਕਾ ਜੇਹਾ ਚਟਾਹਲਾ ਵਢਿਆ ਸੀ। ਫਿਰ ਦੋਹਾਂ ਨੇ ਪੈਲੀ ਦੀਆਂ ਗੁੱਠਾਂ ਗੋਡੀਆਂ ਸਨ ਤੇ ਫਿਰ ਆਪੋ ਆਪਣੇ ਗਾਹ ਖਿਲਾਰੇ ਸਨ।

ਸੱਜਣ ਸਿੰਘ ਤੇ ਇਲਮ ਦੀਨ ਦੀ ਵਾਹੀ ਅੱਡੋ-ਅੱਡ ਸੀ, ਪਰ ਕੰਮ ਦੇ ਤਾੜ ਵੇਲੇ ਉਹ ਦੋਵੇਂ ਵਿੜ੍ਹੀ ਕਰ ਲਿਆ ਕਰਦੇ ਸਨ। ਖ਼ਾਸ ਕਰ ਹਲਾਂ ਦੀ ਵਿੜ੍ਹੀ ਕਿਉਂਕਿ ਚੌਹ ਬਲਦਾਂ ਬਿਨਾਂ ਸੁਹਾਗਾ ਚੰਗਾ ਨਹੀਂ ਫਿਰਦਾ।

ਜੈਨਾ ਤੇ ਭਜਨ ਕੌਰ ਦੇ ਸਵੇਰ ਦੀ ਰੋਟੀ ਲੈ ਕੇ ਆਉਂਦਿਆਂ ਤੱਕ ਉਹਨਾਂ ਅੱਧਿਓਂ ਬਹੁਤੀ ਪੈਲੀ ਵਾਹ ਲਈ ਸੀ। ਫਿਰ ਵੀ ਸੁਹਾਗਾ ਫੇਰਦਿਆਂ ਤੱਕ ਦਿਨ ਦੇ ਬਾਰਾਂ ਵੱਜ ਗਏ ਸਨ। ਅੰਬ ਦੀ ਛਾਵੇਂ ਦੋ ਕੁ ਘੜੀਆਂ ਪਸ਼ੂਆਂ ਨੂੰ ਪੱਠੇ ਚਾਰ ਕੇ ਤੇ ਵਗਦੇ ਖਾਲ ਤੋਂ ਪਾਣੀ ਪਿਆ ਕੇ ਉਹਨਾਂ ਫਲ੍ਹੇ ਹਿੱਕ ਦਿੱਤੇ।

"ਇਲਮ ਦੀਨਾ! ਪੈਰੀਆਂ ਲਾ ਕੇ ਛੱਡਣੀਆਂ ਨੇ। ਜਿੰਨਾ ਘੁੱਟ ਏ ਅੱਜ, ਕਿਸੇ ਨਾ ਕਿਸੇ ਪਾਸਿਉਂ ਹਨ੍ਹੇਰੀ ਜ਼ਰੂਰ ਆਵੇਗੀ।" ਫਲ੍ਹਾ ਨਾਹਣ ਦਿਆਂ ਸੱਜਣ ਸਿੰਘ ਨੇ ਗਵਾਂਢੀ ਕਾਮੇ ਨੂੰ ਵੰਗਾਰਿਆ ਸੀ।

"ਹਨ੍ਹੇਰੀ ਦੀ ਤਾਂ ਖ਼ੈਰ ਏ, ਕਿਤੇ ਚਾਰ ਛਿੱਟਾਂ ਲਹਿ ਪਈਆਂ ਤਾਂ ਵਿਆਹ ਭਿੱਜੇ

ਤੇ ਗਾਹ ਭਿੱਜੇ ਦਾ ਪੁਆੜਾ ਵੀ ਬੜਾ ਹੁੰਦਾ ਏ।" ਇਲਮ ਦੀਨ ਨੇ ਇਕ ਹੋਰ ਵੱਡੇ ਖ਼ਤਰੇ ਵੱਲ ਇਸ਼ਾਰਾ ਕੀਤਾ।

ਓਸੇ ਵੇਲੇ ਤੋਂ ਦੋਵੇਂ ਮਾਰੋ-ਮਾਰ ਕਰਕੇ ਫਲ੍ਹੇ ਚਲਾਈ ਜਾ ਰਹੇ ਸਨ। ਇਕ ਪਾਸੇ ਬਸ਼ਕਾ ਫਲ੍ਹਾ ਹਿੱਕ ਰਿਹਾ ਸੀ ਤੇ ਦੂਜੇ ਪਾਸੇ ਕਰਮ ਦੀਨ। ਸੱਜਣ ਸਿੰਘ ਤੇ ਇਲਮ ਦੀਨ ਤੰਗਲੀਆਂ ਫੜ ਕੇ ਪੁੱਟਾਂ ਦੇ ਰਹੇ ਸਨ ਤੇ ਉਦਾਲਾ ਸੁੱਟ ਰਹੇ ਸਨ। ਤੰਗਲੀ ਵਾਲੇ ਦਾ ਕੰਮ ਫਲ੍ਹਾ ਹਿੱਕਣ ਵਾਲੇ ਨਾਲੋਂ ਔਖਾ ਹੁੰਦਾ ਹੈ। ਉਹ ਉਦਾਲਿਉਂ ਘੇਰ ਕੇ ਤੀਲਿਆਂ ਨੂੰ ਫਲ੍ਹੇ ਹੇਠਾਂ ਦਿੱਤੀ ਰਖੂ, ਤਾਂ ਛੇਤੀ ਗਹੇਗੀ।

ਬਸ਼ਕਾ ਪਿਛਲੇ ਸਦਰ ਦੀਵਾਨ ਦੇ ਮੇਲੇ ਤੋਂ ਨਵੇਂ ਘੁੰਗਰੂ ਟੱਲੀਆਂ ਲਿਆਇਆ ਸੀ। ਬੜੀ ਰੀਝ ਨਾਲ ਉਹਨੇ ਦੋਹਾਂ ਬਲਦਾਂ ਦੇ ਗਲ ਗਾਨੀਆਂ ਪਾਈਆਂ ਹੋਈਆਂ ਸਨ। ਉਹਦੇ ਬਲਦ ਸਾਂਭੇ ਹੋਏ ਵੀ ਵਾਹਵਾ ਸਨ। ਉਹ ਜ਼ਰਾ ਕੁ ਪਰਾਣੀ ਦੀ ਛਾਣ ਫੇਰ ਕੇ ਲਲਕਾਰਾ ਮਾਰਦਾ ਤਾਂ ਦੋਵੇਂ ਬਲਦ ਪੂਛਾਂ ਫੇਰਦੇ ਭੱਜ ਉਠਦੇ। ਉਹਨਾਂ ਦੇ ਘੁੰਗਰੂਆਂ ਤੇ ਟੱਲੀਆਂ ਵੀ ਅਵਾਜ਼ ਕੰਨਾਂ ਨੂੰ ਬੜੀ ਮਿੱਠੀ ਲੱਗਦੀ ਸੀ। ਹਾਲੀ ਕਾਮੇ ਦਾ ਇਹ ਸਭ ਤੋਂ ਮਨ-ਭਾਉਂਦਾ ਸਾਜ਼ ਹੈ।

ਇਲਮ ਦੀਨ ਦੇ ਬਲਦ ਕੁਛ ਮਾੜੇ ਸਨ। ਕੁਝ ਉਹ ਸਾਂਭਣ ਖੁਣੋਂ ਲਿੱਸੇ ਸਨ। ਜਿਸ ਤਰ੍ਹਾਂ ਉਹ ਗਾਹ ਵਿੱਚ ਖੁਭ-ਖੁਭ ਕੇ ਤੁਰਦੇ ਸਨ, ਓਸੇ ਚਾਲੇ ਪਿੱਛੇ-ਪਿੱਛੇ ਕਰਮ ਦੀਨ ਲੱਤਾਂ ਧੂਹਦਾ ਆ ਰਿਹਾ ਸੀ। ਕਰਮ ਦੀਨ ਸਵੇਰ ਦਾ ਵੱਟਿਆ-ਘੁੱਟਿਆ ਚੁੱਪ-ਚਾਪ ਕੰਮ ਕਰ ਰਿਹਾ ਸੀ। ਸੱਜਣ ਸਿੰਘ ਨੇ ਇਕ ਵਾਰ ਇਲਮ ਦੀਨ ਨੂੰ ਪੁੱਛਿਆ ਵੀ ਸੀ, "ਸੁਣਾ, ਇਹ ਕਿਹੜੀ ਗੱਲੋਂ ਵਿੱਟਰਿਆ ਫਿਰਦਾ ਏ?" ਅੱਗੋਂ ਇਲਮ ਦੀਨ ਨੇ ਅੱਖ ਦੱਬ ਕੇ ਹੌਲੀ ਜੇਹੀ ਕਿਹਾ ਸੀ, "ਦੱਬੀ ਰਹਿਣ ਦਿਹ ਗੱਲ। ਰਾਤ ਨੂੰ ਦੱਸਾਂਗਾ। ਮੈਂ—ਅਮਾਨ ਨਾਲ—ਡਾਢਾ ਈ ਔਖਾ ਹੋ ਗਿਆ।"

ਦੋਹਾਂ ਨੇ ਪੈਰੀਆਂ ਨੂੰ ਦੋ-ਦੋ ਪੁੱਟਾਂ ਦੇ ਲਈਆਂ ਸਨ। ਦਿਨ ਤਿੰਨ ਵਜੇ ਤੋਂ ਢਲ ਰਿਹਾ ਸੀ। ਕਾਮਿਆਂ ਦੀ ਭੁੱਖ ਚਮਕ ਆਈ ਸੀ। ਏਨੇ ਨੂੰ ਜੈਨਾ ਤੇ ਭਜਨ ਕੌਰ ਰੋਟੀਆਂ ਲੈ ਕੇ ਆ ਪਹੁੰਚੀਆਂ।

ਫਾਲ੍ਹੀਆਂ ਨੇ ਫਲ੍ਹੇ ਠੱਲ੍ਹ ਦਿੱਤੇ ਤੇ ਲੀੜਿਆਂ ਤੋਂ ਹੱਥਾਂ ਨਾਲ ਪੰਬੀ ਝਾੜਦੇ ਉਹ ਅੰਬ ਵੱਲੋਂ ਤੁਰ ਪਏ।

"ਅੱਜ ਜੋੜੀਆਂ ਕਵੇਲਾ ਕਰ ਆਈਆਂ ਨੇ।" ਸੱਜਣ ਸਿੰਘ ਨੇ ਭੋਇੰ 'ਤੇ ਸਾਫ਼ਾ ਸੁੱਟ ਕੇ ਭਜਨ ਕੌਰ ਦੇ ਸਾਹਮਣੇ ਬਹਿੰਦਿਆਂ ਕਿਹਾ।

"ਚਾਰ ਕੋਹ ਔਣ ਜਾਣ, ਤੇ ਦੂਜਾ ਫੇਰਾ। ਵਾਹਣ ਹੋ ਗਿਆ ਏ ਧੁੱਪ ਵਿੱਚ, ਤੇ....।" ਭਜਨ ਕੌਰ ਨੇ ਪਿਆਰ ਭਰੀ ਨਿਗ੍ਹਾ ਨਾਲ ਪਤੀ ਵੱਲ ਤੱਕਦਿਆਂ ਕਿਹਾ। ਉਹਦੇ ਨਰੋਏ ਚੇਹਰੇ ਉੱਤੇ ਮਿੱਠੀ-ਮਿੱਠੀ ਮੁਸਕਰਾਹਟ ਫੈਲੀ ਹੋਈ ਸੀ।

"ਰੋਟੀਆਂ ਲਿਆਉਣ ਦਾ ਕੰਮ ਔਖਾ ਏ, ਤਾਂ ਐਥੇ ਫਲ੍ਹੇ ਮਗਰ ਲੱਗ ਪਉ।" ਸੱਜਣ ਸਿੰਘ ਨੇ ਦੋਹਾਂ ਕੰਮਾਂ ਦੀ ਔਖਿਆਈ ਵੱਲੇ ਇਸ਼ਾਰਾ ਕਰਦਿਆਂ ਕਿਹਾ।

"ਬਹੁਤੇ ਦਾਬੇ ਨਾ ਮਾਰ ਜੱਟਾ! ਤੈਥੋਂ ਰੋਟੀਆਂ ਨਹੀਂ ਪਕਣੀਆਂ। ਅਸੀਂ ਮਾਂ-ਪੁੱਤ ਫਲ੍ਹਾ ਵਾਹ ਲਵਾਂਗੇ।" ਭਜਨ ਕੌਰ ਨੇ ਮਾਣ ਨਾਲ ਗੱਭਰੂ ਹੋ ਰਹੇ ਪੁੱਤਰ ਵੱਲ ਤੱਕਦਿਆਂ ਕਿਹਾ।

"ਕਿਉਂ। ਅਖੇ : ਮੈਂ ਤੇ ਬੇਬੇ ਇੱਕੋ। ਸੁਣਿਆ ਈਂ ਬਸ਼ਕਿਆ! ਤੇਰੇ ਮਾਣ ਉੱਤੇ ਹੁਣ ਤੇਰੀ ਮਾਂ ਆਕੜਦੀ ਉ ਪਈ।" ਸੱਜਣ ਸਿੰਘ ਨੇ ਬਸ਼ਕੇ ਨੂੰ ਸੰਬੋਧਨ ਕਰਕੇ ਕਿਹਾ। ਪੁੱਤਰ ਉੱਤੇ ਜਵਾਨੀ ਆ ਰਹੀ ਵੇਖ ਕੇ ਉਹਨੂੰ ਨਸ਼ਾ ਚੜ੍ਹ ਰਿਹਾ ਸੀ।

"ਆਕੜਾਂ ਨਾ? ਮੇਰਾ ਪੁੱਤ ਤੁਹਾਡੇ ਨਾਲੋਂ ਵੀ ਜੁਆਨ ਹੋਵੇਗਾ।" ਜੁਆਨ ਪੁੱਤਰ ਦੀ ਮਾਂ ਹੋਣ ਦਾ ਭਜਨ ਕੌਰ ਨੂੰ ਬਹੁਤ ਮਾਣ ਸੀ।

"ਉਠ, ਪੱਪੂ! ਰੋਟੀ ਖਾ ਲੈ।" ਮਾਂ-ਪਿਉ ਦੀਆਂ ਗੱਲਾਂ ਦਾ ਉੱਤਰ ਦੇਣ ਦੀ ਥਾਂ ਬਸ਼ਕਾ ਛੋਟੇ ਭਰਾ ਨੂੰ ਜਗਾਉਣ ਲੱਗ ਪਿਆ।

"ਸੁਣਿਆ ਏਂ, ਮਾਲਵੇ 'ਚ ਸਾਰੇ ਪਿੰਡਾਂ ਕੋਲ ਲਿਆ ਪਿੜ ਲੌਂਦੇ ਨੇ। ਤੁਸੀਂ ਵੀ ਓਥੇ ਤੂਤਾਂ ਵਾਲੇ ਖੂਹ ਕੋਲ ਲਾ ਲਿਆ ਕਰੋ ਤਾਂ!" ਦੂਰ ਪਿੜ ਹੋਣ ਕਰਕੇ ਦੋ ਵਾਰ ਰੋਟੀਆਂ ਲਿਆਉਣ ਦੀ ਔਖਿਆਈ ਅਜੇ ਤੱਕ ਭਜਨ ਕੌਰ ਦੇ ਸਾਹਮਣੇ ਸੀ। ਇਸ ਖੇਚਲ ਤੋਂ ਬਚਣ ਵਾਸਤੇ ਉਹਨੇ ਨਵੀਂ ਤਜਵੀਜ਼ ਰੱਖੀ।

"ਮਾਲਵੇ ਦੀ ਰੀਸ ਨਾ ਕਰ। ਓਥੇ ਜੱਟੀਆਂ ਨੂੰ ਗੋਹਾ ਕੂੜਾ ਆਪ ਸੁੱਟਣਾ ਪੈਂਦਾ ਈ। ਕੋਈ ਖੇਤੋਂ ਪੱਠੇ ਵੱਢ ਕੇ ਵੀ ਲਿਆਉਂਦੀਆਂ ਈਂ। ਪੁੱਜਦਾ ਈ ਸੌਦਾ?" ਸੱਜਣ ਸਿੰਘ ਨੇ ਹੱਥ ਧੋਂਦਿਆਂ ਕਿਹਾ।

"ਪੱਠੇ ਵੱਢਣ ਤੋਂ ਤਾਂ ਮੈਂ ਵੀ ਨਹੀਂ ਡਰਦੀ, ਪਰ ਗੋਹੇ ਵਾਲੀ ਗੱਲ ਝੂਠੀ। ਮੈਂ ਰੋਟੀਆਂ ਇਕ ਵਾਰ ਹੋਰ ਲੈ ਆਇਆ ਕਰਾਂਗੀ।" ਭਜਨ ਕੌਰ ਨੇ ਜਿਵੇਂ ਸਮਝੌਤਾ ਕਰ ਲਿਆ।

"ਮਾਲਵੇ 'ਚ ਜ਼ਮੀਨ ਵਧੇਰੇ ਰੇਤਲੀ ਏ ਨਾ। ਇਸ ਵਾਸਤੇ ਉਹਨਾਂ ਨੂੰ ਪਿੰਡਾਂ ਕੋਲ ਹਮੇਸ਼ਾਂ ਦੇ ਪੱਕੇ ਬਣਾਏ ਹੋਏ ਪਿੜਾਂ ਵਿੱਚ ਹਾੜ੍ਹੀ ਇਕੱਠੀ ਕਰਨੀ ਪੈਂਦੀ ਏ। ਏਥੇ ਆਪਣੇ ਕਰੜੀ ਜ਼ਮੀਨ ਵਿੱਚ—ਜਿੱਥੇ ਮਰਜ਼ੀ ਹੋਵੇ—ਪਿੜ ਲਾ ਲਈਏ।"

"ਫਿਰ ਵੀ ਪਿੰਡ ਕੋਲ ਇਕੋ ਥਾਂ ਸਾਰੀ ਫ਼ਸਲ ਇਕੱਠੀ ਕਰ ਲਈਏ, ਤਾਂ ਚੰਗੀ ਨਹੀਂ?"

"ਏਸ ਤਰ੍ਹਾਂ ਪੱਠੇ ਢੋਣ ਨਾਲੋਂ, ਤੂੜੀ ਦਾਣੇ ਢੋਅ ਲੈਣੇ ਸੌਖੇ ਹੁੰਦੇ ਨੇ। ਨਾਲੇ ਏਥੇ ਹਲ ਵਾਹ ਕੇ ਏਥੇ ਹੀ ਫਲ੍ਹੇ ਪਾ ਲਏ ਤਾਂ ਕੰਮ ਛੇਤੀ ਨਿਬੜ ਗਿਆ। ਏਥੋਂ ਪਿੰਡ ਜਾ ਕੇ ਗਾਹ ਪੌਣਾ ਹੁੰਦਾ ਤਾਂ ਰਾਹ ਵਿੱਚ ਈ ਦਿਹਾੜੀ ਨਿਭ ਜਾਂਦੀ। ਕਿਤੇ ਮੁਰੱਬੇਬੰਦੀ ਹੋ

ਕੇ ਆਪਣੇ ਖੇਤ ਇਕੋ-ਇਕੋ ਥਾਂ ਹੋ ਜਾਣ—ਮੁਰੱਬਿਆਂ ਵਾਂਗ—ਤਾਂ ਆਪਾਂ ਵਧੇਰੇ ਸੌਖੇ ਹੋ ਜਾਈਏ। ਬਹੁਤੇ ਖੇਤੀਂ ਪੈਲੀ ਹੋਣ ਦਾ ਬੜਾ ਪੁਆੜਾ ਏ।" ਸੱਜਣ ਸਿੰਘ ਨੇ ਜੱਟ ਦੀ ਸਭ ਤੋਂ ਵੱਡੀ ਔਕੜ ਬਾਰੇ ਕਿਹਾ।

ਭਜਨ ਕੌਰ ਨੇ ਸ਼ੱਕਰ ਘਿਉ ਰਲਾਇਆ ਹੋਇਆ ਦੋ ਥਾਂਈਂ ਕਰਕੇ ਇਕ ਕੌਲੀ ਪਤੀ ਅੱਗੇ ਤੇ ਇਕ ਪੁੱਤਰ ਅੱਗੇ ਰੱਖ ਦਿੱਤੀ। ਛੋਟਾ ਪੱਪੂ ਭਰਾ ਦੇ ਨਾਲ ਹੀ ਖਾਣ ਲੱਗ ਪਿਆ।

ਜੈਨਾ ਨੇ ਚੁੱਪ-ਚਾਪ ਰੋਟੀਆਂ ਵਾਲੀ ਚੰਗੇਰ ਮਾਲਕ ਅੱਗੇ ਧਰ ਦਿੱਤੀ। ਰੋਟੀਆਂ ਨਾਲ ਸਿਰਫ਼ ਅਚਾਰ ਤੇ ਗੁੜ ਸੀ। ਇਲਮ ਦੀਨ ਨੇ ਇਕ ਵਾਰ ਰੋਟੀਆਂ ਵੱਲ ਤੇ ਇਕ ਵਾਰ ਜੈਨਾ ਵੱਲ ਤੱਕਿਆ, ਪਰ ਮੂੰਹੋਂ ਕੁਛ ਨਾ ਬੋਲਿਆ। ਰੋਟੀ ਨਾਲ ਦਾਲ ਭਾਜੀ ਕੋਈ ਨਾ ਹੋਣ ਕਰਕੇ ਉਹ ਦਿਲੋਂ ਨਾਰਾਜ਼ ਜਾਪਦਾ ਸੀ।

ਕਰਮ ਦੀਨ ਦੋ ਰੋਟੀਆਂ ਤੇ ਆਚਾਰ ਦੀ ਫਾੜੀ ਫੜ ਕੇ ਪਾਸੇ ਨੂੰ ਮੂੰਹ ਕਰਕੇ ਖਾਣ ਲੱਗ ਪਿਆ। ਉਹਨਾਂ ਤਿੰਨਾਂ ਵਿੱਚੋਂ ਕੋਈ ਇਕ ਸ਼ਬਦ ਵੀ ਨਾ ਬੋਲਿਆ। ਉਹ ਥਾਂਓਂ ਥਾਂਈਂ ਵਿੱਚੇ-ਵਿੱਚ ਘੁੱਟੇ-ਵੱਟੇ ਬੈਠੇ ਸਨ।

"ਜੈਨਾ! ਭਲਾ ਬਸ਼ਕੇ ਦੀ ਮਾਂ ਤਾਂ ਕੱਲ੍ਹੀ ਹੋਈ। ਤੇ ਤੁਸੀਂ ਤਾਂ ਸੁੱਖ ਨਾਲ ਦੋ ਜਣੀਆਂ ਓ। ਤੁਹਾਥੋਂ ਵਾਰੀ-ਵਾਰੀ ਨਹੀਂ ਰੋਟੀ ਲੈ ਕੇ ਆਈਦਾ?" ਸੱਜਣ ਸਿੰਘ ਨੇ ਐਵੇਂ ਗੱਲ ਤੋਰਨ ਦੇ ਇਰਾਦੇ ਨਾਲ ਕਿਹਾ। ਗਵਾਂਢੀਆਂ ਦੀ ਏਸ ਤਰ੍ਹਾਂ ਦੀ ਅਣ-ਸੁਖਾਵੀਂ ਚੁੱਪ ਤੋਂ ਉਹਦਾ ਦਿਲ ਕਾਹਲਾ ਪੈ ਰਿਹਾ ਸੀ।

"ਬਸ਼ਕੇ ਦੀਆਂ ਮਾਵਾਂ ਵੀ ਦੋ ਹੁੰਦੀਆਂ ਤਾਂ ਤੁਹਾਨੂੰ ਵੀ ਸੂਰ ਹੋ ਜਾਂਦਾ। ਅਲੀਏ ਦਾ ਪਿਉ ਤਾਂ ਵਿਚਾਰਾ ਚੁੱਪ ਕਰ ਰਹਿੰਦਾ ਏ, ਤੁਸੀਂ ਸੋਟਾ ਫੜ ਲਿਆ ਕਰਦੇ।" ਭਜਨ ਕੌਰ ਨੇ ਦੂਜੇ ਘਰ ਦੀ ਹਾਲਤ ਬਾਰੇ ਜ਼ਰਾ ਸੁਖਾਵੇਂ ਢੰਗ ਨਾਲ ਕਿਹਾ। ਸਾਰੇ ਰਾਹ ਜੈਨਾ ਵਿਚਾਰੀ ਉਹਦੇ ਅੱਗੇ ਆਪਣੇ ਰੋਣੇ ਰੋਂਦੀ ਆਈ ਸੀ।

"ਉਇ, ਦੂਜੇ ਕਿਸੇ ਦੀ ਵੀ ਸੁਣਨ ਦਿਆ ਕਰ, ਕਿ ਤੂੰ ਹਰ ਵੇਲੇ ਆਪਣਾ ਈ ਘੋੜਾ ਠੇਲ੍ਹੀ ਰਖਦੀ ਏਂ।" ਸੱਜਣ ਸਿੰਘ ਨੇ ਐਵੇਂ ਬਨਾਉਟੀ ਜੇਹੀ ਝਿੜਕ ਦੇਂਦਿਆਂ ਕਿਹਾ। "ਹਾਂ, ਜੈਨਾ! ਬੋਲੀ ਨਹੀਂ।"

"ਸੱਜਣ ਸਿਹਾਂ! ਬੋਲਣਾ ਕੀ ਏ ? ਓਸ ਵੇਲੇ ਨੂੰ ਪੱਛੋਤੌਨੀ ਆਂ ਪਈ, ਜਦੋਂ ਮਾਪਿਆਂ ਨੇ ਤੇਰੇ ਭਰਾ ਦੇ ਲੜ ਲਾ ਦਿੱਤੀ।" ਜੈਨਾ ਸੱਚਮੁੱਚ ਉਸ ਸਮੇਂ ਨੂੰ ਪਛਤਾਅ ਰਹੀ ਸੀ।

"ਅਜੇ ਕਿਹੜੀ ਉਮਰ ਬੀਤ ਗਈ ਏ। ਹੁਣ ਨਵਾਂ ਘਰ ਭਾਲ ਲੈ।" ਇਲਮ ਦੀਨ ਦੀ ਵਾਜ ਵਿੱਚ ਡਾਢੀ ਘਿਰਣਾ ਤੇ ਗ਼ੁੱਸਾ ਰਲੇ ਹੋਏ ਸਨ।

"ਮਰਦ ਹੋ ਕੇ ਏਨੀ ਗੱਲ ਆਂਹਦਿਆਂ ਤੈਨੂੰ ਸ਼ਰਮ ਨਹੀਂ ਔਂਦੀ? ਲੈ ਫੜ?"

ਜੈਨਾ ਨੇ ਸੱਜੀ ਬਾਹ ਨਿੱਸਲ ਕਰ ਕੇ ਕਿਹਾ, "ਆਪਣੇ ਹੱਥੀਂ ਮੇਰੀ ਬਾਂਹ ਜੀਹਨੂੰ ਮਰਜ਼ੀ ਉ ਫੜਾ ਦਿਹ। ਭੈਣਾਂ ਤੇ ਧੀਆਂ ਤਾਂ ਸਾਰਾ ਜਹਾਨ ਅਗਾਂਹ ਤੋਰਦਾ ਆਇਆ ਏ, ਪਰ ਰੰਨ ਨੂੰ ਕਦੇ ਨਹੀਂ ਕਿਸੇ ਦੂੱਜਾ ਘਰ ਵਿਖਾਇਆ। ਤੂੰ ਇਹ ਨਵੀਂ ਰਸਮ ਤੋਰ ਦਿਹ।"

"ਆਪਣੇ ਸ਼ੌਂਕ ਨੂੰ ਹਰ ਕੋਈ ਨਵਾਂ ਘਰ ਲੱਭ ਲੈਂਦਾ ਏ। ਹੋਰ, ਕਿਸੇ ਦੇ ਦੱਸਿਆਂ ਕੁਛ ਨਹੀਂ ਬਣਦਾ।"

"ਮੈਨੂੰ ਸ਼ੌਂਕ ਤੇਰੇ ਨਾਲੋਂ ਵਧੇਰੇ ਨਹੀਂ ਸੀ ਲੱਗਾ। ਓਦੋਂ ਤੂੰ ਈ ਚੱਤੇ-ਪਹਿਰ ਮਗਰ-ਮਗਰ ਪੂਛਲ ਰਲਕੌਂਦਾ ਫਿਰਦਾ ਸੈਂ। ਮਾਸੀ ਦੀਆਂ ਬਰੂਹਾਂ ਪੁੱਟ ਮਾਰੀਆਂ ਸਈ।" ਜੈਨਾ ਗ਼ੁੱਸੇ ਵਿੱਚ ਆਪੇ ਤੋਂ ਬਾਹਰ ਹੋ ਗਈ ਸੀ।

"ਹੁਣ ਤਾਂ ਮੇਰੀ ਅਸਲੀਅਤ ਦਾ ਪਤਾ ਲੱਗ ਗਿਆ ਈ ਨਾ! ਹੁਣ ਈਂ ਸੰਭਲ ਜਾਹ।" ਇਲਮ ਦੀਨ ਬਹੁਤਾ ਤੰਗ ਪਿਆ ਜਾਪਦਾ ਸੀ।

"ਉਇ, ਚੁੱਪ ਕਰੋ ਦੋਵੇਂ। ਮੈਂ ਤੁਹਾਨੂੰ ਲੜੌਣ ਵਾਸਤੇ ਗੱਲ ਨਹੀਂ ਸੀ ਛੇੜੀ। ਕੀ ਪਤਾ ਸੀ, ਤੁਸੀਂ ਅੰਦਰੇ-ਅੰਦਰ ਫੋੜਿਆਂ ਵਾਂਗ ਭਰੇ ਪਏ ਓ। ਪਤਾ ਹੁੰਦਾ ਤਾਂ....।" ਸੱਜਣ ਸਿੰਘ ਨੂੰ ਪੂਰਾ ਪਤਾ ਹੁੰਦਾ, ਤਾਂ ਉਹ ਏਸ ਢੰਗ ਨਾਲ ਗੱਲ ਨਾ ਤੋਰਦਾ।

"ਜਿਹੜਾ ਠੰਢੇ ਦੁੱਧ ਨੂੰ ਫੂਕਾਂ ਮਾਰੀ ਜਾਵੇ, ਉਹਦਾ ਕੀ ਦਾਰੂ?" ਇਲਮ ਦੀਨ ਨੇ ਜੈਨਾ ਸਿਰ ਬਿਨਾਂ ਕਾਰਨ ਰੌਲਾ ਪਾਈ ਜਾਣ ਦਾ ਦੋਸ਼ ਲਾਇਆ।

"ਠੰਢੇ ਦੁੱਧ? ਘਰ ਦੇ ਫੋਲਣੇ ਨਾ ਫੁਲਾ ਐਵੇਂ। ਅਖੇ : ਢੱਕੀ ਰਿੱਝੇ ਤੇ ਕੋਈ ਨਾ ਬੁੱਝੇ।" ਜੈਨਾ ਨੇ ਮੱਥੇ 'ਤੇ ਤਿਊੜੀਆਂ ਪਾ ਕੇ ਸਿਰ ਹਿਲਾਉਂਦਿਆਂ ਧਮਕੀ ਦਿੱਤੀ।

"ਨਹੀਂ, ਦੱਸ ਦਿਹ ਤੂੰ। ਲਾ ਲੈ ਚਾਅ।" ਇਲਮ ਦੀਨ ਨੇ ਦਬਣ ਦੀ ਥਾਂ ਸਗੋਂ ਉਹਨੂੰ ਵੰਗਾਰਿਆ।

"ਲੈ, ਸੱਜਣ ਸਿਹਾਂ!" ਜੈਨਾ ਵੀ ਰੋਹ ਵਿੱਚ ਆ ਕੇ ਦਿਲ ਦੀ ਦੱਸਣ ਵਾਸਤੇ ਤਿਆਰ ਹੋ ਗਈ। "ਤੂੰ ਭਰਾਵਾਂ ਵਰਗਾ ਦਿਉਰ ਏਂ। ਤੇਰੇ 'ਤੇ ਮੁਣਸਬੀ ਰਹੀ। ਮੇਰਾ ਵਗਾੜ ਹੋਵੇ, ਤਾਂ ਨੀਵੇਂ ਥਾਂ ਬਹਾ ਲਵੀਂ। ਤੇ ਇਹਨੂੰ ਮੈਂ ਕੀ ਆਖਾਂ?"

"ਆਖ ਲੈ ਜੋ ਕੁਝ ਆਖਣਾ ਈਂ।"

"ਤੂੰ ਹੁਣ ਚੁੱਪ ਕਰ ਰਹੁ ਨਾ ਭਈ।" ਸੱਜਣ ਸਿੰਘ ਨੇ ਹੱਥ ਦੇ ਇਸ਼ਾਰੇ ਨਾਲ ਇਲਮ ਦੀਨ ਨੂੰ ਚੁੱਪ ਰਹਿਣ ਦੀ ਸਲਾਹ ਦਿੱਤੀ।

"ਉਹ ਜਦੋਂ ਬੋਲੇਗੀ, ਵੱਖੀ ਤੋਂ ਬੋਲੇਗੀ। ਬੱਸ, ਹਰ ਵੇਲੇ ਤਾਹਨੇ। ਅੰਦਰੋਂ-ਅੰਦਰ ਛੁਰੀਆਂ ਚਲੌਂਦੀ ਰਹੇਗੀ। ਮੈਂ ਤਾਂ ਏਸ ਜਿਊਣ ਤੋਂ ਤੰਗ ਆ ਗਈ ਆਂ। ਨਿੱਕਿਆਂ-ਨਿੱਕਿਆਂ ਜੁਆਕਾਂ ਦਾ ਮੋਹ ਮਾਰਦਾ ਏ, ਨਹੀਂ ਤਾਂ ਕਿਸੇ ਖੂਹ ਟੋਭੇ ਪੈ ਜਾਵਾਂ।" ਵਾਜ ਤੋਂ ਜਾਪਦਾ ਸੀ, ਜਿਵੇਂ ਠੀਕ ਹੀ ਜੈਨਾ ਜ਼ਿੰਦਗੀ ਤੋਂ ਅਵਾਜ਼ਾਰ ਸੀ।

"ਰੋ ਕੇ ਵਖਾ ਦਿਉਰ ਨੂੰ।" ਇਲਮ ਦੀਨ ਨੇ ਪਾਸੇ ਤੋਂ ਚੁਆਤੀ ਲਾਈ।

"ਮੇਰਾ ਰੋਂਦਾ ਈ ਪੌਲਾ। ਡੁਸਕ-ਡੁਸਕ ਕੇ ਵਖੌਣ ਵਾਲੀ ਇਕ ਜੁ ਹੈਗੀ ਏ।" ਜੈਨਾ ਇਕੋ ਵਾਰ ਭੜਕ ਉਠੀ।

"ਉਇ, ਚੁੱਪ ਨਹੀਂ ਰਿਹਾ ਜਾਂਦਾ ਤੈਥੋਂ? ਇਕ ਬੰਦਾ ਅੱਗੇ ਦੁੱਖੀ ਹੋਣਾ, ਉੱਤੋਂ ਹੋਰ ਬਲਦੀ 'ਤੇ ਤੇਲ ਪੌਣਾ।" ਸੱਜਣ ਸਿੰਘ ਨੇ ਜ਼ਰਾ ਕੁ ਸਖ਼ਤ ਸੁਰ ਵਿੱਚ ਕਿਹਾ।

"ਲੈ, ਮੈਂ ਨਹੀਂ ਬੋਲਦਾ। ਤੁਸੀਂ ਦੋਵੇਂ ਦਿਉਰ ਭਰਜਾਈ ਕਰ ਲੌ ਨਿਆਂ।"

"ਵਚਾਰੀ ਡਾਢੀ ਔਖੀ ਏ, ਸੱਚੀਂ।" ਭਜਨ ਕੌਰ ਨੇ ਮੂੰਹ ਨੇੜੇ ਕਰਕੇ ਹੌਲੀ ਜੇਹੀ ਪਤੀ ਦੇ ਕੰਨ ਵਿੱਚ ਕਿਹਾ। ਉਹ ਇਲਮ ਦੀਨ ਵੱਲੋਂ ਕੰਡ ਕਰਕੇ ਬੈਠੀ ਹੋਈ ਸੀ ਤਾਂ ਕਿ ਘੁੰਡ ਨਾ ਕੱਢਣਾ ਪਵੇ।

"ਜੈਨਾ!" ਸੱਜਣ ਸਿੰਘ, ਫ਼ਤਹਿ ਬੀਬੀ ਨੂੰ ਤਾਂ ਭਾਬੀ ਕਿਹਾ ਕਰਦਾ ਸੀ, ਪਰ ਜੈਨਾ ਦਾ ਨਾਂ ਸੱਦਿਆ ਕਰਦਾ ਸੀ। "ਗੁੱਸੇ ਗਿਲ੍ਹੇ ਦੀਆਂ ਗੱਲਾਂ ਛੱਡੋ। ਪਾਣੀ ਰਿੜਕਿਆਂ ਕੁਛ ਨਹੀਂ ਬਣਦਾ। ਤੁਸੀਂ ਉਹ ਗੱਲ ਕਰੋ, ਜਿਵੇਂ ਤੁਹਾਡਾ ਝਗੜਾ ਨਿੱਬੜ ਜਾਏ। ਘਰ ਵਿੱਚ ਨਿੱਤ ਦਾ ਕਲੇਸ਼ ਚੰਗਾ ਨਹੀਂ ਹੁੰਦਾ।"

"ਕਲੇਸ਼ ਤਾਂ ਇਕ ਗੱਲ ਨਾਲ ਮਿਟ ਜਾਂਦਾ ਏ। ਇਹ ਸਾਨੂੰ ਦੋਹਾਂ ਨੂੰ ਇਕੋ ਅੱਖ ਵੇਖਿਆ ਕਰੇ।" ਜੈਨਾ ਨੇ ਰੋਗ ਦਾ ਅਸਲੀ ਕਾਰਨ ਦੱਸ ਦਿੱਤਾ।

"ਦੋ ਅੱਖਾਂ ਹੁੰਦਿਆਂ ਹੋਇਆਂ, ਮੈਂ ਹੁਣ ਬੂਟੇ ਨੱਥੂਵਾਲੀਏ ਵਾਂਗ ਇਕ ਅੱਖ ਨਾਲ ਕਿਵੇਂ ਵੇਖਾਂ ?" ਇਲਮ ਦੀਨ ਨੇ ਇਕ ਤਰ੍ਹਾਂ ਆਪਣੀ ਮਜਬੂਰੀ ਪ੍ਰਗਟ ਕੀਤੀ।

ਨੱਥੂ ਵਾਲੀਏ ਬੂਟੇ ਦੇ ਘਰ ਦੋ ਵਹੁਟੀਆਂ ਸਨ, ਪਰ ਉਹਦੀ ਅੱਖ ਇਕੋ ਸੀ। ਸੌਂਕਣਾਂ ਨੇ ਆਪਸ ਵਿੱਚ ਲੜਣਾ ਤਾਂ ਬੂਟੇ ਨੇ ਰਾਸ ਲੀਲ੍ਹਾ ਦੇ ਮਨਸੁਖ ਵਾਂਗ ਬੜੀ ਡਰਾਮਾਈ ਅਦਾਅ ਨਾਲ ਆਪਣੀ ਅੱਖ ਵੱਲ ਇਸ਼ਾਰਾ ਕਰਕੇ ਕਹਿਣਾ, 'ਭਲੀਓ ਲੋਕੋ! ਮੈਂ ਤਾਂ ਤੁਹਾਨੂੰ ਦੋਹਾਂ ਨੂੰ ਇਕ ਅੱਖ ਨਾਲ ਵਿਹਨਾ ਆਂ। ਇਹ ਝਗੜੇ ਝਾਂਜੇ ਤੁਸੀਂ ਆਪਸ ਵਿੱਚ ਨਜਿੱਠ ਲਿਆ ਕਰੋ।'

ਇਲਮ ਦੀਨ ਦਾ ਇਹ ਗੁੱਝਾ ਇਸ਼ਾਰਾ ਤੱਕ ਕੇ ਗੰਭੀਰ ਵਾਤਾਵਰਣ ਵਿੱਚ ਥੋੜ੍ਹਾ ਜਿਹਾ ਹੁਲਾਸ ਆ ਗਿਆ।

"ਵੇਖਿਆ ਈ, ਹੁਣ ਗੱਲ ਪਾਸੇ ਟਾਲਦਾ। ਬੰਨੇ ਲੱਗਣ ਦੇਂਦਾ ਏ ਕਿਸੇ?" ਜੈਨਾ ਨੂੰ ਇਲਮ ਦੀਨ ਦਾ ਇਹ ਢੰਗ ਸੁਖਾਇਆ ਨਹੀਂ ਸੀ। ਉਹਨੇ ਸੱਜਣ ਸਿੰਘ ਵੱਲ ਧਿਆਨ ਕਰਕੇ ਸ਼ਿਕਾਇਤ ਵਜੋਂ ਕਿਹਾ।

"ਹੱਛਾ, ਹੁਣ ਨਹੀਂ ਬੋਲਦਾ ਉਹ। ਤੇ ਤੂੰ ਵੀ ਵਾਢਵੀਂ ਗੱਲ ਨਹੀਂ ਕਰਨੀ।" ਸੱਜਣ ਸਿੰਘ ਨੇ ਜੈਨਾ ਨੂੰ ਠੰਢੇ ਦਿਲ ਨਾਲ ਗੱਲਾਂ ਕਰਨ ਵਾਸਤੇ ਪ੍ਰੇਰਿਆ।

"ਪਹਿਲਾਂ ਅੱਜ ਦੀ ਗੱਲ ਸੁਣ ਲੈ। ਆਪੇ ਜਾਚ ਕਰ ਲਈਂ ਤੂੰ ਕਿ ਕੀਹਦਾ

ਵਗਾੜ ਏ। ਏਥੋਂ ਰੋਟੀਆਂ ਦੇ ਕੇ, ਮੈਂ ਖੂਹ 'ਤੇ ਅੰਞਾਣਿਆਂ ਦੇ ਲੀੜੇ ਧੋਣ ਜਾ ਬੈਠੀ। ਓਥੇ ਮੈਨੂੰ ਦੋ ਘੜੀਆਂ ਲੱਗ ਗਈਆਂ। ਢਲੀ ਦੁਪਹਿਰ ਮੈਂ ਘਰ ਮੁੜੀ ਤਾਂ ਨਾ ਚੁੱਲ੍ਹੇ ਅੱਗ ਨਾ ਤੌੜੀ ਪਾਣੀ। ਦੋਵੇਂ ਦਰਾਣੀ-ਜਠਾਣੀ ਲੀੜੇ ਤਾਣ ਕੇ ਸੁੱਤੀਆਂ ਪਈਆਂ। ਗੁੱਸੇ ਮਾਰੀ ਮੈਂ ਵੀ ਲੀੜੇ ਸੁੱਕਣੇ ਪਾ ਕੇ ਲੰਮੀ ਪੈ ਗਈ। ਜਦੋਂ ਦੀਪੋ ਵਾਜ ਮਾਰਨ ਆਈ, ਸਾਡੇ ਅਜੇ ਰੂਆਂ-ਧੂੰਆਂ ਵੀ ਨਹੀਂ ਸੀ। ਮੈਂ ਪੁੱਛਿਆ ਤਾਂ ਅੱਗੋਂ ਪੈ ਗਈਆਂ ਸਿਰ ਦੇ ਵਾਲਾਂ ਨੂੰ। 'ਸਾਥੋਂ ਨਹੀਂ ਕਿਸੇ ਨਖਾਫ਼ਣੇ ਦੀਆਂ ਰੋਟੀਆਂ ਲਜਾਈਆਂ ਜਾਂਦੀਆਂ ਦੁਪਹਿਰੇ। ਲੈ ਜਾਵੇ, ਜੀਹਨੂੰ ਲੋੜ ਏ।' ਹਾਂ, ਓਸ ਨਬਾਬਜਾਦੀ, ਸਤਰਾਂ 'ਚ ਰਹਿਣ ਵਾਲੀ ਤੋਂ ਧੁੱਪੇ ਰੋਟੀਆਂ ਔਂਦੀਆਂ ਨੇ? ਤੇ ਮੈਂ ਹੋਈ ਕਮੀਣਾਂ ਦੀ ਧੀ। ਗ਼ੁੱਸਾ ਤਾਂ ਬਥੇਰਾ ਆਇਆ, ਪਰ ਚੰਦਰੀਆਂ ਆਂਦਰਾਂ ਤੋਂ ਰਿਹਾ ਨਾ ਗਿਆ। ਛੇਤੀ-ਛੇਤੀ ਚਹੁੰ ਰੋਟੀਆਂ ਦਾ ਆਟਾ ਮਰੋੜ ਕੇ ਮੈਂ ਭੈਣ ਦੇ ਨਾਲ ਤੁਰ ਪਈ। ਦੱਸ, ਹੁਣ ਇਹ ਵੀ ਮੇਰਾ ਗੁਨਾਹ ਏ? ਹੁਣ ਅਚਾਰ ਵੇਖ ਕੇ ਘੂਰੀਆਂ ਵਟਦਾ ਏ, ਮੈਂ ਐਡੀ ਛੇਤੀ ਇਹਦੇ ਵਾਸਤੇ ਬੱਕਰਾ ਭੁੰਨ ਲਿਔਂਦੀ?"

"ਬੱਕਰਾ ਨਹੀਂ, ਤਾਂ ਨਿੱਘਰੀਏ ਹੋਈਏ, ਤੂੰ ਹੀਰ ਵਾਂਗ ਚੂਰੀ ਈ ਕੁੱਟ ਲਿਔਂਦੀਓਂ।" ਦਿਉਰ ਦੇ ਨਾਤੇ ਸੱਜਣ ਸਿੰਘ ਨੇ ਹਾਸੇ ਨਾਲ ਕਿਹਾ।

"ਵੇ, ਮੈਂ ਤਾਂ ਹੀਰ ਨਾਲੋਂ ਘੱਟ ਨਹੀਂ ਸੀ, ਤੇਰਾ ਭਾਈ ਈ ਰਾਂਝੇ ਵਾਂਗ ਚੁੱਲ੍ਹੇ ਦਾ ਵੱਟਾ ਨਿਕਲਿਆ।" ਜੈਨਾ ਨੇ ਵਿਅੰਗ ਨਾਲ ਕਿਹਾ।

"ਲੌ, ਹੋਰ ਸੁਣ ਲੌ ਸੁ।" ਭਜਨ ਕੌਰ ਨੇ ਹੌਲੀ ਜੇਹੀ ਕਿਹਾ।

"ਅਸਲੀ ਗੱਲ ਨਹੀਂ ਦੱਸਦੀ, ਜਿਸ ਤੋਂ ਛੇਆਂ ਮਹੀਨਿਆਂ ਦਾ ਰੇੜਕਾ ਪਾਇਆ ਹੋਇਆ ਸੁ। ਤੇ ਐਵੇਂ ਰੋਟੀਆਂ ਦਾ ਝੇੜਾ ਲੈ ਬੈਠੀ ਏ।" ਕੋਲੋਂ ਇਲਮ ਦੀਨ ਨੇ ਲੰਮੀਆਂ ਕਹਾਣੀਆਂ ਤੋਂ ਤੰਗ ਪੈ ਕੇ ਕਿਹਾ।

"ਤੂੰਹੇਂ ਦੱਸ ਦਿਹ ਫਿਰ।" ਜੈਨਾ ਵੀ ਚਾਹੁੰਦੀ ਸੀ ਕਿ ਅਸਲੀ ਗੱਲ ਸੱਜਣ ਸਿੰਘ ਦੇ ਸਾਹਮਣੇ ਆ ਜਾਵੇ।

"ਓਦਣ ਕਪਾਹ ਵੇਚ ਕੇ ਆਏ ਆਂ ਨਾ? ਬੱਸ, ਓਦੋਂ ਦਾ ਰੇੜਕਾ ਪਿਆ ਹੋਇਆ ਈ।" ਇਲਮ ਦੀਨ ਨੇ ਪਾਣੀ ਦੀ ਘੁੱਟ ਨਾਲ ਸੁੱਕੀ ਬੁਰਕੀ ਸੰਘੋਂ ਲੰਘਾਉਂਦਿਆਂ ਕਿਹਾ।

"ਕਿਸ ਗੱਲ ਦਾ।" ਸੱਜਣ ਸਿੰਘ ਨੇ ਅਸਲੀਅਤ ਤੱਕ ਪਹੁੰਚਣ ਦੇ ਇਰਾਦੇ ਨਾਲ ਕਿਹਾ।

"ਤੈਨੂੰ ਪਤਾ ਏ, ਕਪਾਹ ਮਸ੍ਹਾਂ ਤਿੰਨ ਕੁ ਵੀਹਾਂ ਦੀ ਹੋਈ ਸੀ। ਸੌ ਰੁਪਈਆ ਸ਼ਾਹ ਕੋਲੋਂ ਲੈ ਕੇ ਬਜ਼ਾਰ ਗਏ। ਪਹਿਲਾਂ ਤਾਂ ਕਰਮ ਦੀਨ ਨੇ ਸਾਰੇ ਟੱਬਰ ਦੇ ਲੀੜੇ ਬਣਾਏ। ਫੇਰ ਇਹਨਾਂ ਦੋਹਾਂ ਦੇ ਅੰਞਾਣਿਆਂ ਦੇ ਬਣਾਏ। ਮੈਨੂੰ ਤਾਂ ਖਾ ਲਿਆ ਏ ਏਸ ਸੂਰ-ਵਾਧੇ ਨੇ।.....।"

"ਸੁਣਦਾ ਏਂ ਨਾ।" ਜੈਨਾ ਨੇ ਸੱਜਣ ਸਿੰਘ ਨੂੰ ਸੰਬੋਧਨ ਕਰਕੇ ਕਿਹਾ। "ਸੂਰ-ਵਾਧਾ ਮੇਰਾ ਕੱਲ੍ਹੀ ਦਾ ਈ। ਇਹਦਾ ਨਹੀਂ।"

"ਭਈ, ਤੂੰ ਵਾਢਵੀਂ ਗੱਲ ਕਿਉਂ ਕਰਦਾ ਏਂ?" ਸੱਜਣ ਸਿੰਘ ਨੇ ਇਲਮ ਦੀਨ ਨੂੰ ਟੋਕਦਿਆਂ ਕਿਹਾ।

"ਮੇਰੇ ਜੀਅ 'ਚ ਆਈ, ਐਵੇਂ ਮੂੰਹ ਸੁਜਾਈ ਫਿਰਨਗੀਆਂ। ਇਕ-ਇਕ ਸੂਟ ਇਹਨਾਂ ਦਾ ਵੀ ਬਣਾ ਲਚੱਲਾਂ। ਉਹਦੇ ਸੂਟ ਦਾ ਮੈਂ ਛੇ ਗਜ਼ ਪੜਵਾ ਲਿਆ, ਤਾਂ.....।"

"ਮੇਰੇ ਸੂਟ ਵਾਰੀਂ ਪੈਸੇ ਮੁੱਕ ਗਏ।" ਇਲਮ ਦੀਨ ਦਾ ਛੱਡਿਆ ਅਧੂਰਾ ਵਾਕ ਜੈਨਾ ਨੇ ਪੂਰਾ ਕਰ ਦਿੱਤਾ। "ਇਹ ਵਿਤਕਰਾ ਏਸੇ ਵਾਸਤੇ ਨਾ, ਕਿ ਮੈਂ ਗ਼ਰੀਬਾਂ ਦੀ ਧੀ ਆਂ। ਸਗੋਂ ਸੋਚੇ ਤਾਂ ਮੇਰੇ ਲਈ ਇਹਦਾ ਵਧੇਰੇ ਫ਼ਰਜ਼ ਬਣਦਾ ਏ।"

"ਭਲਾ ਉਹ ਕਿਉਂ?" ਸੱਜਣ ਸਿੰਘ ਨੇ ਮੁਸਕਰਾਉਂਦਿਆਂ ਪੁੱਛਿਆ।

"ਏਸ ਲਈ ਕਿ ਉਹ ਤਾਂ ਇਹਦੇ ਗਲ ਮਾਪਿਆਂ ਨੇ ਮੱਲੋ-ਮੱਲੀ ਮੜ੍ਹ ਦਿੱਤੀ ਸੀ ਤੇ ਮੈਨੂੰ ਇਹਨੇ ਆਪ ਪਸੰਦ ਕਰਕੇ ਲਿਆਂਦਾ ਏ। ਮਾਸੀ ਦੀਆਂ ਬਰੂੰਟਣਾਂ 'ਤੇ ਨੱਕ ਰਗੜ-ਰਗੜ ਕੇ। ਮੈਂ ਆਪਣੇ ਆਪ ਘਰ ਪੁੱਛ ਕੇ ਨਹੀਂ ਸਾਂ ਆ ਗਈ।"

"ਲੈ, ਐਨੀ ਗੱਲ ਦਾ ਸਾਰਾ ਗ਼ੁੱਸਾ ਈ।" ਇਲਮ ਦੀਨ ਇਸ ਗੱਲ ਨੂੰ ਬਹੁਤ ਮਾਮੂਲੀ ਸਮਝਦਾ ਸੀ।

"ਗ਼ੁੱਸਾ ਕਰਾਂ ਨਾਂ? ਸੌਂਕਣ-ਸਾੜਾ ਕੀਹਦੇ ਵਿੱਚ ਨਹੀਂ ਹੁੰਦਾ। ਨਾਲੇ ਜੁਆਨ ਪੁੱਤਰ ਕੋਲ ਬੈਠਾ ਏ, ਬਾਕੀ ਗੱਲਾਂ ਕਿਵੇਂ ਦੱਸਾਂ ?" ਸਭ ਤੋਂ ਵਧੇਰੇ ਜੈਨਾ ਬਸ਼ਕੇ ਦੀ ਸ਼ਰਮ ਮਹਿਸੂਸ ਕਰ ਰਹੀ ਸੀ।

"ਉਇ, ਦੱਸ ਲੈ ਤੂੰ ਸਭ ਕੁਛ। ਰੁੱਖਾ ਨਾ ਖਾਈਂ।"

"ਦੱਸਿਆਂ ਤੋਂ ਬਿਨਾਂ ਨਹੀਂ ਸਮਝਦਾ ਉਹ?"

"ਭਈ, ਤੁਸੀਂ ਫੇਰ ਗਰਮੀ ਵਿੱਚ ਔਂਦੇ ਜਾਂਦੇ ਓ। ਇਲਮ ਦੀਨਾ। ਸੱਚੀ ਆਖਾਂ, ਤੂੰ ਲਿਔਣੇ ਸੀ, ਤਾਂ ਦੋਹਾਂ ਦੇ ਸੂਟ ਲਿਔਂਦੋਂ, ਨਹੀਂ ਤਾਂ ਅੱਧੇ ਖੂਹ ਮਹੁਰਾ ਨਹੀਂ ਸੀ ਪੌਣਾ ਚਾਹੀਦਾ।" ਸੱਜਣ ਸਿੰਘ ਨੇ ਇਨਸਾਫ਼ ਦੀ ਗੱਲ ਕੀਤੀ।

"ਪਰ ਲਿਔਂਦਾ ਕਾਹਦਾ? ਮੈਂ ਆਪ ਗਹਿਣੇ ਪੈ ਜਾਂਦਾ।"

"ਫਿਰ ਉਹਦਾ ਵੀ ਨਾ ਲਿਔਂਦੋਂ। ਇਹ ਤਾਂ ਆਪਣੇ ਨਾਲ ਵਿਤਕਰਾ ਨਾ ਸਮਝਦੀ?"

"ਹਾਹੋ ਭਈ! ਤੂੰ ਵੀ ਭਰਜਾਈ ਦੀ ਤਰਫ਼ਦਾਰੀ ਕਰਨੀ ਏਂ ਨਾ। ਬੰਦੇ ਦੀ ਕੌਣ ਸੁਣਦਾ ਏ ?"

"ਤੇ ਬੰਦਾ ਕਾਣੀ-ਵੰਡ ਨਾ ਕਰਿਆ ਕਰੇ। ਤੂੰ ਦੋਹਾਂ ਨੂੰ ਇਕੋ ਜੇਹਾ ਜਾਣ। ਮੈਂ

ਭੁੱਖੀ ਤਿਹਾਈ ਕੱਟਣ ਨੂੰ ਤਿਆਰ ਆਂ, ਪਰ ਇਹ ਵਿਤਕਰਾ ਨਹੀਂ ਜਰਿਆ ਜਾਂਦਾ।" ਜੈਨਾ ਨੇ ਸਾਫ਼ ਸ਼ਬਦਾਂ ਵਿੱਚ ਦਿਲ ਦੀ ਕਹਿ ਦਿੱਤੀ।

"ਭਈ ਇਲਮ ਦੀਨਾ! ਭਰਜਾਈ ਸੱਚੀ ਹੋਵੇ, ਤਾਂ ਉਹਦੀ ਰਈਂ ਕਰਨੀ ਵੀ ਮਾੜੀ ਗੱਲ ਨਹੀਂ। ਤੈਨੂੰ ਦੋਹਾਂ ਨਾਲ ਇਕੋ ਜੇਹਾ ਵਰਤਣਾ ਚਾਹੀਦਾ ਏ। ਏਥੇ ਤੇਰੀ ਗ਼ਲਤੀ ਏ। ਇਕੋ ਜੇਹਾ ਦੋਹਾਂ ਨੂੰ ਖਾਣ ਹੰਡੋਣ ਨੂੰ ਦਿਹ। ਇਕੋ ਜੇਹਾ ਦੋਵੇਂ ਜਣੀਆਂ ਕੰਮ ਕਰਨ। ਹੁਣ ਇਹ ਵੀ ਉਹਦੇ ਵਾਂਗ ਰੀਸ ਕਰਕੇ ਰੋਟੀ ਨਾ ਲਿਔਂਦੀ ਤਾਂ ਤਕਾਲਾਂ ਤੱਕ ਨਾਨੀ ਚੇਤੇ ਆ ਜਾਂਦੀ।"

"ਉਇ, ਉਹ ਕੁੱਤੀ ਨਾ ਸਮਝੇ, ਤਾਂ ਕੀ ਕਰਾਂ ਮੈਂ ? ਰੋਜ਼ ਦਿਹਾੜੀ ਬੰਦਾ ਮਾਰਦਾ ਕੁੱਟਦਾ ਵੀ ਕਿੱਥੋਂ ਰਹੇ ?" ਇਲਮ ਦੀਨ ਨੇ ਜੈਨਾ ਨੂੰ ਖ਼ੁਸ਼ ਕਰਨ ਦੇ ਇਰਾਦੇ ਨਾਲ ਦੂਜੀ ਵਾਸਤੇ ਕੌੜਾ ਸ਼ਬਦ ਵਰਤਿਆ।

"ਦੋਹਾਂ ਨੂੰ ਅੱਡ ਕਰ ਦਿਹ। ਸਾਲ ਦੇ ਦਾਣੇ ਵੱਖੋ-ਵੱਖ ਤੋਲ ਦਿਆ ਕਰ। ਇਕ ਮਹੀਨਾ ਮੈਂ ਪਕਾਇਆ ਕਰਾਂਗੀ, ਇਕ ਮਹੀਨਾ ਉਹ ਪੱਕਾ ਲਵੇ। ਤੇਰੀ ਰੋਟੀ ਦਾ ਈ ਝਗੜਾ ਏ ਨਾ। ਨਹੀਂ ਤਾਂ ਆਪੋ ਆਪਣੇ ਸੂਰ-ਵਾਧੇ ਵਾਸਤੇ ਤਾਂ ਹਰ ਇਕ ਨੇ ਪਕੌਣੀਆਂ ਈ ਨੇ।" ਜੈਨਾ ਨੇ ਤਜਵੀਜ਼ ਪੇਸ਼ ਕੀਤੀ, ਜਿਵੇਂ ਸਦਾ ਵਾਸਤੇ ਇਹ ਝਗੜਾ ਨਜਿੱਠਿਆ ਜਾ ਸਕਦਾ ਸੀ।

"ਜਿਹੜੀ ਚਾਰ ਟੱਪੇ ਹੈਗੀ ਏ, ਜ਼ਮੀਨ ਵੀ ਨਾ ਵੰਡ ਦਿਆਂ ਤੁਹਾਨੂੰ?" ਇਲਮ ਦੀਨ ਨੇ ਛਿੱਥੇ ਪੈ ਕੇ ਕਿਹਾ।

"ਮਨਜ਼ੂਰ ਏ। ਮੈਂ ਜੱਟਾਂ ਦੀ ਧੀ ਆਂ, ਜਲਾਹਿਆਂ ਮੋਚੀਆਂ ਦੀ ਨਹੀਂ। ਆਪੇ ਵਾਹੀ ਕਰ ਲਵਾਂਗੀ ਮੈਂ। ਤੂੰ ਧੋਤੇ ਹੋਏ ਕੱਪੜੇ ਪਾ ਕੇ ਤੂਤਾਂ ਹੇਠ ਬਹਿ ਰਿਹਾ ਕਰੀਂ। ਇਕ ਮਹੀਨਾ ਮੇਰੇ ਜ਼ੁੰਮੇਂ, ਇਕ ਮਹੀਨਾ ਉਹ ਜਾਣੇ।" ਜੈਨਾ ਨੇ ਛਾਤੀ ਤਾਣ ਕੇ ਕਿਹਾ, ਜਿਵੇਂ ਉਹ ਇਹ ਜ਼ਿੰਮੇਂਵਾਰੀ ਚੁਕਣ ਵਾਸਤੇ ਵੀ ਤਿਆਰ ਸੀ।

"ਤੂਤਾਂ ਹੇਠ ਕਾਹਨੂੰ, ਆਖ : ਤਖੀਏ ਬਹਿ ਰਿਹਾ ਕਰੀਂ।" ਇਲਮ ਦੀਨ ਨੇ ਵਿਅੰਗ ਨਾਲ ਨੱਕ ਚੜ੍ਹਾ ਕੇ ਕਿਹਾ।

"ਮੈਂ ਤਾਂ ਆਪਣੀ ਵਾਰੀ ਦੇ ਛੇ ਮਹੀਨੇ ਚੌਂਕੇ ਵਿੱਚ ਬਹਾ ਕੇ ਖੁਆਇਆ ਕਰਾਂਗੀ। ਤੇ ਉਹਦੀ ਵਾਰੀ ਭਾਵੇਂ ਤਖੀਏ 'ਚ ਛੱਡਿਆ, ਮਸੀਤੇ ਜਾ ਬਿਹਾ ਕਰੀਂ।"

"ਹੱਛਾ ਭਈ, ਹੁਣ ਮੇਰੀ ਵੀ ਸੁਣ ਲਵੋ।" ਸੱਜਣ ਸਿੰਘ ਨੇ ਦੋਹਾਂ ਨੂੰ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਾਉਂਦਿਆਂ ਕਿਹਾ, "ਤੁਹਾਡਾ ਰੋਗ ਲੱਭ ਲਿਆ ਏ। ਪਰ ਇਹਦਾ ਇਲਾਜ ਜ਼ਰਾ ਸੋਚ ਸਮਝ ਕੇ ਕਰਨਾ ਪਵੇਗਾ। ਐਸ ਵੇਲੇ ਤੁਸੀਂ ਦੋਵੇਂ ਗਰਮ ਓ। ਤੁਸੀਂ ਚਾਰ ਦਿਨ ਥਾਓਂ-ਥਾਈਂ ਠੰਢੇ ਹੋਵੋ ਤੇ ਅਸੀਂ ਦਾਣੇ ਕੱਢ ਲਈਏ। ਫੇਰ ਤੁਹਾਡਾ ਕੋਈ ਪੱਕਾ ਬਾਨ੍ਹਣੂ ਬੰਨ੍ਹਾਂਗੇ। ਜੈਨਾ! ਤੁਸੀਂ ਹੁਣ ਦਰਾਣੀ-ਜਠਾਣੀ ਚੱਲੋ ਤੇ

ਅਸੀਂ ਫਲ੍ਹੇ ਹਿਕਦੇ ਆਂ।" ਸੱਜਣ ਸਿੰਘ ਨੇ ਦੋਹਾਂ ਧਿਰਾਂ ਦੀਆਂ ਸੁਣ ਕੇ ਫ਼ੈਸਲੇ ਵਾਸਤੇ ਤਾਰੀਖ਼ ਦੇ ਦਿੱਤੀ।

## 11

"ਹੱਛਾ ਭਈ ਸ਼ੇਰੋ! ਤੁਸੀਂ ਬਲਦ ਲੈ ਕੇ ਘਰ ਨੂੰ ਚੱਲੋ ਤੇ ਮੈਂ ਪੈਰੀ ਲਾ ਕੇ ਔਨਾ ਆਂ।" ਸੱਜਣ ਸਿੰਘ ਨੇ ਬਸ਼ਕੇ ਨੂੰ ਕਿਹਾ। ਪੱਪੂ ਉਹਦੇ ਨਾਲ ਹੋਣ ਕਰਕੇ ਉਹਨੇ ਪੁੱਤਰਾਂ ਵਾਸਤੇ 'ਸ਼ੇਰ' ਸ਼ਬਦ ਬਹੁ-ਵਚਨ ਵਰਤਿਆ।

ਦਿਨ ਛਿਪ ਰਿਹਾ ਸੀ, ਜਾਂ ਇਲਮ ਦੀਨ ਤੇ ਸੱਜਣ ਸਿੰਘ ਨੇ ਫਲ੍ਹੇ ਛੱਡੇ। ਇਹ ਉਹਨਾਂ ਦੀਆਂ ਆਖ਼ਰੀ ਪੈਰੀਆਂ ਸਨ। ਬਸ਼ਕੇ ਨੇ ਪੱਪੂ ਨੂੰ ਕੰਧਾੜੇ ਚੁੱਕ ਕੇ ਬਲਦ ਅੱਗੇ ਲਾ ਲਏ। ਕਰਮ ਦੀਨ ਵੀ ਬਲਦ ਅੱਗੇ ਲਾ ਕੇ ਪਿੰਡ ਨੂੰ ਤੁਰ ਪਿਆ। ਭਾਵੇਂ ਇਲਮ ਦੀਨ ਦੀ ਇੱਛਿਆ ਸੀ ਕਿ ਉਹ ਉਹਦੇ ਨਾਲ ਪੈਰੀ ਕੱਠੀ ਕਰਾ ਕੇ ਜਾਂਦਾ।

ਇਲਮ ਦੀਨ ਤੇ ਸੱਜਣ ਸਿੰਘ ਨੇ ਫਲ੍ਹੇ ਚੁੱਕ ਕੇ ਪਿੜਾਂ 'ਚੋਂ ਬਾਹਰ ਰੱਖ ਦਿੱਤੇ ਤੇ ਆਪ ਤੰਗਲੀਆਂ ਫੜ ਕੇ ਲੱਗ ਪਏ।

"ਬਸ਼ਕਾ ਤਾਂ ਭਲਾ ਅੰਞਾਣਾ ਹੋਇਆ, ਤੇ ਕਰਮ ਦੀਨ ਨੂੰ ਚਾਹੀਦਾ ਨਹੀਂ ਸੀ, ਮੇਰੇ ਨਾਲ ਧੜ ਲੁਆ ਕੇ ਜਾਂਦਾ? ਮੈਂ ਕੱਲ੍ਹੇ ਨੇ ਲਹੂ ਕਢਾਇਆ ਹੋਇਆ ਏ?" ਇਲਮ ਦੀਨ ਨੇ ਸੱਜਣ ਸਿੰਘ ਅੱਗੇ ਗਿਲਾ ਕੀਤਾ।

"ਸਭ ਆਪਣੇ ਮਤਲਬ ਦੇ ਨੇ ਮਿੱਤਰਾ! ਅਖੇ : ਏਥੇ ਕੋਈ ਨਾ ਕਿਸੇ ਦਾ ਬੇਲੀ।" ਸੱਜਣ ਸਿੰਘ ਨੇ ਅੱਗੋਂ ਸਾਂਝਾ ਜੇਹਾ ਉੱਤਰ ਦਿੱਤਾ।

"ਠੀਕ ਆਖਿਆ ਈ, ਰੰਨਾ, ਪੁੱਤਰ, ਭਰਾ, ਸਭ ਗਰਜ਼ ਦੇ ਬੰਦੇ ਨੇ।" ਇਲਮ ਦੀਨ ਨੇ ਥੋੜ੍ਹਾ ਜਿਹਾ ਸਿਰ ਹਿਲਾ ਕੇ ਸੱਜਣ ਸਿੰਘ ਦੇ ਕਥਨ ਦੀ ਪ੍ਰੋੜ੍ਹਤਾ ਕੀਤੀ।

ਸੱਜਣ ਸਿੰਘ ਨਾਲੋਂ ਇਲਮ ਦੀਨ ਕੱਦੋਂ ਹੌਲਾ ਤੇ ਸਰੀਰੋਂ ਮਾੜਾ ਸੀ। ਘਰ ਦੇ ਬਹੁਤੇ ਫ਼ਿਕਰਾਂ ਨੇ ਉਹਨੂੰ ਗਾਲ ਲਿਆ ਸੀ। ਸਾਰੇ ਦਿਨ ਦਾ ਕੰਮ ਦਾ ਭੰਨਿਆਂ ਹੋਇਆ ਉਹਦਾ ਪਿੰਡਾ ਦਰਦ ਕਰ ਰਿਹਾ ਸੀ। ਉਹਦਾ ਜੀ ਕਰਦਾ ਸੀ, ਉਹ ਪੈਰੀ ਕੱਠੀ ਕਰਨ ਦੀ ਥਾਂ ਓਸੇ ਤਰ੍ਹਾਂ ਗਾਹ ਉੱਤੇ ਲੰਮਾ ਪੈ ਜਾਵੇ। ਪਰ ਜੇ ਰਾਤ ਹਨ੍ਹੇਰੀ ਆ ਗਈ ਜਾਂ ਚਾਰ ਛਿੱਟਾਂ ਪੈ ਗਈਆਂ ਤਾਂ।" ਇਹ ਸੋਚ ਕੇ ਉਹ ਜੱਟਾਂ ਵਾਲੇ ਹਠ ਨਾਲ ਲੱਗਾ ਰਿਹਾ।

ਵਾਹੀ ਵਿੱਚ ਸਭ ਤੋਂ ਵੱਡੀ ਔਕੜ ਇਹ ਹੈ ਕਿ ਦਿਲ ਮੰਨੇ ਭਾਵੇਂ ਨਾ ਮੰਨੇ, ਸਰੀਰ ਵਿੱਚ ਤਾਣ ਹੋਵੇ ਭਾਵੇਂ ਨਾ ਹੋਵੇ, ਫਿਰ ਵੀ ਕਾਮੇ ਨੂੰ ਕੰਮ ਕਰਨਾ ਪੈਂਦਾ ਹੈ। ਉਹ ਬਿਨਾਂ ਤਨਖ਼ਾਹੋਂ ਵੀ ਛੁੱਟੀ ਨਹੀਂ ਕਰ ਸਕਦਾ। ਏਸੇ ਮਜਬੂਰੀ ਦੇ ਸਾਹਮਣੇ ਇਲਮ ਦੀਨ ਕੰਮ ਕਰ ਰਿਹਾ ਸੀ, ਪਰ ਉਹਦਾ ਮਨ ਬੁਝਿਆ ਹੋਇਆ ਸੀ। ਘੁੰਮਣ-

ਘੇਰ ਵਿੱਚ ਪਿਆ ਉਹ ਸੋਚੀ ਜਾ ਰਿਹਾ ਸੀ, 'ਸੱਜਣ ਸੁੰਹ ਦਾ ਬਸ਼ਕਾ ਤੇਰ੍ਹਾਂ ਕੁ ਵਰ੍ਹਿਆਂ ਦਾ ਹੋਵੇਗਾ, ਪਰ ਕਿੱਡਾ ਸੁਲੱਗ ਏ। ਪਿਉ ਕੋਲੋਂ ਸਾਰਾ ਕੰਮ ਕਰਦਾ ਏ। ਹੋਰ ਦਸਾਂ ਵਰ੍ਹਿਆਂ ਨੂੰ ਪੱਪੂ ਵੀ ਗੱਭਰੂ ਹੋ ਪਿਆ, ਤਾਂ ਸੱਜਣ ਸੁੰਹ ਨੂੰ ਕਿਸੇ ਕਿਸਮ ਦਾ ਫ਼ਿਕਰ ਨਹੀਂ ਰਹਿਣ ਲੱਗਾ। ਦੋ ਮੁੰਡੇ ਤੇ ਇਕ ਕੁੜੀ ਸੁ। ਕੁੜੀ ਵੀ ਮਰਨੀ ਮਾਂ ਕੋਲੋਂ ਸਾਰਾ ਕੰਮ ਕਰਦੀ ਏ। ਭਜਨ ਕੌਰ ਵੀ ਅਜੇ ਮੁਟਿਆਰ ਲਗਦੀ ਏ। ਘਰ ਵਿੱਚ ਸੁਖ ਜੁ ਹੋਇਆ। ਸਾਰੇ ਟੱਬਰ ਦੇ ਚਿਹਰਿਆਂ 'ਤੇ ਰੋਅ ਏ। ਤੇ ਮੈਂ ਮਸਾਂ ਵਰ੍ਹਾ ਡੂਢ ਵਰ੍ਹਾ ਵੱਡਾ ਹੋਵਾਂਗਾ ਸੱਜਣ ਸੁੰਹ ਨਾਲੋਂ, ਪਰ ਕਬਰ ਵਿੱਚ ਪੈਣ ਵਾਲਾ ਹੋਇਆ ਪਿਆਂ। ਘਰ ਦੇ ਫ਼ਿਕਰਾਂ ਨੇਂ ਮਾਰ ਲਿਆ, ਹੋਰ ਕੀ। ਠੀਕ ਆਹੰਦੇ ਨੇ, ਵੱਡੀ ਕਬੀਲਦਾਰੀ ਵੀ ਖਈ ਦਾ ਰੋਗ ਹੁੰਦੀ ਏ। ਸੱਭੇ ਖਾਣ ਦੇ ਭਾਈਵਾਲ ਨੇ, ਅੱਗ ਅਗੇਰੇ ਕਰਨ ਵਾਲਾ ਕੋਈ ਨਹੀਂ। ਦਸ ਅੰਞਾਣੇ ਨੇ ਦਸ, ਮਾਰ ਹੇੜ੍ਹ ਦੀ ਹੇੜ੍ਹ। ਤੇ ਕੰਮ ਕਰਨ ਵਾਲਾ ਕੋਈ ਨਹੀਂ। ਇਕ ਅੱਲਾਹ ਪਾਕ ਨੇ ਵੀ ਮਾਰਿਆ। ਵੱਡੀਆਂ ਪੰਜ ਛੇ ਕੁੜੀਆਂ ਈ ਹੋਈਆਂ। ਅਜੇ ਦੋ ਬੂਹਿਓਂ ਉਠਾਈਆਂ ਨੇ। ਜਦੋਂ ਸਾਰੀਆਂ ਮਗਰੋਂ ਲਹਿਣਗੀਆਂ, ਘਰ ਦਾ ਬੂਹਾ ਦੂੱਜੇ ਪਾਸੇ ਹੋ ਜਾਵੇਗਾ। ਸਾਰਿਆਂ ਤੋਂ ਵੱਡਾ ਮੁੰਡਾ ਅਲੀਆ, ਉਹ ਵੀ ਨਿਰਾ ਪੁਰਾ ਲੁਟੇਰ ਏ। ਕੁਛ ਉਹ ਅੱਲਾਹ ਵੱਲੋਂ ਓਹੋ ਜਿਹਾ ਸੀ, ਰਹਿੰਦਾ ਉਹਦੀ ਮਾਂ ਨੇ ਵਗਾੜ ਛੱਡਿਆ। ਬਸ਼ਕੇ ਨਾਲੋਂ ਵੱਡਾ ਈ ਹੋਣਾ ਏਂ, ਪਰ ਕੱਖ ਭੰਨ ਕੇ ਦੂਹਰਾ ਨਹੀਂ ਕਰਦਾ। ਭਰਾ ਨੂੰ ਵੀ ਪੁੱਤਰਾਂ ਵਾਂਗ ਪਾਲਿਆ ਸੀ, ਪਰ ਉਹ ਵੀ ਮੇਰੇ ਸਿਰ ਸ੍ਹਾਨ ਕਰਦਾ ਏ ਹਰ ਕੰਮ ਦਾ। ਇਹ ਆ ਮੇਰੀ ਜ਼ਿੰਦਗੀ। ਕੀ ਥੁੜ੍ਹਿਆ ਪਿਆ ਏ ਏਸ ਜਿਉਣ ਖੁਣੋ? ਜੀ ਕਰਦਾ ਏ, ਸਭ ਕੁਛ ਵੇਚ ਵੱਟ ਕੇ ਕਿਸੇ ਫ਼ਕੀਰਾਂ ਦੀ ਟੋਲੀ ਨਾਲ ਨਿਕਲ ਜਾਵਾਂ। ਬੱਸ, ਹੱਥ ਠੂਠਾ ਤੇ ਦੇਸ ਮੋਕਲਾ।' ਨਾ ਉਹਦੀਆਂ ਸੋਚਾਂ ਮੁਕਦੀਆਂ ਸਨ, ਨਾ ਕੰਮ।

"ਉਇ, ਰਹਿ ਗਿਓਂ? ਸੂਰਜ ਚੜ੍ਹਦੇ ਤੱਕ ਧੜ ਲਾ ਲਵੇਂਗਾ ਕਿ ਨਹੀਂ।" ਸੱਜਣ ਸਿੰਘ ਨੇ ਇਲਮ ਦੀਨ ਦੀ ਅਣਖ ਨੂੰ ਟੁੰਬਣ ਦੇ ਇਰਾਦੇ ਨਾਲ ਕਿਹਾ, ਪਰ ਸਰੀਰ ਵਿੱਚ ਜਾਨ ਹੋਵੇ ਤਾਂ ਅਣਖ ਵੀ ਚੇੜ ਮੰਨੇ।

"ਤੂੰ ਛੇਤੀ ਕੰਮ ਸਮੇਟ ਕੇ ਚੱਲ। ਆਪਣੇ ਵਾਸਤੇ ਕਿਹੜਾ ਕੋਈ ਘਰ ਔਂਸੀਆਂ ਪੌਣ ਡਿਹਾ ਹੋਇਆ ਏ, ਜਿਸ ਲਈ ਕਾਹਲੀ ਕਰੀਏ।" ਇਲਮ ਦੀਨ ਦੀ ਵਾਜ ਵਿੱਚ ਵੀ ਕੋਈ ਜੋਸ਼ ਜਾਂ ਉਤਸ਼ਾਹ ਨਹੀਂ ਸੀ ਰਿਹਾ।

"ਉਇ, ਤੇਰੀਆਂ ਤਾਂ ਦੋ ਉਡੀਕਦੀਆਂ ਹੋਣਗੀਆਂ।" ਹੱਸਦਾ ਹੋਇਆ ਸੱਜਣ ਸਿੰਘ ਮਿੱਤਰ ਨਾਲ ਗਾਹ ਕੱਠਾ ਕਰਾਉਣ ਆ ਲੱਗਾ। ਉਹਨੇ ਆਪਣਾ ਕੰਮ ਨਿਬੇੜ ਲਿਆ ਸੀ।

ਇਲਮ ਦੀਨ ਨੇ ਵੀ ਜ਼ਰਾ ਛੇਤੀ ਹੱਥ ਹਿਲਾਉਣੇ ਸ਼ੁਰੂ ਕਰ ਦਿੱਤੇ। ਮਿੱਤਰ ਦੇ

ਹੌਸਲੇ ਨਾਲ ਉਹ ਵੀ ਕੁਛ ਤੇਜ਼ ਹੋ ਗਿਆ। ਪਾਸੇ ਤੋਂ ਸੁੱਟ ਸੁੱਟ ਕੇ ਉਹਨਾਂ ਧੜ ਗੋਲ ਕਰ ਦਿੱਤੀ।

"ਲੈ ਭਈ, ਉਦਾਲਿਉਂ ਮਾਂਜੇ ਵੀ ਮਾਰ ਲਈਏ।" ਸੱਜਣ ਸਿੰਘ ਨੇ ਸਲਾਹ ਦਿੱਤੀ।

"ਤੂੰ ਸੰਬਰ ਲੈ ਭਰਾਵਾ, ਆਪਣੇ 'ਚ ਕੋਈ ਵਾਹ ਨਹੀਂ।" ਇਲਮ ਦੀਨ ਨੇ ਹਥਿਆਰ ਸੁੱਟ ਦਿੱਤੇ।

"ਉਇ, ਦਿਲ ਨਾ ਛੱਡ ਨਿਘਰਿਆ ਹੋਇਆ! ਮੈਂ ਤੇਰੇ ਨਾਲ ਲੱਗ ਪਵਾਂਗਾ।"

ਸੱਜਣ ਸਿੰਘ ਨੇ ਬਥੇਰਾ ਹੌਸਲਾ ਦਿੱਤਾ, ਪਰ ਇਲਮ ਦੀਨ ਨੇ ਢੇਰੀ ਢਾਹ ਦਿੱਤੀ। ਉਹ ਪਿੜੋਂ ਪਾਸੇ ਟੇਢੀ ਕੀਤੀ ਹੋਈ ਮੰਜੀ ਡਾਹ ਕੇ ਲੰਮਾ ਪੈ ਗਿਆ। ਸੱਜਣ ਸਿੰਘ ਕਾਨਿਆਂ ਦੀਆਂ ਲੰਮੀਆਂ ਤੀਲੀਆਂ ਦਾ ਮਾਂਜਾ ਫੜ ਕੇ ਟੱਕਰ ਪਿਆ। ਪਹਿਲਾਂ ਉਹਨੇ ਪੋਲਾ-ਪੋਲਾ ਮਾਂਜਾ ਫੇਰ ਕੇ ਉੱਤੋਂ-ਉੱਤੋਂ ਤੂੜੀ ਕੱਠੀ ਕਰਕੇ ਧੜ ਦੇ ਨਾਲ ਲਾ ਦਿੱਤੀ। ਫਿਰ ਜ਼ਰਾ ਕਰੜਾ ਹੱਥ ਰੱਖ ਕੇ ਉਹਨੇ ਪਿੜ ਵਿੱਚ ਪੰਜੀਂ-ਸੱਤੀਂ ਥਾਈਂ ਧੂਲੜੇ ਕੱਠੇ ਕਰ ਦਿੱਤੇ।

"ਚੱਲ ਉੱਠ, ਚੱਲੀਏ। ਤੇਰੀ ਹੀਰ ਤੇ ਸੈਹਬਾਂ ਰਾਹ ਵਿਹੰਦੀਆਂ ਹੋਣਗੀਆਂ।" ਸੱਜਣ ਸਿੰਘ ਨੇ ਕੰਮ ਤੋਂ ਵਿਹਲਿਆਂ ਹੋ ਕੇ ਸਾਫ਼ੇ ਨਾਲ ਲੱਤਾਂ ਝਾੜਦਿਆਂ ਕਿਹਾ।

"ਮਖ : ਪਾਥੀਆਂ ਧੁਖਾ ਕੇ ਬਰੂਹਾਂ ਵਿੱਚ ਖਲੀਆਂ ਹੋਣਗੀਆਂ ਦੋਵੇਂ!" ਇਲਮ ਦੀਨ ਨੇ ਘਿਣਾ ਤੇ ਵਿਅੰਗ ਨਾਲ ਕਿਹਾ।

"ਕਿਉਂ, ਤੈਨੂੰ ਨਜ਼ਰ ਲੱਗੀ ਹੋਈ ਏ?"

ਅਨਪੜ੍ਹ ਲੋਕਾਂ ਦੇ ਵਹਿਮ। ਕਿਸੇ ਕਾਰਣ ਮਹਿੰ ਨਾ ਮਿਲਦੀ ਹੋਵੇ, ਤਾਂ ਉਹਨੂੰ ਕਿਸੇ ਦੀ ਨਜ਼ਰ ਲੱਗ ਗਈ ਸਮਝ ਲੈਣੀ। ਫਿਰ ਉਸ ਭੈੜੀ ਨਜ਼ਰ ਦਾ ਬੁਰਾ ਅਸਰ ਦੂਰ ਕਰਨ ਵਾਸਤੇ, ਸ਼ਾਮ ਨੂੰ ਬਾਹਰੋਂ ਆਉਂਦੀ ਮਹਿੰ ਦੇ ਮੱਥੇ ਵਿੱਚ ਧੁਖਦੀ ਪਾਥੀ ਮਾਰਨੀ। ਸੱਜਣ ਸਿੰਘ ਦਾ ਇਸ਼ਾਰਾ ਏਸੇ ਰਵਾਜ ਵੱਲ ਸੀ।

"ਸੱਜਣ ਸਿਹਾਂ! ਤੈਨੂੰ ਗੱਲਾਂ ਆਉਂਦੀਆਂ ਨੇ। ਬਸ਼ਕੇ ਦੀ ਮਾਂ ਵਰਗੀ ਜਨਾਨੀ ਘਰ-ਘਰ ਨਹੀਂ ਜੰਮ ਪੈਣੀ। ਕਿਤੇ ਪਿਛਲੇ ਜਰਮ ਸੋਨਾ ਪੁੰਨ ਕੀਤਾ ਈ। ਜਾਹ ਚੁੱਪ ਕਰਕੇ।" ਇਲਮ ਦੀਨ ਸੱਚੇ ਦਿਲੋਂ ਭਜਨ ਕੌਰ ਦੀ ਤਾਰੀਫ਼ ਕਰ ਰਿਹਾ ਸੀ।

"ਤੇ ਮੁਰਦਿਆ! ਤੂੰ ਨਹੀਂ ਚੱਲਣਾ?"

"ਮੇਰੀ ਕੋਈ ਵਾਹ ਨਹੀਂ। ਰੱਬ ਕਰਾਊਗਾ, ਤਾਂ ਰੋਟੀ ਫੜੀ ਆਵੀਂ।" ਇਲਮ ਦੀਨ ਦਿਲੋਂ ਨਹੀਂ ਸੀ ਜਾਣਾ ਚਾਹੁੰਦਾ। ਉਹਨੂੰ ਪਤਾ ਸੀ ਕਿ ਘਰ ਗਿਆਂ ਦੋਹਾਂ ਦੀਆਂ ਤੱਤੀਆਂ ਠੰਢੀਆਂ ਸੁਣਨੀਆਂ ਪੈਣਗੀਆਂ।

"ਹੱਛਾ ਫਿਰ ਦਲਿੱਦਰ ਦਿਆ ਮਾਰਿਆ, ਉਠ ਕੇ ਨ੍ਹਾ ਧੋ ਤਾਂ ਲੈ।"

"ਨ੍ਹਾ ਲਵਾਂਗਾ ਮੈਂ ਸਾਹ ਲੈ ਕੇ। ਤੂੰ ਪੰਧ ਖੋਟਾ ਨਾ ਕਰ।"

ਸੱਜਣ ਸਿੰਘ ਪਿੰਡ ਨੂੰ ਤੁਰ ਪਿਆ। ਓਥੋਂ ਪਿੰਡ ਦੋ ਮੀਲ ਦੇ ਲਗਭਗ ਸੀ, ਪਰ ਵਾਹੀਵਾਨ ਕਾਮੇ ਨੂੰ ਦੋ ਮੀਲ ਕੀ ਆਹੰਦਾ ਹੈ ? ਪੈਰੀਂ ਚੜ੍ਹਿਆ ਪੰਧ ਉਹ ਗੌਲਦੇ ਹੀ ਨਹੀਂ। ਜਿਹੜਾ ਰੋਜ਼ ਘੁਮਾ ਪੈਲੀ ਵਾਹ ਲੈਂਦਾ ਹੈ, ਉਹਨੂੰ ਅੱਠ-ਦਸ ਮੀਲ ਪੰਧ ਮਾਲੂਮ ਹੀ ਨਹੀਂ ਹੁੰਦਾ।

ਉਹਨੂੰ ਘਰ ਪੁੱਜਦਿਆਂ ਨੂੰ ਡੂੰਘਾ ਖਾਉ-ਪੀਆ ਹੋ ਚੁੱਕਾ ਸੀ। ਅੱਗੇ ਸਾਰਾ ਟੱਬਰ ਉਡੀਕ ਕਰ ਰਿਹਾ ਸੀ। ਸੱਜਣ ਸਿੰਘ ਨੂੰ ਵਿਹੰਦਿਆਂ ਹੀ ਭਜਨ ਕੌਰ ਨੇ ਚੁੱਲ੍ਹੇ 'ਚ ਅੱਗ ਤੇਜ਼ ਕਰ ਦਿੱਤੀ। ਤਿੰਨੇ ਬੱਚੇ ਰੋਟੀ ਖਾ ਬੈਠੇ ਸਨ। ਬਸ਼ਕਾ ਤੇ ਪੱਪੂ ਵਿਹੜੇ ਵਿੱਚ ਡੱਠੇ ਮੰਜੇ 'ਤੇ ਲੇਟੇ ਬਾਤਾਂ ਪਾ ਰਹੇ ਸਨ। ਦੀਪੋ ਚੌਂਕੇ ਦੀ ਕੰਧ ਨਾਲ ਬੈਠੀ ਭਰਾਵਾਂ ਦੇ ਜੂਠੇ ਭਾਂਡੇ ਮਾਂਜ ਰਹੀ ਸੀ। ਭਜਨ ਕੌਰ ਨੇ ਆਪਣੇ ਜੋਗੀ ਰੋਟੀ ਪਕਾ ਰਖੀ ਸੀ, ਪਰ ਅਜੇ ਖਾਧੀ ਨਹੀਂ ਸੀ। ਭੁੱਖ ਚੋਖੀ ਮਹਿਸੂਸ ਹੋ ਰਹੀ ਸੀ ਉਹਨੂੰ, ਪਰ ਉਹਦਾ ਦਿਲ ਨਹੀਂ ਸੀ ਮੰਨਦਾ ਪਤੀ ਤੋਂ ਪਹਿਲਾਂ ਖਾਣ 'ਤੇ। ਸੱਜਣ ਸਿੰਘ ਦੀ ਰੋਟੀ ਜੋਗਾ ਉਹਨੇ ਆਟਾ ਚੁੱਕਿਆ ਹੋਇਆ ਸੀ।

"ਉਠ ਨੀ ਦੀਪੋ! ਚਾਚੇ ਆਵਦੇ ਦੇ ਨ੍ਹੌਣ ਵਾਸਤੇ ਪਾਣੀ ਰੱਖ ਦਿਹ।" ਭਜਨ ਕੌਰ ਨੇ ਧੀ ਨੂੰ ਆਗਿਆ ਕੀਤੀ। "ਮੈਂ ਰੋਟੀ ਪਕਾਵਾਂ।.....ਅੱਜ ਐਨਾ ਕੁਵੇਲਾ ਕਰ ਆਏ ਜੇ।" ਆਖ਼ਰੀ ਸਵਾਲ ਉਹਨੇ ਪਤੀ ਉੱਤੇ ਕੀਤਾ।

"ਮੈਂ ਸੋਚਿਆ, ਧੜ ਲਾ ਕੇ ਈ ਚੱਲਾਂ।" ਸੱਜਣ ਸਿੰਘ ਨੇ ਭਜਨ ਕੌਰ ਦੀਆਂ ਸਵਾਗਤ ਵਜੋਂ ਮੁਸਕਰਾਉਂਦੀਆਂ ਅੱਖਾਂ ਵੱਲ ਵੇਖ ਕੇ ਕਿਹਾ। ਸਾਥਣ ਦੀ ਮਿੱਠੀ ਜੇਹੀ ਤੱਕਣੀ ਨਾਲ ਕਾਮੇ ਦਾ ਥਕੇਵਾਂ ਲਹਿ ਗਿਆ।

"ਜਾਹ ਉਇ ਬਸ਼ਕਿਆ! ਇਲਮ ਦੀਨ ਦੀ ਰੋਟੀ ਫੜ ਲਿਆ ਮੇਰੇ ਨ੍ਹੌਂਦਿਆਂ ਤੱਕ।" ਸੱਜਣ ਸਿੰਘ ਨੇ ਲੀੜੇ ਲਾਹੁੰਦਿਆਂ ਕਿਹਾ।

"ਉਹ ਨਹੀਂ ਆਇਆ?" ਭਜਨ ਕੌਰ ਨੇ ਚਕਲੇ ਉੱਤੇ ਰੋਟੀ ਵੇਲਦਿਆਂ ਪੁੱਛਿਆ।

"ਤੇਰੀਆਂ ਜਠਾਣੀਆਂ ਤੋਂ ਡਰਦਾ ਉਹ ਓਥੇ ਈ ਸੱਥਰ ਮੱਲ ਪਿਆ ਏ।"

"ਸੱਚੀਂ, ਨਰਕ ਬਣਿਆ ਹੋਇਆ ਏ ਉਹਨਾਂ ਦਾ ਘਰ ਤਾਂ। ਸਾਰੇ ਜੀਅ ਇਕ ਦੂੱਜੇ ਵੱਲ ਸੇਹ ਤੇ ਤੱਕਲਿਆਂ ਵਾਂਗ ਤਣੇ ਰਹਿੰਦੇ ਨੇ।"

"ਭਲੀਏ ਲੋਕੇ, ਜਿਸ ਘਰ ਵੀ ਦੋ ਜ਼ਨਾਨੀਆਂ ਹੋਣਗੀਆਂ, ਏਹਾ ਹਾਲ ਹੋਵੇਗਾ।"

"ਤੇ ਹੋਰ ਕੀ। ਸਿਆਣਿਆਂ ਆਖਿਆ ਏ, ਸੌਂਕਣ ਤਾਂ ਮਿੱਟੀ ਦੀ ਵੀ ਮਾਣ ਨਹੀਂ।"

"ਪਰ ਹੁਣ ਫਸੀ ਨੂੰ ਫਟਕਣ ਕੇਹਾ। ਅਖੇ : ਜਿੰਨ੍ਹਾਂ ਖਾਧੀਆਂ ਗਾਜਰਾਂ, ਪੇਟ ਤਿੰਨ੍ਹਾਂ ਦੇ ਪੀੜ।"

"ਵਚਾਰੀ ਜੈਨਾ ਸਾਰੇ ਰਾਹ ਐਡੀ-ਐਡੀ ਅੱਖ ਰੋਂਦੀ ਆਈ ਏ, ਘਰ ਦੇ ਦੁੱਖ ਫੋਲ-ਫੋਲ ਕੇ।"

"ਜੈਨਾ ਸੁਭਾਅ ਦੀ ਤਾਂ ਮਾੜੀ ਨਹੀਂ। ਉਹਦੇ ਤੇ ਫ਼ਤਹਿ ਬੀਬੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਏ।" ਸੱਜਣ ਸਿੰਘ ਨੇ ਹੁੰਗਾਰਾ ਭਰਿਆ।

ਦੀਪੋ ਨੇ ਗਰਮ ਪਾਣੀ ਦੀ ਬਾਲਟੀ ਭਰਕੇ ਵਿਹੜੇ ਦੀ ਇਕ ਗੁੱਠੇ ਪਈ ਚੌਂਕੀ ਕੋਲ ਰੱਖ ਦਿੱਤੀ। ਸੱਜਣ ਸਿੰਘ ਚਾਦਰ ਝਾੜਦਾ ਪਾਣੀ ਵੱਲ ਤੁਰ ਪਿਆ।

"ਇਹ ਚਾਦਰ ਨਾ ਬੰਨ੍ਹਿਓਂ।" ਭਜਨ ਕੌਰ ਨੇ ਪਤੀ ਨੂੰ ਸਲਾਹ ਦਿੱਤੀ। "ਦੀਪੋ! ਅੰਦਰੋਂ ਧੋਤੇ ਹੋਏ ਲਿਆ ਦਿਹ ਚਾਚੇ ਆਵਦੇ ਨੂੰ। ਇਹ ਭਲਕੇ ਧੋ ਛੱਡਾਂਗੀਆਂ।"

ਸੱਜਣ ਸਿੰਘ ਦੇ ਨਹਾਉਂਦਿਆਂ ਤੱਕ ਭਜਨ ਕੌਰ ਨੇ ਰੋਟੀ ਪਕਾ ਕੇ ਥਾਲੀ ਵਿੱਚ ਪਰੋਸ ਲਈ। ਕੋਠੇ ਦੀ ਕੰਧ ਨਾਲ ਖਲਾ ਕੀਤਾ ਹੋਇਆ ਸਾਣਾ ਮੰਜਾ ਉਹਨੇ ਚੌਂਕੇ ਦੇ ਲਾਗੇ ਡਾਹ ਲਿਆ। ਸਾਰੇ ਦਿਨ ਦੀ ਦੂਰੀ ਪਿੱਛੋਂ ਉਹ ਪਤੀ ਨੂੰ ਅੱਖਾਂ ਦੇ ਸਾਹਮਣੇ ਬਹਾ ਕੇ ਰੋਟੀ ਖੁਆਉਣਾ ਚਾਹੁੰਦੀ ਸੀ। ਉਹਦੀ ਆਪਣੀ ਰੋਟੀ ਅਜੇ ਚੰਗੇਰ ਵਿੱਚ ਪੋਣੇ ਥੱਲੇ ਢੱਕੀ ਪਈ ਸੀ। ਉੱਚ ਸ਼੍ਰੇਣੀ ਦੀ ਭਾਸ਼ਾ ਅਨੁਸਾਰ ਉਹਨਾਂ ਦਾ 'ਪਿਆਰ-ਵਿਆਹ' (Love Marriage) ਨਹੀਂ ਸੀ ਹੋਇਆ, ਪਰ ਉਹਨਾਂ ਵਿੱਚ ਸਾਰੀ ਉਮਰ ਨਿਭਣ ਵਾਲਾ ਪਿਆਰ ਜ਼ਰੂਰ ਸੀ। ਕਈ ਗੁਆਂਢਣਾਂ ਵਿੱਚੋ-ਵਿੱਚ ਭਜਨ ਕੌਰ ਦੇ ਦੰਪਤੀ ਜੀਵਨ ਉੱਤੇ ਈਰਖਾ ਕਰਦੀਆਂ ਸਨ।

"ਤਾਈ ਜੈਨਾ ਲਈ ਔਂਦੀ ਏ ਰੋਟੀ।" ਬਸ਼ਕਾ ਸੁਨੇਹਾ ਦੇ ਕੇ ਉਡੀਕ ਰਹੇ ਪੱਪੂ ਦੇ ਨਾਲ ਪੈ ਗਿਆ।

"ਭਾਊ! ਤੂੰ ਛੇਤੀ-ਛੇਤੀ ਮੁੜ ਆਇਆ ਏਂ?" ਪੱਪੂ ਨੇ ਮੰਜੇ ਦੀ ਇਕ ਬਾਹੀ ਵੱਲ ਪਾਸਾ ਵੱਟ ਕੇ ਭਰਾ ਦੇ ਲੇਟਣ ਜੋਗੀ ਥਾਂ ਕਰਦਿਆਂ ਕਿਹਾ।

"ਮੈਂ ਭੱਜਾ ਗਿਆ ਤੇ ਭੱਜਾ-ਭੱਜਾ ਮੁੜ ਆਇਆ। ਮੈਂ ਆਖਿਆ, ਮੇਰਾ ਪੱਪੂ ਉਡੀਕਦਾ ਹੋਵੇਗਾ। ਉਡੀਕਦਾ ਸੈਂ ਨਾ?" ਬਸ਼ਕੇ ਨੇ ਲੰਮਾ ਪੈ ਕੇ ਭਰਾ ਨੂੰ ਖਿੱਚ ਕੇ ਹਿੱਕ ਨਾਲ ਲਾ ਲਿਆ। ਦੋਵੇਂ ਭਰਾ ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਲੀਨ ਹੋ ਗਏ।

ਸੱਜਣ ਸਿੰਘ ਧੋਤੇ ਹੋਏ ਕੱਪੜੇ ਬਦਲ, ਮੰਜੇ ਤੇ ਬਹਿ ਕੇ ਰੋਟੀ ਖਾਣ ਲੱਗ ਪਿਆ। ਭਜਨ ਕੌਰ ਨੇ ਮਸਰਾਂ ਦੀ ਦਾਲ ਦੇ ਨਾਲ ਕੱਦੂ ਦੀ ਸਬਜ਼ੀ ਵੀ ਬਣਾਈ ਹੋਈ ਸੀ। ਨਾਲ ਉਹਨੇ ਇਕ ਕੌਲੀ ਵਿੱਚ ਸ਼ੱਕਰ-ਘਿਉ ਮਿਲਾ ਕੇ ਰਖ ਦਿੱਤਾ।

"ਦਾਲ ਸਬਜ਼ੀ ਜੁ ਹੈਗੀ ਸੀ। ਸ਼ੱਕਰ ਦੀ ਕੀ ਲੋੜ ਸੀ ?" ਸੱਜਣ ਸਿੰਘ ਨੇ ਐਵੇਂ ਰਸਮੀ ਤੌਰ 'ਤੇ ਕਿਹਾ।

"ਸਾਰਾ ਦਿਨ ਘੱਟਾ ਪੈ-ਪੈ ਕੇ ਹਿੱਕ 'ਤੇ ਜੰਮਦਾ ਰਹਿੰਦਾ ਏ। ਮਿੱਠੇ ਨਾਲ ਉਹ ਜ਼ਰਾ 'ਠਾਂਹ ਹੋ ਜਾਂਦਾ ਏ।" ਭਜਨ ਕੌਰ ਨੂੰ ਆਪਣੇ ਸਾਥੀ ਦਾ ਕਿੰਨਾ ਖ਼ਿਆਲ ਰਹਿੰਦਾ ਸੀ।

"ਜੈਨਾ! ਆਪ ਖੇਚਲ ਕੀਤੀ ਉ, ਬਸ਼ਕੇ ਹੱਥ ਰੋਟੀ ਫੜਾ ਘੱਲੇਂ ਆਂ। ਆ ਬਹਿ ਜਾਹ।" ਸੱਜਣ ਸਿੰਘ ਨੇ ਆਈ ਜੈਨਾ ਦੇ ਸਵਾਗਤ ਵਜੋਂ ਬੈਠਣ ਦਾ ਇਸ਼ਾਰਾ ਕਰਕੇ ਕਿਹਾ।

"ਰੋਟੀ ਤਾਂ ਬਸ਼ਕੇ ਹੱਥ ਈ ਘੱਲ ਦੇਂਦੀ, ਪਰ ਏਸ ਬਹਾਨੇ ਦੋ-ਚਾਰ ਗੱਲਾਂ ਕਰਨ ਆਈ ਆਂ। ਅਮਾਨ ਨਾਲ, ਦਿਲ ਭਰਿਆ ਪਿਆ ਏ।" ਕਹਿੰਦੀ ਹੋਈ ਜੈਨਾ ਸੱਜਣ ਸਿੰਘ ਦੀ ਪੈਂਦ ਵੱਲ ਬਹਿ ਗਈ। "ਤੇ ਉਹ ਨਹੀਂ ਆਇਆ।"

"ਮੈਂ ਤਾਂ ਜ਼ੋਰ ਲਾਇਆ ਸੀ, ਪਰ ਉਹ ਐਵੇਂ ਥੱਕਿਆ ਹੋਇਆ ਕਰਕੇ ਰਿਤ ਗਿਆ ਏ।"

"ਚੰਗਾ ਕੀਤਾ ਸੁ, ਨਹੀਂ ਆਇਆ ਤਾਂ। ਓਥੇ ਤਾਂ—ਉਹ ਜਾਣੇ—ਚਾਰ ਗਰਾਹੀਆਂ ਖਾ ਲਵੇਗਾ, ਤੇ ਘਰ ਆ ਕੇ ਉਹਨੂੰ ਇਹ ਵੀ ਨਸੀਬ ਨਹੀਂ ਸਨ ਹੋਣੀਆਂ।" ਜੈਨਾ ਦਿਲੋਂ ਪਤੀ ਦਾ ਸੁੱਖ ਲੋਚ ਰਹੀ ਸੀ। "ਤੇਰੀ ਵੱਡੀ ਭਰਜਾਈ ਨੇ ਲੋਹੇ ਵਾਲੀ ਤਾਈ ਹੋਈ ਏ। ਅਖੇ : ਮੈਂ ਨਹੀਂ ਲੱਗਦੀ, ਤਾਂ ਤੂੰ ਲੌਢੇ ਵੇਲੇ ਯਾਰ ਵਾਸਤੇ ਕਿਉਂ ਲੱਗਦੀ ਏਂ? ਜੁਆਨ ਧੀ ਕੋਲ ਏ, ਮੈਨੂੰ ਤਾਂ ਦੱਸਦਿਆਂ ਸ਼ਰਮ ਔਂਦੀ ਏ ਜਿਹੜੇ ਪਲੀਤੇ ਉਹ ਸਾਰਾ ਦਿਨ ਬੋਲਦੀ ਰਹੀ ਏ।" ਜੈਨਾ ਨੇ ਪਾਸੇ ਮੂੰਹ ਕਰਕੇ ਪੱਲੇ ਨਾਲ ਅੱਖਾਂ ਪੂੰਝ ਲਈਆਂ।

"ਜੈਨਾ! ਤੇਰੇ ਵਰਗੀ ਦਲੇਰ ਜ਼ਨਾਨੀ ਵੀ ਰੋਣ ਲੱਗ ਪਈ, ਤਾਂ ਜਣੀ-ਖਣੀ ਦਾ ਕੀ ਹਾਲ?" ਇਕ ਤਰ੍ਹਾਂ ਜੈਨਾ ਦੀ ਵਡਿਆਈ ਕਰਦਿਆਂ ਸੱਜਣ ਸਿੰਘ ਨੇ ਕਿਹਾ।

"ਉਹਨਾਂ ਸਾਹਮਣੇ ਹੁਣ ਵੀ ਨਹੀਂ ਰੋਂਦੀ।" ਜੈਨਾ ਨੇ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਕਿਹਾ, "ਪਰ ਤੁਹਾਡੇ ਦੋਹਾਂ ਜੀਆਂ ਸਾਹਮਣੇ ਮਨ ਉਛਲ ਪੈਂਦਾ ਏ। ਤੁਹਾਥੋਂ ਬਿਨਾਂ ਮੇਰਾ ਹੋਰ ਕੋਈ ਨਹੀਂ ਜੇ। ਸੱਜਣ ਸਿਹਾਂ! ਤੂੰ ਦਿਉਰ ਏਂ, ਤਾਂ, ਭਰਾ ਏਂ, ਤਾਂ। ਮੈਨੂੰ ਤੇਰਾ ਗੁਰੂਆਂ ਪੀਰਾਂ ਵਰਗਾ ਆਸਰਾ ਈ। ਮੇਰੇ ਨਿੱਕਿਆਂ-ਨਿੱਕਿਆਂ ਅੰਞਾਣਿਆਂ 'ਤੇ ਤਰਸ ਕਰ। ਜਿਵੇਂ ਜਾਣਦਾ ਏਂ, ਸਾਡੇ ਘਰ ਦਾ ਕਲੇਸ਼ ਮਿਟਾ, ਨਹੀਂ ਤਾਂ ਮੈਂ ਕੁਛ ਖਾ ਕੇ ਮਰ ਜਾਣਾ ਈਂ।"

"ਉ ਛੱਡ ਸਹੁਰੀ ਕਮਲੀ ਨਾ ਹੋਵੇ ਤਾਂ। ਮਰ ਜਾਣਾ ਏਂ ਇਹਨੇ ਕੁਛ ਖਾ ਕੇ

ਕਿਹੜੇ ਘਰ ਵਿੱਚ ਲੜਾਈ ਝਗੜਾ ਨਹੀਂ ਹੁੰਦਾ। ਚੌਂਕੇ ਦੇ ਭਾਂਡੇ ਵੀ ਇਕ ਵੇਲੇ ਆਪਸ ਵਿੱਚ ਠਹਿਕ ਪੈਂਦੇ ਨੇ। ਹੌਸਲਾ ਰਖੀਦਾ ਏ।" ਸੱਜਣ ਸਿੰਘ ਨੇ ਆਪਣੇ ਵੱਲੋਂ ਧੀਰਜ ਦੇਂਦਿਆਂ ਕਿਹਾ।

"ਸਾਡੇ ਘਰ ਵਰਗਾ ਲੜਾਈ ਝਗੜਾ—ਅੱਲਾਹ ਕਰਕੇ—ਕਿਸੇ ਘਰ ਨਾ ਹੋਵੇ। ਕਸਮ ਲੈ ਲਾ, ਜੇ ਮੈਂ ਕੱਲ੍ਹ ਰਾਤ ਦਾ ਮੂੰਹ ਜੁਠਾਇਆ ਹੋਵੇ ਤਾਂ। ਆਹ ਵੀ ਸਿਰਫ਼ ਉਹਦੇ ਵਾਸਤੇ ਦੋ ਮੰਨੀਆਂ ਥੱਪ ਕੇ ਲਿਆਈ ਊ। ਨਹੀਂ ਤਾਂ ਟੱਬਰ ਦੇ ਹੋਰ ਕਿਸੇ ਜੀਅ ਨਾ ਪੱਕੀਆਂ ਈਂ, ਨਾ ਖਾਧੀਆਂ। ਉਹ ਆ ਜਾਂਦਾ, ਤਾਂ ਖਵਰ ਨਹੀਂ, ਅੱਜ ਸਾਡੇ ਘਰ ਕੀ ਚੰਦ ਚੜ੍ਹਨਾ ਸੀ। ਵੱਡੀ ਇਕੋ ਜਿਦ ਫੜੀ ਬੈਠੀ ਏ, ਅਖੇ : ਇਹਨੂੰ ਘਰੋਂ ਕਢਾ ਕੇ ਰੋਟੀ ਖਾਣੀ ਏਂ।"

"ਵਚਾਰੀ ਡਾਢੀ ਔਖੀ ਏ।" ਭਜਨ ਕੌਰ ਨੇ ਜੈਨਾ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ। "ਰੋਟੀ ਹੋਰ ਫੜਾਵਾਂ?"

"ਨਹੀਂ।" ਸੱਜਣ ਸਿੰਘ ਨੇ ਛੰਨੇ ਵਿੱਚ ਵਧੇ ਪਾਣੀ ਨਾਲ ਹੱਥ ਧੋਂਦਿਆਂ ਕਿਹਾ।

"ਬੱਸ?" ਭਜਨ ਕੌਰ ਨੇ ਪਤੀ ਦੇ ਥੋੜ੍ਹੀ ਰੋਟੀ ਖਾਣ ਉੱਤੇ ਹੈਰਾਨੀ ਜ਼ਾਹਿਰ ਕੀਤੀ। "ਖਾਧਾ ਕੀ ਜੇ?"

"ਉਹ-ਹੋ! ਮੈਂ ਤਾਂ ਆ ਕੇ ਤੇਰੀ ਰੋਟੀ ਵੀ ਹਰਾਮ ਕਰ ਦਿੱਤੀ। ਅੱਲਾ ਮੈਨੂੰ ਕਿਵੇਂ ਬਖ਼ਸ਼ੇਗਾ?" ਜੈਨਾ ਨੇ ਪਛਤਾਵੇ ਵਿੱਚ ਸਿਰ ਫੇਰਦਿਆਂ ਕਿਹਾ, "ਮੇਰਾ ਖ਼ਿਆਲ ਸੀ, ਤੂੰ ਰੋਟੀ ਖਾ ਬੈਠਾ ਹੋਵੇਂਗਾ।"

"ਹੱਛਾ, ਅੱਲਾ ਨਾ ਬਖ਼ਸ਼ੇਗਾ, ਤਾਂ ਮੈਂ ਬਖ਼ਸ਼ ਦਿਆਂਗਾ। ਜਾਹ ਤੂੰ ਘਰ ਜਾ ਕੇ ਆਰਾਮ ਕਰ। ਕੋਈ ਜੰਮਿਆ ਏ ਤੈਨੂੰ ਘਰੋਂ ਕੱਢਣ ਵਾਲਾ? ਤੂੰ ਧੀਆਂ-ਪੁੱਤਰਾਂ ਦੀ ਮਾਂ। ਕਿਹੜਾ ਤੈਨੂੰ ਘਰੋਂ ਕੱਢ ਦਿਊ? ਮੈਂ ਵੇਖਾਂ ਬੈਠਾ।" ਸੱਜਣ ਸਿੰਘ ਨੇ ਆਈ ਜੈਨਾ ਦਾ ਹੰਮਾਂ ਰੱਖਣ ਵਾਸਤੇ ਉਹਨੂੰ ਪੂਰਾ ਭਰੋਸਾ ਦੁਆਇਆ।

"ਖ਼ੁਦਾ ਤੋਂ ਉਰੇ ਹੁਣ ਤੇਰਾ ਈ ਆਸਰਾ ਈ ਮੈਨੂੰ। ਤੁਹਾਡੇ ਗੁਰੂ ਨੇ ਬਾਂਹ ਫੜੀ ਦੀ ਲਾਜ ਪਿੱਛੇ ਦਿੱਲੀ ਵਿੱਚ ਸਿਰ ਦੇ ਦਿੱਤਾ ਸੀ। ਹੁਣ ਮੇਰੀ ਲਾਜ ਤੇਰੇ ਹੱਥ ਈ। ਮੈਨੂੰ ਭਜਨ ਕੌਰ ਦੀ ਭੈਣ ਸਮਝ ਕੇ ਮੱਦਦ ਕਰਨੀ ਹੋਊਗੀ।" ਮੰਜੇ ਉੱਤੇ ਰੋਟੀਆਂ ਰਖ ਕੇ ਜੈਨਾ ਉਠ ਬੈਠੀ।

"ਕੋਈ ਨਹੀਂ, ਘਬਰਾ ਨਾ ਬੇਬੇ! ਸਾਨੂੰ ਭਾਵੇਂ ਐਥੇ ਆਪਣੀ ਹਵੇਲੀ 'ਚ ਕੋਠਾ ਪਾ ਕੇ ਨਾ ਦੇਣਾ ਪਵੇ। ਅਸੀਂ ਤੈਨੂੰ ਤੇ ਤੇਰੇ ਬਾਲਾਂ ਨੂੰ ਨਹੀਂ ਰੁਲਣ ਦੇਂਦੇ।" ਕੋਲੋਂ ਭਜਨ ਕੌਰ ਨੇ ਵੀ ਹੌਸਲਾ ਦੇਂਦਿਆਂ ਕਿਹਾ।

ਦਿਲ ਵਿੱਚ ਦੋਹਾਂ ਜੀਆਂ ਨੂੰ ਅਸੀਸਾਂ ਦੇਂਦੀ ਜੈਨਾ ਘਰ ਨੂੰ ਮੁੜ ਗਈ।

ਪਿੱਛੋਂ ਪੰਜ-ਸੱਤ ਮਿੰਟ ਭਜਨ ਕੌਰ ਤੇ ਸੱਜਣ ਸਿੰਘ ਜੈਨਾ ਦੇ ਘਰ ਦੀਆਂ ਗੱਲਾਂ ਕਰਦੇ ਰਹੇ। ਵਧੇਰੇ ਦੋਸ਼ ਉਹਨਾਂ ਨੂੰ ਫ਼ਤਹਿ ਬੀਬੀ ਦਾ ਹੀ ਜਾਪਦਾ ਸੀ। ਇਕ ਤਾਂ ਉਹ ਮੂੰਹ ਦੀ ਬੜਬੋਲੀ ਸੀ ਤੇ ਦੂਜਾ ਪੇਕਿਆਂ ਦਾ ਮਾਣ ਕਰਿਆ ਕਰਦੀ ਸੀ।

"ਚੱਲਾਂ ਫਿਰ? ਵਚਾਰਾ ਗਊ ਦਾ ਜਾਇਆ ਰੋਟੀ ਉਡੀਕਦਾ ਹੋਵੇਗਾ।" ਕਹਿੰਦਾ ਹੋਇਆ ਸੱਜਣ ਸਿੰਘ ਮੰਜੇ ਤੋਂ ਉਠ ਬੈਠਾ।

"ਊਂਹ! ਗਊ ਦਾ ਜਾਇਆ।" ਭਜਨ ਕੌਰ ਨੇ ਵਿਅੰਗ ਨਾਲ ਕਿਹਾ। "ਨਿਰਾ ਲਾਈ-ਲੱਗ।" ਅਖੇ: ਲਾਈ ਲੱਗ ਨਾ ਹੋਵੇ ਘਰ ਵਾਲਾ ਤੇ ਚੰਦਰਾ ਗੁਆਂਢ ਨਾ ਹੋਵੇ। ਇਕ ਦੀਆਂ ਸੁਣ ਕੇ ਪੱਲੇ ਬੰਨ੍ਹ ਲੈਣੀਆਂ ਤੇ ਸੱਚ ਝੂਠ ਨਾ ਨਤਾਰਨਾ।" ਭਜਨ ਕੌਰ ਵਧੇਰੇ ਕਸੂਰ ਇਲਮ ਦੀਨ ਦਾ ਸਮਝਦੀ ਸੀ।

ਇਲਮ ਦੀਨ ਦੀ ਰੋਟੀ ਫੜ ਕੇ ਸੱਜਣ ਸਿੰਘ ਖੇਤ ਨੂੰ ਤੁਰ ਪਿਆ। ਸੱਜੇ ਹੱਥ ਉਹਨੇ ਸੰਮਾਂ ਵਾਲੀ ਡਾਂਗ ਸੰਭਾਲ ਲਈ।

"ਦੀਪੋ! ਜੰਦਰਾ ਫੜਾਈਂ, ਮਾਰ ਆਵਾਂ।" ਬਾਹਰਲੇ ਬੂਹੇ ਨੂੰ ਜੰਦਰਾ ਮਾਰਨ ਦੇ ਪੱਜ ਉਹ ਪਤੀ ਦੇ ਨਾਲ-ਨਾਲ ਤੁਰ ਪਈ।

ਉਹ ਬੂਹੇ ਵਿੱਚ ਖਲੋ ਕੇ ਰਸਮੀ ਤੌਰ 'ਤੇ ਜਾਂਦੇ ਹਾਣੀ ਨੂੰ 'ਟਾਅ-ਟਾ' ਕਰਨਾ ਨਹੀਂ ਸੀ ਜਾਣਦੀ, ਪਰ ਜਾਂਦੇ ਪਤੀ ਦੀ ਕੰਢ ਵੇਖ ਕੇ ਜੀਅ ਵਿੱਚ ਸੁੱਖ ਜ਼ਰੂਰ ਮੰਗਣਾ ਚਾਹੁੰਦੀ ਸੀ। ਸੱਜਣ ਸਿੰਘ ਅੱਖਾਂ ਤੋਂ ਉਹਲੇ ਹੋ ਗਿਆ ਤੇ ਭਜਨ ਕੌਰ ਬੂਹੇ ਨੂੰ ਜੰਦਰਾ ਮਾਰ ਕੇ ਪਰਤ ਆਈ।

"ਕਿਹੜਾ, ਸੱਜਣ ਸੂੰਹ ਏਂ?" ਧਰਮ ਸਿੰਘ ਨੇ ਜਾਣ ਵਾਲੇ ਦੀ ਤੋਰ ਪਛਾਣ ਕੇ ਪੁੱਛਿਆ।

"ਸੁਣਾ, ਛੜਿਆ! ਐਸੇ ਵੇਲੇ ਬੂਹੇ 'ਚ ਖਲੋ ਕੇ ਕੀਹਦੀਆਂ ਉਡੀਕਾਂ ਹੋ ਰਹੀਆਂ ਨੇ।" ਸੱਜਣ ਸਿੰਘ ਨੇ ਅੱਗੋਂ ਠੱਠੇ ਨਾਲ ਉਹਦੇ 'ਤੇ ਸਵਾਲ ਕੀਤਾ।

"ਉ ਭਰਾਵਾ! ਤੇਰੇ ਬਿਨਾਂ ਅਸਾਂ ਹੋਰ ਕੀਹਦੀਆਂ ਉਡੀਕਾਂ ਕਰਨੀਆਂ ਨੇ। ਅਖੇ : ਵਾਰੇ ਸ਼ਾਹ ਜਹਾਨ 'ਤੇ ਜੇਹੇ ਆਏ, ਅਸੀਂ ਤੇਹੇ ਜਹਾਨ ਤੋਂ ਚੱਲੜੇ ਵੇ।" ਧਰਮ ਸਿੰਘ ਨੇ ਮਾਯੂਸ ਜੇਹੀ ਸੁਰ ਵਿੱਚ ਕਿਹਾ। ਇਹ ਜਾਣੇ ਬਿਨਾਂ ਕਿ ਕਿਸ ਕਵੀ ਦੀ ਪੰਗਤੀ ਹੈ, ਵਾਰਸ ਸ਼ਾਹ ਦੇ ਨਾਂ ਨਾਲ ਜੋੜ ਕੇ ਉਹਨੇ ਆਪਣੇ ਦਿਲ ਦੀ ਕਹਿ ਦਿੱਤੀ।

"ਉਇ, ਰੱਬ ਦੇ ਘਰੋਂ ਨਰਾਸ਼ ਨਹੀਂ ਹੋਈਦਾ ਹੁੰਦਾ। ਉਹ ਜਦੋਂ ਦੇਣ 'ਤੇ ਆਵੇ, ਛੱਤ ਪਾੜ ਕੇ ਦੇ ਦਿਆ ਕਰਦਾ ਏ।" ਸੱਜਣ ਸਿੰਘ ਨੇ ਉਹਦਾ ਦਿਲ ਰੱਖਣ ਵਾਸਤੇ ਕਿਹਾ।

"ਖ਼ੁਸ਼ ਰਹੁ ਭਰਾਵਾ! ਤੇਰੇ ਬੱਚੇ ਜਿਊਣ। ਉਹ ਜਾਣੇਂ, ਸਾਡੇ ਹੱਕ ਵਿੱਚ ਤੂੰ ਸੁੱਖ

ਤਾਂ ਮੰਗੀ ਏ? ਲੈ ਫੜ, ਤੂੰ ਕੀ ਯਾਦ ਰੱਖੇਂਗਾ?" ਧਰਮ ਸਿੰਘ ਨੇ ਚਾਦਰ ਦੀ ਡੱਬ ਵਿੱਚੋਂ ਕੋਈ ਚੀਜ਼ ਕੱਢ ਕੇ ਸੱਜਣ ਸਿੰਘ ਨੂੰ ਫੜਾ ਦਿੱਤੀ।

ਸੱਜਣ ਸਿੰਘ ਦਾ ਮਨ ਖਿੜ ਗਿਆ। ਚਾਦਰ ਵਿੱਚ ਵਲ੍ਹੇਟ ਕੇ ਉਹਨੇ ਉਹ ਚੀਜ਼ ਮੋਢੇ ਪਿੱਛੇ ਸੁੱਟ ਲਈ, ਤੇ ਅੱਖਾਂ ਹੀ ਅੱਖਾਂ ਵਿੱਚ ਧਰਮ ਸਿੰਘ ਦਾ ਧੰਨਵਾਦ ਕਰਦਾ ਖੇਤ ਨੂੰ ਤੁਰ ਗਿਆ।

ਧਰਮ ਸਿੰਘ ਨੂੰ ਲੋਕ ਜਮਾਂਦਰੂ ਛੜਾ ਕਿਹਾ ਕਰਦੇ ਸਨ। ਇਕ ਲੇਖੇ ਉਹ ਸਾਊ ਸਮਾਜ ਵਿੱਚੋਂ ਛੇਕਿਆ ਹੋਇਆ ਸੀ। ਉਹਦੇ ਪਿਉ ਨੂੰ ਸਿਰਫ਼ ਪੰਜ ਵਿਘੇ ਜ਼ਮੀਨ ਆਉਂਦੀ ਸੀ। ਪੈਂਤੀ ਸਾਲ ਦੀ ਉਮਰ ਤੱਕ ਪਹੁੰਚਦਿਆਂ ਉਹਦਾ ਵਿਆਹ ਨਹੀਂ ਸੀ ਹੋ ਸਕਿਆ। ਏਨੀ ਥੋੜ੍ਹੀ ਜ਼ਮੀਨ ਵਾਲੇ ਜੱਟ ਨੂੰ ਕੌਣ ਰਿਸ਼ਤਾ ਕਰਦਾ। ਅੰਤ ਉਹਨੇ ਆਪ ਹੀ ਹਿੰਮਤ ਕੀਤੀ। ਵੀਹਾਂ ਵਰ੍ਹਿਆਂ ਦੀ ਕਮਾਈ ਦਾ ਜਮ੍ਹਾਂ ਕੀਤਾ ਹੋਇਆ ਸੱਤ ਸੌ ਰੁਪਇਆ ਦੇ ਕੇ ਉਹਨੇ ਇਕ ਵੀਹਾਂ ਵਰ੍ਹਿਆਂ ਦੀ ਕਾਲੀ ਜੇਹੀ ਕੁਦੇਸਣ ਲੈ ਆਂਦੀ। ਕੋਈ ਉਸ ਨੂੰ ਕਾਲੀ ਮਿੱਟੀ ਦੀ ਦਸਦਾ, ਕੋਈ ਗੁਆਲੀਅਰ ਦੀ ਤੇ ਕੋਈ ਕਾਂਸ਼ੀ ਦੀ। ਹਰ ਹਾਲ ਉਹ ਰੰਗ-ਰੂਪ ਤੇ ਬੋਲੀ ਤੋਂ ਪੰਜਾਬਣ ਨਹੀਂ ਸੀ ਮੰਨੀ ਜਾ ਸਕਦੀ। ਉਹ ਅੱਠ ਵਰ੍ਹੇ ਧਰਮ ਸਿੰਘ ਦੇ ਪਿਉ ਕਾਲਾ ਸਿੰਘ ਦੇ ਘਰ ਵੱਸੀ ਤੇ ਅੰਤ ਪੰਜਾਂ ਵਰ੍ਹਿਆਂ ਦੇ ਧਰਮ ਸਿੰਘ ਛੱਡ ਕੇ ਹੈਜ਼ੇ ਦੀ ਬੀਮਾਰੀ ਨਾਲ ਮਰ ਗਈ। ਪੰਦਰਾਂ ਵਰ੍ਹਿਆਂ ਦੇ ਧਰਮ ਸਿੰਘ ਨੂੰ ਛੱਡ ਕੇ ਉਹਦਾ ਪਿਉ ਵੀ ਅਗਲੇ ਜਹਾਨ ਤੁਰ ਗਿਆ। ਪਿਉ ਦੀ ਪੰਜ ਵਿਘੇ ਜ਼ਮੀਨ ਉੱਤੇ ਧਰਮ ਸਿੰਘ ਗੁਜ਼ਾਰਾ ਕਰਦਾ ਆ ਰਿਹਾ ਸੀ। ਉਹਦੀ ਉਮਰ ਵੀ ਤੀਹ-ਬੱਤੀ ਸਾਲ ਦੀ ਹੋ ਚੁੱਕੀ ਸੀ, ਪਰ ਇੰਨੀ ਜਾਇਦਾਦ ਦੇ ਸਿਰ 'ਤੇ ਕਾਲਾ ਸਿੰਘ ਦਾ ਵਿਆਹ ਨਹੀਂ ਸੀ ਹੋ ਸਕਿਆ, ਧਰਮ ਸਿੰਘ ਦਾ ਕਿਵੇਂ ਹੋ ਜਾਂਦਾ, ਜਦੋਂ ਉਹਦੇ ਵਿੱਚ ਇਕ ਬਹੁਤ ਵੱਡੀ ਸਮਾਜਿਕ ਕਜ ਦਾ ਵਾਧਾ ਸੀ। ਹਾਂ, ਜਾਇਦਾਦ ਵਧੇਰੇ ਹੁੰਦੀ ਤਾਂ ਸਾਰੀਆਂ ਕਜਾਂ ਢੱਕੀਆਂ ਜਾਂਦੀਆਂ। ਸਰਮਾਏਦਾਰ ਸਮਾਜ ਵਿੱਚ ਜਾਇਦਾਦ ਸਭ ਤੋਂ ਪਹਿਲਾਂ ਵੇਖੀ ਜਾਂਦੀ ਹੈ।

ਰਾਤ ਦਾ ਹਨ੍ਹੇਰਾ ਵਾਹਵਾ ਪਸਰਿਆ ਹੋਇਆ ਸੀ। ਧਰਮ ਸਿੰਘ ਛੜਾ ਬੂਹੇ ਵਿੱਚ ਖਲਾ ਕਿਸੇ ਦੀ ਉਡੀਕ ਕਰ ਰਿਹਾ ਸੀ ਤੇ ਉਡੀਕ ਕਰ ਰਿਹਾ ਸੀ ਓਸ ਅੱਧ-ਭੁੱਖੇ ਪਿੰਜਰ ਦੀ, ਜਿਸ ਨੂੰ ਸਿਰਫ਼ ਕਹਿਣ ਨੂੰ ਇਸਤਰੀ ਕਿਹਾ ਜਾ ਸਕਦਾ ਸੀ। ਨਹੀਂ ਤਾਂ ਇਸਤਰੀ ਵਾਲਾ ਕੋਈ ਰਸ ਵੀ ਉਹਦੇ ਵਿੱਚ ਨਹੀਂ ਸੀ ਰਿਹਾ। ਸਾਰੇ ਪਿੰਡ ਵਿੱਚੋਂ ਉਹਦਾ ਹੋਰ ਕੋਈ ਵੀ ਚਾਹਵਾਨ ਨਹੀਂ ਸੀ। ਪਰ ਧਰਮ ਸਿੰਘ ਵਾਸਤੇ ਉਸ ਵੇਲੇ ਉਹ ਵੀ ਇੰਦਰ ਅਖਾੜੇ ਦੀ ਅਪੱਛਰਾ ਸੀ। ਹਰ ਹਾਲ, ਉਹ ਕਦੇ ਜ਼ਰੂਰ ਇਸਤਰੀ ਹੁੰਦੀ ਸੀ।

ਹੌਲੀ-ਹੌਲੀ ਗੁਣ ਗੁਣਾਉਂਦਾ ਸੱਜਣ ਸਿੰਘ ਖੇਤ ਪੁੱਜ ਗਿਆ। ਧਰਮ ਸਿੰਘ

ਦੀ ਦਿੱਤੀ ਭੇਟ ਦੀ ਉਹ ਸਰੀਰ ਵਿੱਚ ਕਾਫ਼ੀ ਗਰਮੀ ਮਹਿਸੂਸ ਕਰ ਰਿਹਾ ਸੀ।

"ਇਲਮ ਦੀਨਾ!....ਉਇ ਇਲਮ ਦੀਨਾ!" ਪਹਿਲੀ ਵਾਰ ਨਾਲੋਂ ਸੱਜਣ ਸਿੰਘ ਨੇ ਜ਼ਰਾ ਉੱਚੀ ਆਵਾਜ਼ ਵਿੱਚ ਪੁਕਾਰਿਆ।

"ਹੋਹ!" ਇਲਮ ਦੀਨ ਨੇ ਉਭੜਵਾਹੇ ਵਾਜ ਦਿੱਤੀ।

"ਉਠ, ਰੋਟੀ ਖਾਹ। ਨ੍ਹਾ ਆਇਆ ਏਂ?"

"ਹਾਹੋ।" ਇਲਮ ਦੀਨ ਉਠ ਕੇ ਬਹਿ ਗਿਆ।

"ਖੂਹ 'ਤੇ ਗਿਆ ਸੈਂ?"

ਸੱਜਣ ਸਿੰਘ ਦੇ ਪਿੜ ਤੋਂ ਇਕ ਫ਼ਰਲਾਂਗ ਦੀ ਵਿੱਥ 'ਤੇ ਖੇਤਾਂ ਵਿੱਚ ਮੱਖਣ ਸਿੰਘ ਦਾ ਖੂਹ ਸੀ। ਉਹਨਾਂ ਲਾਇਆ ਭਾਵੇਂ ਖੇਤੀ ਵਾਸਤੇ ਸੀ ਪਰ ਪਾਣੀ ਖਾਰਾ ਹੋਣ ਕਰਕੇ ਜ਼ਮੀਨ ਨੇ ਉਹਨੂੰ ਮੰਨਿਆ ਨਹੀਂ ਸੀ। ਖਾਰੇ ਮਾਝੇ ਵਿੱਚ ਸਿਰਫ਼ ਰੋਹੀ ਦੇ ਕੰਢੇ ਉੱਤੇ ਹੀ ਖੂਹਾਂ ਦਾ ਪਾਣੀ ਕੁਛ ਮਿੱਠਾ ਸੀ, ਜੋ ਫ਼ਸਲਾਂ ਦੇ ਕੰਮ ਆ ਸਕਦਾ ਸੀ।

"ਐਥੋਂ ਖਾਲ ਤੋਂ ਈ ਮਾੜ ਮੋਟ ਕਰ ਲਿਆ ਏ। ਖੂਹ ਤੱਕ ਜਾਣ ਦੀ ਕੀਹਦੀ ਵਾਹ ਸਈ ?"

"ਲੈ, ਖਾਹ ਰੋਟੀ।" ਸੱਜਣ ਸਿੰਘ ਨੇ ਰੰਗਦਾਰ ਖੱਦਰ ਦੇ ਪੋਣੇ ਵਿੱਚ ਬੱਧੀਆਂ ਰੋਟੀਆਂ ਇਲਮ ਦੀਨ ਦੇ ਸਾਹਮਣੇ ਰੱਖ ਦਿੱਤੀਆਂ।

"ਰੋਟੀ ਨੂੰ ਤਾਂ ਸੱਜਣ ਸਿਹਾਂ, ਵੱਢਿਆਂ ਰੂਹ ਨਹੀਂ ਕਰਦਾ। ਐਵੇਂ ਖੇਚਲ ਕੀਤੀ ਊ।" ਇਲਮ ਦੀਨ ਪਿੱਛੋਂ ਚੋਖਾ ਚਿਰ ਘਰ ਦੇ ਕਲੇਸ਼ ਬਾਰੇ ਸੋਚਦਾ ਰਿਹਾ ਸੀ। ਏਸੇ ਵਾਸਤੇ ਉਹਦੀ ਰੋਟੀ ਦੀ ਭੁੱਖ ਮਰ ਗਈ ਸੀ।

"ਉਏ ਖਾਹ ਉਇ, ਚਾਰ ਗਰਾਹੀਆਂ। ਫਿਰ ਤੇਰਾ ਜੀ ਕਰਾਰਾ ਕਰਦੇ ਆਂ। ਵੇਖ, ਪੰਜਾਂ ਮਿੰਟਾਂ ਵਿੱਚ ਸਾਰੇ ਗ਼ਮ ਦੂਰ ਕਰ ਦਿਆਂਗੇ।" ਸੱਜਣ ਸਿੰਘ ਨੇ ਦੇਸੀ ਸ਼ਰਾਬ ਦਾ ਅਧੀਆ ਉਹਦੇ ਸਾਹਮਣੇ ਛਲਕਾਉਂਦਿਆਂ ਕਿਹਾ।

"ਇਹ ਕਿੱਥੋਂ ਮਾਠ ਲਿਆਂਦੀ ਊ?" ਵੇਖ ਕੇ ਇਲਮ ਦੀਨ ਦਾ ਵੀ ਜੀਅ ਲਲਚਾ ਆਇਆ ਸੀ।

"ਰੱਬ ਦਾਤਾ ਏ। ਕੋਈ ਚੇਲਾ ਬਾਲਕਾ ਮਿਲ ਗਿਆ।" ਮੁਫ਼ਤ ਮਿਲੀ ਸ਼ਰਾਬ ਨੂੰ ਸੱਜਣ ਸਿੰਘ ਰੱਬ ਦੀ ਦਾਤ ਸਮਝ ਰਿਹਾ ਸੀ।

ਇਲਮ ਦੀਨ ਪੋਣੇ 'ਚੋਂ ਖੁਹਲ ਕੇ ਰੋਟੀ ਖਾਣ ਲੱਗ ਪਿਆ। ਨਾਲ ਚਿੱਟਿਆਂ ਛੋਲਿਆਂ ਦੀ ਸੁੱਕੀ ਸਬਜ਼ੀ ਸੀ। ਏਨੇ ਚਿਰ ਨੂੰ ਸੱਜਣ ਸਿੰਘ ਅੰਬ ਥੱਲਿਓਂ ਪਾਣੀ ਦਾ ਘੜਾ ਚੁੱਕ ਕੇ ਪਿੜ ਵਿੱਚ ਲੈ ਆਇਆ। ਦੋ-ਤਿੰਨ ਵਾਰ ਪਾਣੀ ਫੇਰ ਕੇ ਉਹਨੇ ਸਿਲਵਰ ਦੀ ਕੌਲੀ ਠੰਢੀ ਕੀਤੀ। ਫਿਰ ਅੱਧੀ ਕੁ ਛਟਾਂਕ ਸ਼ਰਾਬ ਤੇ ਅੱਧ-ਕੁ ਪਾ ਪਾਣੀ ਪਾ ਕੇ ਉਹ ਕਸੀਸ ਵੱਟ ਕੇ ਇਕੋ ਸਾਹ ਪੀ ਗਿਆ।

"ਭਈ, ਹੈ ਗੀ ਤਾਂ ਵਾਹਵਾ ਤੇਜ ਈ। ਲੈ ਵੇਖ ਸੁਆਦ।" ਦੋ ਵਾਰ ਕੌਲੀ ਧੋ ਕੇ ਉਹਨੇ ਓਨਾ ਕੁ ਹਾੜਾ ਪਾ ਕੇ ਇਲਮ ਦੀਨ ਵੱਲੋ ਵਧਾ ਦਿੱਤਾ।

"ਉਇ, ਮੌਲਵੀ ਨੂੰ ਪੁਛ ਔਣਾ ਸੀ, ਹਰਾਮ ਤਾਂ ਨਹੀਂ ਹੁੰਦੀ?" ਇਲਮ ਦੀਨ ਨੇ ਇਕ ਲੇਖੇ ਮੌਲਵੀ ਦੇ ਉਪਦੇਸ਼ ਦਾ ਮਜ਼ਾਕ ਉਡਾਉਂਦਿਆਂ ਕਿਹਾ।

"ਪੁੱਛਣ ਜਾਂਦਾ, ਤਾਂ ਮੌਲਵੀ ਕੋਲੋਂ ਬਚ ਕੇ ਇਹ ਚੀਜ਼ ਕਿਵੇਂ ਔਂਦੀ ? ਮੁਖਤ ਦੀ ਹਰਾਮ ਨਹੀਂ ਹੁੰਦੀ।"

"ਹਾ-ਅ।" ਇਲਮ ਦੀਨ ਨੇ ਦੋ ਕੁ ਛਟਾਂਕਾਂ ਕੌੜਾ ਪਾਣੀ ਅੰਦਰ ਲੰਘਾਉਂਦਿਆਂ ਕਿਹਾ, "ਰਖ ਲਿਆ ਈ ਸੱਜਣ ਸਿਹਾਂ! ਨਹੀਂ ਤਾਂ ਅੱਜ ਗ਼ਮ ਨਾਲ ਈ ਮਰ ਜਾਣਾ ਸੀ।"

"ਉਇ, ਇਹ ਰੂੜੀ ਬਰਾਂਡ ਗ਼ਮ ਨਹੀਂ ਲਾਗੇ ਫਟਕਣ ਦੇਂਦੀ। ਬੱਸ, ਇਕ ਹਾੜਾ ਹੋਰ ਲੈਣ ਦੀ ਢਿੱਲ ਏ।" ਸੱਜਣ ਸਿੰਘ ਨੇ ਇਕ ਵਾਰ ਫਿਰ ਅਧੀਆ ਛਲਕਾ ਕੇ ਵੇਖਿਆ।

"ਇਕ-ਦੋ ਹਾੜੇ ਤਾਂ ਉਹ ਦੂਸਰੇ ਦੀ ਜੂਠੀ ਕੌਲੀ ਧੋ ਲੈਂਦੇ ਰਹੇ, ਪਰ ਪੂਰੀ ਤਾਰ ਆ ਜਾਣ ਪਿੱਛੋਂ ਸੁੱਚ ਜੂਠ ਦਾ ਭਰਮ ਅਸਲੋਂ ਮਿਟ ਗਿਆ। ਸੱਜਣ ਸਿੰਘ ਦੀ ਵਧੀ ਇਲਮ ਦੀਨ ਤੇ ਇਲਮ ਦੀਨ ਦੀ ਵਧੀ ਸੱਜਣ ਸਿੰਘ ਬੜੇ ਸੁਆਦ ਨਾਲ ਬੁੱਲ੍ਹਾਂ 'ਤੇ ਜੀਭ ਫੇਰ-ਫੇਰ ਪੀਂਦਾ ਰਿਹਾ।

"ਜੈਨਾ ਆਈ ਸੀ ਰੋਟੀ ਫੜੌਣ। ਉਹ ਬੜੀ ਰੋਂਦੀ ਸੀ ਘਰ ਦੀਆਂ ਗੱਲਾਂ ਕਰ ਕੇ।"

"ਗੋਲੀ ਮਾਰ ਉਇ ਘਰ ਦੀਆਂ ਗੱਲਾਂ ਨੂੰ। ਕੋਈ ਹੋਰ ਘੁੱਟ ਹੈ ਗੀ ਊ, ਤਾਂ ਫੜਾ।"

ਅੱਧੀ ਰਾਤ ਤੱਕ ਉਹ ਥੋੜ੍ਹੀ-ਥੋੜ੍ਹੀ ਕਰਕੇ ਓਹਾ ਡੇਢ ਪਾ ਪੀਂਦੇ ਰਹੇ। ਪੀਂਦੇ ਰਹੇ ਤੇ ਗੱਲਾਂ ਕਰਦੇ ਰਹੇ। ਬੰਦਿਆਂ ਵਰਗੀਆਂ ਨਹੀਂ, ਸ਼ਰਾਬੀਆਂ ਵਰਗੀਆਂ ਗੱਲਾਂ। ਤੇ ਉਹ ਗੱਲਾਂ ਕਰ ਰਹੇ ਸਨ ਸੱਜਣ ਤੇ ਇਲਮਾ। ਸਰਦਾਰ ਸੱਜਣ ਸਿੰਘ ਜਾਂ ਚੌਧਰੀ ਇਲਮ ਦੀਨ ਓਥੇ ਕੋਈ ਨਹੀਂ ਸੀ ਰਿਹਾ।

## 12

ਭਜਨ ਕੌਰ ਦੇ ਜਨਮ ਤੋਂ ਅੱਠ ਸਾਲ ਪਿੱਛੋਂ ਉਹਦੇ ਮਾਪਿਆਂ ਘਰ ਲੜਕਾ ਹੋਇਆ। ਢਾਈ ਤਿੰਨ ਸਾਲ ਦੀ ਉਮਰ ਤੋਂ ਭਜਨੋਂ ਅਰਦਾਸਾਂ ਕਰਨ ਲੱਗ ਪਈ ਸੀ, 'ਰੱਬਾ! ਵੀਰ ਦਿਹ, ਇਕ ਵਾਰ।'

ਕਿਸੇ ਆਂਢਣ-ਗੁਆਂਢਣ ਨੇ ਪੁੱਛਣਾ, 'ਕੁੜੇ ਭਜੀ! ਤੁਹਾਡੇ ਕੋਠੇ 'ਤੇ ਕੀ

ਆ? ਚਿੜੀ ਕਿ ਕਾਂ।" ਭਜੀ ਨੇ ਝੱਟ ਉੱਤਰ ਦੇਣਾ 'ਕਾਂ'। ਖ਼ੁਸ਼ੀ ਨਾਲ ਉਹਦਾ ਗੁਲਾਬ ਦੇ ਫੁੱਲ ਵਰਗਾ ਕਮਲ ਚਿਹਰਾ ਭਖ ਕੇ ਲਾਲ ਤੋਂ ਸੂਹਾ ਹੋ ਜਾਣਾ। ਉਹ ਏਨਾ ਜਾਣ ਗਈ ਸੀ, ਚਿੜੀ ਦਾ ਅਰਥ ਹੈ ਲੜਕੀ ਤੇ ਕਾਂ ਦਾ ਲੜਕਾ।

ਇਕ ਦਿਨ ਤਾਈ ਨੇ ਉਹਨੂੰ ਬਾਤ ਸੁਣਾਈ ਸੀ, 'ਘਰ ਵਿੱਚ ਘਰ ਤੈਨੂੰ ਕੀ ਵਾਦੀ। ਮੁੰਡੇ ਦੀ ਅੱਖੀਂ ਸੁਰਮਾ, ਕੁੜੀ ਸਾਦ ਮੁਰਾਦੀ। ਲੈ ਬੁੱਝ।"

ਭਜੀ ਬਥੇਰੇ ਸੋਚ ਦੇ ਘੋੜੇ ਦੁੜਾ ਰਹੀ ਸੀ, ਪਰ ਉਹਨੂੰ ਬਾਤ ਦਾ ਜਵਾਬ ਨਹੀਂ ਸੀ ਅਹੁੜਿਆ। ਅੰਤ ਤਾਈ ਨੇ ਖਿਝ ਕੇ ਕਿਹਾ ਸੀ, "ਤੂੰ ਵੀ ਨਿਰੀ ਬੁੱਧੂ ਏਂ। ਅਹੁ ਕਿੱਲੀ ਉੱਤੇ ਕੀ ਬੈਠਾ ਏ?"

"ਚਿੜੀ।" ਭਜੀ ਨੇ ਜਵਾਬ ਦਿੱਤਾ ਸੀ।

"ਚਿੜੀ ਨਹੀਂ, ਚਿੜਾ।" ਤਾਈ ਨੇ ਭੁੱਲ ਦੀ ਸੋਧ ਕਰਦਿਆਂ ਕਿਹਾ ਸੀ।

"ਚਿੜੀ ਅਹੁ ਈ ਰੱਸੀ ਉੱਤੇ ਬੈਠੀ। ਧਿਆਨ ਨਾਲ ਵੇਖ, ਚਿੜੇ ਦੀਆਂ ਅੱਖਾਂ ਕਾਲੀਆਂ ਨੇ। ਉਹਨੇ ਸੁਰਮਾ ਪਾਇਆ ਹੋਇਆ ਏ। ਤੇ ਵਿਚਾਰੀ ਚਿੜੀ ਸਾਦ ਮੁਰਾਦੀ। ਸੋ, ਚਿੜੀ ਹੋਈ ਕੁੜੀ ਤੇ ਚਿੜਾ ਹੋਇਆ ਮੁੰਡਾ। ਹੁਣ ਚੇਤੇ ਰੱਖੀਂ।"

ਤੇ ਭਜੀ ਨੇ ਭੁਲਾਇਆ ਨਹੀਂ ਸੀ ਮੁੜ ਕੇ, ਕਿ ਚਿੜੀ ਕੁੜੀ ਨੂੰ ਆਹੰਦੇ ਹਨ। ਉਹਨੂੰ ਲੋੜ ਸੀ ਇਕ ਵੀਰ ਦੀ, ਮੁੰਡੇ ਦੀ : ਕੁੜੀ ਜਾਂ ਭੈਣ ਦੀ ਨਹੀਂ। ਉਹ ਕਦੇ ਨਹੀਂ ਸੀ ਮੰਨਦੀ, ਕਿ ਉਹਨਾਂ ਦੇ ਕੋਠੇ ਉੱਤੇ ਚਿੜੀ ਹੈ। ਪਰ ਚਿੜੀ ਦੇ ਮੁਕਾਬਲੇ 'ਤੇ ਕਾਂ ਦਾ ਨਾਂ ਸੁਣ ਕੇ ਉਹ ਹੈਰਾਨ ਜ਼ਰੂਰ ਹੁੰਦੀ। ਇਕ ਦਿਨ ਉਹਨੇ ਤਾਈ ਨੂੰ ਪੁੱਛ ਹੀ ਲਿਆ, "ਤਾਈ! ਕਾਂ, ਕਿ ਚਿੜਾ ? ਚਿੜੀ ਤੇ ਚਿੜਾ; ਜੀਹਦੇ ਅੱਖੀਂ ਸੁਰਮਾ ਏਂ।'

ਅੱਗੋਂ ਤਾਈ ਨੇ ਉਹਦੀ ਤੇਜ਼ ਬੁੱਧੀ 'ਤੇ ਹੈਰਾਨ ਹੁੰਦਿਆਂ ਕਿਹਾ ਸੀ, 'ਕਿੰਨੀਆਂ ਕੁਨ੍ਹਾ ਕੱਢਦੀ ਏ ਇਹ ਕੁੜੀ। ਵੱਡੀਏ! ਕਾਂ ਕੀ ਤੇ ਚਿੜਾ ਕੀ ? ਇਕੋ ਗੱਲ ਏ। ਤੂੰ ਦੱਸ, ਤੁਹਾਡੇ ਕੋਠੇ 'ਤੇ ਚਿੜੀ ਏ, ਕਿ ਕਾਂ ?'

'ਕਾਂ'। ਭਜੀ ਨੇ ਪੂਰੇ ਉਤਸ਼ਾਹ ਨਾਲ ਉੱਤਰ ਦਿੱਤਾ ਸੀ। ਉਹਦਾ ਸ਼ੰਕਾ ਨਵਿਰਤ ਹੋ ਗਿਆ ਸੀ, ਕਿ ਭਾਵੇਂ ਉਹ ਚਿੜਾ ਕਹੇ, ਜਾਂ ਕਾਂ, ਉਸ ਦਾ ਅਰਥ ਮੁੰਡਾ ਹੀ ਹੈ, ਵੀਰ।

ਉਸ ਤੋਂ ਪਿੱਛੋਂ ਦੋ ਢਾਈ ਵਰ੍ਹੇ ਭਜੀ ਟਾਕੀਆਂ ਦਾ ਵੱਡਾ ਸਾਰਾ ਗੁੱਡਾ ਮੋਢੇ ਨਾਲ ਲਾਈ ਫਿਰਦੀ ਰਹੀ। ਕਿਸੇ ਵੇਲੇ ਵੀ ਉਹ ਗੁੱਡੇ ਦਾ ਵਿਸਾਹ ਨਾ ਕਰਦੀ। ਰਾਤ ਨੂੰ ਵੀ ਉਹ ਉਹਨੂੰ ਹਿੱਕ ਨਾਲ ਲਾ ਕੇ ਸੌਂਦੀ। ਤਾਏ ਦੀਆਂ ਧੀਆਂ ਪੁੱਛਦੀਆਂ, ਤਾਂ ਭਜੀ ਅੱਗੋਂ ਭੋਲੇ-ਭਾਅ ਉੱਤਰ ਦੇਂਦੀ, 'ਇਹ ਤਾਂ ਮੇਰਾ ਵੀਰ ਏ।'

ਭਜੀ ਜ਼ਰਾ ਕੁ ਵਡੇਰੀ ਹੋਈ, ਤਾਂ ਸਹੇਲੀਆਂ ਨਾਲ ਨੱਚਦੀ ਖੇਡਦੀ ਬੋਲੀ ਪਾਉਣ ਲੱਗੀ, 'ਇਕ ਵੀਰ ਦੇਈਂ ਵੇ ਰੱਬਾ! ਸਹੁੰ ਖਾਣ ਨੂੰ ਬੜਾ ਜੀ ਕਰਦਾ।' ਇਹ

ਬੋਲੀ ਉਹਨੂੰ ਬੜੀ ਚੰਗੀ ਲੱਗਦੀ ਸੀ। ਪਰ ਵੀਰ ਦੇ ਹੋ ਪੈਣ ਪਿੱਛੋਂ ਉਹਨੇ ਕਦੇ ਵੀ ਵੀਰ ਦੀ ਸਹੁੰ ਨਹੀਂ ਸੀ ਖਾਧੀ। ਇਕੋ ਜੇਹੀਆਂ ਸਹੇਲੀਆਂ ਦੀ ਖੇਡ ਵਿੱਚ ਕਿਸੇ ਗੱਲ ਦਾ ਰੌਲਾ ਪੈ ਜਾਣਾ, ਤਾਂ ਉਹਨਾਂ ਇਕ ਦੂਜੀ ਨੂੰ ਆਖਣਾ, 'ਖਾਹ ਵੀਰ ਦੀ ਸਹੁੰ!' ਸਾਰੀਆਂ ਕੁੜੀਆਂ ਨੇ ਸਹੁੰ ਵੀਰ ਦੀ ਖਾ ਜਾਣੀ, ਪਰ ਭਜੀ ਨੇ ਵਿਹਰ ਜਾਣਾ। ਉਹਨੇ ਕਹਿਣਾ, 'ਕਿਉਂ ਖਾਵਾਂ ਸਹੁੰ ? ਮੇਰਾ ਤਾਂ ਇਕੋ ਵੀਰ ਏ। ਨਾਲੇ ਉਹ ਤਰਨਤਾਰਨ ਵਾਲੇ ਬਾਬੇ ਦੀ ਸੁੱਖਣਾ ਦਾ ਏ।' ਪਰ ਹਾਣ-ਸਹੇਲੀਆਂ ਵਿੱਚ ਨੱਚਦੀ ਉਹ ਬੋਲੀ ਅਜੇ ਵੀ ਪਾ ਲਿਆ ਕਰਦੀ, 'ਇਕ ਵੀਰ ਦੇਈਂ ਵੇ ਰੱਬਾ।' ਇਹ ਕਹਿੰਦਿਆਂ ਉਹਨੂੰ ਬਚਪਨ ਯਾਦ ਆ ਜਾਂਦਾ।

ਅੰਤ ਪਰਮਾਤਮਾ ਨੇ ਭਜੀ ਦੀ ਸੁਣ ਲਈ। ਪੂਰੇ ਅੱਠ ਸਾਲ ਪਿੱਛੋਂ ਉਹਦੀ ਮਾਂ ਵਿਅੰਮ-ਘਰ ਵਿੱਚ ਗਈ। ਉਸ ਵੇਲੇ ਵੀ ਭਜੀ ਬੂਹੇ ਅੱਗੇ ਹੱਥ ਜੋੜੀ ਬੈਠੀ ਜਾਪ ਕਰ ਰਹੀ ਸੀ, 'ਇਕ ਵੀਰ ਦੇਈਂ ਵੇ ਰੱਬਾ!....!'

ਵਿੱਚੋਂ ਵਾਰੋਂ ਮਾਂ ਦੀ 'ਹਾਇ-ਹਾਇ' ਦੀ ਵਾਜ ਕੰਨੀ ਪੈ ਜਾਂਦੀ, ਤਾਂ ਭਜੀ ਜ਼ਰਾ ਕੁ ਬੂਹਾ ਖੜਕਾ ਕੇ ਦਾਈ ਨੂੰ ਪੁੱਛ ਲੈਂਦੀ, 'ਅੰਮਾ ਜੀਵਾਂ! ਮੈਂ ਅੰਦਰ ਆ ਜਾਵਾਂ ?' ਦਾਈ ਉਹਦੀ ਮੰਗ ਪਰਵਾਨ ਨਾ ਕਰਦੀ, ਤਾਂ ਭਜੀ ਵਿਚਾਰੀ ਜੀ-ਮਸੋਸ ਕੇ ਰਹਿ ਜਾਂਦੀ। ਆਪਣਾ ਮੰਤਰ ਉਹ ਫਿਰ ਕਾਹਲੀ-ਕਾਹਲੀ ਦੁਹਰਾਉਣ ਲੱਗ ਪੈਂਦੀ, 'ਇਕ ਵੀਰ ਦੇਈਂ...!'

ਰਾਤ ਵਾਹਵਾ ਢਲ ਗਈ ਸੀ। ਭਜੀ ਅਜੇ ਵੀ ਜਾਗਦੀ ਬੈਠੀ ਸੀ। ਨਵ-ਜਨਮੇ ਬਾਲ ਦੀ 'ਹੁਆਂ ਹੁਆਂ' ਉਹਦੇ ਕੰਨੀ ਪਈ, ਤਾਂ ਉਹ ਖ਼ੁਸ਼ੀ ਵਿੱਚ ਇਕੇ ਵਾਰ ਭੁੜਕ ਉਠੀ। 'ਅੰਮਾ ਜੀਵਾਂ! ਵੀਰ ਏ ਵੀਰ। ਵੇਖ ਲੈ ਭਾਵੇਂ।' ਉਹਨੇ ਪੂਰੇ ਵਿਸ਼ਵਾਸ ਨਾਲ ਕਿਹਾ ਸੀ।

'ਲਉ, ਭਜੀ ਦੀ ਜਬਾਨ ਸੁਲੱਖਣੀ ਹੋਈ ਜੇ। ਕਾਕਾ ਏ ਸੁੱਖ ਨਾਲ। ਵਧਾਇਓਂ ਬੇਬੇ!' ਦਾਈ ਦੀ ਵਾਜ ਵੀ ਖ਼ੁਸ਼ੀ ਭਰੀ ਸੀ। ਹੁਣ ਉਹਨੂੰ ਉਸ ਘਰੋਂ ਵਧੇਰੇ ਮਿਲਣ ਦੀ ਆਸ ਹੋ ਗਈ ਸੀ।

'ਹੁਣ ਆ ਜਾਵਾਂ ?' ਭਜੀ ਨੇ ਜ਼ਰਾ ਜ਼ੋਰਦਾਰ ਵਾਜ ਵਿੱਚ ਕਿਹਾ ਸੀ। ਉਹ ਖ਼ੁਸ਼ੀ ਵਿੱਚ ਪਾਗ਼ਲ ਹੋ ਰਹੀ ਸੀ। ਟਾਕੀਆਂ ਦੇ ਗੁੱਡੇ ਨੂੰ ਲੋਰੀਆਂ ਦੇ ਦੇ ਅਰਦਾਸਾਂ ਕਰਨ ਵਾਲੀ ਭਜੀ, ਸੱਚਮੁੱਚ ਦੇ ਵੀਰ ਨੂੰ ਗੋਦ ਵਿੱਚ ਪਾ ਕੇ ਖਿਡਾਉਣ ਦੀ ਹੱਕਦਾਰ ਬਣ ਗਈ ਸੀ।

'ਆ ਜਾਣ ਦਿਹ ਸੁ ਨੀ!' ਭਜੀ ਦੀ ਤਾਈ ਦੀ ਵਾਜ ਆਈ। ਉਹ ਨਹੀਂ ਸੀ ਚਾਹੁੰਦੀ ਕਿ ਦਾਈ ਫੇਰ ਨਾਂਹ ਕਰ ਦੇਵੇ।

ਤਾਈ ਨੇ ਉਠ ਕੇ ਬੂਹਾ ਖੁਹਲ ਦਿੱਤਾ, ਤੇ ਭਜੀ ਨੇ ਭੱਜ ਕੇ ਉਸ ਮਾਸ ਦੇ

ਲੋਥੜੇ ਨੂੰ ਪੀਹੜੀ ਤੋਂ ਚੁੱਕ ਕੇ ਗੋਦੀ ਵਿੱਚ ਲੈ ਲਿਆ। 'ਇਹ ਮੇਰਾ ਵੀਰ ਏ। ਮੈਂ ਨਹੀਂ ਕਿਸੇ ਨੂੰ ਚੁੱਕਣ ਦਿਆ ਕਰਨਾ।' ਭਜੀ ਨੇ ਪੂਰੇ ਹੰਮੇ ਦਾਹਵੇ ਨਾਲ ਕਿਹਾ ਸੀ।

'ਔਧਰ ਵੇਖੋ ਨੀ! ਲੋਹੜਾ ਆਇਆ ਹੋਇਆ ਸੁ।' ਭਜੀ ਨੂੰ ਕਾਕੇ ਦਾ ਮੂੰਹ ਚੁੰਮਦਿਆਂ ਵੇਖ ਕੇ ਤਾਈ ਨੇ ਕਿਹਾ ਸੀ।

'ਭੈਣਾ, ਏਸੇ ਦੀਆਂ ਅਰਦਾਸਾਂ ਨੂੰ ਰੱਬ ਨੇ ਭਾਗ ਲਾਇਆ ਏ, ਨਹੀਂ ਤਾਂ ਸਾਡੇ ਭਾਗਾਂ ਵਿੱਚ ਕਿੱਥੋਂ ਸੀ।' ਭਜੀ ਦੀ ਮਾਂ ਨੇ ਧੀ ਦੇ ਸ਼ੁਕਰਾਨੇ ਵਜੋਂ ਕਿਹਾ ਸੀ।

ਭਜੀ ਹਰ ਵੇਲੇ ਉਹਨੂੰ 'ਵੀਰ ਵੀਰ' ਕਰਦੀ ਰਹਿੰਦੀ ਸੀ। ਇਸ ਵਾਸਤੇ ਕਾਕੇ ਦਾ ਨਾਂ—ਬਿਨਾਂ ਰੱਖਿਆਂ ਹੀ—ਵੀਰ ਸਿੰਘ ਪੱਕ ਗਿਆ। ਮਾਂ ਸਤਿਕਾਰ ਵਜੋਂ ਨਿੱਕੇ ਜੇਹੇ ਪੁੱਤਰ ਨੂੰ ਹੀ ਵੀਰ ਸੁੰਹ ਕਹਿ ਕੇ ਬੁਲਾਇਆ ਕਰਦੀ। ਪਿਉ ਲਾਡ ਨਾਲ ਵੀਰਿਆ ਤੇ ਗੁੱਸੇ ਨਾਲ 'ਉਇ ਵੀਰੂ' ਆਖ ਕੇ ਸੱਦਦਾ, ਪਰ ਭਜੀ ਸਦਾ ਨਿਰਾ ਵੀਰ ਕਹਿ ਕੇ ਸੰਬੋਧਨ ਕਰਦੀ। ਭਜੀ ਤੋਂ ਭਜਨ ਕੌਰ ਬਣ ਕੇ ਵੀ ਉਹ ਭਰਾ ਨੂੰ ਵੀਰ ਹੀ ਕਹਿੰਦੀ ਸੀ। ਹਾਂ, ਵੱਡੀ ਭੈਣ ਹੋਣ ਦੇ ਨਾਤੇ ਉਹ ਕਿਸੇ ਵੇਲੇ 'ਵੇ ਵੀਰ' ਆਖ ਕੇ ਵੀ ਬੁਲਾਉਂਦੀ।

ਵੀਰ ਸਿੰਘ ਤੋਂ ਢਾਈ ਸਾਲ ਛੋਟੀ ਇਕ ਹੋਰ ਲੜਕੀ ਹੋਈ। ਉਹਦਾ ਨਾਂ ਭਰਾ ਨਾਲ ਮਿਲਦਾ ਜੁਲਦਾ ਜਸਬੀਰ ਰੱਖਿਆ ਗਿਆ। ਜਸਬੀਰ ਵੀ ਪਲ ਕੇ ਇਕੀ ਸਾਲ ਦੀ ਜੁਆਨ ਹੋ ਗਈ। ਭਜਨ ਕੌਰ ਦੇ ਮਾਪੇ ਭਾਵੇਂ ਪਹਿਲਾਂ ਪੁੱਤਰ ਦਾ ਵਿਆਹ ਕਰਨਾ ਚਾਹੁੰਦੇ ਸਨ, ਪਰ ਵੀਰ ਸਿੰਘ ਦੇ ਸਾਹੁਰੇ—ਮੰਦੇ ਭਾਵਾਂ ਦਾ ਕਾਰਨ ਵਿਆਹ ਦੇਣ ਵਾਸਤੇ ਤਿਆਰ ਨਾ ਹੋਏ। ਓਧਰੋਂ ਜਸਬੀਰ ਦੇ ਸਾਹੁਰੇ ਵਿਆਹ ਲੈਣ ਵਾਸਤੇ ਜ਼ੋਰ ਪਾਉਣ ਲੱਗ ਪਏ। ਆਖ਼ਰ ਚੋਖੀ ਲੰਮੀ ਸੋਚ ਵਿਚਾਰ ਪਿੱਛੋਂ ਭਜਨ ਕੌਰ ਦੇ ਮਾਪਿਆਂ ਨੇ ਜਸਬੀਰ ਦਾ ਵਿਆਹ ਬਾਈ ਹਾੜ੍ਹ ਦਾ ਪੱਕਾ ਕਰ ਦਿੱਤਾ।

ਏਸੇ ਵਿਆਹ ਬਾਰੇ ਸੱਜਣ ਸਿੰਘ ਘਰ ਚਰਚਾ ਹੋ ਰਹੀ ਸੀ।

"ਵੇਖੋ ਨਾ! ਚੌਦਾਂ-ਪੰਦਰਾਂ ਵਰ੍ਹਿਆਂ ਦੀ ਮੈਂ ਓਸ ਘਰੋਂ ਲਿਔਣ ਲੱਗੀ ਆਂ। ਜਦੋਂ ਗਈ ਆਂ ਮੈਂ, ਉਹਨਾਂ ਕਦੇ ਖ਼ਾਲੀ ਨਹੀਂ ਮੋੜਿਆ। ਤੁਹਾਨੂੰ ਕੁਛ ਭੁੱਲਾ ਹੋਇਆ ਤਾਂ ਨਹੀਂ। ਬਸ਼ਕੇ ਵੇਰੀਂ, ਮੁਰਕੀਆਂ ਦੋਹਤਰੇ ਨੂੰ ਤੇ ਡੰਡੀਆਂ ਮੈਨੂੰ ਪਾ ਗਏ ਸਨ। ਫਿਰ..."

"ਉ, ਦੋਹਤਰੇ ਨੂੰ ਮੁਰਕੀਆਂ, ਧੀ ਨੂੰ ਡੰਡੀਆਂ, ਤੇ ਜਵਾਈ ਨੂੰ ਕੀ ?" ਸੱਜਣ ਸਿੰਘ ਨੇ ਜ਼ਰਾ ਹਾਸੇ ਦੇ ਰੌਂ ਵਿੱਚ ਕਿਹਾ।

"ਜਵਾਈ ਨੂੰ ਦੇ ਗਏ ਸਨ ਪੰਜ-ਕਾਪੜੀ। ਜਿਹੜਾ ਭੁੱਲ ਜਾਵੇ, ਉਹਦਾ ਕੀ ਦਾਰੂ ?" ਭਜਨ ਕੌਰ ਨੇ ਅੱਗੋਂ ਅੱਖਾਂ ਮਟਕਾ ਕੇ ਕਿਹਾ।

"ਫਿਰ ਵਿਤਕਰਾ ਹੋਇਆ ਨਾ। ਧੀ ਨੂੰ ਤਿਉਰ ਨਾਲ ਡੰਡੀਆਂ ਤੇ ਜਵਾਈ ਨੂੰ

ਛੜੀ ਪੰਜ-ਕਾਪੜੀ।" ਸੱਜਣ ਸਿੰਘ ਨੇ ਪੰਜ-ਕਾਪੜੀ ਦੇ ਪਹਿਲਾਂ ਹਲਕਾ ਵਿਸ਼ੇਸ਼ਣ ਲਾ ਕੇ ਉਹਦੀ ਕੀਮਤ ਹੋਰ ਘਟਾ ਦਿੱਤੀ।

"ਜਵਾਈ ਨੂੰ ਤਾਂ ਉਹਨਾਂ ਕੁਛ ਨਹੀਂ ਦਿੱਤਾ ਹੋਣਾ।" ਗੁੱਝੀ ਰਮਜ਼ ਲਾਉਂਦਿਆਂ ਭਜਨ ਕੌਰ ਦੇ ਸਾਰੇ ਚਿਹਰੇ ਉੱਤੇ ਮਿੱਠੀ ਜੇਹੀ ਮੁਸਕਰਾਹਟ ਫੈਲ ਗਈ।

"ਭਈ, ਓਸ ਗੱਲੋਂ ਤਾਂ ਮੈਂ ਉਹਨਾਂ ਦਾ ਹਸਾਨ ਮੰਨਦਾ ਆਂ। ਤੂੰ ਬਸ਼ੱਕ ਹਰ ਮਹੀਨੇ ਬਾਪੂ ਦੀ ਥੇਈ ਰਖਿਆ ਕਰ। ਮੈਂ ਸਿਰਫ਼ ਵਿਤਕਰੇ ਦੀ ਗੱਲ ਕੀਤੀ ਏ। ਪਈ, ਧੀ ਨੂੰ ਸਾਰੇ ਈ ਜਵਾਈ ਨਾਲੋਂ ਚੰਗਾ ਜਾਣਦੇ ਨੇ।"

"ਇਹ ਤਾਂ ਫਿਰ ਮੁੱਢੋਂ ਲਾਉਂ ਬਣੀ ਆਈ। ਨਾਲੇ ਆਪਾਂ ਭਲਕੇ ਦੀਪੋ ਨੂੰ ਚੰਗਿਆਂ ਨਾ ਜਾਣਾਂਗੇ। ਪਰ ਇਹ ਵੀ ਐਵੇਂ ਕਰਨ ਨੂੰ ਈਂ ਗੱਲ ਬਣੀ ਹੋਈ ਏ। ਨਹੀਂ ਤਾਂ ਜਵਾਈਆਂ ਦਾ ਆਦਰ ਸਗੋਂ ਵਧੇਰੇ ਕਰਨਾ ਪੈਂਦਾ ਏ। ਉਹ ਵੀ ਧੀਆਂ ਦੇ ਕੇ ਪੁੱਤਰ ਬਣਾਈ ਦੇ ਨੇ। ਫਿਰ ਮੇਰੇ ਮਾਪਿਆਂ ਤਾਂ ਵਿਤਕਰਾ ਕਦੇ ਜਾਤਾ ਈ ਨਹੀਂ। ਬਾਪੂ ਮਰੇ ਤੋਂ ਤੁਹਾਨੂੰ ਵੀ ਪੱਗ ਉੱਤੇ ਛਾਪ ਦੇ ਗਏ ਸਨ। ਫਿਰ ਦੀਪੋ ਜੰਮੀ, ਤਾਂ ਕੁੜੀ ਵਾਰੀ ਵੀ ਉਹ ਮੁੰਡਿਆਂ ਵਰਗਾ ਸਭ ਕੁਛ ਕਰ ਗਏ। ਅਜੇ ਤਾਂ ਕੱਲ੍ਹ ਦੀ ਗੱਲ ਏ, ਪੱਪੂ ਵਾਰੀ ਵੀ ਮਾਂ ਸੌ ਰੁਪਈਆ ਲਾ ਗਈ ਸੀ। ਉਹਨਾਂ ਘਰ ਇੱਕ ਦਿਨ ਆਇਆ ਏ, ਤਾਂ ਝਿੱਸੀਆਂ ਵੱਟਦੇ ਜੇ।"

"ਮੈਂ ਝਿੱਸੀਆਂ ਵੱਟਦਾਂ ? ਨਾਲੇ ਮੇਰੇ ਝਿੱਸੀ ਵੱਟਿਆਂ ਫ਼ਰਕ ਕੀ ਪੈਣ ਲੱਗਾ ਏ ? ਹੱਥ ਵੱਸ ਤਾਂ ਹੋਈ ਤੇਰੇ। ਬੁੱਢੀ ਤਾਂ—ਆਂਹਦੇ ਨੇ—ਗਿੱਠ ਜਿੱਡੀ ਮਾਣ ਨਹੀਂ, ਤੇ ਤੂੰ ਤਾਂ ਸੁੱਖ ਨਾਲ ਕੋਠੇ ਜਿੱਡੀ ਹੋਈਓਂ।"

"ਐਵੇਂ ਹਾਸੇ 'ਚ ਗੱਲ ਨਾ ਟਾਲੋ। ਇਹ ਗੱਡ ਦਾ ਪਹੀਆ ਪਾਸੇ-ਪਾਸੇ ਨਹੀਂ ਜਾਣਾ। ਕਿਤੇ ਪੰਦਰਾਂ-ਸੋਲਾਂ ਵਰ੍ਹਿਆਂ ਪਿੱਛੋਂ ਉਹ ਸਾਰਥ ਲੱਗੇ ਨੇ ਕਰਨ। ਤੇ ਮੈਂ ਤਾਈਆਂ ਚਾਚੀਆਂ ਕੋਲੋਂ ਗੱਲਾਂ ਨਹੀਂ ਕਰਵੌਣੀਆਂ। ਪਈਆਂ ਮੂੰਹ ਜੋੜ-ਜੋੜ ਕੇ ਇਕ ਦੂਜੀ ਦੇ ਕੰਨਾਂ 'ਚ ਆਖਣਗੀਆਂ, 'ਹੈਂ ਨੀ! ਵੱਡੀ ਭੈਣ ਏਂ। ਕੀ ਕੁਛ ਲਿਆਈ ਏ ?' ਜਿੰਨਾ ਉਹਨਾਂ ਹੁਣ ਤਕ ਦਿੱਤਾ ਏ, ਮੈਂ ਓਦੋਂ ਅੱਧਾ ਤਾਂ ਮੋੜਾਂ ? ਤੇ ਤੁਸੀਂ ਕਿਹੜੀ ਗੱਲੋਂ ਅੰਦਰ ਬਾਹਰ ਜੀ ਪੌਂਦੇ ਜੇ। ਉਹ ਤੁਹਾਡਾ ਹੱਕ ਨਹੀਂ ਰੱਖਣ ਲੱਗੇ। ਸੱਚੀ ਗੱਲ ਏ, ਛੋਟੀ ਭੈਣ ਦੇ ਸਾਰਥ 'ਤੇ ਮੈਂ ਕੁਛ ਲਿਔਣਾ ਨਹੀਂ ਜੇ, ਤੇ ਵੀਰ ਦੇ ਵਿਆਹ ਵੇਰੀਂ ਕਸਰ ਛੱਡਦੀ ਨਹੀਂ।"

"ਬਸ਼ਕੇ ਦੀ ਮਾਂ!" ਦੋ ਮਿੰਟ ਚੁੱਪ ਰਹਿਣ ਪਿੱਛੋਂ ਸੱਜਣ ਸਿੰਘ ਨੇ ਗੰਭੀਰਤਾ ਨਾਲ ਕਿਹਾ, "ਤੇਰੀ ਗੱਲ ਠੀਕ ਏ, ਪਰ ਸਮੇਂ ਦਾ ਰੰਗ ਵੇਖ ਲੈ। ਇਕ ਵਰ੍ਹਾ ਉਹ ਵਿਆਹ ਪਿੱਛੇ ਕਰ ਲੈਂਦੇ, ਤਾਂ ਚੰਗਾ ਸੀ।"

"ਉਹਨਾਂ ਤਾਂ ਬਥੇਰਾ ਜ਼ੋਰ ਲਾਇਆ ਸੀ, ਪਰ ਅਗਲੇ ਨਹੀਂ ਸਨ ਮੰਨੇ। ਅੰਤ ਧੀਆਂ ਵਾਲਿਆਂ ਦੇ ਸਿਰ ਨੀਂਵੇਂ ਹੁੰਦੇ ਨੇ।"

"ਪਰ ਜਾਣਦੀ ਏਂ, ਔਥੇ ਕਿੰਨੇ ਹੋਵਾਂਗੇ ? ਦਾਣੇ ਤਾਂ ਸਭੋ ਦੋ-ਕੁ ਗੱਡੀਆਂ ਆਏ ਨੇ ਨਾ। ਸਾਰੇ ਵੀ ਵੇਚ ਦੇਈਏ, ਤਾਂ ਡੂਢ ਸੌ ਤੋਂ ਵੱਧ ਨਹੀਂ ਵੱਟਿਆ ਚੱਲਿਆ। ਤੇ ਧੰਨੇ ਸ਼ਾਹ ਦੇ—ਚੇਤਾ ਈ—ਕਿੰਨੇ ਨੇ ?"

"ਸਭ ਚੇਤਾ ਏ। ਧੰਨੇ ਸ਼ਾਹ ਕਿਤੇ ਨੱਸਿਆ ਨਹੀਂ ਜਾਂਦਾ। ਸੌਣੀ ਨੂੰ ਉਹਦੇ ਵੀ ਨਬੇੜ ਦਿਆਂਗੇ। ਹੁਣ ਤੱਕ ਅਣ-ਵਿਹਾਰੇ ਸਨ, ਅਗ੍ਹਾਂ ਆਪਣਾ ਵਿਹਾਰ ਲਾ ਲਵੇਗਾ।"

"ਪਰ ਜਥਾਨ ਕੀ ਕੀਤੀ ਹੋਈ ਏ ਉਹਦੇ ਨਾਲ ?"

"ਜਬਾਨ ਨੂੰ ਅਸੀਂ ਕਿਤੇ ਮੁੱਕਰ ਤਾਂ ਨਹੀਂ ਚੱਲੇ। ਲਾਹੀ ਮੋਹਰ ਦਿਆਂਗੇ ਉਹਦੇ। ਤੁਹਾਨੂੰ ਆਹੰਦਿਆਂ ਸ਼ਰਮ ਔਂਦੀ ਏ, ਤਾਂ ਮੈਂ ਨਾਲ ਚੱਲ ਫਿਰਾਂਗੀ। ਆਹੰਦਾ ਹੁੰਦਾ ਏ, ਬੀਬੀ ਮੇਰੀ ਧਰਮ ਦੀ ਭੈਣ ਏ, ਤਾਂ ਹੁਣ ਭੈਣ ਦੇ ਆਖੇ ਚਾਰ ਮਹੀਨੇ ਸਹਾਰਾ ਨਾ ਕਰੇਗਾ ?"

"ਸਹਾਰਾ ਤਾਂ ਆਖਿਆਂ ਵੇਖਿਆਂ ਕਰ ਈ ਲਵੇਗਾ, ਪਰ...। ਓਦੋਂ ਮਹਿੰ ਨਾ ਲੈਂਦੇ, ਤਾਂ ਚੰਗੇ ਮੰਦੇ ਦਿਹਾੜੇ ਲੰਘ ਈ ਜਾਣੇ ਸਨ।"

"ਉਂਹ! ਮਹਿੰ ਨਾ ਲੈਂਦੇ। ਅੰਞਾਣਿਆਂ ਦੀ ਤਾਂ ਖ਼ੈਰ ਸੀ, ਸਰਦਾਰ ਹੋਰਾਂ ਦੀਆਂ ਈ ਹੁਣ ਤੱਕ ਹੜਬਾਂ ਨਿਕਲ ਔਣੀਆਂ ਸਨ।" ਭਜਨ ਕੌਰ ਨੇ ਐਸਾ ਜ਼ਾਹਰ ਕੀਤਾ, ਜਿਵੇਂ ਧੀਆਂ ਪੁੱਤਰਾਂ ਨਾਲੋਂ ਪਤੀ ਦੀ ਖ਼ੁਰਾਕ ਦਾ ਉਹਨੂੰ ਵਧੇਰੇ ਖ਼ਿਆਲ ਸੀ, ਤੇ ਉਹਨੇ ਉਚੇਚਾ ਸੱਜਣ ਸਿੰਘ ਵਾਸਤੇ ਹੀ ਮਹਿੰ ਖ਼ਰੀਦਣ 'ਤੇ ਜ਼ੋਰ ਦਿੱਤਾ ਸੀ।

ਤਿੰਨਾਂ-ਚੌਂਹ ਮਹੀਨਿਆਂ ਦੇ ਖਾਣ ਜੋਗੇ ਰੱਖ ਕੇ ਸੱਜਣ ਸਿੰਘ ਨੇ ਸਾਰੇ ਦਾਣੇ ਆੜ੍ਹਤ 'ਤੇ ਸੁੱਟ ਦਿੱਤੇ। ਹਿਸਾਬ ਕਰਨ ਲੱਗਿਆਂ ਉਹਨੇ ਝਿਜਕਦੇ-ਝਿਜਕਦੇ ਕਿਹਾ, "ਧੰਨੇ ਸ਼ਾਹ! ਤੇਰੇ ਵੀ ਦੇਣੇ ਨੇ, ਤੇ ਇਕ ਹੋਰ ਵਿੱਡੀ ਵੀ ਪੈ ਗਈ ਏ। ਬਸ਼ਕੇ ਦੀ ਮਾਸੀ ਦਾ ਵਿਆਹ ਆ ਗਿਆ ਏ।"

"ਸ. ਸੱਜਣ ਸਿਹਾਂ! ਏਹੋ ਜੇਹੇ ਸ਼ੁਭ ਕਾਰਜ ਨੂੰ ਤੂੰ ਵਿੱਡੀ ਦੱਸਦਾ ਏਂ ? ਭੈਣ ਹੋਰੀਂ ਸੁਣਨ, ਤਾਂ ਕੀ ਆਖਣ ? ਵਿੱਚੋ ਤੈਨੂੰ, ਵਿੱਚੋ ਮੈਨੂੰ।" ਧੰਨੇ ਸ਼ਾਹ ਨੇ ਸ਼ਾਤਰਾਂ ਵਾਲੀ ਬੋਲੀ ਵਿੱਚ ਉੱਤਰ ਦਿੱਤਾ।

"ਗੱਲ ਤੇਰੀ ਠੀਕ ਏ, ਪਰ ਮਾਰ ਤਾਂ ਲਿਆ ਅਹਿਨਾਂ ਭਾਵਾਂ ਨੇ। ਜਿੰਨਾ ਚਿਰ ਤੇਰੇ ਅਗਲੇ ਨਾ ਨਬੇੜ ਲਈਏ, ਹੋਰ ਕਿਹੜੇ ਮੂੰਹ ਨਾਲ ਮੰਗੀਏ। ਫਿਰ ਉਹ ਸਾਕ ਵੀ ਛੱਡਣ ਵਾਲੇ ਨਹੀਂ।" ਇਕ ਰੁਪਇਆ ਗਿਆਰਾਂ ਆਨੇ ਮਣ ਵਿਕੀ ਕਣਕ ਨੇ ਸੱਜਣ ਸਿੰਘ ਦਾ ਹੌਸਲਾ ਤੋੜ ਦਿੱਤਾ ਸੀ।

"ਸੱਜਣ ਸਿਹਾਂ! ਓਦਰਦਾ ਕਿਹੜੀ ਗੱਲੋਂ ਏਂ ? ਧੰਨੇ ਸ਼ਾਹ ਨੇ ਇਕ ਵਾਰ ਜੀਹਦੀ ਬਾਂਹ ਫੜ ਲਈ ਏ; ਉਹਨੂੰ ਕਿਸੇ ਗੱਲੋਂ ਥੁੜਣ ਕਦੇ ਨਹੀਂ ਦਿੱਤਾ। ਫਿਰ ਬੀਬੀ ਭਜਨ ਕੌਰ ਨੂੰ ਤਾਂ ਅਸੀਂ ਭੈਣ ਕਹਿ ਬੈਠੇ ਆਂ। ਉਹਦੀ ਭੈਣ ਕੀ, ਤੇ ਸਾਡੀ ਕੀ ? ਜਿਨਸਾਂ ਦੇ ਮੰਦੇ ਵਾਲੀ ਤੇਰੀ ਗੱਲ ਠੀਕ ਏ, ਪਰ ਇਹ ਦਿਨ ਤਾਂ ਬੀਤ ਜਾਣਗੇ ਤੇ ਪਰਖ ਦਾ ਸਮਾਂ ਨਿੱਤ-ਨਿੱਤ ਨਹੀਂ ਆਉਣਾ। ਛੋਟੀ ਭੈਣ ਦਾ ਸਾਰਥ ਏ, ਬੀਬੀ ਭਜਨ ਕੌਰ ਨੂੰ ਕਿਸੇ ਗੱਲੋਂ ਨਾਰਾਜ਼ ਨਹੀਂ ਕਰਨਾ।" ਧੰਨੇ ਸ਼ਾਹ ਨੇ ਬੜੇ ਖੁੱਲ੍ਹੇ ਦਿਲ ਨਾਲ ਹੌਸਲਾ ਵਧਾਊ ਸੁਰ ਵਿੱਚ ਕਿਹਾ।

"ਪਰ ਤੇਰੇ ਅਜੇ ਅਗਲੇ ਵੀ ਖਲੇ ਹੋਏ ਨਾ।" ਸੱਜਣ ਸਿੰਘ ਨੇ ਸ਼ਾਹ ਦਾ ਅਹਿਸਾਨ ਮੰਨਦਿਆਂ ਕਿਹਾ।

"ਵੇਖ, ਉਹ ਤੇਰੇ ਮੇਰੇ ਅਣ-ਵਿਹਾਰੇ ਨੇ। ਧੰਨੇ ਸ਼ਾਹ ਜਿਹੜੀ ਜ਼ਬਾਨ ਕਰ ਲਵੇ, ਸਿਰ ਚਲਾ ਜਾਵੇਗਾ, ਪਰ ਜ਼ਬਾਨ ਨਹੀਂ ਫਿਰੇਗਾ। ਓਹਨਾਂ ਪੈਸਿਆਂ ਦੀ ਕੋਈ ਲਿਖਤ ਪੜ੍ਹਤ ਵੀ ਨਹੀਂ।"

"ਲਿਖਤ ਪੜ੍ਹਤ ਨਹੀਂ, ਤਾਂ ਕੀ ਹੋਇਆ, ਰੱਬ ਤਾਂ ਜਾਮਨ ਹੈ ਨਾ।" ਧੰਨੇ ਸ਼ਾਹ ਦੀ ਗੱਲ ਟੋਕ ਕੇ ਵਿੱਚੋਂ ਹੀ ਸੱਜਣ ਸਿੰਘ ਬੋਲ ਉੱਠਿਆ।

"ਓਹੋ, ਮੇਰਾ ਇਹ ਮਤਲਬ ਨਹੀਂ, ਪਈ ਤੂੰ ਮੁੱਕਰ ਗਿਆ ਏਂ। ਮੇਰਾ ਭਾਵ ਏ ਕਿ ਹਿਸਾਬ ਕਰਕੇ ਹੱਥ-ਰੋਕੀ ਰੁਪਏ ਕੱਟ ਲੈਂਦੇ ਆਂ। ਤੇ ਜਿੰਨੇ ਦੀ ਤੈਨੂੰ ਲੋੜ ਏ, ਹੁਣੇ ਲੈ ਜਾਹ। ਇਹ ਜ਼ਰਾ ਵਹੀ ਖਾਤੇ ਵਿੱਚ ਲਿਖਣੇ ਪੈਣਗੇ। ਇਨਕਮ ਟੈਕਸ ਵਾਲੇ ਜੁ ਆ ਗਲ 'ਚ ਰੱਸਾ ਪਾਉਂਦੇ ਹੋਏ। ਵੀਹ ਤਾਂ ਪੁਆੜੇ ਪਾਏ ਹੋਏ ਨੇ ਸਰਕਾਰ ਨੇ। ਦੱਸ, ਕਿੰਨੇ ਚਾਹੀਦੇ ਨੇ ? ਇਹ ਧੰਨੇ ਸ਼ਾਹ ਏ, ਨਿਹਾਲੇ ਸ਼ਾਹ ਨਹੀਂ।" ਸ਼ਕਾਰ ਫਸਦਾ ਵੇਖ ਕੇ ਧੰਨੇ ਸ਼ਾਹ ਚੋਗਾ ਖਿਲਾਰਨ ਵਾਸਤੇ ਦਲੇਰ ਹੋ ਗਿਆ ਸੀ।

"ਲੋੜ ਤਾਂ....ਦੋ ਸੌ ਤੋਂ ਘੱਟ ਨਹੀਂ ਸਰਨਾ।" ਸੱਜਣ ਸਿੰਘ ਨੇ ਸੰਗਦਿਆਂ-ਸੰਗਦਿਆਂ ਕਿਹਾ।

"ਉਇ, ਓਪਰਿਆਂ ਵਾਂਗ ਸੰਗ-ਸੰਗ ਕੇ ਕਿਉਂ ਆਹੰਦਾ ਏਂ ? ਖੁੱਲ੍ਹ ਕੇ ਬੋਲ ਖਾਂ। ਸਿਰਫ਼ ਇਕੋ ਗੱਲ ਚੇਤੇ ਰੱਖੀਂ ਕਿ ਰਕਮ ਮੋੜਣ ਲੱਗਿਆਂ ਵੀ ਏਹੋ ਅੱਖੀਂ ਰਹਿਣ।"

"ਸ਼ਾਹ! ਸੱਜਣ ਸੁੰਹ ਦੀਆਂ ਅੱਖਾਂ ਨਹੀਂ ਫਿਰਨ ਲੱਗੀਆਂ। ਏਸ ਗੱਲੋਂ ਬੇਫ਼ਿਕਰ ਰਹੀਂ।"

"ਮੈਨੂੰ ਇਤਬਾਰ ਏ; ਸਰਦਾਰਾ! ਨਹੀਂ ਤਾਂ ਅਸੀਂ ਲੋਕ ਕਿਸੇ 'ਤੇ ਟਕੇ ਡੱਬਲ ਦਾ ਵਿਸਾਹ ਨਹੀਂ ਕਰਦੇ। ਲੈ ਫੜ।" ਧੰਨੇ ਸ਼ਾਹ ਨੇ ਸੌ-ਸੌ ਦੇ ਦੋ ਨੋਟ ਫੜਾਉਂਦਿਆਂ ਕਿਹਾ। "ਦੱਸ, ਬਿਆਜ ਕੀ ਲਿਖਾਂ! ਲੋਕਾਂ ਕੋਲੋਂ ਤਾਂ ਘੱਟ ਤੋਂ ਘੱਟ ਟਕਾ ਰੁਪਇਆ

ਤੇ ਕੋਈਆਂ ਕੋਲੋਂ ਆਨਾ ਰੁਪਇਆ ਵੀ ਲਾਈਦਾ ਏ। ਤੂੰ ਦੱਸ।"

"ਮੈਂ ਕੀ ਦੱਸਾਂ ? ਜੋ ਤੇਰੀ ਮਰਜ਼ੀ ਏ।" ਹਰ ਕਰਜ਼ ਲੈਣ ਵਾਲੇ ਜੱਟ ਵਾਂਗ ਸੱਜਣ ਸਿੰਘ ਨੇ ਸ਼ਾਹ ਉੱਤੇ ਸੁੱਟ ਦਿੱਤੀ।

"ਮੇਰੇ 'ਤੇ ਸੁੱਟੀ ਉ, ਤਾਂ ਤੇਰੇ ਕੋਲੋਂ ਦੋ ਰੁਪਏ ਮਹੀਨਾ। ਪਤਾ ਈ ਕੀ ਹਿਸਾਬ ਬਣਦਾ ਏ ? ਡੂਢ ਪੈਸੇ ਤੋਂ ਵੀ ਘੱਟ। ਡੂਢ ਪੈਸੇ ਦੇ ਹਿਸਾਬ ਦੋ ਰੁਪੈ ਸਾਢੇ ਪੰਜ ਆਨੇ ਬਣਦੇ ਨੇ। ਸੱਜਣ ਸਿਹਾਂ! ਤੇਰੇ ਨਾਲ ਭਰਾਵਾਂ ਵਾਲੀ ਸਾਂਝ ਪਾ ਲਈ ਏ, ਸ਼ਾਹੂਕਾਰ ਤੇ ਸਾਮੀ ਵਾਲੀ ਨਹੀਂ।"

"ਸ਼ਾਹ! ਅਸੀਂ ਵੀ ਕਿਸੇ ਗੱਲੋਂ ਮੋਢਾ ਮੋੜਨ ਵਾਲੇ ਨਹੀਂ।" ਏਨੀ ਰਿਆਇਤ ਸੁਣ ਕੇ ਸੱਜਣ ਸਿੰਘ ਆਪਣੇ ਆਪ ਨੂੰ ਸ਼ਾਹ ਦੇ ਅਹਿਸਾਨ ਥੱਲੇ ਦੱਬਿਆ ਹੋਇਆ ਮਹਿਸੂਸ ਕਰ ਰਿਹਾ ਸੀ।

"ਆ, ਹੁਣ ਦਾਣਿਆਂ ਦਾ ਹਿਸਾਬ ਕਰੀਏ।" ਦੋ ਸੌ ਕਰਜ਼ ਦੇ ਨਾਵੇਂ ਉੱਤੇ ਸੱਜਣ ਸਿੰਘ ਦਾ ਅੰਗੂਠਾ ਲੁਆ ਕੇ ਧੰਨੇ ਸ਼ਾਹ ਨੇ ਵਹੀ ਸੰਭਾਲਦਿਆਂ ਕਿਹਾ।

ਦਾਣਿਆਂ ਦਾ ਹਿਸਾਬ ਕਰਕੇ ਧੰਨੇ ਸ਼ਾਹ ਨੇ ਮਹਿ ਦੇ ਪੈਸੇ ਕੱਟ ਕੇ ਬਾਕੀ ਸੱਜਣ ਸਿੰਘ ਦੀ ਝੋਲੀ ਪਾ ਦਿੱਤੇ। ਸੱਜਣ ਸਿੰਘ ਬਹੁਤ ਖ਼ੁਸ਼ ਸੀ। ਇਕ ਤਾਂ ਸ਼ਾਹ ਨੇ ਕੀਤੀ ਜ਼ਬਾਨ ਮੁਤਾਬਕ ਮਹਿੰ ਦੇ ਪੈਸਿਆਂ ਨੂੰ ਬਿਆਜ ਨਹੀਂ ਸੀ ਲਾਇਆ ਤੇ ਦੂਜਾ ਮੂੰਹ ਮੰਗਿਆ ਕਰਜ਼ਾ ਹੋਰ ਮਿਲ ਗਿਆ ਸੀ।

"ਸੱਜਣ ਸਿਹਾਂ! ਭਈ ਇਕ ਸੁਨੇਹਾ ਲਈ ਜਾਹ।"

"ਦੱਸੋ ਸ਼ਾਹ ਜੀ!"

"ਭੈਣ ਹੋਰਾਂ ਨੂੰ ਪੱਕੀ ਕਰਨੀ, ਕਿ ਏਥੇ ਵਿਆਹ ਵਾਸਤੇ ਲੀੜੇ ਲੈਣ ਆਈ, ਜ਼ਰੂਰ ਮਿਲ ਕੇ ਜਾਏ।"

"ਕਿਉਂ, ਉਹਦਾ ਵੀ ਅੰਗੂਠਾ ਲੁਔਣਾ ਈਂ ?" ਸੱਜਣ ਸਿੰਘ ਨੇ ਆਪਣੇ ਸੁਭਾਅ ਅਨੁਸਾਰ ਹਾਸੇ ਨਾਲ ਕਿਹਾ।

"ਓ ਸਰਦਾਰਾ! ਅੰਗੂਠੇ ਬਿਗਾਨੇ ਪੁੱਤਾਂ ਦੇ ਲੁਆਈਦੇ ਨੇ, ਭੈਣਾਂ ਦੇ ਨਹੀਂ।" ਧੰਨੇ ਸ਼ਾਹ ਨੇ ਇਸ ਢੰਗ ਨਾਲ ਕਿਹਾ, ਜਿਵੇਂ ਭਜਨ ਕੌਰ ਉਹਦੀ ਸਕੀ ਭੈਣ ਹੋਵੇ। "ਤੂੰ ਮੇਰਾ ਸੁਨੇਹਾ ਦੇ ਦੇਈਂ।"

ਸ਼ਹਿਰ ਲੀੜੇ ਬਨਾਉਣ ਗਈ, ਭਜਨ ਕੌਰ ਧੰਨੇ ਸ਼ਾਹ ਦੀ ਆੜ੍ਹਤ ਉੱਤੇ ਪਤੀ ਨਾਲ ਗਈ। ਧੰਨੇ ਸ਼ਾਹ ਨੇ ਵਿਆਹ ਵਾਲੀ ਲੜਕੀ ਵਾਸਤੇ ਇਕ ਸੂਟ ਆਪਣੇ ਵੱਲੋਂ ਦਿੱਤਾ, ਜਿਸ ਉੱਤੇ ਉਹਦੇ ਸਵਾ ਚਾਰ ਰੁਪੈ ਖ਼ਰਚ ਆਏ ਸਨ। ਨਾਲ ਹੀ ਉਹਨੇ ਭਜਨ ਕੌਰ ਨੂੰ ਭਰੋਸਾ ਦੁਆਇਆ ਕਿ ਉਹ ਖ਼ਰਚ ਵੱਲੋਂ ਨਾ ਸੰਗੇ ਤੇ ਵਿਆਹ ਉੱਤੇ

ਚੰਗੀ-ਚੰਗੀ ਕਰਕੇ ਆਵੇ। ਇਸ ਪ੍ਰੇਰਨਾ ਦਾ ਅਸਰ ਭਜਨ ਕੌਰ ਨੇ ਜ਼ਰਾ ਹੱਥ ਖੁੱਲ੍ਹਾ ਕਰ ਦਿੱਤਾ।

ਜਸਬੀਰ ਦਾ ਵਿਆਹ ਹੋ ਗਿਆ। ਪੇਕੇ ਘਰ ਭਜਨ ਕੌਰ ਦੀ ਵਾਹ-ਵਾਹ ਹੋ ਗਈ ਤੇ ਸੱਜਣ ਸਿੰਘ ਦਾ ਤਿੰਨ ਸੌ 'ਤੇ ਅੰਗੂਠਾ ਲੱਗ ਗਿਆ।

## 13

ਹਾੜ੍ਹੀ ਦੀ ਫ਼ਸਲ ਸੰਭਾਲਦਿਆਂ ਤੱਕ ਇਲਮ ਦੀਨ ਦੇ ਘਰ ਦੀ ਹਾਲਤ ਵਧੇਰੇ ਮਾੜੀ ਹੋ ਗਈ। ਨਾ ਫ਼ਤਹਿ ਬੀਬੀ ਤੇ ਜੈਨਾ ਦੀ ਸਮਾਈ ਹੋਈ ਤੇ ਨਾ ਕਰਮ ਦੀਨ ਹੀ ਕਿਸੇ ਕੁਲ 'ਤੇ ਆਇਆ। ਕਰਮ ਦੀਨ ਦੇ ਘਰੋਂ ਸਰਾਜ ਬੀਬੀ ਹਰ ਵੇਲੇ ਮਾਲਕ ਦੇ ਕੰਨ ਭਰਦੀ ਰਹਿੰਦੀ, "ਵੇ ਮੂਰਿਆ! ਤੈਨੂੰ ਕਦੋ ਸਮਝ ਆਵੇਗੀ। ਸਾਂਝੇ ਘਰ ਵਿੱਚ ਕੁੱਸ-ਕੁੱਸ ਮਰਦਾ ਏਂ ਪਿਆ, ਤੇ ਤੇਰੇ ਹੱਥ ਵੱਸ ਕੀ ਏ। ਇਕ ਛਿੱਲੜ ਵੀ ਲੈਣਾ ਹੋਵੇ, ਤਾਂ ਕਾਮਿਆਂ ਵਾਂਗ ਭਰਾ ਅੱਗੇ ਹੱਥ ਅੱਡਣਾ ਪੈਂਦਾ ਈ। ਉਹਨੇ ਕਦੇ ਹਸਾਬ ਦਿੱਤਾ ਏ ਤੈਨੂੰ ? ਭਈ ਕੀ ਵੱਟਿਆ ਤੇ ਕਿੱਥੇ ਖ਼ਰਚਿਆ। ਆਖੇਗਾ, ਮੇਰੇ ਤਾਂ ਪੰਜ ਪਾਂਜੇ ਪੂਰੇ ਨਹੀਂ ਹੁੰਦੇ। ਤੇ ਨਾ ਹੋਣ। ਅਸੀਂ ਕਿਸੇ ਦਾ ਠੇਕਾ ਚੁੱਕਿਆ ਹੋਇਆ ਏ ? ਅਖੇ : ਕੱਠਾ ਪਕਾਓ, ਸਾਂਝਾ ਹੰਡਾਓ। ਉਹਨਾਂ ਨੂੰ ਤਾਂ ਮਾਂਝ ਵਿੱਚ ਫੈਦਾ ਹੋਇਆ। ਦੋ ਜ਼ਨਾਨੀਆਂ ਤੇ ਦਸ ਅੰਞਾਣੇ। ਮਾਰ ਹੇੜ੍ਹ ਦੀ ਹੇੜ੍ਹ। ਤੇ ਸਾਡੀਆਂ ਆਹ ਢਾਈ ਟਿੰਘਾਂ।" ਆਪਣਿਆਂ ਪੰਜਾਂ ਅੰਞਾਣਿਆਂ ਨੂੰ ਸਰਾਜ ਬੀਬੀ ਨੇ ਸਦਾ 'ਢਾਈ ਟਿੰਘਾਂ' ਗਿਣਨਾ। "ਸੌਣੀ ਸਾਰੀ ਉਹਨਾਂ ਦੇ ਢਿੱਡ ਵਿੱਚ ਈ ਪੈ ਗਈ। ਅਜੇ ਸਾਡੇ ਸਿਰ ਸ੍ਹਾਨ। ਅਖੇ : ਤੁਸੀਂ ਸਾਰਾ ਟੱਬਰ ਪਹਿਲਾਂ ਲੀੜੇ ਬਣਾ ਲਵੋ। ਸਾਡਾ ਟੱਬਰ ਹੈਗਾ ਕਿੰਨਾ ਕੁ ਏ ? ਮੇਰੇ ਅੰਞਾਣੇ ਇਕ-ਇਕ ਟਿੱਕੀ ਖਾਣਗੇ ਮਰ ਕੇ। ਤੇ ਉਹਦੀ ਜੈਨਾ ਕੱਲ੍ਹੀ ਸਾਡੇ ਸਾਰਿਆਂ ਜਿੰਨਾ ਸਮੇਟ ਜਾਵੇਗੀ। ਬੱਸ, ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ। ਅਸਾਂ ਨਹੀਂ ਅਗ੍ਹਾਂ ਨਾਲ ਰਹਿਣਾ। ਪਿੜ 'ਚੋਂ ਔਂਦੇ ਦਾਣੇ ਵੰਡਾ ਲੈਣੇ ਨੇ। ਤੈਨੂੰ ਸ਼ਰਮ ਔਂਦੀ ਏ ਪਰ੍ਹੇ 'ਚ ਗੱਲ ਕਰਦਿਆਂ, ਤਾਂ ਤੂੰ ਘੱਗਰੀ ਪਾ ਕੇ ਅੰਦਰ ਵੜ ਜਾਹ, ਮੈਂ ਆਪੇ ਕਰ ਲਵਾਂਗੀ। ਸੁਣ ਲਿਆ ਈ ? ਤੇ ਜੇ ਤੈਨੂੰ ਭਰਾ ਈ ਸਭਨੀ ਥਾਂਈਂ ਏਂ, ਤਾਂ ਆਹ ਸੰਭਾਲ ਆਵਦਾ ਚੀਂਗੜ-ਬੋਟ। ਮੈਂ ਨਹੀਂ ਏਸ ਘਰ ਵਿੱਚ ਰਹਿਣਾ। ਕੋਈ ਨਾ ਕੋਈ ਖੂਹ ਟੋਭਾ ਝੱਲੇਗਾ ਈ ਨਾ ਮੈਨੂੰ ਵੀ। ਹਾਹੋ। ਫੇਰ ਰੋਵੀਂ ਪਿਆ ਪੱਟਾਂ 'ਤੇ ਹੱਥ ਮਾਰ ਕੇ।"

ਏਸ ਨਿੱਤ ਦੀ ਚੁਕਣਾ ਨੇ ਕਰਮ ਦੀਨ ਨੂੰ ਪੱਕਿਆਂ ਕਰ ਦਿੱਤਾ। ਉਹ ਵੀ ਕਦੇ-ਕਦੇ ਇਕੱਲਾ ਬੈਠਾ ਸੋਚਣ ਲੱਗ ਪੈਂਦਾ, 'ਰਫ਼ੀ ਦੀ ਮਾਂ ਦੀ ਗੱਲ ਤਾਂ ਠੀਕ ਏ। ਘਰ ਵਿੱਚੋਂ ਮੈਂ ਅੱਧ ਦਾ ਮਾਲਕ ਆਂ। ਕੰਮ ਵੀ ਮੈਂ ਅੱਧ ਦਾ ਸਾਂਵਾਂ ਕਰਦਾਂ, ਸਗੋਂ ਅੱਧ

ਨਾਲੋਂ ਵੀ ਬਹੁਤਾ। ਉਹ ਹਲ ਦੇ ਚਾਰ ਸਿਆੜ ਕੱਢ ਆਇਆ ਤੇ ਜੌਂਕੀ ਤੂਤਾਂ ਹੇਠ ਬੈਠਾ ਸਾਰਾ ਦਿਨ ਤਾਸ਼ ਖੇਡਦਾ ਰਿਹਾ। ਤੇ ਮੇਰੇ ਉੱਤੇ ਅੱਠੇ ਪਹਿਰ ਨੌਕਰਾਂ ਵਾਂਗ ਹੁਕਮ ਚਲਦਾ ਰਹੇਗਾ : "ਉਠ ਕਰਮ ਦੀਨਾ! ਖੂਹ ਜੋਅ। ਚੱਲ ਕਰਮ ਦੀਨਾ! ਪੱਠੇ ਵੱਢ। ਕਰਮ ਦੀਨਾ! ਹਰਨਾਲੀ ਲਾਹ ਲੈ। ਉਇ, ਪੱਠੇ ਪਾਏ ਈ ਪਸ਼ੂਆਂ ਨੂੰ ? ਪਹਿਲਾਂ ਇਹਨਾਂ ਨੂੰ ਪਾਣੀ ਤਾਂ ਡਹਾ ਲੈਂਦੋਂ।" ਉਂਹ, ਕਿਸੇ ਵੇਲੇ ਜਬਾਨ ਈ ਨਹੀਂ ਮੂੰਹ 'ਚ ਪੈਂਦੀ। ਜਿਵੇਂ ਮੈਂ ਉਹਦਾ ਮੁੱਲ ਲਿਆ ਗ਼ੁਲਾਮ ਹੁੰਦਾ ਆਂ। ਫਿਰ ਘਰ ਦੀਆਂ ਦੋਵੇਂ ਬੇਗਮਾਂ ਇਕ ਨਾਲੋਂ ਦੂਸਰੀ ਵੱਧ। 'ਵੇ, ਭਰਾ ਦੀ ਰੋਟੀ ਤਾਂ ਫੜਾ ਆ। ਆਹ ਕਪਾਹ ਦੀ ਪੰਡ ਚੁੱਕੀ ਚੱਲੀਂ ਘਰ ਨੂੰ। ਬਾਲਣ ਲਈ ਆਵੀਂ ਵੇ ਖੂਹ ਤੋਂ। ਜਾਹ, ਭੱਜ ਕੇ ਦੋ ਬਾਲਟੀਆਂ ਪਾਣੀ ਦੀਆਂ ਤਾਂ ਲਿਆ ਦਿਹ ਚਾਰ ਲੀੜੇ ਧੋ ਲਵਾਂ।" ਆਪ ਖੂਹ ਤਕ ਜਾਂਦਿਆਂ ਇਹਨਾਂ ਦੀਆਂ ਲੱਤਾਂ ਭੱਜਦੀਆਂ ਨੇ। ਵੱਡੀਆਂ ਨਬਾਬ ਜ਼ਾਦੀਆਂ, ਬੁਰਕਿਆਂ 'ਚ ਰਹਿਣ ਵਾਲੀਆਂ। ਮੈਂ ਖੇਤ 'ਚ ਫਾਹੇ ਦਿੱਤਾ ਹੋਵਾਂਗਾ, ਤਾਂ ਪਿੱਛੋਂ ਮੇਰੀ ਘਰ ਦੀ 'ਤੇ ਹੁਕਮ ਚਲੌਣਗੀਆਂ। ਬੱਸ, ਸਾਨੂੰ ਜ਼ਰੂਰ ਅੱਡ ਹੋ ਜਾਣਾ ਚਾਹੀਦਾ ਏ। ਬਥੇਰਾ ਚਿਰ ਲੋਕਾਂ ਦਾ ਗੁਲੰਮ ਕਰ ਲਿਆ ਏ। ਮੈਂ ਕਿਤੇ ਲੰਙਾ ਲੂਲਾਂ ? ਮੈਥੋਂ ਆਪਣੇ ਜੋਗੀ ਨਾ ਕਮਾਈ ਜਾਵੇਗੀ ? ਸਾਡਾ ਖ਼ਰਚ ਈ ਕਿੰਨਾ ਏਂ ? ਸਭੋ ਚਾਰ ਢਿੱਡੀਆਂ। ਏਸ ਦੋਜਕ ਤੋਂ ਪਰੇ ਈ ਚੰਗੇ ਆਂ। ਐਦਕੀਂ ਭਾਵੇਂ ਸਾਰਾ ਪਿੰਡ ਆਖੇ, ਕਿਸੇ ਦੀ ਨਹੀਂ ਮੰਨਣੀ।

ਤੇ ਸੱਚਮੁੱਚ ਹੀ ਕਰਮ ਦੀਨ ਨੇ ਕਿਸੇ ਦੀ ਨਾ ਮੰਨੀ। ਇਲਮ ਦੀਨ ਦੀ ਰਿਆ ਵਾਲੇ ਸਾਰੇ ਬੰਦੇ ਵਾਰੀ-ਵਾਰੀ ਕਰਮ ਦੀਨ ਨੂੰ ਸਮਝਾ ਰਹੇ, ਪਰ ਉਹ ਆਪਣੇ ਹਠ 'ਤੇ ਅੜਿਆ ਰਿਹਾ।

ਅੰਬ ਵਾਲੇ ਖੇਤ ਦਾ ਬੋਹਲ ਬਣਿਆ, ਤਾਂ ਕਰਮ ਦੀਨ ਰੌਲਾ ਪਾ ਬੈਠਾ। ਉਹ ਏਸ ਗੱਲ 'ਤੇ ਅੜੀ ਫੜ ਬੈਠਾ ਕਿ ਉਹਦੇ ਹਿੱਸੇ ਦੇ ਅੱਧੇ ਦਾਣੇ ਉਹਨੂੰ ਪਿੜ ਵਿੱਚ ਹੀ ਵੰਡ ਦਿੱਤੇ ਜਾਣ। ਸੱਜਣ ਸਿੰਘ ਤੇ ਇਲਮ ਦੀਨ ਚੱਜ ਨਾਲ ਬਥੇਰਾ ਸਮਝਾ ਰਹੇ, "ਵੇਖ ਕਰਮ ਦੀਨਾ! ਇਕੱਠ ਨਾਲ ਦੀ ਬਰਕਤ ਨਹੀਂ। ਤੇ ਭਰਾਵਾਂ ਵਰਗਾ ਹੋਰ ਕੋਈ ਸਾਕ ਨਹੀਂ। ਐਵੇਂ ਲੋਕਾਂ ਦਾ ਚੁੱਕਿਆ ਘਰ ਵਿੱਚ ਪਾਟਕ ਨਾ ਪਾ। ਮਸ੍ਹਾਂ ਇਕ ਹਲ ਦੀ ਪੈਲੀ ਏ। ਉਹਦੇ ਵਿੱਚ ਦੋਵੇਂ ਵੱਖੋ-ਵੱਖਰੇ ਹਲ ਬਣਾ ਕੇ ਕੀ ਕਮਾ ਲਵੋਗੇ ? ਪਸ਼ੂਆਂ ਦੇ ਪੱਠੇ ਵੀ ਪੂਰੇ ਨਹੀਂ ਹੋਣੇ। ਏਸ ਤਰ੍ਹਾਂ ਕੱਜੀ ਕੰਨੀ ਪੜਦਾ ਬਣਿਆ ਹੋਇਆ ਏ। ਨਾਲੇ ਹਸਾਬ ਕਰਕੇ ਵੇਖ, ਧੰਨੇ ਸ਼ਾਹ ਦੇ ਦੇ ਕੇ ਤੇ ਮਾਂਬਲਾ ਤਾਰ ਕੇ ਬਾਕੀ ਕੀ ਬਚਦਾ ਏ ?"

ਕਰਮ ਦੀਨ ਇਸ ਵਾਰ ਕਾਫ਼ੀ ਸਖ਼ਤ ਹੋਇਆ ਹੋਇਆ ਸੀ। ਉਹਨੇ ਇਲਮ ਦੀਨ ਦੀ ਥਾਂ ਸੱਜਣ ਸਿੰਘ ਨੂੰ ਸੰਬੋਧਨ ਕਰਕੇ ਕਿਹਾ, "ਭਾਊ ਸੱਜਣ ਸਿਹਾਂ! ਜਦ ਮੈਂ

ਦਾਣੇ ਅੱਧ ਦੇ ਵੰਡ ਲਵਾਂਗਾ, ਤਾਂ ਆਪਣੇ ਹਿੱਸੇ ਦਾ ਮਾਂਬਲਾ ਵੀ ਤਾਰਾਂਗਾ। ਮਾਂਬਲੇ ਬਾਰੇ ਮੈਂ ਜਾਣਾ ਤੇ ਲੰਬਰਦਾਰ ਜਾਣੇ। ਕੋਈ ਮੇਰਾ ਜਾਮਨ ਏਂ ? ਬਾਕੀ ਰਹੀ ਧੰਨੇ ਸ਼ਾਹ ਦੀ ਗੱਲ। ਨਾ ਮੈਂ ਕਿਸੇ ਤੋਂ ਹੱਥ ਕਰਕੇ ਲਏ ਨੇ, ਨਾ ਦੇਣ ਦਾ ਜ਼ੁੰਮੇਂਵਾਰ ਆਂ। ਮੈਂ ਤਾਂ ਪਿੜ ਪਈ ਦਾ ਅੱਧ ਲੈਣਾ ਏਂ।"

ਇਲਮ ਦੀਨ ਨੇ ਵਿਉਂਤ ਸੋਚੀ ਕਿ ਅੰਬ ਵਾਲੇ ਖੇਤ ਦੇ ਦਾਣੇ ਸਿੱਧੇ ਸ਼ਹਿਰ ਸੁੱਟ ਕੇ ਧੰਨੇ ਸ਼ਾਹ ਦਾ ਪਿਛਲਾ ਕਰਜ਼ਾ ਲਾਹ ਦਿੱਤਾ ਜਾਵੇ। ਬਾਕੀ, ਖੂਹ ਵਾਲਿਆਂ 'ਚੋਂ ਵੰਡ ਵੰਡਾਈ ਹੋਵੇ, ਤਾਂ ਹੁੰਦੀ ਫਿਰੇ, ਪਰ ਕਰਮ ਦੀਨ ਉਹਦੇ ਨਾਲੋਂ ਪੱਕਾ ਨਿਕਲਿਆ। ਉਹ ਇਲਮ ਦੀਨ ਦੀ ਚਾਲ ਤਾੜ ਗਿਆ ਸੀ। ਬੋਹਲ ਚੁੱਕ ਕੇ ਇਲਮ ਦੀਨ ਨੇ ਸਿੱਧੀ ਸ਼ਹਿਰ ਨੂੰ ਗੱਡ ਹਿੱਕੀ, ਤਾਂ ਕਰਮ ਦੀਨ ਸਾਹਮਣੇ ਡਾਂਗ ਕੱਢ ਖਲੋਤਾ। ਵੱਡੇ ਭਰਾ ਨੂੰ ਉਹਨੇ ਚੰਗੀ ਮਾੜੀ ਤਾਂ ਨਾ ਆਖੀ, ਪਰ ਸੱਜਣ ਸਿੰਘ ਨੂੰ ਸੰਬੋਧਨ ਕਰਕੇ ਚੇਤਾਵਨੀ ਦੇਂਦਿਆਂ ਦ੍ਰਿੜ੍ਹ ਸੁਰ ਵਿੱਚ ਕਿਹਾ, "ਭਾਊ ਸੱਜਣ ਸਿਹਾਂ! ਦਾਣਿਆਂ ਦੀ ਗੱਡ ਸ਼ਹਿਰ ਨੂੰ ਨਹੀਂ ਜਾਏਗੀ। ਮੈਂ ਥਾਂ ਮਰ ਜਾਵਾਂਗਾ, ਪਰ ਆਪਣਾ ਹਿੱਸਾ ਨਹੀਂ ਜਾਣ ਦਿਆਂਗਾ। ਮੇਰੇ ਵੰਡ ਕੇ, ਆਪਣਾ ਹਿੱਸਾ ਜਿਧਰ ਕਿਸੇ ਦੀ ਮਰਜ਼ੀ ਏ, ਕੋਈ ਲੈ ਜਾਵੇ।"

"ਸੁਣਦਾ ਏਂ ਸੱਜਣ ਸਿਹਾਂ! ਮੈਂ ਹੁਣ 'ਕੋਈ' ਹੋ ਗਿਆ ਈ। ਏਸੇ ਵਾਸਤੇ ਮੈਂ ਇਹਨੂੰ ਨਿੱਕੇ ਜੇਹੇ ਨੂੰ ਪਾਲਿਆ ਵਿਆਹਿਆ ਸੀ, ਪਈ ਮੇਰੇ ਸਾਹਮਣੇ ਡਾਂਗ ਫੜ ਕੇ ਖਲੋ ਜਾਵੇ ? ਇਹਨੂੰ ਆਖ, ਮਾਰੇ ਮੇਰੇ ਸਿਰ 'ਚ।" ਇਲਮ ਦੀਨ ਨੇ ਹਿਰਖ ਨਾਲ ਸਿਰ ਝੁਕਾਅ ਦਿੱਤਾ।

"ਇਲਮ ਦੀਨਾ! ਪਿੰਡ ਨੂੰ ਮੋੜ ਲੈ ਗੱਡ। ਭਾਵੇਂ ਭੁੱਖਾ ਰਹੁ, ਤਿਹਾਇਆ ਰਹੁ, ਇਹਦੇ ਹਿੱਸੇ ਦੇ ਇਹਨੂੰ ਵੰਡ ਦਿਹ ਚੱਲ ਕੇ। ਐਵੇਂ ਲੋਕਾਂ ਨੂੰ ਨਾ ਸੁਣਾਓ। ਅਖੇ : ਕੁੱਕੜ ਖਿਹ ਉਡਾਈ ਤੇ ਆਪਣੇ ਸਿਰ ਪਾਈ। ਤੂੰ ਵੱਡਾ ਏਂ, ਸਾਰਿਆਂ ਤੈਨੂੰ ਈ ਝੂਠਿਆਂ ਕਰਨਾ ਏਂ। ਚੱਲ ਮੋੜ।"

ਸੱਜਣ ਸਿੰਘ ਦੇ ਕਹਿਣ ਨਾਲ ਇਲਮ ਦੀਨ ਨੇ ਗੱਡ ਪਿੰਡ ਨੂੰ ਮੋੜ ਲਈ। ਪਹਿਲੇ ਦੀ ਸਿਆਣਪ ਨਾਲ ਭਰਾਵਾਂ ਭਰਾਵਾਂ ਦੀ ਲੜਾਈ ਟਲ ਗਈ।

ਘਰ ਪਹੁੰਚ ਕੇ ਕਰਮ ਦੀਨ ਨੇ ਵਿਹੜੇ ਵਿੱਚ ਦਾਣੇ ਢੇਰੀ ਕਰਾਏ। ਉਹਨੂੰ ਖ਼ਤਰਾ ਸੀ ਕਿ ਜੇ ਇਲਮ ਦੀਨ ਨੇ ਇਕ ਵਾਰ ਆਪਣੇ ਕੋਠੇ ਵਿੱਚ ਪਲਟ ਲਏ, ਤਾਂ ਫੇਰ ਉਹਨੂੰ ਕੁਛ ਨਹੀਂ ਮਿਲਣਾ। ਦੋ ਦਿਨ ਦਾਣੇ ਵਿਹੜੇ ਵਿੱਚ ਬਾਹਰ ਹੀ ਪਏ ਰਹੇ। ਦੋ ਵਾਰ ਸਾਰਾ ਪਿੰਡ ਕੱਠਾ ਹੋਇਆ, ਪਰ ਉਹਨਾਂ ਦੀ ਗੱਲ ਮੁੱਕੀ ਨਾ। ਇਲਮ ਦੀਨ ਆਹੰਦਾ ਸੀ ਕਿ ਜਿਹੜਾ ਕਿਸੇ ਦਾ ਹੱਥ ਉਧਾਰ ਦੇਣਾ ਏਂ, ਉਹ ਸਾਂਝੇ ਘਰ 'ਤੇ ਖ਼ਰਚ ਹੋਇਆ ਏ, ਉਹਦਾ ਹਿੱਸਾ ਕਰਮ ਦੀਨ ਵੀ ਸਾਂਵਾਂ ਦੇਵੇ। ਕਰਮ ਦੀਨ ਇਹ ਸ਼ਰਤ

ਮੰਨਦਾ ਨਹੀਂ ਸੀ। ਉਹ ਕਹਿੰਦਾ ਸੀ ਕਿ ਘਰ ਦੀ ਆਮਦਨ ਸਾਰੀ ਇਲਮ ਦੀਨ ਦੇ ਹੱਥ ਵਿੱਚ ਰਹਿੰਦੀ ਸੀ, ਇਸ ਵਾਸਤੇ ਲਹਿਣੇ ਦੇਣੇ ਦਾ ਵੀ ਓਹਾ ਜ਼ਿੰਮੇਂਵਾਰ ਏ। ਇਲਮ ਦੀਨ ਨੇ ਨੇੜੇ-ਨੇੜੇ ਦੇ ਰਿਸ਼ਤੇਦਾਰ ਵੀ ਕੱਠੇ ਕੀਤੇ, ਜੋ ਦੋਹਾਂ ਭਰਾਵਾਂ ਦੇ ਸਾਂਝੇ ਸਨ, ਪਰ ਕਰਮ ਦੀਨ ਨੇ ਆਪਣੀ ਜ਼ਿਦ ਨਾ ਛੱਡੀ। ਉਹ ਆਪਣੀ ਗੱਲ 'ਤੇ ਅੜਿਆ ਰਿਹਾ ਕਿ ਸਹੇ ਦੀਆਂ ਤਿੰਨੇ ਲੱਤਾਂ ਨੇ, ਚੌਥੀ ਹੈ ਹੀ ਨਹੀਂ।

"ਉਇ ਇਲਮ ਦੀਨਾ!" ਸੱਜਣ ਸਿੰਘ ਨੇ ਅਖ਼ੀਰ ਖਿਝ ਕੇ ਕਿਹਾ, "ਰੱਬ ਦੇਣ ਵਾਲਾ ਏ ਸਾਰਿਆਂ ਨੂੰ। ਬੰਦੇ ਦੀ ਕੇਹੀ ਕਨੌੜ ? ਕਰਦੇ ਅੱਡ ਕਰਮ ਦੀਨ ਨੂੰ। ਵੰਡ ਦਿਹ ਸਭ ਕੁਛ।"

"ਵੰਡ ਦਿਹੋ, ਭਾਈਆ!" ਇਲਮ ਦੀਨ ਨੇ ਮਰੋੜੇ ਨਾਲ ਕਿਹਾ। "ਬਾਹਰੋਂ ਪੈਲੀ ਵੀ ਵੰਡ ਦਿਹੋ ਸੁ।"

ਦੋਹਾਂ ਭਰਾਵਾਂ ਦਾ ਸਭ ਕੁਛ ਵੰਡਿਆ ਗਿਆ। ਬਾਹਰੋਂ ਖੇਤਾਂ ਦੇ ਵੀ ਦੋ-ਦੋ ਟੁਕੜੇ ਕਰ ਦਿੱਤੇ ਗਏ। ਇਹ ਕੰਮ ਕਰਮ ਦੀਨ ਨੂੰ ਹੀ ਸੌਂਪਿਆ ਗਿਆ। ਉਹਨੇ ਮਨ-ਮਰਜ਼ੀ ਨਾਲ ਪੈਲੀ ਦੇ ਦੋ ਦੋ ਹਿੱਸੇ ਬਣਾ ਦਿੱਤੇ, ਤੇ ਪਿੱਛੋਂ ਪਿੰਡ-ਦੀ ਪੰਚਾਇਤ ਨੇ ਕੁਰ੍ਹੇ ਸੁੱਟ ਕੇ ਦੋਹਾਂ ਦੇ ਹਿੱਸਿਆਂ ਦਾ ਫ਼ੈਸਲਾ ਕਰ ਦਿੱਤਾ। ਤੂਤਾਂ ਵਾਲੇ ਖੂਹ ਦੀ ਪੈਲੀ ਦੀਆਂ ਢੇਰੀਆਂ ਬਨਾਉਣ ਲੱਗਿਆਂ ਕਰਮ ਦੀਨ ਨੇ ਕੁਛ ਬੇਈਮਾਨੀ ਕੀਤੀ। ਉਹਦਾ ਖ਼ਿਆਲ ਸੀ ਕਿ ਦੂਜੇ ਖੇਤਾਂ ਵਿੱਚੋਂ—ਮੈਂ ਆਖਾਂਗਾ—ਇਲਮ ਦੀਨ ਮੱਲ ਲਵੇ, ਤੇ ਖੂਹ ਤੋਂ ਮੈਂ ਪਹਿਲਾਂ ਮੱਲ ਲਵਾਂਗਾ। ਪਰ ਪਰ੍ਹੇ ਨੇ ਕੁਰ੍ਹੇ ਸੁੱਟ ਕੇ ਫ਼ੈਸਲਾ ਕਰਨ ਦੀ ਠਾਣ ਲਈ। ਖੂਹ ਉੱਤੋਂ ਚੰਗੀ ਢੇਰੀ ਇਲਮ ਦੀਨ ਨੂੰ ਆ ਗਈ। ਫਿਰ ਲੱਗਾ ਕਰਮ ਦੀਨ ਰੌਲਾ ਪਾਉਣ। ਉਹ ਆਖੇ : 'ਪਰ੍ਹੇ ਨੇ ਇਲਮ ਦੀਨ ਦੀ ਰਈ ਕੀਤੀ ਏ। ਮੈਂ ਫੇਰ ਢੇਰੀਆਂ ਪਾਵਾਂਗਾ। ਜਾਂ ਪਹਿਲਾਂ ਮੈਨੂੰ ਢੇਰੀ ਮੱਲ ਲੈਣ ਦਿਹੋ।'

ਪਰ੍ਹੇ ਨੇ ਕਰਮ ਦੀਨ ਦਾ ਇਹ ਦਾਹਵਾ ਨਾ ਮੰਨਿਆਂ। ਸਾਰਿਆਂ ਲੋਕਾਂ ਇਕ ਆਵਾਜ਼ ਕਿਹਾ, 'ਢੇਰੀਆਂ ਪਾਉਣ ਵਾਲੇ ਨੂੰ ਆਪ ਮੱਲਣ ਦਾ ਕੋਈ ਹੱਕ ਨਹੀਂ। ਜੇ ਮੱਲਣ ਦੀ ਗੱਲ ਏ, ਤਾਂ ਕਰਮ ਦੀਨ ਨੇ ਢੇਰੀਆਂ ਬਣਾਈਆਂ ਨੇ, ਇਲਮ ਦੀਨ ਮੱਲ ਲਵੇ। ਨਹੀਂ ਤਾਂ ਪਰ੍ਹੇ ਨੇ ਕੁਰ੍ਹੇ ਸੁੱਟ ਕੇ ਫ਼ੈਸਲਾ ਕੀਤਾ ਏ। ਇਹ ਤਾਂ ਆਪੋ ਆਪਣੀ ਕਿਸਮਤ ਏ। ਜੋ ਫ਼ੈਸਲਾ ਪਰ੍ਹੇ ਨੇ ਕਰ ਦਿੱਤਾ ਏ, ਓਹਾ ਪੱਕਾ ਰਹੇਗਾ।'

ਇਲਮ ਦੀਨ ਨੂੰ ਖਾਡੇ ਦੇ ਨੇੜੇ ਆ ਗਈ ਤੇ ਕਰਮ ਦੀਨ ਨੂੰ ਜ਼ਰਾ ਹਟਵੀਂ। ਕਰਮ ਦੀਨ ਬਥੇਰਾ ਰਿਝਦਾ ਰਿਹਾ, ਪਰ ਉਹ ਝੂਠਾ ਸੀ। ਇਸ ਵਾਸਤੇ ਉਹਦੀ ਸੁਣੀ ਕੋਈ ਨਾ ਗਈ।

ਇਕ ਝਗੜਾ ਨਜਿੱਠਿਆ ਗਿਆ, ਪਰ ਇਲਮ ਦੀਨ ਦੇ ਸਾਹਮਣੇ ਦੂਸਰਾ ਰੇੜਕਾ ਇਸ ਤੋਂ ਵੀ ਵੱਡਾ ਸੀ। ਫ਼ਤਹਿ ਬੀਬੀ ਨੇ ਘਰ ਦੇ ਸਾਰਿਆਂ ਜੀਆਂ ਦਾ

ਜਿਉਣਾ ਹਰਾਮ ਕਰ ਦਿੱਤਾ ਸੀ। ਇਸ ਘਰੋਗੀ ਝਗੜੇ ਵਿੱਚ ਉਹਦੇ ਮਾਪੇ ਖੁੱਲ੍ਹ-ਮਖੁੱਲ੍ਹਾ ਉਹਦੀ ਮਦਦ ਕਰਦੇ ਸਨ। ਫ਼ਤਹਿ ਬੀਬੀ ਦੀ ਅਸਲੀ ਇੱਛਿਆ ਤਾਂ ਸੀ, ਕਿ ਇਲਮ ਦੀਨ ਜੈਨਾ ਨੂੰ ਘਰੋਂ ਕੱਢ ਦੇਵੇ, ਪਰ ਇਹ ਗੱਲ ਫ਼ਤਹਿ ਬੀਬੀ ਖੁੱਲ੍ਹੇ ਸ਼ਬਦਾਂ ਵਿੱਚ ਨਹੀਂ ਸੀ ਕਹਿ ਸਕਦੀ। ਉਹ ਕਹਿੰਦੀ ਸੀ, 'ਮੈਂ ਅੱਧ ਦੀ ਮਾਲਕ ਆਂ। ਮੇਰਾ ਅੱਧ ਵੰਡ ਕੇ ਮੈਨੂੰ ਵੱਖਰੀ ਕਰ ਦੇਵੇ।' ਉਹ ਉਜਰ ਪੇਸ਼ ਕਰਦੀ ਸੀ ਕਿ ਜੈਨਾ ਨਾਲੋਂ ਉਹਦੇ ਅੰਞਾਣੇ ਥੋੜ੍ਹੇ ਨੇ, ਇਸ ਵਾਸਤੇ ਉਹਦਾ ਖ਼ਰਚ ਵੀ ਘੱਟ ਹੈ।

ਇਸ ਗੱਲ 'ਤੇ ਜੈਨਾ ਵੀ ਖ਼ੁਸ਼ ਸੀ ਕਿ ਉਹਨਾਂ ਦੋਹਾਂ ਦੇ ਚੁੱਲ੍ਹੇ ਵੱਖਰੇ ਹੋ ਜਾਣ। ਹੁਣ ਮਸਲਾ ਇਹ ਸੀ ਕਿ ਇਲਮ ਦੀਨ ਦਾ ਕੀ ਬਣੇ ? ਉਹਨੇ ਖਿਝ ਕੇ ਪਰ੍ਹੇ ਨੂੰ ਕਿਹਾ, 'ਓ ਭਰਾਓ! ਇਹਨਾਂ ਦੋਹਾਂ ਨੂੰ ਅੱਧੋ-ਅੱਧ ਵੰਡ ਦਿਹੋ, ਤੇ ਮੈਨੂੰ—ਆਖੋ ਨੇ—ਇਕ ਬਗਲੀ ਸਿਉਂ ਦੇਣ।'

ਇਲਮ ਦੀਨ ਵਾਸਤੇ ਠੀਕ ਹੀ ਇਹ ਉਲਝਣ ਸੁਲਝਾਉਣੀ ਬੜੀ ਔਖੀ ਸੀ। ਪੂਰੇ ਦੋ ਮਹੀਨੇ ਘਰ ਵਿੱਚ ਕਲੇਸ਼ ਪਿਆ ਰਿਹਾ। ਅੰਤ ਕੁਛ ਸਿਆਣਿਆਂ ਨੇ ਇਕ ਰਾਹ ਕੱਢ ਹੀ ਲਿਆ, ਜੋ ਲਗਭਗ ਸਾਰਿਆਂ ਨੇ ਪਰਵਾਨ ਕਰ ਲਿਆ। ਫ਼ੈਸਲਾ ਇਹ ਹੋਇਆ ਕਿ ਘਰ ਦਾ ਆਮਦਨ ਖ਼ਰਚ ਦਾ ਸਾਰਾ ਪ੍ਰਬੰਧ ਇਲਮ ਦੀਨ ਆਪਣੇ ਹੱਥ ਵਿੱਚ ਰੱਖੇ। ਜੈਨਾ ਤੇ ਫ਼ਤਹਿ ਬੀਬੀ ਨੂੰ ਹਰ ਮਹੀਨੇ ਘਰ ਦੇ ਖ਼ਰਚ ਵਜੋਂ ਇਕੋ ਜੇਹਾ ਦਿੱਤਾ ਜਾਵੇ। ਭਾਵੇਂ ਆਪਣਾ ਹਿੱਸਾ ਕੋਈ ਦਸਾਂ ਦਿਨਾਂ ਵਿੱਚ ਮੁਕਾ ਲਵੇ ਤੇ ਭਾਵੇਂ ਪੂਰਾ ਮਹੀਨਾ ਟਪਾ ਲਵੇ। ਇਲਮ ਦੀਨ ਇਕ ਮਹੀਨਾ ਇਕ ਵੱਲੋਂ ਰੋਟੀ ਖਾਵੇ ਤੇ ਇਕ ਮਹੀਨਾ ਦੂਸਰੀ ਵੱਲੋਂ।

ਕੋਲੋਂ ਮਿਲਖਾ ਸਿੰਘ ਨੇ ਹਾਸੇ ਨਾਲ ਕਿਹਾ, "ਉ ਇਲਮ ਦੀਨਾ! ਪਰ ਸਾਲ ਹਰਨਾਮ ਸੂੰਹ ਵਰਿਆਮ ਸੂੰਹ ਦੋਹਾਂ ਭਰਾਵਾਂ ਨੇ ਮੰਗਲ ਇਸਾਈ ਨੂੰ ਸਾਂਝਾ ਕਾਮਾ ਰੱਖਿਆ ਸੀ। ਉਹ ਇਕ ਮਹੀਨਾ ਇਕ ਵੱਲੋਂ ਰੋਟੀ ਖਾਂਦਾ ਸੀ ਤੇ ਇਕ ਮਹੀਨਾ ਇਕ ਵੱਲੋਂ। ਤੇ ਜੀਹਦੇ ਵੱਲੋਂ ਰੋਟੀ ਖਾਂਦਾ ਸੀ, ਦੂਜੇ ਘਰ ਦਾ ਬਾਹਰੋਂ ਬਾਲਣ ਵੀ ਲਿਆ ਕੇ ਨਹੀਂ ਸੀ ਦਿਆ ਕਰਦਾ। ਫੱਟ ਮੂੰਹ 'ਤੇ ਜਵਾਬ ਦਿਆ ਕਰਦਾ ਸੀ, 'ਸਰਦਾਰਨੀ! ਇਹ ਮਹੀਨਾ ਮੈਂ ਵੱਡੀ ਸਰਦਾਰਨੀ ਦਾ ਨੌਕਰ ਆਂ।' ਸੋ ਤੈਨੂੰ ਵੀ ਹੁਣ ਸਮਝ ਸੋਚ ਕੇ ਚੱਲਣਾ ਹੋਵੇਗਾ। ਜਿਧਰੋਂ ਰੋਟੀ ਖਾਵੇਂ, ਅੰਞਾਣੇ ਵੀ ਓਸੇ ਦੇ ਖਡਾਉਣੇ ਹੋਣਗੇ।"

"ਮਿਲਖਾ ਸਿਹਾਂ! ਸਿੱਧੀ ਗੱਲ ਆਖ ਦਿਹ, ਅੰਞਾਣਿਆਂ ਦਾ ਵਲ ਕਿਉਂ ਪੌਨਾਂ ਏਂ ਐਵੇਂ।" ਜੈਨਾ ਨੇ ਕੁਛ ਗ਼ੁੱਸੇ ਨਾਲ ਉੱਤਰ ਦਿੱਤਾ। ਉਹ ਮਿਲਖਾ ਸਿੰਘ ਦੀ ਗੁੱਝੀ ਟਕੋਰ ਸਮਝ ਗਈ ਸੀ। "ਪਰ ਬਗਾਨੇ ਘਰ ਅੱਗ ਬਾਲ ਕੇ ਵੇਖਣ ਦੀ ਥਾਂ ਆਪਣੀ ਬਾਲ ਕੇ ਸੇਕਣੀ ਚਾਹੀਦੀ ਏ। ਆਪ ਇਕ ਹੋਰ ਵਿਆਹ ਕਰਾ ਲੈ, ਜੇ ਸੁਆਦ ਵੇਖਣਾ ਈਂ ਤਾਂ।"

"ਭਾਬੀ ਜੈਨਾ! ਤੋਬਾ ਮੇਰੀ।" ਮਿਲਖਾ ਸਿੰਘ ਨੇ ਕੰਨਾਂ 'ਤੇ ਹੱਥ ਧਰ ਕੇ ਕਿਹਾ। "ਵੱਡੇ ਭਰਾ ਵੱਲ ਵੇਖ ਕੇ ਈ ਕੰਨ ਹੋ ਗਏ ਨੇ।"

ਇਕ ਇਲਮ ਦੀਨ ਵੱਲ ਵੇਖ ਕੇਈਆਂ ਨੂੰ ਗਿਆਨ ਹੋ ਗਿਆ ਸੀ। ਇਲਮ ਦੀਨ ਦੀਆਂ ਔਕੜਾਂ ਦਾ ਕੋਈ ਪਾਰਾਵਾਰ ਨਹੀਂ ਸੀ ਰਿਹਾ। ਉਹਨੇ ਘਰ-ਘਰ ਦਾ ਦੇਣਾ ਸੀ। ਤਿੰਨ ਹੱਟੀਆਂ ਸਨ ਪਿੰਡ ਵਿੱਚ, ਤੇ ਤਿੰਨਾਂ ਦਾ ਉਹ ਕਰਜ਼ਾਈ ਸੀ। ਧੰਨੇ ਸ਼ਾਹ ਦੇ ਵੀ ਉਹ ਮੋੜ ਨਹੀਂ ਸੀ ਸਕਿਆ। ਉਤੋਂ ਆ ਗਈ ਮਾਮਲੇ ਦੀ ਵਾਗੀ। ਹੁਣ ਉਹ ਕਿਧਰ ਜਾਵੇ ? ਬਾਹਰ ਵਾਹੀ ਦਾ ਕੰਮ ਅਸਲੋਂ ਮੂਧਾ ਵੱਜਾ ਪਿਆ ਸੀ। ਇਕ ਜੋਗ ਸੀ ਉਹਨਾਂ ਕੋਲ। ਉਹ ਵੀ ਮਸ੍ਹਾਂ ਗੁਜ਼ਾਰੇ ਜੋਗੀ। ਉਸ ਵਿੱਚੋਂ ਇਕ ਕਰਮ ਦੀਨ ਨੂੰ ਆ ਗਿਆ ਤੇ ਇਕ ਇਲਮ ਦੀਨ ਕੋਲ ਰਹਿ ਗਿਆ। ਹੁਣ ਇਕ ਨਾਲ ਉਹ ਹਲ ਕਿਵੇਂ ਤੋਰੇ ? ਉਹ ਇਕ ਵੀ ਵਧੀਆ ਹੁੰਦਾ, ਤਾਂ ਉਹ ਇਕ ਬਦਲੇ ਦੋ ਮਾੜੇ ਖ਼ਰੀਦ ਲੈਂਦਾ। ਪਰ ਹੁਣ ਕੀ ਕਰੇ ?

ਕਰਮ ਦੀਨ ਦੇ ਸਹੁਰਿਆਂ ਨੇ ਉਹਦੀ ਮਦਦ ਕੀਤੀ। ਉਹ ਇਕ ਮਾੜਾ ਜਿਹਾ ਢਾਂਡਾ ਓਥੋਂ ਹਿੱਕ ਲਿਆਇਆ। ਇਸ ਤਰ੍ਹਾਂ ਉਹਨੇ ਚੰਗਾ ਮਾੜਾ ਆਪਣਾ ਹਲ ਖਲਾ ਕਰ ਲਿਆ।

ਹੁਣ ਇਲਮ ਦੀਨ ਕੀ ਕਰੇ ? ਰਹਿ ਖਹਿ ਕੇ ਉਹਦੀ ਇਕੋ ਠਾਹਰ ਰਹਿ ਗਈ, ਧੰਨੇ ਸ਼ਾਹ। ਪੀਰਾਂ ਫ਼ਕੀਰਾਂ ਨੂੰ ਧਿਆਉਂਦਾ ਉਹ ਇਕ ਦਿਨ ਧੰਨੇ ਸ਼ਾਹ ਦੀ ਆੜ੍ਹਤ ਵੱਲ ਤੁਰ ਪਿਆ।

ਧੰਨੇ ਸ਼ਾਹ ਪੀਰੂਵਾਲੇ ਦੀ ਪਲ-ਪਲ ਦੀ ਖ਼ਬਰ ਸਾਰ ਰਖ ਰਿਹਾ ਸੀ। ਇਲਮ ਦੀਨ ਦੇ ਘਰ ਦੀ ਮੰਦੀ ਹਾਲਤ ਸੁਣ-ਸੁਣ ਕੇ ਉਹ ਅੰਦਰੋ-ਅੰਦਰ ਖ਼ੁਸ਼ ਹੋ ਰਿਹਾ ਸੀ। ਖਾਰੇ ਤੇ ਅਠੀਲਪੁਰ ਦੀਆਂ ਸਾਮੀਆਂ ਤੋਂ ਉਹਨੇ ਬੜੀ ਸਖ਼ਤੀ ਨਾਲ ਪੈਸੇ ਉਗਰਾਹੁਣੇ ਸ਼ੁਰੂ ਕਰ ਦਿੱਤੇ ਸਨ। ਉਹ ਪੁਰਾਣੇ ਘਾਘ ਸ਼ਕਾਰੀ ਵਾਂਗ ਤੂਤਾਂ ਵਾਲੇ ਖੂਹ 'ਤੇ ਸ਼ਹਿ ਲਾਈ ਬੈਠਾ ਸੀ। ਚਾਂਦੀ ਦੀਆਂ ਗੋਲੀਆਂ ਇਕੱਠੀਆਂ ਕਰਕੇ ਉਹ ਪੂਰੀ ਤਾਕਤ ਨਾਲ ਖੂਹ ਦੇ ਕਮਜ਼ੋਰ ਮਾਲਕਾਂ 'ਤੇ ਧਾਵਾ ਬੋਲਣਾ ਚਾਹੁੰਦਾ ਸੀ।

ਇਲਮ ਦੀਨ ਗਏ ਨੂੰ ਧੰਨੇ ਸ਼ਾਹ ਬੜੇ ਆਦਰ ਨਾਲ ਮਿਲਿਆ। ਉਹਨੇ ਬੜੇ ਅਪਣੱਤ ਭਰੇ ਨਿਹੋਰੇ ਨਾਲ ਕਿਹਾ, "ਉ ਆ ਚੌਧਰੀ ਇਲਮ ਦੀਨਾ! ਤੂੰ ਤਾਂ ਨਿੱਘਰਿਆ, ਸਾਡੀ ਦੁਕਾਨ ਈ ਛੱਡ ਦਿੱਤੀ ਏ। ਅਖੇ : ਗਲ ਲਗਣੋਂ ਤਾਂ ਗਈ ਸੈਂ, ਮੂੰਹ ਲੱਗਣੋਂ ਵੀ ਗਈਓਂ ? ਭੈੜਿਆ, ਤੂੰ ਤਾਂ ਕਦੇ ਮੂੰਹ ਈ ਨਹੀਂ ਵਖਾਇਆ। ਅਸ਼ਕੇ ਆਖ ਖਾਂ ਸ. ਸੱਜਣ ਸੁੰਹ ਦੇ। ਦਾਣੇ ਨਿਕਲਦਿਆਂ ਪਿੜ 'ਚੋਂ ਸਿੱਧੇ ਆੜ੍ਹਤ 'ਤੇ ਲਿਆਇਆ ਏ। ਭਾਵੇਂ ਅਗ੍ਹਾਂ ਲੋੜ ਜੋਗੇ ਦੂਣੇ ਲੈ ਗਿਆ ਏ, ਪਰ ਇਕ ਵਾਰ ਪਿਛਲਾ ਹਿਸਾਬ ਚੁੱਕਦਾ ਕਰ ਗਿਆ ਏ। ਭਈ, ਵਰਤਿਆਂ ਪਤਾ ਲੱਗਦਾ ਏ, ਬੰਦਾ

ਬੜਾ ਖਰਾ ਏ।" ਧੰਨੇ ਸ਼ਾਹ ਇਕ ਦੇ ਮੂੰਹ 'ਤੇ ਦੂਜੀ ਸਾਮੀ ਦੀ ਸ਼ੋਭਾ ਕਰਨੀ ਬੜੀ ਜ਼ਰੂਰੀ ਸਮਝਦਾ ਸੀ।

"ਬੰਦੇ ਤਾਂ—ਧੰਨੇ ਸ਼ਾਹ!—ਅਸੀਂ ਵੀ ਮਾੜੇ ਨਹੀਂ ਸਾਂ, ਪਰ ਘਰ ਦੀ ਫੁੱਟ ਨੇ ਮਾਰ ਲਿਆ। ਨਹੀਂ ਤਾਂ—ਜਾਣਦਾ ਏਂ—ਪਿਉ ਦੇ ਹੁੰਦਿਆਂ ਕੋਈ ਹਰਾਮ ਦਾ ਅਖਵੌਂਦਾ ਈ ? ਬੱਸ, ਪੇਸ਼ ਕੋਈ ਨਹੀਂ ਓਂ ਗਈ। ਮਾਰੀਦੇ ਤੇਰੇ ਵੱਲੋਂ ਝੂਠੇ ਪਏ ਆਂ।" ਇਲਮ ਦੀਨ ਨੇ ਨਿਰਾਸ਼ ਜੇਹੀ ਸੁਰ ਵਿੱਚ ਨੀਂਵੀਂ ਪਾਈ ਕਿਹਾ।

"ਕਿਉਂ, ਕੀ ਗੱਲ ਹੋ ਗਈ ?" ਸਭ ਕੁਛ ਜਾਣਦਿਆਂ ਵੀ ਧੰਨੇ ਸ਼ਾਹ ਨੇ ਪੁੱਛਿਆ।

ਇਲਮ ਦੀਨ ਨੇ ਆਪਣੀ ਸਾਰੀ ਦਰਦ ਕਹਾਣੀ ਸ਼ਾਹ ਅੱਗੇ ਕਹਿ ਦਿੱਤੀ। ਆਪਣੀਆਂ ਔਕੜਾਂ ਨੂੰ ਉਹਨੇ ਅਸਲ ਨਾਲੋਂ ਵਧੇਰੇ ਵਧਾਅ ਚੜ੍ਹਾ ਕੇ ਕਿਹਾ।

"ਤੇ ਨਿਘਰਿਆ! ਤੂੰ ਏਨੀ ਗੱਲ ਤੋਂ ਅੰਦਰ ਲੁਕ ਕੇ ਬਹਿ ਰਿਹਾ ਸੈਂ ? ਤੂੰ ਮੈਨੂੰ ਕਿਉਂ ਨਾ ਯਾਦ ਕੀਤਾ ? ਉਇ, ਜਿਹੜਾ ਔਖੀ ਵੇਲੇ ਕੰਮ ਨਾ ਆਵੇ, ਓਸ ਸੱਜਣ ਮਿੱਤਰ ਨੂੰ ਗੋਲੀ ਮਾਰਨੀ ਏਂ ? ਭੱਠ ਪਿਆ ਧੰਨੇ ਸ਼ਾਹ ਦਾ ਸ਼ਾਹੂਕਾਰਾ, ਜੇ ਤੂੰ ਮਾਮਲੇ ਤੋਂ ਔਖਾ ਹੋਇਓਂ, ਤੇ ਇਕ ਢੱਗੀ ਖੁਣੋ ਤੇਰਾ ਹਲ ਖਲੋਤਾ ਰਹੇ ਤਾਂ। ਬੋਲ, ਕਿੰਨੇ ਚਾਹੀਦੇ ਈ ? ਪਰ ਇਕ ਗੱਲ ਏ, ਮਰਦਾਂ ਵਾਲੀ ਜ਼ਬਾਨ 'ਤੇ ਪੱਕਾ ਰਹੀਂ। ਆਹ ਵੇਲਾ ਚੇਤੇ ਰੱਖੀਂ।"

"ਧੰਨੇ ਸ਼ਾਹ! ਇਲਮ ਦੀਨ ਆਹ ਵੇਲਾ ਭੁੱਲ ਗਿਆ, ਤਾਂ ਉਹਨੂੰ ਚਰਾਗ਼ਦੀਨ ਦਾ ਪੁੱਤ ਨਾ ਸਮਝੀਂ। ਦੱਸ, ਏਦੋਂ ਵੱਡੀ ਕਿਹੜੀ ਹੱਦ ਏ ? ਅਜੇ ਵੀ ਧਿਆ ਨਹੀਂ ਔਂਦਾ, ਤਾਂ ਦੋ ਵਿਘੇ ਪੈਲੀ ਲਖਾ ਲੈ।" ਇਲਮ ਦੀਨ ਲੋੜ ਦਾ ਮਾਰਿਆ ਉਸ ਵੇਲੇ ਹਰ ਸ਼ਰਤ ਮੰਨਣ ਵਾਸਤੇ ਤਿਆਰ ਸੀ।

"ਵੇਖ, ਮੈਥੋਂ ਕੋਈ ਚਾਰ ਕੌੜੀਆਂ ਕਸੈਲੀਆਂ ਸੁਣਦਾਂ। ਅੱਗੇ ਪੈਲੀ ਲਿਖਾ ਕੇ ਦਿੱਤੇ ਸਨ ਤੈਨੂੰ ? ਜੀਹਨੂੰ ਭਰਾ ਆਖ ਦਿੱਤਾ, ਮਿੱਤਰ ਬਣਾ ਲਿਆ, ਉਹਦੇ ਉੱਤੇ ਬੇ-ਇਤਬਾਰੀ ਕਾਹਦੀ ? ਜਾਹ, ਵਹੀ 'ਤੇ ਵੀ ਅੰਗੂਠਾ ਨਾ ਲਾਵੀਂ। ਹੋਰ ਦੱਸ।" ਧੰਨੇ ਸ਼ਾਹ ਨੇ ਡਾਢੀ ਤੜ੍ਹ ਮਾਰਦਿਆਂ ਕਿਹਾ। ਪਿੰਜਰੇ ਦਾ ਬੂਹਾ ਖੁਹਲ ਕੇ ਸ਼ਕਾਰੀ ਫਸਣ ਵਾਲੇ ਪੰਛੀ ਨਾਲ ਅਪਣੱਤ ਜਤਾ ਰਿਹਾ ਸੀ।

ਮੁਕਦੀ ਗੱਲ, ਇਲਮ ਦੀਨ ਦਾ ਮਾਮਲਾ ਵੀ ਤਰ ਗਿਆ, ਬਲਦ ਵੀ ਆ ਗਿਆ, ਤੇ ਘਰ ਦੇ ਜੀਆਂ ਦੀ ਲੋੜ ਜੋਗਾ ਲੀੜਾ ਕੱਪੜਾ ਵੀ। ਪਰ ਅਨਪੜ੍ਹ ਇਲਮ ਦੀਨ ਨੂੰ ਏਨਾ ਪਤਾ ਨਹੀਂ ਸੀ ਕਿ ਵਹੀ ਵਿੱਚ ਲਿਖੀ ਕਿੰਨੀ ਰਕਮ ਉੱਤੇ ਉਹਨੇ ਅੰਗੂਠਾ ਲਾਇਆ ਸੀ।

## 14

ਏਸੇ ਸਾਲ ਇਕ ਹੋਰ ਘਟਨਾ ਹੋ ਗਈ। ਪੀਰੂਵਾਲੇ ਦਾ ਨੰਬਰਦਾਰ ਬਾਬਾ ਚੇਤ ਸਿੰਘ ਮਰ ਗਿਆ। ਉਸ ਵੇਲੇ ਉਹਦੀ ਉਮਰ ਸੱਠ ਸਾਲ ਤੋਂ ਉੱਤੇ ਸੀ। ਨੰਬਰਦਾਰ ਦੀ ਇਕੋ ਲੜਕੀ ਹੀ ਲੜਕੀ ਸੀ, ਬੀਬੀ ਪਰਤਾਪੀ, ਜੋ ਵਲਟੋਹੇ ਵਿਆਹੀ ਹੋਈ ਸੀ। ਦਸ ਸਾਲ ਹੋ ਗਏ ਸਨ, ਨੰਬਰਦਾਰ ਦੇ ਘਰੋਂ ਵੀ ਗੁਜ਼ਰ ਚੁੱਕੀ ਸੀ। ਲੜਕਾ ਕੋਈ ਨਾ ਹੋਣ ਦੇ ਕਾਰਨ ਉਹਦਾ ਜੀਵਨ ਬਹੁਤ ਉਦਾਸ ਸੀ। ਲੜਕੀ ਦੇ ਵਿਆਹ ਪਿੱਛੋਂ ਉਹਨੇ ਇਕ ਵਾਰ ਦੂਜਾ ਵਿਆਹ ਕਰਾਉਣ ਦੀ ਇੱਛਿਆ ਪ੍ਰਗਟ ਕੀਤੀ, ਪਰ ਉਸ ਗੱਲ ਦਾ ਵਰੋਧ ਨੰਬਰਦਾਰਨੀ, ਨੰਬਰਦਾਰ ਦੀ ਧੀ ਤੇ ਜਵਾਈ ਨੇ ਰਲ ਕੇ ਕੀਤਾ, ਜਿਸ ਕਰਕੇ ਨੰਬਰਦਾਰ ਦਾ ਦੂਜੇ ਵਿਆਹ ਦਾ ਚਾਅ ਵਿਚੇ ਹੀ ਰਹਿ ਗਿਆ। ਆਪਣੇ ਹੱਕ ਵਿੱਚ ਨੰਬਰਦਾਰ ਸਭ ਤੋਂ ਵੱਡੀ ਦਲੀਲ ਇਹ ਦੇਂਦਾ ਸੀ ਕਿ ਸ਼ਾਇਦ ਦੂਜੇ ਵਿਆਹ ਵਿੱਚੋਂ ਉਹਨਾਂ ਦੇ ਘਰ ਜਾਇਦਾਦ ਦਾ ਵਾਰਸ ਹੋ ਪਵੇ। ਪਰਤਾਪੀ ਦੀ ਮਾਂ ਇਸ ਦਾ ਉੱਤਰ ਅੱਗੋਂ ਬੜੇ ਜ਼ੋਰ ਨਾਲ ਦੇਂਦੀ, "ਅਸੀਂ ਪਰਤਾਪੀ ਦੇ ਕਾਕੇ ਨੂੰ ਗੋਦੀ ਲੈ ਲਵਾਂਗੇ। ਪੋਤਰਾ ਕੀ ਤੇ ਦੋਹਤਰਾ ਕੀ ? ਤੇ ਜੇ ਏਸ ਬਹਾਨੇ ਮੌਜਾਂ ਲੁੱਟਣ ਦੀ ਝਾਕ ਰੱਖਦਾ ਹੋਵੇਂ, ਤਾਂ ਉਹ ਮੈਂ ਤੇਰੀਆਂ ਚਲਾਕੀਆਂ ਨਹੀਂ ਚੱਲਣ ਦਿਆਂਗੀ। ਹਾਹੋ।"

ਪਰਤਾਪੀ ਤੇ ਉਹਦੀ ਮਾਂ, ਚੰਗੀਆਂ ਮੂੰਹ-ਜ਼ੋਰ ਸਨ। ਨਾਲ ਉਹਨਾਂ ਦੀ ਹਮਾਇਤ ਉੱਤੇ ਪਰਤਾਪੀ ਦਾ ਮਾਲਕ ਵੀ ਖਲਾ ਹੋ ਗਿਆ। ਉਹਨੇ ਇਕ ਦਿਨ ਸਭ ਤੋਂ ਵੱਡੀ ਧਮਕੀ ਦੇਂਦਿਆਂ ਕਹਿ ਦਿੱਤਾ, "ਬਾਪੂ! ਜੇ ਤੂੰ ਦੂੱਜਾ ਵਿਆਹ ਕਰਾ ਕੇ ਈ ਰਹਿਣਾ ਏਂ, ਤਾਂ ਆਪਣੀ ਧੀ ਵਾਸਤੇ ਵੀ ਨਵਾਂ ਘਰ ਲਭ ਲਵੀਂ। ਮੇਰੀ ਤੁਹਾਡੀ ਫਿਰ ਕੋਈ ਸਾਂਝ ਨਹੀਂ ਰਹੇਗੀ।"

ਅਸਲ ਵਿੱਚ ਇਹ ਧਮਕੀ ਪਰਤਾਪੀ ਤੇ ਉਹਦੀ ਮਾਂ ਦੀ ਸਲਾਹ ਨਾਲ ਦਿੱਤੀ ਗਈ ਸੀ। ਉਸ ਨੂੰ ਆਧਾਰ ਬਣਾ ਕੇ ਉਹਨਾਂ ਮਾਂਵਾਂ ਧੀਆਂ ਖ਼ੂਬ ਰੌਲ ਪਾਇਆ। ਏਥੋਂ ਤਕ ਕਿ ਪਰਤਾਪੀ ਦੀ ਮਾਂ ਨੇ ਮਰਨ-ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਘਰ ਵਿੱਚ ਕਈ ਦਿਨ ਮਹਾਂਭਾਰਤ ਦੇ ਯੁੱਧ-ਕਾਂਡ ਦਾ ਅਭਿਆਸ (ਰੀਹਰਸਲ) ਹੁੰਦਾ ਰਿਹਾ। ਅਖ਼ੀਰ ਉਹਨਾਂ ਲਾਲ ਝੰਡਾ ਓਦੋਂ ਨੀਂਵਾਂ ਕੀਤਾ, ਜਾਂ ਚੇਤ ਸਿੰਘ ਨੇ ਕੰਨ ਫੜ ਕੇ ਤੋਬਾ ਕਰ ਲਈ।

ਪਰਤਾਪੀ ਦੇ ਘਰ ਉੱਤੋ-ੜਿਤੀ ਤਿੰਨ ਲੜਕੇ ਹੋਏ। ਵੱਡਾ ਸਰਵਣ ਨਾਨੀ ਨੇ ਲੈ ਲਿਆ। ਇਸ ਤਰ੍ਹਾਂ ਦੂਜੇ ਵਿਆਹ ਦਾ ਸਵਾਲ ਹਮੇਸ਼ਾਂ ਵਾਸਤੇ ਮੁੱਕ ਗਿਆ।

ਨੰਬਰਦਾਰ ਚੇਤ ਸਿੰਘ ਦਾ ਜੱਦ ਵਿੱਚੋਂ ਬਹੁਤਾ ਨਜ਼ਦੀਕੀ ਕੋਈ ਨਹੀਂ ਸੀ।

ਫਿਰ ਵੀ ਆਪਣੀ ਜੱਦੀ ਜਾਇਦਾਦ ਸਿੱਧੀ ਦੋਹਤਰੇ ਦੇ ਨਾਂ ਲੁਆਉਣ ਨਾਲੋਂ ਉਹਨਾਂ ਇਕ ਨਵੀਂ ਵਿਉਂਤ ਸੋਚ ਲਈ। ਉਹਨੇ ਆਪਣੇ ਕੋਲ ਸਿਰਫ਼ ਪੰਜ ਵਿਘੇ ਜ਼ਮੀਨ ਰੱਖ ਲਈ, ਜੀਹਦੇ ਹੁੰਦਿਆਂ ਨੰਬਰਦਾਰੀ ਬਚੀ ਰਹੇ। ਬਾਕੀ ਸਾਰੀ ਜ਼ਮੀਨ ਵੇਚ ਕੇ ਉਹਨੇ ਵਲਟੋਹੇ ਵਿੱਚ ਧੀ ਦੇ ਨਾਂ ਵੱਖਰੀ ਜ਼ਮੀਨ ਖ਼ਰੀਦ ਦਿੱਤੀ। ਪਿੱਛੋਂ ਓਸ ਪੰਜ ਵਿਘੇ ਦੀ ਉਹਨੇ ਦੁਹਤਰੇ ਸਰਵਣ ਸਿੰਘ ਦੇ ਨਾਮ ਵਸੀਅਤ ਕਰ ਦਿੱਤੀ।

ਨੰਬਰਦਾਰ ਚੇਤ ਸਿੰਘ ਦਾ ਪਿੰਡ ਵਿੱਚ ਦਬ-ਦਬਾਅ ਜ਼ਰੂਰ ਸੀ, ਪਰ ਆਦਰ ਨਹੀਂ। ਉਹਦਾ ਜੀਵਨ ਅਜੇਹਾ ਨਹੀਂ ਸੀ ਬੀਤਿਆ, ਜਿਸ ਕਰਕੇ ਕੋਈ ਉਹਦਾ ਸਤਿਕਾਰ ਕਰਦਾ। ਸਾਰੀ ਉਮਰ ਉਹਨੇ ਗ਼ਰੀਬਾਂ ਨੂੰ ਸਤਾਉਣ ਤੇ ਪੁਲੀਸ ਦੀਆਂ ਝੂਠੀਆਂ ਗਵਾਹੀਆਂ ਦੇਣ ਤੋਂ ਬਿਨਾਂ, ਕੋਈ ਨੇਕੀ ਦਾ ਕੰਮ ਨਹੀਂ ਸੀ ਕੀਤਾ।

ਜ਼ਿੰਦਗੀ ਦੇ ਆਖ਼ਰੀ ਤਿੰਨ ਮਹੀਨੇ ਉਹਨੇ ਮੰਜੇ 'ਤੇ ਹੱਡ ਰਗੜਦਿਆਂ ਕੱਟੇ ਸਨ। ਪਰਤਾਪੀ ਤੇ ਸਰਵਣ ਉਹਦੇ ਕੋਲ ਜ਼ਰੂਰ ਸਨ, ਪਰ ਸਿਰਫ਼ ਲੋਕ-ਦਿਖਾਵੇ ਵਾਸਤੇ। ਉਹਨੇ ਕਈ ਵਾਰ ਧੀ ਅੱਗੇ ਤਰਲੇ ਲਏ, "ਪੁੱਤ, ਕੋਈ ਚੰਗਾ ਡਾਕਦਾਰ ਲਿਆ ਕੇ ਮੈਨੂੰ ਵਖਾਉ। ਭਲਾ ਮੈਂ ਬਚ ਜਾਵਾਂ ਤਾਂ। ਪੈਸਿਆਂ ਦਾ ਸਰਫ਼ਾ ਨਾ ਕਰੋ।"

"ਬਾਪੂ! ਪੈਸੇ ਕਿਤੇ ਰੁੱਖਾਂ ਨਾਲ ਤਾਂ ਨਹੀਂ ਲੱਗੇ ਹੋਏ।" ਪਰਤਾਪੀ ਨੇ ਅੱਗੋਂ ਬੜੀ ਰੁੱਖੀ ਬੋਲੀ ਵਿੱਚ ਉੱਤਰ ਦਿੱਤਾ ਸੀ। "ਨਾਲੇ ਡਾਕਦਾਰ ਏਥੇ ਆ ਕੇ ਕੀ ਕਰੇਗਾ ? ਸੱਤਰਾਂ ਵਰ੍ਹਿਆਂ ਤੋਂ ਤਾਂ ਉੱਤੇ ਹੋ ਗਿਆ ਏਂ। ਹੋਰ ਕਿਤੇ ਹੁਣ ਫਲ੍ਹੇ 'ਚ ਲੱਤਾਂ ਅੜਾ ਕੇ ਬਹਿ ਰਹਿਣਾ ਈਂ ?"

ਉਂਵ ਦੂਸਰੇ ਤੀਸਰੇ ਦਿਨ ਸਰਵਣ ਸਿੰਘ ਕਸੂਰੋਂ ਦਵਾਈ ਲੈਣ ਜ਼ਰੂਰ ਜਾਂਦਾ ਸੀ। ਨੰਬਰਦਾਰ ਦੇ ਸਰ੍ਹਾਣੇ ਕੁਛ ਰੰਗਦਾਰ ਦਵਾਈ ਦੀਆਂ ਸ਼ੀਸ਼ੀਆਂ ਪਈਆਂ ਵੀ ਰਹਿੰਦੀਆਂ ਸਨ।

ਲੋਕ ਦਿਖਾਵੇ ਵਜੋਂ ਪਿੰਡ ਦੇ ਕੁਛ ਬੰਦੇ ਨੰਬਰਦਾਰ ਦੀ ਖ਼ਬਰ ਸੁਰਤ ਲੈਣ ਵੀ ਜਾਂਦੇ। ਹਰ ਗਏ ਅੱਗੇ ਨੰਬਰਦਾਰ ਇਕੋ ਸ਼ਕਾਇਤ ਕਰਦਾ, "ਇਹਨੂੰ ਕੁੜੀ ਨੂੰ ਆਖੋ ਉਇ, ਮੇਰਾ ਦਵਾ ਦਾਰੂ ਚੰਗੀ ਤਰ੍ਹਾਂ ਕਰੇ। ਮੈਨੂੰ ਇਲਾਜ ਖੁਣੋਂ ਅੰਦਰ ਪਾ ਕੇ ਨਾ ਮਾਰਨ। ਮੈਂ ਬਚ ਗਿਆ, ਤਾਂ ਰਹਿੰਦੀ ਪੰਜ ਵਿਘੇ ਤੇ ਆਹ ਸਿਰ ਲੁਕੋਣ ਵਾਲੇ ਦੋ ਕੋਠੇ ਵੀ ਵੇਚ ਕੇ ਇਹਨੂੰ ਦੇ ਦਿਆਂਗਾ।"

"ਸੁਣਦੇ ਓ ਭਾਊ!" ਕੋਲੋਂ ਪਰਤਾਪੀ ਨੇ ਬੁਰਾ ਜੇਹਾ ਮੂੰਹ ਬਣਾਕੇ ਕਹਿਣਾ, "ਬੱਸ, ਰਾਤ ਦਿਨੇ ਏਸੇ ਤਰ੍ਹਾਂ ਵਾਅ-ਦੁਆਈਆਂ ਮਾਰੀ ਜਾਂਦਾ ਏ। ਡਮਾਕ ਹਿੱਲ ਗਿਆ ਸੁ। ਤੇ ਅਸੀਂ ਆਂ, ਤਾਂ ਦੋਵੇਂ ਮਾਂ-ਪੁੱਤ ਇਹਦੀ ਬਾਹੀ ਨਾਲ ਬੈਠੇ ਸੁੱਕ ਗਏ ਆਂ। ਸਰਵਣ ਵਚਾਰਾ ਨਾ ਦਿਨ ਵਿਹੰਦਾ ਏ, ਨਾ ਰਾਤ। ਹਰ ਵੇਲੇ ਕਸੂਰ ਸਿਆਣਿਆਂ ਵੱਲੇ ਤੁਰਿਆ ਰਹਿੰਦਾ ਏ। ਵੇਖੋ, ਦਵਾਈ ਦੀਆਂ ਸੀਸੀਆਂ ਭਰੀਆਂ ਪਈਆਂ ਨੇ। ਮੈਂ

ਤਾਂ ਡਾਢੀ ਈ ਤੰਗ ਆ ਗਈ ਆਂ। ਸੁਣਨ ਵਾਲੇ ਕੀ ਆਹੰਦੇ ਹੋਣਗੇ ? ਪਈ ਖਵਰੇ ਧੀ ਕੋਈ ਦੁਆ ਦਾਰੂ ਵੀ ਕਰਦੀ ਏ ਕਿ ਨਹੀਂ ? ਤੇ ਓਧਰ ਬਗਾਨਾ ਪੁੱਤ ਮੇਰੀ ਖੱਲ ਲੌਂਹਦਾ ਏ, ਅਖੇ ਤੂੰ ਮੇਰਾ ਘਰ ਉਜਾੜ ਦਿੱਤਾ ਏ, ਪਿਉ ਦੀ ਬਮਾਰੀ 'ਤੇ। ਦੱਸੋ, ਮੈਂ ਕਿਹੜੇ ਖੂਹ ਪਵਾਂ। ਮੈਂ ਤਾਂ ਦੋਵੇਂ ਵੇਲੇ ਹੱਥ ਜੋੜਦੀ ਰਹਿੰਦੀ ਆਂ, ਪਈ ਰੱਬ ਮੈਨੂੰ ਚੁੱਕ ਲਵੇ, ਤੇ ਇਹ ਬਚ ਜਾਵੇ।"

ਲੋਕ ਪਰਤਾਪੀ ਦੇ ਕਥਨ ਦੀ ਸੱਚਾਈ ਨੂੰ ਸਮਝਦੇ ਸਨ, ਪਰ ਮੂੰਹ 'ਤੇ ਹਰ ਕੋਈ 'ਹਾਹੋ, ਹਾਹੋ' ਕਰ ਛੱਡਦਾ। ਕੋਈ ਅੱਗੋਂ ਖਰੀ-ਖਰੀ ਕਹਿਣ ਦੀ ਲੋੜ ਨਾ ਸਮਝਦਾ। ਵਿਹੜਿਓਂ ਬਾਹਰ ਨਿਕਲ ਕੇ ਹਰ ਕੋਈ ਇਕੋ ਗੱਲ ਨੰਬਰਦਾਰ ਬਾਰੇ ਕਹਿੰਦਾ, "ਭਈ, ਕਿਸੇ ਸਿਰ ਕੀ ਦੋਸ਼ ? ਆਪਣੀਆਂ ਕਰਨੀਆਂ ਭਰਨੀਆਂ ਨੂੰ ਫੜਿਆ ਹੋਇਆ ਏ।"

ਜਿਸ ਨੰਬਰਦਾਰ ਨੂੰ ਸਾਰੀ ਉਮਰ ਕਿਸੇ 'ਤੇ ਤਰਸ ਨਹੀਂ ਸੀ ਆਇਆ, ਅੰਤ ਮੌਤ ਨੂੰ ਉਹਦੇ ਉੱਤੇ ਤਰਸ ਆ ਗਿਆ। ਤਿੰਨ ਦਿਨ ਬੇ-ਸੁਰਤ ਰਹਿਣ ਪਿੱਛੋਂ ਬੜੀ ਔਖਿਆਈ ਨਾਲ ਰੂਹ ਨੇ ਬੁੱਤ ਦਾ ਸਾਥ ਤਿਆਗਿਆ। ਪਰਤਾਪੀ ਤੇ ਸਰਵਣ ਨੇ ਅਸਮਾਨ ਸਿਰ 'ਤੇ ਚੁੱਕ ਲਿਆ। ਉਹਨਾਂ ਦੀਆਂ ਉੱਚੀਆਂ-ਉੱਚੀਆਂ ਧਾਂਹੀਂ ਨੇ ਸਾਰੇ ਪਿੰਡ ਵਿੱਚ ਖ਼ਬਰ ਕਰ ਦਿੱਤੀ। ਲੋਕਾ-ਚਾਰੀ ਸਾਰਾ ਪਿੰਡ ਕੱਠਾ ਹੋ ਗਿਆ।

ਪਰਤਾਪੀ ਨੇ ਮਰੇ ਹੋਏ ਪਿਉ ਦੇ ਮੂੰਹ ਨੂੰ ਸੱਜਰੀ ਮਖਣੀ ਲਾਈ, "ਨੀ, ਮੇਰਾ ਪਿਓ ਘਿਓ ਖਾਂਦਾ ਮਰ ਗਿਆ।" ਮੁੱਢ ਕਦੀਮਾਂ ਤੋਂ ਚਲਿਆ ਆ ਰਿਹਾ ਇਹ ਵੈਣ, ਉਹਨੇ ਅਮਲੀ ਤੌਰ 'ਤੇ ਸੱਚਾ ਕਰ ਦਿੱਤਾ। ਫਿਰ ਉਹਨੇ ਪਿਉ ਦੇ ਸਰ੍ਹਾਣੇ ਮੰਜਾ ਖਲਾ ਕਰਕੇ ਉੱਤੇ ਧੋਤੀ ਹੋਈ ਦੋਹਰ ਖਲਾਰ ਦਿੱਤੀ। "ਐਧਰੋਂ ਲੀੜਾ ਠੀਕ ਕਰੋ ਨੀ! ਮੇਰੇ ਬਾਪੂ ਨੂੰ ਧੁੱਪ ਨਾ ਲੱਗੇ। ਹਾਏ ਮੈਂ ਮਰਜਾਂ।" ਅੱਖਾਂ ਦੇ ਹੰਝੂਆਂ ਨਾਲੋਂ ਉਹ ਨੱਕ ਵਿੱਚੋਂ ਪਾਣੀ ਵਧੇਰੇ ਸੁਣਕ ਰਹੀ ਸੀ।

ਓਸੇ ਵੇਲੇ ਬਾਗਾ ਸਾਹੰਸੀ ਵਲਟੋਹੇ ਭਜਾਇਆ ਗਿਆ। ਦਿਨ ਢਲੇ ਕਿਤੇ ਪਰਤਾਪੀ ਦਾ ਮਾਲਕ ਆਇਆ, ਤਾਂ ਬਾਬੇ ਚੇਤ ਸਿੰਘ ਦੇ ਸਸਕਾਰ ਦੀ ਤਿਆਰੀ ਹੋਈ।

ਪਿੰਡ ਦੇ ਬਹੁਤ ਸਾਰੇ ਇਸਤਰੀਆਂ ਮਰਦ ਚੇਤ ਸਿੰਘ ਨੂੰ ਵਿਦਿਆ ਕਰਨ ਵਾਸਤੇ ਸਿਵਿਆਂ ਤੱਕ ਪਹੁੰਚੇ। ਸਿਵਿਆਂ ਦੇ ਅੱਧ ਵਿੱਚ ਪਹੁੰਚ ਕੇ ਕਾਨ੍ਹੀਆਂ ਦੇ ਮੋਢੇ ਬਦਲਣ ਵਾਸਤੇ ਅਰਥੀ ਭੋਇੰ 'ਤੇ ਧਰ ਦਿੱਤੀ। ਪਰਤਾਪੀ ਨੇ ਪਿਉ ਦੇ ਸਰ੍ਹਾਣੇ ਪਾਣੀ ਦੀ ਘੜੀ ਭੰਨੀ ਤੇ ਇਕ ਵਾਰ ਫਿਰ ਉਹਦੀ ਛਾਤੀ ਉੱਤੇ ਸਿਰ ਰੱਖ ਕੇ ਧਾਹੀਂ ਮਾਰੀਆਂ।

ਪੰਜ ਤੱਤ ਦੇ ਪੁਤਲੇ ਦਾ ਅੰਤ ਪੜਾਅ ਆ ਗਿਆ। ਨੰਬਰਦਾਰ ਦੀ ਅਰਥੀ

ਚਿਖਾ 'ਤੇ ਟਿਕਾ ਦਿੱਤੀ ਗਈ। ਪੁੱਤਰ ਦੀ ਥਾਂ ਪਰਤਾਪੀ ਨੇ ਪਿਉ ਦੀ ਚਿਖਾ ਨੂੰ ਲੰਬੂ ਲਾਇਆ। ਚੁਫੇਰਿਓਂ ਲੰਬਾਂ ਨੇ ਸਿਰ ਉੱਚੇ ਕੀਤੇ। ਲੋਕ ਅੱਗ ਦੇ ਸੇਕ ਤੋਂ ਬਚਣ ਵਾਸਤੇ ਜ਼ਰਾ ਪਸਿੱਤੇ ਹਟ ਗਏ। ਪਰ ਪਰਤਾਪੀ ਓਥੇ ਹੀ ਪਿਉ ਦੇ ਸਰ੍ਹਾਣੇ ਧੁੱਪੇ ਬਹਿ ਗਈ। ਉਹਦੀ ਸੰਭਾਲ ਵਾਸਤੇ ਉਹਦਾ ਮਾਲਕ ਤੇ ਸਰਵਣ ਵੀ ਕੋਲ ਖਲੋਤੇ ਰਹਿ ਗਏ। ਬਾਕੀ ਸਾਰੇ ਲੋਕ ਵੀਹਾਂ ਕੁ ਕਰਮਾਂ ਦੀ ਵਿੱਥ ਉੱਤੇ ਖਲੇ ਵਣਾਂ ਦੀ ਛਾਂਵੇਂ ਜਾ ਬੈਠੇ। ਇਸਤਰੀਆਂ ਜ਼ਰਾ ਹੋਰ ਪਸਿੱਤੀਆਂ ਹੋ ਕੇ ਬੇਰ ਦੀ ਛਾਂਵੇਂ ਜਾ ਬੈਠੀਆਂ।

"ਲੈ ਉ ਲੰਬਰਦਾਰਾ, ਅੱਜ ਮੁੱਕ ਗਏ ਈ ਸਾਰੇ ਦਾਹਵੇ। ਅਖੇ : ਕਾਹਨੂੰ ਕਰਦਾ ਏਂ ਮੇਰੀ ਮੇਰੀ, ਹੋਣਾ ਅੰਤ ਖਾਕ ਦੀ ਢੇਰੀ।" ਗਹਿਣੇ ਲੁਹਾਰ ਨੇ ਸਿਰ ਹਿਲਾ ਕੇ ਕਿਹਾ। ਉਹਦੇ ਮਨ 'ਤੇ ਉਹ ਸੁਭਾਵਕ ਅਸਰ ਸੀ, ਜੋ ਹਰ ਮ੍ਰਿਤਕ ਸਰੀਰ ਨਾਲ ਜਾਣ ਵਾਲਿਆਂ ਈਰਖਾ-ਰਹਿਤ ਬੰਦਿਆਂ ਦੇ ਦਿਲ 'ਤੇ ਹੁੰਦਾ ਹੈ।

"ਵਚਾਰਾ ਚੰਗਾ ਹੁੰਦਾ ਸੀ।" ਮਹੰਦੇ ਕੰਮਿਹਾਰ ਨੇ ਰਸਮੀ ਤੌਰ 'ਤੇ ਕਿਹਾ।

"ਕੋਈ ਅੰਤ ਏ ? ਤੇਰੇ ਬਰਖ਼ਲਾਫ਼ ਉਗਾਹੀ ਨਹੀਂ ਨਾ ਦਿੱਤੀ ਹੋਣੀ ਕੋਈ।" ਚੰਦਾ ਸਿੰਘ ਨੇ ਡਾਢੀ ਘ੍ਰਿਣਾ ਨਾਲ ਕਿਹਾ।

ਫਿਰ ਕੀ ਸੀ ? ਬੈਠੀ ਪਰ੍ਹੇ ਵਿੱਚ ਨੰਬਰਦਾਰ ਦੇ ਜੀਵਨ ਉੱਤੇ ਟੀਕਾ ਟਿੱਪਣੀ ਸ਼ੁਰੂ ਹੋ ਗਈ। ਨੰਬਰਦਾਰ ਦਾ ਆਪਣਾ ਵਿੱਚ ਕੋਈ ਨਹੀਂ ਸੀ। ਇਸ ਵਾਸਤੇ ਉਹ ਪੜਚੋਲ ਬੜੀ ਨਿਰਪੱਖ ਤੇ ਖਰੀ ਬੋਲੀ ਵਿੱਚ ਸੀ।

"ਸ਼ਰਾਬ ਭਾਵੇਂ ਰੱਤੋਕੀ ਫੜੀ ਜਾਏ, ਸਰਕਾਰੀ ਉਗਾਹ ਸਾਡਾ ਨੰਬਰਦਾਰ ਹੋਣਾ।" ਦੀਪੇ ਨੇ ਗੋਡਿਆਂ ਉਦਾਲੇ ਵਲਿਆ ਹੋਇਆ ਸਾਫਾ ਕੱਸਦਿਆਂ ਕਿਹਾ।

"ਭਈ, ਸਰਕਾਰ ਨੇ ਨੰਬਰਦਾਰ, ਸਫ਼ੈਦਪੋਸ਼ ਬਣਾਏ ਈ ਗਵਾਹੀਆਂ ਦੇਣ ਵਾਸਤੇ ਨੇ।" ਬਾਬੇ ਅਕਾਲੀ ਨੇ ਅੰਗਰੇਜ਼ੀ ਸਰਕਾਰ ਦੀ ਨੀਤੀ ਉੱਤੇ ਚਾਨਣ ਪਾਉਣ ਦੇ ਇਰਾਦੇ ਨਾਲ ਕਿਹਾ।

"ਬਾਬਾ 'ਕਾਲੀਆ! ਤੇਰੇ ਉੱਤੇ ਨੰਬਰਦਾਰ ਨੇ ਕਿੰਨੀ ਵਾਰ ਉਗਾਹੀ ਦਿੱਤੀ ਸੀ ?" ਦੀਪੇ ਨੇ ਬਾਬੇ ਅਕਾਲੀ ਤੋਂ ਗੱਲਾਂ ਸੁਣਨ ਦੀ ਇੱਛਿਆ ਨਾਲ ਕਿਹਾ।

"ਜਿੰਨੀ ਵਾਰ ਸਰਕਾਰ ਨੇ ਮੈਨੂੰ ਗ੍ਰਿਫ਼ਤਾਰ ਕੀਤਾ।" ਬਾਬੇ ਅਕਾਲੀ ਨੇ ਛੋਟਾ ਜਿਹਾ ਉੱਤਰ ਦਿੱਤਾ।

"ਅੰਞ ਈਂ। ਹੱਥ ਧੋ ਕੇ ਮਗਰ ਪੈ ਗਿਆ ਕਿ!" ਕੋਲੋਂ ਮਿਲਖਾ ਸਿੰਘ ਨੇ ਸੱਜੀ ਮੁੱਛ ਨੂੰ ਜ਼ਰਾ ਕੁ ਤਾਅ ਦੇਂਦਿਆਂ ਕਿਹਾ।

"ਭਈ, ਇਹ ਉਹਦਾ ਫ਼ਰਜ਼ ਸੀ। ਉਹ ਸਰਕਾਰ ਦਾ ਝੋਲੀ ਚੁੱਕ ਸੀ, ਤੇ ਅਸੀਂ ਸਰਕਾਰ ਦੇ ਬਾਗੀ। ਸਭ ਤੋਂ ਪਹਿਲਾਂ ਉਹਨੇ ਗ਼ਦਰ ਲਹਿਰ ਦੇ ਮੁਕੱਦਮੇ ਵਿੱਚ ਸਾਡੇ ਵਿਰੁੱਧ ਗਵਾਹੀ ਦਿੱਤੀ। ਇਕ ਮੇਰੇ ਖਲਾਫ਼ ਈ ਨਹੀਂ, ਹੋਰ ਵੀ ਕਈਆਂ ਦੇ, ਜਿੰਨ੍ਹਾਂ ਨੂੰ

ਉਹ ਜਾਣਦਾ ਤੱਕ ਨਹੀਂ ਸੀ, ਉਹਨਾਂ ਦੇ ਵਰੁੱਧ ਵੀ ਉਹਨੇ ਬਹੁਤ ਕੁਛ ਕਿਹਾ।"

"ਮਖ : ਉਗਾਹੀ ਬੜੀ ਠੋਕ ਕੇ ਦੇਂਦਾ ਸੀ।" ਚੰਦਾ ਸਿੰਘ ਨੇ ਥੋੜ੍ਹਾ ਜਿਹਾ ਅਗਾਂਹ ਨੂੰ ਉਲਰ ਕੇ ਕਿਹਾ।

"ਵੇਖੋ ਖਾਂ, ਜੀਹਨੂੰ ਹੱਥ ਲੱਗੇ ਹੋਏ ਨੇ।" ਦੀਪੇ ਨੇ ਥੋੜ੍ਹਾ ਥੋੜ੍ਹਾ ਮੁਸਕੜੀਆਂ 'ਚ ਹਸਦਿਆਂ ਕਿਹਾ।

"ਭਈ ਫੱਟਿਆ ਵੈਦ ਹੁੰਦਾ ਏ ਨਾ! ਛੇ ਮਹੀਨੇ ਸਰਕਾਰੀ ਲੰਗਰ 'ਚੋਂ ਖਾ ਕੇ ਆਏ ਸਾਂ।" ਚੰਦਾ ਸਿੰਘ ਨੂੰ ਲਾਹੌਰ ਸੈਂਟਰਲ ਜਿਹਲ ਯਾਦ ਆ ਗਈ।

ਚੰਦਾ ਸਿੰਘ ਦੇਸੀ ਸ਼ਰਾਬ ਕੱਢਣ ਦੇ ਦੋਸ਼ ਵਿੱਚ ਫੜਿਆ ਗਿਆ ਸੀ ਤੇ ਨੰਬਰਦਾਰ ਚੇਤ ਸਿੰਘ ਦੀ ਮੌਕੇ ਦੀ ਗਵਾਹੀ ਦੇ ਆਧਾਰ 'ਤੇ ਛੇ ਮਹੀਨੇ ਕੈਦ ਹੋ ਗਿਆ ਸੀ।

"ਉ ਯਾਰ! ਬਾਬੇ 'ਕਾਲੀ ਤੋਂ ਸੁਣਨ ਦਿਹੋ, ਕੋਈ ਅਸਰ ਵਾਲੀ ਗੱਲ।" ਸੱਜਣ ਸਿੰਘ ਨੇ ਚੰਦਾ ਸਿੰਘ ਤੇ ਦੀਪੇ ਨੂੰ ਚੁੱਪ ਰਹਿਣ ਵਾਸਤੇ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ। "ਹਾਂ ਫਿਰ ਬਾਬਾ! ਭਰਾਵਾਂ ਨਾਲ ਵੈਰ ਕਮਾਅ ਕੇ ਉਹਨੂੰ ਕੀ ਮਿਲਿਆ ?"

"ਮਿਲ ਗਿਆ ਹੋਊ ਕਿਸੇ ਅਬਸਰ ਕੋਲੋਂ ਗਿੱਦੜ-ਪਰਵਾਨਾ। ਹੋਰ ਕਿਤੇ ਮੁਰੱਬੇ ਮਿਲ ਜਾਣੇ ਸੀ ?" ਗਹਿਣੇ ਲੁਹਾਰ ਨੇ ਥੋੜ੍ਹਾ ਜਿਹਾ ਅੱਗੇ ਸਰਕਦਿਆਂ ਕਿਹਾ।

"ਮੁਰੱਬੇ ਵੀ ਉਹਨਾਂ ਕਿਹੜੇ ਵਲੈਤੋਂ ਲਿਆ ਕੇ ਦੇਣੇ ਸੀ ? ਬੱਸ, ਸਾਡਾ ਸਿਰ ਤੇ ਸਾਡੀਆਂ ਜੁੱਤੀਆਂ।" ਇਲਮ ਦੀਨ ਨੇ ਵੀ ਆਪਣੀ ਰਾਏ ਪੇਸ਼ ਕੀਤੀ। ਪਰ੍ਹੇ ਵਿੱਚ ਬੈਠਾ ਹਰ ਆਦਮੀ ਕੁਛ ਨਾ ਕੁਛ ਕਹਿਣ ਦਾ ਚਾਹਵਾਨ ਹੁੰਦਾ ਹੈ।

"ਉਹਨੂੰ ਮਿਲੀ ਸੀ ਡਿਪਟੀ ਕਮਿਸ਼ਨਰ ਵੱਲੋਂ ਨੇਕਨਾਮੀ ਦੀ ਚਿੱਠੀ। ਬੱਸ, ਏਨੇ ਨਾਲ ਈ ਉਹ ਭਰਾਵਾਂ ਤੋਂ ਵਧੇਰੇ ਦੂਰ ਹੋ ਗਿਆ।" ਬਾਬੇ ਅਕਾਲੀ ਦਾ ਵੀ ਰੌਂਅ ਬਣ ਗਿਆ ਸੀ ਗੱਲਾਂ ਕਰਨ ਦਾ।

"ਉਹਾ ਗੱਲ ਕਿ, ਆਹੰਦੇ ਹੁੰਦੇ ਨੇ : ਖੋਤੀ ਠਾਣਿਓਂ ਹੋ ਆਈ ਏ।" ਦੀਪਾ ਵਿੱਚੋਂ ਹੀ ਬੋਲ ਉੱਠਿਆ।

"ਉਹ ਚਿੱਠੀ ਕੀ ਮਿਲੀ, ਨੰਬਰਦਾਰ ਦਾ ਝੂਠੀਆਂ ਗਵਾਹੀਆਂ ਦੇਣ ਦਾ ਝਕ ਲਹਿ ਗਿਆ।" ਬਾਬੇ ਅਕਾਲੀ ਨੇ ਹੱਥ ਦੇ ਇਸ਼ਾਰੇ ਨਾਲ ਦੀਪੇ ਨੂੰ ਚੁੱਪ ਕਰਾਉਂਦਿਆਂ ਆਪਣੀ ਗੱਲ ਜਾਰੀ ਰੱਖੀ, "ਕੌਮੀ ਲਹਿਰਾਂ ਵਿੱਚ ਉਹਨੇ ਸਭ ਤੋਂ ਵਧੇਰੇ ਗਵਾਹੀਆਂ ਦਿੱਤੀਆਂ, ਖ਼ਾਸ ਕਰ ਗੁਰਦੁਆਰਾ ਲਹਿਰ ਵਿੱਚ। ਉਹ ਤਾਂ ਨਿਰੀ ਸਿੱਖਾਂ ਦੀ ਲਹਿਰ ਸੀ ਨਾ! ਪਰ ਸਾਡਾ ਨੰਬਰਦਾਰ ਤੇ ਸਿੱਖ ਸਫੇਦਪੋਸ਼ ਸਰਕਾਰੀ ਗਵਾਹਾਂ ਵਿੱਚ ਸਭ ਤੋਂ ਅੱਗੇ ਹੁੰਦੇ ਸਨ, ਸਗੋਂ ਅਜੇ ਜ਼ੈਲਦਾਰ ਨੇ ਕਿਸੇ ਦੀ ਡੈਰੀ ਨਹੀਂ ਸੀ ਦਿੱਤੀ।"

"ਉਹ ਅਜੇ ਮੁਸਲਮਾਨ ਸੀ।" ਉਮਰਦੀਨ ਨੇ ਮੁਸਲਮਾਨ ਜ਼ੈਲਦਾਰ ਦੀ ਦਿਲੋਂ ਤਾਰੀਫ਼ ਕਰਦਿਆਂ ਕਿਹਾ।

"ਮੁਸਲਮਾਨ ਜਾਂ ਸਿੱਖ ਦਾ ਸਵਾਲ ਨਹੀਂ, ਉਮਰ ਦੀਨਾ! ਇਹ ਤਾਂ ਦੇਸ਼ ਨਾਲ ਥੋੜ੍ਹਾ ਬਹੁਤ ਪਿਆਰ ਹੋਣ ਦੀ ਗੱਲ ਏ। ਜ਼ੈਲਦਾਰ ਚੰਗਾ ਬੰਦਾ ਸੀ, ਪਰ ਏਸ ਮਾਮਲੇ ਵਿੱਚ ਸਰਕਾਰ ਦੀ ਨੀਤੀ ਨੂੰ ਵੀ ਜ਼ਰਾ ਸਮਝਣ ਦੀ ਲੋੜ ਏ। ਸਰਕਾਰ—ਖ਼ਾਸ ਕਰ ਧਾਰਮਿਕ ਲਹਿਰਾਂ ਵਿੱਚ—ਕਿਸੇ ਜੱਥੇਬੰਦੀ ਦੇ ਵਰੁੱਧ, ਓਸੇ ਮਜ਼੍ਹਬ ਦੇ ਬੰਦਿਆਂ ਨੂੰ ਵਧੇਰੇ ਵਰਤਦੀ ਏ। ਸੋ ਗੁਰਦੁਆਰਾ ਲਹਿਰ ਵਿੱਚ ਵੀ ਏਸੇ ਚਾਲ ਨੂੰ ਮੁੱਖ ਰੱਖਿਆ ਗਿਆ। ਸਭ ਤੋਂ ਵਧੇਰੇ ਗੁਰਦੁਆਰਿਆਂ ਦੇ ਮਹੰਤਾਂ ਨੂੰ ਸਾਡੇ ਟਾਕਰੇ 'ਤੇ ਖੜ੍ਹਾ ਕੀਤਾ ਗਿਆ। ਸਰਕਾਰ ਸ਼ਹਿ ਨਾ ਦੇਂਦੀ, ਜਾਂ ਪ੍ਰੇਰ ਕੇ ਆਪ ਖਲਿਆਂ ਨਾ ਕਰਦੀ, ਤਾਂ ਏਨਾ ਕੁਛ ਨਾ ਹੁੰਦਾ। ਗੁਰਦੁਆਰਿਆਂ ਦੇ ਸੁਧਾਰ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਸੰਨ ਵੀਹ (ਪੰਦਰਾਂ ਨਵੰਬਰ) ਵਿੱਚ ਪੰਥ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਉਹਦਾ ਏਨਾ ਅਸਰ ਪਿਆ ਕਿ ਬਹੁਤ ਸਾਰੇ ਮਹੰਤਾਂ ਨੇ ਆਪਣੇ ਆਪ ਹੀ ਗੁਰਦੁਆਰੇ ਕਮੇਟੀ ਦੇ ਹਵਾਲੇ ਕਰ ਦਿੱਤੇ।

"ਬਾਬਾ, 'ਕਾਲੀਆ! ਪਰ ਇਹ ਮੋਰਚੇ ਲੱਗੇ ਕਿਉਂ ? ਪੁਰਾਣੇ ਮਹੰਤ ਵੀ ਪੰਥ ਨੇ ਈਂ ਥਾਪੇ ਸਨ।" ਸੱਜਣ ਸਿੰਘ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁੱਛਿਆ।

"ਪਹਿਲੇ ਮਹੰਤ ਹੁੰਦੇ ਵੀ ਚੰਗੇ ਸਨ। ਉਹ ਸਿਮਰਨ ਕਰਨਾ, ਸੰਗਤਾਂ ਦੀ ਸੇਵਾ ਕਰਨੀ ਤੇ ਸਿੱਖੀ ਦਾ ਪ੍ਰਚਾਰ ਕਰਨਾ ਆਪਣਾ ਧਰਮ ਸਮਝਦੇ ਸਨ। ਪਿੱਛੋਂ ਗੱਦੀਆਂ ਦੇ ਮਾਲਕ ਬਣਨ ਵਾਲੇ ਆਪਣੇ ਫ਼ਰਜ਼ਾਂ ਨੂੰ ਭੁੱਲ ਗਏ। ਪੂਜਾ ਦੇ ਧਾਨ ਨੇ ਉਹਨਾਂ ਦੀ ਮੱਤ ਮਾਰ ਲਈ। ਬਿਨਾਂ ਮਿਹਨਤ ਕੀਤਿਆਂ ਮਿਲੀ ਮਾਇਆ ਨੇ ਉਹਨਾਂ ਦੇ ਮਨ ਮਲੀਨ ਕਰ ਦਿੱਤੇ। ਕੋਈ ਮਹੰਤ ਕੁਕਰਮੀ ਹੋ ਗਏ। ਜਿਨ੍ਹਾਂ ਦਾ ਧਰਮ ਲੋਕਾਂ ਨੂੰ ਨੇਕੀ ਦਾ ਉਪਦੇਸ਼ ਦੇਣਾ ਸੀ, ਉਹ ਵਿਭਚਾਰੀ ਹੋ ਗਏ। ਫਿਰ ਉਹ ਦੇਸ਼-ਭਗਤਾਂ ਦੇ ਵਰੁੱਧ, ਸਰਕਾਰ ਦੀ ਮਦਦ ਕਰਨ ਲੱਗ ਪਏ। ਸਭ ਤੋਂ ਸਾਡੇ ਵੱਡੇ ਧਰਮ ਅਸਥਾਨ ਨਨਕਾਣਾ ਸਾਹਿਬ ਤੇ ਅੰਮ੍ਰਿਤਸਰ ਨੇ ਨਾ। ਗ਼ਦਰ ਪਾਰਟੀ ਦੇ ਸ਼ਹੀਦਾਂ ਨੂੰ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਪਤਤ ਹੋਣ ਦਾ ਫ਼ਤਵਾ ਦਿੱਤਾ। ਬਾਬੇ ਗੁਰਦਿੱਤ ਸਿੰਘ ਦੇ ਕਾਮਾਗਾਟਾ ਮਾਰੂ ਜਹਾਜ਼ ਦੇ ਲੋਕਾਂ ਦੀ ਵੀ ਪੁਜਾਰੀਆਂ ਨੇ ਨਖੇਧੀ ਕੀਤੀ। ਤੇ ਸਭ ਤੋਂ ਬੁਰੀ ਕਰਤੂਤ, ਦਰਬਾਰ ਸਾਹਿਬ ਦੇ ਸਰਬਰਾਹ ਤੇ ਪੁਜਾਰੀਆਂ ਨੇ, ਜੱਲ੍ਹਿਆਂ ਵਾਲੇ ਬਾਗ਼ ਵਿੱਚ ਗੋਲੀ ਚਲਾਉਣ ਵਾਲੇ ਜੈਨਰਲ ਡਾਇਰ ਨੂੰ ਦਰਬਾਰ ਸਾਹਿਬ ਬੁਲਾ ਕੇ ਸਿਰੋਪਾਉ ਦਿੱਤਾ।" ਕਹਿੰਦਿਆਂ-ਕਹਿੰਦਿਆਂ ਬਾਬੇ ਅਕਾਲੀ ਦਾ ਚਿਹਰਾ ਗ਼ੁੱਸੇ ਤੇ ਘਿਰਣਾ ਨਾਲ ਲਾਲ ਹੋ ਗਿਆ।

"ਹੱਤ-ਤੁਹਾਡੀ ਬੇੜੀ ਡੁੱਬੇ।" ਸੱਜਣ ਸਿੰਘ ਦੇ ਸ਼ਬਦਾਂ ਵਿੱਚ ਸਾਰੇ ਸਰੋਤਿਆਂ ਦੀ ਆਤਮਾ ਮਿਲੀ ਹੋਈ ਸੀ।

"ਦੱਸੋ, ਕੋਈ ਵੀ ਜਿਉਂਦੀ ਕੌਮ ਏਹੋ ਜੇਹੇ ਨੀਚਾਂ ਨੂੰ ਆਪਣੇ ਧਰਮ-ਮੰਦਰ ਕਿਵੇਂ ਸੌਂਪੀ ਰੱਖਦੀ ? ਸਮੁੱਚੀ ਸਿੱਖ ਸੰਗਤ ਦੀ ਬਰਦਾਸ਼ਤ ਤੋਂ ਗੱਲ ਅਗ੍ਹਾਂ ਲੰਘ ਗਈ ਸੀ। ਫਿਰ ਮਹੰਤ, ਸਿੱਖੀ ਦੇ ਕਿਸੇ ਨਿਯਮ ਦੀ ਵੀ ਪਾਲਣਾ ਨਹੀਂ ਸਨ ਕਰਦੇ। ਗੁਰੂ ਮਹਾਰਾਜ ਨੇ ਸਿੱਖਾਂ ਵਿੱਚੋਂ ਛੂਤ-ਛਾਤ ਦੂਰ ਕੀਤੀ ਸੀ ਤੇ ਪੁਜਾਰੀ ਛੂਤ-ਛਾਤ ਨੂੰ ਵਹਿਮੀ ਪੰਡਤਾਂ ਨਾਲੋਂ ਵੀ ਵਧੇਰੇ ਮੰਨਦੇ ਸਨ। ਅਛੂਤਾਂ ਵਿੱਚੋਂ ਸਜੇ ਸਿੰਘਾਂ ਦਾ ਚੜ੍ਹਾਵਾ—ਖ਼ਾਸ ਕਰ ਕੜਾਹ ਪ੍ਰਸਾਦ—ਪੁਜਾਰੀ ਦਰਬਾਰ ਸਾਹਿਬ ਵਿੱਚ ਪਰਵਾਨ ਨਹੀਂ ਸਨ ਕਰਦੇ। ਮਜ਼੍ਹਬੀ ਸਿੰਘਾਂ ਦਾ ਜੱਥਾ ਕੜਾਹ ਪ੍ਰਸਾਦ ਲੈ ਕੇ ਗਿਆ। ਉਹਨਾਂ ਦੇ ਨਾਲ ਪੰਥ ਦੇ ਉੱਘੇ ਆਗੂ ਵੀ ਸਨ। ਅਕਾਲ ਤਖ਼ਤ ਦੇ ਪੁਜਾਰੀ ਛੱਡ ਕੇ ਨੱਸ ਗਏ। ਸਿੰਘਾਂ ਨੇ ਅਕਾਲ ਤਖ਼ਤ 'ਤੇ ਕਬਜ਼ਾ ਕਰ ਲਿਆ ਤੇ ਮਜ਼੍ਹਬੀ ਸਿੰਘਾਂ ਦਾ ਲਿਆਂਦਾ ਪ੍ਰਸਾਦ ਅਰਦਾਸਾ ਕਰਕੇ ਵਰਤਾ ਦਿੱਤਾ। ਇਹ ਗੱਲ ਅਕਤੂਬਰ ਮਹੀਨੇ (12 ਤਾਰੀਖ਼) ਦੀ ਏ। ਇਸ ਤੋਂ ਮਹੀਨਾ ਕੁ ਪਿੱਛੋਂ ਪੰਥ ਦੇ ਚੋਣਵੇਂ ਸਿੱਖਾਂ ਤੇ ਸੰਗਤਾਂ ਨੇ ਰਲ ਕੇ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ। (ਪੰਦਰਾਂ-ਸੋਲਾਂ ਨਵੰਬਰ, 1920 ਈ.)। ਅਗਲੇ ਮਹੀਨੇ (14 ਦਸੰਬਰ) ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। ਏਥੋਂ ਗੁਰਦੁਆਰਾ ਲਹਿਰ ਸ਼ੁਰੂ ਹੋ ਗਈ।" ਪਲ ਦਾ ਪਲ ਬਾਬਾ ਅਕਾਲੀ ਸਾਹ ਲੈਣ ਵਾਸਤੇ ਖਲੋ ਗਿਆ।

ਸਭ ਸਰੋਤਿਆਂ ਦੀਆਂ ਅੱਖਾਂ ਬਾਬੇ ਅਕਾਲੀ ਦੇ ਚਿਹਰੇ 'ਤੇ ਟਿਕੀਆਂ ਹੋਈਆਂ ਸਨ। ਹੁੰਗਾਰੇ ਵਜੋਂ ਕੁਛ ਆਦਮੀ ਥੋੜ੍ਹੇ ਥੋੜ੍ਹੇ ਸਿਰ ਹਿਲਾ ਰਹੇ ਸਨ।

"ਅਸਲ ਵਿੱਚ...ਅਸਲ ਵਿੱਚ...ਅੰਗਰੇਜ਼ਾਂ ਦੇ ਵਰੁੱਧ ਸਿੱਖਾਂ ਵਿੱਚ ਇਕ ਅਥਾਹ ਜੋਸ਼ ਭਰਿਆ ਹੋਇਆ ਸੀ, ਜੋ ਏਸ ਬਹਾਨੇ ਫੁੱਟ ਨਿਕਲਿਆ। ਗ਼ਦਰ ਲਹਿਰ ਦੀਆਂ ਕੁਰਬਾਨੀਆਂ, ਤੇ ਮਾਰਸ਼ਲ-ਲਾ ਵੇਲੇ ਦੀਆਂ ਵਧੀਕੀਆਂ—ਖ਼ਾਸ ਕਰ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ—ਨੇ ਅੰਗਰੇਜ਼ੀ ਸਰਕਾਰ ਦੇ ਬਰਖ਼ਲਾਫ਼ ਸਿੱਖਾਂ ਦੇ ਅੰਦਰ ਕਹਿਰ ਦਾ ਗ਼ੁੱਸਾ ਭਰ ਦਿੱਤਾ ਸੀ। ਦੂੱਜੇ ਪਾਸੇ ਸਿੰਘ-ਸਭਾ ਲਹਿਰ ਨੇ ਸਿੱਖਾਂ ਵਿੱਚ ਧਾਰਮਕ ਤੇ ਭਾਈਚਾਰਕ ਸੂਝ-ਬੂਝ ਪੈਦਾ ਕਰ ਦਿੱਤੀ ਸੀ। ਇਸ ਸਾਰੇ ਕੱਠੇ ਹੋਏ ਜੋਸ਼ ਦਾ ਝੁਕਾਉ ਗੁਰਦੁਆਰਾ ਸੁਧਾਰ ਵੱਲ ਹੋ ਗਿਆ। ਅਕਾਲੀ ਦਲ ਬਣੇ ਨੂੰ ਮਹੀਨਾ ਕੁ ਈ ਹੋਇਆ ਸੀ, ਜਾਂ ਤਰਨਤਾਰਨ ਦਾ ਸਾਕਾ ਹੋ ਗਿਆ। ਕੁਛ ਗੁਰਦੁਆਰੇ, ਜਿਵੇਂ ਬਾਬੇ ਦੀ ਬੇਰ ਸਿਆਲਕੋਟ ਤੇ ਪੰਜਾ ਸਾਹਿਬ ਆਦਿ ਸਿੱਖਾਂ ਦੇ ਕਬਜ਼ੇ ਵਿੱਚ ਆ ਚੁੱਕੇ ਸਨ। ਅਕਾਲੀ ਦਲ ਦਾ ਭੇਜਿਆ ਇਕ ਜੱਥਾ ਜੱਥੇਦਾਰ ਤੇਜਾ ਸਿੰਘ ਭੁੱਚਰ ਦੀ ਜੱਥੇਦਾਰੀ ਵਿੱਚ ਤਰਨਤਾਰਨ ਦੇ ਸੁਧਾਰ ਵਾਸਤੇ ਆਇਆ (25 ਜਨਵਰੀ 1921)। ਤਰਨਤਾਰਨ ਦੇ ਪੁਜਾਰੀਆਂ ਨੂੰ ਸਰਕਾਰ ਦੀ ਪੂਰੀ ਸ਼ਹਿ ਸੀ। ਉਹ ਕੁਛ ਦਿਨ

ਪਹਿਲਾਂ ਲਾਹੌਰ ਦੇ ਅੰਗਰੇਜ਼ ਕਮਿਸ਼ਨਰ ਮਿਸਟਰ ਕਿੰਗ ਨੂੰ ਮਿਲੇ ਸਨ। ਕਿੰਗ ਨੇ ਪੁਜਾਰੀਆਂ ਨੂੰ ਅਕਾਲੀਆਂ ਦੇ ਵਰੁੱਧ ਖ਼ੂਬ ਭੜਕਾਇਆ ਤੇ ਵਾਹਦਾ ਕੀਤਾ ਕਿ ਲੋੜ ਪਈ 'ਤੇ ਸਰਕਾਰ ਤੁਹਾਡੀ ਮਦਦ ਕਰੇਗੀ। ਏਸ ਚੁੱਕ ਵਿੱਚ ਆ ਕੇ ਪੁਜਾਰੀ ਬੜੇ ਆਕੜੇ ਹੋਏ ਸਨ। ਇਕ ਪਾਸੇ ਤਾਂ ਉਹਨਾਂ ਜਥੇਦਾਰ ਭੁੱਚਰ ਨਾਲ ਸੁਲ੍ਹਾ ਦੀ ਗੱਲ-ਬਾਤ ਸ਼ੁਰੂ ਕਰ ਦਿੱਤੀ ਤੇ ਦੂਜੇ ਪਾਸੇ ਹਮਲੇ ਦੀ ਤਿਆਰੀ ਵਿੱਚ ਜੁੱਟ ਗਏ। ਸਾਰਾ ਦਿਨ ਗੱਲ-ਬਾਤ ਚਲਦੀ ਰਹੀ। ਸ਼ਾਮ ਨੂੰ ਪੁਜਾਰੀਆਂ ਜ਼ਬਾਨੀ ਜ਼ਬਾਨੀ ਮੰਨ ਲਿਆ ਕਿ ਸਾਨੂੰ ਪੰਥ ਦੀਆਂ ਸਭ ਸ਼ਰਤਾਂ ਪਰਵਾਨ ਹਨ। ਏਸ ਖ਼ੁਸ਼ੀ ਵਿੱਚ ਦੀਵਾਨ ਸਜ ਗਿਆ, ਤੇ ਅਕਾਲੀ ਜੱਥੇ ਦੇ ਸਿੰਘ ਜ਼ਰਾ ਅਵੇਸਲੇ ਹੋ ਗਏ। ਤਾਹੀਏਂ ਖ਼ਬਰ, ਜਾਂ ਪੁਜਾਰੀਆਂ ਨੇ ਨਾਲ ਦੇ ਬੁੰਗੇ ਤੋਂ ਦੀਵਾਨ ਵਿੱਚ ਤਿੰਨ-ਚਾਰ ਗੋਲੇ ਸੁੱਟ ਦਿੱਤੇ, ਜਿੰਨ੍ਹਾਂ ਨਾਲ ਕੇਈ ਸਿੰਘ ਫੱਟੜ ਹੋ ਗਏ। ਸੰਗਤ ਵਿੱਚ ਗੜਬੜ ਮੱਚ ਗਈ। ਉਤੋਂ ਪੁਜਾਰੀਆਂ ਨੇ ਇੱਟਾਂ ਰੋੜਿਆਂ ਦਾ ਮੀਂਹ ਵਰ੍ਹੌਣਾ ਸ਼ੁਰੂ ਕਰ ਦਿੱਤਾ। ਕੁਛ ਪੁਜਾਰੀ, ਜੋ ਦਰਬਾਰ ਸਾਹਿਬ ਵਿੱਚ ਬੈਠੇ ਸਨ, ਛਵ੍ਹੀਆਂ ਗੰਡਾਸੇ ਲੈ ਕੇ ਪੈ ਗਏ। ਪਲਾਂ ਵਿੱਚ ਸਾਰੇ ਲਹੂ ਦੇ ਘਾਣ ਮੱਚ ਗਏ। ਦੋ ਸਿੰਘ ਸ. ਹਜ਼ਾਰਾ ਸਿੰਘ ਤੇ ਹੁਕਮ ਸਿੰਘ ਸ਼ਹੀਦ ਹੋ ਗਏ, ਤੇ ਸਤਾਰਾਂ ਹੋਰ ਸਖ਼ਤ ਜ਼ਖ਼ਮੀ ਹੋਏ। ਛੋਟੀਆਂ ਮੋਟੀਆਂ ਸੱਟਾਂ ਤਾਂ ਕੇਈਆਂ ਨੂੰ ਲੱਗੀਆਂ। ਏਨੀ ਕੁਰਬਾਨੀ ਦੇ ਕੇ ਪੰਥ ਨੇ ਗੁਰਦੁਆਰਾ ਤਰਨਤਾਰਨ ਸਾਹਿਬ ਉੱਤੇ ਕਬਜ਼ਾ ਕੀਤਾ।"

"ਫਿਰ ਜਾਣਦੇ ਓ, ਕੁਰਬਾਨੀ ਬਿਨਾਂ ਤਾਂ ਕੁਛ ਨਹੀਂ ਨਾ ਬਣਦਾ।" ਕੋਲੋਂ ਗਹਿਣੇ ਲੁਹਾਰ ਨੇ ਸ਼ਰਧਾ ਨਾਲ ਸਿਰ ਹਿਲਾਉਂਦਿਆਂ ਕਿਹਾ।

"ਏਸ ਘਟਨਾ ਨਾਲ ਸਿੱਖਾਂ ਵਿੱਚ ਜੋਸ਼ ਹੋਰ ਵਧ ਗਿਆ ਤੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਤਾਂ ਬਲਦੀ 'ਤੇ ਤੇਲ ਪਾ ਕੇ ਭਾਂਬੜ ਮਚਾ ਦਿੱਤੇ।"

"ਉਹ ਵੀ ਸਾਕਾ ਓਦੋਂ-ਕੁ ਈ ਹੋਇਆ ਸੀ ਸ਼ੈਦ।" ਸੱਜਣ ਸਿੰਘ ਨੇ ਯਾਦ ਸ਼ਕਤੀ 'ਤੇ ਜ਼ੋਰ ਦੇਂਦਿਆਂ ਕਿਹਾ।

"ਮਸ੍ਹਾਂ ਵੀਹ-ਪੰਝੀ ਦਿਨ ਪਿੱਛੋਂ।" ਬਾਬੇ ਅਕਾਲੀ ਨੇ ਟੁੱਟੀ ਲੜੀ ਫਿਰ ਸ਼ੁਰੂ ਕਰ ਦਿੱਤੀ, "ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਸਾਰੇ ਪੁਜਾਰੀਆਂ ਵਿੱਚੋਂ ਵੱਡਾ ਮੰਨਿਆ ਜਾਂਦਾ ਸੀ। ਉਹ ਆਪਣੇ ਆਪ ਨੂੰ 'ਸਿਰੀ ਮਹੰਤ' ਅਖਵੌਂਦਾ ਸੀ। ਨਨਕਾਣਾ ਸਾਹਿਬ ਦੀ ਆਮਦਨ ਸਾਰੇ ਗੁਰਦੁਆਰਿਆਂ ਨਾਲੋਂ ਬਹੁਤੀ ਸੀ। ਸੋ, ਜੀਹਦੇ ਕੋਲ ਮਾਇਆ ਵਧੇਰੇ, ਓਹੋ ਸਿਰੀ ਮਹੰਤ। ਉਹਦੀਆਂ ਬਦਮਾਸ਼ੀਆਂ ਸਭ ਹੱਦਾਂ ਬੰਨੇ ਟੱਪ ਗਈਆਂ। ਇਕ ਵਾਰ ਉਹਨੇ ਗੁਰਦੁਆਰੇ ਦੇ ਬੂਹੇ ਅੱਗੇ ਵੇਸਵਾ ਨਚਾਈਆਂ। ਜੜ੍ਹਾਂ ਵਾਲੇ ਦੀਆਂ ਛੇ ਬੀਬੀਆਂ ਮੱਥਾ ਟੇਕਣ ਆਈਆਂ ਦੀ ਉਹਦੇ ਮੁਸ਼ਟੰਡੇ ਚੇਲਿਆਂ ਨੇ ਪਤ ਲੁੱਟੀ। ਇਕ ਸਿੰਧੀ ਸਿੱਖ ਦੀ ਕੁਆਰੀ ਕੰਨਿਆਂ ਦਾ

ਗੁਰਦੁਆਰੇ ਵਿੱਚ ਸਤ ਭੰਗ ਕੀਤਾ ਗਿਆ। ਆਪ ਉਹਨੇ ਮਰਾਸਣ ਘਰ ਪਾ ਲਈ।"

"ਤੋਬਾ! ਅੱਲਾਹ ਦੇ ਘਰ ਵਿੱਚ ਸ਼ੈਤਾਨ।" ਗਹਿਣੇ ਲੁਹਾਰ ਨੇ ਦੋਹਾਂ ਹੱਥਾਂ ਨਾਲ ਕੰਨ ਫੜਦਿਆਂ ਕਿਹਾ।

"ਕਿਸੇ ਨੇ ਉਹਨੂੰ ਲਾਹਿਆ ਨਾ ?" ਦੀਪੇ ਦੀਆਂ ਭਵਾਂ ਗੁੱਸੇ ਨਾਲ ਤਣੀਆਂ ਹੋਈਆਂ ਸਨ।

"ਬੱਚੂ! ਪਾਪ ਦਾ ਬੇੜਾ ਭਰ ਕੇ ਈ ਡੁੱਬਦਾ ਏ।" ਬਾਬੇ ਅਕਾਲੀ ਨੇ ਦੀਪੇ ਵੱਲ ਵਿਹੰਦਿਆਂ ਕਿਹਾ, "ਤੇ ਸ਼ਹੀਦੀ ਸਾਕੇ ਨਾਲ ਉਹ ਬੇੜਾ ਭਰ ਗਿਆ। ਹਰ ਥਾਂ ਸਿੰਘਾਂ ਵਿੱਚ ਅਥਾਹ ਜੋਸ਼ ਸੀ। ਕੁਛ ਚੋਣਵੇਂ ਸਿੱਖਾਂ ਨੇ ਨਨਕਾਣਾ ਸਾਹਿਬ ਦੇ ਸੁਧਾਰ ਦਾ ਬੀੜਾ ਚੁੱਕਿਆ। ਫੱਗਣ ਦਾ ਪਹਿਲਾ ਪੱਖ ਹੀ ਸੀ। ਭਾਈ ਲਛਮਣ ਸਿੰਘ, ਤੇਜਾ ਸਿੰਘ ਸਮੁੰਦਰੀ, ਕਰਤਾਰ ਸਿੰਘ ਝੱਬਰ ਆਦਿ ਲਾਇਲਪੁਰ ਗੁਰਦੁਆਰੇ ਵਿੱਚ ਕੱਠੇ ਹੋਏ। ਉਹਨਾਂ ਨੇ ਵੱਖੋ-ਵੱਖ ਥਾਂਵਾਂ ਤੋਂ ਤਿੰਨ ਜੱਥੇ ਨਨਕਾਣਾ ਸਾਹਿਬ ਭੇਜਣ ਦਾ ਫ਼ੈਸਲਾ ਕੀਤਾ। ਦਿਨ ਦਸ ਫੱਗਣ ਦਾ ਪੱਕਾ ਹੋਇਆ। ਪਿੱਛੋਂ ਕੁਛ ਕਾਰਨਾਂ ਕਰਕੇ ਪ੍ਰਬੰਧਕਾਂ ਵੱਲੋਂ ਉਹ ਤਰੀਕ ਬਦਲ ਦਿੱਤੀ ਗਈ। ਦੋ ਜੱਥਿਆਂ ਨੂੰ ਉਸ ਤਬਦੀਲੀ ਦੀ ਖ਼ਬਰ ਮਿਲ ਗਈ, ਪਰ ਜੱਥੇਦਾਰ ਲਛਮਣ ਸਿੰਘ ਨੂੰ ਨਾ ਮਿਲੀ। ਉਹ ਆਪਣਾ ਜੱਥਾ ਲੈ ਕੇ ਧਾਰੋਵਾਲ ਤੋਂ ਤੁਰ ਪਿਆ। ਦਸ ਫੱਗਣ (20 ਫਰਵਰੀ 1921 ਈ.) ਨੂੰ ਸਵੇਰੇ ਹੀ ਜੱਥਾ ਗੁਰਦੁਆਰਾ ਜਨਮ-ਅਸਥਾਨ ਜਾ ਪੁੱਜਾ। ਮੱਥਾ ਟੇਕ ਕੇ ਜੱਥੇਦਾਰ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਹਿ ਗਿਆ ਤੇ ਬਾਕੀ ਸਿੰਘ ਕੁਛ ਪ੍ਰਕਾਸ਼ ਅਸਥਾਨ ਦੀ ਕੋਠੜੀ ਦੇ ਅੰਦਰ ਤੇ ਕੁਛ ਬਾਹਰ ਬਰਾਂਡੇ ਵਿੱਚ ਸਜ ਗਏ। ਸਿੰਘ ਰਲ ਕੇ ਸ਼ਬਦ ਪੜ੍ਹਨ ਲੱਗ ਪਏ। ਓਸੇ ਵੇਲੇ ਮਹੰਤ ਨਰੈਣ ਦਾਸ ਆਪਣੇ ਬੰਦੇ ਲੈ ਕੇ ਆ ਗਿਆ। ਉਹਨਾਂ ਔਂਦਿਆਂ ਕੰਧਾਂ ਤੋਂ ਗੋਲੀਆਂ ਦੀ ਵਰਖਾ ਸ਼ੁਰੂ ਕਰ ਦਿੱਤੀ। ਸਿੰਘ ਓਵੇਂ ਚੌਂਕੜੇ ਮਾਰ ਕੇ ਸ਼ਾਂਤ ਬੈਠੇ ਰਹੇ। ਬਾਹਰਲੇ ਸਿੰਘ ਫੱਟੜ ਹੋ ਕੇ ਡਿੱਗ ਪਏ, ਤਾਂ ਮਹੰਤ ਦੇ ਬੰਦੇ ਕੰਧਾਂ ਤੋਂ ਹੇਠਾਂ ਉਤਰ ਕੇ ਵਿਹੜੇ ਵਿੱਚ ਆ ਗਏ। ਪ੍ਰਕਾਸ਼-ਅਸਥਾਨ ਦਾ ਬੂਹਾ ਤੋੜ ਕੇ ਉਹਨਾਂ ਅੰਦਰ ਗੋਲੀਆਂ ਵਰ੍ਹਾਈਆਂ। ਤਿੰਨ ਗੋਲੀਆਂ ਗੁਰੂ ਗ੍ਰੰਥ ਸਾਹਿਬ ਦੀ ਦੇਹ ਵਿੱਚ ਲੱਗੀਆਂ ਤੇ ਚੌਥੀ ਜੱਥੇਦਾਰ ਲਛਮਣ ਸਿੰਘ ਦੀ ਹਿੱਕ ਵਿੱਚ।"

"ਹੇ ਪ੍ਰਮਾਤਮਾ! ਬਸ਼ਕ ਲਵੀਂ।" ਸਰੋਤਿਆਂ ਵਿੱਚੋਂ ਇਕ ਦਰਦ ਭਰੀ ਹੂਕ ਉਠੀ।

"ਜੱਥੇਦਾਰ ਦੇ ਹੁਕਮ ਨਾਲ ਸਿੰਘਾਂ ਨੇ ਅੰਦਰੋਂ ਬੂਹਾ ਖੁਹਲ ਦਿੱਤਾ, ਜੋ ਪਹਿਲੀ ਗੋਲੀ ਦੀ ਵਾਜ ਸੁਣ ਕੇ ਉਹਨਾਂ ਬੰਦ ਕਰ ਲਿਆ ਸੀ। ਬੂਹੇ ਵਿੱਚ ਖਲੋ ਕੇ ਪਾਪੀਆਂ ਨੇ ਅੰਦਰ ਬੈਠੇ ਸਾਰੇ ਸਿੰਘ ਗੋਲੀਆਂ ਨਾਲ ਭੁੰਨ ਦਿੱਤੇ। ਸਾਰੇ ਦੇ ਸਾਰੇ ਹੀ ਫੱਟੜ ਹੋ

ਕੇ ਡਿੱਗ ਪਏ, ਤਾਂ ਫਿਰ ਹੱਤਿਆਰੇ ਛਵ੍ਹੀਆਂ ਗੰਡਾਸੇ ਤੇ ਟੋਕੇ ਫੜ ਕੇ ਟੁੱਟ ਪਏ। ਇਕ ਸੱਤਾਂ ਅੱਠਾਂ ਵਰ੍ਹਿਆਂ ਦਾ ਬੱਚਾ ਡਰਦਾ ਗੁਰੂ ਮਹਾਰਾਜ ਦੇ ਹੇਠਾਂ ਲੁਕ ਗਿਆ ਸੀ। ਕਸਾਈਆਂ ਨੇ ਉਹਨੂੰ ਕੇਸਾਂ ਤੋਂ ਫੜ ਕੇ ਧੂਹ ਲਿਆ ਤੇ ਓਥੇ ਈ ਟੋਕੇ ਨਾਲ ਕੀਮੀਆਂ ਕਰ ਸੁੱਟਿਆ।"

"ਹੋਇ! ਤੁਹਾਨੂੰ ਗੁਰੂ ਦੀ ਮਾਰ, ਦੁਸ਼ਟੋ!" ਕਿਸੇ ਭਰੇ ਹੋਏ ਗਲੇ ਦੀ ਵਾਜ ਆਈ।

"ਪਰਕਰਮਾ ਵਿੱਚ ਇਕ ਜੰਡ ਹੁੰਦਾ ਸੀ। ਅਜੇ ਵੀ ਉਹ ਖਲਾ ਹੈ। ਜਥੇਦਾਰ ਲਛਮਣ ਸਿੰਘ ਜਿਊਂਦੇ ਨੂੰ ਉਹਦੇ ਨਾਲ ਪੁੱਠਾ ਲਟਕਾ ਕੇ, ਤੇਲ ਪਾ ਕੇ ਅੱਗ ਲਾ ਦਿੱਤੀ।"

"ਅਖ਼ੀਰ ਹੋ ਗਈ।"

"ਬਾਕੀ ਦੇ ਫੱਟੜਾਂ ਦੇ ਛੋਟੇ-ਛੋਟੇ ਟੋਟੇ ਕਰਕੇ ਓਥੇ ਈ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਸਮਝੋ, ਗੁਰੂ ਮਹਾਰਾਜ ਦੀ ਗੋਦ ਮੱਚਣ ਲੱਗ ਪਈ। ਦਲੀਪ ਸਿੰਘ ਉਸ ਵੇਲੇ ਕਿਸੇ ਮਿੱਤਰ ਦੇ ਘਰ ਬੈਠਾ ਚਾਹ ਪਾਣੀ ਛਕ ਰਿਹਾ ਸੀ। ਬੰਦੂਕ ਦੀ ਵਾਜ ਸੁਣ ਕੇ ਉਹ ਵੀ ਗੁਰਦੁਆਰੇ ਵੱਲ ਭੱਜ ਉੱਠਿਆ। ਉਹ ਮਹੰਤ ਦਾ ਚੰਗਾ ਜਾਣੂ ਸੀ। ਉਹ ਦਰਸ਼ਨੀ ਡਿਉਢੀ ਦੇ ਨੇੜੇ ਪੁੱਜਾ, ਤਾਂ ਅੱਗੋਂ ਘੋੜੇ 'ਤੇ ਅਸਵਾਰ ਮਹੰਤ ਨਰੈਣ ਦਾਸ ਦਿੱਸਿਆ। ਮਹੰਤ ਆਪਣੇ ਚੇਲੇ ਚਾਟੜਿਆਂ ਨੂੰ ਹਲਾ-ਸ਼ੇਰੀ ਦੇ ਰਿਹਾ ਸੀ, 'ਸਭ ਨੂੰ ਫੂਕ ਦਿਹੋ। ਕੋਈ ਖੁਰਾ ਖੋਜ ਬਾਕੀ ਨਾ ਰਹੇ।' ਦਲੀਪ ਸਿੰਘ ਸਭ ਕੁਛ ਸਮਝ ਗਿਆ ਸੀ। ਜਾਣੂ ਹੋਣ ਦੇ ਮਾਣ 'ਤੇ ਉਹਨੇ ਨੇੜੇ ਪਹੁੰਚ ਕੇ ਜ਼ਰਾ ਨਿਹੋਰੇ ਨਾਲ ਕਿਹਾ, 'ਮਹੰਤ ਜੀ! ਇਹ ਕੀ ਕੀਤਾ ਜੇ ? ਵਾਸਤਾ ਜੇ ਗੁਰੂ ਦਾ, ਇਹ ਕਤਲਾਮ ਬੰਦ ਕਰ ਦਿਹੋ।' ਉਸ ਦੀ ਸਲਾਹ ਮੰਨਣ ਦੀ ਥਾਂ ਮਹੰਤ ਅੱਗੋਂ ਕੜਕ ਕੇ ਬੋਲਿਆ, 'ਦਲੀਪ ਸਿੰਘਾ! ਅੱਜ ਇਕ ਵੀ ਸਿੰਘ ਜਿਊਂਦਾ ਨਹੀਂ ਛੱਡਿਆ ਜਾਵੇਗਾ। ਤੂੰ ਵੀ ਗੁਰੂ ਕਾ ਸਿੰਘ ਹੈਂ। ਸੋ ਇਹ ਤੇਰਾ ਹਿੱਸਾ ਹੈ।' ਇਹ ਕਹਿੰਦਿਆਂ ਮਹੰਤ ਨੇ ਆਪ ਗੋਲੀ ਮਾਰੀ। ਦਲੀਪ ਸਿੰਘ ਘਾਇਲ ਹੋ ਕੇ ਓਥੇ ਹੀ ਡਿੱਗ ਪਿਆ। ਉਸ ਵੇਲੇ ਉਹਦੇ ਮੂੰਹੋਂ 'ਵਾਹਿਗੁਰੂ ਵਾਹਿਗੁਰੂ' ਦੀ ਵਾਜ ਆ ਰਹੀ ਸੀ। ਉਹਨੂੰ ਜਿਊਂਦੇ ਨੂੰ ਲਾਗੇ ਬਲ ਰਹੀ ਭੱਠੀ ਵਿੱਚ ਸੁੱਟ ਦਿੱਤਾ।"

"ਬਾਬਾ 'ਕਾਲੀਆ! ਕੀ ਏਨਾ ਜ਼ੁਲਮ ਕਰਨ ਵਾਲਿਆਂ ਨੂੰ ਰੱਬ ਨਹੀਂ ਪੁੱਛੇਗਾ ?" ਸੱਜਣ ਸਿੰਘ ਨੇ ਅੰਦਰ ਦੀ ਹਵਾੜ੍ਹ ਕੱਢੀ।

"ਪੁੱਛੇਗਾ ਕਿਉਂ ਨਹੀਂ ? ਓਥੇ ਹਰ ਇਕ ਨੂੰ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਸੁਣੋ। ਸਿੰਘ ਸ਼ਹੀਦੀਆਂ ਪ੍ਰਾਪਤ ਕਰਕੇ ਗੁਰਦੁਆਰਾ ਅਜ਼ਾਦ ਕਰਾ ਗਏ।"

"ਕਿੰਨੇ ਸਿੰਘ ਸ਼ਹੀਦ ਹੋਏ ਸਨ ?" ਖੱਬੇ ਹੱਥ ਬੈਠੇ ਮੱਖਣ ਸਿੰਘ ਨੇ ਪੁੱਛਿਆ।

"ਠੀਕ-ਠੀਕ ਕੋਈ ਪਤਾ ਨਹੀਂ। ਕੋਈ ਕਿੰਨੇ ਦੱਸਦਾ ਏ, ਕੋਈ ਕਿੰਨੇ। ਘੱਟ ਤੋਂ ਘੱਟ ਛਿਆਸੀ ਤੇ ਵੱਧ ਤੋਂ ਵੱਧ ਦੋ ਸੌ ਸੁਣੇ ਜਾਂਦੇ ਨੇ। ਸਰਕਾਰ ਨੇ ਇਕ ਸੌ ਤੀਹ ਮੰਨੇ ਸਨ। ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਓਸੇ ਵੇਲੇ ਲਾਹੌਰ, ਅੰਮ੍ਰਿਤਸਰ, ਲਾਇਲਪੁਰ ਤਾਰਾਂ ਖੜਕ ਗਈਆਂ। ਓਸੇ ਦਿਨ ਸ਼ਾਮ ਨੂੰ ਡਿਪਟੀ ਕਮਿਸ਼ਨਰ ਨਨਕਾਣਾ ਸਾਹਿਬ ਪਹੁੰਚ ਗਿਆ। ਅਗਲੇ ਦਿਨ ਕਮਿਸ਼ਨਰ ਲਾਹੌਰ ਕਿੰਗ ਤੇ ਬਹੁਤ ਸਾਰੇ ਮੁੱਖੀ ਸਿੱਖ ਵੀ ਪੁੱਜ ਗਏ। ਕਰਤਾਰ ਸਿੰਘ ਝੱਬਰ ਦਾ ਜੱਥਾ ਤੇ ਹੋਰ ਹਜ਼ਾਰਾਂ ਸਿੱਖ ਕੱਠੇ ਹੋ ਗਏ। ਅੱਧ-ਸੜੀਆਂ ਲਾਸ਼ਾਂ ਅਜੇ ਓਵੇਂ ਪਈਆਂ ਸਨ। ਸਿੰਘ ਬੜੇ ਜੋਸ਼ ਵਿੱਚ ਸਨ। ਲੋਕ ਮੂੰਹ 'ਤੇ ਕਹਿ ਰਹੇ ਸਨ, 'ਇਹ ਕਾਰਾ ਕਿੰਗ ਦੀ ਸ਼ਹਿ 'ਤੇ ਹੋਇਆ ਹੈ। ਮਹੰਤ ਦੀ ਏਨੀ ਹਿੰਮਤ ਨਹੀਂ ਸੀ।' ਮਿਸਟਰ ਕਿੰਗ ਦੇ ਵਰੁੱਧ ਰੋਸ ਵਧ ਰਿਹਾ ਸੀ। ਉਹ ਡੇਢ ਸੌ ਬੰਦੂਕਾਂ ਵਾਲੇ ਜੁਆਨ ਲੈ ਕੇ ਗੁਰਦੁਆਰੇ ਦਾ ਬੂਹਾ ਮੱਲੀ ਖਲਾ ਸੀ। ਵਿੱਚੋਂ ਕੁਛ ਸਿਆਣੇ ਤੇ ਸਰਕਾਰ ਨਾਲ ਸੰਬੰਧ ਰੱਖਣ ਵਾਲੇ ਸੱਜਣਾਂ ਨੇ ਕਿੰਗ ਨੂੰ ਸਮਝਾਇਆ ਕਿ ਲੋਕਾਂ ਦਾ ਜੋਸ਼ ਠੰਢਾ ਕਰਨ ਵਾਸਤੇ ਉਹ ਗੁਰਦੁਆਰਾ ਸਿੱਖਾਂ ਦੇ ਹਵਾਲੇ ਕਰ ਦੇਵੇ। ਵਿਗੜ ਰਹੀ ਹਾਲਤ ਨੂੰ ਜਾਂਚ ਕੇ ਕਿੰਗ ਨੇ ਅਕਲ ਤੋਂ ਕੰਮ ਲਿਆ ਤੇ ਗੁਰਦੁਆਰੇ ਦੀਆਂ ਚਾਬੀਆਂ ਸ. ਹਰਬੰਸ ਸਿੰਘ ਅਟਾਰੀ ਦੇ ਹਵਾਲੇ ਕਰ ਦਿੱਤੀਆਂ। ਆਪਣੇ ਸਪਾਹੀਆਂ ਨੂੰ ਵੀ ਉਹਨੇ ਇਕ ਪਾਸੇ ਕਰ ਲਿਆ। ਅਗਲੇ ਦਿਨ (22 ਫਰਵਰੀ) ਪੰਜਾਬ ਦਾ ਗਵਰਨਰ—ਕੌਂਸਲ ਦੇ ਮੈਂਬਰਾਂ ਸਣੇ—ਨਨਕਾਣਾ ਸਾਹਿਬ ਪਹੁੰਚ ਗਿਆ। ਵੇਖ ਕੇ ਉਹਦੇ ਦਿਲ 'ਤੇ ਵੀ ਚੋਖਾ ਅਸਰ ਹੋਇਆ। ਉਸ ਦਿਨ ਸ਼ਾਮ ਨੂੰ ਸ਼ਹੀਦ ਹੋਏ ਸਿੰਘਾਂ ਦੀਆਂ ਅੱਧ-ਸੜੀਆਂ ਲਾਸ਼ਾਂ ਦਾ ਪੰਥ ਨੇ ਸਸਕਾਰ ਕੀਤਾ। ਇਸ ਸਾਕੇ ਦੀ ਗੂੰਜ ਸਾਰੇ ਹਿੰਦੁਸਤਾਨ ਵਿੱਚ ਗੂੰਜ ਉੱਠੀ। ਮਹਾਤਮਾ ਗਾਂਧੀ ਵੀ ਖ਼ਬਰ ਸੁਣ ਕੇ ਨਨਕਾਣਾ ਸਾਹਿਬ ਪੁੱਜਾ (ਤਿੰਨ ਮਾਰਚ)। ਉਹਨੇ ਤਕਰੀਰ ਕਰਦਿਆਂ ਕਿਹਾ, 'ਇਹ ਕਾਰਾ ਸਰਕਾਰ ਦੇ ਜ਼ੁੰਮੇਂਵਾਰ ਅਫ਼ਸਰਾਂ ਦੀ ਸ਼ਹਿ ਨਾਲ ਹੋਇਆ ਹੈ, ਇਕੱਲਾ ਮਹੰਤ ਨਹੀਂ ਸੀ ਕਰ ਸਕਦਾ।' ਤੇ ਗੱਲ ਵੀ ਸੱਚੀ ਸੀ। ਸਰਕਾਰ ਨੇ ਸਭ ਕੁਛ ਆਪ ਕਰਵਾਇਆ ਸੀ। ਏਨੇ ਕਤਲ ਕਰਨ ਵਾਸਤੇ ਮਹੰਤ ਨੂੰ ਫਾਂਸੀ ਦਾ ਹੁਕਮ ਸੁਣਾਇਆ, ਪਰ ਨਿਰਾ ਪੂਰਾ ਲੋਕਾਂ ਦੀਆਂ ਅੱਖਾਂ ਪੂੰਝਣ ਵਾਸਤੇ। ਪਿੱਛੋਂ ਅਪੀਲ ਵਿੱਚ ਉਹਦੀ ਫਾਂਸੀ ਦੀ ਸਜ਼ਾ ਮਾਫ਼ ਕਰਕੇ ਸਿਰਫ਼ ਸੱਤ ਸਾਲ ਕੈਦ ਰਹਿਣ ਦਿੱਤੀ ਗਈ, ਜਿਸ ਵਿੱਚੋਂ ਉਹਨੇ ਚਾਰ ਕੁ ਸਾਲ ਭੁਗਤੀ।....ਪਰ ਲੋਕਾਂ ਉੱਤੇ ਇਸ ਸਾਕੇ ਦਾ ਜੋ ਅਸਰ ਹੋਇਆ, ਉਹਦਾ ਸਿੱਟਾ, ਗੁਰਦੁਆਰਾ ਲਹਿਰ ਨੇ ਅੰਗਰੇਜ਼ਾਂ ਦਾ ਤਖ਼ਤ ਹਿਲਾ ਦਿੱਤਾ ਸੀ। ਜਿੰਨੇ ਮੋਰਚੇ ਅੱਜ ਤੱਕ ਲੱਗੇ ਨੇ, ਉਹ ਸਭ ਨਾਲੋਂ ਸਖ਼ਤ ਸੀ। ਸਾਰੀ ਸਿੱਖ ਕੌਮ ਦੇ ਅੰਦਰ ਗ਼ੁੱਸੇ ਦੇ ਭਾਂਬੜ ਭੜਕ ਉੱਠੇ ਸਨ। ਗੁਰੂ ਕੇ ਬਾਗ਼ ਤੇ ਜੈਤੋ ਦੇ ਮੋਰਚੇ ਵਿੱਚ ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਸਾਰੇ ਈ ਸਿੱਖ ਘਰ-ਬਾਰ ਛੱਡ ਕੇ ਜੇਹਲਾਂ ਨੂੰ ਤੁਰ ਪਏ ਹੋਣ।"

"ਸਿੱਖ ਛੌਂਡਿਆ, ਮੈਂ ਮੁਸਲਮਾਨ ਆਂ, ਤੇ ਤੇਰੇ ਮੂਹੋਂ ਇਹ ਕਿੱਸਾ ਸੁਣ ਕੇ ਮੇਰਾ ਜੀਅ ਕਰਦਾ ਏ, ਮੈਂ ਤੁਹਾਡੇ ਨਾਲ ਜੇਹਲ ਵੱਲ ਤੁਰ ਪਵਾਂ।" ਗਹਿਣੇ ਨੇ ਆਪਣੇ ਦਿਲ ਦੀ ਅਵਾਜ਼ ਸੁਣਾਈ।

"ਮੀਆਂ ਗਹਿਣਿਆਂ! ਸਿੱਖ ਕੀ ਤੇ ਮੁਸਲਮਾਨ ਕੀ, ਹਰ ਨੇਕ ਇਨਸਾਨ ਜ਼ੁਲਮ ਦੇ ਖ਼ਿਲਾਫ਼ ਖਲੋਇਆ ਕਰਦਾ ਏ। ਓਦੋਂ ਹਿੰਦੂਆਂ ਤੇ ਮੁਸਲਮਾਨਾਂ, ਸਭ ਨੇ ਕਿਸੇ ਨਾ ਕਿਸੇ ਬਹਾਨੇ ਸਾਡਾ ਸਾਥ ਦਿੱਤਾ ਸੀ।"

"ਮਖ, ਜੈਤੋ ਨੂੰ ਜਾਣ ਵਾਲੇ ਜੱਥੇ ਜਦੋਂ ਆਪਣੇ ਪਿੰਡੋਂ ਲੰਘਦੇ ਹੁੰਦੇ ਸੀ, ਆਪਣੇ ਤੂਤਾਂ ਵਾਲੇ ਖੂਹ 'ਤੇ ਉਤਾਰਾ ਹੁੰਦਾ ਸੀ। ਆਪਣੇ ਲੰਬਰਦਾਰ ਨੇ ਚੌਕੀਦਾਰ ਨੂੰ ਨਾਲ ਲੈ ਕੇ ਖੂਹ ਦੀ ਗਾੜ੍ਹੀ ਜਾ ਲਾਹੀ।"

"ਭਈ, ਸਿੱਖ ਭਰਾ ਪਾਣੀ ਨਾ ਪੀ ਲੈਣ।" ਇਲਮ ਦੀਨ ਦੀ ਗੱਲ ਟੋਕ ਕੇ ਦੀਪਾ ਰਾਹ ਵਿੱਚੋਂ ਹੀ ਬੋਲ ਉੱਠਿਆ।

"ਤੇ ਹੋਰ ਕੀ ? ਮੈਂ ਤੇ ਸੱਜਣ ਸੁੰਹ ਛਾਤੀਆਂ ਤਾਣ ਕੇ ਖਲੋ ਗਏ। ਅਸਾਂ ਆਖਿਆ, 'ਲੰਬਰਦਾਰਾ! ਤੂੰ ਕੀ ਲੱਗਦਾ ਏਂ ਖੂਹ ਦਾ ? ਖੂਹ ਸਾਡਾ ਏ, ਤੇ ਜੋ ਅਭੀ-ਨਭੀ ਹੋਵੇਗੀ, ਅਸੀਂ ਆਪੇ ਸਿਰ 'ਤੇ ਝੱਲਾਂਗੇ।' ਮੈਂ ਆਪਣੀ ਜੋਗ ਲਿਆ ਕੇ ਖੂਹ ਜੋਅ ਦਿੱਤਾ ਸੀ।" ਇਲਮ ਦੀਨ ਨੂੰ ਮਾਣ ਸੀ ਕਿ ਉਸ ਕੌਮੀ ਲਹਿਰ ਵਿੱਚ ਉਹਨੇ ਵੀ ਹਿੱਸਾ ਪਾਇਆ ਸੀ।

"ਜੈਤੋ ਦੇ ਤੇ ਗੁਰੂ ਕੇ ਬਾਗ਼ ਦੇ ਮੋਰਚੇ ਨੇ ਅੰਗਰੇਜ਼ੀ ਸਰਕਾਰ ਦੇ ਥੰਮ੍ਹ ਹਿਲਾ ਦਿੱਤੇ ਸਨ। ਇਹ ਵਾਰਤਾ ਤੁਹਾਨੂੰ ਫੇਰ ਕਿਸੇ ਦਿਨ ਸੁਣਾਵਾਂਗਾ।" ਬਾਬੇ ਅਕਾਲੀ ਨੇ ਏਸ ਖ਼ਿਆਲ ਨਾਲ ਕਿਹਾ ਕਿ ਸ਼ਾਇਦ ਸਰੋਤੇ ਸੁਣਦੇ ਅੱਕ ਗਏ ਹੋਣ।

"ਨਾ ਭਈ ਬਾਬਾ 'ਕਾਲੀਆ! ਇਉਂ ਨਾ ਕਰ। ਲੰਬਰਦਾਰ ਦੇ ਸਸਕਾਰ ਹੁੰਦਿਆਂ ਤਕ ਸਾਰਿਆਂ ਏਥੇ ਬਹਿਣਾ ਤਾਂ ਹੈ ਈ। ਸੋ ਗੱਲ ਅੱਧ ਵਿੱਚੋਂ ਨਾ ਛੱਡ।" ਗਹਿਣੇ ਲੁਹਾਰ ਨੇ ਬੜੀ ਨਮਰਤਾ ਨਾਲ ਬੇਨਤੀ ਕੀਤੀ।

"ਸੁਣਾ ਦਿਹ, ਸੁਣਾ ਦਿਹ, ਬਾਬਾ 'ਕਾਲੀਆ! ਲੰਬਰਦਾਰ ਕਿਹੜਾ ਨਿੱਤ-ਨਿੱਤ ਮਰਨਾ ਏਂ।" ਦੀਪੇ ਨੇ ਆਪਣੇ ਸੁਭਾਅ ਅਨੁਸਾਰ ਕੁਛ ਹਸਾਉਣੇ ਜੇਹੇ ਲਹਿਜੇ ਵਿੱਚ ਕਿਹਾ।

"ਭਈ, ਬਾਬਾ! ਦਿਲ ਤਾਂ ਸਾਰਿਆਂ ਦਾ ਕਰਦਾ ਈ ਸੁਣਨ ਨੂੰ। ਤੇਰੇ ਮੂਹੋਂ ਸੁਣ ਕੇ ਸਾਡੇ ਲੂੰ-ਕੰਡੇ ਖਲੇ ਹੋ ਗਏ ਈ। ਅੱਜ ਮੋਰਚਾ ਲੱਗ ਪਵੇ, ਤਾਂ ਅਸੀਂ ਸਾਰੇ ਤੇਰੇ ਨਾਲ ਤੁਰ ਪਈਏ।" ਸੱਜਣ ਸਿੰਘ ਨੇ ਜਿਵੇਂ ਸਾਰਿਆਂ ਦੇ ਦਿਲ ਦੀ ਕਹੀ।

"ਲਓ, ਸੁਣੋ ਫਿਰ ਸਾਰੇ ਪ੍ਰੇਮ ਨਾਲ। ਬਾਬਾ ਕਦੋਂ ਨਾਂਹ ਕਰਦਾ ਏ।" ਕੋਲੋਂ ਚੰਦਾ ਸਿੰਘ ਨੇ ਆਪ ਹੀ ਬਾਬੇ ਵੱਲੋਂ ਪ੍ਰਵਾਨਗੀ ਦੇ ਦਿੱਤੀ।

"ਹੱਛਾ ?" ਬਾਬੇ ਅਕਾਲੀ ਨੇ ਇਕ ਮਿੰਟ ਅੱਖਾਂ ਮੀਟੀ ਚੁੱਪ ਰਹਿਣ ਪਿੱਛੋਂ ਕਿਹਾ, "ਸੁਣੋ ਭਈ, ਫਿਰ।" ਬਾਬਾ ਅਕਾਲੀ ਹੱਛੀ ਤਰ੍ਹਾਂ ਨਿੱਠ ਕੇ ਬਹਿ ਗਿਆ।

## 15

"ਅਸਲ ਵਿੱਚ ਏਸ ਲਹਿਰ ਦਾ ਮੁੱਢ ਤਾਂ ਬੱਝਾ ਸੀ ਗੁਰਦੁਆਰਾ ਰਕਾਬਗੰਜ ਦੀ ਕੰਧ ਢੌਹਣ ਤੋਂ।" ਬਾਬੇ ਅਕਾਲੀ ਨੇ ਜਿਵੇਂ ਨਵੇਂ ਸਿਰਿਓਂ ਗੱਲ ਸ਼ੁਰੂ ਕੀਤੀ।

"ਰਕਾਬ ਗੰਜ ? ਉਹ ਕਿੱਥੇ ਆ ?" ਗਹਿਣੇ ਲੁਹਾਰ ਨੇ ਜਾਣਕਾਰੀ ਹਾਸਲ ਕਰਨ ਵਾਸਤੇ ਪੁੱਛਿਆ।

"ਨਵੀਂ ਦਿੱਲੀ ਵਿੱਚ, ਜਿੱਥੇ ਗੁਰੂ ਤੇਗ਼ ਬਹਾਦਰ ਮਹਾਰਾਜ ਦੇ ਧੜ ਦਾ ਸਸਕਾਰ ਕੀਤਾ ਗਿਆ ਸੀ। ਅੰਗਰੇਜ਼ਾਂ ਨੇ ਵਾਇਸਰਾਏ ਦੇ ਮਹਿਲ ਨੂੰ ਸਿੱਧੀ ਸੜਕ ਕੱਢਣ ਵਾਸਤੇ ਗੁਰਦੁਆਰੇ ਦੀ ਕੰਧ ਢਾਹ ਦਿੱਤੀ। ਏਸ ਗੱਲ ਤੋਂ ਸਿੱਖਾਂ ਅੰਦਰ ਨਰਾਜ਼ਗੀ ਪੈਦਾ ਹੋ ਗਈ। ਤੇ ਨਨਕਾਣਾ ਸਾਹਿਬ ਦੇ ਸਾਕੇ ਨਾਲ ਤਾਂ ਸਭ ਦੇ ਦਿਲਾਂ ਵਿੱਚ ਇਕ ਜਵਾਲਾ ਭੜਕ ਉੱਠੀ। ਡੂਢ-ਕੁ ਮਹੀਨੇ ਪਿੱਛੋਂ (ਪੰਜ ਅਪ੍ਰੈਲ ਨੂੰ) ਸਾਰੇ ਦੇਸ਼ ਵਿੱਚ ਸ਼ਹੀਦੀ ਦਿਨ ਮਨਾਇਆ ਗਿਆ। ਪੰਥ ਦਾ ਹੁਕਮ ਹੋਇਆ ਕਿ ਸਾਰੇ ਸਿੱਖ ਸੋਗ ਵਜੋਂ ਕਾਲੇ ਦਸਤਾਰੇ ਸਜਾ ਲੈਣ। ਓਥੋਂ ਅਕਾਲੀਆਂ ਵਿੱਚ ਕਾਲੀ ਪੱਗ ਬੰਨ੍ਹਣ ਦਾ ਰਵਾਜ ਪੈ ਗਿਆ। ਪਿੱਛੋਂ ਸਹਿਜ-ਸਹਿਜ ਬਦਲ ਕੇ ਕਾਲੀ ਦੀ ਥਾਂ ਨੀਲੀ ਦਸਤਾਰ ਨੇ ਲੈ ਲਈ। ਨਹੀਂ ਤਾਂ ਪਹਿਲਾਂ ਸਿਰਫ਼ ਨਿਹੰਗ ਸਿੰਘ ਨੀਲੇ ਦਸਤਾਰੇ ਸਜੋਂਦੇ ਸਨ। ਸ਼ਹੀਦੀ ਦਿਨ ਉੱਤੇ ਚਾਰ ਚੁਫੇਰੇ ਕਾਲੇ ਦਸਤਾਰੇ ਤੇ ਕਾਲੇ ਦੁਪੱਟੇ ਈ ਨਜ਼ਰ ਔਂਦੇ ਸਨ। ਕੇਈਆਂ ਨੂੰ ਤਾਂ ਕਾਲੀ ਪੱਗ ਬੰਨ੍ਹਣ ਦੇ ਦੋਸ਼ ਵਿੱਚ ਨੌਕਰੀਓਂ ਕੱਢ ਦਿੱਤਾ ਅੰਗਰੇਜ਼ਾਂ ਨੇ।"

"ਉਹਨਾਂ ਦਿਨਾਂ ਵਿੱਚ ਤਾਂ ਕਾਲੀ ਪੱਗ ਗੋਲੀ ਵਾਂਗ ਵੱਜਦੀ ਸੀ ਅੰਗਰੇਜ਼ਾਂ ਨੂੰ।" ਕੋਲੋਂ ਟਹਿਲ ਸਿੰਘ ਨੇ ਕਿਹਾ। ਉਹ ਵੀ ਭਾਈ ਫੇਰੂ ਦੇ ਮੋਰਚੇ ਵਿੱਚ ਕੁਛ ਚਿਰ ਕੈਦ ਕੱਟ ਆਇਆ ਸੀ।

"ਮਖ, ਜਿਸ ਜਿਸ ਕੰਮ ਤੋਂ ਅੰਗਰੇਜ਼ ਸਖ਼ਤੀ ਕਰਕੇ ਦਬੌਂਦੇ ਰਹੇ, ਸਿੰਘ ਲਲਕਾਰ ਕੇ ਉਹ ਕੰਮ ਕਰਦੇ ਰਹੇ। ਅਸਲ ਵਿੱਚ ਨਸ਼ਾਨਾ ਤਾਂ ਸੀ ਅੰਗਰੇਜ਼ਾਂ ਦਾ ਕਾਨੂੰਨ ਮੰਨਣ ਤੋਂ ਇਨਕਾਰ ਕਰਨ ਦਾ, ਪਈ ਅਸੀਂ ਤੇਰੀ ਹਕੂਮਤ ਨਹੀਂ ਮੰਨਦੇ।" ਬਾਬੇ ਅਕਾਲੀ ਨੇ ਚੁਫੇਰੇ ਝਾਤੀ ਮਾਰਦਿਆਂ ਕਿਹਾ।

"ਤੇ ਅੰਗਰੇਜ਼ ਵੀ ਤਾਂ ਕੇਈਆਂ ਕੰਮਾਂ ਵਿੱਚ—ਜਾਮ੍ਹਣ ਦੇ ਗਾਡੀ ਵਾਂਗ—ਐਵੇਂ ਲੱਤ ਡਾਹ ਖਲੌਂਦੇ ਸਨ ਨਾਂ। ਭਲਾ ਗੁਰਦੁਆਰਿਆਂ ਵਿੱਚ ਉਹਨਾਂ ਦਾ ਕੀ ਕੰਮ ਸੀ ?" ਕੋਲੋਂ ਦੀਪੇ ਨੇ ਆਪਣੀ ਰਾਏ ਪੇਸ਼ ਕੀਤੀ।

ਐਵੇਂ ਸਰਕਾਰੀ ਰੁਹਬ। ਤੇ ਅੰਤ ਸਰਕਾਰ ਨੇ ਪੂਰੀ ਤਰ੍ਹਾਂ ਦੱਘਲ ਹੋ ਕੇ ਇਸ ਲਹਿਰ ਵਿੱਚ ਹਾਰ ਮੰਨੀ। ਮੋਰਚੇ ਤਾਂ ਕਈ ਗੁਰਦੁਆਰਿਆਂ ਵਿੱਚ ਲੱਗੇ, ਪਰ ਸਭ ਤੋਂ ਸ਼ਾਨਦਾਰ ਗੁਰੂ ਕੇ ਬਾਗ਼ ਦਾ ਤੇ ਜੈਤੋ ਦਾ ਮੋਰਚਾ ਸੀ, ਜਿੰਨ੍ਹਾਂ ਦੀ ਹੋਰ ਕੋਈ ਮਸਾਲ ਨਹੀਂ ਮਿਲਦੀ। ਨਨਕਾਣਾ ਸਾਹਿਬ ਤੋਂ ਪਿੱਛੋਂ ਅੰਮ੍ਰਿਤਸਰ ਦਰਬਾਰ ਸਾਹਿਬ ਚਾਬੀਆਂ ਦਾ ਮੋਰਚਾ ਲੱਗ ਗਿਆ। ਸ਼ਰੋਮਣੀ ਕਮੇਟੀ ਬਣ ਜਾਣ ਪਿੱਛੋਂ ਦਰਬਾਰ ਸਾਹਿਬ ਦੀਆਂ ਚਾਬੀਆਂ ਕਮੇਟੀ ਦੇ ਪ੍ਰਧਾਨ ਕੋਲ ਰਹਿੰਦੀਆਂ ਸਨ। ਬਿਨਾਂ ਕਿਸੇ ਕਾਰਨ ਡਿਪਟੀ ਕਮਿਸ਼ਨਰ ਨੇ ਪੁਲਸ ਭੇਜ ਕੇ ਪ੍ਰਧਾਨ ਕੋਲੋਂ ਚਾਬੀਆਂ ਖੁਹ ਲਈਆਂ (ਸੱਤ ਨਵੰਬਰ, 1921)। ਬੱਸ, ਓਥੋਂ ਈ ਮੋਰਚਾ ਲੱਗ ਗਿਆ। ਸਿੱਖ ਲੀਡਰਾਂ ਨੇ ਆਖਿਆ, 'ਉਇ, ਤੁਸੀਂ ਕੀ ਲੱਗਦੇ ਓ ਚਾਬੀਆਂ ਦੇ ? ਸਾਡੇ ਗੁਰਦੁਆਰੇ ਤੇ ਅਸੀਂ ਚਾਬੀਆਂ ਦੇ ਮਾਲਕ।' ਸਰਕਾਰ ਨੇ ਏਨੀ ਗੱਲ ਤੋਂ ਬਾਬੇ ਖੜਕ ਸਿੰਘ ਤੇ ਹੋਰ ਕੇਈ ਲੀਡਰਾਂ ਨੂੰ ਫੜ ਲਿਆ। ਉਹਨਾਂ ਪਿੱਛੋਂ ਹੋਰ ਲੀਡਰ ਗ੍ਰਿਫ਼ਤਾਰ ਹੋਣ ਵਾਸਤੇ ਮੈਦਾਨ ਵਿੱਚ ਆ ਗਏ। ਮਾਰੂ, ਦੀਵਾਨ ਹੋਣੇ ਤੇ ਕਵੀਆਂ ਨੇ ਕਵਿਤਾਵਾਂ ਪੜ੍ਹਨੀਆਂ, ਅਖੇ : ਸੱਜੇ ਹੱਥ ਨਾਲ ਚਾਬੀਆਂ ਰੱਖ ਐਥੇ, ਸਾਡਾ ਕੌਣ ਏਂ ਹੱਕ ਦਬੌਣ ਵਾਲਾ।' ਇਸ ਮੋਰਚੇ ਵਿੱਚ ਦੋ-ਕੁ ਸੌ ਲੀਡਰ ਗ੍ਰਿਫ਼ਤਾਰ ਹੋਏ। ਅੰਤ ਸਰਕਾਰ ਹਾਰ ਗਈ। ਉਹਨੇ ਲੀਡਰ ਛੱਡ ਦਿੱਤੇ, ਤੇ ਭਰੇ ਦੀਵਾਨ ਵਿੱਚ ਬਾਬਾ ਖੜਕ ਸਿੰਘ ਨੂੰ ਚਾਬੀਆਂ ਮੋੜ ਦਿੱਤੀਆਂ। (19 ਜਨਵਰੀ, 1922)। ਸਮਝੋ, ਕਿ ਇਹ ਸਿਰਫ਼ ਲੀਡਰਾਂ ਦਾ ਮੋਰਚਾ ਸੀ। ਫੇਰ ਲੱਗਾ ਗੁਰੂ ਕੇ ਬਾਗ਼ ਦਾ ਮੋਰਚਾ।"

"ਹਾਂ, ਉਹਦੀ ਸਾਖੀ ਜ਼ਰਾ ਪ੍ਰੇਮ ਨਾਲ ਸੁਣਾਓ।" ਬਾਬਾ ਅਮਰ ਸਿੰਘ ਗਰੰਥੀ ਨੇ ਨੀਲੀ ਪੱਗ ਦਾ ਢਿੱਲਾ ਹੋ ਰਿਹਾ ਪੇਚ ਸੁਆਰਦਿਆਂ ਕਿਹਾ। ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ ਉਹ ਵੀ ਜੱਥੇ ਨਾਲ ਗਿਆ ਸੀ। ਸਰੀਰ ਦਾ ਮੋਟਾ ਤਾਜ਼ਾ ਹੋਣ ਕਰਕੇ ਉਹਨੂੰ ਬਹੁਤ ਮਾਰ ਪਈ ਸੀ।

"ਗੁਰੂ ਕੇ ਬਾਗ ਦਾ ਮਹੰਤ ਸੀ ਸੁੰਦਰ ਦਾਸ। ਉਹਨੇ ਨਨਕਾਣਾ ਸਾਹਿਬ ਦੇ ਸਾਕੇ ਤੋਂ ਪਹਿਲਾਂ ਈ ਗੁਰਦੁਆਰਾ ਪੰਥ ਦੇ ਹਵਾਲੇ ਕਰ ਦਿੱਤਾ (31 ਜਨਵਰੀ, 1921)। ਪੰਥ ਨੇ ਮਹੰਤ ਦੀ ਪੈਨਸ਼ਨ ਲਾ ਦਿੱਤੀ। ਪਿੱਛੋਂ ਸਰਕਾਰੀ ਅਫ਼ਸਰਾਂ ਦੀ ਸ਼ਹਿ ਨਾਲ ਉਹ ਕੀਤੇ ਸਮਝੌਤੇ ਤੋਂ ਮੁਕਰ ਗਿਆ। ਉਹਨੇ ਸਰਕਾਰ ਕੋਲ ਦਰਖ਼ਾਸਤ ਕੀਤੀ ਕਿ ਅਕਾਲੀਆਂ ਨੇ ਮੱਲੋ-ਮੱਲੀ ਮੇਰੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਏ। ਏਨੇ ਕੁ ਬਹਾਨੇ ਦਾ ਆਸਰਾ ਲੈ ਕੇ ਸਰਕਾਰ ਮਦਾਨ ਵਿੱਚ ਆ ਗਈ। ਗੁਰਦੁਆਰਾ ਪੰਥ ਦੇ ਕਬਜ਼ੇ 'ਚ ਆ ਜਾਣ ਕਰਕੇ ਓਥੇ ਅੱਠੋ ਪਹਿਰ ਲੰਗਰ ਚਲਦਾ ਰਹਿੰਦਾ ਸੀ। ਇਕ ਦਿਨ ਪੰਜ ਸੇਵਾਦਾਰ ਗੁਰਦੁਆਰੇ ਦੀ ਜ਼ਮੀਨ ਵਿੱਚੋਂ ਬਾਲਣ ਵਾਸਤੇ ਸੁੱਕਾ ਕਿੱਕਰ ਵੱਢ ਕੇ ਲਿਆਏ। ਅਗਲੇ ਦਿਨ (9 ਅਗਸਤ, 1922) ਸਰਕਾਰ ਨੇ ਉਹਨਾਂ ਪੰਜਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਛੇ-ਛੇ ਮਹੀਨੇ ਕੈਦ ਸੁਣਾ ਦਿੱਤੀ। ਏਥੋਂ ਮੋਰਚਾ ਸ਼ੁਰੂ

ਹੋ ਗਿਆ। ਅੰਮ੍ਰਿਤਸਰੋਂ ਜੱਥੇ ਜਾਣ ਲੱਗ ਪਏ। ਕੁਛ ਦਿਨ ਤਾਂ ਸਰਕਾਰ ਜੱਥਿਆਂ ਨੂੰ ਗ੍ਰਿਫ਼ਤਾਰ ਕਰਕੇ ਛੱਡ ਦੇਂਦੀ ਰਹੀ ਤੇ ਫਿਰ ਮਾਰ ਕੁਟਾਈ ਸ਼ੁਰੂ ਹੋ ਗਈ। (26 ਅਗਸਤ ਤੋਂ)। ਗੁਰੂ ਕੇ ਬਾਗ਼ ਦਾ ਗੁਰਦੁਆਰਾ ਉਸ ਵੇਲੇ ਪੰਥ ਦੇ ਕਬਜ਼ੇ ਵਿੱਚ ਸੀ। ਗੁਰਦੁਆਰੇ ਦੀ ਜ਼ਮੀਨ 'ਤੇ ਪੁਲਸ ਨੇ ਕਬਜ਼ਾ ਕੀਤਾ ਹੋਇਆ ਸੀ। ਗੁਰਦੁਆਰੇ ਦੇ ਲੰਗਰ ਵਾਸਤੇ ਜੱਥਾ ਬਾਲਣ ਲੈਣ ਜਾਂਦਾ ਸੀ, ਤੇ ਪੁਲਸ ਅੱਗੋਂ ਡਾਂਗਾਂ ਮਾਰ ਕੇ ਬੇਹੋਸ਼ ਕਰਕੇ ਸੁੱਟ ਦੇਂਦੀ ਸੀ। ਅਸਲੀ ਉਹ ਥਾਂ ਸੀ ਜੁਆਨਾਂ ਦੇ ਹੌਸਲੇ ਵੇਖਣ ਦੀ। ਕੈਦ ਕੱਟ ਲੈਣੀ ਅਸਾਨ ਏਂ, ਪਰ ਡਾਂਗਾਂ ਦੀ ਮਾਰ ਸਹਿਣੀ ਬੜੀ ਔਖੀ।"

"ਬਾਬਾ 'ਕਾਲੀਆ! ਸੁਣਿਆਂ ਏਂ, ਤੈਨੂੰ ਵੀ ਬੜੀ ਮਾਰ ਪਈ ਸੀ ?" ਦੀਪੇ ਨੇ ਸੁਣੀਆਂ ਹੋਈਆਂ ਗੱਲਾਂ ਦੀ ਪੁਸ਼ਟੀ ਕਰਾਉਣ ਵਾਸਤੇ ਪੁੱਛਿਆ।

"ਓਥੇ ਘੱਟ ਕੀਹਨੂੰ ਪੈਂਦੀ ਸੀ ? ਮੇਰੇ ਨਾਲੋਂ ਕਈ ਸੂਰਮੇ ਸਨ ਵਧੇਰੇ ਮਾਰ ਖਾਣ ਵਾਲੇ।" ਬਾਬੇ ਅਕਾਲੀ ਨੇ ਪਰ੍ਹੇ ਵਿੱਚ ਆਪਣੇ ਮੂੰਹੋਂ ਆਪਣੀ ਵਡਿਆਈ ਕਰਨੀ ਠੀਕ ਨਾ ਸਮਝੀ, "ਮਾਰ ਕੁਟਾਈ ਕਰੌਣ ਉੱਤੇ ਪੁਲਸ ਦਾ ਸਭ ਤੋਂ ਸਖ਼ਤ ਅਫ਼ਸਰ ਬੀ.ਟੀ. ਲੱਗਾ ਹੋਇਆ ਸੀ। ਉਹਨੂੰ ਭੁਲੇਖਾ ਸੀ ਕਿ ਉਹ ਮਾਰ ਕੁੱਟ ਕੇ ਸਿੱਖਾਂ ਨੂੰ ਡਰਾ ਲਵੇਗਾ, ਤੇ ਮੋਰਚਾ ਫਿਹਲ ਕਰ ਦੇਵੇਗਾ, ਪਰ ਉਹ ਕੀ ਜਾਣੇ ਕਿ ਜਿਹੜੇ ਚਰਖੜੀਆਂ ਤੇ ਆਰਿਆਂ ਤੋਂ ਨਹੀਂ ਡਰੇ, ਜਿੰਨ੍ਹਾਂ ਹੱਸ-ਹੱਸ ਕੇ ਖੋਪਰੀਆਂ ਲੁਹਾ ਲਈਆਂ ਤੇ ਬੰਦ- ਬੰਦ ਕਟਵਾ ਲਏ, ਉਹ ਡਾਂਗਾਂ ਦੀ ਮਾਰ ਤੋਂ ਕਦੋਂ ਡਰਨ ਲੱਗੇ ਸਨ। 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ ਜੱਥਾ ਅੱਗੇ ਵਧਦਾ, ਪੁਲਸ ਰੋਕ ਲੈਂਦੀ, ਤੇ ਜੱਥੇ ਦੇ ਸਿੰਘ ਚੌਕੜੇ ਮਾਰ ਕੇ ਬਹਿ ਜਾਂਦੇ। ਬੀ.ਟੀ. ਆਪਣੇ ਸਪਾਹੀਆਂ ਨੂੰ ਲਲਕਾਰਦਾ ਤੇ ਉਹ ਨਿਹੱਥੇ ਬੈਠੇ ਸਿੰਘਾਂ ਉੱਤੇ ਡਾਂਗਾਂ ਲੈ ਕੇ ਟੁੱਟ ਪੈਂਦੇ। ਬੀ.ਟੀ. ਪਾਗ਼ਲ ਹੋਏ-ਹੋਏ ਕੁੱਤੇ ਵਾਂਗ ਝਵ੍ਹੀਆਂ ਲੈ ਲੈ ਪੈਂਦਾ, 'ਔਰ ਮਾਰੋ, ਜ਼ੋਰ ਸੇ ਮਾਰੋ।' ਸਿੰਘ ਡਾਂਗਾਂ ਖਾਧੀ ਜਾਂਦੇ ਤੇ ਵਾਹਿਗੁਰੂ  ਵਾਹਿਗੁਰੂ ਜਪੀ ਜਾਂਦੇ। ਅਖ਼ੀਰ ਬੀ.ਟੀ. ਆਪ ਡਾਂਗ ਫੜ ਲੈਂਦਾ। ਉਹ ਘਾਇਲ ਹੋ ਕੇ ਡਿੱਗੇ ਪਏ ਸਿੰਘਾਂ ਦੀ ਛਾਤੀ 'ਤੇ ਚੜ੍ਹ ਜਾਂਦਾ ਤੇ ਬੰਦਿਆਂ ਦੀਆਂ ਗੁਪਤ ਥਾਂਵਾਂ 'ਤੇ ਹੁੱਝਾਂ ਮਾਰਦਾ, ਮੂੰਹ ਉੱਤੇ ਕਿੱਲਾਂ ਵਾਲੇ ਬੂਟ ਮਾਰਦਾ ਤੇ ਕੇਸ ਤੇ ਦਾੜ੍ਹੇ ਪੁੱਟਦਾ। ਫਿਰ ਬੇਹੋਸ਼ ਹੋ ਗਏ ਜੋਧਿਆਂ ਨੂੰ ਧੂਹ ਕੇ ਲਾਗੇ ਗੰਦੇ ਪਾਣੀ ਦੀਆਂ ਛਪੜੀਆਂ ਵਿੱਚ ਸੁੱਟ ਦਿੱਤਾ ਜਾਂਦਾ। ਇਕ ਦੋ ਦਿਨ ਤਾਂ ਉਹਨੇ ਬੇਹੋਸ਼ ਪਏ ਸਿੰਘਾਂ ਉੱਤੋਂ ਦੀ ਘੋੜੇ ਭਜਾ ਕੇ ਵੀ ਲੰਘਾਏ।"

"ਕਿਸੇ ਅਸਲ ਦਾ ਪੁੱਤ ਨਹੀਂ ਹੋਣਾ ਉਹ।" ਕੋਲੋਂ ਮਿਲਖਾ ਸਿੰਘ ਨੇ ਡਾਢੀ ਘ੍ਰਿਣਾ ਨਾਲ ਕਿਹਾ।

"ਮਹਾਰਾਜ! ਬੜਾ ਮਾਰਿਆ ਕਰਦਾ ਸੀ ਉਹ ਦੁਸ਼ਟ।" ਅਮਰ ਸਿੰਘ ਗਰੰਥੀ ਨੇ ਪ੍ਰੋੜ੍ਹਤਾ ਵਜੋਂ ਸਿਰ ਹਿਲਾ ਕੇ ਕਿਹਾ।

"ਬਾਬਾ ਜੀ! ਤੁਸੀਂ ਵੀ ਜੱਥੇ ਵਿੱਚ ਗਏ ਸੀ। ਤੁਹਾਡੇ ਵੀ ਹੱਡੀਂ ਵਾਪਰੀਆਂ

ਹੋਈਆਂ ਨਾ!" ਦੀਪੇ ਨੇ ਗ੍ਰੰਥੀ ਵੱਲ ਤਕ ਕੇ ਕਿਹਾ। ਉਸ ਵੇਲੇ ਉਹ ਸ਼ਰਾਰਤੀ ਗਭਰੂ ਦੀਆਂ ਅੱਖਾਂ ਵਿੱਚ ਵੀ ਸ਼ਰਧਾ ਸੀ।

"ਮਾਰ ਬੇ-ਹੱਦ ਪਈ ਸੀ, ਪਰ ਗੁਰਮੁਖੋ! ਫ਼ੌਜਾਂ ਡੋਲੀਆਂ ਨਹੀਂ ਸਨ।" ਗਰੰਥੀ ਨੇ ਮਾਣ ਨਾਲ ਛਾਤੀ ਫੁਲਾ ਕੇ ਕਿਹਾ।

"ਓਥੇ ਕੋਈ ਵੀ ਮਾਈ ਦਾ ਲਾਲ ਨਹੀਂ ਸੀ ਡੋਲਦਾ।" ਬਾਬੇ ਅਕਾਲੀ ਨੇ ਫਿਰ ਲੜੀ ਸ਼ੁਰੂ ਕਰ ਲਈ, "ਬੀ.ਟੀ. ਨੇ ਜ਼ੁਲਮ ਵਾਲੀ ਹੱਦ ਮੁਕਾ ਦਿੱਤੀ ਤੇ ਸਿੰਘਾਂ ਨੇ ਸਿਦਕ ਵਾਲੀ। ਮਖ : ਖ਼ਾਲਸੇ ਨੇ ਦੱਸ ਦਿੱਤਾ ਕਿ ਸ਼ਾਂਤਮਈ ਕੀਹਨੂੰ ਆਹੰਦੇ ਨੇ। ਇਸ ਮੋਰਚੇ ਦੀ ਸਾਰੇ ਹਿੰਦੁਸਤਾਨ ਵਿਚ ਗੂੰਜ ਪੈ ਗਈ। ਕਾਂਗਰਸ ਦੇ ਪ੍ਰਸਿੱਧ ਲੀਡਰ ਮਦਨ ਮੋਹਨ ਮਾਲਵੀਆ ਵੀ ਆਏ। ਉਹਨਾਂ ਗੁਰੂ ਕੇ ਬਾਗ਼ ਜਾ ਕੇ ਅੱਖੀਂ ਵੇਖੀ ਸਿੱਖਾਂ ਨੂੰ ਮਾਰ ਪੈਂਦੀ। ਮਾਲਵੀਆ ਜੀ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹਨਾਂ ਸ਼ਰਧਾ ਨਾਲ ਕਿਹਾ, "ਕਿਸੇ ਸ਼ਾਂਤਮਈ ਦਾ ਸਬਕ ਸਿੱਖਣਾ ਹੋਵੇ, ਤਾਂ ਸਿੱਖਾਂ ਕੋਲੋਂ ਸਿੱਖੇ।' ਬਹੁਤਾ ਕੀ ਕਹਾਂ, ਬੀ.ਟੀ. ਨੇ ਪਸ਼ੂਪੁਣੇ ਵਾਲੀ ਹੱਦ ਮੁਕਾ ਦਿੱਤੀ, ਪਰ ਉਹਦੀ ਸਖ਼ਤੀ ਤੋਂ ਡਰ ਕੇ ਜੱਥੇ ਨਾ ਰੁਕੇ।"

"ਬੀ.ਟੀ. ਨੂੰ ਕਿਸੇ ਚੁੱਕਿਆ ਨਾ ?" ਦੀਪੇ ਦੇ ਅੰਦਰ ਗ਼ੁੱਸਾ ਸੰਭਾਲਣਾ ਔਖਾ ਹੋ ਰਿਹਾ ਸੀ।

"ਪੰਥ ਦਾ ਹੁਕਮ ਸ਼ਾਂਤ ਰਹਿਣ ਦਾ ਸੀ ਨਾ। ਪਰ ਪਿੱਛੋਂ ਬੱਬਰਾਂ ਨੇ ਹਸਾਬ ਨਬੇੜ ਲਿਆ ਸੀ। ਅਜੇ ਥੋੜ੍ਹਾ ਈ ਚਿਰ ਹੋਇਆ ਏ। ਰਿਆਸਤ ਪਟਿਆਲਾ ਵਿਚ ਬੀ.ਟੀ. ਆਪਣੀ ਕੋਠੀ ਬਣਾ ਕੇ ਰਹਿੰਦਾ ਸੀ। ਇਕ ਦਿਨ ਬੱਬਰ ਕਰਤਾਰ ਸਿੰਘ, ਕੁੰਢਾ ਸਿੰਘ ਤੇ ਬਚਨ ਸਿੰਘ ਜਾ ਪਹੁੰਚੇ। ਸ਼ੇਰਾਂ ਨੇ ਗੋਲੀਆਂ ਨਾਲ ਬੀ.ਟੀ. ਢੇਰ ਕਰ ਦਿੱਤਾ।" ਬਾਬੇ ਅਕਾਲੀ ਦੀ ਵਾਜ ਜੋਸ਼ ਨਾਲ ਉੱਚੀ ਹੋ ਗਈ ਸੀ।

"ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।" ਗ੍ਰੰਥੀ ਅਮਰ ਸਿੰਘ ਨੇ ਤਸੱਲੀ ਮਹਿਸੂਸ ਕਰਦਿਆਂ ਕਿਹਾ।

"ਇਨਸਾਨ ਸਮਝਦਾ ਨਹੀਂ, ਨਹੀਂ ਤਾਂ ਕੀਤੇ ਕਰਮਾਂ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਏ।" ਕੋਲੋਂ ਗਹਿਣੇ ਨੇ ਵੀ ਗਰੰਥੀ ਦੇ ਕਥਨ ਦੀ ਪੁਸ਼ਟੀ ਕੀਤੀ।

"ਉਹਨੇ ਅੱਤਿਆਚਾਰ ਵੀ ਬੜਾ ਕੀਤਾ ਸੀ। ਜੇ ਸੋਚੀਏ, ਤਾਂ ਬੀ.ਟੀ. ਨੇ ਸਾਰੀ ਅੰਗਰੇਜ਼ ਕੌਮ ਦਾ ਸਿਰ ਨੀਂਵਾਂ ਕਰ ਦਿੱਤਾ ਸੀ। ਅਤੇ ਸਿੱਖਾਂ ਦੇ ਸ਼ਾਂਤਮਈ ਮੋਰਚੇ ਨੇ ਸਾਰੇ ਦੇਸ਼ ਦੀ ਸ਼ਾਨ ਚਮਕਾ ਦਿੱਤੀ ਸੀ। ਕਾਂਗਰਸ ਨੇ ਸਾਡੇ ਹੱਕ ਵਿੱਚ ਮਤੇ ਪਾਸ ਕੀਤੇ। ਮੁਸਲਮਾਨ ਲੀਡਰਾਂ ਨੇ ਹਮਦਰਦੀ ਪ੍ਰਗਟ ਕੀਤੀ। ਮਖ ਉਸ ਵੇਲੇ ਸਾਰੀ ਦੁਨੀਆਂ ਵਿਚ ਸਾਡੀਆਂ ਗੱਲਾਂ ਹੁੰਦੀਆਂ ਸਨ। ਇਕ ਪਾਦਰੀ (ਐਂਡਰਯੂਜ਼) ਨੇ ਪੰਜਾਬ ਦੇ ਗਵਰਨਰ ਸਰ ਐਡਵਰਡ ਮੈਕਲੇਗਨ ਨੂੰ ਲਿਖਿਆ, ਕਿ ਆਪ ਆ ਕੇ

ਮੋਰਚੇ ਦੇ ਹਾਲ ਵੇਖੋ। ਗਵਰਨਰ ਨੇ ਆਪ ਆ ਕੇ ਗੁਰੂ ਕੇ ਬਾਗ਼ ਦਾ ਮੋਰਚਾ ਵੇਖਿਆ (13 ਸਤੰਬਰ)। ਉਸ ਦਿਨ ਤੋਂ ਮਾਰ ਕੁਟਾਈ ਬੰਦ ਹੋ ਗਈ। ਫਿਰ ਗਏ ਜੱਥੇ ਨੂੰ ਗ੍ਰਿਫ਼ਤਾਰ ਕਰਕੇ ਸਰਕਾਰ ਨੇ ਕੈਦ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਵੀ ਜ਼ਖ਼ਮ ਕੁਛ ਠੀਕ ਹੋ ਗਏ ਸਨ। ਸੋ ਮੈਂ ਫਿਰ ਜੱਥੇ ਵਿੱਚ ਤੁਰ ਗਿਆ। ਜਾਂਦਿਆਂ ਡੇਢ-ਡੇਢ ਸਾਲ ਕੈਦ ਸੁਣਾ ਕੇ ਉਹਨਾਂ ਸਾਨੂੰ ਅਟਕ ਜੇਹਲ ਵਿੱਚ ਭੇਜ ਦਿੱਤਾ। ਸਾਡੇ ਜਾਣ ਤੋਂ ਇਕ ਦਿਨ ਪਿੱਛੋਂ ਪੰਜਾ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ ਸੀ। ਭਈ ਵੇਖੋ, ਕਿੰਨੀ ਕੁਰਬਾਨੀ ਏ। ਪੈਨਸ਼ਨੀਆਂ ਦਾ ਜੱਥਾ ਅਟਕ ਜੇਹਲ ਨੂੰ ਜਾ ਰਿਹਾ ਸੀ। ਪੰਜਾ ਸਾਹਿਬ ਦੀ ਸੰਗਤ ਨੇ ਸੁਣਿਆ, ਤਾਂ ਜੱਥੇ ਵਾਸਤੇ ਪਰਸ਼ਾਦ ਪਾਣੀ ਲੈ ਕੇ ਸਟੇਸ਼ਨ 'ਤੇ ਜਾ ਪੁੱਜੇ। ਸਟੇਸ਼ਨ ਮਾਸਟਰ ਨੇ ਜ਼ਰਾ ਹੰਕਾਰੀ ਜੇਹੇ ਢੰਗ ਨਾਲ ਕਿਹਾ ਕਿ ਏਥੇ ਗੱਡੀ ਨਹੀਂ ਖਲੋ ਸਕਦੀ। ਅੱਗੋਂ ਜੱਥੇ ਨੇ ਕਿਹਾ, ਕਿ ਅਸੀਂ ਅਰਦਾਸਾ ਸੋਧ ਕੇ ਆਏ ਹਾਂ, ਸੋ ਗੱਡੀ ਜ਼ਰੂਰ ਖਲੀ ਹੋਵੇਗੀ। ਸੰਗਤਾਂ ਰੇਲ ਦੀ ਪਟੜੀ 'ਤੇ ਲੇਟ ਗਈਆਂ। ਗੱਡੀ ਆਈ ਤੇ ਕਈ ਯੋਧਿਆਂ ਦੀਆਂ ਹੱਡੀਆਂ ਪਸਲੀਆਂ ਚੂਰ ਕਰ ਗਈ। ਦੋ ਸਿੰਘ—ਸ. ਕਰਮ ਸਿੰਘ ਤੇ ਸ. ਪਰਤਾਪ ਸਿੰਘ—ਸ਼ਹੀਦ ਹੋ ਗਏ ਤੇ ਛੇ ਸਿੰਘ ਫੱਟੜ ਹੋਏ (30 ਅਕਤੂਬਰ)। ਗੱਡੀ ਡੇਢ ਘੰਟਾ ਖਲੋਤੀ ਰਹੀ। ਸੰਗਤਾਂ ਨੇ ਕੈਦੀਆਂ ਨੂੰ ਪਰਸ਼ਾਦ ਪਾਣੀ ਵਰਤਾਇਆ, ਪਰ ਇਹ ਖ਼ੂਨੀ ਸਾਕਾ ਵੇਖ ਕੇ ਕਿਸੇ ਖਾਣਾ ਕੀ ਸੀ ?"

"ਵਾਹ! ਸ਼ਹੀਦਾਂ ਦੀ ਕੌਮ ਏਂ ਬਾਬਾ ਤੁਹਾਡੀ।" ਗਹਿਣੇ ਲੁਹਾਰ ਨੇ ਸਤਕਾਰ ਵਜੋਂ ਸਿਰ ਝੁਕਾਅ ਕੇ ਕਿਹਾ।

"ਸ਼ੇਰਾਂ ਦੀਆਂ ਕੁਰਬਾਨੀਆਂ ਸਾਹਮਣੇ ਸਰਕਾਰ ਦੇ ਥੰਮ੍ਹ ਥਿੜਕ ਗਏ। ਡਾਂਗਾਂ ਖਾਣ ਵਾਲਿਆਂ ਤੋਂ ਬਿਨਾਂ ਸਾਢੇ ਪੰਜ ਹਜ਼ਾਰ ਤੋਂ ਉੱਪਰ ਸਿੰਘ ਕੈਦ ਹੋਏ। ਅੰਤ ਸਰਕਾਰ ਨੇ ਪੱਲਾ ਛੁਡਾਉਣ ਵਾਸਤੇ ਲਾਹੌਰ ਦੇ ਸਰ ਗੰਗਾ ਰਾਮ ਦੇ ਨਾਮ ਜ਼ਮੀਨ ਲਿਖ ਕੇ ਓਥੋਂ ਪੁਲਸ ਉਠਾ ਲਈ (17 ਨਵੰਬਰ, 1922)। ਫਿਰ ਸਹਿਜ-ਸਹਿਜ ਕੈਦ ਕੀਤੇ ਸਿੰਘ ਛੱਡਣੇ ਸ਼ੁਰੂ ਕੀਤੇ ਤੇ ਅੰਤ ਪੰਜ ਮਹੀਨਿਆਂ ਵਿੱਚ ਸਾਰੇ ਰਿਹਾਅ ਕਰ ਦਿੱਤੇ ਗਏ।"

"ਆਫਰੀਨ ਏਂ ਮਰਦਾਂ ਦੇ।" ਗਹਿਣੇ ਦੀ ਵਾਜ ਆਈ।

"ਤੇ ਜੈਤੋ ਦਾ ਮੋਰਚਾ ? ਕੁਛ ਜੱਥੇ ਆਪਣੇ ਪਿੰਡ ਵਿਚ ਦੀ ਵੀ ਲੰਘੇ ਸਨ।" ਸੱਜਣ ਸਿੰਘ ਨੇ ਬਾਕੀ ਕਹਾਣੀ ਸੁਣਨ ਦੀ ਇੱਛਿਆ ਨਾਲ ਕਿਹਾ।

"ਉਹ ਲੱਗਾ ਸੀ ਮਹਾਰਾਜੇ ਨਾਭੇ ਬਦਲੇ। ਨਾਭੇ ਦਾ ਮਹਾਰਾਜਾ ਰਿਪੁਦਮਨ ਸਿੰਘ ਪੰਥ ਨਾਲ ਬੜੀ ਹਮਦਰਦੀ ਰਖਦਾ ਸੀ। ਨਾਭੇ ਪਟਿਆਲੇ ਦੇ ਝਗੜੇ ਦਾ ਬਹਾਨਾ ਬਣਾ ਕੇ ਅੰਗਰੇਜ਼ਾਂ ਨੇ ਉਹਨੂੰ ਗੱਦੀਓਂ ਲਾਹ ਦਿੱਤਾ (9 ਜੁਲਾਈ, 1923)। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਇਸ ਗੱਲ 'ਤੇ ਰੋਸ ਪ੍ਰਗਟ ਕਰਨ ਵਾਸਤੇ ਜੈਤੋ

ਵਿੱਚ ਦੀਵਾਨ ਕੀਤਾ (26-27 ਅਗਸਤ)। ਪੁਲਸ ਨੇ ਦੀਵਾਨ ਦੇ ਵਿੱਚ ਪਹੁੰਚ ਕੇ ਤਾਬਿਆ ਬੈਠੇ ਸਿੰਘ (ਇੰਦਰ ਸਿੰਘ ਮੌੜ) ਨੂੰ ਗ੍ਰਿਫ਼ਤਾਰ ਕਰ ਲਿਆ। ਸੰਗਤਾਂ ਨੂੰ ਵਧੇਰੇ ਗ਼ੁੱਸਾ ਆ ਗਿਆ। ਮਹਾਰਾਜੇ ਦੇ ਗੱਦੀ ਲਾਹੇ ਜਾਣ ਪਿੱਛੋਂ ਸਰਕਾਰ ਨੇ ਓਥੋਂ ਦਾ ਰਾਜ ਪ੍ਰਬੰਧ ਇਕ ਅੰਗਰੇਜ਼ ਅਫ਼ਸਰ (ਵਿਲਸਨ ਜਾਨਸਟਨ) ਦੇ ਹੱਥ ਦੇ ਦਿੱਤਾ। ਉਹਦੇ ਹੁਕਮ ਨਾਲ ਪੁਲਸ ਨੇ ਸੰਗਤਾਂ ਨੂੰ ਗੁਰਦੁਆਰਾ ਗੰਗਸਰ ਵਿੱਚ ਜਾਣ ਔਣ ਤੋਂ ਰੋਕਣਾ ਸ਼ੁਰੂ ਕਰ ਦਿੱਤਾ। ਸੰਗਤਾਂ ਨੇ ਉਦਮ ਕਰਕੇ ਗੰਗਸਰ ਵਿੱਚ ਅਖੰਡ ਪਾਠ ਸ਼ੁਰੂ ਕੀਤਾ। ਪੁਲਸ ਨੇ ਆ ਕੇ ਸਾਰੇ ਪਾਠੀ ਗ੍ਰਿਫ਼ਤਾਰ ਕਰ ਲਏ, ਸਣੇ ਪਾਠ ਕਰਨ ਵਾਲੇ ਦੇ। ਏਸ ਤਰ੍ਹਾਂ ਅਖੰਡ ਪਾਠ ਖੰਡਨ ਹੋ ਗਿਆ। ਏਸ ਖ਼ਬਰ ਨੇ ਸਾਰੀ ਕੌਮ ਨੂੰ ਰੋਹ ਵਿੱਚ ਲੈ ਆਂਦਾ। ਅਗਲੇ ਦਿਨ (15 ਸਤੰਬਰ, 1923) ਤੋਂ ਮੋਰਚਾ ਸ਼ੁਰੂ ਹੋ ਗਿਆ। ਅਕਾਲ ਤਖ਼ਤ ਤੋਂ ਪੰਝੀ-ਪੰਝੀ ਸਿੰਘਾਂ ਦੇ ਜੱਥੇ ਤੁਰਨੇ ਸ਼ੁਰੂ ਹੋ ਗਏ। ਜਥੇ ਜੈਤੋ ਪਹੁੰਚਦੇ, ਤਾਂ ਗੰਗਸਰ ਗੁਰਦੁਆਰੇ ਪਹੁੰਚਣ ਤੋਂ ਪਹਿਲਾਂ ਈ ਗਿਰਫ਼ਤਾਰ ਕਰਕੇ ਕੁਛ ਨਾਭੇ ਦੀ ਬੀੜ ਵਿੱਚ ਭੇਜ ਦਿੱਤੇ ਜਾਂਦੇ ਤੇ ਕੁਛ ਬਾਵਲ ਕਾਟੀ ਲੈ ਜਾ ਕੇ ਛੱਡ ਦਿੱਤੇ ਜਾਂਦੇ। ਕੁਛ ਦਿਨਾਂ ਪਿੱਛੋਂ, ਗੁਰੂ ਕੇ ਬਾਗ਼ ਵਾਂਗ, ਮਾਰ ਕੁੱਟ ਕੇ ਭੁੱਖਿਆਂ ਤਿਹਾਇਆਂ ਸਿੰਘਾਂ ਨੂੰ ਪੁਲਸ ਬਾਵਲ ਕਾਟੀ ਜਾ ਕੇ ਛੱਡ ਔਂਦੀ। ਮੋਰਚੇ ਲੱਗੇ ਨੂੰ ਮਹੀਨਾ ਕੁ ਹੋ ਗਿਆ, ਤਾਂ ਸਰਕਾਰ ਨੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਰੁੱਧ ਜਮਾਤਾਂ ਕਰਾਰ ਦੇ ਦਿੱਤਾ। (13 ਅਕਤੂਬਰ)। ਕੋਈ ਮੁਖੀ-ਲੀਡਰ ਫੜ ਕੇ ਜੇਹਲਾਂ ਵਿੱਚ ਡੱਕ ਦਿੱਤੇ ਗਏ। ਸਰਕਾਰ ਦਾ ਖ਼ਿਆਲ ਸੀ ਕਿ ਲੀਡਰ ਫੜੇ ਜਾਣ ਕਰਕੇ ਮੋਰਚਾ ਮੱਠਾ ਪੈ ਜਾਏਗਾ, ਪਰ ਉਹ ਤਾਂ ਜੋਸ਼ ਨਾਲ ਸਗੋਂ ਗਰਮ ਹੋ ਗਿਆ। ਜਿਉਂ-ਜਿਉਂ ਪੁਲਸ ਵਧੇਰੇ ਸਖ਼ਤੀ ਕਰਦੀ, ਤਿਉਂ-ਤਿਉਂ ਸਿੱਖਾਂ ਵਿੱਚ ਰੋਹ ਵਧਦਾ ਜਾਂਦਾ। ਆਪਣੀ ਅੱਖੀਂ ਮੋਰਚੇ ਦੇ ਹਾਲ ਵੇਖਣ ਵਾਸਤੇ ਕਾਂਗਰਸ ਦੇ ਵੱਡੇ ਲੀਡਰ ਪੰਡਤ ਜਵਾਹਰ ਲਾਲ ਨਹਿਰੂ ਤੇ ਪ੍ਰੋਫ਼ੈਸਰ ਗਿਡਵਾਨੀ ਜੈਤੋ ਆਏ। ਪੁਲਸ ਨੇ ਉਹਨਾਂ ਨੂੰ ਵੀ ਫੜ ਕੇ ਹਵਾਲਾਟ ਵਿੱਚ ਡੱਕ ਦਿੱਤਾ। ਪਿੱਛੋਂ ਝੂਠੀ-ਮੂਠੀ ਦਾ ਮੁਕੱਦਮਾ ਚਲਾ ਕੇ ਉਹਨਾਂ ਨੂੰ ਢਾਈ-ਢਾਈ ਸਾਲ ਦੀ ਸਜ਼ਾ ਸੁਣਾ ਦਿੱਤੀ, ਪਰ ਇਕ ਮਹੀਨੇ ਦੇ ਅੰਦਰ ਹੀ ਉਹਨਾਂ ਦੋਹਾਂ ਨੂੰ ਛੱਡ ਦਿੱਤਾ ਗਿਆ। ਮੋਰਚਾ ਆਪਣੀ ਚਾਲੇ ਚੱਲ ਰਿਹਾ ਸੀ, ਜਾਂ ਅਗਲਾ ਸਾਲ ਚੜ੍ਹਦਿਆਂ ਭਾਈ ਫੇਰੂ ਵਿੱਚ ਨਵਾਂ ਮੋਰਚਾ ਲੱਗ ਗਿਆ (ਜਨਵਰੀ, 1924)। ਓਧਰ ਵੀ ਜੱਥੇ ਜਾਣੇ ਸ਼ੁਰੂ ਹੋ ਗਏ। ਸਿੰਘਾਂ ਨੇ ਸੋਚਿਆ, ਕਿ ਜੈਤੋ ਦਾ ਮੋਰਚਾ ਛੇਤੀ ਫ਼ਤਹਿ ਕਰ ਲੈਣਾ ਚਾਹੀਦਾ ਹੈ। ਸੋ ਅਕਾਲ ਤਖ਼ਤ ਤੋਂ ਪੰਜ ਸੌ ਦਾ ਸ਼ਹੀਦੀ ਜੱਥਾ ਤੋਰਿਆ ਗਿਆ (9 ਫਰਵਰੀ, 1924)। ਮੈਨੂੰ ਓਸ ਜੱਥੇ ਵਿੱਚ ਥਾਂ ਨਾ ਮਿਲੀ। ਜੱਥਾ ਜਾਣਾ ਸੀ ਸਭੋ ਪੰਜ ਸੌ ਸਿੰਘਾਂ ਦਾ ਤੇ ਓਥੇ ਜਾਣ ਦੇ ਚਾਹਵਾਨ ਸਨ ਹਜ਼ਾਰਾਂ ਈਂ। ਮੈਂ ਫਿਰ ਦੂੱਜੇ ਜੱਥੇ ਵਿੱਚ ਗਿਆ ਸਾਂ। ਉਹ ਨਜ਼ਾਰਾ ਵੀ ਇਕ ਵੇਖਣ

ਵਾਲਾ ਈ ਹੁੰਦਾ ਸੀ। ਪਿੰਡੋ-ਪਿੰਡ ਪੜਾਅ ਕਰਦਾ ਜੱਥਾ ਪੈਦਲ ਜਾਂਦਾ ਸੀ। ਅੱਗੇ ਬੈਂਡ ਵਾਜਾ ਹੋਣਾ। ਉਸ ਤੋਂ ਪਿੱਛੇ ਪੰਜ ਸਿੰਘ ਨਸ਼ਾਨ ਸਾਹਿਬ ਵਾਲੇ ਹੋਣੇ। ਫਿਰ ਗੁਰੂ ਮਹਾਰਾਜ ਦੀ ਅਸਵਾਰੀ ਤੇ ਪਿੱਛੇ ਪੰਜ ਸੌ ਦਾ ਜੱਥਾ। ਸਭ ਦੇ ਨੀਲੇ ਦਸਤਾਰੇ ਤੇ ਕੇਸਰੀ ਚੋਲੇ ਉਤੇ ਕਮਰ-ਕਸੇ ਕੀਤੇ ਹੋਏ। ਇਉਂ ਜਾਪਣਾ, ਜਿਵੇਂ ਗੁਰੂ ਗੋਬਿੰਦ ਸਿੰਘ ਦੀ ਸ਼ਹੀਦੀ ਫ਼ੌਜ ਜਾ ਰਹੀ ਹੋਵੇ। ਫਿਰ ਉਹਨਾਂ ਮਿੱਠੀ-ਮਿੱਠੀ ਧਾਰਨਾ ਪੜ੍ਹਨੀ, 'ਤੇਰੀ ਆ ਗਈ ਫ਼ੌਜ ਅਕਾਲੀ, ਹੁਣ ਬਹੁੜ ਪੰਥ ਦੇ ਵਾਲੀ।' ਪੰਜ ਸੌ ਦਾ ਜੱਥਾ ਹੋਣਾ, ਤੇ ਹਜ਼ਾਰਾਂ ਸੰਗਤਾਂ ਨਾਲ ਹੋਰ ਰਲ ਪੈਣੀਆਂ। ਲੋਕਾਂ ਨੇ ਜੋਟੀਆਂ ਨਾਲ ਪੜ੍ਹਨਾ, 'ਹੋ ਜੋ ਸਭ ਅਕਾਲੀ ਹੁਣ ਰੁੱਤ ਆ ਗਈ ਜੇ।' ਬੱਸ, ਗੂੰਜਾਂ ਪੈ ਜਾਣੀਆਂ।"

"ਉਹ ਰੁੱਤ ਸੀ ਵੀ ਅਕਾਲੀ ਬਣਨ ਦੀ ਈ। ਹੁਣ ਤਾਂ....।" ਦੀਪੇ ਨੇ ਕਹਿੰਦਿਆਂ-ਕਹਿੰਦਿਆਂ ਵਾਕ ਅਧੂਰਾ ਛੱਡ ਦਿੱਤਾ।

"ਬਾਰ੍ਹਵੇਂ ਦਿਨ ਜੱਥਾ ਜੈਤੋ ਜਾ ਪੁੱਜਾ। ਅੱਗੇ ਸਰਕਾਰ ਨੇ ਪੂਰੀ ਤਿਆਰੀ ਕੀਤੀ ਹੋਈ ਸੀ। ਗੁਰਦੁਆਰਾ ਗੰਗਸਰ ਨੂੰ ਤੇ ਜੈਤੋ ਮੰਡੀ ਨੂੰ ਜਾਣ ਵਾਲੇ ਰਾਹਾਂ 'ਤੇ ਕੰਡਿਆਂ ਵਾਲੀ ਤਾਰ ਲਾਈ ਹੋਈ ਸੀ। ਕਿੱਲ੍ਹੇ ਉੱਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ। ਸਾਰੇ ਪਾਸੀਂ ਪੁਲਸ ਤੇ ਫ਼ੌਜ ਖਲੀ ਸੀ। ਰਿਆਸਤ ਦੇ ਸਾਰੇ ਹੀ ਵੱਡੇ-ਵੱਡੇ ਅਫ਼ਸਰ ਮੌਕਿਆਂ 'ਤੇ ਮੌਜੂਦ ਸਨ। ਜੱਥਾ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ ਗੁਰਦੁਆਰਾ ਟਿੱਬੀ ਸਾਹਿਬ ਨੂੰ ਜਾ ਰਿਹਾ ਸੀ। ਜਥੇ ਦੇ ਦੋਹੀਂ ਪਾਸੀਂ ਹਜ਼ਾਰਾਂ ਸੰਗਤਾਂ ਹੋਰ ਵੀ ਜਾ ਰਹੀਆਂ ਸਨ। ਜੱਥਾ ਅਜੇ ਟਿੱਬੀ ਸਾਹਿਬ ਤੋਂ ਡੇਢ ਕੁ ਸੌ ਗਜ਼ ਦੀ ਵਿੱਥ 'ਤੇ ਸੀ, ਜਾਂ ਇਕ ਅੰਗਰੇਜ਼ ਅਫ਼ਸਰ ਨੇ ਆ ਰਾਹ ਰੋਕਿਆ। ਉਹ ਚੀਕ ਕੇ ਬੋਲਿਆ, 'ਆਗੇ ਮਤ ਜਾਓ। ਨਹੀਂ ਤੋ ਹਮ ਗੋਲੀ ਚਲਾਇਗਾ, ਫ਼ਾਇਰ ਕਰੇਗਾ।' ਜੱਥਾ ਰੁਕਣ ਦੀ ਥਾਂ ਆਪਣੀ ਚਾਲੇ ਚਲਦਾ ਗਿਆ। ਤਾਹੀਏਂ ਖ਼ਬਰ, ਜਾਂ ਤਿੰਨਾਂ ਪਾਸਿਆਂ ਤੋਂ ਤਾੜ-ਤਾੜ ਗੋਲੀ ਚੱਲਣ ਲੱਗ ਪਈ (21 ਫਰਵਰੀ)। ਗੋਲੀ ਨਾਲ ਫੱਟੜ ਜਾਂ ਸ਼ਹੀਦ ਹੋਣ ਵਾਲੇ ਡਿਗ ਰਹੇ ਸਨ, ਤੇ ਬਾਕੀ ਜੱਥਾ ਓਸੇ ਤਰ੍ਹਾਂ ਸ਼ਬਦ ਪੜ੍ਹਦਾ ਤੁਰਿਆ ਜਾ ਰਿਹਾ ਸੀ। ਸਿੰਘਾਂ ਦੇ ਕਦਮ ਰੁਕੇ ਨਹੀਂ। ਤਿੰਨ ਵਾਰ ਗੋਲੀ ਚੱਲੀ। ਇਸ ਤਰ੍ਹਾਂ ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ ਜੱਥਾ ਟਿੱਬੀ ਸਾਹਿਬ ਜਾ ਹੀ ਪੁੱਜਾ। ਸਿਰਫ਼ ਜੱਥੇ ਦੇ ਸਿੰਘ ਹੀ ਨਹੀਂ, ਬਹੁਤ ਸਾਰੇ ਸੰਗਤਾਂ ਵਿੱਚੋਂ ਵੀ ਗੋਲੀਆਂ ਨਾਲ ਸ਼ਹੀਦ ਹੋ ਗਏ। ਕਿੰਨੇ ਕੁ ਸ਼ਹੀਦ ਹੋਏ? ਠੀਕ-ਠੀਕ ਕੋਈ ਨਹੀਂ ਜਾਣਦਾ। ਸਰਕਾਰ ਨੇ ਕਿਹਾ ਕਿ ਇੱਕੀ ਸਿੰਘ ਸ਼ਹੀਦ ਹੋਏ ਸਨ, ਤੇ ਤੇਤੀ ਜ਼ਖ਼ਮੀ। ਸ਼੍ਰੋਮਣੀ ਕਮੇਟੀ ਦਾ ਬਿਆਨ ਹੈ, ਕਿ ਸੌ ਸਿੰਘ ਸ਼ਹੀਦ ਹੋਏ ਤੇ ਦੋ ਸੌ ਫੱਟੜ, ਪਰ ਲੋਕਾਂ ਦਾ ਖ਼ਿਆਲ ਏ ਕਿ ਇਸ ਤੋਂ ਵਧੇਰੇ ਸਿੰਘ ਸ਼ਹੀਦ ਹੋਏ ਸਨ। ਸ਼ਹੀਦ ਹੋਣ ਵਾਲਿਆਂ ਦੀਆਂ ਕੁਛ ਲੋਥਾਂ ਜੱਥਾ ਨਾਲ ਚੁੱਕ ਕੇ ਟਿੱਬੀ ਸਾਹਿਬ ਲੈ ਗਿਆ ਸੀ। ਬਾਕੀ ਸਰਕਾਰ ਨੇ ਗੁੰਮ ਕਰ ਦਿੱਤੀਆਂ। ਜੱਥੇ ਦੇ ਬਚੇ

ਸਿੰਘ ਗ੍ਰਿਫ਼ਤਾਰ ਕਰਕੇ ਬਾਵਲ ਕਿਲ੍ਹੇ ਵਿੱਚ ਭੇਜ ਦਿੱਤੇ ਗਏ। ਏਸ ਖ਼ੂਨੀ ਕਾਰੇ ਨੇ ਸਾਰੇ ਦੇਸ਼ ਵਿੱਚ ਹਲਚਲ ਮਚਾ ਦਿੱਤੀ। ਕਾਂਗਰਸ ਤੇ ਹੋਰ ਜੱਥੇਬੰਦੀਆਂ ਵੱਲੋਂ ਸੁਨੇਹੇ ਪੁੱਜੇ ਕਿ ਉਹ ਹਰ ਤਰ੍ਹਾਂ ਸਿੱਖਾਂ ਦੀ ਸਹਾਇਤਾ ਕਰਨ ਵਾਸਤੇ ਤਿਆਰ ਹਨ। ਪੰਥ ਆਗਿਆ ਦੇਵੇ, ਤਾਂ ਉਹ ਆਪਣੇ ਵੱਲੋਂ ਜੱਥੇ ਭੇਜਣਾ ਚੌਂਹਦੇ ਹਨ। ਪਰ ਜੱਥਿਆਂ ਨਾਲ ਜਾਣ ਵਾਲਿਆਂ ਨੂੰ ਤਾਂ ਪਹਿਲਾਂ ਈ ਵਾਰੀ ਨਹੀਂ ਸੀ ਔਂਦੀ। ਮੈਂ ਵੀ ਬੜਾ ਹਠ ਕਰ ਕੇ ਗਿਆ ਸਾਂ। ਨਹੀਂ ਤਾਂ ਆਹੰਦੇ ਸੀ, ਤੂੰ ਅੱਗੇ ਗੁਰੂ ਕੇ ਬਾਗ਼ ਦੋ ਵਾਰ ਜਾ ਚੁੱਕਾ ਏਂ। ਮੈਂ ਆਖਿਆ, 'ਉਇ, ਮੈਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸਾਥੀ, ਗ਼ਦਰ ਪਾਰਟੀ ਵਿੱਚ ਕੈਦ ਕੱਟਣ ਵਾਲਾ ਬੰਦਾ, ਤੇ ਮੇਰੇ ਨਾਲੋਂ ਵਧੇਰੇ ਹੱਕ ਕੀਹਦਾ ਬਣਦਾ ਏ ? ਖ਼ੈਰ, ਪਹਿਲੇ ਜੱਥੇ 'ਤੇ ਗੋਲੀ ਚੱਲਣ ਤੋਂ ਇਕ ਹਫ਼ਤਾ ਪਿੱਛੋਂ (28 ਫਰਵਰੀ ਨੂੰ) ਅਕਾਲ ਤਖ਼ਤ ਤੋਂ ਪੰਜ ਸੌ ਦਾ ਦੂਸਰਾ ਜੱਥਾ ਤੁਰ ਪਿਆ।"

"ਵਾਹ, ਉਇ ਸੂਰਮਿਓ।" ਦੋ ਤਿੰਨ ਵਾਜਾਂ ਕੱਠੀਆਂ ਆਈਆਂ।

"ਉਸ ਵੇਲੇ ਜਿੰਨਾ ਜੋਸ਼ ਸੀ ਸੰਗਤਾਂ ਵਿੱਚ ? ਪੁੱਛੋ ਕੁਛ ਨਾ। ਸਾਰੇ ਲੋਕਾਂ ਨੂੰ ਯਕੀਨ ਸੀ ਕਿ ਦੂਸਰੇ ਜੱਥੇ ਉੱਤੇ ਵੀ ਗੋਲੀ ਚੱਲਗੀ। ਸਾਰਾ ਜੱਥਾ ਨਹੀਂ, ਤਾਂ ਬਹੁਤ ਸਾਰੇ ਭਾਗਾਂ ਵਾਲੇ ਸ਼ਹੀਦ ਹੋਣਗੇ। ਇਸ ਵਾਸਤੇ ਹਰ ਕੋਈ ਚੌਂਹਦਾ ਸੀ ਕਿ ਉਹਦਾ ਵੀ ਸ਼ਹੀਦਾਂ ਵਿੱਚ ਨਾਂ ਹੋ ਜਾਵੇ। ਤੇ ਧਰਮ ਬਦਲੇ ਸ਼ਹੀਦ ਹੋਣ ਨਾਲੋਂ ਹੋਰ ਚੰਗਾ ਕੰਮ ਹੋ ਵੀ ਕੀ ਸਕਦਾ ਏ ? ਸਾਡੇ ਨਾਲ ਇਕ ਭਾਈ ਹਰਨਾਮ ਸਿੰਘ ਸੀ। ਉਹਦੇ ਭਰਾਵਾਂ ਨੇ ਪੰਜ ਸੌ ਰੁਪਏ ਭੇਟਾ ਕਰਦਿਆਂ ਬੇਨਤੀ ਕੀਤੀ, 'ਜੇ ਸਾਡਾ ਭਰਾ ਜੈਤੋ ਵਿਚ ਸ਼ਹੀਦ ਹੋ ਜਾਵੇ, ਤਾਂ ਅਸੀਂ ਇਹਦੇ ਹਿੱਸੇ ਦੀ ਸਾਰੀ ਜ਼ਮੀਨ ਜਾਇਦਾਦ ਵੀ ਸ਼੍ਰੋਮਣੀ ਕਮੇਟੀ ਨੂੰ ਦੇ ਦਿਆਂਗੇ। ਤੇ ਆਪ ਅਸੀਂ ਤੀਸਰੇ ਸ਼ਹੀਦੀ ਜੱਥੇ ਵਿੱਚ ਜਾਵਾਂਗੇ।' ਸੋ ਐਸ ਤਰ੍ਹਾਂ.....।"

"ਸੁਬਹਾਨ ਅੱਲਾ!" ਗਹਿਣਾ ਲੁਹਾਰ ਵਿੱਚੋਂ ਹੀ ਬੋਲ ਉੱਠਿਆ।

"ਅਕਾਲ ਤਖ਼ਤੋਂ ਜਥੇ ਦੇ ਤੁਰਨ ਲਗਿਆਂ ਇਕ ਸਿੰਘ ਨੇ ਕਵਿਤਾ ਪੜ੍ਹੀ :

"ਕਲਗੀ ਵਾਲਿਆ ਜੀ, ਤੇਰਾ ਨਾਮ ਲੈ ਕੇ
ਅਸੀਂ ਨਿਕਲ ਆਏ ਹਾਂ ਮੈਦਾਨ ਅੰਦਰ।
ਅੰਗ-ਸੰਗ ਹੋ ਕਰੀਂ ਸਹਾਇਤਾ ਤੂੰ
ਆਪਣੇ ਬੱਚਿਆਂ ਦੀ ਇਮਤਿਹਾਨ ਅੰਦਰ।
ਸਾਰੇ ਮਰ ਮਿਟੀਏ, ਭਾਵੇਂ ਰਹੇ ਕੋਈ ਨਾ
ਨਾਮ ਲੈਣ ਜੋਗਾ ਵੀ ਜਹਾਨ ਅੰਦਰ।
ਫ਼ਰਕ ਵਾਲ ਜਿੰਨਾ ਪਰ ਨਾ ਔਣ ਦੇਈਏ
ਸੱਚੇ ਸਾਹਿਬਾ! ਸਿੱਖੀ ਦੀ ਸ਼ਾਨ ਅੰਦਰ।"

"ਬਾਬਾ 'ਕਾਲੀਆ! ਕਿਤੇ ਅਸੀਂ ਵੀ ਓਦੋਂ ਗਭਰੂ ਹੁੰਦੇ ਤਾਂ।" ਦੀਪੇ ਨੇ ਅੰਗੜਾਈ ਲੈਂਦਿਆਂ ਕਿਹਾ। ਉਹਦੇ ਅੰਦਰ ਹਸਰਤ ਸੀ ਕਿ ਉਹ ਉਮਰੋਂ ਛੋਟਾ ਹੋਣ ਕਰਕੇ ਓਦੋਂ ਕਿਸੇ ਮੋਰਚੇ ਵਿੱਚ ਨਹੀਂ ਜਾ ਸਕਿਆ।

"ਬੱਚੂ! ਸਾਰਿਆਂ ਦੇ ਅੰਦਰ ਓਦੋਂ ਏਹਾ ਜੋਸ਼ ਸੀ, ਸਗੋਂ ਇਸ ਤੋਂ ਵੀ ਵਧੇਰੇ ਤੇ ਜੋਸ਼ ਤੋਂ ਬਿਨਾਂ ਕੁਰਬਾਨੀ ਹੁੰਦੀ ਵੀ ਕਦੋਂ ਏ ? ਹਜ਼ਾਰਾਂ ਦੀ ਗਿਣਤੀ ਵਿੱਚ ਸੀ ਸੰਗਤ ਉਸ ਵੇਲੇ। ਸਭ ਦੀਆਂ ਅੱਖਾਂ ਵਿੱਚੋਂ ਪਾਣੀ ਵਗ ਰਿਹਾ ਸੀ। ਹਰ ਕੋਈ ਚੌਂਹਦਾ ਸੀ, ਕਿ ਜਾਣ ਵਾਲਿਆਂ ਦੀ ਥਾਂ ਉਹ, ਅੱਗੇ ਹੋ ਕੇ ਗੋਲੀ ਸਾਹਮਣੇ ਛਾਤੀ ਡਾਹਵੇ। ਉਸ ਵੇਲੇ ਲੀਡਰ ਹੁਕਮ ਦੇਂਦੇ, ਤਾਂ ਸਾਰਾ ਦੇਸ਼ ਈ ਤੁਰ ਪੈਂਦਾ। ਇਕ ਉਦਾਸੀ ਸਾਧੂ ਵੀ ਸਾਡੇ ਨਾਲ ਸੀ। ਉਹਨੇ ਆਪਣੀ ਸਾਰੀ ਪੂੰਜੀ ਪੰਥ ਦੇ ਹਵਾਲੇ ਕਰ ਦਿੱਤੀ, ਤੇ ਆਪ ਜੱਥੇ ਵਿਚ ਤੁਰ ਪਿਆ। ਇਕ ਸਿੰਘ ਨੇ ਸੰਗਤ ਵਿੱਚ ਖੜ੍ਹੇ ਹੋ ਕੇ ਕਿਹਾ, 'ਖ਼ਾਲਸਾ ਜੀ! ਮੇਰੇ ਦੋ ਪੁੱਤਰ ਸਨ। ਇਕ ਪਹਿਲੇ ਜੱਥੇ ਵਿੱਚ ਸ਼ਹੀਦ ਹੋ ਗਿਆ ਹੈ। ਦੂਸਰੇ ਨੂੰ ਮੈਂ ਏਸ ਜੱਥੇ ਵਿੱਚ ਭੇਜ ਰਿਹਾ ਹਾਂ। ਇਹਦੇ ਸ਼ਹੀਦ ਹੋਣ ਪਿੱਛੋਂ, ਅਗਲੇ ਜੱਥੇ ਵਿੱਚ ਮੈਂ ਚੱਲਾਂਗਾ। ਉਸ ਤੋਂ ਪਿੱਛੋਂ ਇਕ ਜੁਆਨ ਬੀਬੀ ਉਠੀ। ਉਹਦੇ ਹੱਥਾਂ ਵਿੱਚ ਫੁੱਲਾਂ ਦਾ ਹਾਰ ਸੀ। ਉਹਦਾ ਪਤੀ ਸਾਡੇ ਨਾਲ ਜੱਥੇ ਵਿੱਚ ਜਾ ਰਿਹਾ ਸੀ। ਉਸ ਬੀਬੀ ਨੇ ਪਤੀ ਦੇ ਗਲ ਵਿੱਚ ਹਾਰ ਪਾ ਕੇ ਚਰਨਾਂ 'ਤੇ ਮੱਥਾ ਟੇਕਦਿਆਂ ਕਿਹਾ, 'ਤੁਸਾਂ ਹੌਸਲੇ ਨਾਲ ਜਾਣਾ। ਵੇਖਣਾ, ਕਿਤੇ ਮਨ ਨਾ ਡੁਲੌਣਾ।' ਵੇਖਣ ਸੁਣਨ ਵਾਲੇ ਰੋ ਰਹੇ ਸਨ, ਪਰ ਉਹ....।"

"ਧੰਨ ਜਿਗਰਾ ਏ।" ਸੱਜਣ ਸਿੰਘ ਨੇ ਅੱਖਾਂ ਪੂੰਝਦਿਆਂ ਕਿਹਾ।

ਉਸ ਵੇਲੇ ਹੋਰ ਵੀ ਕੋਈ ਸੁਣਨ ਵਾਲੇ ਅੱਖਾਂ ਪੂੰਝ ਰਹੇ ਸਨ।

"ਪੁੱਤ ਸੱਜਣ ਸਿੰਹਾਂ! ਉਸ ਵੇਲੇ ਮੇਰੇ ਦਿਲ ਵਿੱਚ ਆਈ, ਕਿਤੇ...."

ਬਾਬੇ ਅਕਾਲੀ ਦਾ ਦਿਲ ਭਰ ਆਇਆ ਤੇ ਉਹਨੇ ਚੁੱਪ ਕਰਕੇ ਅੱਖਾਂ ਬੰਦ ਕਰ ਲਈਆਂ। ਉਸ ਵੇਲੇ ਉਹ ਅੰਦਰ ਵਸਦੀ ਖੇਮ ਕੌਰ ਨਾਲ ਗੱਲੀਂ ਰੁਝ ਗਿਆ ਸੀ। 'ਖੇਮ ਕੁਰੇ! ਕਿਤੇ....ਕਿਤੇ....ਤੂੰ ਵੀ ਕੋਲ ਹੁੰਦੀਓਂ, ਤਾਂ ਉਸ ਬੀਬੀ ਵਾਂਗ...। ਫਿਰ ਮੈਨੂੰ ਕਿੰਨੀ ਖ਼ੁਸ਼ੀ ਹੁੰਦੀ। ਮੇਰਾ ਸਿਰ ਕਿੰਨਾ ਉੱਚਾ ਹੁੰਦਾ। ਪਰ....ਪਰ...ਹੁਣ ਵੀ ਮੇਰਾ ਸਿਰ ਉੱਚਾ ਏ। ਹੁਣ ਵੀ ਮੈਂ ਤੇਰੇ 'ਤੇ ਖ਼ੁਸ਼ ਆਂ। ਤੂੰ ਸ਼ਹੀਦ ਹੈਂ। ਮੇਰੇ ਪਿਆਰ ਬਦਲੇ ਸ਼ਹੀਦ ਹੋਈ ਹੈਂ।'

ਸਰੋਤਿਆਂ ਦੀਆਂ ਅੱਖਾਂ ਬਾਬੇ ਅਕਾਲੀ ਉੱਤੇ ਟਿਕੀਆਂ ਹੋਈਆਂ ਸਨ। ਬਹੁਤੇ ਮਹਿਸੂਸ ਕਰ ਰਹੇ ਸਨ ਕਿ ਉਸ ਵੇਲੇ ਉਸ ਬੁੱਢੇ ਦੇਸ਼-ਭਗਤ ਦੇ ਅੰਦਰ ਕੀ ਬੀਤ ਰਹੀ ਸੀ ?

"ਓਸੇ ਵੇਲੇ ਮਹਾਤਮਾ ਗਾਂਧੀ ਦੀ ਤਾਰ ਆ ਗਈ।" ਬਾਬੇ ਅਕਾਲੀ ਨੇ ਆਪਣੇ ਆਪ 'ਤੇ ਕਾਬੂ ਪਾ ਕੇ ਫਿਰ ਗੱਲ ਸ਼ੁਰੂ ਕਰ ਦਿੱਤੀ, "ਤਾਰ ਦਾ ਮਤਲਬ ਸੀ

ਕਿ ਪਹਿਲੇ ਜੱਥੇ ਵਾਂਗ ਇਸ ਉਤੇ ਵੀ ਗੋਲੀ ਚੱਲਣ ਦਾ ਡਰ ਹੈ, ਸੋ ਜੱਥਾ ਨਾ ਭੇਜਿਆ ਜਾਵੇ। ਕੁਛ ਲੀਡਰਾਂ ਦੀ ਵੀ ਇਹ ਸਲਾਹ ਬਣ ਗਈ ਸੀ। ਉਹਨਾਂ ਸਾਨੂੰ ਰੁਕ ਜਾਣ ਵਾਸਤੇ ਕਿਹਾ, ਪਰ ਅਸਾਂ ਅੱਗੋਂ ਠੋਕ ਕੇ ਜਵਾਬ ਦਿੱਤਾ। ਅਸਾਂ ਕਿਹਾ, 'ਅਰਦਾਸਾ ਸੋਧਿਆ ਜਾ ਚੁੱਕਾ ਏ। ਹੁਣ ਅਸੀਂ ਨਹੀਂ ਰੁਕ ਸਕਦੇ।' ਜੱਥਾ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਾ ਤੁਰ ਪਿਆ। ਪਹਿਲਾ ਪੜਾਅ ਅਸਾਂ ਬਹੋੜੂ ਕੀਤਾ। ਫਿਰ ਝਬਾਲ, ਸੁਰ ਸਿੰਘ, ਦਿਆਲਪੁਰਾ, ਮੱਖੀ—ਮੱਖੀ ਦਾ ਨਾਂ ਬਦਲ ਕੇ ਅਸਾਂ ਮਰਗਿੰਦਪੁਰਾ ਰੱਖ ਦਿੱਤਾ—ਤੇ ਅਗ੍ਹਾਂ ਸਭਰਾਵਾਂ ਦੇ ਪੱਤਣ ਤੋਂ ਦਰਿਆ ਪਾਰ ਕਰਕੇ, ਕੋਟ ਈਸੇ ਖ਼ਾਂ, ਮੋਗਾ, ਕੋਟ ਕਪੂਰਾ ਰਾਹੀਂ ਹੁੰਦਾ ਹੋਇਆ ਜੱਥਾ ਜੈਤੋ ਜਾ ਪੁੱਜਾ। ਏਸ ਜੱਥੇ ਬਾਰੇ ਸਾਰੇ ਦੇਸ ਵਿੱਚ ਹਲਚਲ ਮੱਚੀ ਹੋਈ ਸੀ। ਅਸੀਂ ਵੀ ਸਮਝਦੇ ਸਾਂ ਕਿ ਸਾਡੇ 'ਤੇ ਗੋਲੀ ਜ਼ਰੂਰ ਚੱਲੇਗੀ। ਸਰਕਾਰ ਵੀ ਘਬਰਾ ਰਹੀ ਸੀ। ਪੰਜਾਬ ਦੇ ਨਵੇਂ ਗਵਰਨਰ ਸਰ ਮੈਲਕਮ ਹੇਲੀ ਨੇ ਅਸੈਂਬਲੀ ਵਿੱਚ ਐਲਾਨ ਕੀਤਾ, ਕਿ ਅਸੈਂਬਲੀ ਤੇ ਕੌਂਸਲ ਦੇ ਮੈਂਬਰ ਜਾ ਕੇ ਜੱਥੇ ਨੂੰ ਸਮਝਾ ਬੁਝਾ ਕੇ ਰੋਕਣ, ਤੇ ਸਰਕਾਰੀ ਸਿੱਖ ਅਖੰਡ ਪਾਠ ਕਰ ਲੈਣ। ਫਿਰ ਸਰਕਾਰ ਪਾਬੰਦੀ ਹਟਾ ਲਵੇਗੀ। ਨਾਭੇ ਦੇ ਅੰਗਰੇਜ਼ ਅਫ਼ਸਰ ਵਿਲਸਨ ਨੇ ਵੀ ਐਲਾਨ ਕੀਤਾ ਕਿ ਜੱਥੇ ਦੇ ਪੰਜਾਹ-ਪੰਜਾਹ ਸਿੱਖ ਜਾ ਕੇ ਪਾਠ ਕਰ ਸਕਦੇ ਹਨ। ਪਰ ਸਿੱਖ ਕਿਸੇ ਕਿਸਮ ਦੀ ਕੋਈ ਸ਼ਰਤ ਵੀ ਮੰਨਣ ਨੂੰ ਤਿਆਰ ਨਹੀਂ ਸਨ। ਉਸ ਵੇਲੇ ਮਦਨ ਮੋਹਨ ਮਾਲਵੀਆ ਤੇ ਕੁਛ ਹੋਰ ਪਤਵੰਤੇ ਸੱਜਣ ਜੈਤੋ ਪੁੱਜੇ ਹੋਏ ਸਨ। ਉਹਨਾਂ ਦੋਹਾਂ ਧਿਰਾਂ ਵਿੱਚ ਸਮਝੌਤਾ ਕਰੌਣ ਦਾ ਬੜਾ ਚਾਰਾ ਕੀਤਾ। ਸਾਨੂੰ ਪਿੱਛੋਂ ਪਤਾ ਲੱਗਾ ਕਿ ਸਰਕਾਰ ਸਭ ਕੁਛ ਮੰਨਦੀ ਵੀ ਸੀ, ਤੇ ਆਪਣਾ ਵਕਾਰ ਵੀ ਕਾਇਮ ਰਖਣਾ ਚਾਹੁੰਦੀ ਸੀ। ਉਸ ਵੇਲੇ ਸਾਨੂੰ ਏਹਾ ਯਕੀਨ ਸੀ ਕਿ ਗੋਲੀ ਜ਼ਰੂਰ ਚੱਲੇਗੀ। ਚੌਦਾਂ ਮਾਰਚ ਨੂੰ ਜੱਥਾ ਜੈਤੋ ਜਾ ਪੁੱਜਾ। ਚਾਰ ਚੁਫੇਰੇ ਪੁਲਸ ਤੇ ਫ਼ੌਜ ਬੰਦੂਕਾਂ ਤੇ ਮਸ਼ੀਨ ਗੰਨਾਂ ਤਾਣੀ ਖਲੀ ਸੀ। ਅਸੀਂ 'ਸਤਿਨਾਮ ਵਾਹਿਗੁਰੂ' ਜਪਦੇ ਤੁਰੇ ਜਾ ਰਹੇ ਸਾਂ। ਜਥਾ ਗੰਗਸਰ ਤੋਂ ਡੇਢ ਕੁ ਸੌ ਗਜ਼ ਦੀ ਵਿੱਥ 'ਤੇ ਜਾ ਪੁੱਜਾ। ਸਮਝੋ ਓਸੇ ਥਾਂ 'ਤੇ, ਜਿੱਥੇ ਪਹਿਲੇ ਜੱਥੇ ਉੱਤੇ ਗੋਲੀ ਚੱਲੀ ਸੀ। ਵਿਲਸਨ ਨੇ ਆਪ ਆ ਕੇ ਸਾਨੂੰ ਰੁਕ ਜਾਣ ਦਾ ਹੁਕਮ ਦਿੱਤਾ। ਅਸੀਂ ਉਹਦੀ ਗੱਲ ਦਾ ਉੱਤਰ ਦੇਣ ਦੀ ਥਾਂ ਆਪਣੀ ਚਾਲੇ ਤੁਰੇ ਗਏ। ਉਸ ਵੇਲੇ ਮਾਲਵੀਆ ਜੀ ਤੇ ਉਹਨਾਂ ਦੇ ਸਾਥੀ ਵੀ ਵਿਲਸਨ ਦੇ ਕੋਲ ਖਲੇ ਸਨ। ਮਾਲਵੀਆ ਨੇ ਬੜੇ ਰੁਹਬ ਨਾਲ ਕਿਹਾ, 'ਮਿਸਟਰ ਵਿਲਸਨ! ਵੇਖ ਲਵੋ, ਜੱਥੇ ਕੋਲ ਹਥਿਆਰ ਕੋਈ ਨਹੀਂ। ਤੁਸੀਂ ਨਿਹੱਥੇ ਸ਼ਾਂਤਮਈ ਸਿੱਖਾਂ ਉੱਤੇ ਗੋਲੀ ਨਹੀਂ ਚਲਾ ਸਕਦੇ।' ਅੱਧਾ ਮਿੰਟ ਚੁੱਪ ਰਹਿਣ ਪਿੱਛੋਂ ਵਿਲਸਨ ਨੇ ਜੱਥੇ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਬੱਸ ਸਾਨੂੰ ਗ੍ਰਿਫ਼ਤਾਰ ਕਰ ਕੇ ਨਾਭੇ ਜੇਹਲ ਵਿੱਚ ਭੇਜ ਦਿੱਤਾ ਗਿਆ। ਜੇਹਲ ਵਿੱਚ ਅਕਾਲੀਆਂ ਉੱਤੇ ਜਿੰਨੀਆਂ ਸਖ਼ਤੀਆਂ ਕੀਤੀਆਂ

ਗਈਆਂ, ਉਹਨਾਂ ਬਾਰੇ ਜਾਂ ਅਸੀਂ ਜਾਣਦੇ ਆਂ, ਜਾਂ ਪਰਮਾਤਮਾ। ਬੱਸ, ਪੁੱਛੋ ਈ ਕੁਛ ਨਾ। ਪਰ ਜਿਨ੍ਹਾਂ ਸਿਰ ਤਲੀ 'ਤੇ ਰਖੇ ਹੋਣ, ਉਹ ਕਦੇ ਸਖ਼ਤੀਆਂ ਤੋਂ ਵੀ ਡਰੇ ਨੇ? ਦੂਸਰੇ ਪਿੱਛੋਂ ਤੀਸਰਾ, ਤੇ ਤੀਸਰੇ ਪਿੱਛੋਂ ਚੌਥਾ ਸ਼ਹੀਦੀ ਜੱਥੇ ਚਲੇ ਹੀ ਆਏ। ਸੋਲਾਂ-ਸਤਾਰਾਂ ਸ਼ਹੀਦੀ ਜੱਥੇ ਤੁਰੇ। ਪੰਝੀਆਂ-ਪੰਝੀਆਂ ਦੇ ਜੱਥੇ ਇਸ ਤੋਂ ਵੱਖਰੇ ਸਨ। ਹੋਰ ਕਿਸੇ ਜੱਥੇ 'ਤੇ ਗੋਲੀ ਤਾਂ ਨਾ ਚੱਲੀ, ਪਰ ਗ੍ਰਿਫ਼ਤਾਰੀਆਂ ਤੇ ਮਾਰ ਕੁਟਾਈ ਹੁੰਦੀ ਰਹੀ। ਅੰਤ ਮਗਰਲੇ ਕੁਛ ਜੱਥੇ ਅਜੇ ਰਾਹ ਵਿੱਚ ਹੀ ਸਨ, ਜਾਂ ਮੋਰਚਾ ਫ਼ਤਹਿ ਹੋ ਗਿਆ। ਸਰਕਾਰ ਸਭ ਪਾਬੰਦੀਆਂ ਹਟਾ ਕੇ, ਫ਼ੌਜ ਤੇ ਪੁਲਸ ਲੈ ਕੇ ਚਲੀ ਗਈ। ਅੰਮ੍ਰਿਤਸਰੋਂ ਸਪੈਸ਼ਲ ਜੱਥਾ ਗੱਡੀ ਰਾਹੀਂ ਜੈਤੋ ਪੁੱਜਾ। ਉਹਨੇ ਜਾ ਕੇ ਅਖੰਡ ਪਾਠ ਰੱਖ ਦਿੱਤਾ। ਉਸ ਤੋਂ ਇਕ ਹਫ਼ਤਾ ਪਿੱਛੋਂ ਗਵਰਨਰ ਨੇ ਗੁਰਦੁਆਰਾ ਐਕਟ ਪ੍ਰਵਾਨ ਕਰ ਲਿਆ (28 ਜੁਲਾਈ, 1925), ਜਿਸ ਰਾਹੀਂ ਸਾਰੇ ਗੁਰਦੁਆਰਿਆਂ ਉੱਤੇ ਪੰਥ ਦਾ ਹੱਕ ਮੰਨ ਲਿਆ ਗਿਆ। ਸਹਿਜ-ਸਹਿਜ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ ਗਏ। ਏਸ ਤਰ੍ਹਾਂ ਗੁਰਦੁਆਰਾ ਲਹਿਰ ਸਮਾਪਤ ਹੋ ਗਈ। ਏਨੀਆਂ ਕੁਰਬਾਨੀਆਂ ਕਰਕੇ ਸਿੰਘਾਂ ਨੇ ਗੁਰਦੁਆਰਾ ਐਕਟ ਲਿਆ, ਜੀਹਦੇ ਕਾਰਨ ਸਿੱਖਾਂ ਵਿੱਚ ਸਦਾ ਵਾਸਤੇ ਫੁੱਟ ਪੈ ਗਈ।"

"ਵਾਹ, ਬਾਬਾ 'ਕਾਲੀਆ! ਖ਼ੁਸ਼ ਕੀਤਾ ਈ।" ਮਿਲਖਾ ਸਿੰਘ ਨੇ ਜ਼ਰਾ ਕੁ ਪਾਸਾ ਪਰਤਦਿਆਂ ਕਿਹਾ।

"ਮਖ, ਲੰਬਰਦਾਰ ਦਾ ਮਰਨਾ ਸੁਆਰ ਦਿੱਤਾ ਸੁ ਕਿ!" ਦੀਪੇ ਦੀ ਗੱਲ ਸੁਣ ਕੇ ਬਹੁਤਿਆਂ ਦਾ ਧਿਆਨ ਬਲਦੀ ਚਿਖਾ ਵੱਲ ਚਲਾ ਗਿਆ।

## 16

ਧੰਨੋ ਸ਼ਾਹ ਚੱਤੇ ਪਹਿਰ ਇਕੋ ਗੱਲ ਸੋਚਦਾ ਰਹਿੰਦਾ, 'ਤੂਤਾਂ ਵਾਲੇ ਖੂਹ ਉੱਤੇ ਦੋਹਾਂ ਘਰਾਂ ਦੀ ਅੱਠ-ਅੱਠ ਵਿਘੇ ਜ਼ਮੀਨ ਏ। ਉਂਞ ਐਨ ਚੌਰਸ, ਮੁਰੱਬੇ ਵਾਂਗ। ਪੈਲੀ ਬਾਗ਼ ਵਾਸਤੇ ਬੜੀ ਵਧੀਆ ਜਾਪਦੀ ਏ। ਬਗ਼ੀਚਾ ਲਾ ਕੇ ਵਿੱਚ ਛੋਟੀ ਜੇਹੀ ਕੁਟੀਆ ਪਾ ਲਵੇ। ਸੱਚੀਂ ਸੁਰਗ ਦਾ ਨਮੂਨਾ ਬਣ ਜਾਵੇ। ਫਿਰ ਪਾਰਬਤੀ ਦੀ ਭਾਬੋ ਨੂੰ ਸਪੈਸ਼ਲ ਤਾਂਗੇ 'ਤੇ ਬਠਾ ਲੈ ਜਾਵੇ। ਤਾਂਗਾ ਭਾਵੇਂ ਕਰਾਏ ਦਾ ਈ ਹੋਵੇ। "ਜੋਅ ਉਇ ਇਲਮੇ, ਖੂਹ। ਤੇਰੀ ਸ਼ਾਹਣੀ ਆਈ ਏ।" ਇਲਮਾ ਕੀ, ਸੱਜਣ ਸੂੰਹ ਕੀ, ਸਾਰੇ ਸਿਰ ਝੁਕਾਈ ਮੇਰੇ ਹੁਕਮ ਦੀ ਉਡੀਕ ਵਿੱਚ ਖਲੇ ਹੋਣ। ਅੰਗਰੇਜ਼ ਦਾ ਰਾਜ ਏ, ਮੁਜ਼ਾਰੇ ਦੀ ਕੀ ਹਸਤੀ ਏ ਮਾਲਕ ਦੇ ਸਾਹਮਣੇ। "ਲਿਆ ਉਇ ਬਸ਼ਕੇ ਦਿਆ ਪੁੱਤਰਾ, ਸ਼ਾਹਣੀ ਵਾਸਤੇ ਕੁਰਸੀ ਲਿਆ।" ਭਜਨ ਕੌਰ ਤੇ ਜੈਨਾ ਵੀ ਸ਼ਾਹਣੀ ਦੇ ਪੈਰੀਂ ਹੱਥ ਲਾ ਕੇ ਆਖਣ, "ਸ਼ੁਕਰ ਏ, ਅੱਜ ਤਾਂ ਕੀੜੀ ਦੇ ਘਰ ਨਰਾਇਣ ਆਇਆ ਏ।" ਓਧਰ

ਕਰਮੂ ਤੇ ਅਲੀਆ ਘਰੋਂ ਰੰਗੀਲੇ ਪਾਵਿਆਂ ਵਾਲੇ ਪਲੰਘ ਤੇ ਨੀਲੀ ਕੰਨੀਂ ਵਾਲੀਆਂ ਦੁਹਰਾਂ ਲੈ ਕੇ ਭੱਜੇ ਆਉਣ। ਫੇਰ ਮੈਂ ਆਖਾਂ, 'ਵੇਖਿਆ ਈ ਪਾਰਬਤੀ ਦੀ ਭਾਬੋ! ਤੂੰ ਮੈਨੂੰ ਕੰਜੂਸ ਸਮਝਦੀ ਹੁੰਦੀ ਸੈਂ। ਲੋਕਾਂ ਨੇ ਖਾ ਹੰਢਾ ਛੱਡਿਆ ਏ। ਖਾ ਹੰਢਾ ਕੀ, ਗੁਆ ਛੱਡਿਆ ਏ। ਮੈਂ ਤੇਰੇ ਵਾਸਤੇ ਆਹ ਕੁਛ ਬਣਾ ਦਿੱਤਾ ਏ। ਹੈ ਕਿ ਨਹੀਂ ਨਿਰਾ ਸੁਰਗ ਦਾ ਨਮੂਨਾ। ਭਲੀਏ ਲੋਕੇ! ਸਰਫ਼ਾ ਕੀਤਿਆਂ ਬਿਨਾਂ ਜੁੜਦੀ ਨਹੀਂ। ਤੁਸੀਂ ਕੀ ਜਾਣੋ, ਕਿ ਇਹ ਕੁਛ ਬਨਾਉਣ ਵਾਸਤੇ ਧੰਨੇ ਸ਼ਾਹ ਨੇ ਕੀ-ਕੀ ਝੂਠ ਅਪਰਾਧ ਤੋਲੇ ਨੇ, ਕਿੰਨੇ ਵਲ ਫ਼ਰੇਬ ਕੀਤੇ ਨੇ। ਹੁਣ ਤੇਰੇ ਪੁੱਤਰ ਪੋਤਰੇ ਮੌਜਾਂ ਪਏ ਕਰਨਗੇ ਪੀਹੜੀਆਂ ਤਕ।" ਪਰ....ਪਰ.....ਜਿਸ ਚਾਲੇ ਉਹ ਦੋਵੇਂ ਨਾ-ਮੁਰਾਦ ਚੱਲ ਰਹੇ ਨੇ, ਓਸ ਤਰ੍ਹਾਂ ਤਾਂ ਮੰਜ਼ਲ ਬਹੁਤ ਦੂਰ ਏ। ਸਾਲ ਹੋ ਚੱਲਿਆ ਏ, ਤੇ ਸੱਜਣ ਸਿਹੁੰ ਦਾ ਕਰਜ਼ਾ ਤਿੰਨ ਸੌ ਤੋਂ ਨਹੀਂ ਵਧਿਆ। ਜੇ ਐਦਕੀਂ ਦੀ ਫ਼ਸਲ ਤੋਂ, ਵਿੱਚੋਂ ਕੁਛ ਮੋੜ ਦਿੱਤੋ ਸੁ, ਤਾਂ ਅਸਲੋਂ ਈ ਬੇੜਾ ਗ਼ਰਕ। ਇਹ ਸਿੱਖ ਏਸ ਗੱਲੋਂ ਬੜੇ ਭੈੜੇ ਨੇ। ਬੜੀ ਮੁਸ਼ਕਲ ਨਾਲ ਫਸਾਈਦੇ ਨੇ। ਹਾਂ, ਕੋਈ ਫ਼ੌਜਦਾਰੀ ਦਾ ਰਗੜਾ ਝਗੜਾ ਪੈ ਜਾਵੇ, ਤਾਂ ਫੇਰ ਅੱਗਾ ਪਿੱਛਾ ਨਹੀਂ ਵਿਹੰਦੇ। ਤੇ ਜੇ ਕਿਤੇ—ਰੱਬ ਕਰੇ—ਕਤਲ ਹੋ ਜਾਵੇ, ਤਾਂ ਸ਼ਾਹੂਕਾਰਾਂ ਦੇ ਪੌਂ-ਬਾਰਾਂ। ਤੇ ਵਕੀਲਾਂ ਤੇ ਪੁਲਸ ਵਾਲਿਆਂ ਦੀਆਂ ਪੰਜੇ ਘਿਉ ਵਿੱਚ। ਇਹ ਮੁਸਲਮਾਨ, ਏਸ ਗੱਲੋਂ ਕੁਛ ਚੰਗੇ ਨੇ। ਸ਼ਹਿਰਾਂ ਦੇ ਬਪਾਰੀ ਤਬਕੇ ਨੂੰ ਛੱਡ ਕੇ, ਪਿੰਡਾਂ ਦੇ ਮੁਸਲਮਾਨ ਕਰਜ਼ਾ ਲੈਣ ਨੂੰ ਤਕੜੇ ਨੇ। ਫਿਰ ਵਿਆਜ ਜਿੰਨਾ ਮਰਜ਼ੀ ਜੇ, ਲਾ ਲਵੋ। ਕੋਲ ਕੁਛ ਦੇਣ ਨੂੰ ਹੋਵੇ ਸਹੀ, ਫਿਰ ਮੋੜਨੋ ਵੀ ਨਾਂਹ ਨਹੀਂ ਕਰਦੇ। ਇਹ ਹਿੰਦੂਆਂ ਸਿੱਖਾਂ ਜਿੰਨਾ ਜਾਇਦਾਦ ਦਾ ਮੋਹ ਨਹੀਂ ਕਰਦੇ। ਇਲਮ ਦੀਨ ਪਹਿਲੇ ਦਿਨ ਈਂ ਆਹੰਦਾ ਸੀ, ਮੈਥੋਂ ਭਾਵੇਂ ਵਿਘਾ ਜ਼ਮੀਨ ਲਿਖਾ ਲਵੋ। ਪਰ ਧੰਨੇ ਸ਼ਾਹ ਕਿਤੇ ਕੱਚੀਆਂ ਗੋਲੀਆਂ ਨਹੀਂ ਖੇਡਿਆ ਹੋਇਆ। ਦਨਾਵਾਂ ਆਖਿਆ ਏ, ਬਗਲਾ ਫੜਨਾ ਹੋਵੇ, ਤਾਂ ਪਹਿਲਾਂ ਉਹਦੇ ਸਿਰ 'ਤੇ ਮੋਮ ਰੱਖ ਦਿਹੋ। ਧੁੱਪ ਨਾਲ ਪੱਘਰ ਕੇ ਮੋਮ ਉਹਦੀਆਂ ਅੱਖਾਂ ਵਿੱਚ ਪੈ ਜਾਵੇ, ਤਾਂ ਮਾਨਤੀ ਜੇਹੀ ਫੜ ਲਵੋ। ਫਿਰ ਉਹ ਗ਼ਰੀਬ ਖੰਭ ਨਹੀਂ ਫੜਕੇਗਾ। ਖੰਭ ਹਿਲਾਉਣ ਜੋਗਾ ਰਹੇਗਾ ਈ ਨਹੀਂ। ਏਹਾ ਹਾਲ ਸ਼ਾਹੂਕਾਰੇ ਦਾ ਏ। ਸਹਿਜ-ਸਹਿਜ ਤੰਦੂਏ ਵਾਂਗ ਚੁਫੇਰੇ ਤਾਰਾਂ ਦਾ ਜਾਲ ਤਣਦੇ ਜਾਉ। ਜਿਸ ਵੇਲੇ ਅਗਲਾ ਹਿੱਲਣ ਤੜਫਣ ਜੋਗਾ ਨਾ ਰਹੇ, ਇਕੋ ਵਾਰ ਫੜ ਕੇ ਗਿੱਚੀ ਮਰੋੜ ਲਵੋ। ਏਥੇ ਵੀ....ਸੱਜਣ ਸਿਹੁੰ ਕੁਛ ਔਖਾ ਕਾਬੂ ਆਵੇਗਾ। ਬਹੁਤੀ ਚਿੰਤਾ ਓਸੇ ਦੀ ਏ। ਇਲਮਾਂ ਵਿਚਾਰਾ ਵਾਹਵਾ ਤੁਰ ਪਿਆ ਏ। ਸਾਲ ਦੇ ਅੰਦਰ-ਅੰਦਰ ਉਹਦੇ ਸਿਰ ਚਾਰ ਸੌ ਤੋਂ ਉੱਤੇ ਹੋ ਗਿਆ ਏ। ਦੋ ਸੌ ਦੇ ਨੇੜੇ ਉਸ ਤੋਂ ਛੋਟਾ ਕਰਮੂ ਵੀ ਅੱਪੜ ਪੈਣ ਲੱਗਾ ਏ। ਖ਼ੈਰ, ਇਹ ਦੋਵੇਂ ਤਾਂ ਚਾਰ-ਪੰਜ ਸਾਲ ਤੋਂ ਵੱਧ ਨਹੀਂ ਤਗਣ ਲੱਗੇ। ਦੂੱਜੇ ਬਾਰੇ ਕੋਈ ਹੋਰ ਢੰਗ ਸੋਚਣਾ ਪਵੇਗਾ।'

ਤੇ ਢੰਗ ਉਹਨੂੰ ਸੁੱਝ ਪਿਆ। ਨੰਬਰਦਾਰ ਚੇਤ ਸਿੰਘ ਦੀ ਮੌਤ ਸੁਣ ਕੇ ਉਹ ਇਕੋ ਵਾਰ ਭੁੜਕ ਉਠਿਆ। 'ਧੰਨੇ ਸ਼ਾਹ! ਹਰ ਇਕ ਦਾ ਰੱਬ ਦਾਤਾ ਏ ਨਾ।' ਉਹਨੇ ਆਪਣੇ ਆਪ ਨੂੰ ਕਿਹਾ। 'ਇਸ ਤੋਂ ਚੰਗਾ ਸਮਾਂ ਹੋਰ ਨਹੀਂ ਮਿਲਨ ਲੱਗਾ। ਤੇ ਹੋਰ ਸਮੇਂ ਦੀ ਉਡੀਕ ਸ਼ਕਾਰੀ ਕਰੇ ਵੀ ਕਿਉਂ ? ਜਿਹੜਾ ਮੌਕਾ ਮਿਲੇ, ਓਸੇ ਤੋਂ ਕਿਉਂ ਫ਼ਾਇਦਾ ਨਾ ਉਠਾਵੇ? ਬੱਸ, ਇਕ ਵਾਰ ਛੇੜ ਛਿੜ ਪਵੇ, ਫੇਰ ਇਹ ਆਪੇ ਤੁਰੇ ਰਹਿੰਦੇ ਨੇ। ਜੱਟਾਂ ਦਾ ਸੁਭਾਅ ਈ ਏਹੋ ਜੇਹਾ ਏ। ਇਕ ਵਾਰ ਦੋ ਸ਼ਰੀਕ—ਭਾਵੇਂ ਨਗੂਣੀ ਜੇਹੀ ਗੱਲੋਂ—ਆਮ੍ਹੋ-ਸਾਮ੍ਹਣੇ ਹੋ ਖਲੋਣ, ਫਿਰ ਨਹੀਂ ਅੱਗਾ ਪਿੱਛਾ ਵਿੰਹਦੇ। ਕੁੱਲੀ 'ਤੇ ਭਾਵੇਂ ਕੱਖ ਨਾ ਰਹੇ ਪਰ ਮੁੱਛ ਨੀਂਵੀਂ ਨਹੀਂ ਹੋਣ ਦੇਣਗੇ।....ਭਲਾ ਹੋਵੇ ਅੰਗਰੇਜ਼ਾਂ ਦਾ, ਜ਼ੀਹਨੇ ਗਿਣ-ਮਿਥ ਕੇ ਏਸ ਕੌਮ ਨੂੰ ਅਨਪੜ੍ਹ ਰਖਿਆ ਏ। ਜੇ ਕਿਤੇ ਜੱਟ ਪੜ੍ਹ ਲਿਖ ਜਾਣ, ਤਾਂ ਨਾ ਅੰਗਰੇਜ਼ ਨੂੰ ਤੇਰਾਂ ਰੁਪਏ ਪਿੱਛੇ ਗੋਲੀ ਅੱਗੇ ਹਿੱਕ ਡਾਹੁਣ ਵਾਲਾ ਮਿਲੇ, ਤੇ ਨਾ ਸ਼ਾਹੂਕਾਰਾਂ ਤੇ ਵਕੀਲਾਂ ਦੀਆਂ ਕੋਠੀਆਂ ਉਸਰਨ। ਜਿਹੜੇ ਲੀਡਰ ਇਹਨਾਂ ਲੋਕਾਂ ਨੂੰ ਤਾਲੀਮ ਦੇਣ ਦੀਆਂ ਗੱਲਾਂ ਕਰਦੇ ਨੇ, ਮੇਰਾ ਵੱਸ ਚੱਲੇ, ਤਾਂ ਸਾਰਿਆਂ ਨੂੰ ਕਾਲੇ ਪਾਣੀ ਭੇਜ ਦਿਆਂ।' ਧੰਨੇ ਸ਼ਾਹ ਦੀਆਂ ਆਪਣੇ ਆਪ ਹੀ ਗੁੱਸੇ ਨਾਲ ਮੁੱਠਾਂ ਮੀਟੀਆਂ ਗਈਆਂ।

ਆਪਣੇ ਨਿਸ਼ਾਨੇ 'ਤੇ ਪਹੁੰਚਣ ਵਾਸਤੇ ਧੰਨੇ ਸ਼ਾਹ ਬੜਾ ਉੱਦਮੀ ਸੀ। ਉਹ ਰਾਤ ਦਿਨ ਇਕ ਕਰ ਛੱਡਿਆ ਕਰਦਾ ਸੀ। ਸਭ ਤੋਂ ਪਹਿਲਾਂ ਉਹ ਮੁਸਲਮਾਨ ਤਸੀਲਦਾਰ ਦੇ ਮੁਣਸ਼ੀ ਨੂੰ ਮਿਲਿਆ। ਉਹਦੀ ਮੁੱਠੀ ਗਰਮ ਕਰਕੇ ਧੰਨੇ ਸ਼ਾਹ ਨੇ ਲੋੜੀਂਦੀ ਜਾਣਕਾਰੀ ਹਾਸਲ ਕਰ ਲਈ। ਫਿਰ ਉਹ ਲੱਗਾ ਇਲਮ ਦੀਨ ਦੀ ਉਡੀਕ ਕਰਨ।

"ਉ, ਆ ਚੌਧਰੀ ਇਲਮ ਦੀਨਾ! ਕਦੇ-ਕਦੇ ਤਾਂ ਯਾਰ, ਤੂੰ ਈਦ ਦਾ ਚੰਦ ਬਣ ਜਾਂਦਾ ਏਂ। ਮੇਰਾ ਖ਼ਿਆਲ ਏ, ਪੰਦਰਾਂ ਦਿਨ ਤੋਂ ਉੱਤੇ ਹੋ ਗਏ ਹੋਣੇ ਨੇ ਤੈਨੂੰ ਆੜ੍ਹਤ 'ਤੇ ਪੈਰ ਪਾਇਆਂ।" ਵਾਹਵਾ ਦਿਨਾਂ ਪਿੱਛੋਂ ਆਏ ਇਲਮ ਦੀਨ ਨੂੰ ਧੰਨੇ ਸ਼ਾਹ ਨੇ ਅਜੇਹੇ ਨਿਹੋਰੇ ਨਾਲ ਕਿਹਾ, ਜਿਵੇਂ ਉਹ ਮਿੱਤਰ ਦੇ ਵਿਛੋੜੇ ਵਿਚ ਡਾਢਾ ਉਦਾਸ ਰਿਹਾ ਹੋਵੇ।

"ਐਨੇ ਦਿਨ ਕਿੱਥੋਂ, ਸ਼ਾਹ! ਪਿਛਲੇ ਜੁੰਮੇ ਨੂੰ ਆਇਆ ਸਾਂ ਕਿ!" ਕਹਿੰਦਾ ਹੋਇਆ ਇਲਮ ਦੀਨ ਸ਼ਾਹ ਦੀ ਵਿਛੀ ਹੋਈ ਗੱਦੀ ਦੀ ਨੁੱਕਰ 'ਤੇ ਬਹਿ ਗਿਆ।

"ਤੇ ਅੱਜ ਹੋਇਆ ਵੀਰਵਾਰ। ਚੌਦਾਂ ਦਿਨ ਹੋ ਗਏ ਨਾ ਫਿਰ ਵੀ। ਕਿਸੇ ਨੂੰ ਗਿੱਦੜ ਗੋਚਰੀ ਕੁਛ ਕੰਮ ਪੈ ਗਿਆ ਸੀ। ਉਹ ਆਖਣ ਲੱਗਾ, 'ਯਾਰ ਕੇ ਪਹਾੜਾਂ ਤੋਂ ਈ ਨਹੀਂ ਉਤਰਦੇ।' ਓਹਾ ਗੱਲ ਹੋਈ ਨਾਂ।" ਧੰਨੇ ਸ਼ਾਹ ਨੇ ਹੱਥ ਵਾਲੀ ਕਲਮ ਕੰਨ ਉੱਤੇ ਟੰਗਦਿਆਂ ਕਿਹਾ।

"ਉ ਸ਼ਾਹ! ਹੁਕਮ ਕਰ। ਕੀ ਐਹੋ ਜੇਹੀ ਵਿੱਡੀ ਪੈ ਗਈ ?" ਇਲਮਦੀਨ ਜ਼ਰਾ ਉਤਸ਼ਾਹ ਨਾਲ ਬੋਲਿਆ। ਉਹਨੇ ਸੋਚਿਆ ਕਿ ਸ਼ਾਹ ਨੂੰ ਮੇਰੇ ਗੋਚਰਾ ਕੋਈ ਕੰਮ ਹੈ, ਤਾਂ ਉਹ ਜ਼ਰੂਰ ਮੈਨੂੰ ਕੁਛ ਹੋਰ ਰਕਮ ਦੇਣ ਵਾਸਤੇ ਤਿਆਰ ਹੋ ਜਾਵੇਗਾ।

"ਕੋਈ ਵੱਡਾ ਕੰਮ ਤਾਂ ਨਹੀਂ।" ਧੰਨੇ ਸ਼ਾਹ ਨੇ ਸੱਜੇ ਹੱਥ ਨਾਲ ਗਿੱਚੀ ਖੁਰਕਦਿਆਂ ਕਿਹਾ, "ਆਹ ਆਪਣਾ ਨਵਾਂ ਤਸੀਲਦਾਰ ਆਇਆ ਏ ਨਾ, ਚੌਧਰੀ ਰਹੀਮੁੱਲਾ ਖ਼ਾਂ। ਇਹ ਆਪਣਾ ਈਂ ਬੰਦਾ ਏ। ਭਈ, ਬੜਾ ਮਿਲਨਸਾਰ ਤੇ ਪੱਕਾ ਮੁਸਲਮਾਨ ਏਂ। ਆਉਂਦਿਆਂ ਆਪਣੇ ਵੱਲੋਂ ਚਪੜਾਸੀ ਭੇਜਿਓ ਸੂ, ਕਿ ਸ਼ਾਹ ਹੋਰੀਂ ਇਕ ਵਾਰ ਜ਼ਰੂਰ ਦਰਸ਼ਨ ਦੇ ਜਾਣ। ਹੁਣ ਤੇ ਜਾਣਦਾ ਏਂ, ਉਹ ਹੋਇਆ ਸਮੇਂ ਦਾ ਹਾਕਮ, ਇਲਾਕੇ ਦਾ ਰਾਜਾ। ਆਪਣੇ ਜੱਟਾਂ ਜ਼ਿਮੀਂਦਾਰਾਂ ਵਾਸਤੇ ਪਟਵਾਰੀ ਤੇ ਤਸੀਲਦਾਰ ਈ ਸਭ ਕੁਛ ਹੁੰਦੇ ਨੇ। ਇਹਨਾਂ ਦੀ ਵਗੀ ਕਲਮ, ਕਿਸੇ ਉਥੱਲਣੀ ਜੁ ਨਾ ਹੋਈ। ਸਿਆਣਾ ਏਂ ਤੂੰ, ਹੁਣ ਖ਼ਾਲੀ ਹੱਥ, ਅਫ਼ਸਰ ਨੂੰ ਮਿਲਨ ਜਾਣਾ ਸ਼ੋਭਦਾ ਨਹੀਂ। ਭਾਵੇਂ ਆਪਣਾ ਈ ਏ, ਪਰ ਅਫ਼ਸਰ ਤਾਂ ਹੋਇਆ ਨਾ। ਵਧੇਰੇ ਨਹੀਂ, ਤਾਂ ਇਕ ਪੀਪੀ ਘਿਉ ਦੀ ਤੇ ਦੋ-ਚਾਰ ਦਰਜਨਾਂ ਆਂਡੇ ਈ ਸਹੀ।"

"ਤੇ ਸ਼ਾਹ! ਤੂੰ ਕਿਸੇ ਔਂਦੇ-ਜਾਂਦੇ ਹੱਥ ਆਖ ਘੱਲੇ ਆਂ। ਤੇਰਾ ਕਾਂ ਹੱਥ ਸੁਨੇਹਾ ਗਿਆ ਈ ਕਾਫ਼ੀ ਸੀ।"

"ਸੱਜਣ ਸਿਹੁੰ ਇਕ ਦਿਨ ਮਿਲਿਆ ਤਾਂ ਸੀ, ਪਰ ਉਹਨੂੰ ਆਖਣ 'ਤੇ ਦਿਲ ਨਹੀਂ ਕੀਤਾ। ਤੇਰਾ ਉਹ ਸੱਜਣ ਬੇਲੀ ਏ, ਭਾਵੇਂ ਤੂੰ ਗੁੱਸਾ ਈ ਕਰੇਂ, ਪਰ ਇਹ ਲੋਕ ਕਿਸੇ ਦਾ ਗੁਣ ਨਹੀਂ ਜਾਣਦੇ। ਬੱਸ, ਨੈਂ ਲੰਘੀ ਤੇ ਖਵਾਜਾ ਵਿੱਸਰਿਆ, ਵਾਲੀ ਗੱਲ ਏ। ਅਸਲੀ ਮੁਸਲਮਾਨ ਵਰਗਾ ਵਫ਼ਾਦਾਰ ਹੋਰ ਕੋਈ ਨਹੀਂ। ਸਾਡੀ ਗੱਲ ਏ, ਨਿਭਦੀ ਈ ਮੁਸਲਮਾਨਾਂ ਨਾਲ ਏ।"

"ਤੇਰੇ ਨੌਕਰ ਆਂ, ਧੰਨੇ ਸ਼ਾਹ! ਜਿਹੜਾ ਗੁਣ ਕਰੇ, ਉਹਦੀ ਥਾਂ ਆਪਾਂ ਜਾਨ ਦੇਣ ਵਾਸਤੇ ਹਾਜ਼ਰ ਆਂ।" ਇਲਮ ਦੀਨ ਨੇ ਰਸਮੀ ਫੜ੍ਹ ਮਾਰੀ।

"ਤੇ ਆਪਾਂ ਵੀ ਮੋੜਾ ਫੇਰਨ ਵਾਲੇ ਨਹੀਂ ਚੌਧਰੀ ਇਲਮ ਦੀਨਾ! ਹਾਹੋ।" ਧੰਨੇ ਸ਼ਾਹ ਨੇ ਭਰਵੀਂ ਨਜ਼ਰ ਨਾਲ ਤਕਦਿਆਂ ਕਿਹਾ, ਜਿਵੇਂ ਉਹ ਆਪਣੀ ਅਡੋਲ ਸ਼ਖ਼ਸੀਅਤ ਦਾ ਸਰੋਤੇ 'ਤੇ ਉਚੇਚਾ ਪ੍ਰਭਾਵ ਪਾਉਣਾ ਚਾਹੁੰਦਾ ਹੋਵੇ।

ਇਲਮ ਦੀਨ ਨੂੰ ਉੱਤਰ ਵਾਸਤੇ ਢੁੱਕਦੇ ਸ਼ਬਦ ਨਾ ਮਿਲੇ। ਉਹਨੇ ਸਿਰਫ਼ ਹਾਂ ਵਿੱਚ ਸਿਰ ਹਿਲਾ ਛੱਡਿਆ।

"ਨਾਲੇ ਹੋਰ ਨਵੀਂ ਗੱਲ ਸੁਣੀ ਊਂ?" ਧੰਨੇ ਸ਼ਾਹ ਨੇ ਥੋੜ੍ਹਾ ਜਿਹਾ ਨੇੜੇ ਝੁਕ ਕੇ ਕਿਹਾ, ਜਿਵੇਂ ਉਹ ਕੋਈ ਬਹੁਤ ਵੱਡੀ ਭੇਤ ਦੀ ਗੱਲ ਦੱਸਣ ਲੱਗਾ ਹੋਵੇ।

"ਕੀ ?" ਇਲਮ ਦੀਨ ਨੇ ਪ੍ਰਸ਼ਨ ਭਰੀਆਂ ਅੱਖਾਂ ਨਾਲ ਤਕਦਿਆਂ ਕਿਹਾ।

"ਭਈ, ਤੁਹਾਡੇ ਇਲਾਕੇ ਦਾ ਸਫ਼ੈਦਪੋਸ਼ ਵੀ ਸਿੱਖ, ਬਹੁਤੇ ਪਿੰਡਾਂ ਦੇ ਨੰਬਰਦਾਰ ਵੀ ਸਿੱਖ। ਇਕ ਜ਼ੈਲਦਾਰ ਈ ਮੁਸਲਮਾਨ ਏਂ ਨਾ। ਤੇ ਉਹ ਬੰਦਾ ਵੀ ਸਵੇਰ ਦੇ ਨਾਂ ਲੈਣ ਵਾਲਾ। ਕੁਛ ਕੱਟੜ ਅਕਾਲੀ ਉਹਦੇ ਬਰਖ਼ਲਾਫ਼ ਦਰਖ਼ਾਸਤ ਦੇਣ ਨੂੰ ਫਿਰਦੇ ਨੇ। ਅਖੇ : ਇਹ ਸਿੱਖਾਂ ਦਾ ਇਲਾਕਾ ਏ, ਏਥੇ ਸਿੱਖ ਜ਼ੈਲਦਾਰ ਹੋਣਾ ਚਾਹੀਦਾ ਏ। ਸੁਣਿਆਂ ਈਂ ?" ਧੰਨੇ ਸ਼ਾਹ ਦੂਸਰੇ 'ਤੇ ਅਸਰ ਪਾਉਣ ਵਾਸਤੇ ਪਲ ਦਾ ਪਲ ਰੁਕ ਗਿਆ।

"ਇਹ ਤਾਂ ਫਿਰ...!" ਇਲਮ ਦੀਨ ਨੂੰ ਸੁੱਝਿਆ ਕੁਛ ਨਾ, ਕਿ ਅਗਾਂ ਕੀ ਕਹੇ ?

"ਤੇ ਇਹ ਗੱਲ ਸੁਣ ਕੇ, ਆਪਣੇ ਤਸੀਲਦਾਰ ਸਾਹਿਬ ਨੇ ਕਿਹਾ ਏ, ਅਖੇ : ਮੈਂ ਧਰਮ-ਕੰਡੇ ਵਾਂਗ ਦੁੱਧ-ਪਾਣੀ ਨਤਾਰ ਕੇ ਰੱਖ ਦਿਆਂਗਾ।" ਧੰਨੇ ਸ਼ਾਹ ਨੇ ਖੱਬੇ ਹੱਥ ਦੀ ਮੁੱਠ ਵੱਟ ਕੇ ਬਾਂਹ ਨਿਸਲ ਕਰਦਿਆਂ ਕਿਹਾ, ਜਿਵੇਂ ਉਹ ਸੱਚਮੁੱਚ ਤੱਕੜੀ ਤੋਲ ਰਿਹਾ ਹੋਵੇ। "ਏਸ ਇਲਾਕੇ ਵਿੱਚ ਸਿੱਖਾਂ ਤੇ ਮੁਸਲਮਾਨਾਂ ਦੀ ਗਿਣਤੀ ਇਕੋ ਜੇਹੀ ਹੈ। ਸਫ਼ੈਦਪੋਸ਼ ਸਿੱਖ ਹੈ, ਤਾਂ ਜ਼ੈਲਦਾਰ ਮੁਸਲਮਾਨ ਹੀ ਰਹੇਗਾ। ਇਲਾਕੇ ਵਿੱਚ ਜਿੰਨੇ ਨੰਬਰਦਾਰ ਸਿੱਖ ਨੇ, ਓਨੇ ਹੀ ਮੁਸਲਮਾਨ ਹੋਣਗੇ। ਚੌਧਰੀ ਸਾਹਿਬ ਨੇ ਤਾਂ ਏਥੋਂ ਤੱਕ ਕਿਹਾ ਏ, ਕਿ ਜਿਹੜੇ-ਜਿਹੜੇ ਪਿੰਡ ਵਿੱਚ ਸਿੱਖ ਤੇ ਮੁਸਲਮਾਨ ਦੋਵੇਂ ਕੌਮਾਂ ਮਾਲਕ ਨੇ, ਓਥੇ ਇਕ ਨੰਬਰਦਾਰ ਸਿੱਖ ਹੋਵੇਗਾ, ਇਕ ਮੁਸਲਮਾਨ। ਜਿਵੇਂ ਅੱਗੇ ਲਖਣੇ ਕਿਆਂ 'ਚ ਹੈ। ਤੁਹਾਡੇ ਪਿੰਡ ਦਾ ਵੀ ਜ਼ਿਕਰ ਚੱਲਿਆ ਸੀ। ਸਿੱਖ ਮੁਸਲਮਾਨ ਅੱਧੋ ਅੱਧ ਓ ਨਾ ਤੁਸੀਂ ?"

"ਜ਼ਮੀਨ ਤਾਂ ਅੱਧੋ-ਅੱਧ ਏ, ਉਂਞ ਗਿਣਤੀ 'ਚ ਅਸੀਂ ਵਧੇਰੇ ਆਂ।" ਇਲਮ ਦੀਨ ਹੁਣ ਕੁਛ-ਕੁਛ ਸ਼ਾਹ ਦੀ ਗੱਲ ਸਮਝਿਆ ਸੀ।

"ਲੈ ਫਿਰ, ਸਾਡੀ ਆਖੀ ਯਾਦ ਰੱਖੀਂ। ਤੁਹਾਡੇ ਪਿੰਡ ਦੇ ਦੋ ਨੰਬਰਦਾਰ ਬਣ ਜਾਣੇ ਈਂ। ਇਕ ਸਿੱਖ, ਇਕ ਮੁਸਲਮਾਨ। ਤੇ ਤੁਹਾਡੀ ਪੱਤੀ 'ਚੋਂ ਦੋ ਤਿੰਨ ਬੰਦੇ ਦਰਖ਼ਾਸਤਾਂ ਕਰਨ ਨੂੰ ਤਿਆਰ ਵੀ ਹੋਏ ਫਿਰਦੇ ਈ।"

"ਕਿਹੜਾ ਕਿਹੜਾ ?"

"ਏਸ ਗੱਲ 'ਚੋਂ ਤੂੰ ਕੀ ਲੈਣਾ ਏਂ ? ....ਤੇ ਮੈਂ ਤਾਂ ਕੱਲ੍ਹ ਮੁਣਸ਼ੀ ਨੂੰ ਸਾਫ਼ ਕਹਿ ਦਿੱਤਾ ਸੀ। ਮਖ : ਮੇਰੇ ਵੱਲੋਂ ਚੌਧਰੀ ਸਾਹਿਬ ਨੂੰ ਕਹਿ ਦੇਵੀਂ ਜਾ ਕੇ, ਭਈ ਪੀਰੂਵਾਲੇ ਦਾ ਦੂਜਾ ਨੰਬਰਦਾਰ ਬਣਨਾ ਏਂ, ਤਾਂ ਸਾਡਾ ਬੰਦਾ ਚੌਧਰੀ ਇਲਮ ਦੀਨ ਬਣੇਗਾ। ਸਾਡੀ ਵੀ ਇਹ ਜਿਦ ਸਮਝ ਲੈ।"

"ਪਰ ਧੰਨੇ ਸ਼ਾਹ! ਲੰਬਰਦਾਰੀ ਦੀ ਦਰਖਾਸ਼ ਸੱਜਣ ਸੁੰਹ ਨੇ ਕੀਤੀ ਹੋਈ ਏ। ਮੈਂ ਉਹਦੇ 'ਤੇ ਚੜ੍ਹੋ-ਖਤੀ ਨਹੀਂ ਕਰਨੀ।" ਇਲਮ ਦੀਨ ਨੇ ਨਾਂਹ ਵਿੱਚ ਸਿਰ ਫੇਰਦਿਆਂ ਕਿਹਾ।

"ਇਹ ਚੜ੍ਹੋ-ਖਤੀ ਕਾਹਦੀ ਏ। ਨੰਬਰਦਾਰੀ ਸੀ ਚੇਤ ਸੁੰਹ ਦੀ। ਤੇ ਉਹ ਗਿਆ ਮਰ।"

"ਪਰ ਉਹਦਾ ਹੱਕ ਸੱਜਣ ਸੁੰਹ ਨੂੰ ਪੌਂਹਚਦਾ ਏ ਨਾ।"

"ਲੈ, ਸੱਜਣ ਸੁੰਹ ਨੂੰ ਪਹੁੰਚਦਾ ਏ ਹੱਕ। ਕਿਤੇ ਪੰਜਵੀਂ ਕਿ ਸੱਤਵੀਂ ਪੀੜ੍ਹੀਓਂ ਰਲਦੇ ਨੇ ਦੋਵੇਂ। ਹੱਕ ਪਹੁੰਚਦਾ ਹੁੰਦਾ, ਤਾਂ ਨੰਬਰਦਾਰ ਜ਼ਮੀਨ ਸਾਰੀ ਕਿਉਂ ਵੇਚ ਜਾਂਦਾ ? ਸੱਜਣ ਸਿਹੁੰ ਓਦੋਂ ਕੋਈ ਚਾਰਾ ਨਾ ਕਰਦਾ ?"

"ਭਾਵੇਂ ਕੁਛ ਵੀ ਹੋਵੇ, ਪਰ ਮੈਂ ਸੱਜਣ ਸੁੰਹ ਦੇ ਟਾਕਰੇ 'ਤੇ ਕਚਹਿਰੀ ਵਿਚ ਜਾ ਕੇ ਨਹੀਂ ਖਲੋਣਾ।" ਇਸ ਮਸਲੇ ਵਿੱਚ ਇਲਮ ਦੀਨ ਦਖ਼ਲ ਦੇਣ ਨੂੰ ਤਿਆਰ ਨਹੀਂ ਸੀ ਜਾਪਦਾ।

"ਤੂੰ ਵੀ ਨਿਰਾ ਬੁੱਧੂ ਈ ਰਿਹੋਂ ਨਾ।" ਧੰਨੇ ਸ਼ਾਹ ਨੇ ਲਾਲ ਅੱਖਾਂ ਕਰਕੇ ਕੁਛ ਤਾੜਨਾ ਭਰੀ ਸੁਰ ਵਿੱਚ ਕਿਹਾ, "ਜਾਣਦਾ ਏਂ, ਸਰਕਾਰ ਦੇ ਘਰ ਵਿੱਚ ਨੰਬਰਦਾਰੀ ਦੀ ਇੱਜ਼ਤ ਕਿੰਨੀ ਏਂ ? ਫਿਰ ਪੰਜੋਤਰਾ ਵੱਖਰਾ। ਜਿਉਂ-ਜਿਉਂ ਦਿਨੋਂ-ਦਿਨ ਮਾਮਲੇ ਵਧਣਗੇ, ਪੰਜੋਤਰੇ ਨਾਲ ਈ ਵਧਣਗੇ। ਚੇਤ ਸਿਹੁੰ ਕੱਖ ਭੰਨ ਕੇ ਦੂਹਰਾ ਨਹੀਂ ਸੀ ਕਰਦਾ ਹੁੰਦਾ। ਇਕ ਨੰਬਰਦਾਰੀ ਦੇ ਸਿਰ 'ਤੇ ਰਾਜ ਕਰਦਾ ਸੀ ਪਿਆ। ਤੁਹਾਡੇ ਸਾਰਿਆਂ ਹਿੱਸੇਦਾਰਾਂ ਨਾਲੋਂ ਸੌਖਾ ਸੀ ਉਹ। ਕਿਤੇ ਪੰਜੋਤਰੇ ਦੀ ਰਕਮ ਥੋੜ੍ਹੀ ਹੁੰਦੀ ਏ ? ਮੀਂਹ ਜਾਏ, ਹਨੇਰੀ ਜਾਏ, ਉਹ ਬੱਧੀ ਰਕਮ ਮਿਲ ਜਾਣੀ। ਤੇ ਅਗ੍ਹਾਂ ਤਾਂ—ਸੁਣਿਆਂ ਏਂ—ਸਰਕਾਰ ਨੰਬਰਦਾਰਾਂ ਦੇ ਅਖ਼ਤਿਆਰ ਹੋਰ ਵਧਾਉਣ ਬਾਰੇ ਸੋਚ ਰਹੀ ਏ। ਠਾਣੇਦਾਰ ਜਿੰਨੀ ਤਾਕਤ ਹੋਵੇਗੀ ਪਿੰਡ ਵਿੱਚ ਨੰਬਰਦਾਰ ਦੀ। ਇੱਜ਼ਤ ਵੀ ਵਧੇਗੀ ਪੰਜੋਤਰਾ ਵੀ ਵਧੇਗਾ। ਫਿਰ ਤੂੰ ਨੰਬਰਦਾਰੀ ਦੂੱਜੇ ਘਰ ਕਿਉਂ ਜਾਣ ਦੇਵੇਂ ? ਮੇਰਾ ਤਾਂ ਖ਼ਿਆਲ ਏ; ਸੱਜਣ ਸੁੰਹ ਏਸ ਗੱਲ ਤੇ ਨਰਾਜ਼ ਹੋਣ ਦੀ ਥਾਂ ਖ਼ੁਸ਼ ਹੋਵੇਗਾ। ਭਲਾ ਉਹਨੂੰ ਤੂੰ ਨੇੜੇ ਐਂ, ਕਿ ਹੋਰ ਕੋਈ।"

"ਫਿਰ ਮੈਂ ਸੱਜਣ ਸੁੰਹ ਨੂੰ ਪੁੱਛ ਲਵਾਂ। ਉਹ ਆਖੇਗਾ, ਤਾਂ ....।" ਇਲਮ ਦੀਨ ਨੇ ਪੱਲਾ ਛੁਡਾਉਣ ਵਾਸਤੇ ਅੱਧ-ਪਚੱਧ ਹਾਮੀ ਭਰੀ।

"ਬੱਸ ਫਿਰ, ਸਲਾਹੀਂ ਪਈ ਤੇ ਗੱਲ ਗਈ।" ਧੰਨੇ ਸ਼ਾਹ ਨੇ ਮੂੰਹ ਮਰੋੜਦਿਆਂ ਕਿਹਾ, "ਸੱਜਣ ਸਿਹੁੰ ਨੇ ਪੁੱਛਿਆ ਸੀ ਤੈਨੂੰ ਦਰਖ਼ਾਸਤ ਦੇਣ ਲੱਗਿਆਂ ? ਨਾਲੇ ਜੇ ਅੱਲਾ ਦਿੱਤੇ ਕੇ ਟੱਬਰ 'ਚੋਂ ਕੋਈ ਬਣ ਜਾਇਗਾ, ਤਾਂ ਤੂੰ ਤੇ ਸੱਜਣ ਸਿਹੁੰ ਖ਼ੁਸ਼ ਹੋਵੋਗੇ ? ਮੈਂ ਖ਼ਬਰੇ ਤੇਰੇ ਵਾਸਤੇ ਕਿੰਨਾ ਟਿੱਲ ਲਾਈ ਬੈਠਾ ਆਂ, ਤੇ ਤੂੰ ਬਹਿਕਲ ਵੱਗੇ ਵਾਂਗ ਲੱਤ ਈ ਨਹੀਂ ਲਾਉਂਦਾ। ਠੀਕ ਸਿਆਣਿਆਂ ਆਖਿਆ ਏ, ਅਖੇ : ਖਾਂਘੜ ਭੇਡ ਸ਼ਗਿਰਦ ਜੁਲਾਹਿਆ, ਨਫ਼ਾ ਨਹੀਂ ਇਸ ਮਾਲੋਂ। ਤੇ ਤੂੰ ਤਾਂ ਜੱਟ ਹੋ ਕੇ ਜੁਲਾਹਿਆਂ ਨਾਲੋਂ ਪਰ੍ਹਾਂ ਕਰ ਦਿੱਤੀ ਏ।" ਧੰਨੇ ਸ਼ਾਹ ਜਾਣਦਾ ਸੀ ਕਿ ਜੱਟ ਹੋਰ ਸਭ ਕੁਛ ਸਹਿ

ਜਾਂਦਾ ਏ, ਪਰ ਆਪਣੇ ਜੱਟ-ਪੁਣੇ 'ਤੇ ਉਂਗਲ ਨਹੀਂ ਧਰਨ ਦੇਂਦਾ।

"ਧੰਨੇ ਸ਼ਾਹ! ਗੱਲਾਂ ਤੇਰੀਆਂ ਸਾਰੀਆਂ ਸੱਚੀਆਂ ਨੇ। ਪਰ ਮਾਰੀ ਤਾਂ ਜਾਂਦਾ ਏ ਤੇੜ ਦਾ ਨੰਗ।" ਇਲਮ ਦੀਨ ਕੁਛ ਚਮਕ ਕੇ ਬੋਲਿਆ, "ਕਬੀਲਦਾਰੀ ਦੇ ਪੰਜ-ਪਾਂਜੇ ਪੂਰੇ ਨਹੀਂ ਹੁੰਦੇ, ਤੇ ਲੰਬਰਦਾਰੀ ਦੇ ਝਗੜੇ ਦੇ ਖ਼ਰਚ ਕਿੱਥੋਂ ਨਿਭਾਵਾਂਗਾ ? ਜਾਂ ਤਾਂ ਮਾਰ ਖਾਂ ਹਿੱਕ ਤੇ ਹੱਥ। ਕੱਢ ਖਾਂ ਝਗੜੇ ਵਾਸਤੇ ਹਜ਼ਾਰ ਦੋ ਹਜ਼ਾਰ।"

"ਬੱਸ, ਏਹਾ ਗੱਲ ਸੀ ?" ਤੀਰ ਨਸ਼ਾਨੇ ਵੱਜਾ ਵੇਖ ਕੇ ਧੰਨੇ ਸ਼ਾਹ ਵੀ ਅੱਗੋਂ ਉਤਸ਼ਾਹ ਨਾਲ ਬੋਲਿਆ, "ਲੈ, ਸ਼ਾਹੂਕਾਰ ਦਾ ਪੁੱਤ ਨਾ ਸਮਝੀਂ, ਜੇ ਰੁਪਏ ਖੁਣੋ ਮੁਕੱਦਮਾ ਹਾਰ ਜਾਏ ਤਾਂ। ਨਾਲੇ ਰੁਪਏ ਲੱਗਣੇ ਕਿੰਨੇ ਕੁ ਨੇ ? ਤਸੀਲਦਾਰ ਆਪਣੇ ਹੱਥ ਵਿੱਚ ਏ। ਤੂੰ ਵੀ ਹੁਣ ਜੱਟ ਦਾ ਪੁੱਤ ਨਹੀਂ, ਜੇ ਕਿਸੇ ਸਾਕ-ਸੰਬੰਧੀ ਜਾਂ ਭਾਈ-ਬੰਦ ਦੇ ਆਖੇ ਬਹਿ ਜਾਵੇਂ ਤਾਂ। ਅੱਲਾ ਦਿੱਤੇ ਕੇ ਇਹ ਨਾ ਆਖਣ, ਪਈ ਸਣੇ ਇਲਮ ਦੀਨ ਸ਼ਾਹ ਨੂੰ ਲੱਤ ਹੇਠ ਦੀ ਲੰਘਾ ਦਿੱਤਾ ਏ।" ਧੰਨੇ ਸ਼ਾਹ ਓਸ ਬੰਦੇ ਦਾ ਨਾਂ ਵਰਤ ਰਿਹਾ ਸੀ, ਜਿਸ ਨੂੰ ਅਜੇ ਨੰਬਰਦਾਰੀ ਬਾਰੇ ਸੁਪਨਾ ਵੀ ਨਹੀਂ ਸੀ ਆਇਆ। ਹਾਂ, ਉਹਦਾ ਨਾਂ ਇਲਮ ਦੀਨ ਨੂੰ ਚੁੱਭਦਾ ਜ਼ਰੂਰ ਸੀ।

ਮੁਕਦੀ ਗੱਲ, ਧੰਨੇ ਸ਼ਾਹ ਦੀ ਪ੍ਰੇਰਨਾ ਨਾਲ ਇਲਮ ਦੀਨ ਤਿਆਰ ਹੋ ਪਿਆ। ਓਸੇ ਵੇਲੇ ਧੰਨੇ ਸ਼ਾਹ ਨੇ ਨਾਲ ਜਾ ਕੇ ਇਲਮ ਦੀਨ ਤੋਂ ਦਰਖ਼ਾਸਤ ਦੁਆ ਦਿੱਤੀ। ਦਰਖ਼ਾਸਤ ਵਿੱਚ ਵਧੇਰੇ ਜ਼ੋਰ ਏਸੇ ਗੱਲ 'ਤੇ ਦਿੱਤਾ ਗਿਆ ਕਿ ਪਿੰਡ ਦੇ ਮਾਲਕ ਸਿੱਖ ਤੇ ਮੁਸਲਮਾਨ ਬਰਾਬਰ-ਬਰਾਬਰ ਹਨ। ਦੋਹਾਂ ਕੌਮਾਂ ਨੂੰ ਇਕ ਦੂਸਰੇ 'ਤੇ ਭਰੋਸਾ ਨਹੀਂ। ਸੋ ਦੋਹਾਂ ਪੱਤੀਆਂ ਦੇ ਦੋ ਵੱਖੋ-ਵੱਖ ਨੰਬਰਦਾਰ ਹੋਣੇ ਚਾਹੀਦੇ ਹਨ।

## 17

"ਪੱਪੂ! ਚਾਚੀ ਨੇ ਮੈਨੂੰ ਤੇਰਾ ਕੱਛਾ ਪਾ ਦਿੱਤਾ ਏ। ਮੈਂ ਹੁਣ ਤੇਰੀ ਸਹੇਲੀ ਹੋਈ।" ਛੋਟੀ ਜੇਹੀ ਜੰਤੋ ਨੇ ਦੋਹਾਂ ਹੱਥਾਂ ਨਾਲ ਕੱਛੇ ਦੇ ਵਲ ਸੁਆਰਦਿਆਂ ਕਿਹਾ।

"ਸਹੇਲੀ ਨਹੀਂ, ਭੈਣ! ਸਹੇਲੀਆਂ ਕੁੜੀਆਂ-ਕੁੜੀਆਂ ਹੁੰਦੀਆਂ ਨੇ।" ਕੋਲੋਂ ਭਜਨ ਕੌਰ ਨੇ ਸਮਝਾਇਆ।

"ਤੇ ਚਾਚੀ! ਮੁੰਡੇ-ਮੁੰਡੇ ਕੀ ਹੁੰਦੇ ਨੇ ?" ਜੰਤੋ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁੱਛਿਆ।

"ਮੁੰਡੇ-ਮੁੰਡੇ ਬੇਲੀ। ਵੱਡੀ ਬੇਬੇ ਕੁਨ੍ਹਾਂ ਕਿੰਨੀਆਂ ਕੱਢਦੀ ਏ।" ਭਜਨ ਕੌਰ ਨੇ ਲੱਸੀ ਵਾਲੀ ਚਾਟੀ ਕੂਚਦਿਆਂ ਕਿਹਾ।

"ਫਿਰ ਮੈਂ ਪੱਪੂ ਨੂੰ ਕੀ ਆਖਿਆ ਕਰਾਂ ?" ਜੰਤੋ ਨੇ ਇਕ ਸਵਾਲ ਹੋਰ ਕਰ ਦਿੱਤਾ।

"ਵੀਰ।" ਭਜਨ ਕੌਰ ਨੇ ਛੋਟਾ ਜਿਹਾ ਉੱਤਰ ਦਿੱਤਾ।

"ਸੁਣਦਾ ਏਂ, ਪੱਪੂ!" ਜੰਤੇ ਨੇ ਬੜੇ ਦਾਨਿਆਂ ਵਾਂਗ ਕਿਹਾ। ਉਹ ਪੈਰਾਂ ਭਾਰ ਪੱਪੂ ਦੇ ਸਾਮ੍ਹਣੇ ਬਹਿ ਗਈ ਸੀ, "ਮੈਂ ਹੁਣ ਤੈਨੂੰ 'ਵੀਰ' ਆਖਿਆ ਕਰਾਂਗੀ। ਤੇ ਤੂੰ ਮੈਨੂੰ 'ਵੱਡੀ ਬੇਬੇ' ਆਖਿਆ ਕਰ।"

"ਨਹੀਂ।" ਖੇਡ ਵਿੱਚ ਮਗਨ ਪੱਪੂ ਨੇ ਜ਼ਰਾ ਜ਼ੋਰ ਨਾਲ ਕਿਹਾ, "ਤੂੰ ਮੈਥੋਂ ਛੋਟੀ ਏਂ। ਮੈਂ 'ਜੰਤੇ' ਆਖਿਆ ਕਰਾਂਗਾ।"

"ਫਿਰ ਚਾਚੀ 'ਵੱਡੀ ਬੇਬੇ' ਕਿਉਂ ਆਹੰਦੀ ਏ ? ਉਹਥੋਂ ਮੈਂ ਵੱਡੀ ਆਂ ?" ਜੰਤੇ ਨੇ ਆਪਣੇ ਕਥਨ ਦੀ ਪੁਸ਼ਟੀ ਵਾਸਤੇ ਪ੍ਰਮਾਣ ਦਿੱਤਾ।

"ਸੁਣਦੇ ਜੇ ?" ਭਜਨ ਕੌਰ ਨੇ ਲਾਗੇ ਮੰਜੇ 'ਤੇ ਬੈਠੇ ਸੱਜਣ ਸਿੰਘ ਵੱਲ ਅੱਖਾਂ ਮਿਲਾਉਂਦਿਆਂ ਕਿਹਾ, "ਹਨੇਰ ਆਇਆ ਹੋਇਆ ਏ ਅੱਜ ਕੱਲ੍ਹ ਦਿਆਂ ਅੰਵਾਣਿਆਂ ਨੂੰ। ਸਾਨੂੰ ਤਾਂ ਏਸ ਉਮਰੇ ਅਜੇ ਦੁਨੀਆਂ ਦੀ ਵਾਅ ਈ ਨਹੀਂ ਸੀ ਲੱਗੀ।"

"ਸਾਨੂੰ ਕੀ ਪਤਾ। ਅਸਾਂ ਕੋਈ ਵੇਖਿਆ ਸੀ ?" ਸੱਜਣ ਸਿੰਘ ਨੇ ਬੁਰਕੀ ਨਾਲ ਅਚਾਰ ਲਾਉਂਦਿਆਂ ਕਿਹਾ। ਉਹ ਖੇਤ ਨੂੰ ਜਾਣ ਵਾਸਤੇ ਤਿਆਰ ਬੈਠਾ ਛਾਹ ਵੇਲਾ ਖਾ ਰਿਹਾ ਸੀ।

"ਤੇ ਆ ਜਾਂਦਿਓ ਜੇ ਵੇਖਣ। ਤੁਹਾਨੂੰ ਕਿਸ ਵਰਜਿਆ ਸੀ ?" ਭਜਨ ਕੌਰ ਨੇ ਮੁਸਕਰਾਉਂਦੀਆਂ ਨਜ਼ਰਾਂ ਨਾਲ ਤਕਦਿਆਂ ਉੱਤਰ ਦਿੱਤਾ। ਭਾਵੇਂ ਉਹਦੀ ਉਮਰ ਚੌਂਤੀ-ਪੈਂਤੀ ਸਾਲ ਦੀ ਹੋ ਗਈ ਸੀ, ਪਰ ਘਰ ਵਿੱਚ ਨਿੱਘਾ ਪਿਆਰ ਹੋਣ ਕਰਕੇ ਉਹਦੀ ਤੱਕਣੀ ਅਜੇ ਮੁਟਿਆਰਾਂ ਵਰਗੀ ਸੀ।

"ਆ ਜਾਂਦਾ। ਅਗਲੇ ਡੰਡੇ ਫੜਕੇ ਬੂਹੇ 'ਚ ਨਾ ਖਲੋ ਜਾਂਦੇ।" ਸੱਜਣ ਸਿੰਘ ਨੇ ਸਮਾਜਿਕ ਡਰ ਜ਼ਾਹਿਰ ਕੀਤਾ।

"ਮਜ਼ਾਲ ਸੀ ਕਿਸੇ ਦੀ, ਮੇਰੇ ਹੁੰਦਿਆਂ ?" ਭਜਨ ਕੌਰ ਨੇ ਛਾਤੀ ਫੁੱਲਾ ਕੇ ਬੜੇ ਮਾਣ ਨਾਲ ਕਿਹਾ।

"ਤੂੰ ਓਦੋਂ ਜਾਣਦੀ ਸੈਂ ਮੈਨੂੰ ?"

"ਤੇ ਹੋਰ। ਓਦਣ ਮਹਿੰਦਾ ਕਮਿਹਾਰ ਖੂਹ 'ਤੇ ਗੌਂਦਾ ਸੀ ਨਾ। ਅਖੇ : ਮੇਰੀ ਤੇ ਮਾਹੀ ਦੀ ਪ੍ਰੀਤ ਉਦੋਂਕੀ, ਜਦ ਚੂਚਕ ਮੂਚਕ ਨਾਹੀਂ। ਮੈਂ ਤਾਂ ਤੁਹਾਨੂੰ ਓਦੋਂ ਵੀ ਪਹਿਲਾਂ ਦੀ ਜਾਣਦੀ ਆਂ।"

"ਬੱਲੇ ਉਇ!"

"ਮਖ ਸੱਚੀਂ। ਨਿੱਕੇ ਜੇਹੇ ਹੁੰਦੇ ਸਾਜੇ ਤੁਸੀਂ। ਨੰਗ-ਧੜੰਗੇ ਵਿਹੜੇ ਵਿੱਚ ਭੱਜੇ ਫਿਰਦੇ ਸਾਜੇ। ਬੱਸ, ਤੇੜ ਸਭੋ ਤੜਾਗੀ ਹੁੰਦੀ ਸੀ ਲਾਲ ਪੱਟ ਦੀ। ਨਿਰੇ ਪੁਰੇ ਪੱਪੂ

ਵਰਗੇ ਲਗਦੇ ਸਾਜੋ।" ਭਜਨ ਕੌਰ ਉਸ ਵੇਲੇ ਪੁੱਤਰ ਵਿੱਚ ਆਪਣੇ ਪਤੀ ਦਾ ਸੂਖਸ਼ਮ ਆਕਾਰ ਵੇਖ ਰਹੀ ਸੀ।

"ਤੇ ਤੂੰ ?"

"ਮੈਂ ? ਲਾਲੀ ਬਣ ਕੇ ਔਸ ਬਨੇਰੇ 'ਤੇ ਬੈਠੀ ਰਹਿੰਦੀ ਸਾਂ।" ਭਜਨ ਕੌਰ ਨੇ ਬਨੇਰੇ ਵੱਲ ਤਕਦਿਆਂ ਉੱਤਰ ਦਿੱਤਾ।

ਦੋਵੇਂ ਪਿਆਰ ਵਾਲੇ ਦਿਲ, ਆਪਣੀ ਅਵਸਥਾ ਨੂੰ ਭੁੱਲ ਕੇ, ਉਸ ਵੇਲੇ ਬਚਪਨ ਵਿੱਚ ਚਲੇ ਗਏ ਸਨ। ਬਾਲਾਂ ਨੂੰ ਖੇਡ ਵਿੱਚ ਮਸਤ ਵੇਖ ਕੇ, ਪਲ ਦਾ ਪਲ ਉਹ ਦੁਨੀਆਂ ਦੇ ਸਾਰੇ ਫ਼ਿਕਰ ਭੁੱਲ ਗਏ ਸਨ।

"ਔਧਰ ਵੇਖੋ। ਹੈ ਕੋਈ ਲੱਥੀ ਚੜ੍ਹੀ ਦੀ ਚਿੰਤਾ ?" ਭਜਨ ਕੌਰ ਨੇ ਬਾਲਾਂ ਵੱਲ ਇਸ਼ਾਰਾ ਕਰਕੇ ਕਿਹਾ, "ਆਪਣਾ ਏਡਿਆਂ-ਏਡਿਆਂ ਦਾ ਵਿਆਹ ਹੋ ਜਾਂਦਾ, ਤਾਂ ਏਸੇ ਤਰ੍ਹਾਂ ਖੇਡਿਆ ਕਰਦੇ।"

ਸੱਜਣ ਸਿੰਘ ਦਾ ਧਿਆਨ ਵੀ ਖੇਡਦੇ ਬੱਚਿਆਂ ਵੱਲ ਚਲਿਆ ਗਿਆ। ਪੱਪੂ ਨੇ ਭੱਜੇ ਹੋਏ ਘੜੇ ਦੇ ਗਲ ਦੇ ਦੋ ਟੁਕੜੇ ਕਰਕੇ ਬਲਦ ਬਣਾਏ ਹੋਏ ਸਨ। ਚੀਚੀ ਜਿੰਨੇ ਪਤਲੇ, ਚਾਰ ਕੁ ਇੰਚ ਲੰਮੇ ਤੀਲੇ ਨਾਲ ਹੱਛੀ ਤਰ੍ਹਾਂ ਜਕੜ ਕੇ ਉਹਨੇ ਪੰਜਾਲੀ ਬਣਾ ਲਈ ਸੀ। ਓਥੇ ਹੀ ਪੀੜ੍ਹੀ ਜਿੰਨਾ ਥਾਂ ਸਾਫ਼ ਕਰਕੇ ਉਹਨੇ ਅੰਬ ਵਾਲੀ ਪੈਲੀ ਬਣਾ ਲਈ ਸੀ। ਉਹ ਆਪਣੇ ਨਾਹਰੇ ਤੇ ਮੀਣੇ ਦੀ ਜੋਗ ਨਾਲ ਕਮਾਦ ਬੀਜਣ ਵਾਸਤੇ ਬੜੇ ਜ਼ੋਰ ਸ਼ੋਰ ਨਾਲ ਪੈਲੀ ਵਾਹ ਰਿਹਾ ਸੀ। ਖੱਬੇ ਹੱਥ ਨਾਲ ਉਹ ਪੰਜਾਲੀ ਤੋਂ ਜੋਗ ਨੂੰ ਫੜ ਲੈਂਦਾ ਤੇ ਪੈਲੀ ਦੇ ਇਕ ਸਿਰੇ ਤੋਂ ਦੂਸਰੇ ਬੰਨੇ ਤੱਕ ਖਿੱਚੀ ਲਈ ਜਾਂਦਾ। ਸੱਜੇ ਹੱਥ ਦੀਆਂ ਤਿੰਨਾਂ ਉਂਗਲੀਆਂ ਨਾਲ ਉਹ ਮਗਰ-ਮਗਰ ਲਕੀਰਾਂ ਵਾਹੁੰਦਾ ਆਉਂਦਾ। ਅਗਲੇ ਸਿਰੇ ਅੱਪੜ ਕੇ ਜੋਗ ਨੂੰ ਉਹ ਸੱਜੇ ਹੱਥ ਫੜ ਕੇ ਪਿਛਾਂਹ ਮੋੜ ਲੈਂਦਾ ਤੇ ਖੱਬੇ ਹੱਥ ਦੀਆਂ ਉਂਗਲੀਆਂ ਦਾ ਹਲ ਬਣਾ ਲੈਂਦਾ। ਏਸ ਕਰਮ ਨਾਲ ਉਹਨੇ ਵਿਹੰਦਿਆਂ ਸਾਰੀ ਪੈਲੀ ਵਾਹ ਲਈ।

ਜੰਤੋ ਨੇ ਬੰਨੇ ਲਾਗੇ ਦੋ ਠੀਕਰੀਆਂ ਹੇਠਾਂ ਉੱਤੇ ਰੱਖ ਕੇ ਰੋਟੀਆਂ ਬਣਾ ਲਈਆਂ। ਉਹ ਬੜੀ ਅੰਦਾਅ ਨਾਲ ਨੰਗੇ ਸਿਰ ਉੱਤੇ ਫ਼ਰਜ਼ੀ ਚੁੰਨੀ ਦਾ ਪੱਲਾ ਸੁਆਰਦੀ ਬੋਲੀ, "ਮੈਂ ਆਖਿਆ, ਰੋਟੀ ਤਾਂ ਖਾ ਲੈ ਹਲ ਖਲ੍ਹਾਰ ਕੇ। ਅਸਾਂ ਗਲਗਿਆਂ ਅਜੇ ਘਰ ਜਾ ਕੇ ਸੌ ਕਜੀਏ ਪਿੱਟਣੇ ਨੇ।"

"ਸੁਣਦੇ ਜੇ ?" ਭਜਨ ਕੌਰ ਦੇ ਚਾਟੀ ਕੂਚਦੇ ਹੱਥ ਵੀ ਓਥੇ ਹੀ ਰੁਕ ਗਏ ਸਨ।

"ਆਪਾਂ ਇਹਨਾਂ ਦੋਹਾਂ ਦਾ ਵਿਆਹ ਨਾ ਕਰ ਦੇਈਏ ਹੁਣੇ ਈ ?" ਸੱਜਣ ਸਿੰਘ ਨੇ ਨਿੰਮ੍ਹਾ-ਨਿੰਮ੍ਹਾ ਹਸਦਿਆਂ ਕਿਹਾ। ਬੱਚਿਆਂ ਦੀ ਖੇਡ ਵਿੱਚ ਗੁਆਚੇ ਹੋਏ ਉਹ ਵੀ ਦੋਵੇਂ ਬੱਚਿਆਂ ਵਾਲੀਆਂ ਗੱਲਾਂ ਕਰ ਰਹੇ ਸਨ।

"ਤੇ ਡਰ ਵੀ ਕੀ ਏ ? ਪੁੱਛ ਲਿਓ ਭਰਜਾਈ ਨੂੰ।"

"ਤੇਰੇ ਪਸਿੰਦ ਏ ਨੌਂਹ ?"

"ਮੇਰੇ ਪਸਿੰਦ ਦੀ ਕੀ ਗੱਲ ? ਸੱਸਾਂ ਨੂੰ ਕੌਣ ਪੁੱਛਦਾ ਏ ਅੱਜ ਕੱਲ੍ਹ। ਅਖੇ : ਮੀਆਂ ਬੀਵੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ ?"

"ਲੈ, ਆਹ ਪਈ ਊ ਰੋਟੀ। ਅਸੀਂ ਤਾਂ ਚੱਲੇ ਆਂ ਫਿਰ।" ਜੰਤੇ ਉੱਠਣ ਵਾਸਤੇ ਇਕ ਦੋ ਵਾਰ ਪਾਸੇ ਮਾਰ ਕੇ ਫਿਰ ਓਥੇ ਹੀ ਬੈਠੀ ਰਹੀ। ਬਨਾਉਟੀ ਗ਼ੁੱਸੇ ਨਾਲ ਮੂੰਹ ਫੁਲਾ ਕੇ ਉਹਨੇ ਦੂੱਜੇ ਪਾਸੇ ਕਰ ਲਿਆ।

"ਓਹੋ-ਹੋਹੋ-ਹੋਹੋ-ਹ।" ਬੁਚਕਾਰ ਕੇ ਪੱਪੂ ਨੇ ਬਲਦ ਖਲ੍ਹਾਰ ਲਏ। "ਤੇ ਮੀਟੋ ਵਾਸਤੇ ਮਖੇਰਨਾ ਬਣਾਇਆ ਸਈ ?" ਪੱਪੂ ਨੇ ਕੁੜਤੇ ਦੇ ਪਿਛਲੇ ਪਾਸੇ ਹੱਥ ਮਲ ਕੇ ਰੋਟੀ ਖਾਣ ਵਾਸਤੇ ਤਿਆਰ ਹੁੰਦਿਆਂ ਕਿਹਾ।

"ਆਹ, ਬਣਾਇਆ ਏ ਮਖੇਰਨਾ। ਅਸੀਂ ਸਾਰਾ ਦਿਨ ਸਿਰ ਪੀੜ ਨਾਲ ਪਏ ਮਰਦੇ ਰਹੇ ਆਂ, ਤੇ ਇਹਨੂੰ ਮਖੇਰਨਿਆਂ ਦੀ ਪਈ ਹੋਈ ਏ।" ਜੰਤੇ ਨੇ ਬੜੀ ਅਦਾ ਨਾਲ ਸੱਜਾ ਹੱਥ ਪੁੱਠਾ ਕਰਕੇ ਮੱਥੇ ਨਾਲ ਮਾਰਦਿਆਂ ਕਿਹਾ।

"ਵੇਖ ਲਾ। ਤੇਰੀਆਂ ਸਾਂਗਾਂ ਲਗਦੀਆਂ ਈਂ।" ਸੱਜਣ ਸਿੰਘ ਨੇ ਠੱਠੇ ਨਾਲ ਕਿਹਾ।

"ਨਹੀਂ, ਫ਼ਤਹਿ ਬੀਬੀ ਦੀਆਂ। ਭਜਨ ਕੁਰ ਤਾਂ ਪੁੱਠਾ ਹੱਥ ਦੇਣਾ ਜਾਣਦੀ ਈ ਨਹੀਂ।" ਕਹਿੰਦਿਆਂ-ਕਹਿੰਦਿਆਂ ਭਜਨ ਕੌਰ ਦਾ ਥੋੜ੍ਹਾ ਜਿਹਾ ਸਿਰ ਵੀ ਪਤੀ ਵੱਲ ਉੱਲਰ ਗਿਆ। ਉਹਦੇ ਪਿਆਰ ਭਖਦੇ ਚਿਹਰੇ ਉੱਤੇ ਲਾਲ ਭਾਹ ਚਮਕ ਆਈ। ਉਹਨੂੰ ਮਾਣ ਸੀ ਕਿ ਉਹਨੇ ਪਤੀ ਦੀ ਆਗਿਆ ਪਾਲਣ ਵਿੱਚ ਕਦੇ ਕੋਤਾਹੀ ਨਹੀਂ ਕੀਤੀ।

"ਭਈ, ਉਮਰ ਤਾਂ ਏਹਾ ਹੁੰਦੀ ਏ ਅਸਲੀ।" ਵਡੇਰੀ ਉਮਰ ਦੇ ਹਰ ਬੰਦੇ ਵਾਂਗ ਸੱਜਣ ਸਿੰਘ ਵੀ ਬਚਪਨ ਵਾਸਤੇ ਲਲਚਾ ਰਿਹਾ ਸੀ।

"ਕੁੜੇ ਜੰਤੇ! ਮਰ ਗਈਏ, ਏਧਰ ਏਂ ?" ਜੈਨਾ ਨੇ ਬੂਹੇ 'ਚ ਖਲੋ ਕੇ ਵਾਜ ਮਾਰੀ।

"ਆ ਜਾ, ਲੰਘ ਆ, ਬੇਬੇ!" ਭਜਨ ਕੌਰ ਨੇ ਘਰ ਆਈ ਜੈਨਾ ਨੂੰ ਆਦਰ ਵਜੋਂ ਕਿਹਾ, "ਤੂੰ ਤਾਂ ਸਾਡਾ ਘਰ ਈ ਛੱਡ ਦਿੱਤਾ ਏ।"

"ਭਜਨ ਕੁਰੇ! ਤੂੰ ਆਹੰਦੀ ਏਂ ਏਨੀ ਗੱਲ ?" ਭਜਨ ਕੌਰ ਦਾ ਏਨਾ ਮਰੋੜਾ ਸੁਣ ਕੇ ਜੈਨਾ ਤੜਪ ਉੱਠੀ। ਉਹ ਰਵਾਂ ਰਵੀਂ ਅਗ੍ਹਾਂ ਤੁਰੀ ਆਈ, "ਏਸ ਘਰ ਤੋਂ ਬਿਨਾਂ ਹੋਰ ਕਿਹੜਾ ਆਸਰਾ ਏ ਜੈਨਾ ਦਾ, ਜਿੱਥੇ ਉਹ ਦਿਲ ਦੀ ਹਵਾੜ੍ਹ ਕੱਢ ਸਕੇਗੀ।" ਜੈਨਾ ਭਜਨ ਕੌਰ ਦੇ ਕੋਲ ਭੋਇੰ 'ਤੇ ਆ ਬੈਠੀ।

ਭਜਨ ਕੌਰ ਨੇ ਆਪਣੇ ਹੇਠੋਂ ਪੀਹੜੀ ਕੱਢ ਕੇ ਆਦਰ ਵਜੋਂ ਜੈਨਾ ਵੱਲ ਵਧਾ ਦਿੱਤੀ। ਸੱਜੇ ਹੱਥ ਨਾਲ ਪੀਹੜੀ ਥਾਂ ਸਿਰ ਕਰਕੇ ਜੈਨਾ ਉੱਤੇ ਬਹਿ ਗਈ।

"ਭਲਾ, ਕੀ ਏ, ਇਲਮ ਦੀਨ ਨੇ ਔਣ-ਜਾਣ ਤੋਂ ਰੋਕ ਦਿੱਤਾ ਹੋਵੇ।" ਕੋਲੋਂ ਸੱਜਣ ਸਿੰਘ ਨੇ ਵੀ ਠੱਠੇ ਨਾਲ ਓਸੇ ਲਹਿਜੇ ਵਿੱਚ ਕਿਹਾ।

"ਸੱਜਣ ਸਿਹਾਂ! ਉਹਦੇ ਰੋਕਿਆਂ ਤਾਂ ਮੈਂ ਨਹੀਂ ਰੁਕਦੀ। ਹਾਂ, ਤੁਸੀਂ ਦੋਵੇਂ ਜੀਅ ਨਰਾਜ਼ ਜੇ, ਤਾਂ ਮੈਂ ਨਹੀਂ ਆਇਆ ਕਰਦੀ।" ਜੈਨਾ ਦੀ ਵਾਜ ਵਿੱਚ ਪੂਰੀ ਤਰ੍ਹਾਂ ਨਰਾਜ਼ਗੀ ਭਰੀ ਹੋਈ ਸੀ।

"ਵੇਖਾਂ, ਗੁੱਸੇ ਹੋ ਪਈ ਏਂ ਨਾ। ਹਸਦਿਆਂ ਨਾਲ ਰੋਣ ਲੱਗ ਪਈ ਏਂ ?" ਸੱਜਣ ਸਿੰਘ ਨੇ ਦਿਉਰ ਭਰਜਾਈ ਦੇ ਸਾਕ ਨੂੰ ਮੁੱਖ ਰੱਖ ਕੇ ਮੁਸਕਰਾਉਂਦਿਆਂ ਕਿਹਾ।

"ਮੈਂ ਜਾਣਦੀ ਆਂ। ਜਿੰਨਾ ਚਿਰ ਜੈਨਾ ਜਿਉਂਦੀ ਏ, ਉਹਨੂੰ ਏਸ ਘਰੋਂ ਔਣੋਂ ਕੋਈ ਨਹੀਂ ਰੋਕ ਸਕਦਾ। ਇਹ ਮੇਰੀ ਭੈਣ ਦਾ ਘਰ ਏ। ਫਿਰ ਵੀ ਮੈਨੂੰ ਤੁਹਾਡਾ ਹਾਸਾ ਠੱਠਾ ਅੱਜ ਚੰਗਾ ਨਹੀਂ ਲੱਗਾ।" ਜੈਨਾ ਨੇ ਕੁਛ ਅਫ਼ਸੋਸ ਤੇ ਕੁਛ ਨਿਹੋਰੇ ਵਜੋਂ ਸਿਰ ਹਿਲਾਉਂਦਿਆਂ ਕਿਹਾ।

"ਧਰਮ ਨਾ! ਮੈਂ ਕਿਸੇ ਨਰਾਜ਼ਗੀ ਨਾਲ ਨਹੀਊਂ ਕਿਹਾ। ਮੈਂ ਤਾਂ ਇਲਮ ਦੀਨ ਨਾਲ ਵੀ ਦਿਲੋਂ ਨਰਾਜ ਨਹੀਂ। ਹਾਂ, ਏਨਾ ਗਿਲ੍ਹਾ ਜ਼ਰੂਰ ਏ। ਪਈ, ਉਹਨੇ ਦਰਖਾਸ ਕਰਨੀ ਸੀ, ਤਾਂ ਮੇਰੇ ਨਾਲ ਸਲਾਹ ਕਰ ਲੈਂਦਾ। ਮੈਂ ਕੀ ਲੈਣਾ ਸੀ ਲੰਬਰਦਾਰੀ ਵਿੱਚੋਂ? ਉਹਾ ਬਣ ਜਾਂਦਾ। ਮੈਂ ਤੇ ਉਹ ਕੋਈ ਦੋ ਸਾਂ ?" ਲੱਸੀ ਪੀਣ ਪਿੱਛੋਂ, ਸੱਜਣ ਸਿੰਘ ਨੇ ਸਾਫੇ ਨਾਲ ਮੁੱਛਾਂ ਪੂੰਝਦਿਆਂ ਕਿਹਾ।

"ਉਹ ਸ਼ਤਾਨ ਦੇ ਮੋਢੀਂ ਚੜ੍ਹ ਗਿਆ ਏ। ਉਹਨੇ ਘਰ ਦੇ ਕਿਸੇ ਜੀਅ ਨਾਲ ਸਲਾਹ ਨਹੀਂ ਕੀਤੀ, ਤਾਂ ਤੇਰੇ ਨਾਲ ਕਿਵੇਂ ਕਰ ਲੈਂਦਾ। ਕੱਸਮ-ਏਂ ਅੱਲਾ ਪਾਕ ਦੀ, ਮੈਨੂੰ ਓਦਣ ਭੈਣ ਕੋਲੋਂ ਪਤਾ ਲੱਗਾ ਏ।" ਜੈਨਾ ਦਾ ਇਸ਼ਾਰਾ ਭਜਨ ਕੌਰ ਵੱਲ ਸੀ। "ਮੈਂ ਘਰ ਜਾ ਕੇ ਬਥੇਰਾ ਲੜੀ ਖਪੀ, ਪਰ ਅੱਗੋਂ ਬੋਲਿਆ ਨਹੀਂ। ਸਿੱਧੇ ਮੂੰਹ ਤਾਂ ਉਹ ਮੇਰੇ ਨਾਲ ਕਦੇ ਵੀ ਨਹੀਂ ਬੋਲਦਾ, ਪਰ ਓਦਣ ਦੇ ਤਾਂ ਅਸੀਂ ਜ਼ਬਾਨ ਸਾਂਝੀ ਕਰਨ ਦੇ ਵੀ ਰਵਾਦਾਰ ਨਹੀਂ। ਉਹਨੂੰ ਤੇਰੇ ਨਾਲ ਚੜ੍ਹੋ-ਖਤੀ ਨਹੀਂ ਸੀ ਕਰਨੀ ਚਾਹੀਦੀ। ਸਾਰਾ ਪਿੰਡ ਤੁਹਾਡੀ ਦੋਸਤੀ ਦੀਆਂ ਗੱਲਾਂ ਕਰਦਾ ਹੁੰਦਾ ਸੀ। ਖਵਰੇ ਨਖੱਤਾ ਕੀਹਦੀ ਬੈਠਕ ਬਹਿ ਗਿਆ ਏ? ਕੀਹਨੇ ਇਹ ਪੁੱਠੀ ਪੱਟੀ ਪੜ੍ਹਾ ਦਿੱਤੀ ਏ ?"

"ਵੇਖੋ ਨਾ, ਜੈਨਾ! ਲੰਬਰਦਾਰੀ ਵਿੱਚ ਪਿਆ ਕੁਛ ਨਹੀਂ। ਨਾ ਹੀ ਮੈਂ ਐਨਾ ਭੁੱਖਾ ਆਂ ਚੌਧਰ ਦਾ। ਪਰ ਹੁਣ ਤਾਂ ਸੱਪ ਦੇ ਮੂੰਹ ਕੋਹੜ-ਕਿਰਲੀ ਵਾਲੀ ਗੱਲ ਬਣ ਗਈ ਏ। ਅਖੇ; ਖਾਏ, ਤਾਂ ਕੋਹੜੀਦਾ ਏ, ਛੱਡੇ, ਤਾਂ ਲਾਜ ਲੱਗਦੀ ਏ। ਜਿਦੋ-ਜਿਦੀ

ਦੋਵੇਂ ਧਿਰਾਂ ਉਜੜਦੇ ਆਂ ਪਏ। ਲੋਕ ਜਿਹੜੇ ਸਾਡੀ ਯਾਰੀ ਵੱਲੇ ਵੇਖ-ਵੇਖ ਸੜਦੇ ਹੁੰਦੇ ਸੀ, ਹੁਣ ਚਿੱਘਾਂ ਕਰਦੇ ਨੇ। ਜਾਹ, ਅਜੇ ਵੀ ਆਖ ਸੁ। ਇਕ ਵਾਰ ਘਰ ਆ ਕੇ ਅੱਧੀ ਜ਼ਬਾਨ ਨਾਲ ਆਖ ਦੇਵੇ, ਮੈਂ ਦਰਖਾਸ ਵਾਪਸ ਲੈ ਲਵਾਂਗਾ। ਓਹਾ ਬਣ ਜਾਵੇ ਲੰਬਰਦਾਰ। ਮੇਰਾ ਕੋਈ ਗਿਲ੍ਹਾ ਨਹੀਂ।"

"ਤੂੰ ਦਰਖਾਸ਼ ਵਾਪਸ ਕਿਉਂ ਲੈ ਲਵੇਂ ? ਉਹਦਾ ਕੀ ਹੱਕ ਏ ਲੰਬਰਦਾਰੀ 'ਤੇ? ਅਕਲ ਕਰੇ, ਤਾਂ ਉਹਨੂੰ ਬਹਿ ਜਾਣਾ ਚਾਹੀਦਾ ਏ। ਪਰ ਸਮਝਾਵੇ ਕੌਣ। ਤੁਹਾਨੂੰ ਕੀ ਪਤਾ, ਮੈਂ ਅੰਦਰੋ-ਅੰਦਰ ਕਿੰਨਾ ਲੜ ਰਹੀ ਆਂ। ਇਕ ਦਿਨ ਤਾਂ ਏਥੋਂ ਤੱਕ ਗੱਲ ਅੱਪੜ ਪਈ। ਅੱਗੋਂ ਖਿਝ ਕੇ ਆਖਣ ਲੱਗਾ, 'ਤੈਨੂੰ ਸੱਜਣ ਸੁੰਹ ਵਧੇਰੇ ਚੰਗਾ ਲੱਗਦਾ ਏ, ਤਾਂ ਜਾਹ ਓਸੇ ਨੂੰ ਕਰ ਲੈ।' ਦੱਸ, ਮੈਂ ਕਿਹੜੇ ਖੂਹ ਪਵਾਂ ?" ਜੈਨਾ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਭੋਇੰ 'ਤੇ ਗੋਲ ਚੱਕਰ ਵਾਹੁੰਦਿਆਂ ਕਿਹਾ।

"ਵਾ-ਗੁਰੂ! ਵੱਡੀ ਭਰਜਾਈ ਕਰਕੇ ਐਵੇਂ ਹੱਸ-ਬੋਲ ਲਈਦਾ ਏ, ਨਹੀਂ ਤਾਂ ਮੇਰੇ ਵਾਸਤੇ ਤਾਂ ਤੂੰ ਵੱਡੀਆਂ ਭੈਣਾਂ ਦੀ ਥਾਂ ਏਂ।"

"ਸੱਜਣ ਸਿਹਾਂ! ਮੈਂ ਬੜੀ ਦੁੱਖੀ ਆਂ। ਅੱਲਾਹ ਕਰਕੇ, ਮੇਰੇ ਜਿੰਨਾ ਔਖਾ ਕੋਈ ਨਾ ਹੋਵੇ।" ਕਹਿੰਦਿਆਂ ਕਹਿੰਦਿਆਂ ਜੈਨਾ ਦਾ ਗਲਾ ਭਰ ਆਇਆ, "ਇਕ ਜਬਾਨ ਦਾ ਕੌਲ ਪਈ ਪਾਲਦੀ ਆਂ। ਹੋਰ ਕੋਈ ਰੰਨ ਹੁੰਦੀ, ਤਾਂ ਹੁਣ ਨੂੰ ਕਦੇ ਦੀ ਕਿਧਰੇ ਮੂੰਹ-ਸਿਰ ਕਾਲਾ ਕਰ ਗਈ ਹੁੰਦੀ। ਭਲਾ ਇਹਦੇ ਵਰਗਾ ਕਾਹਨ ਹੋਰ ਕੋਈ ਨਾ ਲੱਭਦਾ ਮੈਨੂੰ ? ਪਰ ਇਹ ਜੈਨਾ ਏਂ। ਇਹਦੀ ਕਬਰ ਪੀਰੂਵਾਲੇ ਵਿੱਚ ਈ ਬਣੇਗੀ।"

"ਉਹ ਵਚਾਰੀ ਅੱਗੇ ਦੁੱਖੀ ਏ। ਤੁਸਾਂ ਇਹਦੇ ਨਾਲ ਕਿਉਂ ਇਹ ਗੱਲਾਂ ਛੇੜ ਲਈਆਂ ?" ਭਜਨ ਕੌਰ ਨੇ ਹਮਦਰਦੀ ਨਾਲ ਕਿਹਾ। ਉਹ ਭੁੱਲ ਗਈ ਸੀ, ਕਿ ਪਹਿਲਾਂ ਗੱਲ ਓਸੇ ਨੇ ਸ਼ੁਰੂ ਕੀਤੀ ਸੀ।

"ਮੈਨੂੰ ਕੀ ਪਤਾ ਸੀ, ਇਹ ਐਨਾ ਗ਼ੁੱਸਾ ਕਰ ਲਵੇਗੀ।" ਸੱਜਣ ਸਿੰਘ ਦਾ ਵੀ ਇਰਾਦਾ ਨਹੀਂ ਸੀ, ਜੈਨਾ ਦਾ ਦਿਲ ਦੁਖਾਉਣ ਦਾ।

"ਤੇਰੇ ਸਿਰ ਕੋਈ ਉਲਾਹਮਾ ਨਹੀਂ ਦੇਂਦੀ, ਮੈਂ ਤਾਂ ਆਪਣੇ ਆਪ ਵਿੱਚ ਈ ਫੋੜੇ ਵਾਂਗ ਭਰੀ ਪਈ ਆਂ। ਨਰੋਏ ਥਾਂ 'ਤੇ ਧੱਫਾ ਵੀ ਵੱਜ ਜਾਏ, ਤਾਂ ਕੁਛ ਨਹੀਂ ਵਿਗੜਦਾ, ਪਰ ਦੁਖੇ ਹੋਏ ਥਾਂ 'ਤੇ ਕੱਪੜਾ ਛੁਹ ਜਾਏ, ਤਾਂ ਤਰਾਟਾਂ ਪੈਣ ਲੱਗ ਪੈਂਦੀਆਂ ਨੇ। ਉਹ ਹਾਲਤ ਏ ਮੇਰੀ। ਅੱਲਾ ਜਾਣੇ, ਪਿਛਲੇ ਜਰਮ ਕਿੰਨੇ ਕੁ ਗੁਨਾਹ ਕੀਤੇ ਹੋਣਗੇ।" ਜੈਨਾ ਨਹੀਂ ਸੀ ਜਾਣਦੀ, ਕਿ ਉਹ ਇਸਲਾਮ ਦੇ ਸਿਧਾਂਤ ਦੇ ਉਲਟ ਕਹਿ ਰਹੀ ਹੈ, "ਆਹ ਵੇਖ ਮੇਰੇ ਹੱਥ।" ਉਹਨੇ ਦੋਵੇਂ ਹੱਥ ਸੱਜਣ ਸਿੰਘ ਅੱਗੇ ਖਲਾਰ ਕੇ ਕਿਹਾ, "ਕਿੱਡੇ-ਕਿੱਡੇ ਛਾਲੇ ਪਏ ਹੋਏ ਨੇ। ਤੜਕੇ ਦੀ ਉੱਠੀ ਸਬਜ਼ੀ ਗੋਡਦੀ ਆਈ ਆਂ।"

"ਹੈ-ਹੈ!" ਭਜਨ ਕੌਰ ਨੇ ਜੈਨਾ ਦਾ ਛਾਲਿਆਂ ਭਰਿਆ ਹੱਥ ਫੜ ਕੇ ਕਿਹਾ, "ਅੱਗ ਲਾ ਪਰ੍ਹਾਂ ਏਹੋ ਜੇਹੇ ਕੰਮ ਨੂੰ। ਸਬਜ਼ੀਆਂ ਗੋਡਣਾ ਵੀ ਸਾਡਾ ਕੰਮ ਏ ?"

"ਨਾ ਗੋਡਾਂ, ਤਾਂ ਖਾਵਾਂ ਕਿੱਥੋਂ ? ਜਿੰਨੇ ਉਹ ਤੋਲ ਮਿਣ ਕੇ ਮਹੀਨੇ ਦੇ ਦੇਂਦਾ ਏ ਉਨੇ ਨਾਲ ਤਾਂ ਢਿੱਡ ਦਾ ਝੁਲਕਾ ਪੂਰਾ ਨਹੀਂ ਹੁੰਦਾ। ਹੁਣ ਜਾਂ ਤਾਂ ਸ਼ਹਿਰ ਵਿੱਚ ਆਪਣੀ ਪਤ ਵੇਚ ਕੇ ਖਾਣ ਜੋਗਾ ਕਮਾਵਾਂ ਤੇ ਜਾਂ ਹੱਥੀਂ ਕਰਕੇ। ਐਤਕੀਂ ਚਾਰ ਕਨਾਲਾਂ ਸਬਜ਼ੀ ਵੱਖਰੀ ਬੀਜੀ ਏ। ਆਹ ਜੋਕਾਂ ਜੇਹੀਆਂ ਢਿੱਡੋਂ ਜਣੀਆਂ ਨੇ, ਭੁੱਖੇ ਵਿਲਕਦੇ ਵੇਖ ਕੇ ਸਹਾਰੇ ਨਹੀਂ ਜਾਂਦੇ।" ਜੈਨਾ ਨੇ ਪੱਲੇ ਨਾਲ ਅੱਖਾਂ ਪੂੰਝ ਲਈਆਂ।

"ਜੈਨਾ! ਪਤਾ ਨਹੀਂ ਸੀ ਮੈਨੂੰ! ਚਾਰ ਪੰਜ ਮਹੀਨੇ ਹੋ ਚੱਲੇ ਨੇ ਦੋਹਾਂ ਘਰਾਂ ਨੂੰ ਦੂਰ-ਦੂਰ ਹੋਇਆਂ। ਹੁਣ ਏਸ ਹਾਲਤ ਵਿੱਚ ਅਸੀਂ ਤੇਰੀ ਮੱਦਤ ਵੀ ਕੋਈ ਨਹੀਂ ਕਰ ਸਕਦੇ। ਅਗਲਾ ਸਣਨ ਵਾਲਾ ਈ ਆਹੰਦਾ ਏ, ਪਈ ਦੂੰਬ ਨਾਲ ਦੋਸਤੀ ਤੇ ਘੋੜੇ ਨਾਲ ਵੈਰ।" ਸੱਜਣ ਸਿੰਘ ਨੇ ਮਜਬੂਰੀ ਪ੍ਰਗਟ ਕਰਦਿਆਂ ਕਿਹਾ।

ਨੰਬਰਦਾਰੀ ਦਾ ਮੁਕੱਦਮਾ ਚੱਲ ਪੈਣ ਕਰਕੇ ਦੋਹਾਂ ਘਰਾਂ ਵਿੱਚ ਚੋਖੀ ਵਿੱਥ ਪੈ ਗਈ ਸੀ।

"ਮੈਂ ਤੁਹਾਥੋਂ ਹੋਰ ਕੋਈ ਮਦਦ ਨਹੀਂ ਮੰਗਦੀ, ਸੱਜਣ ਸਿਹਾਂ! ਬੱਸ ਮੈਨੂੰ ਆਪਣੇ ਘਰ ਔਣੋਂ ਨਾ ਰੋਕਿਓ। ਭਜਨ ਕੌਰ ਨੂੰ ਮੈਂ ਭੈਣ ਬਣਾਇਆ ਹੋਇਆ ਏ। ਇਹਨੂੰ ਮਿਲਣ ਤੋਂ ਮੱਥੇ ਵੱਟ ਨਾ ਪਾਵੀਂ।" ਜੈਨਾ ਦੀਆਂ ਅੱਖਾਂ ਵਿੱਚੋਂ ਤਰੱਪ-ਤਰੱਪ ਹੰਝੂ ਡਿੱਗ ਪਏ।

"ਬੇਬੇ! ਕੇਹੋ ਜੇਹੀਆਂ ਗੱਲਾਂ ਕਰਦੀ ਏਂ ?" ਭਜਨ ਕੌਰ ਨੇ ਉਹਦਾ ਗੋਡਾ ਹਿਲਾਉਂਦਿਆਂ ਕਿਹਾ, "ਭਲਾ ਤੇਰਾ ਕੀ ਦੋਸ਼ ਇਹਦੇ ਵਿੱਚ! ਬੰਦਿਆਂ ਦੀਆਂ ਗੱਲਾਂ ਬੰਦੇ ਜਾਨਣ।"

"ਨਾ, ਮੇਰੇ ਦਿਲ ਵਿੱਚ ਤਾਂ ਉਹਦੇ ਵਾਸਤੇ ਵੀ ਕੋਈ ਮੈਲ ਨਹੀਂ। ਕੇਈ ਵਾਰ ਤਰੀਕ 'ਤੇ ਗਿਆ ਮੈਂ ਬੁਲਾ ਲੈਂਦਾ ਹੁੰਦਾ ਸਗੋਂ। ਪਰ ਉਹ ਸ਼ਰਮਿੰਦਾ ਹੁੰਦਾ ਅੱਗੋਂ ਖੁੱਲ੍ਹ ਕੇ ਬੋਲਦਾ ਨਹੀਂ। ਐਵੇਂ ਪਾਸਾ ਵੱਟ ਕੇ ਦੂਰ-ਦੂਰ ਰਹਿਣ ਦਾ ਚਾਰਾ ਕਰਦਾ ਫਿਰੇਗਾ। ਤੇ ਤੇਰੇ ਨਾਲ ਤਾਂ ਗੁੱਸਾ ਕਰਨ ਦਾ ਸੁਆਲ ਈ ਨਹੀਂ।"

"ਚਲੋ, ਛੱਡੋ ਏਸ ਗੱਲ ਨੂੰ।" ਸੱਜਣ ਸਿੰਘ ਦੀ ਗੱਲ ਰਾਹ ਵਿੱਚੋਂ ਟੋਕ ਕੇ ਭਜਨ ਕੌਰ ਬੋਲ ਉੱਠੀ, "ਤੁਸੀਂ ਹੋਰ ਹੋਰ ਗੱਲਾਂ ਕਰੋ।"

"ਦਸ-ਪੰਦਰਾਂ ਮਿੰਟ ਘਰਾਂ ਦੀਆਂ ਸਰਸਰੀ ਗੱਲਾਂ ਹੁੰਦੀਆਂ ਰਹੀਆਂ। ਵਧੇਰੇ ਜੈਨਾ ਆਪਣੀਆਂ ਹੀ ਕਰਦੀ ਰਹੀ। ਉਹਨਾਂ ਦੇ ਘਰ ਦੀ ਮਾਲੀ ਹਾਲਤ ਮਾੜੀ ਤੋਂ ਭੈੜੀ ਹੋ ਗਈ ਸੀ। ਸੌਂਕਣਾਂ ਦੀ ਕੁੜ-ਕੁੜ ਕਿਸੇ ਵੇਲੇ ਵੀ ਬੰਦ ਨਹੀਂ ਸੀ ਹੁੰਦੀ। ਫ਼ਤਹਿ ਬੀਬੀ ਦਾ ਅਲੀਆ ਕੰਮ ਕਰਨ ਜੋਗਾ ਹੋ ਗਿਆ ਸੀ। ਅਲੀਏ ਦੇ ਬਰਾਬਰ

ਜੈਨਾ ਨੂੰ ਆਪ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਸੀ। ਇਸ ਸਾਲ ਉਹਨਾਂ ਦੋਹਾਂ ਨੇ ਚਾਰ-ਚਾਰ ਕਨਾਲਾਂ ਵੱਖੋ-ਵੱਖ ਸਬਜ਼ੀ ਲਾਈ ਸੀ। ਜੈਨਾ ਹਰ ਵੇਲੇ ਰੰਬਾ ਫੜ ਕੇ ਪੈਲੀ ਦੇ ਵਿੱਚ ਬੈਠੀ ਸੁੱਕ ਜਾਂਦੀ ਸੀ। ਉਹਦੀ ਸਬਜ਼ੀ ਦੂੱਜਿਆਂ ਨਾਲੋਂ ਚੰਗੀ ਸੀ। ਉਹਨੇ ਸਿਰ 'ਤੇ ਟੋਕਰੀਆਂ ਢੋਅ-ਢੋਅ ਕੇ ਰੂੜੀ ਪਾਈ ਸੀ। ਇਕ ਵਾਰ ਪਾਣੀ ਦੇਂਦਿਆਂ ਉਹਦੇ ਦੋ ਕਿਆਰੇ ਸੁੱਕੇ ਰਹਿ ਗਏ ਸਨ, ਜਾਂ ਅਲੀਏ ਨੇ ਬਦੋ-ਬਦੀ ਬਲਦ ਛੱਡ ਲਏ। ਉਹ ਦੋ ਕਿਆਰੇ ਜੈਨਾ ਨੇ ਵੱਡੀ ਧੀ ਨੂੰ ਨਾਲ ਲਾ ਕੇ ਹੱਥੀਂ ਖੂਹ ਗੇੜ ਕੇ ਭਰੇ ਸਨ। ਏਨੀ ਮਿਹਨਤ ਕਰਨ ਪਿੱਛੋਂ ਉਹਨੂੰ ਫੱਬੀ ਪੈਲੀ ਵੇਖ ਕੇ ਕੁਛ ਖ਼ੁਸ਼ੀ ਵੀ ਹੁੰਦੀ ਸੀ। ਪਰ ਉਹ ਇਹ ਨਹੀਂ ਸੀ ਜਾਣਦੀ ਕਿ ਅਗਲੇ ਸਾਲ ਉਹਦੇ ਕੋਲ ਉਹ ਪੈਲੀ ਨਹੀਂ ਰਹਿਣੀ। ਧੰਨੇ ਸ਼ਾਹ ਦਾ ਕਰਜ਼ ਢੇਰ ਵਧ ਗਿਆ ਸੀ। ਮੁਕੱਦਮੇ 'ਤੇ ਜਿੱਥੇ ਦਸ ਖ਼ਰਚ ਹੋਣੇ ਹੁੰਦੇ, ਉਹਨੇ ਵੀਹ ਕਰਵਾਏ ਸਨ। ਇਲਮ ਦੀਨ ਹਰ ਰਕਮ ਉੱਤੇ ਅੱਖਾਂ ਮੀਟ ਕੇ ਅੰਗੂਠਾ ਲਾਈ ਚਲਾ ਜਾ ਰਿਹਾ ਸੀ।

"ਚਲ ਉਠ ਨੀ, ਹੁਣ ਚੱਲੀਏ ਘਰ ਨੂੰ।" ਜੈਨਾ ਨੇ ਜੰਤੇ ਨੂੰ ਸੰਬੋਧਨ ਕਰਕੇ ਕਿਹਾ।

"ਨਾ, ਮੈਂ ਨਹੀਂ ਜਾਣਾ। ਚਾਚਾ ਆਹੰਦਾ ਏ, ਮੇਰਾ 'ਤੇ ਪੱਪੂ ਦਾ ਵਿਆਹ ਕਰ ਦੇਣਾ ਏਂ।" ਜੰਤੇ ਨੇ ਭੋਲੇ ਭਾਅ ਕਹਿ ਦਿੱਤਾ।

"ਹੈਂ ਮੈਂ ਮਰ ਗਈ।" ਭਜਨ ਕੌਰ ਨੇ ਸੱਜਾ ਹੱਥ ਪੱਟ 'ਤੇ ਮਾਰਦਿਆਂ ਕਿਹਾ, "ਏਸ ਕੁੜੀ ਦੇ ਕਿੰਨੀ ਪਾਸੀਂ ਕੰਨ ਨੇ। ਤੇਰੇ ਦਿਉਰ ਨੇ ਐਵੇਂ ਹਾਸੇ ਨਾਲ ਆਖਿਆ, ਐਡੇ-ਐਡੇ ਅੰਞਾਣਿਆਂ ਦਾ ਵਿਆਹ ਕਰ ਦੇਣਾ ਚਾਹੀਦਾ ਏ। ਤੇ ਇਹਨੇ ਕੀ ਗੱਲ ਬਣਾ ਲਈ ਏ।" ਭਜਨ ਕੌਰ ਨੇ ਉਜ਼ਰ ਪੇਸ਼ ਕੀਤਾ। ਸ਼ਰਮ ਨਾਲ ਉਹਦਾ ਚਿਹਰਾ ਲਾਲ ਜੂਹਾ ਹੋ ਗਿਆ ਸੀ।

"ਨਾ, ਤੁਹਾਨੂੰ ਪਸਿੰਦ ਏ, ਤਾਂ ਮੈਨੂੰ ਕੋਈ ਉਜਰ ਨਹੀਂ ਜੇ। ਬਸ਼ੱਕ ਭਾਈ ਨੂੰ ਸੱਦ ਕੇ ਅੱਜੋ ਅਨੰਦ ਪੜ੍ਹ ਲਵੋ। ਸਗੋਂ ਮੇਰੇ ਗਲੋਂ ਇਕ ਬਲਾ ਤਾਂ ਲੱਥੇ ?" ਜੈਨਾ ਨੇ ਸੱਜਾ ਹੱਥ ਹਿਲਾ ਕੇ ਕਿਹਾ। ਗ਼ਮਾਂ ਤੋਂ ਛੁਟਕਾਰਾ ਪਾਉਣ ਦੀ ਇੱਛਿਆ ਨਾਲ ਉਹਨੇ ਚਿਹਰੇ 'ਤੇ ਨਿੰਮੀ ਜੇਹੀ ਮੁਸਕਰਾਹਟ ਲੈ ਆਂਦੀ ਸੀ।

"ਕੁੜੀ ਦੇ ਪਿਉ ਕੋਲੋਂ ਪੁੱਛ ਲਿਆ ਈ ?" ਸੱਜਣ ਸਿੰਘ ਨੇ ਵੀ ਕੁਛ ਹਾਸੇ ਨਾਲ ਕਿਹਾ।

"ਉਹ ਕੀ ਲੱਗਦਾ ਏ ਕੁੜੀ ਦਾ ?" ਜੈਨਾ ਨੇ ਇਸ ਢੰਗ ਨਾਲ ਕਿਹਾ, ਜਿਵੇਂ ਕੁੜੀ ਉੱਤੇ ਪੂਰਾ-ਪੂਰਾ ਅਧਿਕਾਰ ਓਸੇ ਦਾ ਸੀ। "ਨਾਲੇ ਕੁੜੀ ਤਾਂ ਆਹੰਦੀ ਏ, ਮੈਂ ਚਾਚੇ ਦੀ ਧੀ ਆਂ। ਰਾਤ ਨੂੰ ਸੌਣ ਲੱਗੀ, ਗਲ ਵਿੱਚ ਬਾਂਹ ਪਾ ਕੇ ਆਖੇਗੀ, 'ਜਿੱਦਣ ਮੈਨੂੰ ਚਾਚਾ ਸ਼ਹਿਰੋਂ ਕੰਧਾੜਿਆਂ 'ਤੇ ਚੁੱਕ ਕੇ ਲਿਆਇਆ ਸੀ, ਮੈਂ ਓਸੇ ਦਿਨ ਤੋਂ

ਚਾਚੇ ਦੀ ਧੀ ਬਣ ਗਈ ਆਂ।' ਪਿਓ ਦਾ ਤਾਂ ਉਹ ਹੱਕ ਈ ਨਹੀਂ ਮੰਨਦੀ। ਤਾਂ ਉਹਨੂੰ ਕੇਹਾ ਪੁੱਛਣਾ ਹੋਇਆ।"

ਦੋ ਕੁ ਮਿੰਟ ਹੋਰ ਏਸੇ ਤਰ੍ਹਾਂ ਦਿਲ-ਲਗੀ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅੰਤ ਸੱਜਣ ਸਿੰਘ ਉਠ ਕੇ ਖੇਤ ਨੂੰ ਚਲਾ ਗਿਆ, ਤੇ ਜੈਨਾ ਜੰਤੇ ਨੂੰ ਉਂਗਲ ਲਾ ਕੇ ਘਰ ਨੂੰ ਤੁਰ ਗਈ।

## 18

"ਸੱਜਣ ਸਿਹਾਂ, ਚੱਲਣਾ ਈਂ ? ਬਾਬਾ 'ਕਾਲੀ ਕੁਛ ਬਿਮਾਰ ਦੱਸੀਦਾ ਏ।" ਦੀਪੇ ਨੇ ਨੇੜੇ ਆ ਕੇ ਕਿਹਾ।

"ਕਦੋਂ ਦਾ ?" ਕਹਿੰਦਾ ਹੋਇਆ ਸੱਜਣ ਸਿੰਘ ਤਖ਼ਤਪੋਸ਼ ਤੋਂ ਉਠ ਬੈਠਾ।

"ਉਹਨੂੰ ਤਾਂ ਪੰਜ-ਛੇ ਦਿਨ ਹੋ ਗਏ ਨੇ।" ਕੋਲੋਂ ਗਹਿਣੇ ਲੁਹਾਰ ਨੇ ਉੱਤਰ ਦਿੱਤਾ।

"ਯਾਰ, ਸੁਣਿਆਂ ਈ ਨਹੀਂ। ਮੁਕੱਦਮੇ ਦੇ ਚੱਕਰ ਵਿੱਚ ਫਸਿਆਂ ਪਿੰਡ ਦੀ ਕੋਈ ਖ਼ਬਰ ਸਾਰ ਈ ਨਹੀਂ ਰਹਿੰਦੀ।" ਸੱਜਣ ਸਿੰਘ ਨੇ ਸਾਫਾ ਝਾੜਕੇ ਮੋਢੇ 'ਤੇ ਸੁੱਟ ਲਿਆ।

ਪਿੰਡ ਦੇ ਵਿਚਕਾਰ ਛੋਟਾ ਜਿਹਾ ਗੁਰਦੁਆਰਾ ਸੀ। ਉਸ ਦੇ ਦੋਵੇਂ ਕਮਰੇ ਕੱਚੇ ਸਨ। ਇਕ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਤੇ ਇਕ ਗ੍ਰੰਥੀ ਦੇ ਰਹਿਣ ਵਾਸਤੇ। ਸਾਹਮਣੇ ਦਸ ਕੁ ਮਰਲੇ ਵਿਹੜੇ ਵਿੱਚ ਇਕ ਪੁਰਾਣਾ ਪਿੱਪਲ ਖਲਾ ਸੀ। ਦਸਦੇ ਨੇ, ਉਹ ਬਾਬੇ ਆਲਾ ਸਿੰਘ ਦੇ ਹੱਥਾਂ ਦਾ ਲੱਗਾ ਹੋਇਆ ਹੈ। ਦਸ-ਬਾਰਾਂ ਵਰ੍ਹੇ ਹੋ ਗਏ ਨੇ, ਪਿੱਪਲ ਦੇ ਦੱਖਣ ਦੇ ਪਾਸੇ ਦੋ ਦੋ ਟਾਹਣੇ ਹਨ੍ਹੇਰੀ ਨਾਲ ਭੱਜ ਪਏ ਸਨ। ਉਸ ਨਾਲ ਪਿੱਪਲ ਦੀ ਗੋਲ ਛਤਰੀ ਵਿੱਚ ਬੋੜ ਪੈ ਗਿਆ ਹੈ। ਉਹਦੀ ਪਹਿਲਾਂ ਵਰਗੀ ਛਾਂ ਤੇ ਸਜਾਵਟ ਨਹੀਂ ਰਹੀ। ਰਹਿੰਦੇ ਤਿੱਜੇ ਟਾਹਣ ਉੱਤੇ ਵੀ ਕੁਛ ਟਾਹਣੀਆਂ ਸੁੱਕ ਗਈਆਂ ਨੇ। ਅਨਪੜ੍ਹ ਤੇ ਵਹਿਮੀ ਲੋਕਾਂ ਵਿੱਚ ਦੰਦ-ਕਥਾ ਚਲਦੀ ਆ ਰਹੀ ਹੈ ਕਿ ਇਹ ਸਭ ਕੁਛ ਕਿਸ਼ਨੀ ਮਹਿਰੀ ਦੇ ਟੂਣੇ ਕਰ ਕੇ ਹੋਇਆ ਹੈ। ਫਿਰ ਬਰ੍ਹਮਾ (ਪਿੱਪਲ) ਉੱਤੇ ਟੂਣਾ ਕਰਨ ਦਾ ਫਲ ਕਿਹੜਾ ਚੰਗਾ ਨਿਕਲਿਆ। ਓਧਰੋਂ ਪਿੱਪਲ ਦੇ ਟਾਹਣ ਭੱਜੇ, ਤੇ ਓਧਰੋਂ ਓਸੇ ਸਾਲ ਕਿਸ਼ਨੀ ਮਹਿਰੀ ਸਿਵੇ ਵਿੱਚ ਜਾ ਪਈ। ਭਾਵੇਂ ਉਹ ਕਈ ਸਾਲ ਤੋਂ ਦਮੇ ਦੀ ਮਾਰੀ ਹੋਈ ਸੀ, ਪਰ ਉਹਦੀ ਮੌਤ ਪਿੱਪਲ ਦੇ ਸਰਾਪ ਕਰਕੇ ਹੋਈ ਹੀ ਮੰਨੀ ਗਈ।

ਪਿੱਪਲ ਦੇ ਮੁੱਢ ਨਾਲ ਲੱਕੜ ਦਾ ਤਖ਼ਤਪੋਸ਼ ਡੱਠਾ ਹੋਇਆ ਸੀ। ਸ਼ਾਮ ਨੂੰ ਉਹਦੇ ਉੱਤੇ ਦੋ-ਚਾਰ ਸਗੀਰ ਕਦੇ-ਕਦਾਈਂ ਰਲ ਬਹਿੰਦੇ ਸਨ। ਲਾਗੇ ਹੀ ਪੂਰਬ ਦੱਖਣ ਦੀ ਗੁੱਠ ਵਿੱਚ ਟੂਟੀਆਂ ਵਾਲਾ ਖੂਹ ਸੀ, ਜਿਸ ਤੋਂ ਸਾਰਾ ਪਿੰਡ ਪਾਣੀ ਭਰਿਆ ਕਰਦਾ ਸੀ।

ਸਿੱਖਾਂ ਦੇ ਘਰ ਸਾਰੇ ਗੁਰਦੁਆਰੇ ਤੋਂ ਲਹਿੰਦੇ ਪਾਸੇ ਸਨ। ਖੂਹ ਤੋਂ ਚੜ੍ਹਦੇ ਪਾਸੇ ਦੋ ਤਿੰਨ ਘਰ ਹਿੰਦੂਆਂ ਦੇ ਸਨ। ਉਸ ਤੋਂ ਅੱਗੇ ਚੜ੍ਹਦੇ ਪਾਸੇ ਮੁਸਲਮਾਨਾਂ ਦੀ ਪੱਤੀ ਸੀ। ਹਰੀਜਨਾਂ ਦੇ ਕੁਛ ਘਰ ਧੁਰ ਪੂਰਬ-ਉੱਤਰ ਦੀ ਗੁੱਠ ਵਿੱਚ ਸਨ ਤੇ ਕੁਛ ਲਹਿੰਦੇ ਪਾਸੇ ਪਿੰਡੋਂ ਵੱਖਰੇ।

ਦੀਪਾ, ਗਹਿਣੇ ਲੁਹਾਰ ਦੇ ਦੁਕਾਨ ਤੋਂ ਫਾਲੇ ਡੰਗਾ ਕੇ ਆ ਰਿਹਾ ਸੀ। ਓਥੇ ਹੀ ਉਹਨਾਂ ਦੀ ਸਲਾਹ ਬਣ ਗਈ ਸੀ ਬਾਬੇ ਅਕਾਲੀ ਵੱਲ ਜਾਣ ਦੀ। ਗਹਿਣੇ ਨੇ ਤਪਿਆ ਦੁਕਾਨ ਛੱਡ ਦਿੱਤਾ ਤੇ ਦੀਪੇ ਦੇ ਨਾਲ ਤੁਰ ਪਿਆ। ਉਹ ਬਾਬੇ ਅਕਾਲੀ ਦਾ ਬਹੁਤ ਸ਼ਰਧਾਲੂ ਸੀ। ਮਹਿੰਦਾ ਕਮਿਹਾਰ ਵੀ ਉਹਨਾਂ ਦੇ ਨਾਲ ਹੋ ਪਿਆ।

ਰਾਹ ਵਿੱਚੋਂ ਸੱਜਣ ਸਿੰਘ ਤੇ ਉਹਦੇ ਨਾਲ ਬੈਠੇ ਗੱਲਾਂ ਕਰ ਰਹੇ ਚਾਰੇ-ਪੰਜੇ ਬੰਦੇ ਵੀ ਉਠ ਕੇ ਤੁਰ ਪਏ। ਬਾਬਾ ਅਕਾਲੀ ਸਾਰਿਆਂ ਦਾ ਸਾਂਝਾ ਸੀ। ਉਹਦਾ ਹਰ ਇਕ ਨਾਲ ਇਕੋ ਜਿਹਾ ਮੋਹ ਸੀ। ਸਾਰਾ ਪਿੰਡ ਹੀ ਉਹਦਾ ਸਤਕਾਰ ਕਰਦਾ ਸੀ।

"ਮੁਕੱਦਮਾ ਵੀ ਭਈ, ਦੋਵੇਂ ਯਾਰ ਯਾਰ ਜੁੱਟੇ ਹੋਏ ਓ ਨਾ। ਕੋਈ ਓਪਰਾ ਥੋੜ੍ਹਾ ਏ ?" ਦੀਪੇ ਨੇ ਸੱਜਣ ਸਿੰਘ ਦੇ ਮੋਢੇ 'ਤੇ ਹੱਥ ਮਾਰ ਕੇ ਹਾਸੇ ਨਾਲ ਕਿਹਾ।

"ਦੀਪ ਸਿਹਾਂ! ਏਥੇ ਕੋਈ ਨਾ ਕਿਸੇ ਦਾ ਬੇਲੀ, ਦੁਨੀਆਂ ਮਤਲਬ ਦੀ।" ਮਹਿੰਦੇ ਕਮਿਹਾਰ ਨੇ ਅੱਧ-ਪਚੱਧ ਗੌਣ ਵਾਲੀ ਸੁਰ ਵਿੱਚ ਕਿਹਾ। ਉਹ ਕਿੰਗ ਨਾਲ ਮਾੜਾ ਮੋਟਾ ਗੌਣਾ ਜਾਣਦਾ ਸੀ। ਕਦੇ-ਕਦੇ ਉਹ ਤੂਤਾਂ ਵਾਲੇ ਖੂਹ 'ਤੇ ਦੁਪਹਿਰੇ ਵਾਹਵਾ ਰੌਣਕ ਲਾ ਦਿਆ ਕਰਦਾ ਸੀ।

"ਸੱਚੀ ਗੱਲ ਜੇ, ਮੇਰੇ ਦਿਲ ਵਿੱਚ ਉਹਦੇ ਵਾਸਤੇ ਕੋਈ ਮਾੜਾ ਖ਼ਿਆਲ ਨਹੀਂ। ਐਵੇਂ ਉਹ ਈ ਮੂੰਹ ਵੱਟੀ ਫਿਰਦਾ ਏ। ਮੈਨੂੰ ਪਹਿਲਾਂ ਆਖ ਦੇਂਦਾ, ਤਾਂ ਮੈਂ ਦਰਖਾਸ ਈ ਨਹੀਂ ਸੀ ਕਰਨੀ। ਐਵੇਂ ਜਿਦ ਮਾਰੇ ਹੁਣ ਹਠ ਪਿੱਟੀ ਜਾਂਦੇ ਆਂ। ਨਹੀਂ ਤਾਂ ਲੰਬਰਦਾਰੀ ਵਿੱਚ ਕੀ ਪਿਆ ਏ ?" ਸੱਜਣ ਸਿੰਘ ਨੇ ਸਾਰਿਆਂ ਨਾਲ ਸਾਂਝੀ ਜੇਹੀ ਗੱਲ ਕੀਤੀ।

"ਹੁਣ ਤਾਂ ਉਹ ਗੱਲ ਬਣ ਗਈ ਨਾ, ਅਖੇ : ਮਹੀਂ ਨੂੰ ਡੁੱਬਣਾ ਮਿਹਣਾ ਤੇ ਮਰਦਾਂ ਨੂੰ ਭੱਜਣਾ ਲਾਜ।" ਦੀਪੇ ਨੇ ਇਕ ਪ੍ਰਸਿੱਧ ਲੋਕੁਕਤੀ ਦੁਹਰਾਈ।

"ਐਵੇਂ ਹਾਕਮਾਂ ਤੇ ਵਕੀਲਾਂ ਦੇ ਘਰ ਭਰਦੇ ਨੇ ਪਏ ਦੋਵੇਂ। ਹੋਰ ਕੀ ?" ਗਹਿਣਾ ਲੁਹਾਰ ਦਿਲੋਂ ਇਸ ਮੁਕੱਦਮੇ ਨੂੰ ਚੰਗਾ ਨਹੀਂ ਸੀ ਸਮਝਦਾ।

"ਪਰ ਦੱਸੋ ਹੁਣ, ਕੀਤਾ ਕੀ ਜਾਏ ?" ਸੱਜਣ ਸਿੰਘ ਨੂੰ ਸੱਚ-ਮੁੱਚ ਹੀ ਛੁਟਕਾਰੇ ਦਾ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ।

"ਕਰਨਾ ਕੀ ਏ ? ਸਿੱਧੇ ਹੋ ਕੇ ਸੀਸ ਦਿਹੋ। ਹੁਣ ਤਾਂ ਇਹ ਦੋਹਾਂ ਮਜ਼੍ਹਬਾਂ ਦੀ ਅਣਖ ਦਾ ਸੁਆਲ ਬਣ ਗਿਆ ਏ।" ਟਹਿਲ ਸਿੰਘ ਨੇ ਆਪਣੀ ਰਾਏ ਪੇਸ਼ ਕੀਤੀ। ਉਹਨੇ ਮੌਲਵੀ ਦੇ ਹਮਜੋਲੀਆਂ ਕੋਲੋਂ ਕੁਛ ਉਡਦੀਆਂ-ਉਡਦੀਆਂ ਗੱਲਾਂ ਸੁਣੀਆਂ ਸਨ।

ਏਸ ਤਰ੍ਹਾਂ ਦੀਆਂ ਨਿੱਕੀਆਂ ਮੋਟੀਆਂ ਗੱਲਾਂ ਕਰਦੇ ਸਾਰੇ ਬਾਬੇ ਅਕਾਲੀ ਦੇ ਘਰ ਜਾ ਪਹੁੰਚੇ। ਅੱਗੋ ਬਾਬਾ ਅਕਾਲੀ ਕੋਠੇ ਦੇ ਪਰਛਾਂਵੇਂ ਮੰਜੇ ਉੱਤੇ ਲੰਮਾ ਪਿਆ ਹੋਇਆ ਸੀ।

"ਉ, ਸੁਣਾ ਬਾਬਾ 'ਕਾਲੀਆ! ਵੇਖੀਂ ਕਿਤੇ।" ਦੀਪੇ ਨੇ ਆਪਣੇ ਸੁਭਾਅ ਅਨੁਸਾਰ ਹਸਾਉਣੀ ਸੁਰ ਵਿੱਚ ਕਿਹਾ।

"ਫ਼ੌਜਾਂ ਤਿਆਰ-ਬਰ-ਤਿਆਰ ਨੇ, ਦੀਪ ਸਿਹਾਂ! ਐਥੋਂ ਮੰਜਾ ਫੜ ਲਵੋ ਅੰਦਰੋਂ।" ਬਾਬੇ ਅਕਾਲੀ ਨੇ ਸੱਜੇ ਹੱਥ ਦੇ ਇਸ਼ਾਰੇ ਨਾਲ ਕਿਹਾ।

ਦੀਪਾ ਬਾਬੇ ਅਕਾਲੀ ਦੀ ਪੈਂਦ ਵੱਲ ਬਹਿ ਕੇ ਉਹਦੀਆਂ ਲੱਤਾਂ ਘੁੱਟਣ ਲੱਗ ਪਿਆ। ਮਹੈਂਦੇ ਨੇ ਅੰਦਰੋਂ ਮੰਜਾ ਕੱਢ ਕੇ ਬਰਾਬਰ 'ਤੇ ਡਾਹ ਦਿੱਤਾ।

"ਬਾਬਾ 'ਕਾਲੀਆ! ਮੈਂ ਤਾਂ ਸੁਣਿਆਂ ਈ ਨਹੀਂ। ਆਹ, ਹੁਣ ਦੀਪੇ ਦੇ ਮੂੰਹੋਂ ਸੁਣ ਕੇ ਪਤਾ ਲੱਗਾ ਏ।" ਦੂਜੇ ਪਾਸੇ ਸੱਜਣ ਸਿੰਘ ਬਹਿ ਕੇ ਮੁੱਠੀਆਂ ਭਰਨ ਲੱਗ ਪਿਆ।

"ਦੀਹਦਾ ਏ, ਤੁਸਾਂ ਮੈਨੂੰ ਧੂਖਲ ਕਰ ਦੇਣਾ ਏਂ।" ਬਾਬੇ ਅਕਾਲੀ ਨੇ ਦੋਹਾਂ ਨੂੰ ਸਾਂਝਾ ਜਿਹਾ ਵਾਕ ਕਿਹਾ, "ਅੱਜ ਤਾਂ ਸਵੇਰ ਦਾ ਤਾਪ ਲੱਥਾ ਹੋਇਆ ਏ। ਸ਼ਾਇਦ ਏਸੇ ਵਾਸਤੇ ਕੁਛ ਹੱਡ ਪੈਰ ਖੁੱਸਦੇ ਸਨ ਪਏ।"

"ਏਸੇ ਵਾਸਤੇ ਅਸੀਂ ਸੇਵਾ ਲਈ ਹਾਜ਼ਰ ਹੋ ਗਏ ਆਂ। ਆਹੰਦੇ ਨੇ ਨਾਂ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ।" ਦੀਪੇ ਨੇ ਮੁਸਕਰਾਉਂਦਿਆਂ ਕਿਹਾ, "ਲੈ ਭਈ ਸੱਜਣ ਸਿਹਾਂ! ਆਪਣੀ ਲੱਤ ਮੱਲ ਲੈ। ਖ਼ਬਰਦਾਰ, ਜੇ ਮੇਰੀ ਲੱਤ ਨੂੰ ਹੱਥ ਲਾਇਆ ਤਾਂ।"

"ਹਾਹੋ! ਉਸ ਸਾਧ ਦੇ ਚੇਲਿਆਂ ਵਾਂਗ ਬਾਬੇ ਦੀਆਂ ਲੱਤਾਂ ਵੰਡ ਲਉ।" ਗਹਿਣੇ ਨੇ ਦੂੱਜੇ ਮੰਜੇ ਦੀ ਪੈਂਦ 'ਤੇ ਬਹਿੰਦਿਆਂ ਕਿਹਾ।

ਬਾਕੀ ਚਾਰ ਪੰਜ ਜਣੇ ਨਵੇਂ ਡੱਠੇ ਮੰਜੇ 'ਤੇ ਬਹਿ ਗਏ।

"ਸਾਧ ਕੋਲੋਂ ਤਾਂ ਚੇਲਿਆਂ ਨੇ ਮੁਕਤੀ ਲੈਣੀ ਸੀ, ਤੇ ਮੈਥੋਂ ਕੀ ਲੈਣਾ ਜੇ ?" ਬਾਬੇ ਅਕਾਲੀ ਨੇ ਭੇਖੀ ਸਾਧਾਂ ਉੱਤੇ ਵਿਅੰਗ ਕੱਸਿਆ।

"ਤੈਥੋਂ ਬਾਬਾ 'ਕਾਲੀਆ! ਪੁੱਛ ਕੁਛ ਨਾ। ਬੱਸ, ਸਾਡੀਆਂ ਹਿੱਕਾਂ ਵਿੱਚ ਤੇਰਾ ਈ ਦਿਲ ਧੜਕਦਾ ਈ ਪਿਆ।" ਦੀਪੇ ਦਾ ਕਹਿਣ-ਢੰਗ ਭਾਵੇਂ ਹਾਸੇ ਵਾਲਾ ਸੀ, ਪਰ ਉਸ ਵਿੱਚ ਸ਼ਰਧਾ ਮਿਲੀ ਹੋਈ ਸੀ।

"ਸੁਣਾ ਫਿਰ, ਕੱਲ੍ਹ ਪਰਸੋਂ ਦਾ ਕੀ ਹਾਲ ਰਿਹਾ ਏ ? ਮੈਂ ਤਾਂ ਅੱਜ ਤਿੱਜੇ ਦਿਨ ਪਿੱਛੋਂ ਵਾਂਢਿਓਂ ਆਇਆਂ।" ਟਹਿਲ ਸਿੰਘ ਨੇ ਥੋੜ੍ਹਾ ਜਿਹਾ ਅਗ੍ਹਾਂ ਨੂੰ ਉੱਲਰ ਕੇ ਕਿਹਾ।

"ਵਧੇਰੇ ਦੱਬ ਤਾਂ ਦੋ-ਕੁ ਦਿਨ ਦਿੱਤੀ ਸੁ। ਪਰਸੋਂ ਦਾ ਐਵੇਂ ਮਾੜਾ-ਮਾੜਾ

ਚੜ੍ਹਣ ਲਹਿਣ ਹੋਇਆ ਹੋਇਆ ਏ। ਅੱਜ ਸਵੇਰ ਦਾ ਆਰਾਮ ਏਂ।" ਬਾਬੇ ਅਕਾਲੀ ਨੇ ਟਹਿਲ ਸਿੰਘ ਵੱਲ ਮੂੰਹ ਫੇਰ ਕੇ ਕਿਹਾ, "ਬੱਸ ਕਰ ਜੋ ਪੁੱਤ! ਭਲਾ ਹੋਵੇ ਤੁਹਾਡਾ।"

"ਤਕੜਾ ਹੋ, ਬਾਬਾ 'ਕਾਲੀਆ! ਤੇਰੀ ਤਾਂ ਸਾਨੂੰ ਅਜੇ ਬੜੀ ਲੋੜ ਏ।" ਮਹਿੰਦੇ ਕਮਿਹਾਰ ਨੇ ਹੌਸਲਾ ਦੇਂਦਿਆਂ ਕਿਹਾ। ਹਰ ਆਉਣ ਵਾਲੇ ਨੇ ਕੁਛ ਨਾ ਕੁਛ ਜ਼ਰੂਰ ਕਹਿਣਾ ਸੀ।

"ਘਬਰਾਓ ਨਾ। ਡਰ ਵਾਲੀ ਗੱਲ ਕੋਈ ਨਹੀਂ। ਨਾਲੇ ਮੈਂ ਦੇਸ਼ ਅਜ਼ਾਦ ਹੋਇਆ ਵੇਖ ਕੇ ਮਰਨਾ ਏਂ। ਜੰਮੇ ਜ਼ਰੂਰ ਗ਼ੁਲਾਮ ਮੁਲਕ ਵਿੱਚ ਆਂ, ਪਰ ਮਰਨਾ ਗ਼ੁਲਾਮੀ ਵਿੱਚ ਨਹੀਂ। ਫਿਰ ਮੰਜੇ 'ਤੇ ਪੈ ਕੇ ਨਹੀਂ ਮਰਨਾ। ਹਾਂ, ਅੰਗਰੇਜ਼ ਦੀ ਗੋਲੀ ਖਾ ਕੇ, ਜਾਂ ਭਗਤ ਸਿੰਘ ਵਾਂਗ ਫਾਂਸੀ ਚੜ੍ਹ ਕੇ ਭਾਵੇਂ ਸ਼ਹੀਦ ਹੋ ਜਾਈਏ।" ਬਾਬੇ ਅਕਾਲੀ ਦੀ ਆਤਮਾ ਬੋਲ ਰਹੀ ਸੀ।

"ਸੁਬਹਾਨ ਅੱਲਾ!" ਗਹਿਣੇ ਲੁਹਾਰ ਨੇ ਸਿਰ ਹਿਲਾਉਂਦਿਆਂ ਕਿਹਾ, "ਬਾਬਾ 'ਕਾਲੀਆ! ਤੁਹਾਡੀਆਂ ਕੁਰਬਾਨੀਆਂ ਨੂੰ ਅੱਲਾ ਪਾਕ ਇਕ ਦਿਨ ਜ਼ਰੂਰ ਫਲ ਲਾਵੇਗਾ।"

"ਮੀਆਂ ਗਹਿਣਿਆਂ! ਹੁਣ ਦੇਸ਼ ਬਹੁਤਾ ਚਿਰ ਗ਼ੁਲਾਮ ਨਹੀਂ ਰਹਿ ਸਕੇਗਾ। ਅੰਗਰੇਜ਼ ਦੇ ਪਾਪਾਂ ਦਾ ਬੇੜਾ ਭਰ ਗਿਆ ਜਾਪਦਾ ਏ। ਬੱਸ, ਹੁਣ ਤਾਂ ਇਕ ਅੱਧਾ ਧੱਕਾ ਲੱਗਣ ਦੀ ਡੇਰ ਏ।" ਬਾਬਾ ਅਕਾਲੀ ਪਲ ਦਾ ਪਲ ਸਾਹ ਲੈਣ ਵਾਸਤੇ ਖਲੋ ਗਿਆ, "ਮੈਂ ਭਗਤ ਸਿੰਘ, ਰਾਜ-ਗੁਰੂ ਤੇ ਸੁਖਦੇਵ ਦੀ ਸ਼ਹੀਦੀ ਬਾਰੇ ਪੜ੍ਹ ਰਿਹਾ ਸਾਂ। ਸਦਕੇ ਸ਼ੇਰਾਂ ਦੇ ਹੌਸਲੇ ਦੇ। ਅਸਲ ਵਿੱਚ ਪੜ੍ਹਦਿਆਂ-ਪੜ੍ਹਦਿਆਂ ਮੇਰਾ ਲਹੂ ਜੋਸ਼ ਨਾਲ ਗਰਮ ਹੋ ਗਿਆ। ਮੈਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਵੀ ਯਾਦ ਆ ਗਿਆ। ਉਹ ਸਾਰੀ ਰਾਤ ਮੈਂ ਵਿਹੜੇ ਵਿੱਚ ਤੁਰਦੇ ਫਿਰਦਿਆਂ ਕੱਟੀ। ਮਹਾਤਮਾ ਗਾਂਧੀ ਦੀ ਸ਼ਾਂਤਮਈ ਨੇ...ਕੀ ਕਹਾਂ....ਕੁਛ ਸਮਝ ਨਹੀਂ ਔਂਦੀ।" ਬਾਬਾ ਅਕਾਲੀ ਉਠ ਕੇ ਬਹਿ ਗਿਆ, "ਅੰਦਰ ਦਾ ਗ਼ੁੱਸਾ ਅੰਦਰੇ ਦੱਬਿਆ ਰਹੇ, ਤਾਂ....। ਆਹੰਦੇ ਨੇ ਨਾ, ਭਲੇ ਮਾਣਸ ਦਾ ਗ਼ੁੱਸਾ ਵਧੇਰੇ ਖ਼ਤਰਨਾਕ ਹੁੰਦਾ ਏ। ਬੱਸ, ਏਹਾ ਗੱਲ ਜੇ। ਮੈਂ ਆਪਣੇ ਆਪ ਈ ਭੁੱਜਦਾ ਰਿਹਾ। ਤੇ ਅਗਲੇ ਦਿਨ ਮੈਨੂੰ ਬੁਖ਼ਾਰ ਹੋ ਗਿਆ।"

"ਜੋਸ਼ ਜੁੱਸੇ ਵਿੱਚ ਮੇਂਵਿਆਂ ਨਾ ਨਾਂ।" ਸੱਜਣ ਸਿੰਘ ਨੇ ਜ਼ਰਾ ਕੁ ਨਿੱਠ ਕੇ ਬਹਿੰਦਿਆਂ ਕਿਹਾ।

"ਇਕ ਦਿਨ ਤਾਂ ਮੇਰੇ ਦਿਲ ਵਿੱਚ ਬੜੇ ਭੈੜੇ ਚੰਦਰੇ ਖ਼ਿਆਲ ਔਂਦੇ ਰਹੇ, ਪਰ ਮੈਂ ਪੱਕੇ ਇਰਾਦੇ ਨਾਲ ਆਖਿਆ, 'ਵੇਖ ਉਇ ਕਰਮ ਸਿਹਾਂ! ਮੰਜੇ 'ਤੇ ਪੈ ਕੇ ਨਹੀਂ ਮਰਨਾ। ਮਰਨਾ ਏਂ, ਤਾਂ ਸੂਰਮਿਆਂ ਵਾਲੀ ਮੌਤ। ਬੱਸ, ਅਗਲੇ ਦਿਨ ਬੁਖ਼ਾਰ ਟੁੱਟ

ਗਿਆ। ਹੁਣ ਮੈਨੂੰ ਪੱਕਾ ਵਿਸ਼ਵਾਸ ਹੋ ਗਿਆ ਏ, ਕਿ ਮੈਂ ਅਜ਼ਾਦੀ ਦਾ ਝੰਡਾ ਝੂਲਦਾ ਵੇਖ ਕੇ ਈ ਮਰਾਂਗਾ।" ਬੁੱਢੇ ਦੇਸ਼-ਭਗਤ ਦਾ ਚਿਹਰਾ ਭਖ ਕੇ ਲਾਲ ਹੋ ਗਿਆ ਸੀ।

"ਪੈ ਜਾ ਲੰਮਾ! ਥਕੇਵੇਂ ਨਾਲ ਫੇਰ ਨਾ ਤਕਲੀਫ਼ ਵਧ ਜਾਏ। ਵਧੇਰੇ ਗੱਲਾਂ ਕਰਨ ਨਾਲ ਵੀ ਸਿਰ ਨੂੰ ਵਾਅ ਚੜ੍ਹ ਜਾਂਦੀ ਏ।" ਕੋਲੋਂ ਟਹਿਲ ਸਿੰਘ ਨੇ ਚਿੰਤਾ ਪਰਗਟ ਕਰਦਿਆਂ ਕਿਹਾ।

"ਨਹੀਂ, ਏਹੋ ਜੇਹੀਆਂ ਗੱਲਾਂ ਕਰਦਿਆਂ ਸਗੋਂ ਮੇਰਾ ਮਨ ਹੌਲਾ ਹੋ ਜਾਂਦਾ ਏ। ਤੁਸੀਂ ਨਾ ਔਂਦੇ, ਤਾਂ ਸ਼ਾਇਦ ਮੈਨੂੰ ਫੇਰ ਬੁਖ਼ਾਰ ਹੋ ਜਾਂਦਾ। ਟਹਿਲ ਸਿਹਾਂ ਮੈਨੂੰ ਜਿਵੇਂ ਇਕ ਕਿਸਮ ਦਾ ਗੱਲਾਂ ਕਰਨ ਦਾ ਰੋਗ ਲੱਗ ਗਿਆ ਏ। ਕਿਸੇ-ਕਿਸੇ ਵੇਲੇ ਮੈਂ ਕਿਸੇ ਡੂੰਘੀ ਸੋਚ ਦੇ ਵਹਿਣ ਵਿੱਚ ਪੈ ਜਾਂਦਾਂ। ਫਿਰ ਓਨਾ ਚਿਰ ਮੈਨੂੰ ਚੈਨ ਨਹੀਂ ਔਂਦਾ, ਜਿੰਨਾ ਚਿਰ ਮੈਂ ਕਿਸੇ ਜਿਗਰੀ ਮਿੱਤਰ ਸਾਹਮਣੇ ਮਨ ਹੌਲਾ ਨਾ ਕਰ ਲਵਾਂ। ਜਾਣਦੇ ਓ, ਮੈਂ ਬਮਾਰ ਕਿਹੜੀ ਗੱਲੋਂ ਹੋ ਗਿਆ ਸਾਂ ? ਮੈਂ ਕੋਈ ਦਿਨ ਸੋਚਦਾ ਰਿਹਾ ਹਾਂ ਕਿ ਐਨੀਆਂ ਕੁਰਬਾਨੀਆਂ ਦੇਣ ਪਿੱਛੋਂ ਗਾਂਧੀ-ਇਰਵਨ ਸਮਝੌਤਾ ਹੋਇਆ, ਪਰ ਉਹਦੇ ਵਿੱਚੋਂ ਅਸਾਂ ਖੱਟਿਆ ਕੀ ? ਇਕ ਭਗਤ ਸਿੰਘ ਦੀ ਜਾਨ ਵੀ ਨਾ ਬਚਾ ਸਕੇ।"

"ਉਹ ਸਮਝੌਤਾ ਭਗਤ ਸੂੰਹ ਨੂੰ ਛੁਡੌਣ ਵਾਸਤ ਹੋਇਆ ਸੀ ?" ਸੱਜਣ ਸਿੰਘ ਨੇ ਸਵਾਲ ਕੀਤਾ।

"ਸਿੱਧੇ ਲਫ਼ਜ਼ਾਂ ਵਿੱਚ ਨਹੀਂ, ਪਰ ਸਾਰਾ ਦੇਸ਼ ਆਸਾਂ ਏਹਾ ਲਾਈ ਬੈਠਾ ਸੀ।" ਬਾਬੇ ਅਕਾਲੀ ਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ। ਉਹ ਗੱਲਾਂ ਸੁਨਾਉਣ ਵਾਸਤੇ ਉਤਾਵਲਾ ਹੋ ਗਿਆ ਜਾਪਦਾ ਸੀ। "ਤੁਸੀਂ ਜਾਣਦੇ ਓ, ਜਰਮਣ ਜੰਗ ਮੁੱਕਣ ਪਿੱਛੋਂ ਅੰਗਰੇਜ਼ਾਂ ਨੇ ਰੌਲਟ ਐਕਟ ਪਾਸ ਕਰ ਦਿੱਤਾ ਸੀ। ਮਹਾਤਮਾ ਗਾਂਧੀ ਨੇ ਉਸ ਦੇ ਵਰੁੱਧ ਮੋਰਚਾ ਲੌਣ ਦਾ ਐਲਾਨ ਕਰ ਦਿੱਤਾ। ਪਰ ਵਸਾਖੀ ਦੇ ਦਿਨ ਅੰਮ੍ਰਿਤਸਰ ਜੱਲ੍ਹਿਆਂ ਵਾਲਾ ਕਾਂਡ ਹੋ ਗਿਆ। ਇਸ ਵਾਸਤੇ ਮਹਾਤਮਾ ਗਾਂਧੀ ਨੇ ਮੋਰਚਾ ਮੁਲਤਵੀ ਕਰ ਦਿੱਤਾ। ਮਗਰ ਲੋਕਾਂ ਦੇ ਮਨਾਂ ਅੰਦਰ ਗ਼ੁੱਸੇ ਦੀ ਅੱਗ ਸੁਲਘਦੀ ਰਹੀ। ਏਸੇ ਸਮੇਂ ਇਕ ਗੱਲ ਹੋਰ ਹੋ ਗਈ। ਸਾਰੀ ਦੁਨੀਆਂ ਦੇ ਮੁਸਲਮਾਨ ਤੁਰਕੀ ਦੇ ਬਾਦਸ਼ਾਹ ਨੂੰ ਆਪਣਾ 'ਖ਼ਲੀਫ਼ਾ' ਮੰਨਦੇ ਸਨ। ਤੁਰਕੀ ਜੰਗ ਵਿੱਚ ਅੰਗਰੇਜ਼ਾਂ ਦੇ ਉਲਟ ਸੀ। ਜੰਗ ਮੁੱਕਣ ਪਿੱਛੋਂ ਜਰਮਨੀ ਵਾਂਗ ਅੰਗਰੇਜ਼ਾਂ ਨੇ ਤੁਰਕੀ ਨੂੰ ਵੀ ਰਗੜ ਦਿੱਤਾ। ਤੁਰਕੀ ਸਿਰਫ਼ ਤੁਰਕੀ ਹੀ ਰਹਿ ਗਿਆ, ਸਾਰੇ ਮੁਸਲਮਾਨਾਂ ਦਾ ਖ਼ਲੀਫ਼ਾ ਨਾ ਰਿਹਾ। ਇਸ ਤਰ੍ਹਾਂ ਸਾਰੀ ਦੁਨੀਆਂ ਵਿੱਚ ਜੋ ਮੁਸਲਮਾਨਾਂ ਦੀ ਮਹਾਨ ਜਥੇਬੰਦੀ ਸੀ, ਉਹ ਟੁੱਟ ਗਈ। ਮੁਸਲਮਾਨ ਬਹੁਤ ਨਾਰਾਜ਼ ਹੋਏ। ਹਿੰਦੁਸਤਾਨ ਵਿੱਚ ਵੀ ਮੁਸਲਮਾਨਾਂ ਨੇ ਰੋਸ ਪ੍ਰਗਟ ਕੀਤਾ। ਉਸ ਨੂੰ 'ਖ਼ਲਾਫ਼ਤ ਲਹਿਰ' ਕਹਿੰਦੇ ਨੇ।"

"ਖ਼ਲਾਫ਼ਤ ਕੀ ?" ਦੀਪੇ ਨੇ ਸ਼ਬਦ ਦੇ ਅਰਥ ਨਾ ਸਮਝਣ ਕਰ ਕੇ ਪੁੱਛਿਆ।

“ਖ਼ਲੀਫ਼ੇ ਤੋਂ ਖ਼ਲਾਫ਼ਤ ਲਫ਼ਜ਼ ਬਣ ਗਿਆ ਨਾ!” ਬਾਬੇ ਨੇ ਸੌਖੇ ਢੰਗ ਨਾਲ ਸਮਝਾਉਂਦਿਆਂ ਕਿਹਾ, “ਹਾਲਾਤ ਠੀਕ ਵੇਖ ਕੇ ਮਹਾਤਮਾ ਗਾਂਧੀ ਅੱਗੇ ਆ ਗਿਆ। ਬੱਸ, ਸੰਨ ਵੀਹ ਦੇ ਅੱਧ ਵਿੱਚ ਮੋਰਚਾ ਲੱਗ ਗਿਆ। ਗਾਂਧੀ ਨੇ ਐਲਾਨ ਕੀਤਾ : “ਸਰਕਾਰ ਨਾਲ ਹਰ ਗੱਲ ਵਿੱਚ ਨਾ-ਮਿਲਵਰਤਣ ਕਰੋ। ਸਰਕਾਰ ਵੱਲੋਂ ਮਿਲੇ ਖ਼ਤਾਬ ਛੱਡ ਦਿਹੋ। ਵਕਾਲਤਾਂ ਤੇ ਨੌਕਰੀਆਂ ਕਰਨੀਆਂ ਛੱਡ ਦਿਹੋ। ਸਕੂਲਾਂ ਕਾਲਜਾਂ ਵਿੱਚ ਪੜ੍ਹਨ ਨਾ ਜਾਉ। ਕਚਹਿਰੀਆਂ ਵਿੱਚ ਮੁਕੱਦਮੇ ਲੈ ਕੇ ਨਾ ਜਾਓ। ਤੇ ਸਭ ਤੋਂ ਵੱਡੀ ਗੱਲ, ਬਦੇਸ਼ੀ ਮਾਲ ਦਾ ਬਾਈਕਾਟ ਕਰ ਦਿਹੋ।’ ਫੇਰ ਕੀ ਸੀ, ਲੋਕਾਂ ਨੇ ਮਹਾਤਮਾ ਗਾਂਧੀ ਦਾ ਹੁਕਮ, ਰੱਬੀ ਫ਼ੁਰਮਾਨ ਸਮਝ ਕੇ ਮੰਨਿਆਂ। ਕੇਈਆਂ ਵਕੀਲਾਂ ਨੇ ਵਕਾਲਤਾਂ ਛੱਡ ਦਿੱਤੀਆਂ। ਕੇਈਆਂ ਬੰਦਿਆਂ ਨੇ ਸਰਕਾਰ ਵੱਲੋਂ ਮਿਲੇ ਹੋਏ ਖ਼ਤਾਬ ਤਿਆਗ ਦਿੱਤੇ। ਕੇਈਆਂ ਨੇ ਨੌਕਰੀਆਂ ਤੋਂ ਇਸਤੀਫ਼ੇ ਦੇ ਦਿੱਤੇ। ਬਦੇਸ਼ੀ ਮਾਲ ਦਾ—ਖ਼ਾਸ ਕਰਕੇ ਜਿਹੜਾ ਮਾਲ ਅੰਗਰੇਜ਼ਾਂ ਦੇ ਮੁਲਕ ਵਿੱਚੋਂ ਔਂਦਾ ਸੀ—ਬਾਈਕਾਟ ਕਰ ਦਿੱਤਾ। ਗਾਂਧੀ ਜੀ ਨੇ ਕਿਹਾ, ਘਰ-ਘਰ ਚਰਖੇ ਚਲਾਓ ਤੇ ਕੱਪੜੇ ਦੀ ਥੁੜ ਪੂਰੀ ਕਰੋ। ਬੱਸ, ਖੱਦਰ ਵਿਚਾਰੇ ਦੀ ਵੀ ਸੁਣੀ ਗਈ। ਪਹਿਲਾਂ ਖੱਦਰ ਪੌਣ ਵਾਲਾ ਗ਼ਰੀਬ ਸਮਝਿਆ ਜਾਂਦਾ ਸੀ, ਤੇ ਫੇਰ ਖੱਦਰ-ਧਾਰੀ ਦੇਸ-ਭਗਤ ਮੰਨਿਆਂ ਜਾਣ ਲੱਗਾ। ਵੱਡੇ-ਵੱਡੇ ਬੰਦਿਆਂ ਨੇ ਰੇਸ਼ਮ ਲਾਹ ਕੇ ਖੱਦਰ ਪਾ ਲਿਆ।”

“ਮੁੰਡਿਆਂ ਨੇ ਓਦੋਂ ਪਿੰਡਾਂ ਵਿੱਚ ਦੋਹੜੇ ਲੌਂਦੇ ਫਿਰਨਾ, ਅਖੇ : ਬਾਬੇ ਗਾਂਧੀ ਨੇ ਸਭ ਨੂੰ ਖਦਰ ਪੁਆਇਆ, ਬਾਬੇ ਗਾਂਧੀ ਨੇ।” ਗਹਿਣੇ ਲੁਹਾਰ ਨੇ ਮਸਤੀ ਵਿੱਚ ਸਿਰ ਹਿਲਾਉਂਦਿਆਂ ਕਿਹਾ।

“ਤੇ ਅਗਲੇ ਸਾਲ ਏਥੇ ਆ ਗਿਆ ਅੰਗਰੇਜ਼ਾਂ ਦਾ ਸ਼ਾਹਜ਼ਾਦਾ। ਅੰਗਰੇਜ਼ ਉਸ ਨੂੰ ‘ਪ੍ਰਿੰਸ ਆਫ਼ ਵੇਲਜ਼’ ਆਹੰਦੇ ਨੇ। ਪ੍ਰਿੰਸ ਆਫ਼ ਵੇਲਜ਼ ਨੇ ਹੀ ਪਿੱਛੋਂ ਬਾਦਸ਼ਾਹ ਦੀ ਗੱਦੀ ’ਤੇ ਬਹਿਣਾ ਹੁੰਦਾ ਏ। ਕਾਂਗਰਸ ਨੇ ਫ਼ੈਸਲਾ ਕੀਤਾ, ਕਿ ਸ਼ਾਹਜ਼ਾਦੇ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਹੈ। ਅੰਗਰੇਜ਼ਾਂ ਦੇ ਯਾਰ੍ਹਵੇਂ ਮਹੀਨੇ (17 ਨਵੰਬਰ, 1921) ਵਿੱਚ ਸ਼ਾਹਜ਼ਾਦਾ ਬੰਬਈ ਉਤਰਿਆ। ਲੋਕਾਂ ਨੇ ਕਾਲੀਆਂ ਝੰਡੀਆਂ ਨਾਲ ਉਹਦਾ ਸਵਾਗਤ ਕੀਤਾ। ਸਾਰੇ ਮੁਲਕ ਵਿੱਚ ਹੜਤਾਲ ਹੋਈ ਤੇ ਜਲੂਸ ਨਿਕਲੇ। ਬੰਬਈ ਵਿੱਚ ਚਾਰ ਦਿਨ ਤਕ ਗੜਬੜ ਰਹੀ। ਸਰਕਾਰ ਵੱਲੋਂ ਲੋਕਾਂ ’ਤੇ ਪੁੱਜ ਕੇ ਸਖ਼ਤੀ ਕੀਤੀ ਗਈ। ਪੁਲਸ ਨੇ ਥਾਂ-ਥਾਂ ਡਾਂਗਾਂ ਵਰ੍ਹਾਈਆਂ ਤੇ ਗੋਲੀ ਚਲਾਈ। ਲੋਕਾਂ ਵਿੱਚੋਂ ਪੰਜਾਹ ਤੋਂ ਉੱਤੇ ਬੰਦੇ ਮਰ ਗਏ ਤੇ ਚਾਰ-ਪੰਜ ਸੌ ਗੋਲੀਆਂ ਨਾਲ ਫੱਟੜ ਹੋਏ।”

“ਸ਼ਜਾਦੇ ਦਾ ਸੁਲੱਖਣਾ ਪੈਰ਼ਾ ਪਿਆ ਨਾ, ਜੀਹਦੇ ਔਂਦਿਆਂ ਈ ਲਹੂ ਦੀ ਹੋਲੀ ਖੇਡੀ ਗਈ।” ਦੀਪੇ ਨੇ ਵਿਅੰਗ ਵਜੋਂ ਸ਼ਬਦ ‘ਸੁਲੱਖਣਾ’ ਉੱਤੇ ਵਧੇਰੇ ਜ਼ੋਰ ਦੇਂਦਿਆਂ ਕਿਹਾ।

“ਜਿੱਥੇ-ਜਿੱਥੇ ਵੀ ਸ਼ਾਹਜ਼ਾਦਾ ਗਿਆ, ਏਹਾ ਹਾਲ ਹੋਇਆ। ਲੋਕਾਂ ਨੇ ਕਾਲੀਆਂ

ਝੰਡੀਆਂ ਨਾਲ ਜਲੂਸ ਕੱਢੇ। ਵਲੈਤੀ ਕੱਪੜੇ ਦੀ ਬਜ਼ਾਰਾਂ ਵਿੱਚ ਰੱਖ ਕੇ ਹੋਲੀ ਬਾਲੀ। ਵਲੈਤੀ ਮਾਲ ਵੇਚਣ ਵਾਲੀਆਂ ਦੁਕਾਨਾਂ ਅੱਗੇ ਮੁਜ਼ਾਹਰੇ ਕੀਤੇ। ਉਸ ਵੇਲੇ ਬਾਈਕਾਟ ਦੀ ਲਹਿਰ ਜ਼ੋਰ 'ਤੇ ਸੀ। ਸਰਕਾਰ ਨੇ ਵੀ ਅੱਗੋਂ ਘੱਟ ਨਹੀਂ ਕੀਤੀ।"

"ਲੈ ਖਾਂ! ਤਾਣ ਹੁੰਦਿਆਂ ਕਦੋਂ ਕੋਈ ਘੱਟ ਕਰਦਾ ਏ।" ਗਹਿਣੇ ਲੁਹਾਰ ਨੇ ਅੱਗੋਂ ਹੁੰਗਾਰਾ ਭਰਨ ਵਜੋਂ ਕਿਹਾ।

"ਸਰਕਾਰ ਨੇ ਕੋਈ ਕਾਲੇ ਕਨੂੰਨ ਜਾਰੀ ਕਰ ਦਿੱਤੇ ਸਨ। ਸਾਰੇ ਦੇਸ਼ ਵਿੱਚ ਦਫ਼ਾ ਇਕ ਸੌ ਚੁਤਾਲੀ ਲਾ ਦਿੱਤੀ ਸੀ। ਗੋਲੀ ਨਾਲ ਕਿੰਨੇ ਮਰੇ, ਤੇ ਡਾਂਗਾਂ ਨਾਲ ਕਿੰਨਿਆਂ ਕੁ ਦੇ ਹੱਡ ਤੋੜੇ ਗਏ, ਏਸ ਗੱਲ ਦਾ ਹਸਾਬ ਕੌਣ ਲੈਂਦਾ ? ਹਾਂ, ਕੈਦ ਹੋਣ ਵਾਲਿਆਂ ਦੀ ਗਿਣਤੀ ਤੀਹ ਹਜ਼ਾਰ ਤੋਂ ਵੱਧ ਸੀ।"

"ਕੈਦ ਹੋਣ ਵਾਲਿਆਂ ਦੀ ਗਿਣਤੀ 'ਕਾਲੀ ਮੋਰਚੇ ਨਾਲੋਂ ਵੀ ਵੱਧ ਗਈ ਕਿ!" ਕੈਦੀਆਂ ਦੀ ਬਹੁਤ ਵੱਡੀ ਗਿਣਤੀ ਸੁਣ ਕੇ ਮਹੰਦੇ ਨੇ ਕਿਹਾ।

"ਪਰ ਮੁੰਡਿਆ! ਇਕ ਹੋਰ ਫ਼ਰਕ ਵੱਲ ਵੀ ਧਿਆਨ ਦਿਹ ਨਾ। ਉਹ ਸਿਰਫ਼ ਪੰਜਾਬ ਵਿੱਚ ਸੱਠ ਲੱਖ ਸਿੱਖਾਂ ਦਾ ਮੋਰਚਾ ਸੀ, ਤੇ ਇਹ ਸਾਰੇ ਦੇਸ਼ ਵਿੱਚ ਤੇਤੀ ਕਰੋੜ ਹਿੰਦੁਸਤਾਨੀਆਂ ਦਾ।" ਬਾਬੇ ਅਕਾਲੀ ਨੇ ਅਸਲੀ ਫ਼ਰਕ ਸਮਝਾਉਂਦਿਆਂ ਕਿਹਾ।

"ਏਸ ਸੁਾਬ ਤਾਂ ਸਿੱਖਾਂ ਦਾ ਮੋਰਚਾ ਸਗੋਂ ਵੱਡਾ ਹੋਇਆ।" ਮਿਲਖਾ ਸਿੰਘ ਨੇ ਜ਼ੋਰ ਮਾਣ ਨਾਲ ਛਾਤੀ ਫੁਲਾ ਕੇ ਕਿਹਾ।

"ਅਕਾਲੀ ਮੋਰਚਾ ਬੜਾ ਲਾ-ਸਾਨੀ ਸੀ, ਪਰ ਮੈਂ ਤਾਂ ਸਾਰਿਆਂ ਮੋਰਚਿਆਂ ਨੂੰ ਇਕੋ ਜੇਹੇ ਸਮਝਦਾ ਹਾਂ, ਜੋ ਦੇਸ਼ ਦੀ ਆਜ਼ਾਦੀ ਵਾਸਤੇ ਲੱਗੇ।" ਬਾਬੇ ਅਕਾਲੀ ਨੇ ਗੱਲ ਜਾਰੀ ਰਖਦਿਆਂ ਕਿਹਾ, "ਏਸ ਤਰ੍ਹਾਂ ਮੋਰਚਾ ਲਗਿਆਂ ਅਗਲਾ ਸਾਲ ਚੜ੍ਹ ਪਿਆ। ਕਿਤੇ-ਕਿਤੇ ਲੋਕਾਂ ਨੇ ਵੀ ਅੱਗੋਂ ਹੱਥ ਚੁੱਕੇ ਸਨ। ਮਹਾਤਮਾ ਗਾਂਧੀ ਨੇ ਏਸ ਗੱਲ ਦੀ ਨਖੇਧੀ ਕੀਤੀ। ਉਹ ਨਿਰੋਲ ਸ਼ਾਂਤਮਈ ਚਾਹੁੰਦਾ ਸੀ। ਗਾਂਧੀ ਦੇ ਐਸਾ ਕਰਨ ਤੋਂ ਕੁਛ ਲੀਡਰ ਤੇ ਲੋਕ ਵੀ ਮਹਾਤਮਾ ਗਾਂਧੀ ਨਾਲ ਨਰਾਜ਼ ਹੋ ਗਏ। ਮੌਕਿਆ ਤਾੜ ਕੇ ਸਰਕਾਰ ਨੇ ਗਾਂਧੀ ਨੂੰ ਗ੍ਰਿਫ਼ਤਾਰ ਕਰਕੇ (13 ਮਾਰਚ, 1922) ਛੇ ਸਾਲ ਦੀ ਕੈਦ ਸੁਣਾ ਦਿੱਤੀ। ਕੈਦ ਹੋਣ ਕਰਕੇ ਲੋਕਾਂ ਦੀ ਗਾਂਧੀ ਜੀ ਨਾਲ ਫੇਰ ਹਮਦਰਦੀ ਹੋ ਗਈ। ਫਿਰ ਜਿਹਲ ਦੇ ਕਰਮਚਾਰੀਆਂ ਵੱਲੋਂ ਭੈੜੇ ਸਲੂਕ ਕਰਕੇ ਗਾਂਧੀ ਜੀ ਬਮਾਰ ਹੋ ਗਏ। ਅੰਤ ਦੋ-ਕੁ ਸਾਲ ਪਿੱਛੋਂ ਸਰਕਾਰ ਨੇ ਉਹਨੂੰ ਰਿਹਾ ਕਰ ਦਿੱਤਾ (5 ਫਰਵਰੀ 1924)।"

"ਤੇ ਬਾਕੀ ਕੈਦੀ ?" ਸੱਜਣ ਸਿੰਘ ਨੇ ਸਵਾਲ ਕੀਤਾ।

"ਸਹਿਜ-ਸਹਿਜ ਸਾਰੇ ਈ ਰਿਹਾ ਹੋ ਗਏ। ਕੁਛ ਪੂਰੀ ਕੈਦ ਭੁਗਤ ਕੇ ਤੇ ਕੁਛ ਪਹਿਲਾਂ ਹੀ।" ਬਾਬੇ ਅਕਾਲੀ ਨੇ ਉੱਤਰ ਦੇਂਦਿਆਂ ਆਪਣੀ ਕਹਾਣੀ ਜਾਰੀ ਰੱਖੀ,

"ਏਸ ਸਾਲ ਦੇਸ਼ ਵਾਸਤੇ ਇਕ ਬਹੁਤ ਮਾੜੀ ਗੱਲ ਹੋ ਗਈ। ਦਿੱਲੀ, ਲਖਨਊ, ਨਾਗਪੁਰ, ਜੱਬਲਪੁਰ, ਅਲਾਹਾਬਾਦ, ਸ਼ਾਹਜਹਾਨਪੁਰ, ਕਲਕੱਤਾ ਆਦਿ ਵੱਡੇ-ਵੱਡੇ ਸ਼ਹਿਰਾਂ ਵਿੱਚ ਹਿੰਦੂ ਮੁਸਲਮ ਫ਼ਸਾਦ ਹੋ ਗਏ। ਕੋਹਾਟ ਵਿੱਚ ਤਾਂ ਬਹੁਤ ਹੀ ਕਤਲਾਮ ਹੋਈ। ਓਥੋਂ ਚਾਰ ਹਜ਼ਾਰ ਹਿੰਦ ਘਰ-ਬਾਰ ਛੱਡ ਕੇ ਤੁਰ ਆਏ (ਸਤੰਬਰ, 1924)

'ਫ਼ਸਾਦ ਵੀ ਅੰਗਰੇਜ਼ਾਂ ਈ ਕਰਾਏ ਹੋਣੇ ਨੇ ਕਿ!" ਗਹਿਣੇ ਲੁਹਾਰ ਨੇ ਸ਼ੰਕੇ ਭਰੀ ਸੁਰ ਵਿੱਚ ਕਿਹਾ।

"ਤੇ ਹੋਰ ਕੀ ? ਅੰਗਰੇਜ਼ਾਂ ਦਾ ਭਲਾ ਸੀ, ਸਾਡੇ ਦੋ ਮਜ਼੍ਹਬਾਂ ਦੇ ਲੜਾਈ ਝਗੜੇ ਵਿੱਚ। ਅਸੀਂ ਸਾਰੇ ਇਕ ਹੋ ਜਾਈਏ; ਤਾਂ ਉਹ ਏਥੇ ਇਕ ਦਿਨ ਵੀ ਨਹੀਂ ਰਹਿ ਸਕਦੇ। ਇਹਨਾਂ ਫ਼ਿਰਕਾਦਾਰਾਨਾ ਫ਼ਸਾਦਾਂ ਨੇ ਸਾਨੂੰ ਬਹੁਤ ਬਦਨਾਮ ਕੀਤਾ। ਸਾਡਾ ਮੋਰਚਾ ਵੀ ਢਿੱਲਾ ਪੈ ਗਿਆ। ਮਹਾਤਮਾ ਗਾਂਧੀ ਨੇ ਪਰਾਸ਼ਚਿੱਤ ਵਜੋਂ ਇਕੀ ਦਿਨਾਂ ਦਾ ਵਰਤ ਰਖਿਆ, ਪਰ ਫ਼ਰਕ ਕੋਈ ਨਾ ਪਿਆ। ਅਗਲੇ ਤਿੰਨ ਸਾਲ ਵੱਡੇ-ਵੱਡੇ ਸ਼ਹਿਰਾਂ ਵਿੱਚ ਹਿੰਦੂ-ਮੁਸਲਮ ਫ਼ਸਾਦ ਹੁੰਦੇ ਰਹੇ।"

"ਪਿਛਲੀ ਕੀਤੀ ਕੱਤਰੀ ਖੂਹ ਪੈ ਗਈ ਕਿ!" ਗਹਿਣੇ ਨੇ ਅਫ਼ਸੋਸ ਵਜੋਂ ਸਿਰ ਧੁਣਦਿਆਂ ਕਿਹਾ।

"ਮਖ: ਅਜ਼ਾਦੀ ਦੀ ਲਹਿਰ ਨੂੰ ਬਹੁਤ ਵੱਡਾ ਧੱਕਾ ਲੱਗਾ। ਤੇ ਅੰਗਰੇਜ਼ ਦੇ ਹੱਥ ਮਜ਼ਬੂਤ ਹੋ ਗਏ।" ਬਾਬੇ ਅਕਾਲੀ ਨੇ ਵੀ ਅਫ਼ਸੋਸ ਵਜੋਂ ਸਿਰ ਫੇਰਦਿਆਂ ਕਿਹਾ, "ਕਾਂਗਰਸ ਤੇ ਦੇਸ਼ ਦੀਆਂ ਹੋਰ ਕਈ ਜਥੇਬੰਦੀਆਂ ਚਿਰਾਂ ਤੋਂ ਅਜ਼ਾਦੀ ਦੀ ਮੰਗ ਕਰ ਰਹੀਆਂ ਸਨ। ਲੋਕਾਂ ਦੀਆਂ ਅੱਖਾਂ ਪੂੰਝਣ ਵਾਸਤੇ ਅੰਗਰੇਜ਼ ਨੇ ਸੰਨ ਅਠਾਈ ਵਿੱਚ ਸਾਈਮਨ ਕਮਿਸ਼ਨ ਭੇਜਿਆ।"

"ਸਾਈਮਨ ਕੀ ?" ਮਿਲਖਾ ਸਿੰਘ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁੱਛਿਆ।

"ਅੰਗਰੇਜ਼ਾਂ ਦੀ ਪਾਰਲੀਮੈਂਟ ਨੇ ਇਕ ਸੱਤਾਂ ਮੈਂਬਰਾਂ ਦੀ ਕਮੇਟੀ ਬਣਾ ਕੇ ਭੇਜੀ। ਕਮੇਟੀ ਦੇ ਪ੍ਰਧਾਨ ਦਾ ਨਾਂ ਸੀ ਮਿਸਟਰ ਸਾਈਮਨ (Simon)। ਏਸੇ ਵਾਸਤੇ ਉਸ ਦਾ ਨਾਂ 'ਸਾਈਮਨ ਕਮਿਸ਼ਨ' ਰਖਿਆ ਗਿਆ। ਕਮਿਸ਼ਨ ਦੇ ਸੱਤੇ ਮੈਂਬਰ ਅੰਗਰੇਜ਼ ਸਨ। ਕਾਂਗਰਸ ਨੇ ਇਸ ਗੱਲ 'ਤੇ ਇਤਰਾਜ਼ ਕੀਤਾ, ਕਿ ਜਿਸ ਕਮੇਟੀ ਦੇ ਸਾਰੇ ਮੈਂਬਰ ਅੰਗਰੇਜ਼ ਨੇ, ਉਹ ਸਾਡੇ ਨਾਲ ਇਨਸਾਫ਼ ਕਿਵੇਂ ਕਰ ਸਕਦੀ ਏ ?"

"ਗੱਲ ਵੀ ਠੀਕ ਏ। ਜੀਹਦੇ ਬਰਖ਼ਲਾਫ਼ ਦਾਹਵਾ, ਜੇ ਜੱਜ ਵੀ ਓਹਾ ਹੋਵੇ, ਤਾਂ ਫਿਰ ਨਿਆਂ ਦੀ ਆਸ ਕਿੱਥੋਂ ?" ਗਹਿਣੇ ਨੇ ਇਕ ਤਰ੍ਹਾਂ ਕਾਂਗਰਸ ਦੀ ਤਾਈਦ ਕਰਦਿਆਂ ਕਿਹਾ।

"ਬੱਸ, ਕਾਂਗਰਸ ਨੇ ਕਮਿਸ਼ਨ ਨਾਲ ਬਾਈਕਾਟ ਰੱਖਣ ਦਾ ਫ਼ੈਸਲਾ ਕਰ ਦਿੱਤਾ। ਸਾਈਮਨ ਕਮਿਸ਼ਨ ਬੰਬਈ ਉਤਰਿਆ (3 ਫਰਵਰੀ, 1928), ਤਾਂ ਅੱਗੇ

ਸ਼ਹਿਰ ਵਿੱਚ ਮੁਕੰਮਲ ਹੜਤਾਲ ਸੀ। ਇਕ ਬੰਬਈ ਕੀ, ਸਾਰੇ ਮੁਲਕ ਵਿੱਚ ਪੂਰੀ ਤਰ੍ਹਾਂ ਹੜਤਾਲ ਕੀਤੀ ਗਈ। ਥਾਂ-ਥਾਂ ਲੋਕਾਂ ਨੇ ਕਾਲੀਆਂ ਝੰਡੀਆਂ ਲੈ ਕੇ ਜਲੂਸ ਕੱਢੇ। ਸਰਕਾਰ ਨੇ ਜਲੂਸ ਉੱਤੇ ਸਖ਼ਤੀ ਵੀ ਕੀਤੀ। ਮਦਰਾਸ ਵਿੱਚ ਗੋਲੀ ਚੱਲੀ, ਕੁਛ ਮਰੇ ਤੇ ਕੇਈ ਫੱਟੜ ਹੋਏ। ਕਮਿਸ਼ਨ ਨੇ ਬੜੇ ਢੀਠ-ਪੁਣੇ ਨਾਲ ਆਪਣਾ ਦੌਰਾ ਜਾਰੀ ਰੱਖਿਆ। ਜਿੱਥੇ ਵੀ ਕਮਿਸ਼ਨ ਗਿਆ, ਲੋਕਾਂ ਨੇ ਕਾਲੀਆਂ ਝੰਡੀਆਂ ਵਖਾ ਕੇ ਗੋ ਬੈਕ' ਦੇ ਨਾਹਰੇ ਲਾਏ।"

"ਮਤਲਬ, ਕਿ ਆਪਣੇ ਭੁੱਗੇ ਹੀ ਰਹੇ।" ਦੀਪ ਨੇ ਅੱਧ-ਪਚੱਧ ਅਰਥ ਸਮਝਦਿਆਂ ਕਿਹਾ।

"ਗੋ ਬੈਕ ਦਾ ਅਰਥ ਏ, ਵਾਪਸ ਜਾਓ।" ਬਾਬੇ ਅਕਾਲੀ ਨੇ ਦੀਪੇ ਵੱਲ ਤਕਦਿਆਂ ਕਿਹਾ।

"ਓਹਾ ਗੱਲ, ਕਿ ਏਥੋਂ ਦਫ਼ਾ ਹੋ ਜਾਓ।" ਮਹੰਦੇ ਨੇ ਵਾਕ ਦੇ ਮਗਰਲੇ ਹਿੱਸੇ 'ਤੇ ਜ਼ੋਰ ਦੇਂਦਿਆਂ ਕਿਹਾ।

"ਨਾ ਕਮਿਸ਼ਨ ਨੇ ਆਪਣੀ ਜਿਦ ਛੱਡੀ ਤੇ ਨਾ ਲੋਕਾਂ ਨੇ। ਕੇਈ ਥਾਂਵਾਂ 'ਤੇ ਲਾਠੀ-ਚਾਰਜ ਹੋਇਆ, ਗੋਲੀ ਵੀ ਚੱਲੀ, ਪਰ ਲੋਕਾਂ ਨੇ ਹੌਂਸਲਾ ਨਾ ਹਾਰਿਆ। ਹਰ ਥਾਂ ਕਮਿਸ਼ਨ ਦੇ ਬਰਖ਼ਲਾਫ਼ ਮੁਜ਼ਾਹਰੇ ਕੀਤੇ ਗਏ। ਸਭ ਤੋਂ ਦੁਖਦਾਈ ਘਟਨਾ ਹੋਈ ਲਾਹੌਰ ਵਿੱਚ।"

"ਕੀ ?" ਮਿਲਖਾ ਸਿੰਘ ਨੇ ਹੁੰਗਾਰਾ ਭਰਨ ਵਜੋਂ ਸਵਾਲ ਕੀਤਾ।

"ਸ਼ਾਇਦ ਅਕਤੂਬਰ ਦੇ ਮਹੀਨੇ ਕਮਿਸ਼ਨ ਲਾਹੌਰ ਗਿਆ (30 ਅਕਤੂਬਰ, 1928)। ਕਮਿਸ਼ਨ ਗੱਡੀ ਤੋਂ ਉਤਰਿਆ, ਤਾਂ ਸਟੇਸ਼ਨ ਦੇ ਸਾਹਮਣੇ ਲੋਕਾਂ ਦੀ ਭੀੜ ਠਾਠਾਂ ਮਾਰਦੇ ਸਮੁੰਦਰ ਵਾਂਗ ਰਾਹ ਰੋਕੀ ਖਲੀ ਸੀ। ਹਰ ਇਕ ਦੇ ਹੱਥ ਵਿੱਚ ਕਾਲੀ ਝੰਡੀ ਨਜ਼ਰ ਆ ਰਹੀ ਸੀ। ਹਰ ਪਾਸਿਓਂ 'ਸਾਈਮਨ ਕਮਿਸ਼ਨ ਗੋ ਬੈਕ' ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰਿਆਂ ਦੀ ਗੂੰਜ ਆ ਰਹੀ ਸੀ। ਭਗਤ ਸਿੰਘ ਹੋਰਾਂ ਦੀ ਬਣਾਈ ਹੋਈ 'ਨੌ-ਜਵਾਨ ਭਾਰਤ ਸਭਾ' ਸਭ ਤੋਂ ਅੱਗੇ ਸੀ। ਮੁਹਰਲੀਆਂ ਪਾਲਾਂ ਵਿੱਚ ਪੰਜਾਬ ਦੇ ਪ੍ਰਸਿੱਧ ਲੀਡਰ ਲਾਲਾ ਲਾਜਪਤ ਰਾਏ ਖਲੋ ਸਨ। ਗੋਰਾ-ਸ਼ਾਹੀ ਦੀ ਪੁਲਸ ਨੇ ਕਸਾਈਆਂ ਵਾਂਗ ਨਿਹੱਥੇ ਲੋਕਾਂ 'ਤੇ ਲਾਠੀ ਵਰ੍ਹਾਈ। ਕਈਆਂ ਦੀਆਂ ਲੱਤਾਂ ਬਾਂਹੀਂ ਟੁੱਟ ਗਈਆਂ। ਕਈਆਂ ਦੇ ਸਿਰਾਂ ਦੇ ਖੱਪੇ ਖੁੱਲ੍ਹ ਗਏ। ਅੰਨ੍ਹੇ ਵਾਹ ਡਾਂਗਾਂ ਦੀ ਮਾਰ ਅੱਗੇ ਭੀੜ ਵਿੱਚ ਭਾਜੜ ਪੈ ਗਈ, ਪਰ ਲਾਲਾ ਲਾਜਪਤ ਰਾਏ ਆਪਣੀ ਥਾਂ ਤੋਂ ਇਕ ਇੰਚ ਨਾ ਹਿੱਲੇ। ਉਹ ਓਸੇ ਤਰ੍ਹਾਂ ਬਾਂਹੀਂ ਖਲੀਆਂ ਕਰ ਕਰਕੇ ਨਾਹਰੇ ਲੌਂਦੇ ਰਹੇ। ਉਹਨਾਂ ਉੱਤੇ ਚੁਫੇਰਿਓਂ ਤਿੰਨ ਚਾਰ ਸਪਾਹੀ ਹਲਕੇ ਕੁੱਤਿਆਂ ਵਾਂਗ ਟੁੱਟ ਪਏ। ਅੰਤ ਉਹ ਪੰਜਾਬ ਦਾ ਸ਼ੇਰ ਲੀਡਰ ਬੇਹੋਸ਼ ਹੋ ਕੇ ਡਿੱਗ ਪਿਆ। ਲੋਕਾਂ ਵਿੱਚ ਇਹ ਵੀ ਚਰਚਾ ਸੀ, ਕਿ ਪੁਲਸ ਦੇ ਅੰਗਰੇਜ਼ ਡਿਪਟੀ ਸੁਪਰਡੈਂਟ ਸਾਂਡਰਸ ਨੇ ਲਾਲਾ ਜੀ ਨੂੰ

ਆਪ ਡਾਂਗਾਂ ਮਾਰੀਆਂ ਸਨ। ਬੇਹੋਸ਼ ਪਏ ਸ਼ੇਰ ਨੂੰ ਸਾਥੀ ਚੁੱਕ ਕੇ ਹਸਪਤਾਲ ਲੈ ਗਏ। ਉਹਨਾਂ ਦੇ ਸਿਰ ਵਿੱਚ ਬਹੁਤ ਡਾਂਗਾਂ ਵੱਜੀਆਂ ਸਨ। ਸਾਰੀ ਖੋਪਰੀ ਇਕ ਲੇਖੇ ਖੱਖੜੀਆਂ ਹੋ ਗਈ ਸੀ। ਸੋ, ਸਤਾਰਾਂ ਅਠਾਰਾਂ ਦਿਨ ਹਸਪਤਾਲ ਵਿੱਚ ਰਹਿਣ ਪਿੱਛੋਂ ਲਾਲਾ ਲਾਜਪਤ ਰਾਏ ਜੀ ਸ਼ਹੀਦ ਹੋ ਗਏ (17 ਨਵੰਬਰ, 1928)।"

"ਉਹ-ਹੋ!" ਅਫ਼ਸੋਸ ਤੇ ਹਮਦਰਦੀ ਪ੍ਰਗਟ ਕਰਦੀਆਂ ਹੋਈਆਂ ਇਕ ਦੋ ਵਾਜਾਂ ਕੱਠੀਆਂ ਆਈਆਂ।

"ਪੰਜਾਬ ਨੇ ਇਕ ਲਾਲ ਗੁਆ ਲਿਆ, ਜੋ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਸਭ ਦਾ ਸਾਂਝਾ ਲੀਡਰ ਸੀ।" ਕਹਿੰਦਿਆਂ-ਕਹਿੰਦਿਆਂ ਬਾਬੇ ਅਕਾਲੀ ਦਾ ਗਲਾ ਭਰ ਆਇਆ। ਪਲ ਕੁ ਰੁਕ ਕੇ ਉਹਨੇ ਫਿਰ ਕਹਿਣਾ ਸ਼ੁਰੂ ਕਰ ਦਿੱਤਾ, "ਕਮਿਸ਼ਨ ਆਇਆ ਤੇ ਚਲਾ ਗਿਆ। ਕਾਂਗਰਸ ਵਧੇਰੇ ਸਖ਼ਤ ਹੋ ਗਈ। ਸੰਨ ਅਠਾਈ ਦੇ ਅਖ਼ੀਰ ਵਿੱਚ ਕਾਂਗਰਸ ਦਾ ਵੱਡਾ ਸੈਸ਼ਨ ਕਲਕੱਤੇ ਹੋਇਆ। ਓਥੇ ਭਰੇ ਜਲਸੇ ਵਿੱਚ ਕਾਂਗਰਸ ਨੇ ਐਲਾਨ ਕੀਤਾ, ਕਿ ਜੇ ਅਗਲਾ ਸਾਲ ਮੁਕਣ ਤਕ ਅੰਗਰੇਜ਼ਾਂ ਨੇ ਸਾਨੂੰ ਨੌਂ-ਆਬਾਦੀ ਹਕੂਮਤ ਨਾ ਦਿੱਤੀ, ਤਾਂ ਅਸੀਂ ਪੂਰਨ ਸਵਰਾਜ ਦੀ ਮੰਗ ਕਰ ਦਿਆਂਗੇ। ਅਗਲੇ ਸਾਲ (ਦਸੰਬਰ 1929) ਕਾਂਗਰਸ ਸੈਸ਼ਨ ਲਾਹੌਰ ਵਿੱਚ ਹੋਇਆ। ਉਹਦੇ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਸਨ। ਇਕੱਤੀ ਦਸੰਬਰ, ਰਾਤ ਦੇ ਬਾਰਾਂ ਵਜੇ ਤਕ ਕਾਂਗਰਸ ਨੇ ਉਡੀਕਿਆ, ਪਰ ਅੰਗਰੇਜ਼ਾਂ ਨੇ ਕੋਈ ਪਰਵਾਹ ਨਾ ਕੀਤੀ। ਅੰਗਰੇਜ਼ਾਂ ਦਾ ਦਿਨ ਅੱਧੀ ਰਾਤ ਤੋਂ ਸ਼ੁਰੂ ਹੋ ਜਾਂਦਾ ਹੈ। ਭਾਵ ਰਾਤ ਦੇ ਬਾਰਾਂ ਵਜੇ ਤੋਂ ਪਿੱਛੋਂ ਨਵਾਂ ਸਾਲ (1930) ਸ਼ੁਰੂ ਹੋ ਗਿਆ। ਬਾਰਾਂ ਵੱਜ ਕੇ ਪੰਜ ਮਿੰਟ 'ਤੇ ਪੰਡਤ ਜਵਾਹਰ ਲਾਲ ਨੇ ਐਲਾਨ ਕੀਤਾ ਕਿ ਹੁਣ ਅਸੀਂ ਪੂਰਨ ਸਵਰਾਜ ਲਵਾਂਗੇ।"

"ਹੋਰ, ਅੱਧਾ ਪਚੱਧਾ ਰਾਜ ਕੀ ਲੈਣਾ ਹੋਇਆ ?" ਦੀਪੇ ਨੇ ਖੱਬੇ ਹੱਥ ਨੂੰ ਸੱਜੇ ਨਾਲ ਮਰੋੜਦਿਆਂ ਕਿਹਾ।

"ਛੱਬੀ ਜਨਵਰੀ ਨੂੰ ਸਾਰੇ ਦੇਸ਼ ਵਿੱਚ 'ਅਜ਼ਾਦੀ ਦਿਨ' ਮਨਾਇਆ ਗਿਆ। ਉਸ ਤੋਂ ਪਿੱਛੋਂ ਇਹ ਹਰ ਸਾਲ ਮਨਾਇਆ ਜਾਂਦਾ ਏ। ਛੇਤੀ ਹੀ ਪਿੱਛੋਂ ਮਹਾਤਮਾ ਗਾਂਧੀ ਨੇ ਮੋਰਚਾ ਲਾ ਦਿੱਤਾ। ਉਸ ਨੂੰ 'ਨਿਮਕ ਸੱਤਿਆਗ੍ਰਹਿ' ਆਹੰਦੇ ਨੇ, ਭਾਵ ਲੂਣ ਦਾ ਮੋਰਚਾ।"

"ਲੈ, ਗੱਲ ਕੱਢੀ ਸੁ। ਅਖੇ : ਲੂਣ ਦਾ ਮੋਰਚਾ। ਕਿਸੇ ਕੰਮ ਦੀ ਚੀਜ਼ 'ਤੇ ਮੋਰਚਾ ਲੌਂਦਾ, ਤਾਂ...।" ਦੀਪੇ ਦੇ ਖ਼ਿਆਲ ਵਿੱਚ ਲੂਣ ਬਾਰੇ ਮੋਰਚਾ ਲਾਉਣਾ ਖ਼ਾਸ ਵਡਿਆਈ ਦੀ ਗੱਲ ਨਹੀਂ ਸੀ।

"ਭਈ, ਵਾਸਤਾ ਤਾਂ ਸਰਕਾਰ ਦਾ ਕਨੂੰਨ ਤੋੜਨ ਨਾਲ ਸੀ ਕਿ ਅਸੀਂ ਇਸ ਸਰਕਾਰ ਨੂੰ ਨਹੀਂ ਮੰਨਦੇ।" ਬਾਬੇ ਅਕਾਲੀ ਨੇ ਆਪਣੀ ਕਥਾ ਸ਼ੁਰੂ ਰੱਖੀ, "ਸਾਲ ਦੇ

ਤੀਸਰੇ ਮਹੀਨੇ (12 ਮਾਰਚ, 1930) ਗਾਂਧੀ ਜੀ ਅਹਿਮਦਾਬਾਦ ਤੋਂ ਜੱਥਾ ਲੈ ਕੇ ਤੁਰ ਪਏ। ਸਮੁੰਦਰ ਦੇ ਕੰਢੇ ਡਾਂਡੀ ਪਿੰਡ ਪਹੁੰਚ ਕੇ ਗਾਂਧੀ ਜੀ ਨੇ ਲੂਣ ਚੁੱਕ ਕੇ ਕਾਨੂੰਨ ਤੋੜ ਦਿੱਤਾ, ਤੇ ਲੋਕਾਂ ਨੂੰ ਥਾਂ-ਥਾਂ ਬਿਨਾਂ ਲਸੰਸ ਲੂਣ ਬਣੌਣ ਦਾ ਹੁਕਮ ਦਿੱਤਾ। ਅਗਲੇ ਦਿਨ (ਛੇ ਅਪ੍ਰੈਲ) ਸਾਰੇ ਮੁਲਕ ਵਿੱਚ ਜਲਸੇ ਹੋਏ ਤੇ ਜਲੂਸ ਨਿਕਲੇ। ਸਰਕਾਰ ਨੇ ਵੀ ਪੂਰੇ ਜ਼ੋਰ ਨਾਲ ਸਖ਼ਤੀ ਸ਼ੁਰੂ ਕਰ ਦਿੱਤੀ। ਕੇਈਆਂ ਥਾਂਵਾਂ 'ਤੇ ਬੜੀ ਬੇ-ਰਹਿਮੀ ਨਾਲ ਲਾਠੀ-ਚਾਰਜ ਕੀਤਾ ਗਿਆ। ਪਸ਼ੌਰ ਤੇ ਮਦਰਾਸ ਤਾਂ ਗੋਲੀ ਵੀ ਚੱਲੀ। ਬੱਸ, ਮੋਰਚਾ ਗਰਮ ਹੋ ਗਿਆ। ਇਕ ਮਹੀਨੇ ਪਿੱਛੋਂ (ਪੰਜ ਮਈ ਨੂੰ) ਮਹਾਤਮਾ ਗਾਂਧੀ ਨੂੰ ਫੜ ਕੇ ਜੇਹਲ ਵਿੱਚ ਡੱਕ ਦਿੱਤਾ ਗਿਆ। ਇਹ ਦਿਨ ਮਹਾਤਮਾ ਗਾਂਧੀ ਵਾਸਤੇ ਸਭ ਤੋਂ ਵਧੇਰੇ ਸ਼ਾਨ ਵਾਲਾ ਸੀ। ਸਾਰੇ ਮੁਲਕ ਵਿੱਚ ਹੜਤਾਲ ਹੋਈ। ਬੰਬਈ ਵਿੱਚ ਤਾਂ ਕਈ ਦਿਨ ਦੁਕਾਨਾਂ ਤੇ ਕਾਰਖ਼ਾਨੇ ਬੰਦ ਰਹੇ। ਕੁਛ ਥਾਂਵਾਂ 'ਤੇ ਮਾੜੀ ਮੋਟੀ ਗੜਬੜ ਵੀ ਹੋਈ, ਤੇ ਕੇਈ ਥਾਂਈਂ ਪੁਲਸ ਨੇ ਗੜਬੜ ਦਾ ਬਹਾਨਾ ਲਾ ਕੇ ਹੀ ਗੋਲੀ ਚਲਾ ਦਿੱਤੀ। ਇਸ ਗ੍ਰਿਫ਼ਤਾਰੀ ਦਾ ਅਸਰ ਮੁਲਕ ਤੋਂ ਬਾਹਰ ਵੀ ਪਿਆ। ਪਰਦੇਸਾਂ ਵਿੱਚ ਵਸਦੇ ਹਿੰਦੁਸਤਾਨੀਆਂ ਨੇ ਵੀ ਰੋਸ ਵਜੋਂ ਹੜਤਾਲ ਕੀਤੀ। ਸਰਕਾਰ ਨੇ ਇਕ ਸੌ ਚੁਤਾਲੀ ਲਾ ਦਿੱਤੀ, ਤੇ ਸਤਿਆਗ੍ਰਹਿ ਕਰਨ ਵਾਲਿਆਂ ਨੇ ਥਾਂ-ਥਾਂ ਉਸ ਨੂੰ ਤੋੜਨਾ ਸ਼ੁਰੂ ਕਰ ਦਿੱਤਾ। ਇਕ ਕਿਸਮ ਦਾ ਸਾਰਾ ਦੇਸ਼ ਹੀ ਮੋਰਚਾ ਬਣ ਗਿਆ। ਲੋਕੀਂ ਸ਼ਰਾਬ ਦੇ ਠੇਕਿਆਂ ਉੱਤੇ ਤੇ ਬਦੇਸ਼ੀ ਮਾਲ ਦੀਆਂ ਦੁਕਾਨਾਂ ਉੱਤੇ ਪਿਕਟਿੰਗ ਕਰਦੇ। ਪੁਲਸ ਅੱਗੋਂ ਡਾਂਗਾਂ ਮਾਰ-ਮਾਰ ਕੇ ਬੇਹੋਸ਼ ਕਰ ਦੇਂਦੀ।"

"ਇਕ ਦਿਨ ਅਸੀਂ ਵੀ ਹਿੱਸੇ ਔਂਦਾ ਛਾਂਦਾ ਲੈ ਆਏ ਸਾਂ।" ਉਸ ਵੇਲੇ ਦੀਪੇ ਦੇ ਚਿਹਰੇ ਉੱਤੇ ਮਾਣ ਭਰੀ ਮੁਸਕਰਾਹਟ ਫੈਲੀ ਹੋਈ ਸੀ। "ਅਸਾਂ ਚੌਂਹ-ਪੰਜਾਂ ਜਣਿਆਂ ਕਸੂਰ ਸ਼ਰਾਬ ਦੇ ਠੇਕੇ ਅੱਗੇ ਜਾ ਪਿਕਟਿੰਗ ਕੀਤੀ। ਓਧਰੋਂ ਲਾਲ ਪੱਗਾਂ ਵਾਲੇ ਵੀ ਆ ਗਏ। ਮੈਂ ਤਾਂ ਪਹਿਲੀ ਸੋਟੀ ਖਾ ਕੇ ਹੀ ਦੜ ਵੱਟ ਗਿਆ। ਉਮਰੋਂ ਵੀ ਕੁਛ ਹੌਲਾ ਈ ਸਾਂ ਅਜੇ। ਸੱਜਣ ਸੁੰਹ ਹੋਰੀ ਲੱਗ ਪਏ ਉੱਚੀ-ਉੱਚੀ ਨਾਹਰੇ ਮਾਰਨ। ਇਹਨਾਂ ਦੀ ਫਿਰ ਪੁਲਸ ਨੇ ਵਾਹਵਾ ਸੇਵਾ ਕੀਤੀ।"

"ਭਈ, ਕਿਸੇ ਨੇ ਕਮਜ਼ੋਰੀ ਤਾਂ ਨਹੀਂ ਸੀ ਨਾ ਵਖਾਈ, ਭਾਵੇਂ ਕਿੰਨੀ ਹੀ ਮਾਰ ਪਈ।" ਕੋਲੋਂ ਟਹਿਲ ਸਿੰਘ ਨੇ ਸ਼ਹਾਦਤ ਭਰੀ।

"ਉਹਨਾਂ ਦਿਨਾਂ ਵਿੱਚ ਕੋਈ ਵੀ ਸਿਰੜ ਨਹੀਂ ਸੀ ਹਾਰਦਾ। ਉਂਵ ਪੁਲਸ ਨੇ ਕੇਈਆਂ ਥਾਂਵਾਂ ਤੇ ਕਸਾਈਆਂ ਨਾਲੋਂ ਵੀ ਬੁਰੀ ਹਾਲਤ ਕੀਤੀ ਸੀ। ਕੇਈਆਂ ਗਭਰੂਆਂ ਦੇ ਗੁਪਤ ਅੰਗਾਂ ਨੂੰ ਮਲ-ਮਲ ਕੇ ਫੇਹ ਦਿੱਤਾ, ਜਿਵੇਂ ਆਪਾਂ ਬਾਹਰ ਵਹਿੜਕੇ ਖੱਸੀ ਕਰਦੇ ਆਂ।"

"ਤੋਬਾ!" ਗਹਿਣੇ ਲੁਹਾਰ ਦਾ ਸਾਰਾ ਸਰੀਰ ਕੰਬ ਉੱਠਿਆ।

"ਮਖ : ਕਈ ਨੌਜੁਆਨ ਔਲਾਦ ਪੈਦਾ ਕਰਨ ਦੇ ਯੋਗ ਨਹੀਂ ਸਨ ਰਹਿ ਗਏ।" ਬਾਬੇ ਅਕਾਲੀ ਨੇ ਗਹਿਣੇ ਵੱਲ ਤਕਦਿਆਂ ਕਿਹਾ। ਉਸ ਵੇਲੇ ਬੁੱਢੇ ਦੇਸ਼-ਭਗਤ ਦੇ ਸਰੀਰ ਵਿੱਚ ਜੋਸ਼ ਨਹੀਂ ਸੀ ਮਿਉਂ ਰਿਹਾ। "ਮੇਰੇ ਖ਼ਿਆਲ ਵਿੱਚ ਮਾਰ ਖਾਣ ਵਾਲਿਆਂ ਨਾਲੋਂ ਕੈਦ ਹੋਣ ਵਾਲੇ ਸੌਖੇ ਰਹੇ। ਮੈਂ ਵੀ ਕੈਦ ਹੋਣ ਵਾਲਿਆਂ ਵਿੱਚ ਸਾਂ ਤੇ ਸਾਰੇ ਨੱਬੇ ਹਜ਼ਾਰ ਤੋਂ ਉੱਤੇ ਲੋਕ ਕੈਦ ਹੋਏ।"

"ਬਾਬਾ 'ਕਾਲੀਆ! ਤੂੰ ਤਾਂ ਹਰ ਮੋਰਚੇ ਵਿੱਚ ਕੈਦ ਰਿਹੋਂ ਕਿ! 'ਧੰਨ ਕੁਰਬਾਨੀ ਏਂ।" ਗਹਿਣੇ ਨੇ ਸ਼ਰਧਾ ਨਾਲ ਸਿਰ ਝੁਕਾਅ ਕੇ ਕਿਹਾ।

"ਮੀਆਂ ਗਹਿਣਿਆਂ! ਕੁਰਬਾਨੀ ਕਰਨ ਵਾਲੇ ਪਰੇ ਤੋਂ ਪਰੇ ਪਏ ਨੇ। ਆਪਾਂ ਕਿਸ ਗਿਣਤੀ ਵਿੱਚ ਆਂ। ਲੋਕ ਜੇਹਲਾਂ ਵੱਲ ਵਹੀਰਾਂ ਘੱਤ ਤੁਰੇ ਸਨ। ਵੇਖ ਕੇ ਸਰਕਾਰ ਦੇ ਥੰਮ੍ਹ ਥਿੜਕ ਗਏ। ਸੰਨ ਇਕੱਤੀ ਚੜ੍ਹਦਿਆਂ ਹੀ ਅੰਗਰੇਜ਼ਾਂ ਨੇ ਮਹਾਤਮਾ ਗਾਂਧੀ ਨੂੰ ਛੱਡ ਦਿੱਤਾ (26 ਜਨਵਰੀ)। ਵਾਇਸਰਾਏ ਨੇ ਗਾਂਧੀ ਨੂੰ ਮੁਲਾਕਾਤ ਵਾਸਤੇ ਬੁਲਾਇਆ। ਤੇ ਅਗਲੇਰੇ ਮਹੀਨੇ (ਪੰਜ ਮਾਰਚ ਨੂੰ) ਗਾਂਧੀ ਇਰਵਨ ਸਮਝੌਤਾ ਹੋਇਆ।"

"ਗੋਡਿਆਂ ਪਰਨੇ ਹੋ ਗਈ ਗੌਰਮਿੰਟ ਕਿ।" ਮਿਲਖਾ ਸਿੰਘ ਨੇ ਕੁਛ ਜਿੱਤ ਜੇਹੀ ਮਹਿਸੂਸ ਕਰਦਿਆਂ ਕਿਹਾ।

"ਨਹੀਂ, ਐਸਾ ਨਹੀਂ ਕਿਹਾ ਜਾ ਸਕਦਾ।" ਬਾਬੇ ਅਕਾਲੀ ਨੇ ਨਿਰਾਸਤਾ ਵਿੱਚ ਸਿਰ ਫੇਰਦਿਆਂ ਕਿਹਾ, "ਸਮਝੌਤੇ ਦੀਆਂ ਸ਼ਰਤਾਂ ਅੰਗਰੇਜ਼ ਨੇ ਆਪਣੀ ਮਰਜ਼ੀ ਦੀਆਂ ਲਾਈਆਂ ਸਨ। ਸੱਚੀ ਗੱਲ ਪੁੱਛਦੇ ਜੇ, ਤਾਂ ਅਸੀਂ ਉਹ ਮੋਰਚਾ ਹਾਰ ਗਏ ਸਾਂ। ਹਾਂ, ਸਰਕਾਰ ਨੂੰ ਏਨਾ ਪਤਾ ਲੱਗ ਗਿਆ ਸੀ ਕਿ ਦੇਸ਼ ਵਾਸੀ ਕੁਰਬਾਨੀ ਕਰਨ ਵਾਸਤੇ ਤਿਆਰ ਹਨ।" ਪਲ ਕੁ ਚੁੱਪ ਰਹਿ ਕੇ ਬਾਬੇ ਅਕਾਲੀ ਨੇ ਫਿਰ ਕਹਿਣਾ ਸ਼ੁਰੂ ਕਰ ਦਿੱਤਾ, "ਸਰਕਾਰ ਨੇ ਸਤਿਆਗ੍ਰਹਿ ਦੇ ਕੈਦੀ ਛੱਡਣੇ ਮੰਨ ਲਏ, ਤੇ ਮਹਾਤਮਾ ਗਾਂਧੀ ਦੀ ਕਾਂਗਰਸ ਨੇ ਮੋਰਚਾ ਬੰਦ ਕਰ ਦਿੱਤਾ। ਕੁਛ ਦਿਨ ਪਿੱਛੋਂ ਅਸੀਂ ਜੇਹਲਾਂ ਤੋਂ ਬਾਹਰ ਆ ਗਏ। ਸਾਡਾ ਖ਼ਿਆਲ ਸੀ ਕਿ ਸ. ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਵੀ ਸਰਕਾਰ ਰਿਹਾਅ ਕਰ ਦੇਵੇਗੀ, ਪਰ ਸਾਡੀ ਇਹ ਖ਼ਾਹਸ਼ ਪੂਰੀ ਨ ਹੋਈ। ਰਾਜ ਗੁਰੂ, ਸੁਖਦੇਵ ਤੇ ਭਗਤ ਸਿੰਘ ਨੂੰ ਲਾਹੌਰ ਜੇਹਲ ਵਿੱਚ ਫਾਂਸੀ 'ਤੇ ਲਟਕਾ ਦਿੱਤਾ ਗਿਆ।"

"ਬਾਬਾ 'ਕਾਲੀਆ! ਪੂਰੀ ਗੱਲ ਸੁਣਾ ਉਸ ਮਰਦ ਦੇ ਬੱਚੇ ਦੀ।" ਗਹਿਣੇ ਨੇ ਬੜੀ ਨਮਰਤਾ ਨਾਲ ਬੇਨਤੀ ਕੀਤੀ।

"ਹੱਛਾ! ਅੱਕ ਤਾਂ ਨਹੀਂ ਜਾਉਗੇ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਝਾਤ ਮਾਰਦਿਆਂ ਕਿਹਾ।

"ਅਸਾਂ ਅੱਕ ਜਾਣਾ ਏਂ ? ਤੂੰ ਨਾ ਥੱਕ ਜਾਈਂ। ਦੋਂਹ-ਚੌਂਹ ਦਿਨਾਂ ਦਾ ਵਿੱਲਾ ਜਿਹਾ ਏ ਕੁਛ।" ਸੱਜਣ ਸਿੰਘ ਨੇ ਬਾਬੇ ਦਾ ਪੈਰ ਜ਼ਰਾ ਕੁ ਦਬਾਉਂਦਿਆਂ ਕਿਹਾ।

"ਕੋਈ ਨਹੀਂ, ਮੁੱਠੀਆਂ ਭਰ ਦਿਆਂਗੇ ਅਸੀਂ।" ਦੀਪੇ ਨੇ ਖ਼ੁਸ਼ਾਮਦੀ ਲਹਿਜੇ ਵਿੱਚ ਕਿਹਾ।

"ਚੰਗਾ, ਸੁਣੋ ਫਿਰ। ਏਹੋ ਜੇਹੀਆਂ ਗੱਲਾਂ ਕਰਦਾ ਮੈਂ ਥੱਕਦਾ ਨਹੀਂ, ਸਗੋਂ ਇਹ ਤਾਂ ਮੇਰੀ ਰੂਹ ਦੀ ਖ਼ੁਰਾਕ ਬਣ ਗਈਆਂ ਨੇ। ਵੇਖ ਲਉ ਤੁਸੀਂ। ਹੁਣ ਮੈਨੂੰ ਬੁਖ਼ਾਰ ਨਹੀਂ ਹੋਵੇਗਾ। ਮੇਰਾ ਦਿਲ ਹੌਲਾ ਹੋ ਗਿਆ ਏ। ਦੀਪਿਆ! ਮੈਨੂੰ ਪਾਣੀ ਪਿਆ ਲੈ ਘੁੱਟ।"

ਪਾਣੀ ਪੀ ਕੇ ਬਾਬੇ ਅਕਾਲੀ ਨੇ ਫਿਰ ਕਹਿਣਾ ਸ਼ੁਰੂ ਕਰ ਦਿੱਤਾ।

## 19

"ਭਗਤ ਸਿੰਘ ਦੇ ਜਨਮ ਦੀ ਤਾਰੀਖ਼ ਮੈਨੂੰ ਯਾਦ ਨਹੀਂ (11 ਨਵੰਬਰ, 1907)। ਸ਼ਹੀਦ ਹੋਣ ਵੇਲੇ ਉਹਦੀ ਉਮਰ ਚਵ੍ਹੀ ਸਾਲ ਤੋਂ ਘੱਟ ਹੀ ਸੀ। ਉਹਨਾਂ ਦਾ ਪਿਛਲਾ ਪਿੰਡ ਖਟਕੜ ਕਲਾਂ (ਜ਼ਿਲ੍ਹਾ ਜਲੰਧਰ) ਦੁਆਬੇ ਵਿੱਚ ਏ, ਪਰ ਉਹਨਾਂ ਦਾ ਪਰਵਾਰ ਲਾਇਲਪੁਰ (ਚੱਕ ਨੰਬਰ ਪੰਜ, ਬੰਗਾ, ਗੁਗੇਰਾ ਬਰਾਂਚ) ਮੁਰੱਬਿਆਂ ਵਿੱਚ ਰਹਿੰਦਾ ਸੀ। ਓਥੇ ਈ ਭਗਤ ਸਿੰਘ ਦਾ ਜਨਮ ਹੋਇਆ।"

"ਜੱਟ ਨੇ ਸ਼ੈਦ।" ਬਾਬੇ ਅਕਾਲੀ ਦੀ ਗੱਲ ਰਾਹੋਂ ਟੋਕ ਕੇ ਮਿਲਖਾ ਸਿੰਘ ਨੇ ਬੇ-ਮੌਕਿਆ ਸਵਾਲ ਪੁੱਛ ਲਿਆ।

"ਹਾਂ, ਸੰਧੂ ਜੱਟ।" ਸਰਸਰੀ ਉੱਤਰ ਦੇ ਕੇ ਬਾਬਾ ਅਕਾਲੀ ਫਿਰ ਅਗ੍ਹਾਂ ਤੁਰ ਪਿਆ, "ਪਿੰਡ ਦੇ ਪ੍ਰੈਮਰੀ ਸਕੂਲ ਵਿੱਚੋਂ ਚਾਰ ਜਮਾਤਾਂ ਪਾਸ ਕਰਕੇ ਭਗਤ ਸਿੰਘ ਲਾਹੌਰ ਡੀ.ਏ.ਵੀ. ਸਕੂਲ ਵਿੱਚ ਜਾ ਦਾਖ਼ਲ ਹੋਇਆ। ਉਸ ਵੇਲੇ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਲਾਹੌਰ ਹੀ ਰਹਿੰਦੇ ਸਨ। ਉਹ ਕਾਂਗਰਸ ਦੇ ਉੱਘੇ ਲੀਡਰ ਸਨ। ਅਸਲ ਵਿੱਚ ਇਹ ਦੇਸ਼-ਭਗਤਾਂ ਦਾ ਘਰਾਣਾ ਸੀ। 'ਪਗੜੀ ਸੰਭਾਲ ਓ ਜੱਟਾ' ਲਹਿਰ ਦਾ ਮਸ਼ਹੂਰ ਲੀਡਰ ਸ. ਅਜੀਤ ਸਿੰਘ ਜਲਾ-ਵਤਨ, ਭਗਤ ਸਿੰਘ ਦਾ ਚਾਚਾ ਸੀ। ਜੋ ਦੇਸ਼-ਭਗਤੀ ਦੀ ਲਾਗ ਭਗਤ ਸਿੰਘ ਨੂੰ ਘਰੋਂ ਹੀ ਲਗੀ ਸੀ। ਜੱਲਿਆਂ ਵਾਲੇ ਦੇ ਖ਼ੂੰਨੀ ਸਾਕੇ ਵੇਲੇ ਭਗਤ ਸਿੰਘ ਮਸ੍ਹਾਂ ਯਾਰਾਂ-ਬਾਰਾਂ ਸਾਲ ਦਾ ਹੋਵੇਗਾ। ਉਹਦੇ ਸੁਹਲ ਦਿਲ ਉੱਤੇ ਉਸ ਘਟਨਾ ਦਾ ਬਹੁਤ ਅਸਰ ਹੋਇਆ। ਉਹ ਹਰ ਵੇਲੇ ਸੋਚਦਾ ਰਹਿੰਦਾ ਕਿ ਇਸ ਅੱਤਿਆਚਾਰ ਦਾ ਬਦਲਾ ਕਿਵੇਂ ਲਿਆ ਜਾਵੇ ?"

"ਉਂਝ, ਬਾਬਾ 'ਕਾਲੀਆ! ਬਦਲਾ ਲੈਣਾ ਤਾਂ ਚਾਹੀਦਾ ਏ। ਕਿਤੇ ਵੱਸ ਚੱਲੇ ਤਾਂ....।" ਉਸ ਵੇਲੇ ਗਭਰੂ ਦੀਪੇ ਦੇ ਡੌਲੇ ਆਪ ਮੁਹਾਰੇ ਫਰਕ ਰਹੇ ਸਨ।

"ਪੁੱਤਰ! ਜ਼ਰੂਰ ਕੋਈ ਮਰਦ ਉਠੇਗਾ। ਵੇਖ ਲਉ ਤੁਸੀਂ।" ਬਾਬੇ ਅਕਾਲੀ ਦੀਆਂ ਅੱਖਾਂ ਵਿੱਚ ਉਸ ਵੇਲੇ ਕੋਈ ਅਨੋਖੀ ਜੋਤੀ ਚਮਕ ਰਹੀ ਸੀ।

"ਮਖ : ਪੰਜਾਬੀ ਤਾਂ ਸੱਤਾਂ ਪੀਹੜੀਆਂ ਤੱਕ ਖੋਰ ਨਹੀਂ ਗੁਔਂਦੇ।" ਕੋਲੋਂ ਮਹੰਦੇ ਨੇ ਪੰਜਾਬੀਆਂ ਦੇ ਸੁਭਾਅ ਬਾਰੇ ਆਪਣੀ ਰਾਏ ਪੇਸ਼ ਕੀਤੀ।

"ਏਹੋ ਜੇਹੀਆਂ ਗੱਲਾਂ ਵਿੱਚ, ਕਿਸੇ ਦਾ ਕੀਤਾ ਵਾਧਾ ਭੁੱਲਣਾ ਵੀ ਨਹੀਂ ਚਾਹੀਦਾ।" ਬਾਬਾ ਅਕਾਲੀ ਵੀ ਇਸ ਗੱਲ ਨਾਲ ਸਹਿਮਤ ਸੀ। "ਅਗਲੇ ਸਾਲ ਇਕ ਪਾਸੇ ਗੁਰਦੁਆਰਾ ਲਹਿਰ ਸ਼ੁਰੂ ਹੋ ਗਈ, ਤੇ ਉੱਧਰੋਂ ਕਾਂਗਰਸ ਨੇ ਨਾ-ਮਿਲਵਰਤਣ ਤੇ ਬਾਈਕਾਟ ਦਾ ਮੋਰਚਾ ਲਾ ਦਿੱਤਾ। ਭਗਤ ਸਿੰਘ ਬਹੁਤ ਛੋਟਾ ਸੀ ਉਸ ਵੇਲੇ। ਫਿਰ ਵੀ ਉਹ ਸੱਤਿਆਗ੍ਰਹੀਆਂ ਦੀ ਸੇਵਾ ਵਿੱਚ ਲੱਗਾ ਰਹਿੰਦਾ। ਅਸਲ ਵਿੱਚ ਉਹਦੇ ਅੰਦਰ ਜੋਸ਼ ਹੈਗਾ ਸੀ, ਪਰ ਛੋਟੀ ਉਮਰ ਹੋਣ ਕਰਕੇ ਪੇਸ਼ ਕੋਈ ਨਹੀਂ ਸੀ ਜਾਂਦੀ। ਡੀ.ਏ.ਵੀ. ਸਕੂਲ ਛੱਡ ਕੇ, ਉਹ ਲਾਹੌਰ ਨੈਸ਼ਨਲ ਕਾਲਜ ਵਿੱਚ ਦਾਖ਼ਲ ਹੋ ਗਿਆ। ਓਥੇ ਹੀ ਉਹਦਾ ਮੇਲ ਮਿਲਾਪ ਸੁਖਦੇਵ ਨਾਲ ਹੋਇਆ। ਉਸ ਵੇਲੇ ਯੂ.ਪੀ. ਤੇ ਕੋਈ ਹੋਰ ਸੂਬਿਆਂ ਵਿੱਚ ਅੰਦਰੋ-ਅੰਦਰ ਬਾਗ਼ੀ ਪਾਰਟੀਆਂ ਕੰਮ ਕਰ ਰਹੀਆਂ ਸਨ। ਸਹਿਜ-ਸਹਿਜ ਇਹਨਾਂ ਦੀ ਉਹਨਾਂ ਨਾਲ ਵੀ ਜਾਣ ਪਛਾਣ ਹੋ ਗਈ। ਸ਼ੈਦ ਉੱਨੀ ਸੌ ਪੰਝੀ ਵਿੱਚ, ਭਗਤ ਸਿੰਘ, ਸੁਖਦੇਵ, ਭਗਵਤੀ ਚਰਣ ਤੇ ਧਨਵੰਤਰੀ ਆਦਿ ਕਈ ਗਭਰੂਆਂ ਨੇ 'ਨੌਜਵਾਨ-ਭਾਰਤ ਸਭਾ' ਬਣਾਈ। ਇਸ ਸਭਾ ਵੱਲੋਂ ਉਹਨਾਂ ਲਾਹੌਰ ਬ੍ਰੈਡਲਾ ਹਾਲ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮਨਾਈ। ਨਹੀਂ ਤਾਂ ਹੋਰ ਕੋਈ ਤਾਂ ਉਹਨਾਂ ਗ਼ਦਰ ਪਾਰਟੀ ਦੇ ਸ਼ਹੀਦਾਂ ਦਾ ਨਾਂ ਵੀ ਨਹੀਂ ਸੀ ਲੈਂਦਾ।"

"ਸਰਕਾਰ ਤੋਂ ਡਰਦਾ, ਹੋਰ ਕੀ ?" ਮਿਲਖਾ ਸਿੰਘ ਦੇ ਖ਼ਿਆਲ ਵਿੱਚ ਸਭ ਤੋਂ ਵੱਡਾ ਏਹਾ ਕਾਰਨ ਸੀ।

"ਕੁਛ ਲੋਕ ਡਰਦੇ ਚੁੱਪ ਸਨ, ਤੇ ਕਾਂਗਰਸ ਆਹੰਦੀ ਏ ਕਿ ਹਥਿਆਰਾਂ ਦੀ ਵਰਤੋਂ ਕਰਨ ਵਾਲਿਆਂ ਦਾ ਨਾਂ ਲਿਆਂ ਸਾਡੀ ਸ਼ਾਂਤਮਈ ਟੁੱਟਦੀ ਏ। ਚਲੋ, ਆਪਣੇ-ਆਪਣੇ ਵਿਚਾਰ ਨੇ।" ਬਾਬੇ ਅਕਾਲੀ ਦੀ ਕਾਂਗਰਸ ਨਾਲ ਵੀ ਹਮਦਰਦੀ ਸੀ। ਇਸ ਵਾਸਤੇ ਉਹਨੇ ਸਖ਼ਤ ਸ਼ਬਦ ਕੋਈ ਨਾ ਕਿਹਾ। "ਏਸ ਜਲਸੇ ਤੋਂ ਲੋਕਾਂ ਵਿੱਚ ਭਗਤ ਸਿੰਘ ਦੀ ਸਭਾ ਦਾ ਚਰਚਾ ਹੋਣ ਲੱਗ ਪਿਆ। ਉਸ ਤੋਂ ਕੁਛ ਚਿਰ ਪਿੱਛੋਂ ਕਾਕੋਰੀ ਦੀ ਘਟਨਾ ਹੋ ਗਈ।"

"ਕਾਕੋਰੀ ਕੀ ?" ਦੀਪੇ ਨੇ ਜਾਣਕਾਰੀ ਹਾਸਲ ਕਰਨ ਵਾਸਤੇ ਪੁੱਛਿਆ।

"ਲਖਨਊ ਤੋਂ ਉਰ੍ਹਾਂ ਔਂਦਿਆਂ ਦੂਸਰਾ ਸਟੇਸ਼ਨ ਏਂ ਕਾਕੋਰੀ। ਯੂ.ਪੀ. ਦੇ ਬਾਗ਼ੀਆਂ ਨੇ ਉਹਦੇ ਲਾਗੇ ਗੱਡੀ ਖਲ੍ਹਾਰ ਕੇ ਲੁੱਟ ਲਈ ਸੀ। ਕੋਈ ਆਂਹਦੇ ਨੇ

ਭਗਤ ਸਿੰਘ ਵੀ ਗੱਡੀ ਲੁੱਟਣ ਵਾਲਿਆਂ ਦੇ ਨਾਲ ਸੀ, ਪਰ ਉਹ ਨਾਲ ਹੈ ਨਹੀਂ ਸੀ। ਅਸੀਂ ਜੇਹਲ ਵਿੱਚ ਉਸ ਤੋਂ ਪੁੱਛਦੇ ਸਾਂ, ਤਾਂ ਉਹ ਅੱਗੋਂ ਹੱਸ ਕੇ ਕਹਿ ਛੱਡਿਆ ਕਰਦਾ, 'ਤੁਸੀਂ ਇਉਂ ਸਮਝੋ ਖਾਂ ਕਿ ਅੰਗਰੇਜ਼ਾਂ ਦੇ ਬਰਖ਼ਲਾਫ਼ ਕਿਤੇ ਵੀ ਕੁਛ ਹੋਇਆ ਹੋਵੇ, ਭਗਤ ਸਿੰਘ ਨਾਲ ਹੋਵੇਗਾ।' ਉਹ ਬੜਾ....।"

"ਤੁਸੀਂ ਜੇਹਲ ਵਿੱਚ ਉਹਦੇ ਨਾਲ ਰਹੇ ਓ ?" ਸੱਜਣ ਸਿੰਘ ਨੇ ਸ਼ਰਧਾ ਨਾਲ ਪੁੱਛਿਆ।

"ਮੈਂ ਉਦੋਂ ਨਿਮਕ ਸੱਤਿਆਗ੍ਰਹਿ ਵਿੱਚ ਕੈਦ ਸਾਂ। ਭਗਤ ਸਿੰਘ ਤੇ ਉਹਦੇ ਸਾਥੀ ਵੱਖਰੀਆਂ ਕੋਠੜੀਆਂ ਵਿੱਚ ਬੰਦ ਸਨ, ਪਰ ਕਦੇ ਕਦਾਈਂ ਦਰਸ਼ਨ ਮੇਲੇ ਹੋ ਈ ਜਾਂਦੇ ਸਨ। ਬੜਾ ਸੋਹਣਾ ਉੱਚਾ ਲੰਮਾ ਦਰਸ਼ਨੀ ਜੁਆਨ ਸੀ।" ਬਾਬੇ ਅਕਾਲੀ ਦੀਆਂ ਅੱਖਾਂ ਵਿੱਚ ਉਸ ਵੇਲੇ ਭਗਤ ਸਿੰਘ ਦੀ ਤਸਵੀਰ ਫਿਰ ਰਹੀ ਸੀ। "ਕਾਕੋਰੀ ਘਟਨਾ ਵੇਲੇ ਭਗਤ ਸਿੰਘ ਕਾਨ੍ਹਪੁਰ ਸੀ। ਮਿੱਤਰਾਂ ਦੇ ਕਹਿਣ ਉੱਤੇ ਉਹ ਪੰਜਾਬ ਨੂੰ ਆ ਗਿਆ। ਅਗਲੇ ਦੁਸਹਿਰੇ ਦੇ ਮੇਲੇ ਉੱਤੇ ਲਾਹੌਰ ਭੀੜ ਵਿੱਚ ਇਕ ਬੰਬ ਫਟ ਗਿਆ। ਕੁਛ ਲੋਕ ਫੱਟੜ ਵੀ ਹੋ ਗਏ। ਓਸ ਸ਼ੁਭੇ ਵਿੱਚ ਭਗਤ ਸਿੰਘ ਤੇ ਉਹਦੇ ਕੁਛ ਸਾਥੀ ਪੁਲਸ ਨੇ ਫੜ ਲਏ। ਪਰ ਉਹ ਕੰਮ ਕਿਸੇ ਸ਼ਰਾਰਤੀ ਬੰਦੇ ਦਾ ਸੀ, ਭਗਤ ਸਿੰਘ ਦੀ ਪਾਰਟੀ ਦਾ ਨਹੀਂ। ਪੁਲਸ ਨੇ ਪੰਦਰਾਂ ਕੁ ਦਿਨ ਬਿਠਾ ਕੇ ਭਗਤ ਸਿੰਘ ਹੋਰਾਂ ਨੂੰ ਛੱਡ ਦਿੱਤਾ। ਉਹਨਾਂ ਦਾ ਅਸਲੀ ਕੰਮ ਤਾਂ ਸਾਈਮਨ ਕਮਿਸ਼ਨ ਤੋਂ ਸ਼ੁਰੂ ਹੋਇਆ। ਤੁਹਾਨੂੰ ਦੱਸਿਆ ਏ ਨਾ, ਪੁਲਸ ਦੀਆਂ ਡਾਂਗਾਂ ਨਾਲ ਘਾਇਲ ਹੋ ਕੇ ਲਾਲਾ ਲਾਜਪਤ ਰਾਏ ਜੀ ਸ਼ਹੀਦ ਹੋ ਗਏ। ਭਗਤ ਸਿੰਘ ਕਿਆਂ ਸੋਚਿਆ, 'ਉਇ, ਇਹ ਤਾਂ ਸਾਰੀ ਕੌਮ ਦੀ, ਸਾਰੇ ਦੇਸ਼ ਦੀ ਬੇਇੱਜ਼ਤੀ ਏ। ਇਕ ਮਾਮੂਲੀ ਅੰਗਰੇਜ਼ ਅਫ਼ਸਰ ਨੇ ਸਾਡਾ ਏਡਾ ਵੱਡਾ ਲੀਡਰ ਕੁੱਟ-ਕੁੱਟ ਕੇ ਮਾਰ ਦਿੱਤਾ ? ਅਸੀਂ ਕੀ ਹੋਏ, ਜੇ ਖ਼ੂਨ ਦਾ ਬਦਲਾ ਨਾ ਲਿਆ ਤਾਂ।' ਤੇ ਸ਼ੇਰਾਂ ਨੇ ਮਹੀਨਾ ਨਾ ਪੈਣ ਦਿੱਤਾ, ਜਾਂ ਸੱਗਵਾਂ ਬਦਲਾ ਲੈ ਲਿਆ।"

"ਫਿਰ, ਮਰਦ ਮੂਹੋਂ ਕੱਢੀ ਗੱਲ ਪੂਰੀ ਕਰਕੇ ਛੱਡਦੇ ਨੇ ਕਿ!" ਦੀਪੇ ਦੀ ਟੁਣਕਵੀਂ ਵਾਜ ਆਈ।

"ਡਿਪਟੀ ਸੁਪਰਡੈਂਟ ਪੁਲੀਸ ਸਾਂਡਰਸ ਦਾ ਦਫ਼ਤਰ ਲਾਹੌਰ ਡੀ.ਏ.ਵੀ. ਕਾਲਜ ਦੇ ਸਾਹਮਣੇ ਸੀ।" ਬਾਬੇ ਅਕਾਲੀ ਨੇ ਆਪਣੀ ਕਹਾਣੀ ਜਾਰੀ ਰਖੀ, "ਸਾਂਡਰਸ ਮੋਟਰ-ਸਾਈਕਲ 'ਤੇ ਚੜ੍ਹ ਕੇ ਘਰ ਨੂੰ ਚੱਲਿਆ ਸੀ। ਉਹ ਧੌਣ ਬੜੀ ਅਕੜਾ ਕੇ ਰਖਦਾ ਹੁੰਦਾ ਸੀ।"

"ਭਈ, ਨਾਲੇ ਅੰਗਰੇਜ਼ ਹੋਇਆ, ਨਾਲੇ ਪੁਲਸੀਆ। ਪੁਲਸੀਆ ਤਾਂ ਜਲਾਹਿਆ ਮੋਚੀ ਵੀ ਹੋਵੇ, ਤਾਂ ਕਿਰਲੇ ਵਾਂਗ ਆਕੜ ਕੇ ਤੁਰਦਾ ਏ।" ਟਹਿਲ ਸਿੰਘ ਦੇ ਦਿਲ ਵਿੱਚ ਅੰਗਰੇਜ਼ੀ ਸਰਕਾਰ ਦੀ ਪੁਲਸ ਬਾਰੇ ਬਹੁਤ ਨਫ਼ਰਤ ਸੀ।

"ਅੱਗੋਂ ਬੂਹੇ ਲਾਗੇ ਸ਼ਕਾਰੀ ਵੀ ਥੌਂਰ ਲਾਈ ਬੈਠੇ ਸਨ। ਸਾਂਡਰਸ ਬਰਾਬਰ 'ਤੇ ਆਇਆ, ਤਾਂ ਪਾਸੇ ਤੋਂ ਰਾਜਗੁਰੂ ਨੇ ਪਸਤੌਲ ਦੀ ਗੋਲੀ ਮਾਰੀ। ਸ਼ੇਰ ਦਾ ਨਸ਼ਾਨਾ ਟਕਾਣੇ ਬੈਠਾ। ਸਾਂਡਰਸ ਉਲਟ ਕੇ ਜਾ ਪਿਆ। ਦੂਜੇ ਪਾਸੇ ਤੋਂ ਭਗਤ ਸਿੰਘ ਨੇ ਅੱਗੇ ਵਧ ਕੇ, ਪੰਜਾਂ ਗੋਲੀਆਂ ਦਾ ਭਰਿਆ ਹੋਇਆ ਪਸਤੌਲ ਖ਼ਾਲੀ ਕਰ ਦਿੱਤਾ। ਸਾਂਡਰਸ ਥਾਂ 'ਤੇ ਹੀ ਠੰਢਾ ਹੋ ਗਿਆ।" (17 ਦਸੰਬਰ, 1928)।

"ਬੋਲੇ-ਇ-ਇ, ਸੋ ਨਿਹਾ—ਲ॥" ਅੰਦਰ ਦੀ ਖ਼ੁਸ਼ੀ ਪ੍ਰਗਟ ਕਰਨ ਵਾਸਤੇ ਦੀਪੇ ਨੇ ਜੈਕਾਰਾ ਛੱਡਿਆ।

ਦੂਸਰਿਆਂ ਨੇ ਵੀ ਮਗਰ 'ਸਤਿ ਸ੍ਰੀ ਅਕਾਲ' ਦੀ ਨੀਵੀਂ ਜੇਹੀ ਹੇਕ ਕੱਢੀ। ਸਾਂਡਰਸ ਦੇ ਮਰਨ ਦੀ, ਜਾਂ ਲਾਲਾ ਲਾਜਪਤ ਰਾਏ ਦਾ ਬਦਲਾ ਲਏ ਜਾਣ ਦੀ ਖ਼ੁਸ਼ੀ ਕਿਸੇ ਦੇ ਅੰਦਰ ਵੀ ਮਿਉਂ ਨਹੀਂ ਸੀ ਰਹੀ।

"ਕਾਲਜ ਦੀ ਕੰਧ ਦੇ ਅੰਦਰਵਾਰ ਚੰਦਰ ਸ਼ੇਖਰ ਅਜ਼ਾਦ ਤੇ ਉਹਨਾਂ ਦੇ ਕੁਛ ਹੋਰ ਸਾਥੀ ਖਲੋ ਸਨ। ਭਗਤ ਸਿੰਘ ਤੇ ਰਾਜਗੁਰੂ ਭੱਜ ਕੇ ਉਹਨਾਂ ਵਿੱਚ ਰਲ ਗਏ। ਗੋਲੀਆਂ ਦੀ ਵਾਜ ਸੁਣ ਕੇ ਦਫ਼ਤਰ 'ਚੋਂ ਨਿਕਲ ਕੇ ਬਹੁਤ ਸਾਰੇ ਪੁਲਸ ਦੇ ਬੰਦੇ ਮਗਰ ਪਏ। ਭਗਤ ਸਿੰਘ ਹੋਰਾਂ ਅੱਗੋਂ ਸਾਂਵੀਆਂ ਗੋਲੀਆਂ ਚਲਾਈਆਂ। ਇਕ ਪੁਲਸ ਦਾ ਬੰਦਾ ਹੋਰ ਥਾਂ ਰਿਹਾ।"

"ਉ, ਸ਼ੇਰ ਦੀ ਮੁੱਛ ਨੂੰ ਹੱਥ ਪੌਣਾ ਕੋਈ ਖਾਲਾ ਜੀ ਦਾ ਵਾੜਾ ਏ ?" ਮਿਲਖਾ ਸਿੰਘ ਨੇ ਮਗਰਲੀ ਵਾਜ ਜ਼ਰਾ ਲਮਕਾ ਕੇ ਕਹੀ।

"ਭਗਤ ਸਿੰਘ, ਰਾਜਗੁਰੂ, ਚੰਦਰ ਸ਼ੇਖਰ ਕਾਲਜ ਵਿਚਦੀ ਬਚ ਕੇ ਨਿਕਲ ਗਏ।" ਬਾਬਾ ਅਕਾਲੀ ਆਪਣੇ ਚਾਲੇ ਕਹਿੰਦਾ ਜਾ ਰਿਹਾ ਸੀ, "ਪਿੱਛੋਂ ਪੁਲਸ ਨੇ ਓਥੇ ਬਹੁਤ ਸਾਰੇ ਇਸ਼ਤਿਹਾਰ ਖਿੱਲਰੇ ਪਏ ਲੱਭੇ। ਲਿਖਿਆ ਸੀ, 'ਅਸਾਂ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਏ। ਅਸੀਂ ਐਸਾ ਨਾ ਕਰਦੇ, ਤਾਂ ਇਹ ਸਾਰੇ ਦੇਸ਼ ਦੀ ਬੇਇੱਜ਼ਤੀ ਤੇ ਬਦਨਾਮੀ ਸੀ। ਇਸ ਘਟਨਾ ਤੋਂ ਅੰਗਰੇਜ਼ਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਹਿੰਦੁਸਤਾਨ ਜਾਗ ਪਿਆ ਹੈ। ਇਕ ਬੰਦੇ ਨੂੰ ਜਾਨੋਂ ਮਾਰਨ ਦਾ ਸਾਨੂੰ ਅਫ਼ਸੋਸ ਜ਼ਰੂਰ ਹੈ, ਪਰ ਇਸ ਤੋਂ ਬਿਨਾਂ ਹੋਰ ਚਾਰਾ ਕੋਈ ਨਹੀਂ ਸੀ ਕਿਉਂਕਿ ਉਹ ਬੰਦਾ ਅੰਗਰੇਜ਼ੀ ਸਰਕਾਰ ਦਾ ਇਕ ਪੁਰਜ਼ਾ ਤੇ ਸਾਡੇ ਲੀਡਰ ਦਾ ਕਾਤਲ ਸੀ। ਨਾਲੇ ਇਨਕਲਾਬ ਵਿੱਚ ਏਹੋ ਜੇਹੀਆਂ ਘਟਨਾ ਹੋ ਹੀ ਜਾਇਆ ਕਰਦੀਆਂ ਨੇ।' ਕੁਛ ਏਹੋ ਜਿਹਾ ਸੀ ਉਸ ਇਸ਼ਤਿਹਾਰ ਦਾ ਭਾਵ। ਰਾਤੋ-ਰਾਤ ਓਹੋ ਜੇਹੇ ਇਸ਼ਤਿਹਾਰ ਸਾਰੇ ਸ਼ਹਿਰ ਵਿੱਚ ਥਾਂ-ਥਾਂ ਖਿੱਲਰ ਗਏ।"

"ਮਰਦ ਜਿਹੜਾ ਕੰਮ ਕਰਦੇ ਨੇ, ਲੁਕ ਕੇ ਥੋੜ੍ਹਾ ਕਰਦੇ ਨੇ।" ਸਰੋਤਿਆਂ ਵਿੱਚੋਂ ਕਿਸੇ ਦੀ ਵਾਜ ਆਈ।

"ਓਸੇ ਰਾਤ ਭਗਤ ਸਿੰਘ ਤੇ ਰਾਜਗੁਰੂ ਕਲਕੱਤੇ ਨੂੰ ਗੱਡੀ ਚੜ੍ਹ ਗਏ। ਸਿਆਲ ਦੀ ਰੁੱਤ ਸੀ ਭਗਤ ਸਿੰਘ ਨੇ ਸਿਰ 'ਤੇ ਸਾਹਬਾਂ ਵਰਗਾ ਹੈਟ ਤੇ ਗਲ ਲੰਮਾ ਸਾਰਾ ਓਵਰ ਕੋਟ ਪਾਇਆ ਹੋਇਆ ਸੀ। ਉਹਦੇ ਨਾਲ ਭਗਵਤੀ ਚਰਨ ਦੀ ਧਰਮ-ਪਤਨੀ ਤੇ ਤਿੰਨ ਸਾਲ ਦਾ ਲੜਕਾ ਸਚਿੰਦਰ ਸੀ। ਸਚਿੰਦਰ, ਭਗਤ ਸਿੰਘ ਨੂੰ 'ਲੰਮਾ ਚਾਚਾ ਜੀ' ਆਹੰਦਾ ਹੁੰਦਾ ਸੀ। ਵੇਖਣ ਵਾਲੇ ਉਹਨਾਂ ਨੂੰ ਇਕ ਪਰਵਾਰ ਹੀ ਸਮਝਦੇ ਸਨ। ਭਗਵਤੀ ਚਰਨ ਦੀ ਪਤਨੀ ਵੀ—ਪੁਲਸ ਦੀਆਂ ਨਜ਼ਰਾਂ ਤੋਂ ਬਚਣ ਵਾਸਤੇ—ਇਸ ਢੰਗ ਨਾਲ ਗੱਲਾਂ ਕਰਦੀ ਸੀ, ਜਿਵੇਂ ਭਗਤ ਸਿੰਘ ਉਹਦਾ ਪਤੀ ਹੋਵੇ। ਤੇ ਰਾਜਗੁਰੂ ਉਹਨਾਂ ਦਾ ਘਰੇਲੂ ਨੌਕਰ ਬਣਿਆ ਹੋਇਆ ਸੀ।"

"ਮਖ : ਬਿਜਲਾ ਸੁੰਹ ਵਾਂਗ ਭੇਸ ਬਦਲ ਕੇ ਨਿਕਲ ਗਏ ਕਿ!" ਦੀਪੇ ਨੇ ਕਿਸੇ ਵੇਲੇ ਸੁਣੀ ਹੋਈ ਕਹਾਣੀ ਦੇ ਨਾਇਕ ਦਾ ਹਵਾਲਾ ਦਿੱਤਾ।

"ਰਾਜਗੁਰੂ ਲਖਨਊ ਤੋਂ ਨਿਖੜ ਗਿਆ, ਤੇ ਭਗਤ ਸਿੰਘ ਕਲਕੱਤੇ ਜਾ ਪੁੱਜਾ। ਲਗਭਗ ਸਾਢੇ ਤਿੰਨ ਮਹੀਨੇ ਪੁਲਸ ਟਿੱਲ ਲਾ ਰਹੀ, ਸਾਰਾ ਦੇਸ਼ ਛਾਣ ਮਾਰਿਆ, ਪਰ ਭਗਤ ਸਿੰਘ ਨਾ ਫੜਿਆ ਗਿਆ। ਅੰਤ ਉਹ ਆਪ ਹੀ ਪਰਗਟ ਹੋਇਆ।

"ਹੋਰ, ਉਹ ਲੁਕ ਕੇ ਬਹਿਣ ਵਾਲਾ ਥੋੜ੍ਹਾ ਸੀ।" ਦੀਪਾ ਇਕ ਅਜੇਹਾ ਸਰੋਤਾ ਸੀ, ਜੋ ਤੋੜੇ 'ਤੇ ਆਈ ਗੱਲ ਦਾ ਉੱਤਰ ਦੇਣੋਂ ਰੁਕ ਨਹੀਂ ਸੀ ਸਕਦਾ।

"ਭਗਤ ਸਿੰਘ ਦੀ ਪਾਰਟੀ ਨੇ ਦਿੱਲੀ ਦੀ ਵੱਡੀ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਪ੍ਰੋਗਰਾਮ ਬਣਾਇਆ। ਆਗਰੇ ਵਿੱਚ ਉਹਨਾਂ ਬੰਬ ਬਣਾਉਣ ਦਾ ਇਕ ਗੁਪਤ ਕਾਰਖ਼ਾਨਾ ਬਣਾਇਆ ਹੋਇਆ ਸੀ। ਬੰਬ ਸੁੱਟਣ ਦੀ ਡਿਊਟੀ ਲੱਗੀ ਭਗਤ ਸਿੰਘ ਤੇ ਬੀ.ਕੇ. ਦੱਤ ਦੀ। ਪੂਰਾ ਨਾਂ ਤਾਂ ਉਹਦਾ ਬੁਕਤੇਸ਼ਵਰ ਦੱਤ ਸੀ, ਪਰ ਆਹੰਦੇ ਉਹਨੂੰ ਸਾਰੇ ਬੀ.ਕੇ. ਦੱਤ ਸਨ।"

"ਬਾਬਾ 'ਕਾਲੀਆ! ਅਫਰੀਨ ਏਂ ਤੇਰੇ ਚੇਤੇ ਦੇ।" ਗਹਿਣੇ ਨੇ ਤਾਰੀਫ਼ ਵਜੋਂ ਕਿਹਾ, ਜੋ ਕਦੇ ਦਾ ਕੁਛ ਕਹਿਣ ਵਾਸਤੇ ਅਹੁਲ ਰਿਹਾ ਸੀ।

"ਮੀਆਂ ਗਹਿਣਿਆਂ! ਤੁਹਾਡੇ ਮੌਲਵੀ ਸਾਰਾ-ਸਾਰਾ ਕੁਰਾਨ ਸ਼ਰੀਫ਼ ਹਿਫਜ਼ ਕਰ ਲੈਂਦੇ ਨੇ, ਤੇ ਇਹ ਤਾਂ ਉਹਨਾਂ ਕੁਛ ਗਿਣਤੀ ਦੇ ਸ਼ਹੀਦਾਂ ਦੀਆਂ ਗੱਲਾਂ ਨੇ, ਜਿਨ੍ਹਾਂ ਦੀਆਂ ਤਸਵੀਰਾਂ ਮੇਰੇ ਸੁਪਨਿਆਂ ਵਿੱਚ ਘੁਲ ਮਿਲ ਗਈਆਂ ਨੇ। ਫਿਰ ਇਹਨਾਂ ਸਾਰਿਆਂ ਨੂੰ ਮੈਂ ਜੇਹਲ ਵਿੱਚ ਵੇਖਿਆ ਏ। ਇਹਨਾਂ ਦੇ ਖ਼ਿਆਲ ਸੁਣੇ ਨੇ। ਇਹ ਮੈਨੂੰ ਕਿਵੇਂ ਭੁੱਲ ਜਾਣ ? ਕੋਈ ਦਿਨ ਆਵੇਗਾ, ਜਾਂ ਸਕੂਲਾਂ ਵਿੱਚ ਇਹਨਾਂ ਸ਼ਹੀਦਾਂ ਦੀਆਂ ਅਮਰ ਕਹਾਣੀਆਂ ਪੜ੍ਹਾਈਆਂ ਜਾਇਆ ਕਰਨਗੀਆਂ। ਅੱਜਕੱਲ੍ਹ ਲਾਹੌਰ ਅੰਮ੍ਰਿਤਸਰ ਜਿੱਥੇ ਅੰਗਰੇਜ਼ਾਂ ਦੇ ਬੁੱਤ ਖਲੇ ਨੇ, ਓਥੇ ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਵਰਗੇ ਕੌਮੀ ਪਰਵਾਨਿਆਂ ਦੇ ਬੁੱਤ ਹੋਣਗੇ। ਉਹਨਾਂ ਦੀ ਯਾਦ ਵਿੱਚ

ਮੇਲੇ ਲੱਗਿਆ ਕਰਨਗੇ।" ਬਾਬਾ ਅਕਾਲੀ ਜਿਵੇਂ ਕੁਛ ਭਵਿੱਖਤ ਵਾਕ ਕਹਿ ਗਿਆ ਸੀ।

"ਭਈ, ਉਹਨਾਂ ਪੁਜਾਈ ਵੀ ਸਿਰੋਂ ਪਰੇ ਆ। ਹੱਸ-ਹੱਸ ਕੇ ਸਿਰ ਦੇਣੇ, ਕੋਈ ਸੌਖਾ ਕੰਮ ਨਹੀਂ।" ਟਹਿਲ ਸਿੰਘ ਨੇ ਸ਼ਰਧਾ ਨਾਲ ਸਿਰ ਹਿਲਾਉਂਦਿਆਂ ਕਿਹਾ।

"ਹਾਂ ਫਿਰ, ਬੰਬ ਸੁੱਟਣ ਦੀ ਗੱਲ ਦੱਸਣ ਲੱਗਾ ਸੈਂ ਤੂੰ।" ਸੱਜਣ ਸਿੰਘ ਨੇ ਆਪਣੇ ਵੱਲੋਂ ਭੁੱਲੀ ਹੋਈ ਗੱਲ ਯਾਦ ਕਰਾਉਣ ਦੇ ਇਰਾਦੇ ਨਾਲ ਕਿਹਾ। ਉਹ ਬਾਬੇ ਅਕਾਲੀ ਦਾ ਬੜਾ ਸ਼ਰਧਾਵਾਨ ਸਰੋਤਾ ਸੀ।

"ਅਸੈਂਬਲੀ ਵਿੱਚ ਕੁਛ ਮੈਂਬਰ ਦੇਸੀ ਵੀ ਹੁੰਦੇ ਸਨ। ਹੁਣ ਵੀ ਹਨ। ਅੰਗਰੇਜ਼ਾਂ ਨੇ ਲੋਕਾਂ ਦਾ ਗਲ ਘੁਟਣ ਵਾਸਤੇ ਦੋ ਬਿੱਲ ਪੇਸ਼ ਕੀਤੇ। ਅਸੈਂਬਲੀ ਨੇ ਬਹੁ-ਗਿਣਤੀ ਨਾਲ ਦੋਵੇਂ ਬਿੱਲ ਰੱਦ ਕਰ ਦਿੱਤੇ। ਵਾਇਸਰਾਏ ਨੇ ਕਿਹਾ, ਮੈਂ ਆਪਣੇ ਖ਼ਾਸ ਅਖ਼ਤਿਆਰਾਂ ਨਾਲ ਦੋਵੇਂ ਬਿੱਲ ਲਾਗੂ ਕਰ ਦਿਆਂਗਾ।' ਭਗਤ ਸਿੰਘ ਕਿਆ ਸੋਚਿਆ, 'ਉਇ, ਇਹ ਕੇਹਾ ਢਕਵੰਜ ਹੋਇਆ। ਜੇ ਸਾਰੀ ਅਸੈਂਬਲੀ ਦੀ ਕੀਤੀ ਇਕ ਬੰਦੇ ਨੇ ਰੱਦ ਕਰ ਦੇਣੀ ਏਂ, ਤਾਂ ਮੈਂਬਰ ਬਣੌਣ ਦਾ ਕੀ ਅਰਥ ? ਇਹ ਤਾਂ ਫਿਰ ਔਰੰਗੇ ਵਾਲਾ ਰਾਜ ਹੋਇਆ। ਅਸਾਂ ਦੱਸਣਾ ਏਂ ਕਿ ਸਾਨੂੰ ਏਹੋ ਜੇਹਾ ਰਾਜ ਪਰਵਾਨ ਨਹੀਂ। ਸੋ ਉਹਨਾਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਪ੍ਰੋਗਰਾਮ ਬਣਾ ਲਿਆ। ਜਿੱਦਣ ਵਾਇਸਰਾਏ ਨੇ ਉਹਨਾਂ ਬਿੱਲਾਂ ਦਾ ਐਲਾਨ ਕਰਨਾ ਸੀ (8 ਅਪ੍ਰੈਲ, 1929) ਭਗਤ ਸਿੰਘ ਤੇ ਬੀ.ਕੇ. ਦੱਤ ਵੀ ਬੰਬ ਲੈ ਕੇ ਅਸੈਂਬਲੀ ਹਾਲ ਵਿੱਚ ਜਾ ਵੜੇ। ਜਿੱ ਗੈਲਰੀ ਵਿੱਚ ਕਾਰਵਾਈ ਵੇਖਣ ਵਾਲੇ ਲੋਕ ਬਹਿੰਦੇ ਨੇ, ਓਥੇ ਹੀ ਇਹ ਦੋਵੇਂ ਜ ਬੈਠੇ। ਵਿਠਲਭਾਈ ਪਟੇਲ ਤੇ ਪੰਡਤ ਜਵਾਹਰ ਲਾਲ ਨਹਿਰੂ, ਵਾਇਸਰਾਏ ਦ ਕੁਰਸੀ ਦੇ ਨੇੜੇ ਬਹਿੰਦੇ ਹੁੰਦੇ ਸਨ। ਸੋ ਭਗਤ ਸਿੰਘ ਹੋਰਾਂ ਪਹਿਲਾਂ ਹੀ ਪੱਕੀ ਠਾਣ ਹੋਈ ਸੀ ਕਿ ਬੰਬ ਪਿਛਲੇ ਪਾਸੇ ਖ਼ਾਲੀ ਥਾਂ 'ਤੇ ਸੁੱਟਣੇ ਨੇ। ਕਿਸੇ ਨੂੰ ਮਾਰਨਾ ਨਹੀ ਸਿਰਫ਼ ਦਬਕੌਣਾ ਏਂ। ਤੇ ਉਹ ਬੰਬ ਉਚੇਚੇ ਏਸ ਢੰਗ ਦੇ ਬਣਾਏ ਹੋਏ ਸਨ, ਜੋ ਖੜਾ ਬਹੁਤ ਕਰਨ, ਪਰ ਜਾਨ ਦਾ ਨੁਕਸਾਨ ਨਾ ਕਰ ਸਕਣ। ਜਿਸ ਵੇਲੇ ਵਾਇਸਰਾਏ ਉਹਨਾਂ ਬਿੱਲਾਂ ਦਾ ਐਲਾਨ ਕੀਤਾ, ਝੱਟ ਭਗਤ ਸਿੰਘ ਆਪਣੇ ਥਾਂ ਤੋਂ ਉਠਿਆ, ਉਹਨੇ ਵਾਇਸਰਾਏ ਦੀ ਕੁਰਸੀ ਦੇ ਪਿਛਲੇ ਪਾਸੇ ਬੰਬ ਦੇ ਮਾਰਿਆ। ਬੰਬ ਦੇ ਫਟ ਨਾਲ ਸਾਰਾ ਹਾਲ ਕੰਬ ਗਿਆ। ਮਗਰੋਂ ਦੂਜਾ ਬੰਬ ਬੀ.ਕੇ. ਦੱਤ ਨੇ ਮਿਥੀ ਹੋਈ 'ਤੇ ਸੁੱਟ ਦਿੱਤਾ। ਉਹਨਾਂ ਦੇ ਖੜਾਕ ਨਾਲ ਧਰਤੀ ਕੰਬ ਉਠੀ ਤੇ ਸਾਰਾ ਹਾਲ ਧੂ ਨਾਲ ਭਰ ਗਿਆ। ਅਸੈਂਬਲੀ ਹਾਲ ਵਿੱਚ ਭਾਜੜ ਪੈ ਗਈ। ਹਰ ਕੋਈ ਆਪਣ ਜਾਨ ਬਚੌਣ ਵਾਸਤੇ, ਜਿਧਰ ਮੂੰਹ ਹੋਇਆ, ਭੱਜ ਉੱਠਿਆ। ਪਲ ਦਾ ਪਲ ਹੇਠਾ ਉੱਤੇ ਆ ਗਈ। ਉਸ ਵੇਲੇ ਭਗਤ ਸਿੰਘ ਹੋਰੀਂ ਨੱਸਣਾ ਚਾਹੁੰਦੇ, ਤਾਂ ਭੀੜ ਵਿੱਚ ਰ

ਕੇ ਖਿਸਕ ਸਕਦੇ ਸਨ, ਪਰ ਉਹਨਾਂ ਪਹਿਲਾਂ ਹੀ ਪ੍ਰੋਗਰਾਮ ਬਣਾਇਆ ਹੋਇਆ ਸੀ ਕਿ ਨੱਸਣਾ ਨਹੀਂ। ਉਹ ਦੋਵੇਂ ਆਪਣੀ ਥਾਂ 'ਤੇ ਨਾਹਰੇ ਲੌਂਦੇ ਰਹੇ। ਨਾਲ ਹੀ ਉਹਨਾਂ ਛਪੇ ਹੋਏ ਇਸ਼ਤਿਹਾਰ ਸੁੱਟੇ, ਜਿੰਨ੍ਹਾਂ ਦਾ ਮੋਟਾ ਜਿਹਾ ਅਰਥ ਸੀ ਕਿ ਅਸਾਂ ਇਹ ਬੰਬ ਕਿਸੇ ਦੀ ਜਾਨ ਲੈਣ ਵਾਸਤੇ ਨਹੀਂ ਸੁੱਟੇ, ਸਗੋਂ ਅੰਗਰੇਜ਼ਾਂ ਦੇ ਕੰਨ ਖੋਲ੍ਹਣ ਵਾਸਤੇ ਸੁੱਟੇ ਨੇ। ਉਹਨਾਂ ਨੂੰ ਸਮਝ ਲੈਣਾ ਚਾਹੀਦਾ ਏ ਕਿ ਭਾਰਤ ਦੇ ਨੌਜਵਾਨ ਜਾਗ ਪਏ ਨੇ। ਹੁਣ ਬਹੁਤਾ ਚਿਰ ਇਹ ਧੱਕੇਸ਼ਾਹੀ ਨਹੀਂ ਚੱਲੇਗੀ। ਫਿਰ ਇਸ਼ਤਿਹਾਰ ਦੇ ਥੱਲੇ ਪਾਰਟੀ ਦੇ ਪ੍ਰਧਾਨ ਸੈਨਾਪਤੀ ਬਲਰਾਜ ਦਾ ਨਾਂ ਵੀ ਲਿਖਿਆ ਹੋਇਆ ਸੀ।"

'ਦਲੇਰੀ ਵਾਲੀ ਹੱਦ ਏ, ਬਾਬਾ 'ਕਾਲੀਆ!" ਗਹਿਣਾ ਲੁਹਾਰ ਉਹਨਾਂ ਸੂਰਮਿਆਂ ਦੇ ਹੌਸਲੇ 'ਤੇ ਮੋਹਿਆ ਗਿਆ ਸੀ।

"ਜਿੰਨ੍ਹਾਂ ਤਲੀ 'ਤੇ ਸਿਰ ਰੱਖੇ ਹੁੰਦੇ ਨੇ, ਉਹ ਮੌਤ ਤੋਂ ਕਦੋਂ ਡਰਦੇ ਨੇ।" ਬਾਬੇ ਅਕਾਲੀ ਨੇ ਗਹਿਣੇ ਵੱਲ ਤਕਦਿਆਂ ਕਿਹਾ, "ਦੋਵੇਂ ਬਾਂਹੀਂ ਉੱਚੀਆਂ ਕਰਕੇ ਨਾਹਰੇ ਲਾਈ ਜਾ ਰਹੇ ਸਨ। ਪੁਲਸ ਵਾਲੇ ਡਰਦੇ-ਡਰਦੇ ਨੇੜੇ ਪਹੁੰਚੇ। ਭਗਤ ਸਿੰਘ ਨੇ ਹੱਸ ਕੇ ਕਿਹਾ, 'ਡਰੋ ਨਹੀਂ ਸਾਡੇ ਕੋਲ ਕੁਛ ਨਹੀਂ। ਤੁਸੀਂ ਸਾਨੂੰ ਗ੍ਰਿਫ਼ਤਾਰ ਕਰ ਸਕਦੇ ਹੋ।' ਮੁਕਦੀ ਗੱਲ, ਦੋਵੇਂ ਸ਼ੇਰ ਫੜ ਕੇ ਪਿੰਜਰੇ ਵਿੱਚ ਬੰਦ ਕਰ ਦਿੱਤੇ ਗਏ। ਅਗਲੇ ਦਿਨ ਦੇਸ਼ ਦੀਆਂ ਸਾਰੀਆਂ ਅਖ਼ਬਾਰਾਂ ਏਸੇ ਘਟਨਾ ਦੀ ਵਿਆਖਿਆ ਨਾਲ ਭਰੀਆਂ ਪਈਆਂ ਸਨ। ਇਕ ਦੇਸ਼ ਕੀ, ਸਾਰੀ ਦੁਨੀਆਂ ਵਿੱਚ ਇਸ ਵਾਰਦਾਤ ਦਾ ਚਰਚਾ ਹੋਣ ਲੱਗ ਪਿਆ। ਕਈਆਂ ਤਾਂ ਦਲੇਰੀ ਕਰਕੇ ਭਗਤ ਸਿੰਘ ਤੇ ਦੱਤ ਦੇ ਫੋਟੋ ਵੀ ਛਾਪੇ।"

"ਮਖ, ਜੈ ਜੈ ਹੋ ਗਈ ਕਿ ਸਾਰੇ।" ਦੀਪੇ ਨੇ ਉਤਸ਼ਾਹ ਭਰੀ ਸੁਰ ਵਿੱਚ ਕਿਹਾ।

'ਹਫ਼ਤੇ ਕੁ ਪਿੱਛੋਂ (15 ਅਪ੍ਰੈਲ) ਲਾਹੌਰੋਂ ਸੁਖਦੇਵ, ਜੈ ਗੋਪਾਲ ਤੇ ਕਸ਼ੋਰੀ ਲਾਲ ਫੜੇ ਗਏ। ਸਹਿਜੇ-ਸਹਿਜੇ ਕੁਛ ਹੋਰ ਬੰਦੇ ਵੀ ਕਾਬੂ ਕਰ ਲੈ ਗਏ। ਫਿਰ ਆਈ ਮੁਕੱਦਮੇ ਦੀ ਵਾਰੀ। ਮੁਕੱਦਮਾ ਕਾਹਦਾ, ਐਵੇਂ ਡਰਾਮਾ ਕਰਨਾ ਸੀ ਸਰਕਾਰ ਨੇ। ਦਿੱਲੀ ਦੇ ਸੈਸ਼ਨ ਜੱਜ ਨੇ ਭਗਤ ਸਿੰਘ ਤੇ ਦੱਤ ਨੂੰ ਬੰਬ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ। ਸਜ਼ਾ ਸੁਣ ਕੇ ਦੋਹਾਂ ਨੇ 'ਇਨਕਲਾਬ' ਦੇ ਨਾਹਰੇ ਲਾਏ। ਸ਼ੇਰਾਂ ਦੇ ਮੂੰਹਾਂ 'ਤੇ ਲਾਲੀਆਂ ਦਗ ਰਹੀਆਂ ਸਨ। ਫਿਰ ਸਾਰੇ ਲਹੌਰ ਜੇਹਲ ਵਿੱਚ 'ਕੱਠੇ ਹੋ ਗਏ। ਏਥੇ ਜੇਹਲ ਵਾਲਿਆਂ ਨਾਲ ਟੱਕਰ ਹੋ ਗਈ। ਜਾਣਦੇ ਓ, ਜੇਹਲ ਦੇ ਦੜੇ-ਦਰੋਗੇ ਕਿੰਨੇ ਅੜਬ ਹੁੰਦੇ ਨੇ।"

"ਕਿਸੇ ਨੂੰ ਕੁਛ ਸਮਝਦੇ ਈ ਨਹੀਂ।" ਟਹਿਲ ਸਿੰਘ ਦੀ ਵਾਜ ਵਿੱਚ ਘ੍ਰਿਣਾ ਭਰੀ ਹੋਈ ਸੀ।

"ਤੇ ਅੱਗੋਂ ਹੈਗੇ ਸਨ ਭਗਤ ਸਿੰਘ ਹੋਰੀਂ। ਜਿਹੜੇ ਵਾਇਸਰਾਏ ਨੂੰ ਕੁਛ ਨਹੀਂ

ਸਨ ਸਮਝਦੇ, ਲੰਡੀ ਬੁੱਚੀ ਨੂੰ ਕੀ ਸਮਝਦੇ। ਬੱਸ, ਆਪਸ ਵਿੱਚ ਟੱਕਰ ਹੋ ਗਈ। ਜੇਹਲ ਦੀ ਧੱਕੇ-ਸ਼ਾਹੀ ਤੇ ਬੁਰੇ ਸਲੂਕ ਵਿਰੁੱਧ ਭਗਤ ਸਿੰਘ ਤੇ ਦੱਤ ਨੇ ਭੁੱਖ ਹੜਤਾਲ ਕਰ ਦਿੱਤੀ। ਕੁਛ ਦਿਨਾਂ ਪਿੱਛੋਂ ਬਾਕੀ ਸਾਥੀਆਂ ਵੀ ਹੜਤਾਲ ਕਰ ਦਿੱਤੀ। ਉਹ ਸਾਰੇ ਉਸ ਵੇਲੇ ਵੀਹਾਂ ਤੋਂ ਉੱਤੇ ਸਨ। ਭਗਤ ਸਿੰਘ ਤੇ ਦੱਤ ਨੇ ਇਕਾਸੀ ਦਿਨ ਭੁੱਖ-ਹੜਤਾਲ ਰੱਖੀ। ਮੂੰਹ ਨਾਲ ਆਖ ਲੈਣਾ ਏਂ ਇਕਾਸੀ ਦਿਨ। ਇਕਵੰਜਾ ਦਿਨ ਤਾਂ ਉਹਨਾਂ ਦੇ ਬਾਕੀ ਸਾਥੀਆਂ ਨੂੰ ਵੀ ਹੋ ਗਏ ਸਨ। ਕੁਛ ਕੁ ਨੂੰ ਤਾਂ ਵਧੇਰੇ ਦਿਨ ਵੀ। ਵਚਾਰਾ ਜੈਤਨ ਦਾਸ ਭੁੱਖ-ਹੜਤਾਲ ਦੇ ਕਾਰਨ ਜੇਹਲ ਵਿੱਚ ਹੀ ਚਲਾਣਾ ਕਰ ਗਿਆ (13 ਸਤੰਬਰ)।"

"ਸ਼ਹੀਦ ਹੋ ਗਿਆ, ਸ਼ਹੀਦ।" ਕੋਲੋਂ ਗਹਿਣੇ ਨੇ ਵਧੇਰੇ ਸਤਕਾਰ ਵਾਲਾ ਸ਼ਬਦ ਵਰਤਿਆ।

"ਹਾਂ, ਹਾਂ, ਉਹ ਸ਼ਹੀਦ ਹੋ ਗਿਆ।" ਬਾਬੇ ਅਕਾਲੀ ਨੇ ਸਿਰ ਹਿਲਾਉਂਦਿਆਂ ਕਿਹਾ, ਜਿਵੇਂ ਉਹ ਮਹਿਸੂਸ ਕਰ ਰਿਹਾ ਹੋਵੇ, ਕਿ ਉਹਨੂੰ ਪਹਿਲਾਂ ਹੀ ਉਹਦੇ ਵਾਸਤੇ ਸ਼ਬਦ 'ਸ਼ਹੀਦ' ਵਰਤਣਾ ਚਾਹੀਦਾ ਸੀ। "ਉਹਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਸਾਰੇ ਦੇਸ਼ ਵਿੱਚ ਤਰਥੱਲੀ ਮੱਚ ਗਈ। ਜੈਤਨ ਦਾਸ ਬੰਗਾਲੀ ਸੀ। ਉਹਦੀ ਅਰਥੀ ਕਲਕੱਤੇ ਪੁਚਾਈ ਗਈ। ਜਿਸ ਸਟੇਸ਼ਨ ਥਾਣੀ ਗੱਡੀ ਲੰਘਦੀ, ਹਜ਼ਾਰਾਂ ਲੋਕ ਸ਼ਹੀਦ ਨੂੰ ਸ਼ਰਧਾਂਜਲੀ ਭੇਟਾ ਕਰਨ ਵਾਸਤੇ ਕੱਠੇ ਹੋ ਜਾਂਦੇ। ਅਖ਼ਬਾਰਾਂ ਵਿੱਚ ਸਰਕਾਰ ਦੀ ਪੁੱਜ ਕੇ ਨਖੇਧੀ ਕੀਤੀ ਗਈ। ਸਾਰੀ ਦੁਨੀਆਂ ਨੇ ਅੰਗਰੇਜ਼ਾਂ ਨੂੰ ਬੁਰਾ ਕਿਹਾ। ਹੁਣ ਸੁਣੋ, ਭਗਤ ਸਿੰਘ ਹੋਰਾਂ ਦੇ ਮੁਕੱਦਮੇ ਦੀ। ਭੁੱਖ ਹੜਤਾਲ ਤਾਂ ਉਹਨਾਂ ਜੈਤਨ ਦਾਸ ਦੇ ਸ਼ਹੀਦ ਹੋਣ ਤੋਂ ਦਸ-ਯਾਰਾਂ ਦਿਨ ਪਹਿਲਾਂ (2 ਸਤੰਬਰ ਨੂੰ) ਹੀ ਛੱਡ ਦਿੱਤੀ ਸੀ। ਕਿਉਂਕਿ ਜੇਹਲ ਵਾਲਿਆਂ ਨੇ ਉਹਨਾਂ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਸਨ। ਮੁਕੱਦਮਾ ਭੁੱਖ ਹੜਤਾਲ ਦੇ ਵਿੱਚ ਹੀ ਚਲਦਾ ਰਿਹਾ ਸੀ। ਉਹ ਸ਼ੈਦ ਜੁਲਾਈ (10 ਤਾਰੀਖ਼) ਵਿੱਚ ਹੀ ਸ਼ੁਰੂ ਹੋ ਗਿਆ ਸੀ।"

"ਨਾਲੇ ਦੱਸਿਆ ਈ, ਉਹਨਾਂ ਨੂੰ ਉਮਰ ਕੈਦ ਹੋ ਗਈ ਸੀ।" ਮਹੰਦੇ ਨੇ ਸਵਾਲ ਕੀਤਾ।

"ਉਹ ਤਾਂ ਦਿੱਲੀ ਵਾਲੇ ਬੰਬ ਕੇਸ ਵਿੱਚ ਹੋਈ ਸੀ ਨਾ, ਤੇ ਇਹ ਮੁਕੱਦਮਾ ਸੀ ਸਾਂਡਰਸ ਦੇ ਕਤਲ ਦਾ। ਉਹਨਾਂ ਦਾ ਮੁਕੱਦਮਾ ਇਕ ਸਪੈਸ਼ਲ ਮੈਜਿਸਟਰੇਟ ਸੁਣਿਆ ਕਰਦਾ ਸੀ। ਮੈਜਿਸਟਰੇਟ ਦੇ ਫ਼ੈਸਲੇ ਦੀ ਅਪੀਲ ਹੋ ਸਕਦੀ ਸੀ। ਪਿੱਛੋਂ ਸਰਕਾਰ ਨੇ ਇਕ ਐਲਾਨ ਰਾਹੀਂ, ਉਹ ਮੁਕੱਦਮਾ ਸੁਣਨ ਵਾਸਤੇ ਇਕ ਨਵੀਂ ਸਪੈਸ਼ਲ ਅਦਾਲਤ ਬਣਾ ਦਿੱਤੀ, ਜਿਸ ਦੀ ਅਪੀਲ ਨਹੀਂ ਸੀ ਹੋ ਸਕਦੀ। ਅਦਾਲਤ ਦੇ ਸਾਹਮਣੇ ਭਗਤ ਸਿੰਘ ਹੋਰਾਂ ਡਟ ਕੇ ਬਿਆਨ ਦਿੱਤੇ। ਉਹ ਕਿਸੇ ਗੱਲੋਂ ਮੁਕਰੇ ਨਹੀਂ, ਸਗੋਂ ਸਾਰੀਆਂ

ਗੱਲਾਂ ਬੜੀਆਂ ਖੋਲ੍ਹ ਕੇ ਕਹੀਆਂ। ਅੰਗਰੇਜ਼ਾਂ ਦੀਆਂ ਕਾਲੀਆਂ ਕਰਤੂਤਾਂ ਪੁੱਜ ਕੇ ਨਸ਼ਰ ਕੀਤੀਆਂ। ਇਨਸਾਫ਼ ਤੇ ਓਦੋਂ ਹੋਣਾ ਈ ਨਹੀਂ ਸੀ। ਗੱਲ ਸਾਰੀ ਪਹਿਲਾਂ ਹੀ ਮਿਥੀ ਹੋਈ ਸੀ। ਅੰਤ, ਅਦਾਲਤ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ (ਸੱਤ ਅਕਤੂਬਰ, 1930)। ਅਖ਼ਬਾਰਾਂ ਵਿੱਚ ਇਹ ਖ਼ਬਰ ਪੜ੍ਹ ਕੇ ਸਾਰੇ ਦੇਸ਼ ਵਿੱਚ ਹਲਚਲ ਮੱਚ ਗਈ। ਲੋਕਾਂ ਅੰਦਰ ਜੋਸ਼ ਮਿਉਂਦਾ ਨਹੀਂ ਸੀ। ਸੱਚੀ ਗੱਲ ਏ, ਉਸ ਵੇਲੇ ਭਗਤ ਸਿੰਘ ਦਾ, ਮਹਾਤਮਾ ਗਾਂਧੀ ਨਾਲੋਂ ਵੀ ਵਧੇਰੇ ਨਾਂ ਸੀ। ਥਾਂ-ਥਾਂ ਰੋਸ ਵਜੋਂ ਜਲਸੇ ਤੇ ਮੁਜ਼ਾਹਰੇ ਹੋਏ। ਇਉਂ ਭਾਸਦਾ ਸੀ, ਜਿਵੇਂ ਸਾਰੇ ਦੇਸ਼ ਵਿੱਚ ਗੜਬੜ ਹੋ ਜਾਵੇਗੀ। ਪਰ ਸਾਡੇ ਵੱਡੇ-ਵੱਡੇ ਲੀਡਰ 'ਸ਼ਾਂਤਮਈ, ਸ਼ਾਂਤਮਈ' ਦੀ ਦੁਹਾਈ ਦਿੱਤੀ ਜਾ ਰਹੇ ਸਨ। ਇਸ ਵਾਸਤੇ ਅਮਨ ਰਿਹਾ।"

"ਉਹ-ਹੋ।" ਸੱਜਣ ਸਿੰਘ ਨੇ ਠੰਢਾ ਸਾਹ ਭਰਿਆ। ਉਹਦਾ ਜੋਸ਼ ਕਈ ਵਿਚਾਰਾਂ ਥੱਲੇ ਦੱਬਿਆ ਹੋਇਆ ਸੀ।

"ਓਦੋਂ ਅਜੇ ਮਹਾਤਮਾ ਗਾਂਧੀ ਦਾ ਨਿਮਕ ਦਾ ਮੋਰਚਾ ਗਰਮ ਸੀ। ਲੋਕ ਧੜਾ-ਧੜ ਜੇਹਲਾਂ ਵੱਲੇ ਤੁਰੇ ਜਾ ਰਹੇ ਸਨ। ਜਨਤਾ ਵਿੱਚ ਬੜਾ ਜੋਸ਼ ਸੀ। ਭਗਤ ਸਿੰਘ ਹੋਰਾਂ ਦੇ ਮੁਕੱਦਮੇ ਦਾ ਫ਼ੈਸਲਾ ਸੁਣ ਕੇ ਜੋਸ਼ ਹੋਰ ਵੀ ਵਧ ਗਿਆ। ਅਦਾਲਤ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ, ਪਰ ਅੰਗਰੇਜ਼ ਡਰਦੇ ਉਨ੍ਹਾਂ ਨੂੰ ਫਾਂਸੀ ਲੌਂਦੇ ਨਹੀਂ ਸਨ। ਉੱਤੋਂ ਆ ਰਿਹਾ ਸੀ 26 ਜਨਵਰੀ ਦਾ ਅਜ਼ਾਦੀ ਦਾ ਦਿਨ। ਉਹ ਦਿਨ ਮਨੌਣ ਦੀਆਂ ਸਾਰੇ ਦੇਸ਼ ਵਿੱਚ ਤਿਆਰੀਆਂ ਹੋ ਰਹੀਆਂ ਸਨ। ਅੰਗਰੇਜ਼ਾਂ ਨੇ ਲੋਕਾਂ ਦਾ ਜੋਸ਼ ਕੁਝ ਠੰਢਾ ਕਰਨ ਵਾਸਤੇ ਅਜ਼ਾਦੀ ਦੇ ਦਿਨ 'ਤੇ ਮਹਾਤਮਾ ਗਾਂਧੀ ਨੂੰ ਛੱਡ ਦਿੱਤਾ। ਨਾਲ ਹੀ ਵਾਇਸਰਾਏ ਨੇ ਗਾਂਧੀ ਜੀ ਨੂੰ ਸੁਲ੍ਹਾ ਵਾਸਤੇ ਗੱਲਬਾਤ ਕਰਨ ਲਈ ਸੱਦਾ ਦੇ ਦਿੱਤਾ। ਮੁਲਾਕਾਤਾਂ ਸ਼ੁਰੂ ਹੋ ਗਈਆਂ। ਲੋਕਾਂ ਦਾ ਧਿਆਨ ਓਸ ਪਾਸੇ ਹੋ ਗਿਆ। ਮੋਰਚਾ ਚਲਦਾ ਤਾਂ ਰਿਹਾ, ਪਰ ਪਹਿਲਾਂ ਵਰਗਾ ਜੋਸ਼ ਤੇ ਉਤਸ਼ਾਹ ਨਾ ਰਿਹਾ। ਸੱਚ ਜਾਣੋ, ਜਿੰਨਾ ਚਿਰ ਲੀਡਰ ਅੰਦਰ ਹੋਵੇ, ਲੋਕ ਅੱਖਾਂ ਮੀਟ ਕੇ ਮਗਰ ਤੁਰੇ ਜਾਣਗੇ, ਪਰ ਜਦੋਂ ਲੀਡਰ ਬਾਹਰ ਆ ਜਾਵੇ, ਫਿਰ ਕਿਸੇ ਦਾ ਦਿਲ ਨਹੀਂ ਜੇ ਕਰਦਾ ਅੰਦਰ ਰਹਿਣ ਨੂੰ। ਮੈਂ ਤਾਂ ਆਪਣੀ ਗੱਲ ਕਰਦਾਂ। ਹੋਰ ਲੋਕਾਂ ਦੇ ਦਿਲ ਵੀ ਸ਼ਾਇਦ ਮੇਰੇ ਵਰਗੇ ਈ ਹੋਣ। ਅਸੀਂ ਤਾਂ ਭਈ, ਅੰਦਰ ਕਾਹਲੇ ਪੈ ਗਏ ਸਾਂ।" ਬਾਬੇ ਅਕਾਲੀ ਨੇ ਬੜੀ ਨਿੱਗਰ ਸੱਚਾਈ ਪੇਸ਼ ਕੀਤੀ। "ਖ਼ੈਰ ਗਾਂਧੀ ਇਰਵਨ ਸਮਝੌਤਾ ਹੋ ਗਿਆ। ਮੋਰਚਾ ਵੀ—ਸਮਝੋ—ਬੰਦ ਹੋ ਗਿਆ। ਜਿਹੜੀਆਂ ਸ਼ਰਤਾਂ ਸਾਡੇ ਲੀਡਰਾਂ ਨੇ ਮੰਨੀਆਂ ਸਨ, ਉਹਨਾਂ 'ਤੇ ਲੋਕ ਖ਼ੁਸ਼ ਨਹੀਂ ਸਨ, ਪਰ ਏਨੀ ਆਸ ਸਾਰੇ ਲਾਈ ਬੈਠੇ ਸਨ ਕਿ ਸ਼ਾਇਦ ਬਾਕੀ ਕੈਦੀਆਂ ਦੇ ਨਾਲ ਭਗਤ ਸਿੰਘ ਹੋਰੀਂ ਵੀ ਰਿਹਾਅ ਕਰ ਦਿੱਤੇ ਜਾਣ। ਪਰ ਉਹਨਾਂ ਨੂੰ ਸਰਕਾਰ ਕਦੋਂ ਛੱਡਣ ਲੱਗੀ ਸੀ ? ਜਿਸ ਵੇਲੇ ਅੰਗਰੇਜ਼ਾਂ ਨੇ ਵੇਖਿਆ

ਕਿ ਲੋਕਾਂ ਦਾ ਜੋਸ਼ ਠੰਢਾ ਹੋ ਗਿਆ ਹੈ, ਉਹਨਾਂ ਚੁੱਪਚਾਪ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ 'ਤੇ ਲਟਕਾ ਦਿੱਤਾ (23 ਮਾਰਚ, 1931)।"

"ਹਤ ਤੁਹਾਡੀ ਸੀ।....ਬੇੜੀ ਬੁੱਢਿਆਂ ਧਰੋਹ ਕੀਤਾ।" ਸੱਜਣ ਸਿੰਘ ਤੇ ਟਹਿਲ ਸਿੰਘ ਦੀਆਂ ਲਗਭਗ ਕੱਠੀਆਂ ਵਾਜਾਂ ਆਈਆਂ।

"ਪਤਾ ਨਹੀਂ ਕਿਵੇਂ, ਸ਼ਹਿਰ ਵਿੱਚ ਖ਼ਬਰ ਫੈਲ ਗਈ ਕਿ ਭਗਤ ਸਿੰਘ ਹੋਰਾਂ ਨੂੰ ਅੱਜ ਫਾਂਸੀ ਲਾਇਆ ਜਾਣਾ ਏਂ। ਬੱਸ, ਘੜੀਆਂ ਪਲਾਂ ਵਿੱਚ ਸਾਰਾ ਸ਼ਹਿਰ ਹੁੰਮ ਹੁਮਾ ਕੇ ਜੇਹਲ ਦੇ ਬੂਹੇ ਅੱਗੇ ਆ ਕੱਠਾ ਹੋਇਆ। ਸਰਕਾਰ ਬੜੀ ਘਬਰਾਈ। ਪੁਲਸ ਦਾ ਵੀ ਓਥੇ ਕੋਈ ਸੁਰ ਹਸਾਬ ਨਹੀਂ ਸੀ ਔਂਦਾ। ਭਗਤ ਸਿੰਘ ਤੇ ਉਹਦੇ ਸਾਥੀ ਮਰਦਾਂ ਵਾਂਗ ਮੌਤ ਦੀ ਘੜੀ ਨੂੰ ਉਡੀਕ ਰਹੇ ਸਨ। ਸਾਰਾ ਦਿਨ ਏਸੇ ਤਰ੍ਹਾਂ ਲੰਘ ਗਿਆ। ਬਾਹਰ ਲੋਕਾਂ ਵਿੱਚ ਕਈ ਕਿਸਮ ਦੀਆਂ ਅਫ਼ਵਾਹਾਂ ਫੈਲ ਰਹੀਆਂ ਸਨ। ਕੋਈ ਆਹੰਦਾ, 'ਉਹ ਤਾਂ ਕੱਲ੍ਹ ਰਾਤ ਹੀ ਫਾਂਸੀ 'ਤੇ ਚੜ੍ਹਾ ਦਿੱਤੇ ਗਏ ਨੇ।' ਕੋਈ ਆਂਹਦਾ, 'ਨਹੀਂ, ਵਾਇਸਰਾਏ ਦੇ ਹੁਕਮ ਨਾਲ ਮੌਤ ਦੀ ਸਜ਼ਾ ਬਦਲ ਕੇ ਕਾਲੇ ਪਾਣੀ ਕਰ ਦਿੱਤੀ ਏ।' ਕੋਈ ਕੁਛ, ਕੋਈ ਕੁਛ।"

"ਜਿੰਨੇ ਮੂੰਹ, ਓਨੀਆਂ ਗੱਲਾਂ।" ਟਹਿਲ ਸਿੰਘ ਦੀ ਵਾਜ ਆਈ।

"ਕਿਸੇ ਨੂੰ ਕੀ ਪਤਾ ਸੀ, ਅੰਦਰ ਕੀ ਹੋ ਰਿਹਾ ਏ ?" ਮਿਲਖਾ ਸਿੰਘ ਨੇ ਥੱਕ ਗਈਆਂ ਲੱਤਾਂ ਨੂੰ ਹੇਠਾਂ ਉਤਾਂਹ ਕਰਦਿਆਂ ਕਿਹਾ।

"ਅੰਦਰ ?" ਬਾਬੇ ਅਕਾਲੀ ਨੇ ਉਹਦੇ ਵੱਲ ਤਕਦਿਆਂ ਕਿਹਾ, "ਅੰਦਰ ਸਰਕਾਰ ਤਿਆਰੀ ਕਰ ਰਹੀ ਸੀ। ਸਾਰਾ ਦਿਨ ਜੇਹਲ ਦੇ ਕੈਦੀ ਬਾਰਕਾਂ ਵਿੱਚ ਡੱਕੇ ਰਹੇ। ਰਾਤ ਪੈ ਗਈ। ਹਨ੍ਹੇਰਾ ਹੋ ਗਿਆ। ਉਸ ਵੇਲੇ ਉਹਨਾਂ ਤਿੰਨਾਂ ਨੂੰ ਕੋਠੜੀਆਂ ਵਿੱਚੋਂ ਬਾਹਰ ਕੱਢਿਓ ਨੇ। ਸ਼ੇਰਾਂ ਦੇ 'ਇਨਕਲਾਬ, ਜ਼ਿੰਦਾਬਾਦ' ਦੇ ਨਾਹਰੇ ਗੂੰਜੇ, ਤਾਂ ਕੋਈ ਹੋਰ ਕੋਠੜੀਆਂ ਵਿੱਚੋਂ ਵੀ ਇਸ ਨਾਹਰੇ ਦੀ ਮੋੜਵੀਂ ਵਾਜ ਆਈ। ਉਹਨਾਂ ਦੇ ਸਾਥੀਆਂ ਤਾਂ ਨਾਹਰੇ ਲੌਣੇ ਹੀ ਸੀ, ਬਹੁਤ ਸਾਰੇ ਹੋਰ ਕੈਦੀ ਵੀ ਨਾਹਰੇ ਲਾ ਰਹੇ ਸਨ। ...ਉਹਨਾਂ ਤਿੰਨਾਂ ਨੂੰ ਫਾਂਸੀ ਦੇ ਤਖ਼ਤਿਆਂ ਕੋਲ ਲੈ ਜਾ ਖਲ੍ਹਾਰਿਆ। ਇਕ ਅਫ਼ਸਰ ਨੇ ਕਿਹਾ, 'ਭਗਤ ਸਿੰਘ! ਤੂੰ ਅਜੇ ਤੇਈ-ਚਵ੍ਹੀ ਸਾਲ ਦਾ ਜੁਆਨ ਨਜ਼ਰ ਔਂਦਾ ਏਂ। ਹੋਰ ਦਸ ਮਿੰਟ ਤਕ ਤੇਰੀ ਜ਼ਿੰਦਗੀ ਖ਼ਤਮ ਹੋ ਜਾਇਗੀ। ਕੀ, ਜੋ ਕੁਛ ਤੂੰ ਕੀਤਾ ਏ, ਤੇ ਉਸ ਦਾ ਸਿੱਟਾ ਜੋ ਹੋ ਰਿਹਾ ਏ, ਤੈਨੂੰ ਇਸ 'ਤੇ ਅਫ਼ਸੋਸ ਨਹੀਂ ?' ਸੁਣ ਕੇ ਭਗਤ ਸਿੰਘ ਦਾ ਚਿਹਰਾ ਲਾਲ ਹੋ ਗਿਆ। ਉਹਨੇ ਅੱਗੋਂ ਸ਼ੇਰ ਵਾਂਗ ਗਰਜ ਕੇ ਕਿਹਾ, 'ਦੇਸ਼ ਦੀ ਆਜ਼ਾਦੀ ਵਾਸਤੇ ਅਸਾਂ ਜੋ ਕੁਛ ਕੀਤਾ ਹੈ, ਸਾਨੂੰ ਉਸ ਉਤੇ ਮਾਣ ਹੈ। ਮੈਂ ਔਂਦੇ ਸਾਲ ਨੂੰ ਦੂਸਰਾ ਜਨਮ ਲੈ ਕੇ ਪੰਦਰਾਂ ਸੋਲ੍ਹਾਂ ਵਰ੍ਹਿਆਂ ਵਿੱਚ ਫਿਰ ਜੁਆਨ ਹੋ ਜਾਵਾਂਗਾ। ਓਦੋਂ ਤਕ ਅੰਗਰੇਜ਼ ਸਾਡਾ ਮੁਲਕ ਛੱਡ ਕੇ ਨਾ ਗਏ, ਤਾਂ ਅਸੀਂ ਫਿਰ ਉਹਨਾਂ ਨਾਲ ਏਸੇ ਤਰ੍ਹਾਂ ਲੜਾਂਗੇ'।"

"ਸੱਚੇ ਆਸ਼ਕ ਸਨ ਉਹ, ਆਜ਼ਾਦੀ ਦੇ ਸੱਚੇ ਆਸ਼ਕ।" ਗਹਿਣੇ ਨੇ ਸ਼ਰਧਾ ਨਾਲ ਸਿਰ ਝੁਕਾਅ ਕੇ ਕਿਹਾ।

"ਤਿੰਨਾਂ ਵਿੱਚੋਂ ਘੱਟ ਵੱਧ ਕੀਹਨੂੰ ਕਹੀਏ ? ਉਹ ਸਾਰੇ ਸਾਡੇ ਦੇਸ਼ ਦੇ ਚਮਕਦੇ ਹੀਰੇ ਸਨ। ਤਖ਼ਤੇ 'ਤੇ ਖਲੋ ਕੇ ਉਹਨਾਂ ਸਾਰੇ ਜ਼ੋਰ ਨਾਲ 'ਇਨਕਲਾਬ' ਦੇ ਨਾਹਰੇ ਲਾਏ ਤੇ ਆਪਣੇ ਹੱਥੀਂ ਫਾਂਸੀ ਦੇ ਰੱਸੇ ਗਲਾਂ ਵਿੱਚ ਪਾਏ। ਰਾਤ ਦੇ ਹਨੇਰੇ ਵਿੱਚ ਜ਼ਾਲਮ ਸਰਕਾਰ ਨੇ ਤਿੰਨਾਂ ਨੂੰ ਸ਼ਹੀਦ ਕਰ ਦਿੱਤਾ।"

ਸਾਰੇ ਸਰੋਤੇ ਸਿਰ ਹਿਲਾ ਰਹੇ ਸਨ। ਕਈਆਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ ਸੀ। ਉਹ ਇਉਂ ਮਹਿਸੂਸ ਕਰ ਰਹੇ ਸਨ, ਜਿਵੇਂ ਫਾਂਸੀ ਚੜ੍ਹਨ ਵਾਲੇ ਉਹਨਾਂ ਦੇ ਸਕੇ ਭਾਈ ਹੋਣ।

"ਫਿਰ ਸਰਕਾਰ ਨੇ ਡਰਦਿਆਂ ਉਹਨਾਂ ਦੀਆਂ ਲੋਥਾਂ ਦਿੱਤੀਆਂ ਨਹੀਂ ਵਾਰਸਾਂ ਨੂੰ। ਰਾਤੋ-ਰਾਤ ਪਿਛਲੇ ਪਾਸਿਓਂ ਚੋਰ-ਦਰਵਾਜ਼ੇ ਥਾਣੀ ਕੱਢ ਕੇ ਫ਼ਰੋਜ਼ਪੁਰ ਨੂੰ ਲੈ ਤੁਰੇ। ਲੋਥਾਂ ਦੇ ਅੱਗੇ ਪਿੱਛੇ ਪੁਲਸ ਦੀਆਂ ਭਰੀਆਂ ਲਾਰੀਆਂ ਸਨ। ਕਸੂਰੋਂ ਉਹਨਾਂ ਅੱਧੀ ਰਾਤ ਇਕ ਗ੍ਰੰਥੀ ਨੱਥਾ ਸਿੰਘ ਨੂੰ ਆ ਉਠਾਇਆ। ਇਕ ਪੰਡਤ ਵੀ ਨਾਲ ਲੈ ਲਿਆ। ਸਤਲੁਜ ਦਰਿਆ ਦੇ ਉਰਾਰਲੇ ਕੰਢੇ, ਰੇਲ ਦੇ ਪੁਲ ਥੱਲੇ ਤਿੰਨਾਂ ਸ਼ਹੀਦਾਂ ਦੀ ਕੱਠੀ ਚਿਖਾ ਬਣਾਈ ਗਈ। ਗ੍ਰੰਥੀ ਨੇ ਕੀਰਤਨ ਸੋਹਲਾ ਪੜ੍ਹ ਕੇ ਅੰਤਮ ਅਰਦਾਸ ਕੀਤੀ ਤੇ ਪੰਡਤ ਨੇ ਆਪਣੇ ਧਰਮ ਅਨੁਸਾਰ ਮੰਤਰ ਪੜ੍ਹੇ। ਮਿੱਟੀ ਦਾ ਤੇਲ ਪਾ ਕੇ ਸੂਹਲ ਸੁਨੱਖਿਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਅੱਧ ਸੜੀਆਂ ਲਾਸ਼ਾਂ ਦਰਿਆ ਦੇ ਹਵਾਲੇ ਕਰਕੇ ਪੁਲਸ ਦਿਨ ਦਾ ਚਾਨਣ ਹੋਣ ਤੋਂ ਪਹਿਲਾਂ ਖਿਸਕ ਗਈ।"

"ਬਾਬਾ 'ਕਾਲੀਆ!" ਕਿਸੇ ਭਰੇ ਹੋਏ ਗਲੇ ਦੀ ਵਾਜ ਆਈ, ਪਰ ਕਹਿਣ ਵਾਲਾ ਅਗ੍ਹਾਂ ਵਾਕ ਪੂਰਾ ਨਾ ਕਰ ਸਕਿਆ।

ਦੋ-ਤਿੰਨ ਮਿੰਟ ਸਾਰੇ ਚੁੱਪ ਵਰਤੀ ਰਹੀ।

"ਤੇ ਉਹਨਾਂ ਦੇ ਬਾਕੀ ਸਾਥੀ ?" ਹੌਸਲਾ ਕਰਕੇ ਦੀਪੇ ਨੇ ਹੀ ਸਵਾਲ ਪੁੱਛਿਆ।

"ਬਾਕੀਆਂ ਵਿੱਚੋਂ ਕੇਈਆਂ ਨੂੰ ਉਮਰ ਕੈਦ, ਕੁਛ-ਕੁ ਨੂੰ ਸੱਤ-ਸੱਤ ਸਾਲ ਤੇ ਇਕ-ਦੋਂਹ ਨੂੰ ਪੰਜ ਸਾਲ ਕੈਦ ਬੋਲੀ।" ਬਾਬੇ ਅਕਾਲੀ ਨੇ ਧੀਮੀ ਜੇਹੀ ਸੁਰ ਵਿੱਚ ਕਿਹਾ, ਜਿਵੇਂ ਉਹ ਸਰੀਰ ਕਰਕੇ ਕੁਛ ਥੱਕ ਗਿਆ ਹੋਵੇ। "ਸ਼ੇਰ ਦੇਸ਼ ਉਤੋਂ ਜੁਆਨੀਆਂ ਵਾਰ ਗਏ, ਤੇ ਪਿੱਛੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਛੱਡ ਗਏ।"

ਗੱਲ ਮੁਕਾ ਕੇ ਬਾਬਾ ਅਕਾਲੀ ਲੰਮਾ ਪੈ ਗਿਆ। ਸੱਜਣ ਸਿੰਘ ਤੇ ਦੀਪਾ ਉਹਨੂੰ ਮੁੱਠੀਆਂ ਭਰਨ ਲੱਗ ਪਏ।

# 20

ਧੰਨੇ ਸ਼ਾਹ ਦੀ ਕਿਰਪਾ ਨਾਲ, ਪੀਰੂਵਾਲੇ ਦੀ ਨੰਬਰਦਾਰੀ ਦਾ ਮੁਕੱਦਮਾ ਮਜ਼੍ਹਬੀ ਮਸਲਾ ਬਣ ਗਿਆ। ਧੰਨੇ ਸ਼ਾਹ ਨੇ ਆਪਣੇ ਨੌਕਰ ਬਿੱਲੂ ਨੂੰ ਸਿਖਾ ਕੇ ਮੁਸਲਮਲੀਗ ਦੇ ਆਗੂਆਂ ਕੋਲ ਭੇਜਿਆ। ਉਸ ਵੇਲੇ ਕਸੂਰ ਵਿੱਚ ਮੁਸਲਮ ਲੀਗ ਦਾ ਕੰਮ ਕਰਨ ਵਾਲਾ ਬੰਦਾ ਫ਼ਜ਼ਲ ਹੱਕ ਸੀ। ਉਹ ਕੋਟ ਮੁਰਾਦ ਖ਼ਾਂ ਦਾ ਕਸਾਈ, ਹਰ-ਤਰ੍ਹਾਂ, ਚਲਦਾ-ਪੁਰਜ਼ਾ ਤੇ ਪੁੱਜ ਕੇ ਸ਼ਰਾਰਤੀ ਸੁਭਾਅ ਦਾ ਸੀ। ਉਹ ਬਿੱਲੂ—ਜਾਂ ਮਾਪਿਆਂ ਦਾ ਬੁਲੰਦ ਖ਼ਾਂ ਕਹਿ ਲਉ—ਦਾ ਬਚਪਨ ਦਾ ਬੇਲੀ ਸੀ। ਦੋਵੇਂ ਇਕੋ ਟੱਬਰ ਵਿੱਚੋਂ ਸਨ। ਫ਼ਜ਼ਲ ਹੱਕ ਦੇ ਘਰ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਸੀ। ਕਦੇ ਉਹ ਵੀ ਨਿਰਾ ਫੱਜਾ ਹੀ ਹੁੰਦਾ ਸੀ। ਪਰ ਉਹ ਮੁਸਲਮ ਲੀਗ ਵਿੱਚ ਰਲ ਕੇ ਫੱਜੇ ਤੋਂ ਫ਼ਜ਼ਲ ਹੱਕ ਬਣ ਗਿਆ ਸੀ। ਉਹ ਆਪਣੀ ਤਾਕਤ ਨੂੰ ਵਧਾ ਚੜ੍ਹਾ ਕੇ ਦੱਸਣ ਵਿੱਚ ਬੜਾ ਉਸਤਾਦ ਸੀ। ਏਸ ਤਰ੍ਹਾਂ ਉਹ ਸਾਧਾਰਣ ਲੋਕਾਂ ਉੱਤੇ ਰੁਹਬ ਪਾਉਣ ਵਿੱਚ ਸਫਲ ਹੋ ਜਾਂਦਾ ਸੀ। ਉਹਦੇ ਵਿੱਚ ਇਕ ਗੁਣ ਵੀ ਸੀ। ਉਹ ਅਣਥੱਕ ਕਾਮਾ (ਵਰਕਰ) ਸੀ। ਰਾਤ ਦਿਨੇ ਪਾਰਟੀ ਦੇ ਕੰਮ ਵਿੱਚ ਭੱਜਾ ਫਿਰਦਾ ਉਹ ਕਦੇ ਅੱਕਦਾ ਨਹੀਂ ਸੀ। ਫਿਰ ਹਰ ਵੱਡਾ ਛੋਟਾ ਕੰਮ ਕਰਨ ਵਾਸਤੇ ਉਹ ਹਰ ਵੇਲੇ ਤਿਆਰ ਰਹਿੰਦਾ ਸੀ। ਜਿੱਥੇ ਉਹ ਛੋਟਿਆਂ 'ਤੇ ਦਬਾਅ ਪਾਉਣਾ ਜਾਣਦਾ ਸੀ, ਓਥੇ ਆਪ ਤੋਂ ਵੱਡਿਆਂ ਦੀ ਖ਼ੁਸ਼ਾਮਦ ਕਰਨ ਵਿੱਚ ਵੀ ਤਾਕ ਸੀ। ਵੱਡੇ, ਅਮੀਰ ਤੇ ਸੁੱਖ-ਰਹਿਣੇ ਲੀਡਰਾਂ ਦੇ ਦਿਲਾਂ ਵਿੱਚ ਥਾਂ ਬਨਾਉਣ ਦਾ ਹੁਨਰ ਉਹਨੂੰ ਆਉਂਦਾ ਸੀ। ਤੇ ਇਹਨਾਂ ਗੁਣਾਂ ਵਾਲੇ 'ਸੇਵਕ' ਦੀ ਲੋੜ ਹਰ 'ਨਾਮ-ਧਰੀਕ ਲੀਡਰ' ਨੂੰ ਹੁੰਦੀ ਹੈ। ਏਹਾ ਕਾਰਨ ਸੀ ਕਿ ਫ਼ਜ਼ਲ ਹੱਕ ਸਾਰੇ ਸ਼ਹਿਰ ਵਿੱਚ ਮਸ਼ਹੂਰ ਹੋ ਗਿਆ ਸੀ।

ਬਿੱਲੂ ਰਾਹੀਂ ਸੁਨੇਹਾ ਮਿਲਦਿਆਂ ਸਾਰ ਫ਼ਜ਼ਲ ਹੱਕ ਧੰਨੇ ਸ਼ਾਹ ਦੀ ਸੇਵਾ ਵਿੱਚ ਹਾਜ਼ਰ ਹੋ ਗਿਆ। "ਸ਼ਾਹ ਜੀ! ਸ਼ੁਕਰ ਏ, ਜੇ ਆਪ ਨੇ ਯਾਦ ਫ਼ੁਰਮਾਇਆ ਏ। ਅਸੀਂ ਤਾਂ ਆਪ ਦੇ ਬੱਚੇ ਆਂ।" ਉਹਨੇ ਬੜੇ ਖ਼ੁਸ਼ਾਮਦੀ ਢੰਗ ਨਾਲ ਕਿਹਾ, "ਹੁਕਮ ਕਰੋ। ਆਪਾਂ ਤੁਹਾਡੇ ਵਰਗੇ ਬਜ਼ੁਰਗਾਂ ਦੀ ਥਾਂ ਜਾਨ ਕੁਰਬਾਨ ਕਰ ਦਿਆਂਗੇ।"

"ਮੀਆਂ ਫ਼ਜ਼ਲ ਹੱਕ ਜੀ!" ਲੋੜ ਵੇਲੇ ਧੰਨੇ ਸ਼ਾਹ ਛੋਟੇ ਤੋਂ ਛੋਟੇ ਬੰਦੇ ਨੂੰ ਵੀ ਬੜਾ ਸਤਕਾਰ ਨਾਲ ਬੁਲਾਉਂਦਾ ਸੀ। "ਤੁਸਾਂ ਬਿੱਲੂ ਕੋਲੋਂ ਸਾਰੀ ਗੱਲ ਬਾਤ ਸੁਣ ਲਈ ਹੋਵੇਗੀ।"

"ਹਾਂ, ਬੁਲੰਦ ਖ਼ਾਂ ਨੇ ਮੈਨੂੰ ਕੁਛ-ਕੁਛ ਦੱਸਿਆ ਏ।" ਫ਼ਜ਼ਲ ਹੱਕ ਨੇ 'ਬੁਲੰਦ ਖ਼ਾਂ' ਸ਼ਬਦ ਉੱਤੇ ਉਚੇਚਾ ਜ਼ੋਰ ਦਿੱਤਾ। ਉਸ ਦਾ ਮਤਲਬ ਇਹ ਜ਼ਾਹਰ ਕਰਨਾ ਸੀ ਕਿ ਧੰਨੇ ਸ਼ਾਹ ਨੂੰ ਇਕ ਮੁਸਲਮਾਨ ਦਾ ਨਾਮ ਏਨਾ ਛੁਟਿਆ ਕੇ ਨਹੀਂ ਲੈਣਾ ਚਾਹੀਦਾ।

'ਪਰ ਆਪ ਸਿੱਧਾ ਹੁਕਮ ਕਰੋ ਕਿ ਮੈਥੋਂ ਕੀ ਕਰੌਣਾ ਚੋਹੰਦੇ ਓ ? ਬੰਦਾ ਆਪ ਦੀ ਖ਼ਿਦਮਤ ਕਰਕੇ ਖ਼ੁਸ਼ ਹੋਵੇਗਾ।"

"ਵੇਖੋ ਨਾ ਚੋਧਰੀ ਫ਼ਜ਼ਲ ਹੱਕ ਜੀ!" ਧੰਨੇ ਸ਼ਾਹ ਨੇ ਵਾਜ ਨੂੰ ਹੋਰ ਮੁਲਾਇਮ ਬਣਾ ਕੇ ਕਿਹਾ, "ਸਿੱਖਾਂ ਦੇ ਹੱਕਾਂ ਵਾਸਤੇ ਅਕਾਲੀ ਦਲ ਸਾਰੇ ਤਾਣ ਨਾਲ ਲੜ ਰਿਹਾ ਹੈ। ਸਿੱਖ ਘੱਟ ਗਿਣਤੀ ਵਿੱਚ ਹੁੰਦੇ ਹੋਏ ਵੀ ਪੰਜਾਬ ਦੇ ਮਾਲਕ ਬਣੇ ਬੈਠੇ ਨੇ। ਪਿੰਡਾਂ ਦੀ ਨੰਬਰਦਾਰੀ ਤੋਂ ਲੈ ਕੇ ਪੁਲਸ ਕਪਤਾਨ ਤੇ ਫ਼ੌਜ ਵਿੱਚ ਜਰਨੈਲੀ ਦੇ ਅਹੁਦਿਆਂ ਤਕ ਅਪੜੇ ਹੋਏ ਨੇ। ਅਸੀਂ ਹਿੰਦੂ ਕਾਸੇ ਜੋਗੇ ਹੋਏ ਈ ਨਾ। ਬੱਸ, ਇਹ ਤਾਂ ਸਮਝੋ, ਦਿਹ-ਸ਼ਾਮਲਾਤ ਨੇ, ਜੀਹਦਾ ਬਲ ਪਵੇ, ਮੱਲ ਮਾਰ ਲਵੇ। ਸਾਡੀ ਹਿੰਦੂ ਮਹਾਂ ਸਭਾ ਜੇਹੀ ਹੋਈ, ਤੇਹੀ ਨਾ ਹੋਈ। ਹਾਂ, ਮੁਸਲਮਾਨਾਂ ਦੇ ਹੱਕਾਂ ਵਾਸਤੇ ਮੁਸਲਮ ਲੀਗ ਬਰਾਬਰ ਦਾ ਕੰਮ ਕਰ ਰਹੀ ਹੈ। ਅਸੀਂ ਸਮਝਦੇ ਆਂ, ਤੁਹਾਡੇ ਆਸਰੇ ਅਸੀਂ ਵੀ ਬਚੇ ਰਹਾਂਗੇ। ਜਿਵੇਂ ਦੋ ਸ਼ੇਰਾਂ ਦੇ ਵਿੱਚ ਗ਼ਰੀਬ ਲੇਲਾ ਬਚਿਆ ਰਹਿੰਦਾ ਏ।"

"ਤਾਬਿਆਦਾਰ ਆਂ, ਸ਼ਾਹ ਜੀ! ਪਰ ਹੁਕਮ ਕਰੋ, ਤੁਹਾਡੀ ਖ਼ਾਹਸ਼ ਕੀ ਏ ?" ਸਭ ਕੁਛ ਜਾਣਦਾ ਹੋਇਆ ਵੀ ਫ਼ਜ਼ਲ ਹੱਕ, ਧੰਨੇ ਸ਼ਾਹ ਦੇ ਮੂਹੋਂ ਸੁਣਨਾ ਚਾਹੁੰਦਾ ਸੀ।

"ਵੇਖੋ ਨਾ ਚੌਧਰੀ ਸਾਹਿਬ!" ਧੰਨੇ ਸ਼ਾਹ ਨੇ ਸਿੱਧੀ ਆਪਣੇ ਮਤਲਬ ਦੀ ਗੱਲ ਸ਼ੁਰੂ ਕਰ ਦਿੱਤੀ, "ਪੀਰੂਵਾਲਾ ਸਹੀ ਅਰਥਾਂ ਵਿੱਚ ਮੁਸਲਮਾਨਾਂ ਦਾ ਪਿੰਡ ਏ। ਸਿੱਖਾਂ ਦੀ ਅਬਾਦੀ ਤਿੱਜੇ ਹਿੱਸੇ ਨਾਲੋਂ ਵੀ ਘੱਟ ਏ। ਤੇ ਓਥੋਂ ਦਾ ਨੰਬਰਦਾਰ ਸੀ ਸਿੱਖ ਚੇਤ ਸਿੰਘ। ਇਕ ਸਿੱਖ ਨੰਬਰਦਾਰ ਸਾਰੇ ਪਿੰਡ 'ਤੇ ਰਾਜ ਕਰਦਾ ਰਿਹਾ ਏ। ਸਾਡਾ ਵਾਹ ਵਧੇਰੇ ਓਥੋਂ ਦੇ ਮੁਸਲਮਾਨਾਂ ਨਾਲ ਏ।"

"ਯਾਨੀ ਕਿ ਤੁਸੀਂ ਦੋਵੇਂ ਰਲ ਕੇ ਮੁਸਲਮਾਨਾਂ ਨੂੰ ਲੁੱਟਦੇ ਰਹੇ ਓ।" ਫ਼ਜ਼ਲ ਹੱਕ ਨੇ ਠੱਠੇ ਨਾਲ ਕਿਹਾ। ਉਹਦੇ ਚੇਹਰੇ ਉਤੇ ਵਿਅੰਗ ਭਰੀ ਮੁਸਕਰਾਹਟ ਫੈਲੀ ਹੋਈ ਸੀ।

"ਉ ਭਈ, ਲੁਟਣਾ ਲੁਟਾਉਣਾ ਕੀ ਏ ? ਇਹ ਤਾਂ ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ। ਅਸੀਂ ਵੇਲੇ ਕੁਵੇਲੇ ਉਹਨਾਂ ਦੀ ਗ਼ਰਜ਼ ਪੂਰੀ ਕਰ ਦੇਂਦੇ ਆਂ, ਤੇ ਉਹ ਨੇਕ ਇਨਸਾਨ ਘਰ ਆ ਕੇ ਵਾਪਸ ਕਰ ਜਾਂਦੇ ਨੇ। ਕੋਈ ਥੋੜ੍ਹਾ ਬਹੁਤਾ ਨਾਲ ਦੇ ਗਿਆ, ਤਾਂ ਵਾਹਵਾ, ਨਹੀਂ ਤਾਂ ਉਹਦੀ ਮਰਜ਼ੀ। ਪਰ ਭਈ, ਮੈਂ ਵੇਖਿਆ ਏ, ਜਿੰਨਾ ਮੁਸਲਮਾਨ ਵਰਤਣ ਦੇ ਹੱਕ ਵਿੱਚ ਚੰਗਾ ਤੇ ਸਾਫ਼ ਦਿਲ ਏ, ਹੋਰ ਕੋਈ ਨਹੀਂ।" ਧੰਨੇ ਸ਼ਾਹ ਨੇ ਜ਼ਰਾ ਧੌਣ ਅਕੜਾ ਕੇ ਕਿਹਾ, ਜਿਵੇਂ ਉਹਦੇ ਇਹ ਸ਼ਬਦ ਸਾਰੀ ਮੁਸਲਮਾਨ ਕੌਮ ਵਾਸਤੇ ਸਨਦ ਵਜੋਂ ਸੋਨੇ ਵਿੱਚ ਮੜ੍ਹਾ ਕੇ ਰੱਖਣ ਯੋਗ ਹੋਣ।

"ਇਹ ਵਫ਼ਾਦਾਰ ਕੌਮ ਏ, ਸ਼ਾਹ ਜੀ! ਸਾਡੇ ਵਰਗਾ ਲੱਗੀਆਂ-ਨਭੌਣ ਵਾਲਾ ਹੋਰ ਕੋਈ ਨਹੀਂ ਮਿਲੇਗਾ।" ਫ਼ਜ਼ਲ ਹੱਕ ਨੇ ਵੀ ਅੱਗੋਂ ਓਸੇ ਲਹਿਜੇ ਵਿੱਚ ਕਿਹਾ।

ਦੋਵੇਂ ਸ਼ਕਾਰੀ ਆਪੋ ਆਪਣੇ ਪੈਂਤੜੇ ਮੱਲੀ ਖਲੋ ਸਨ। ਹਰ ਇਕ ਦੀ ਆਪੋ ਆਪਣੀ ਗ਼ਰਜ਼ ਸੀ।

"ਇਹ ਗੱਲ ਮੰਨਣ ਵਾਲੀ ਏ। ਏਸ ਵਾਸਤੇ ਮੈਂ ਆਪਣੇ ਮਿੱਤਰ ਚੌਧਰੀ ਇਲਮ ਦੀਨ ਦੀ ਮਦਦ ਕਰਨਾ ਚਾਹੁੰਦਾ ਹਾਂ। ਤੇ ਤੁਹਾਡਾ ਤਾਂ ਇਹ ਮਜ਼੍ਹਬੀ ਫ਼ਰਜ਼ ਹੋਇਆ।" ਕਹਿੰਦਾ-ਕਹਿੰਦਾ ਧੰਨੇ ਸ਼ਾਹ ਰੁਕ ਗਿਆ। ਉਹ ਫ਼ਜ਼ਲ ਹੱਕ ਦੇ ਚਿਹਰੇ 'ਤੇ ਅੱਖਾਂ ਗੱਡੀ ਘੂਰ ਰਿਹਾ ਸੀ, ਜਿਵੇਂ ਆਪਣੀ ਗੱਲ ਦਾ ਉੱਤਰ ਉਡੀਕ ਰਿਹਾ ਹੋਵੇ।

ਫ਼ਜ਼ਲ ਹੱਕ ਨੇ ਅੱਗੋਂ—ਮੂੰਹੋਂ ਕੁਛ ਕਹਿਣ ਦੀ ਥਾਂ—ਸਿਰਫ਼ 'ਹਾਂ' ਵਿੱਚ ਸਿਰ ਹਿਲਾ ਛੱਡਿਆ। ਉਹਦੀ ਮਰਜ਼ੀ ਸੀ ਕਿ ਧੰਨੇ ਸ਼ਾਹ ਆਪਣੇ ਮੂੰਹੋਂ ਸਭ ਕੁਛ ਸਾਫ਼-ਸਾਫ਼ ਕਹੇ।

"ਹੁਣ ਇਕ ਪਾਸਿਓਂ ਤਾਂ ਚੌਧਰੀ ਇਲਮ ਦੀਨ ਨੇ ਨੰਬਰਦਾਰੀ ਵਾਸਤੇ ਦਰਖ਼ਾਸਤ ਦਿੱਤੀ ਹੋਈ ਏ, ਤੇ ਇਕ ਪਾਸਿਓਂ ਸੱਜਣ ਸਿਹੁੰ ਨੇ।" ਇਲਮਦੀਨ ਦੇ ਨਾਂ ਤੋਂ ਪਹਿਲਾਂ 'ਚੌਧਰੀ' ਸ਼ਬਦ ਜੋੜਨਾ ਨਹੀਂ ਸੀ ਭੁੱਲਦਾ ਧੰਨੇ ਸ਼ਾਹ। "ਉਂਞ ਚੌਧਰੀ ਇਲਮਦੀਨ ਦਾ ਇਨਸਾਫ਼ ਵੇਖ ਲੋ। ਉਹਨੇ ਦਰਖ਼ਾਸਤ ਵਿੱਚ ਲਿਖਿਆ ਏ ਕਿ 'ਪਿੰਡ ਵਿੱਚ ਦੋ ਕੌਮਾਂ ਵਸਦੀਆਂ ਨੇ : ਸਿੱਖ ਤੇ ਮੁਸਲਮਾਨ। ਇਕ ਨੰਬਰਦਾਰ ਮੁਸਲਮਾਨ ਬਣਾ ਦਿਹੋ, ਇਕ ਸਿੱਖ।' ਨਿਆਂ ਦੀ ਗੱਲ ਹੋਈ ਨਾ। ਤੇ ਸੱਜਣ ਸਿਹੁੰ ਕਹਿੰਦਾ ਏ, 'ਮੈਂ ਕੱਲੇ ਨੰਬਰਦਾਰ ਬਣਨਾ ਏਂ। ਮੁਸਲਮਾਨਾਂ ਦਾ ਕੋਈ ਹੱਕ ਨਹੀਂ।' ਹੈ ਕਿ ਨਹੀਂ ਨਿਰਾ ਹਿੱਕ ਦਾ ਧੱਕਾ।"

"ਹਾਂ, ਹਾਂ। ਠੀਕ ਆਹੰਦੇ ਓ।" ਫ਼ਜ਼ਲ ਹੱਕ ਨੇ ਐਵੇਂ ਹੁੰਗਾਰਾ ਭਰਨ ਵਜੋਂ ਕਿਹਾ।

"ਫਿਰ ਆਪਾਂ ਤਾਂ ਏਸ ਇਨਸਾਫ਼ ਦੀ ਖ਼ਾਤਰ ਚੌਧਰੀ ਇਲਮ ਦੀਨ ਦੀ ਮਦਦ ਕਰ ਰਹੇ ਆਂ, ਤੇ ਤੁਹਾਡੇ ਵਾਸਤੇ ਇਹ ਮਜ਼੍ਹਬ ਦੀ ਇੱਜ਼ਤ ਦਾ ਸਵਾਲ ਹੈ। ਸੋ ਤੁਹਾਡਾ ਫ਼ਰਜ਼ ਹੈ ਕਿ...।"

"ਸ਼ਾਹ ਜੀ!" ਫ਼ਜ਼ਲ ਹੱਕ ਵਿੱਚੋਂ ਹੀ ਗੱਲ ਟੋਕ ਕੇ ਬੋਲ ਉਠਿਆ, "ਜਿਵੇਂ ਹੁਕਮ ਕਰੋ, ਮੈਂ ਤਾਬਿਆਦਾਰ ਆਂ। ਪਰ ਮੁਸਲਮਲੀਗ ਦੀ ਪਾਲਸੀ ਏਹੋ ਜੇਹੇ ਛੋਟੇ-ਛੋਟੇ ਕੰਮਾਂ ਵਿੱਚ ਉਲਝਣਾ ਨਹੀਂ। ਫਿਰ ਮੈਂ ਕੀ ਕਰ ਸਕਦਾ ਹਾਂ ?" ਉਹ ਜਾਣ ਬੁਝ ਕੇ ਆਪਣੇ ਦਾਅ ਉੱਤੇ ਭਾਰਾ ਪੈ ਰਿਹਾ ਸੀ।

"ਇਉਂ ਨਹੀਂ ਗੱਲ ਬਣਨੀ, ਚੌਧਰੀ ਸਾਹਿਬ ਜੀ! ਮੈਨੂੰ ਤੁਹਾਡੇ ਉੱਤੇ ਬਹੁਤ ਮਾਣ ਹੈ। ਤੇ ਮੈਂ ਚੌਧਰੀ ਇਲਮ ਦੀਨ ਨਾਲ ਵਾਹਦਾ ਕਰ ਬੈਠਾ ਆਂ। ਹਾਹੋ।" ਧੰਨੇ ਸ਼ਾਹ ਨੇ ਡਾਢੇ ਹੰਮੇ ਨਾਲ ਕਿਹਾ, ਜਿਸ ਵਿੱਚ ਅਸਲੀਅਤ ਨਾਲੋਂ ਵਿਖਾਵਾ ਬਹੁਤਾ ਸੀ।

"ਮੈਂ ਤਾਂ ਤੁਹਾਡਾ ਬੱਚਾ ਆਂ ਸ਼ਾਹ ਜੀ! ਪਰ ਮੇਰੇ ਕੀ ਵੱਸ ਏ ? ਅਖ਼ਤਿਆਰ ਤਾਂ ਚੱਲਣਾ ਹੋਇਆ ਵੱਡੇ ਲੀਡਰਾਂ ਦਾ। ਨਾਲੇ ਇਹ ਕੰਮ ਹੋਇਆ ਪੈਸਿਆਂ ਦਾ। ਤੇ ਮੇਰੀ ਹਾਲਤ ਤਾਂ ਆਪ ਜਾਣਦੇ ਈ ਓ।" ਫ਼ਜ਼ਲ ਹੱਕ ਅਸਲੀ ਗੱਲ ਵੱਲ ਆ ਗਿਆ।

"ਚੋਧਰੀ ਸਾਹਿਬ! ਧੰਨੇ ਸ਼ਾਹ ਦੀ ਧੌਣ ਹਾਜ਼ਰ ਏ। ਅਸਾਂ ਤਾਂ ਇਕ ਗੱਲ ਪੁਜਾਉਣੀ ਏਂ। ਸੁਣੋ।"

ਤੇ ਪਿੱਛੋਂ ਚੋਖਾ ਚਿਰ ਦੋਹਾਂ ਵਿੱਚ ਕੁਛ ਗੁਪਤ ਗੱਲਾਂ ਹੁੰਦੀਆਂ ਰਹੀਆਂ।

ਦੋ ਘੰਟੇ ਪਿੱਛੋਂ ਫ਼ਜ਼ਲ ਹੱਕ ਧੰਨੇ ਸ਼ਾਹ ਕੋਲੋਂ ਵਿਦਿਆ ਹੋਇਆ। ਸੱਜੇ ਹੱਥ ਨਾਲ ਉਹ ਪਾਸੇ ਦੀ ਜੇਬ ਨੂੰ ਟੁਹੰਦਾ ਜਾ ਰਿਹਾ ਸੀ, ਭਾਵੇਂ ਉਹਨੂੰ ਉਹ ਰਕਮ ਬਹੁਤ ਥੋੜ੍ਹੀ ਜਾਪਦੀ ਸੀ।

ਚੌਥੇ ਦਿਨ ਪਿੱਛੋਂ ਕਸੂਰ ਦੀ ਮੁਸਲਮਲੀਗ ਵੱਲੋਂ ਉਰਦੂ ਵਿੱਚ ਇਕ ਇਸ਼ਤਿਹਾਰ ਨਿਕਲਿਆ :

"ਪੀਰੂਵਾਲਾ ਕੇ ਮੁਸਲਮਾਨੋਂ ਕੀ ਹੱਕ ਤਲਫ਼ੀ

"ਬੇ-ਇਨਸਾਫ਼ੀ ਔਰ ਸੀਨਾ-ਜ਼ੋਰੀ

"ਪੀਰੂਵਾਲਾ ਮੁਸਲਮ-ਅਕਸਰੀਅਤ ਕਾ ਗਾਉਂ ਹੈ। ਕਿਸੀ ਜ਼ਮਾਨੇ ਮੇਂ ਵੁਹ ਮੁਸਲਮਾਨ ਪੀਰ ਹਜ਼ਰਤ 'ਜ਼ਾਹਿਰ ਸ਼ਾਹ' ਨੇ ਆਬਾਦ ਕੀਆ ਥਾ। ਪੀਰ ਕੇ ਮਕਬਰੇ ਕੇ ਨਸ਼ਾਨਾਤ ਅਭੀ ਤਕ ਰੋਹੀ ਕੇ ਕਨਾਰੇ ਪਰ ਮੌਜੂਦ ਹੈਂ। ਸਿੱਖੋਂ ਕੇ ਯਕਤਰਫ਼ਾ ਰਾਜ ਕੇ ਜ਼ਮਾਨੇ ਮੇਂ ਕੁਛ ਸਿੱਖ ਭੀ ਗਾਉਂ ਮਜ਼ਕੂਰ ਮੇਂ ਆਬਾਦ ਹੋ ਗਏ। ਉਨ੍ਹੋਂ ਨੇ ਹਕੂਮਤ ਕੇ ਜ਼ੋਰ ਪਰ ਮੁਸਲਮਾਨੋਂ ਕੀ ਨਿਸਫ਼ ਜ਼ਮੀਨ ਛੀਨ ਕਰ ਅਪਨੇ ਕਬਜ਼ਾ ਮੇਂ ਕਰ ਲੀ। ਯਿਹ ਸਾਬਤ ਕਰਨੇ ਕੇ ਲੀਏ ਕਿ ਵੁਹ ਗਾਉਂ ਕੇ ਸਹੀ ਆਬਾਦਕਾਰ ਹੈ, ਉਨ੍ਹੋਂ ਨੇ ਪੀਰ ਕਾ ਮਕਬਰਾ ਗਿਰਾ ਕਰ ਅਪਨੇ ਬਜ਼ੁਰਗ ਕੀ ਸਮਾਧੀ ਮਸ਼ਹੂਰ ਕਰ ਦੀ। ਅਬ ਵੁਹ ਉਸ ਜਗ੍ਹਾ ਕੋ 'ਜਠੇਰੇ' ਕਹਿ ਕਰ ਉਸ ਕੀ ਪੂਜਾ ਕਰਤੇ ਹੈਂ। ਪੂਜਾ ਕਿਆ ਕਰਤੇ ਹੈਂ, ਪੀਰ ਕੇ ਮਕਬਰੇ ਪਰ ਬੱਕਰੇ ਝਟਕਾਤੇ ਹੈਂ। ਕਿਆ ਇਸ ਮਕਰੂਹ ਕਾਮ ਸੇ ਹਜ਼ਰਤ ਪੀਰ ਜ਼ਾਹਿਰ ਸ਼ਾਹ ਕੀ ਰੂਹ ਤੜਪਤੀ ਨਹੀਂ ਹੋਗੀ ? ਔਰ ਕਿਆ ਇਸ ਧੱਕੇ-ਸ਼ਾਹੀ ਕੋ ਇਸਲਾਮ ਪਰ ਹਮਲਾ ਸਮਝਨੇ ਮੇਂ ਹਮ ਹੱਕ-ਬਜਾਨਬ ਨਹੀਂ ਹੈਂ ?

"ਔਰ ਸੁਨੀਏ। ਅੰਗਰੇਜ਼ੋਂ ਨੇ ਸਿੱਖੋਂ ਕੋ ਖ਼ੁਸ਼ ਕਰਨੇ ਕੇ ਲੀਏ, ਗਾਉਂ ਮਜ਼ਕੂਰ ਕਾ ਨੰਬਰਦਾਰ ਏਕ ਸਿੱਖ ਕੋ ਬਨਾ ਰੱਖਾ ਥਾ। ਕੁਛ ਅਰਸਾ ਹੂਆ, ਵੁਹ ਨੰਬਰਦਾਰ ਫ਼ੌਤ ਹੋ ਚੁੱਕਾ ਹੈ। ਅਬ ਨੰਬਰਦਾਰੀ ਕੇ ਲੀਏ ਦੋ ਉਮੀਦਵਾਰ ਅਦਾਲਤ ਮੇਂ ਹੈਂ। ਏਕ ਤੋ ਸੱਜਨ ਸਿੰਘ ਨਾਮੇ ਸਿੱਖ ਹੈ, ਔਰ ਏਕ ਗਾਉਂ ਕਾ ਬਾ-ਵਕਾਰ ਆਦਮੀ ਚੌਧਰੀ ਇਲਮ ਦੀਨ। ਚੌਧਰੀ ਇਲਮ ਦੀਨ ਕਾ ਮੁਤਾਲਬਾ ਬੜਾ ਵਾਜਬ ਔਰ ਇਨਸਾਫ਼

ਪਰ ਮਬਨੀ ਹੈ। ਵੁਹ ਕਹਿਤਾ ਹੈ ਕਿ ਗਾਉਂ ਮੇਂ ਦੋ ਕੌਮੇਂ ਆਬਾਦ ਹੈਂ। ਇਸ ਲੀਏ ਏਕ ਨੰਬਰਦਾਰ ਸਿੱਖ ਔਰ ਏਕ ਮੁਸਲਮਾਨ ਬਨਾ ਦੀਆ ਜਾਏ। ਇਸ ਤਰਹਿ ਦੋਨੋਂ ਮਜ਼ਬੋਂ ਕੋ ਬਰਾਬਰ ਕੀ ਨੁਮਾਇੰਦਗੀ ਮਿਲ ਜਾਏਗੀ।

"ਮਗਰ ਦੂਸਰੇ ਫ਼ਰੀਕ ਸੱਜਨ ਸਿੰਘ ਕਾ ਮੁਤਾਲਬਾ ਨਾ-ਵਾਜਬ ਔਰ ਵਾਹਯਾਤ ਹੈ। ਵੁਹ ਕਹਿਤਾ ਹੈ ਕਿ ਨੰਬਰਦਾਰੀ ਪਰ ਸਿਰਫ਼ ਉਸੀ ਕਾ ਹੱਕ ਹੈ, ਕਿਉਂਕਿ ਸਾਬਕਾ ਨੰਬਰਦਾਰ ਸਿੱਖ ਥਾ।

"ਹਮ ਸਰਕਾਰ ਕੋ ਵਾਜ਼ਿਹ ਕਰ ਦੇਨਾ ਚਾਹਤੇ ਹੈਂ ਕਿ ਮੁਕੱਦਮੇ ਕਾ ਫ਼ੈਸਲਾ ਸੋਚ ਸਮਝ ਕਰ ਕੀਆ ਜਾਏ। ਹਮ ਮਾਨਤੇ ਹੈਂ ਕਿ ਮੌਜ਼ਾ ਪੀਰੂਵਾਲਾ ਕੀ ਨੰਬਰਦਾਰੀ ਪਰ ਸਿੱਖੋਂ ਕਾ ਕੋਈ ਹੱਕ ਨਹੀਂ। ਕਿਉਂਕਿ ਗਾਉਂ ਮੇਂ ਮੁਸਲਮਾਨੋਂ ਕੀ ਅਕਸਰੀਅਤ ਹੈ। ਮਗਰ ਮੁਸਲਮਲੀਗ ਕੀ ਪਾਲਿਸੀ ਅਕਲੀਅਤੋਂ ਸੇ ਰਵਾਦਾਰੀ ਕਾ ਸਲੂਕ ਕਰਨੇ ਕੀ ਹੈ, ਇਸ ਲੀਏ ਹਮ ਮਨਜ਼ੂਰ ਕਰ ਲੇਂਗੇ ਕਿ ਗਾਉਂ ਕਾ ਏਕ ਨੰਬਰਦਾਰ ਸਿੱਖ ਔਰ ਏਕ ਮੁਸਲਮਾਨ ਬਨਾ ਦੀਆ ਜਾਏ। ਅਗਰ ਕਿਸੀ ਭੀ ਅਦਾਲਤ ਨੇ ਹਮਾਰੀ ਨੇਕ ਸਲਾਹ ਕੇ ਖ਼ਿਲਾਫ਼ ਫ਼ੈਸਲਾ ਦੇ ਦੀਆ, ਤੋ ਹਮ ਉਸ ਫ਼ੈਸਲੇ ਕੇ ਬਰਖ਼ਿਲਾਫ਼ ਐਜੀਟੇਸ਼ਨ ਕਰਨੇ ਪਰ ਮਜਬੂਰ ਹੋਂਗੇ। ਮੁਸਲਮਲੀਗ ਇਸ ਮਸਲੇ ਕੋ ਅਪਨੇ ਹਾਥ ਮੇਂ ਲੇ ਲੇਂਗੀ। ਔਰ ਯਾਦ ਰੱਖੀਏ, ਹਿੰਦੁਸਤਾਨ ਕੇ ਨੌ ਕਰੋੜ ਮੁਸਲਮਾਨ ਇਸ ਬੇ-ਇਨਸਾਫ਼ੀ ਕੇ ਖ਼ਿਲਾਫ਼ ਲੜਨੇ ਕੇ ਲਿਏ ਤਿਆਰ ਹੋਂਗੇ।"

ਇਸ਼ਤਿਹਾਰ ਦੇ ਹੇਠਾਂ ਸੈਕਟਰੀ ਮੁਸਲਮਲੀਗ ਕਸੂਰ ਦੇ ਦਸਤਖ਼ਤ ਸਨ। ਇਸ਼ਤਿਹਾਰ ਸ਼ਹਿਰ ਕਸੂਰ ਤੇ ਪੀਰੂਵਾਲੇ ਪਿੰਡ ਦੀਆਂ ਕੰਧਾਂ ਉੱਤੇ ਲਾਇਆ ਗਿਆ।

ਇਸ਼ਤਿਹਾਰ ਦੀ ਭੜਕਾਊ ਬੋਲੀ ਨੇ ਅੰਧ-ਵਿਸ਼ਵਾਸੀ ਲੋਕਾਂ ਉਤੇ ਕਾਫ਼ੀ ਅਸਰ ਕੀਤਾ। ਉਤੋਂ ਅਗਲੇ ਸ਼ੁਕਰਵਾਰ ਫ਼ਜ਼ਲ ਹੱਕ ਸ਼ਹਿਰ ਦੇ ਇਕ ਮੌਲਵੀ ਨੂੰ ਨਾਲ ਲੈ ਕੇ ਪੀਰੂਵਾਲੇ ਆ ਧਮਕਿਆ। ਉਸ ਰਾਤ ਪਿੰਡ ਦੇ ਅੱਸੀ ਫ਼ੀ ਸਦੀ ਮੁਸਲਮਾਨ ਮਰਦ ਮਸੀਤ ਵਿੱਚ ਇਕੱਠੇ ਹੋਏ। ਪਹਿਲਾਂ ਫ਼ਜ਼ਲ ਹੱਕ ਨੇ ਸਭ ਨੂੰ ਇਸ਼ਤਿਹਾਰ ਪੜ੍ਹ ਕੇ ਸੁਣਾਇਆ। ਫਿਰ ਉਹਨੇ ਉਸ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਉਹਨਾਂ ਸਾਹਮਣੇ ਸਿਰਫ਼ ਇਕ ਪਿੰਡ ਦੀ ਨੰਬਰਦਾਰੀ ਦਾ ਹੀ ਸਵਾਲ ਨਹੀਂ, ਸਗੋਂ ਪਾਕਸਤਾਨ ਬਣਨ ਵੇਲੇ ਫ਼ੈਸਲਾ ਏਸੇ ਗੱਲ 'ਤੇ ਹੋਣਾ ਹੈ ਕਿ ਇਸ ਇਲਾਕੇ ਵਿੱਚ ਮੁਸਲਮਾਨ ਨੰਬਰਦਾਰ ਕਿੰਨੇ ਹਨ ਤੇ ਗ਼ੈਰ-ਮੁਸਲਮਾਨ ਕਿੰਨੇ। ਫਿਰ ਉਹਨੇ ਕਿਹਾ ਕਿ ਚੌਧਰੀ ਇਲਮ ਦੀਨ ਦੀ ਨੰਬਰਦਾਰੀ ਦੀ ਦਰਖ਼ਾਸਤ ਸਾਰੀ ਦੁਨੀਆਂ ਦੇ ਮੁਸਲਮਾਨਾਂ ਦੀ ਇੱਜ਼ਤ ਦਾ ਸਵਾਲ ਬਣ ਗਈ ਹੈ।

ਫਿਰ ਉੱਠਿਆ ਮੌਲਵੀ ਸੈਫ਼ੁੱਦੀਨ। ਉਹਦੀ ਤਕਰੀਰ ਪਹਿਲੇ ਨਾਲੋਂ ਵੀ ਵਧੇਰੇ ਭੜਕਾਊ ਤੇ ਜ਼ਹਿਰੀਲੀ ਸੀ। ਉਹਨੇ ਮੁਸਲਮਾਨ ਪੈਗ਼ੰਬਰਾਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵਾਸਤੇ ਪਾ ਕੇ ਕਿਹਾ, "....ਦੇਖੋ ਮੁਸਲਮਾਨ ਮੁਜਾਹਿਦੋ! ਆਪ ਕੇ

ਬਜ਼ੁਰਗੋਂ ਨੇ ਹਜ਼ਾਰ-ਹਾ ਕੁਰਬਾਨੀਆਂ ਕਰਕੇ ਇਸ ਮੁਲਕ ਮੇਂ ਮੁਸਲਮ ਹਕੂਮਤ ਕਾਇਮ ਕੀ ਥੀ। ਬਦ-ਕਿਸਮਤੀ ਸੇ ਹਮਾਰੇ ਨੁਮਾਇੰਦੋਂ ਮੇਂ ਫੂਟ ਪੜ ਗਈ। ਔਰ ਸਿੱਖੋਂ ਨੇ ਧੋਖੇ ਸੇ ਹਮਾਰਾ ਰਾਜ ਛੀਨ ਲੀਆ। ਉਸ ਕੇ ਬਾਅਦ ਅੰਗਰੇਜ਼ ਆਏ। ਉਨ੍ਹੋਂ ਨੇ ਭੀ ਸਿੱਖੋਂ ਕੀ ਮਦਦ ਕੀ ਔਰ ਹਮਾਰੇ ਹਕੂਕ ਕੋ ਨਜ਼ਰ-ਅੰਦਾਜ਼ ਕੀਏ ਰਖਾ। ਅਬ ਅੰਗਰੇਜ਼ ਜਾਨੇ ਵਾਲੇ ਹੈਂ। ਤੋ ਸਵਾਲ ਪੈਦਾ ਹੋਤਾ ਹੈ, ਅੰਗਰੇਜ਼ੋਂ ਕੇ ਜਾਨੇ ਕੇ ਬਾਅਦ ਇਸ ਮੁਲਕ ਮੇਂ ਹਿੰਦੂਓਂ ਸਿੱਖੋਂ ਕਾ ਰਾਜ ਹੋ ਯਾ ਮੁਸਲਮਾਨੋਂ ਕਾ? ਹਮਾਰਾ ਮੁਤਾਲਬਾ ਹੈ ਕਿ ਜਿਨ ਸੂਬੋਂ ਮੇਂ ਮੁਸਲਮਾਨੋਂ ਕੀ ਅਕਸਰੀਅਤ ਹੈ, ਵਹਾਂ ਮੁਸਲਮਾਨੋਂ ਕੀ ਹਕੂਮਤ ਹੋ। ਇਸ ਗਾਉਂ ਕੀ ਨੰਬਰਦਾਰੀ ਕੋ ਮੁਸਲਮ-ਹਕੂਮਤ ਕੀ ਬੁਨਯਾਦ ਸਮਝੀਏ। ਯਹਾਂ ਹਮਾਰੀ ਅਕਸਰੀਅਤ ਹੈ। ਇਸ ਗਾਉਂ ਕਾ ਨੰਬਰਦਾਰ ਮੁਸਲਮਾਨ ਹੋਨਾ ਚਾਹੀਏ। ਹਜ਼ਰਤ ਸਾਹਿਬ ਸ਼ਰ੍ਹਾ ਮੇਂ ਫ਼ੁਰਮਾਤੇ ਹੈਂ, ਜੋ ਮੁਸਲਮਾਨ ਹੋ ਕਰ ਮੁਸਲਮਾਨੋਂ ਕੇ ਹਕੂਕ ਕੇ ਲੀਏ ਨਹੀਂ ਲੜਤਾ, ਵੁਹ ਮੁਸਲਮਾਨ ਨਹੀਂ। ਯਾਦ ਰਖੀਏ, ਅਗਰ ਆਪ ਨੇ ਇਸ ਸਵਾਬ ਕੇ ਕਾਮ ਮੇਂ ਚੌਧਰੀ ਇਲਮ ਦੀਨ ਕੀ ਮਦਦ ਨਾ ਕੀ, ਤੋ ਖ਼ੁਦਾ ਕੇ ਘਰ ਸੇ ਤੁਮ੍ਹੇਂ ਕਾਫ਼ਰ ਹੋਨੇ ਕਾ ਫ਼ਤਵਾ ਦੀਆ ਜਾਏਗਾ।....."

ਹੋਰ ਵੀ ਜਿੰਨਾ ਜ਼ਹਿਰ ਉਸ ਤੋਂ ਉਗਲਿਆ ਗਿਆ, ਉਹਨੇ ਕਸਰ ਨਾ ਛੱਡੀ। ਇਕ ਦਿਨ ਵਿੱਚ ਹੀ ਉਹਨੇ ਸਿੱਖਾਂ ਨਾਲੋਂ ਮੁਸਲਮਾਨਾਂ ਦੇ ਦਿਲ ਦੂਰ ਕਰ ਦਿੱਤੇ।

ਉਸ ਵੇਲੇ ਮੁਸਲਮਲੀਗ ਨੇ ਅਜੇ ਵੱਖਰਾ ਮੁਲਕ ਲੈਣ ਦਾ ਪਾਰਟੀ ਦੇ ਤੌਰ 'ਤੇ ਐਲਾਨ ਨਹੀਂ ਸੀ ਕੀਤਾ, ਪਰ ਮੁਸਲਮਾਨਾਂ ਦੇ ਦਿਲਾਂ ਦਮਾਗਾਂ ਵਿੱਚ ਪਾਕਿਸਤਾਨ ਦਾ ਖ਼ਿਆਲ ਭਰਿਆ ਜਾ ਰਿਹਾ ਸੀ।

ਫ਼ਜ਼ਲ ਹੱਕ ਤੇ ਮੌਲਵੀ ਨੇ ਰਾਤ ਪੀਰੂਵਾਲੇ ਹੀ ਕੱਟੀ। ਅਗਲੇ ਦਿਨ ਉਹ ਇਲਮ ਦੀਨ ਨੂੰ ਨਾਲ ਲੈ ਕੇ ਧੰਨੇ ਸ਼ਾਹ ਦੀ ਆੜ੍ਹਤ 'ਤੇ ਜਾ ਪਹੁੰਚੇ। ਇਸ਼ਤਿਹਾਰਾਂ ਆਦਿ ਦੇ ਖ਼ਰਚ ਵਜੋਂ ਸੌ ਦਾ ਨੋਟ ਫ਼ਜ਼ਲ ਹੱਕ ਦੀ ਜੇਬ ਵਿੱਚ ਚਲਾ ਗਿਆ ਤੇ ਇਲਮ ਦੀਨ ਨੇ ਧੰਨੇ ਸ਼ਾਹ ਦੀ ਵਹੀ ਉੱਤੇ ਅੰਗੂਠਾ ਲਾ ਦਿੱਤਾ।

ਇਲਮ ਦੀਨ ਨਾਲ ਫ਼ਜ਼ਲ ਹੱਕ ਨੇ ਇਕਰਾਰ ਕੀਤਾ ਕਿ ਉਹ ਅਗਲੇ ਜੁੰਮੇਂ ਨੂੰ ਇਕ ਹੋਰ ਮੌਲਵੀ ਤੇ ਮੁਸਲਮਲੀਗ ਦੇ ਆਹਲਾ ਲੀਡਰ ਨੂੰ ਨਾਲ ਲੈ ਕੇ ਆਵੇਗਾ ਤੇ ਪੀਰੂਵਾਲੇ ਦੇ ਸਾਰੇ ਮੁਸਲਮਾਨਾਂ ਦੇ ਅੰਗੂਠੇ ਲੁਆ ਕੇ ਇਕ ਮੇਜਰ ਨਾਵਾਂ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਪਿੰਡ ਵਿੱਚ ਮੁਸਲਮ ਲੀਗੀਆਂ ਦੇ ਦੋ-ਤਿੰਨ ਫੇਰੇ ਵੱਜਣ ਪਿੱਛੋਂ ਅਕਾਲੀਆਂ ਨੂੰ ਪਤਾ ਲੱਗਾ, ਤਾਂ ਉਹ ਵੀ ਜੱਥਾ ਬਣਾ ਕੇ ਸੱਜਣ ਸਿੰਘ ਦੇ ਘਰ ਆ ਧਮਕੇ। ਇਲਾਕੇ ਦੇ ਦਸ-ਬਾਰਾਂ ਅਕਾਲੀ ਦਿਨ ਛਿਪਦੇ ਨਾਲ ਸੱਜਣ ਸਿੰਘ ਦੇ ਘਰ ਆਏ। ਸੱਜਣ ਸਿੰਘ ਨੂੰ ਨਾ ਉਹਨਾਂ ਦੇ ਆਉਣ ਦੀ ਖ਼ਬਰ ਸੀ, ਨਾ ਆਸ ਤੇ ਲੋੜ। ਉਹ

ਬਿਨ ਬੁਲਾਏ ਮਹਿਮਾਨ ਫ਼ਤਹਿ ਬੁਲਾ ਕੇ ਮੰਜਿਆਂ 'ਤੇ ਆਣ ਸਜੇ।

"ਆਉ ਜਥੇਦਾਰ ਜੀ! ਕਿਵੇਂ ਦਰਸ਼ਨ ਦਿੱਤੇ ਨੇ।" ਸੱਜਣ ਸਿੰਘ ਨੇ ਫ਼ਤਹਿ ਬੁਲਾਉਣ ਪਿੱਛੋਂ ਭੂਰਿਆਂ ਵਾਲੇ ਬੁੱਢੇ ਅਕਾਲੀ ਸੁੰਦਰ ਸਿੰਘ ਨਾਲ ਹੱਥ ਮਿਲਾਉਂਦਿਆਂ ਪੁੱਛਿਆ।

"ਉਇ, ਤੂੰ ਪੁੱਛਦਾ ਏਂ, ਕਿਵੇਂ ਦਰਸ਼ਨ ਦਿੱਤੇ ਨੇ ?" ਸੁੰਦਰ ਸਿੰਘ ਨੇ ਮੱਥੇ 'ਤੇ ਤਿਊੜੀ ਪਾ ਕੇ ਕਿਹਾ, "ਅਸੀਂ ਤੇਰੇ ਥਾਂ ਸਿਰ ਦੇਣ ਲਈ ਤਿਆਰ ਹੋ ਕੇ ਆਏ ਆਂ, ਤੇ ਤੈਨੂੰ ਸਾਡੇ ਦਰਸ਼ਨਾਂ ਦਾ ਈ ਪਤਾ ਨਹੀਂ ? ਓਹਾ ਗੱਲ ਹੋਈ ਨਾ, ਅਖੇ : "ਮੁਦਈ ਸੁਸਤ ਤੇ ਉਗਾਹ ਚੁਸਤ।"

"ਮਿਹਰਬਾਨੀ ਤੁਹਾਡੀ, ਪਰ...।" ਸੱਜਣ ਸਿੰਘ ਨੇ ਹੱਥ ਮਲਦਿਆਂ ਕਿਹਾ। ਉਹ ਆਉਣ ਵਾਲਿਆਂ ਦਾ ਅੱਧ-ਪਚੱਧ ਮਤਲਬ ਸਮਝ ਗਿਆ ਸੀ।

"ਉ, ਮਿਹਰਬਾਨੀ ਕਾਹਦੀ ? ਅਸਾਂ ਕਿਸੇ ਸਿਰ ਸ੍ਹਾਨ ਕਰਨਾ ਏਂ ? ਇਹ ਤਾਂ ਪੰਥ ਦਾ ਕੰਮ ਹੋਇਆ।" ਸੁੰਦਰ ਸਿੰਘ ਨੇ ਬੜੇ ਰੁਹਬ ਪਾਊ ਲਹਿਜੇ ਵਿੱਚ ਕਿਹਾ। "ਤੇ ਉਹ ਜੱਥੇਦਾਰ ਕਰਮ ਸੁੰਹ ਕਿੱਥੇ ਆ, ਬਾਬਾ 'ਕਾਲੀਆ।"

"ਉਹ ਤਾਂ ਹਜ਼ੂਰ ਸੈਹਬ ਯਾਤਰਾ ਵਾਸਤੇ ਗਿਆ ਹੋਇਆ ਏ।" ਸੱਜਣ ਸਿੰਘ ਨੇ ਸਮਝਿਆ ਕਿ ਸ਼ਾਇਦ ਬਾਬੇ ਅਕਾਲੀ ਦੇ ਪਰਾਹੁਣੇ ਸਿਰਫ਼ ਰਾਤ ਕੱਟਣ ਵਾਸਤੇ ਉਹਦੇ ਘਰ ਆ ਗਏ ਹਨ। ਜੋ ਉਹਨੇ ਪਹਿਲਾਂ ਸਮਝਿਆ ਸੀ, ਉਹ ਗ਼ਲਤ ਸੀ।

"ਤਾਹੀਏਂ।" ਸੁੰਦਰ ਸਿੰਘ ਨੇ ਸਿਰ ਹਿਲਾਉਂਦਿਆਂ ਕਿਹਾ। "ਅਸਾਂ ਸੋਚਿਆ, ਬਾਬਾ 'ਕਾਲੀ ਤਾਂ ਐਨੀ ਅਨਗਹਿਲੀ ਕਰਨ ਵਾਲਾ ਨਹੀਂ। ਉਹਨੇ ਝੱਟ ਸਾਨੂੰ ਖ਼ਬਰ ਦੇਣੀ ਸੀ। ਭਾਵੇਂ ਪਿਛਲੇ ਕਾਂਗਰਸ ਦੇ ਮੋਰਚੇ ਵਿੱਚ ਜਾ ਕੇ ਉਹ ਕੁਛ-ਕੁਛ ਢਿੱਲੜ ਜੇਹਾ ਹੋ ਗਿਆ ਏ। ਫਿਰ ਵੀ ਉਹਨੇ ਅਕਾਲੀ ਮੋਰਚੇ ਵਿੱਚ ਬੜੀ ਕੁਰਬਾਨੀ ਕੀਤੀ ਏ। ਪਰ ਤੇਰੀ ਬੇਵਕੂਫ਼ੀ ਬਾਰੇ ਕੀ ਆਖੀਏ ? ਤੂੰ ਸਾਡੇ ਕੋਲ ਬੇਨਤੀ ਕਿਉਂ ਨਾ ਕੀਤੀ। ਇਹ ਤਾਂ ਸਾਨੂੰ ਤੇਰੇ ਮਿੱਤਰ ਧੰਨੇ ਸ਼ਾਹ ਕੋਲੋਂ ਪਤਾ ਲੱਗਾ, ਨਹੀਂ ਤਾਂ ਸਾਡੇ ਸੁੱਤਿਆਂ-ਸੁੱਤਿਆਂ ਈ ਭਾਵੇਂ ....।" ਉਹਦੀ ਸੁਰ ਬਹੁਤ ਤਾੜਨਾ ਭਰੀ ਸੀ।

"ਸੱਚੀ ਗੱਲ ਏ, ਜਥੇਦਾਰਾ! ਮੈਂ ਤੁਹਾਡੀ ਗੱਲ ਪੂਰੀ ਤਰ੍ਹਾਂ ਸਮਝਿਆ ਨਹੀਂ।" ਸੱਜਣ ਸਿੰਘ ਚਾਹੁੰਦਾ ਸੀ, ਕਿਵੇਂ ਇਹ ਬਲਾ ਪਾਸੇ-ਪਾਸੇ ਟਲ ਜਾਏ।

"ਸਾਡੀ ਗੱਲ ਸਮਝਿਆ ਨਹੀਂ ?" ਸੁੰਦਰ ਸਿੰਘ ਨੇ ਗੁੱਸੇ ਨਾਲ ਘੂਰੀ ਵੱਟ ਕੇ ਕਿਹਾ, "ਲੋ, ਸੁਣ ਲੋ ਭਈ ਜਥੇਦਾਰੋ!" ਸਾਰੇ ਜਥੇਦਾਰ ਹੀ ਤਾਂ ਇਕੱਠੇ ਹੋ ਕੇ ਆਏ ਸਨ।

"ਓਹੋ, ਇਹਦੇ ਵਿੱਚ ਗ਼ੁੱਸੇ ਹੋਣ ਵਾਲੀ ਕਿਹੜੀ ਗੱਲ ਏ ? ਮੇਰੇ ਵਰਗੇ ਅਨਪੜ੍ਹ ਤੇ ਅਣਜਾਣ ਬੰਦੇ ਤੋਂ ਗ਼ਲਤੀ ਵੀ ਤਾਂ ਹੋ ਸਕਦੀ ਏ। ਤੁਸੀਂ ਜ਼ਰਾ ਧੀਰਜ

ਨਾਲ ਸਮਝਾ ਦਿਹੋ।" ਸੱਜਣ ਸਿੰਘ ਨੇ ਨਿਰਦੋਸ਼ ਦੋਸ਼ੀ ਵਾਂਗ ਧੀਮੀ ਜੇਹੀ ਸੁਰ ਵਿੱਚ ਕਿਹਾ।

"ਵੇਖ, ਫੇਰ ਓਹਾ ਗੱਲ।" ਸੁੰਦਰ ਸਿੰਘ ਨੇ ਪਹਿਲਾਂ ਨਾਲੋਂ ਵੀ ਉੱਚੀ ਵਾਜ ਵਿੱਚ ਕਿਹਾ। "ਫੇੜ ਸਾਰੇ ਤੇਰੇ ਤੇ ਤੇਰੇ ਯਾਰ ਦੇ, ਤੇ ਸਮਝਾ ਅਸੀਂ ਦੇਈਏ ? ਤੇਰੇ ਮੂਰਖ-ਪੁਣੇ ਨੇ ਸਾਰੇ ਪੰਥ ਨੂੰ ਵਖਤ ਪਾ ਦਿੱਤਾ ਏ। ਉ ਕਮਲਿਆ! ਕਦੇ ਮੁਸਲਮਾਨ ਵੀ ਮਿੱਤਰ ਬਣਿਆਂ ਏਂ ? ਡਿੱਠਾ ਈ, ਇਲਮ ਦੀਨ ਵੱਲੋਂ ਭਰਪਾਅ ਤਰਦਾ ?"

"ਹੱਛਾ, ਉਹ ਲੰਬਰਦਾਰੀ ਦੇ ਝਗੜੇ ਦੀ ਗੱਲ ਕਰਦੇ ਓ।" ਸੱਜਣ ਸਿੰਘ ਨੇ ਐਸਾ ਭਾਵ ਪ੍ਰਗਟ ਕਰਦਿਆਂ ਕਿਹਾ, ਜਿਵੇਂ ਪਹਿਲਾਂ ਉਹ ਸੱਚਮੁੱਚ ਹੀ ਅਸਲੀ ਗੱਲ ਨੂੰ ਨਹੀਂ ਸੀ ਸਮਝਿਆ। "ਉਹ ਤਾਂ ਜਥੇਦਾਰਾ! ਬੜੀ ਮਮੂਲੀ ਗੱਲ ਏ। ਝਗੜਾ ਅਦਾਲਤ ਵਿੱਚ ਏ, ਜੋ ਅਦਾਲਤ ਫ਼ੈਸਲਾ ਕਰੇਗੀ, ਵੇਖੀ ਜਾਏਗੀ।"

"ਵੇਖ ਉਇ, ਐਵੇਂ ਮੈਨੂੰ ਗ਼ੁੱਸਾ ਚੜ੍ਹੌਣ ਡਿਹਾ ਹੋਇਐ। ਅਖੇ : ਮਮੂਲੀ ਗੱਲ ਏ। ਏਸੇ ਤਰ੍ਹਾਂ ਤੇਰੇ ਵਰਗੇ ਪੰਥ ਦੀ ਕੰਡ ਲੁਆ ਦੇਂਦੇ ਨੇ ਨਾ। ਜੇ ਮਮੂਲੀ ਗੱਲ ਸੀ, ਤਾਂ ਮੁਸਲਮਲੀਗੀਏ ਏਥੇ ਦਸ ਵੇਰਾਂ ਕੀ ਲੈਣ ਆਏ ਨੇ ?" ਜਥੇਦਾਰ ਦਾ ਕ੍ਰੋਧ ਜਿਵੇਂ ਬੇ-ਕਾਬੂ ਹੁੰਦਾ ਜਾ ਰਿਹਾ ਸੀ।

"ਉਹ ਤਾਂ ਕੁਛ ਸ਼ਰਾਰਤੀ ਬੰਦਿਆਂ ਦਾ ਕੰਮ ਏਂ, ਜਿਨ੍ਹਾਂ ਨੂੰ ਅੱਗ ਲੌਣ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਤੇ ਆਪਾਂ ਵੀ....।"

"ਮੈਂ ਆਹਨਾਂ, ਇਹਦੀ ਮੱਤ ਨੂੰ ਕੀ ਹੋ ਗਿਆ ਏ ?" ਸੁੰਦਰ ਸਿੰਘ ਨੇ ਸਾਥੀਆਂ ਵੱਲ ਤਕਦਿਆਂ ਕਿਹਾ, "ਆਹ ਐਡਾ ਵੱਡਾ ਇਸ਼ਤਿਹਾਰ ਕਿਸੇ ਮਮੂਲੀ ਸ਼ਰਾਰਤੀ ਬੰਦੇ ਦਾ ਕੰਮ ਏਂ ?" ਸੁੰਦਰ ਸਿੰਘ ਨੇ ਜੇਬ ਵਿੱਚੋਂ ਉਰਦੂ ਦਾ ਇਸ਼ਤਿਹਾਰ ਕੱਢ ਕੇ ਸਾਹਮਣੇ ਖਲਾਰ ਦਿੱਤਾ। "ਇਹ ਮੁਸਲਮਲੀਗ ਦੀ ਗਿਣੀ ਮਿਥੀ ਸਾਜ਼ਸ਼ ਏ। ਉਹ ਸਾਡੀਆਂ ਜੱਦੀ ਲੰਬਰਦਾਰੀਆਂ ਤੇ ਸਫੈਦਪੋਸ਼ੀਆਂ 'ਤੇ ਕਬਜ਼ਾ ਕਰਕੇ ਇਹ ਸਾਬਤ ਕਰਨਾ ਚੌਹੁੰਦੀ ਏ ਕਿ ਪੰਜਾਬ ਵਿੱਚ ਉਹਨਾਂ ਦੀ ਬਹੁ-ਗਿਣਤੀ ਏ ਤੇ ਪੰਜਾਬ ਮੁਸਲਮਾਨਾਂ ਨੂੰ ਮਿਲਣਾ ਚਾਹੀਦਾ ਏ। ਤੇ ਅਸਾਂ ਵੀ ਅੱਗੋਂ 'ਆਜ਼ਾਦ ਪੰਜਾਬ' ਦੀ ਸਕੀਮ ਬਣਾ ਲਈ ਏ। ਅੰਗਰੇਜ਼ਾਂ ਨੇ...।"

"ਦੀਪੋ, ਚਾਹ ਧਰ ਦਿਹੋ, ਜਥੇਦਾਰਾਂ ਵਾਸਤੇ।" ਕਿਸੇ ਬਹਾਨੇ ਵੀ ਮੁਸੀਬਤ ਨਾ ਟਲਦੀ ਵੇਖ ਕੇ, ਸੱਜਣ ਸਿੰਘ ਨੇ ਘਰ ਹੁਕਮ ਦੇ ਦਿੱਤਾ, "ਰੋਟੀ ਬਣਦਿਆਂ ਤਾਂ ਅਜੇ ਡੇਰ ਲੱਗ ਜਾਏਗੀ।"

"ਮੈਂ ਤਾਂ ਚਾਹ ਨਹੀਂ ਪੀਣੀ। ਰੋਟੀ ਪਿੱਛੋਂ ਦੁੱਧ ਦਾ ਗਲਾਸ ਜ਼ਰੂਰ ਚਾਹੀਦਾ ਏ, ਦਵਾਈ ਖਾਣੀ ਏਂ ਸੌਣ ਲੱਗਿਆਂ।" ਰਾਮ ਸਿੰਘ ਨੇ ਆਪਣਾ ਪ੍ਰੋਗਰਾਮ ਦੱਸ ਦਿੱਤਾ। ਉਹ ਕਿਤੇ ਵੀ ਜਾਵੇ, ਆਪਣੇ ਖਾਣ-ਪੀਣ ਦੇ ਮਸਲੇ ਵਿੱਚ ਬੜਾ ਚੇਤੰਨ ਰਿਹਾ ਕਰਦਾ ਸੀ।

"ਰਾਮ ਸਿਹਾਂ, ਕਿਉਂ ਫ਼ਿਕਰ ਪੈ ਗਿਆ ਤੈਨੂੰ ਅਗੇਤਰਾ ਈ। ਕਿਸੇ ਭੁੱਖੇ ਨੰਗੇ ਘਰ ਨਹੀਂ ਬੈਠੇ ਹੋਏ ਤੁਸੀਂ। ਚਾਹ ਵੀ ਪੀ ਲੌ ਤੇ ਰੋਟੀ ਪਿੱਛੋਂ ਦੁੱਧ ਵੀ ਮਿਲ ਜਾਏਗਾ ਸਾਰਿਆਂ ਨੂੰ।" ਸੁੰਦਰ ਸਿੰਘ ਨੂੰ ਖ਼ਤਰਾ ਪੈ ਗਿਆ ਸੀ ਕਿ ਸੱਜਣ ਸਿੰਘ ਕਿਤੇ ਇਕੋ ਆਦਮੀ ਜੋਗਾ ਹੀ ਦੁੱਧ ਦਾ ਪ੍ਰਬੰਧ ਨਾ ਕਰਦਾ ਹੋਵੇ। "ਪਹਿਲਾਂ ਐਧਰ ਧਿਆਨ ਦਿਹੋ। ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸੂੰਹ ਤੋਂ ਪੰਜਾਬ ਅਮਾਨਤ ਵਜੋਂ ਲਿਆ ਸੀ। ਹੁਣ ਸਾਡੀ ਮੰਗ ਏ ਕਿ ਉਹ ਜਾਂਦੇ ਹੋਏ ਸਾਡਾ ਪੰਜਾਬ ਸਾਨੂੰ ਦੇ ਜਾਣ। ਸੋ, ਪੰਥ ਨੇ ਫ਼ੈਸਲਾ ਕਰ ਲਿਆ ਏ ਕਿ ਮੁਸਲਮਲੀਗ ਨੂੰ ਹਰ ਗੱਲ ਦਾ ਜਵਾਬ ਇੱਟ ਦੀ ਥਾਂ ਪੱਥਰ ਨਾਲ ਦੇਣਾ ਏਂ।" ਆਪਣੀ ਚੌਂਹ ਬੰਦਿਆਂ ਦੀ ਸਲਾਹ ਨੂੰ ਹੀ ਉਹ ਸਾਰੇ ਪੰਥ ਦਾ ਫ਼ੈਸਲਾ ਆਖੀ ਜਾ ਰਿਹਾ ਸੀ। "ਐਧਰ ਵੇਖੋ।"

ਉਹਨੇ ਇਕ ਹੋਰ ਪੰਜਾਬੀ ਦਾ ਇਸ਼ਤਿਹਾਰ ਸਾਹਮਣੇ ਧਰ ਦਿੱਤਾ। ਉਹ ਪਹਿਲੇ ਉਰਦੂ ਦੇ ਇਸ਼ਤਿਹਾਰ ਨਾਲੋਂ ਆਕਾਰ ਵਿੱਚ ਛੋਟਾ ਸੀ।

"ਅਸਾਂ ਅਗਲੇ ਮਹੀਨੇ ਦੀ ਪਹਿਲੀ ਦੂੱਜੀ ਨੂੰ ਏਥੇ ਅਕਾਲੀ ਕਾਨਫ਼ਰੰਸ ਰੱਖ ਦਿੱਤੀ ਏ। ਮੁਸਲਮਲੀਗ ਨਾਲੋਂ ਸਾਡੇ ਬਹੁਤੇ ਲੀਡਰ ਏਥੇ ਕੱਠੇ ਹੋਣਗੇ।" ਸੁੰਦਰ ਸਿੰਘ ਨੇ ਆਪਣੀ ਜੁੰਡਲੀ—ਜਾਂ ਜਿਵੇਂ ਉਹ ਆਹੰਦਾ ਹੁੰਦਾ ਸੀ, ਸਾਰ ਪੰਥ—ਦਾ ਹੁਕਮ ਸੁਣਾ ਦਿੱਤਾ।

"ਜਥੇਦਾਰਾ! ਏਡੇ ਵੱਡੇ ਕੰਮ ਬਾਰੇ ਤਾਂ ਸਾਰੇ ਪਿੰਡ ਨਾਲ ਸਲਾਹ ਕਰਨੀ ਪਵੇਗੀ ਪਹਿਲਾਂ।" ਜਥੇਦਾਰ ਦਾ ਪ੍ਰੋਗਰਾਮ ਸੁਣ ਕੇ ਸੱਜਣ ਸਿੰਘ ਘਬਰਾ ਗਿਆ ਸੀ।

"ਅਸਾਂ ਸਲਾਹ ਕੀਹਥੋਂ ਲੈਣੀ ਹੋਈ। ਇਹ ਪੰਥ ਦਾ ਕੰਮ ਏਂ। ਤੇ ਸਾਰੇ ਪਿੰਡ ਨੂੰ ਪੰਥ ਦਾ ਹੁਕਮ ਮੰਨਣਾ ਪਵੇਗਾ। ਏਥੇ ਕਾਨਫ਼ਰੰਸ ਹੋਵੇਗੀ।" ਸੁੰਦਰ ਸਿੰਘ ਨੇ ਗੋਡੇ 'ਤੇ ਹੱਥ ਮਾਰ ਕੇ ਕਿਹਾ, "ਜਿਹੜੀ ਗੱਲੋਂ ਤੂੰ ਡਰਦਾ ਏਂ, ਖ਼ਰਚ ਵਾਸਤੇ ਇਲਾਕੇ ਵਿੱਚੋਂ ਉਗਰਾਹੀ ਕੀਤੀ ਜਾਵੇਗੀ। ਤੇ ਤੁਸੀਂ ਪਿੰਡ ਵਾਲੇ ਆਏ ਦਸਾਂ ਬੰਦਿਆਂ ਨੂੰ ਰੋਟੀਆਂ ਖੁਐਣ ਜੋਗੇ ਵੀ ਨਹੀਂ ? ਅਸੀਂ ਮੁਸਲਮਲੀਗੀਆਂ ਨੂੰ ਦੱਸ ਦਿਆਂਗੇ ਕਿ ਗੁਰੂ ਮਹਾਰਾਜ ਦਾ ਪੰਥ ਕੀ ਚੀਜ਼ ਹੈ ? ਲੋੜ ਪਈ 'ਤੇ ਏਥੇ ਜੈਤੋ ਵਾਂਗ ਮੋਰਚਾ ਲਾ ਦਿੱਤਾ ਜਾਵੇਗਾ।" ਸੁੰਦਰ ਸਿੰਘ ਨੇ ਸਾਰੀਆਂ ਗੱਲਾਂ ਦਾ ਆਪ ਹੀ ਫ਼ੈਸਲਾ ਦੇ ਦਿੱਤਾ।

ਦਸ ਕੁ ਸਾਲ ਪਹਿਲਾਂ ਸੁੰਦਰ ਸਿੰਘ ਅਕਾਲੀ ਜਥਾ ਜ਼ਿਲ੍ਹਾ ਲਾਹੌਰ ਦਾ ਜਥੇਦਾਰ ਰਿਹਾ ਸੀ ਤੇ ਰਾਮ ਸਿੰਘ ਮੀਤ ਜਥੇਦਾਰ। ਉਸ ਤੋਂ ਪਿੱਛੋਂ ਅਕਾਲੀ ਦਲ ਦੀ ਚੋਣ ਹੁੰਦੀ ਰਹੀ ਤੇ ਇਲਾਕੇ ਦੇ ਜਥੇਦਾਰ ਬਦਲਦੇ ਰਹੇ। ਸੁੰਦਰ ਸਿੰਘ ਦੀ ਫੇਰ ਕਦੇ ਵਾਰੀ ਨਹੀਂ ਸੀ ਆਈ ਜੱਥੇਦਾਰ ਬਣਨ ਦੀ। ਪਰ ਉਹ ਇਕ ਵਾਰ ਜੁ ਜਥੇਦਾਰ ਰਹਿ ਚੁੱਕਾ ਸੀ। ਇਸ ਵਾਸਤੇ ਉਹ ਆਪਣੇ ਆਪ ਨੂੰ ਸਾਰੀ ਉਮਰ ਵਾਸਤੇ ਜਥੇਦਾਰ ਸਮਝ ਬੈਠਾ ਸੀ। ਹਾਂ, ਇਕ ਗੁਰ ਉਹਨੂੰ ਚੰਗਾ ਹੱਥ ਆ ਗਿਆ ਸੀ। ਜੋ ਕੰਮ ਵੀ ਉਹਨੇ ਕਰਨਾ ਹੁੰਦਾ, ਉਹ ਬੜਾ ਜ਼ੋਰ ਦੇ ਕੇ ਕਹਿੰਦਾ, 'ਇਹ ਪੰਥ ਦਾ ਹੁਕਮ ਹੈ।'

ਉਹਨਾਂ ਦਸਾਂ-ਪੰਦਰਾਂ ਆਦਮੀਆਂ ਦਾ ਆਪਣਾ ਹੀ ਇਕ ਪੱਕਾ ਜੱਥਾ ਬਣਿਆ ਹੋਇਆ ਸੀ। ਤੇ ਉਹਾ ਹੀ ਉਹਨਾਂ ਵਾਸਤੇ 'ਪੰਥ' ਸੀ। ਉਹ ਥੋੜ੍ਹਾ ਜਿਹਾ ਕਿਤੇ ਮੌਕਿਆ ਬਣਿਆਂ ਵੇਖਦੇ, ਤਾਂ ਝੱਟ 'ਧਾਰਮਕ ਦੀਵਾਨ, ਜਾਂ ਅਕਾਲੀ ਕਾਨਫ਼ਰੰਸ, ਦਾ ਇਸ਼ਤਿਹਾਰ ਛਾਪ ਕੇ ਪਿੰਡੋਂ-ਪਿੰਡ ਉਗਰਾਹੀ ਕਰਨੀ ਸ਼ੁਰੂ ਕਰ ਦੇਂਦੇ। ਏਸੇ ਕੰਮੋਂ ਕੋਈ ਵਾਰ ਉਹਨਾਂ ਨੂੰ ਅਕਾਲੀ ਦਲ ਤੇ ਇਲਾਕੇ ਦੇ ਅਕਾਲੀ ਜੱਥੇ ਦੇ ਅਹੁਦੇਦਾਰਾਂ ਨੇ ਵਰਜਿਆ ਵੀ, ਪਰ ਉਹ ਕਿਸੇ ਦੀ ਪਰਵਾਹ ਨਾ ਕਰਦੇ। ਸਗੋਂ ਕੋਈ ਵਾਰ ਉਹ ਅੱਗੋਂ ਬੜੇ ਔਖੇ ਹੋ ਕੇ ਕਹਿੰਦੇ, "ਉਇ ਤੁਸੀਂ ਸਾਨੂੰ ਮੱਤਾਂ ਦੇਣ ਵਾਲੇ ਨਵੇਂ ਜਥੇਦਾਰ ਕਿਥੋਂ ਜੰਮ ਪਏ ਜੇ ? ਅਖੇ : ਕੱਲ੍ਹ ਦੀ ਭੂਤਨੀ ਤੇ ਸਿਵਿਆਂ 'ਚ ਅੱਧ। ਬੀ.ਟੀ. ਦੀਆਂ ਡਾਂਗਾਂ ਖਾਣ ਨੂੰ ਤੇ ਜੇਹਲਾਂ ਕੱਟਣ ਨੂੰ ਅਸੀਂ, ਤੇ ਹੁਣ ਅਕਾਲੀ ਦਲ ਦੇ ਮਾਲਕ ਤੁਸੀਂ ਬਣ ਬੈਠੇ ਓ। ਓਹਾ ਗੱਲ ਹੋਈ ਨਾ, ਅਖੇ : ਖਾਣ-ਪੀਣ ਨੂੰ ਭਾਗਭਰੀ ਤੇ ਧੌਣ ਭਨੌਣ ਨੂੰ ਜੁੰਮਾ। ਅਸਾਂ ਪੰਥ ਵਾਸਤੇ ਕੁਰਬਾਨੀਆਂ ਕੀਤੀਆਂ ਨੇ, ਤੇ ਕਰਦੇ ਰਹਾਂਗੇ। ਅਸੀਂ ਕਿਸੇ ਦੇ ਭਰੋਸੇ 'ਤੇ ਪੰਥ ਦਾ ਕੰਮ ਨਹੀਂ ਛੱਡ ਸਕਦੇ।" ਸੱਚਮੁੱਚ ਹੀ ਉਹ 'ਆਪਣੇ ਪੰਥ' ਦਾ ਭਾਰ ਕਿਸੇ ਨੂੰ ਨਹੀਂ ਸਨ ਸੌਂਪ ਸਕਦੇ।

ਹੈਰਾਨ ਹੋਣ ਵਾਲੀ ਗੱਲ ਨਹੀਂ, ਸ਼ਾਇਦ ਹਰ ਲਹਿਰ ਪਿੱਛੋਂ ਕੁਛ ਏਹੋ ਜੇਹੇ ਬੰਦੇ ਪਿੱਛੇ ਰਹਿ ਜਾਇਆ ਕਰਦੇ ਹਨ। ਉਹਨਾਂ ਦਾ ਆਪਣੀ ਪੁਰਾਣੀ ਜੱਥੇਬੰਦੀ, ਧਰਮ ਜਾਂ ਕੌਮ ਨਾਲ ਕੋਈ ਵਾਸਤਾ ਨਹੀਂ ਹੁੰਦਾ। ਉਹਨਾਂ ਆਪਣੇ ਵਾਸਤੇ ਆਪਣੇ ਜੀਵਨ ਦਾ ਇਕ ਨਿਸ਼ਚਿਤ ਪ੍ਰੋਗਰਾਮ ਬਣਾ ਲਿਆ ਹੁੰਦਾ ਹੈ।

ਅਕਾਲੀ ਦਲ ਨੇ ਕਦੇ 'ਆਜ਼ਾਦ ਪੰਜਾਬ' ਦੀ ਗੱਲ ਛੇੜੀ ਸੀ। ਉਸ ਦੇ ਅਰਥ ਸਮਝੇ ਬਿਨਾਂ ਹੀ ਸੁੰਦਰ ਸਿੰਘ ਜੁੰਡਲੀ ਨੇ ਸਮਝ ਲਿਆ ਸੀ ਕਿ ਬੱਸ ਅੰਗਰੇਜ਼ਾਂ ਦੇ ਜਾਣ ਪਿੱਛੋਂ ਪੰਜਾਬ ਵਿੱਚ ਫੇਰ ਸਿੱਖਾਂ ਦਾ ਰਾਜ ਹੋਣ ਵਾਲਾ ਹੈ। ਕੋਈ ਵਾਰ ਉਹ ਆਪਸ ਵਿੱਚ ਬੈਠਿਆਂ ਸੋਚਿਆ ਕਰਦੇ, "ਜਥੇਦਾਰ ਜੀ! ਫਿਰ ਸਿੱਖਾਂ ਦਾ ਬਾਦਸ਼ਾਹ ਕਿਹੜਾ ਬਣੇਗਾ, ਤੇ ਵਜ਼ੀਰ ਕੌਣ ?" ਪਰ ਅਫ਼ਸੋਸ, ਕੋਈ ਵਾਰ ਸੋਚਣ 'ਤੇ ਵੀ ਉਹ ਇਕ ਨਾਂ ਉੱਤੇ ਸਹਿਮਤ ਨਾ ਹੋ ਸਕਦੇ।

ਪੀਰੂਵਾਲੇ ਦੀ ਨੰਬਰਦਾਰੀ ਬਾਰੇ ਉਹਨਾਂ ਮੁਸਲਮਲੀਗ ਦਾ ਇਸ਼ਤਿਹਾਰ ਪੜ੍ਹਿਆ, ਤਾਂ ਉਹਨਾਂ ਨੂੰ ਇਕ ਨਵਾਂ ਪ੍ਰੋਗਰਾਮ ਮਿਲ ਗਿਆ। ਉਹਨਾਂ ਝੱਟ ਛੋਟਾ ਜਿਹਾ ਇਸ਼ਤਿਹਾਰ ਛਪਾਇਆ ਤੇ ਸਿੱਧਾ ਪੀਰੂਵਾਲੇ ਉੱਤੇ ਧਾਵਾ ਬੋਲ ਦਿੱਤਾ।

"ਲੌ, ਚਾਹ ਲੈ ਜੋ।" ਭਜਨ ਕੌਰ ਦੀ ਚੌਂਕੇ ਵਿੱਚੋਂ ਵਾਜ ਆਈ। ਅਸਲ ਵਿੱਚ ਉਹਦਾ ਮਨਸ਼ਾ ਸੱਜਣ ਸਿੰਘ ਨੂੰ ਕੋਲ ਬੁਲਾਉਣ ਦਾ ਸੀ, ਨਹੀਂ ਤਾਂ ਚਾਹ ਉਹ ਬਸ਼ਕੇ ਹੱਥ ਵੀ ਭੇਜ ਸਕਦੀ ਸੀ।

ਸੱਜਣ ਸਿੰਘ ਇਸ਼ਾਰਾ ਸਮਝ ਕੇ ਚੌਂਕੇ ਦੀ ਕੰਧ ਕੋਲ ਜਾ ਖਲਾ।

"ਹੁਣ ਏਸ ਧੱਚੜੇ ਵਾਸਤੇ ਰੋਟੀਆਂ ਵੀ ਪੱਕਣੀਆਂ ਨੇ ?" ਭਜਨ ਕੌਰ ਨੇ

ਘਿ੍ਣਾ ਭਰੀ ਸੁਰ ਵਿੱਚ ਕਿਹਾ। ਉਹ ਅਣਸੱਦੇ ਤੇ ਅਣਭਾਉਂਦੇ ਪਰਾਹੁਣਿਆਂ ਦੀ ਸੇਵਾ ਨੂੰ ਬੇਇਨਸਾਫ਼ੀ ਵਾਲੀ ਵੰਗਾਰ ਸਮਝ ਰਹੀ ਸੀ।

"ਉ, ਪਰ ਮੈਂ ਕਿਸੇ ਨੂੰ ਸੱਦਣ ਗਿਆ ਸਾਂ ? ਉਹ ਤਾਂ 'ਸੱਦੀ ਨਾ ਬੁਲਾਈ ਤੇ ਮੈਂ ਮੁੰਡੇ ਦੀ ਤਾਈ' ਵਾਂਗ ਮੱਲੋ-ਮੱਲੀ ਧਰਨਾ ਮਾਰ ਬੈਠੇ ਨੇ। ਹੁਣ ਦੱਸ, ਘਰ ਆਏ ਨੂੰ ਬਾਂਹੋਂ ਫੜ ਕੇ ਤਾਂ ਕੋਈ ਕੱਢਣੋਂ ਰਿਹਾ।" ਸੱਜਣ ਸਿੰਘ ਨੇ ਆਪਣੀ ਨਿਰਦੋਸ਼ਤਾ ਪਰਗਟ ਕਰਦਿਆਂ ਕਿਹਾ।

"ਸਿਆਪਾ। ਅਜੇ ਆਹੰਦੇ ਨੇ ਏਥੇ 'ਕਾਲੀ ਕਾਨਫ਼ਰੰਸ ਕਰਨੀ ਏਂ। ਇਹ ਜਿਹੜੇ ਵਿਹੜੇ ਆ ਵੜੇ ਨੇ, ਕੋਠੇ ਦੀਆਂ ਕੜੀਆਂ ਵਕਾਅ ਕੇ ਈ ਪਿੱਛਾ ਛੱਡਣਗੇ।" ਆਪਣੀ ਸਮਝ ਅਨੁਸਾਰ ਭਜਨ ਕੌਰ ਨੇ ਪੇਸ਼ੀਨਗੋਈ ਕਰਦਿਆਂ ਕਿਹਾ।

"ਸਾਡੀ ਤਾਂ 'ਫਸੀ ਨੂੰ ਫਟਕਣ ਕੇਹਾ' ਵਾਲੀ ਗੱਲ ਬਣ ਗਈ ਏ।" ਕਹਿੰਦਾ ਹੋਇਆ ਸੱਜਣ ਸਿੰਘ ਚਾਹ ਵਾਲੀ ਬਾਲਟੀ ਚੁੱਕ ਕੇ ਤੁਰ ਪਿਆ।

ਬਸ਼ਕਾ ਨਾਲ ਗਲਾਸ ਫੜ ਕੇ ਹੋ ਤੁਰਿਆ।

ਸੁੰਦਰ ਸਿੰਘ ਦੀ ਢਾਣੀ ਹਵੇਲੀ ਦੇ ਬਾਹਰਲੇ ਬੂਹੇ ਦੇ ਅੰਦਰਵਾਰ ਮੰਜੇ ਡਾਹ ਕੇ ਬੈਠੀ ਹੋਈ ਸੀ। ਚਾਹ ਵਰਤਣ ਲੱਗੀ, ਤਾਂ ਨਾ ਪੀਣ ਦਾ ਐਲਾਨ ਕਰਨ ਵਾਲੇ ਰਾਮ ਸਿੰਘ ਨੇ ਸਭ ਤੋਂ ਪਹਿਲਾਂ ਗਲਾਸ ਅਗ੍ਹਾਂ ਕੀਤਾ। ਚਾਹ ਦੀ ਦਸ-ਬਾਰਾਂ ਸੇਰ ਦੀ ਬਾਲਟੀ ਵਿਹੰਦਿਆਂ-ਵਿਹੰਦਿਆਂ ਵਿਹਲੀ ਹੋ ਗਈ।

ਫੇਰ ਰੋਟੀਆਂ ਦੀ ਵਾਰੀ ਆਈ। ਰੋਟੀਆਂ ਚੋਪੜਨ ਵਿੱਚ ਭਜਨ ਕੌਰ ਨੇ ਬੜਾ ਚਾਤਰੀ ਤੋਂ ਕੰਮ ਲਿਆ। ਉਹ ਤੱਤੇ ਕੀਤੇ ਹੋਏ ਘਿਉ ਵਿੱਚ ਰੂੰ ਦਾ ਫੰਭਾ ਭਿਉਂ ਕੇ ਰੋਟੀ ਉੱਤੇ ਇਕ ਦੋ ਥਾਂਵਾਂ 'ਤੇ ਛੁਹਾ ਲੈਂਦੀ, ਤੇ ਉਹਦੇ ਉੱਤੇ ਦੂਜੀ ਰੋਟੀ ਘਸਾ ਕੇ ਦੋਹਾਂ ਨੂੰ ਚੋਪੜੀਆਂ ਹੋਈਆਂ ਸਮਝ ਲੈਂਦੀ। ਪਰ ਛੇਤੀ ਹੀ ਉਹਨੂੰ ਪਤਾ ਲੱਗ ਗਿਆ ਕਿ ਕੁਛ ਲੋਗ ਕਣਕ ਵਿੱਚੋਂ ਘਿਉ ਕੱਢਣਾ ਜਾਣਦੇ ਹਨ।

"ਰਾਮ ਸਿਹਾਂ ! ਦੁਆਈ ਖਾਣੀ ਉ, ਦੁੱਧ ਜੋਗਾ ਥਾਂ ਰੱਖ ਲਈਂ।" ਰਾਮ ਸਿੰਘ ਨੂੰ ਪੰਜਵੀਂ ਰੋਟੀ ਰਖਾਉਂਦਿਆਂ ਵੇਖ ਕੇ ਕੋਲੋਂ ਹਰੀ ਸਿੰਘ ਨੇ ਚੇਤਾ ਕਰਾਇਆ। ਅਸਲ ਵਿੱਚ ਏਸ ਬਹਾਨੇ ਉਹ ਸੱਜਣ ਸਿੰਘ ਨੂੰ ਦੁੱਧ ਦਾ ਚੇਤਾ ਕਰਾਉਣਾ ਚਾਹੁੰਦਾ ਸੀ।

"ਭਾਉ ! ਖਾਣਾ-ਪੀਣਾ ਕੀ ਏ ? ਜੇਹਲਾਂ ਵਿੱਚ ਭੁੱਖ ਹੜਤਾਲਾਂ ਕਰ-ਕਰ ਮਰ ਗਏ ਆਂ। ਹੁਣ ਪਚਦਾ ਈ ਕੁਛ ਨਹੀਂ।" ਅੱਗੋਂ ਰਾਮ ਸਿੰਘ ਨੇ ਓਸ ਭੁੱਖ ਹੜਤਾਲ ਦਾ ਚੇਤਾ ਕਰਾਇਆ, ਜੋ ਉਹਨੇ ਸਾਥੀਆਂ ਦੇ ਦਬਾਅ ਥੱਲੇ ਆ ਕੇ ਮਾਰੀ ਦਿਆਂ ਤਿੰਨ ਦਿਨ ਰਖੀ ਸੀ।

ਪਹਿਲਾ ਆਟਾ ਮੁੱਕ ਜਾਣ ਪਿੱਛੋਂ ਭਜਨ ਕੌਰ ਨੂੰ ਪਕਾਉਂਦਿਆਂ-ਪਕਾਉਂਦਿਆਂ ਦੂਹਰੀ ਵਾਰ ਗੁੰਨ੍ਹਣਾ ਪਿਆ। ਰੋਟੀਆਂ ਪਕਾਉਣ ਤੇ ਉਹਨੇ ਦੀਪੋ ਨੂੰ ਬਿਠਾ ਦਿੱਤਾ ਸੀ। ਉਤੋਂ ਦੁੱਧ ਦੀ ਚੇਤਾਵਨੀ ਉਹਨੇ ਦੂਹਰੀ ਵਾਰ ਸੁਣ ਲਈ। ਉਹਦਾ ਤਾਂ ਇਰਾਦਾ

ਸੀ, ਕਿ ਸਿਰਫ਼ ਦਵਾਈ ਖਾਣ ਵਾਲੇ ਵਾਸਤੇ ਇਕ ਗਲਾਸ ਭੇਜ ਦੇਵੇ, ਪਰ ਸੱਜਣ ਸਿੰਘ ਨਾ ਮੰਨਿਆਂ। ਆਖ਼ਰ ਏਹੋ ਜਹੇ ਉਪਕਾਰੀ ਬੰਦਿਆਂ ਦੀ ਸੇਵਾ ਕਰਨਾ ਉਹਦਾ ਫ਼ਰਜ਼ ਵੀ ਤਾਂ ਬਣਦਾ ਸੀ। ਇਕ ਗੱਲ ਤੋਂ ਉਹ ਦੋਵੇਂ ਅਣਜਾਣ ਸਨ ਕਿ ਰਾਮ ਸਿੰਘ ਦੇ ਪੱਲੇ ਦਵਾਈ ਦੀ ਥਾਂ ਘਸਮੈਲੇ ਰੰਗ ਦੀ ਦੇਸੀ ਖੰਡ ਦੀਆਂ ਪੁੜੀਆਂ ਬੱਧੀਆਂ ਹੋਈਆਂ ਸਨ।

ਭਜਨ ਕੌਰ ਨੇ ਕੱਚੇ ਦੁੱਧ ਵਿੱਚ ਦੋ ਹਿੱਸੇ ਹੰਘਾਲ ਪਾ ਕੇ ਤੱਤਾ ਧਰਿਆ। ਹੋਰ ਵਿਚਾਰੀ ਕਰਦੀ ਵੀ ਕੀ ? ਫੇਰ ਵੀ ਉਹਨੂੰ ਸਾਰਿਆਂ ਨੂੰ ਗਲਾਸ-ਗਲਾਸ ਪੂਰਾ ਆਉਂਦਾ ਨਹੀਂ ਸੀ ਦਿਸਦਾ। ਉਹਨੇ ਕਾਹੜਨੀ ਦੀ ਮਲਾਈ ਪਾਸੇ ਕਰਕੇ ਹੇਠੋਂ ਦੋ ਛੰਨੇ ਦਿਨ ਦਾ ਕੜ੍ਹਿਆ ਹੋਇਆ ਵੀ ਕੱਢ ਲਿਆ। ਏਸ ਤਰ੍ਹਾਂ ਉਹਨੇ ਮਰ ਪਿੱਟ ਕੇ ਘਰ ਦਾ ਨਮੂਜ ਢੱਕਿਆ।

ਸੁੱਖ ਸੁੱਖਾਂ ਦੀ ਰਾਤ ਨਿਭੀ। ਸਵੇਰੇ ਉਠ ਕੇ ਚਾਹ ਦੇ ਦੋ-ਦੋ ਗਲਾਸ ਪੀ ਕੇ ਸੁੰਦਰ ਸਿੰਘ ਹੋਰੀਂ ਚਲੇ ਗਏ ਤੇ ਸਾਰੇ ਪਿੰਡ ਨੂੰ 'ਅਕਾਲੀ ਕਾਨਫ਼ਰੰਸ' ਦਾ ਫ਼ਿਕਰ ਲਾ ਗਏ।

## 21

"ਬੋਲ, ਵਾਹਿਗੁਰੂ ਜੀ ਕੀ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤੇਹ।" ਜਥੇਦਾਰ ਸੁੰਦਰ ਸਿੰਘ ਦੇ ਜੱਥੇ ਨੇ ਹਵੇਲੀਓਂ ਅੰਦਰ ਪੈਰ ਧਰਦਿਆਂ ਬੜੀ ਖੜਕਵੀਂ ਸੁਰ ਵਿੱਚ ਕਿਹਾ।

"ਵੈਹਗੁਰੂ ਜੀ ਕਾ ਖਾਲਸਾ, ਵੈਹਗੁਰੂ ਜੀ ਕੀ ਫ਼ਤੇਹ।" ਅੱਗੋਂ ਸੱਜਣ ਸਿੰਘ ਨੇ ਹੱਥ ਜੋੜ ਕੇ ਮੋੜਵੀਂ ਫ਼ਤੇਹ ਬੁਲਾਈ। ਬੁਲਾਉਂਦਾ ਕਿਵੇਂ ਨਾ। ਉਹਨੂੰ ਹੁਕਮ ਹੋਇਆ ਸੀ ਕਿ ਬੋਲ, ਪਰ ਉਹਦੀ ਵਾਜ ਵਿੱਚ ਉਤਸ਼ਾਹ ਜਾਂ ਚਾਅ ਕੋਈ ਨਹੀਂ ਸੀ।

ਮੱਲੋ-ਮੱਲੀ ਮੱਥੇ ਮੜ੍ਹੀ ਗਈ ਕਾਨਫ਼ਰੰਸ ਵਿੱਚ ਅਜੇ ਪੰਜ ਦਿਨ ਰਹਿੰਦੇ ਸਨ, ਤੇ ਜੱਥੇਦਾਰ ਸੁੰਦਰ ਸਿੰਘ ਦੇ ਜੱਥੇ ਦੇ ਪੰਜਾਂ ਸਿੰਘਾਂ ਨੇ ਚਰਨ ਮੁਬਾਰਕ ਆ ਪਾਏ। ਉਹਨਾਂ ਦੇ ਦਰਸ਼ਨ ਕਰਦਿਆਂ ਸਾਰ ਸੱਜਣ ਸਿੰਘ ਤੇ ਭਜਨ ਕੌਰ ਦੇ ਦਿਲ ਧੜਕਣ ਲੱਗ ਪਏ।

"ਸੱਜਣ ਸਿੰਹਾਂ! ਤੂੰ ਅਸਲੋਂ ਗਿੱਲ ਗਾਲ੍ਹ ਦਿੱਤੀ ਏ।" ਸੁੰਦਰ ਸਿੰਘ ਨੇ ਮੋਢੇ ਵਾਲੇ ਪਰਨੇ ਨਾਲ ਪੈਰਾਂ ਤੋਂ ਘੱਟਾ ਝਾੜਦਿਆਂ ਕਿਹਾ, "ਤੇਰੇ ਵਰਗਾ ਢਿੱਲੜ ਬੰਦਾ ਮੈਂ ਕੋਈ ਨਹੀਂ ਵੇਖਿਆ। ਭਲਾ ਧਰਮ ਦੇ ਕੰਮ ਵਿੱਚ ਵੀ ਏਨੀ ਸੁਸਤੀ ? ਐਨੇ ਦਿਨ ਹੋ ਗਏ ਨੇ, ਤੂੰ ਇਕ ਵਾਰ ਮੇਰੇ ਤਕ ਨਹੀਂ ਪੁੱਜਾ।" ਜਥੇਦਾਰ ਨੇ ਡਾਢੀ ਤਾੜਨਾ ਭਰੀ ਸੁਰ ਵਿੱਚ ਕਿਹਾ।

ਏਨੇ ਤੱਕ ਵਿਹੜੇ ਵਿੱਚ ਡੱਠੇ ਹੋਏ ਦੋ ਮੰਜਿਆਂ ਉੱਤੇ ਪੰਜੇ ਸਿੰਘ ਸਜ ਗਏ।

"ਜੱਥੇਦਾਰਾ! ਜਾਣਦਾ ਏਂ, ਕਲਾਪੇ ਹੋਏ। ਵਾਹੀ ਜੋਤੀ ਦਾ ਕੰਮ ਵੀ ਆਪ ਨੂੰ ਈ ਕਰਨਾ ਪੈਂਦਾ ਏ, ਤੇ ਓਧਰ....।"

"ਗੋਲੀ ਮਾਰ ਉਇ, ਵਾਹੀ ਜੋਤੀ ਦੇ ਕੰਮ ਨੂੰ।" ਸੱਜਣ ਸਿੰਘ ਦੀ ਗੱਲ ਰਾਹੋਂ ਟੋਕ ਕੇ ਜਥੇਦਾਰ ਵਿੱਚੋਂ ਹੀ ਬੋਲ ਉੱਠਿਆ, "ਪੰਥ ਦੇ ਕੰਮ ਨਾਲੋਂ, ਇਹ ਕੰਮ ਪਹਿਲਾਂ ਹੋਣਾ ਏਂ। ਸਾਡਾ ਫ਼ਿਕਰ ਨਾਲ ਲਹੂ ਸੁੱਕਾ ਪਿਆ ਏ, ਤੇ ਇਹ ਘਰ ਦੇ ਕੰਮਾਂ ਦਾ ਪਿਆਰਾ ਬਣਿਆ ਹੋਇਆ ਏ।" ਠੀਕ ਹੀ ਕੌਮ ਦੇ ਫ਼ਿਕਰਾਂ ਵਿੱਚ ਸੁੱਕ-ਸੁੱਕ ਕੇ ਜਥੇਦਾਰ ਸੁੰਦਰ ਸਿੰਘ ਦਾ ਭਾਰ ਤਿੰਨ ਮਣ ਪੱਕੇ ਦੇ ਲਗਭਗ ਪਹੁੰਚ ਪਿਆ ਸੀ।

"ਉ, ਫਿਰ ਏਹੋ ਜੇਹੇ ਫ਼ਿਕਰ ਵੱਡਿਆਂ ਬੰਦਿਆਂ ਨੂੰ ਈਂ ਹੁੰਦੇ ਨੇ ਕਿ। ਤੁਹਾਡੇ ਹੁੰਦਿਆਂ ਮੈਨੂੰ ਕੇਹੀ ਚਿੰਤਾ ?" ਸੱਜਣ ਸਿੰਘ ਨੇ ਹੱਥ ਮਲਦਿਆਂ ਉਤਰ ਦਿੱਤਾ। "ਹੱਛਾ, ਪਹਿਲਾਂ ਜਲ ਪਾਣੀ ਦੀ ਸੁਣਾਉ।"

"ਜਲ ਪਾਣੀ ? ਅੱਜ ਫ਼ੌਜਾਂ ਨੇ ਬੜਾ ਪੰਧ ਕੀਤਾ ਏ। ਮਖ : ਭੂਰਿਆਂ ਤੋਂ ਤੁਰ ਕੇ ਕਾਲੀਆ, ਸੰਨਖਤਰਾ, ਸਿੰਘਪੁਰਾ, ਦੋਵੇਂ ਕਤਲੂਹੀਆਂ, ਲਖ਼ਣੇ ਕੇ, ਕਾਦੀਵਿੰਡ ਬੱਲ, ਖਾਰਾ ਤੇ ਲਾਗੇ ਦੇ ਕੋਈ ਪਿੰਡ ਫਿਰ ਕੇ ਆਏ ਆਂ।" ਜਥੇਦਾਰ ਨੇ ਨੌਂ-ਦਸ ਪਿੰਡ ਗਿਣ ਦਿੱਤੇ। ਭਾਵੇਂ ਉਹ ਸਾਰੀ ਦੁਪਹਿਰ ਤਰਗਿਆਂ ਦੇ ਚੜ੍ਹਤ ਸਿੰਘ ਦੇ ਛੱਪਰ ਵਿੱਚ ਗੁਜ਼ਾਰ ਕੇ, ਗੁਰਦੁਆਰਾ ਗੁਰੂ ਕਾ ਝਾੜ ਤੋਂ ਸੁਖਨਿਧਾਨ ਦੀ ਦੇਗ ਛਕ ਕੇ ਸਿੱਧੇ ਏਥੇ ਹੀ ਪੁੱਜੇ ਸਨ। "ਸੋ ਸਿੰਘ ਜ਼ਰਾ ਥੱਕੇ ਹੋਏ ਨੇ। ਸੇਵਾ ਕਰ ਲੈ ਚਾਰ ਦਿਨ ਜਿਹੜੀ ਭਾਗਾਂ ਵਿੱਚ ਹੈਗੀ ਊ। ਬੱਸ, ਸੇਵਾ ਨੇ ਈਂ ਨਾਲ ਨਿਭਣਾ ਈਂ। ਨਹੀਂ ਤਾਂ ਸਭ ਖੱਟਿਆ ਕਮਾਇਆ ਏਥੇ ਰਹਿ ਜਾਣਾ ਈਂ।"

"ਮੱਖ, ਸੇਵਾ ਦਾ ਕੀ ਏ ਮੁੱਠੀ-ਚਾਪੀ ਕਰ ਦਿਆਂਗੇ ਫ਼ੌਜਾਂ ਦੀ। ਸੱਦਾਂ ਆਪਣਾ ਡੁਰਲੀ ਜੱਥਾ ?" ਸੱਜਣ ਸਿੰਘ ਨੇ ਹਾਸੇ ਨਾਲ ਕਿਹਾ। ਉਂਵ ਉਹ ਦਿਲ ਵਿੱਚ ਸੋਚ ਰਿਹਾ ਸੀ ਕਿ ਏਹੋ ਜੇਹੇ ਅਣਸੱਦੇ ਪਰਾਹੁਣਿਆਂ ਦੀ ਤਸੱਲੀ ਡੁਰਲੀ ਜੱਥੇ ਦੀ ਸੇਵਾ ਨਾਲ ਹੀ ਹੁੰਦੀ ਏ। "ਸਜੋ ਫਿਰ। ਮੈਂ ਪਹਿਲਾਂ ਚਾਹ ਦਾ ਉੱਦਮ ਕਰਾਵਾਂ।"

ਸੱਜਣ ਸਿੰਘ ਉਠ ਕੇ ਚੌਂਕੇ ਵੱਲ ਚਲਾ ਗਿਆ ਤੇ ਜੱਥੇ ਦੇ ਸਿੰਘ ਆਪਣੀਆਂ ਗੱਲਾਂ ਵਿੱਚ ਰੁੱਝ ਗਏ।

ਅੱਜ ਭਜਨ ਕੌਰ ਨੂੰ ਦੂਹਰੀ ਵਾਰ ਆਟਾ ਨਹੀਂ ਗੁੰਨ੍ਹਣਾ ਪਿਆ ਕਿਉਂਕਿ ਉਹ ਪਰਾਹੁਣਿਆਂ ਦੇ ਸੁਭਾਅ ਤੋਂ ਜਾਣੂ ਹੋ ਚੁੱਕੀ ਸੀ।

ਸਵੇਰੇ ਜਲ ਪਾਣੀ ਛਕ ਕੇ ਸੁੰਦਰ ਸਿੰਘ ਹੋਰੀਂ ਉਗਰਾਹੀ ਕਰਨ ਚੜ੍ਹ ਪਏ, ਪਰ ਗਿੱਲੇ ਕਛਹਿਰੇ ਉਹ ਓਥੇ ਹੀ ਸੁਕਣੇ ਪਾ ਗਏ। ਇਸ ਦਾ ਮਤਲਬ ਸੀ ਕਿ ਫ਼ੌਜਾਂ ਦਾ ਰਾਤ ਨੂੰ ਪੜਾਅ ਓਥੇ ਹੀ ਸੀ। ਸੋ, ਘਰ ਵਾਲੇ ਖ਼ਬਰਦਾਰ ਰਹਿਣ।

ਅਗਲੇ ਦਿਨ ਦੋ ਸਿੰਘ ਹੋਰ ਆ ਗਏ ਤੇ ਅਗਲੇਰੇ ਦਿਨ ਚਾਰ ਹੋਰ। ਕਾਨਫ਼ਰੰਸ

ਤੋਂ ਦੋ ਦਿਨ ਪਹਿਲਾਂ ਵੀਹਾਂ ਕੁ ਸਿੰਘਾਂ ਦਾ ਜੱਥਾ ਸੱਜਣ ਸਿੰਘ ਦੀ ਸਹਾਇਤਾ ਵਾਸਤੇ ਇਕੱਤਰ ਹੋ ਗਿਆ।

ਮਸਾਂਦ ਵਾਲੇ ਦਿਨ ਸ਼ਾਮ ਨੂੰ ਜਥੇਦਾਰ ਰਾਮ ਸਿੰਘ ਤੇ ਪਾਲਾ ਸਿੰਘ ਸ਼ਹਿਰੋਂ ਦਰੀਆਂ, ਚਾਨਣੀਆਂ ਤੇ ਲਾਊਡ ਸਪੀਕਰ ਲੈ ਆਏ। ਅਗਲੇ ਦਿਨ ਸਵੇਰੇ-ਸਵੇਰੇ ਹੀ ਤੂਤਾਂ ਵਾਲੇ ਖੂਹ ਉੱਤੇ ਸੱਜਣ ਸਿੰਘ ਦੀ ਪੈਲੀ ਵਿੱਚ ਪੰਡਾਲ ਲੱਗ ਗਿਆ। ਜਥੇਦਾਰ ਸੁੰਦਰ ਸਿੰਘ ਨੇ ਆਪਣੀ ਮਰਜ਼ੀ ਦਾ ਇਕ ਢਾਡੀ ਜਥਾ ਵੀ ਮੰਗਾਇਆ ਹੋਇਆ ਸੀ। ਇਕ ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਚਾਰਕ ਤੇ ਇਕ ਦੋ ਹੋਰ ਬੋਲਣ ਵਾਲੇ ਸੱਜਣ ਵੀ ਆ ਗਏ। ਦੁਪਹਿਰ ਢਲਦੀ ਤਕ ਦੀਵਾਨ ਵਾਹਵਾ ਭਰ ਗਿਆ। ਹਾਜ਼ਰੀ ਅੱਠ-ਨੌਂ ਸੌ ਤੱਕ ਹੋ ਗਈ। ਬੜੀਆਂ ਧੜੱਲੇਦਾਰ ਤਕਰੀਰਾਂ ਹੋਈਆਂ ਤੇ ਫ਼ਜ਼ਲ ਹੱਕ ਦੇ ਇਸ਼ਤਿਹਾਰ ਦਾ ਖ਼ੂਬ ਜਵਾਬ ਦਿੱਤਾ ਗਿਆ। ਅਗਲੇ ਦਿਨ ਰੌਣਕ ਉਸ ਤੋਂ ਵੀ ਵਧੇਰੇ ਹੋ ਗਈ। ਜਥੇਦਾਰ ਸੁੰਦਰ ਸਿੰਘ ਨੇ ਭਰੇ ਦੀਵਾਨ ਵਿੱਚ ਐਲਾਨ ਕੀਤਾ ਕਿ ਜੇ ਨੰਬਰਦਾਰੀ ਦਾ ਫ਼ੈਸਲਾ ਉਹਨਾਂ ਦੀ ਮਰਜ਼ੀ ਮੁਤਾਬਕ ਨਾ ਹੋਇਆ ਤਾਂ ਉਹ ਓਥੇ ਮੋਰਚਾ ਲਾ ਦੇਣਗੇ।

ਅਖ਼ੀਰ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਦੀਵਾਨ ਸਮਾਪਤ ਹੋਇਆ। ਜਥੇਦਾਰ ਸੁੰਦਰ ਸਿੰਘ ਦਾ ਦਲ ਸੱਜਣ ਸਿੰਘ ਦੀ ਹਵੇਲੀ ਵਿੱਚ ਆ ਸਜਿਆ। ਉਹਨਾਂ ਸੱਜਣ ਸਿੰਘ ਵਾਸਤੇ ਐਨੀ ਘਾਲਣਾ ਘਾਲੀ ਸੀ। ਤਾਂ ਕੀ ਇਕ ਰਾਤ ਵੀ ਸੱਜਣ ਸਿੰਘ ਹੋਰ ਉਹਨਾਂ ਦੀ ਸੇਵਾ ਨਹੀਂ ਸੀ ਕਰ ਸਕਦਾ ?

ਸੁੰਦਰ ਸਿੰਘ ਨੇ ਹੱਥ ਕਰਕੇ ਸੱਜਣ ਸਿੰਘ ਤੋਂ ਕੁਛ ਨਹੀਂ ਮੰਗਿਆ, ਏਥੋਂ ਤੱਕ ਕਿ ਇਸ਼ਤਿਹਾਰਾਂ ਦਾ ਖ਼ਰਚਾ ਵੀ ਨਹੀਂ। ਪਰ ਇਹ ਚਾਨਣੀਆਂ ਤੇ ਲਾਊਡ-ਸਪੀਕਰਾਂ ਦਾ ਖ਼ਰਚ ਦੇਣਾ ਤਾਂ ਸੱਜਣ ਸਿੰਘ ਦਾ ਹੀ ਫ਼ਰਜ਼ ਬਣਦਾ ਸੀ। ਸੋ ਸੱਜਣ ਸਿੰਘ ਨੇ ਚੁੱਪ ਕਰਕੇ ਉਹ ਅਦਾਅ ਕਰ ਦਿੱਤਾ। ਦਸ ਰੁਪਏ ਉਸ ਕੋਲੋਂ ਢਾਡੀ ਜਥੇ ਨੂੰ ਦੁਆਏ ਗਏ। ਨਾਲ ਹੀ ਸੁੰਦਰ ਸਿੰਘ ਨੇ ਢਾਡੀ ਜਥੇ ਨੂੰ ਹੌਸਲਾ ਦੇਂਦਿਆਂ ਕਿਹਾ "ਭਈ ਕੀਰਤਨੀਏ ਸਿੰਘੋ! ਸ. ਸੱਜਣ ਸੂੰਹ ਨੂੰ ਨੰਬਰਦਾਰ ਬਣ ਲੈਣ ਦਿਹੋ। ਫਿਰ ਆਪਾਂ ਏਥੇ ਇਕ ਵੱਡੀ ਕਾਨਫ਼ਰੰਸ ਕਰਾਂਗੇ। ਉਦੋਂ ਤੁਹਾਡੀ ਕਸਰ ਕੱਢਾਂਗੇ।"

ਆਏ ਪ੍ਰਚਾਰਕਾਂ ਨੇ ਲੈਣਾ ਕੁਛ ਨਹੀਂ ਸੀ। ਪਰ ਉਹਨਾਂ ਦਾ ਆਉਣ ਜਾਣ ਦਾ ਕਰਾਇਆ ਦੇਣਾ ਤਾਂ ਸੱਜਣ ਸਿੰਘ ਦਾ ਫ਼ਰਜ਼ ਬਣਦਾ ਸੀ। ਸੋ ਸੱਜਣ ਸਿੰਘ ਨੇ ਮਜਬੂਰ ਹੋ ਕੇ ਸਭ ਫ਼ਰਜ਼ ਪੂਰੇ ਕੀਤੇ। ਏਹੋ ਜੇਹੇ ਧਰਮ ਦੇ ਕੰਮ ਵਿੱਚ ਜੱਥੇਦਾਰ ਸੁੰਦਰ ਸਿੰਘ ਉਹਨੂੰ ਕਿਸੇ ਗੱਲੋਂ ਵਿਹਰਨ ਦੇਂਦਾ ਸੀ ? ਨਾਲੇ ਏਹੋ ਜੇਹੇ ਮੌਕੇ ਕਿਹੜੇ ਨਿਤ-ਨਿਤ ਬਣਦੇ ਹਨ।

"ਕਿਉਂ ? ਕਿੰਨਾ-ਕੁ ਖ਼ਰਚ ਆ ਗਿਆ ਏ ?" ਦੋ ਦਿਨਾਂ ਪਿੱਛੋਂ ਆਪਣੇ ਆਪ ਦੀ ਹੋਸ਼ ਆਈ, ਤਾਂ ਭਜਨ ਕੌਰ ਨੇ ਪੁੱਛਿਆ। "ਗਲਗੇ ਉਜਾੜਨ ਆਏ ਸੀ, ਉਜਾੜ ਕੇ ਤੁਰ ਗਏ।"

"ਭਲੀਏ ਲੋਕੇ! ਹੁਣ ਖ਼ਰਚ ਦਾ ਸੁਾਬ ਨਾ ਕਰ। ਆਪੇ ਧੰਨੇ ਸ਼ਾਹ ਕਰ ਲਵੇਗਾ। ਜਦ ਉੱਖਲੀ ਵਿੱਚ ਸਿਰ ਦੇ ਲਿਆ, ਫਿਰ ਮੂਲ੍ਹਿਆਂ ਤੋਂ ਕੀ ਡਰਨਾ ਹੋਇਆ ?" ਸੱਜਣ ਸਿੰਘ ਦੀ ਵਾਜ ਵਿੱਚ ਨਿਰਾਸਤਾ ਮਿਲੀ ਹੋਈ ਸੀ। ਉਹ ਸਮਝ ਬੈਠਾ ਸੀ ਕਿ ਜਿਸ ਜਿੱਲ੍ਹਣ ਵਿੱਚ ਪੈਰ ਫਸ ਗਿਆ ਹੈ, ਏਥੋਂ ਹੁਣ ਨਿਕਲਣਾ ਮੁਸ਼ਕਲ ਹੈ।

ਸੁੰਦਰ ਸਿੰਘ ਪਿੱਛੋਂ ਫ਼ਜ਼ਲ ਹੱਕ ਦੀ ਵਾਰੀ ਆ ਗਈ। ਫਿਰ ਉਹ ਓਸੇ ਖੂਹ 'ਤੇ ਆ ਜੁੜੇ। ਉਹਨਾਂ ਨੇ ਇਲਮ ਦੀਨ ਦੀ ਪੈਲੀ ਵਿੱਚ ਸਟੇਜ ਬਣਾਇਆ। ਫ਼ਜ਼ਲ ਹੱਕ ਦੀਆਂ ਗੱਲਾਂ ਦਾ ਜਵਾਬ ਦੇਣ ਵਾਸਤੇ ਸੁੰਦਰ ਸਿੰਘ ਕਿਆਂ ਨੂੰ ਫਿਰ ਉਪਰਾਲਾ ਕਰਨਾਂ ਪਿਆ। ਆਖ਼ਰ ਧਰਮ ਦੇ ਕੰਮ ਵਿੱਚ ਕੋਈ ਕਿਵੇਂ ਪਿੱਛੇ ਰਹਿ ਸਕਦਾ ਸੀ। ਇਹ ਸਿਲਸਿਲਾ ਓਨਾ ਚਿਰ ਚਲਦਾ ਰਿਹਾ, ਜਿੰਨਾ ਚਿਰ ਨੰਬਰਦਾਰੀ ਦਾ ਫ਼ੈਸਲਾ ਨਾ ਹੋ ਗਿਆ।

ਤਹਿਸੀਲਦਾਰ ਨੰਬਰਦਾਰੀ ਦਾ ਫ਼ੈਸਲਾ ਛੇਤੀ ਹੀ ਕਰ ਦੇਣਾ ਚਾਹੁੰਦਾ ਸੀ, ਪਰ ਛੇਤੀ ਮੁਕੱਦਮਾ ਨਿੱਬੜ ਜਾਣ ਵਿੱਚ ਨਾ ਧੰਨੇ ਸ਼ਾਹ ਦਾ ਫ਼ਾਇਦਾ ਸੀ, ਨਾ ਫ਼ਜ਼ਲ ਹੱਕ ਦਾ। ਉਹਨਾਂ ਦੇ ਮਿੰਤ ਖ਼ੁਸ਼ਾਮਦ ਕਰਨ ਦਾ ਸਦਕਾ ਉਹ ਮੁਕੱਦਮਾ ਤਿੰਨ ਸਾਲ ਤੱਕ ਚਲਦਾ ਰਿਹਾ। ਤੇ ਇਹਨਾਂ ਤਿੰਨਾਂ ਸਾਲਾਂ ਵਿੱਚ ਧੰਨੇ ਸ਼ਾਹ ਨੇ ਦੋਹਾਂ ਧੜਿਆਂ ਦੀ ਪੁੱਜ ਕੇ ਮਦਦ ਕੀਤੀ। ਦੋਹਾਂ ਨੂੰ ਉਹਨੇ ਮੂੰਹ ਮੰਗਿਆ ਕਰਜ਼ ਦਿੱਤਾ। ਏਥੇ ਹੀ ਬੱਸ ਨਹੀਂ, ਉਹ ਤਸੀਲਦਾਰ ਕੋਲ ਇਲਮ ਦੀਨ ਦੀ ਸਫ਼ਾਰਸ਼ ਕਰਨ ਵੀ ਗਿਆ, ਤੇ ਸੱਜਣ ਸਿੰਘ ਦੀ ਵੀ। ਆਖ਼ਰ ਦੋਵੇਂ ਉਹਦੇ ਮਿੱਤਰ ਸਨ ਤੇ ਦੋਵੇਂ ਹੀ ਸਾਮੀਆਂ। ਤੂਤਾਂ ਵਾਲਾ ਖੂਹ ਵੀ ਤਾਂ ਦੋਹਾਂ ਦਾ ਸਾਂਝਾ ਸੀ। ਫਿਰ ਧੰਨੇ ਸ਼ਾਹ ਦੋਹਾਂ ਵਿੱਚੋਂ ਕਿਸੇ ਨਾਲ ਵੀ ਵਿਤਕਰਾ ਕਿਵੇਂ ਕਰਦਾ ?

ਆਖ਼ਰ ਮੁਕੱਦਮੇ ਦਾ ਫ਼ੈਸਲਾ ਹੋ ਗਿਆ। ਉੱਪਰੋਂ ਸਰਕਾਰ ਦੀ ਪਾਲਸੀ ਸੀ ਕਿ ਹਰ ਗੱਲ ਵਿੱਚ ਦੋ ਕੌਮਾਂ ਦੇ ਸਿਧਾਂਤ ਨੂੰ ਹਵਾ ਦਿੱਤੀ ਜਾਏ। ਤਹਿਸੀਲਦਾਰ ਨੇ ਏਸੇ ਗੱਲ ਨੂੰ ਮੁੱਖ ਰੱਖ ਕੇ ਪਿੰਡ ਦੇ ਦੋ ਨੰਬਰਦਾਰ ਬਣਾ ਦਿੱਤੇ। ਸਿੱਖਾਂ ਦਾ ਨੰਬਰਦਾਰ ਸੱਜਣ ਸਿੰਘ ਤੇ ਮੁਸਲਮਾਨਾਂ ਦੀ ਪੱਤੀ ਦਾ ਇਲਮ ਦੀਨ।

ਜਥੇਦਾਰ ਸੁੰਦਰ ਸਿੰਘ ਤੇ ਧੰਨੇ ਸ਼ਾਹ ਨੇ ਬੜਾ ਜ਼ੋਰ ਲਾਇਆ ਕਿ ਸੱਜਣ ਸਿੰਘ ਮੁਕੱਦਮੇ ਦੀ ਅਪੀਲ ਕਰੇ, ਪਰ ਸੱਜਣ ਸਿੰਘ ਨਾ ਮੰਨਿਆਂ। ਇਕ ਪਾਸੇ ਭਜਨ ਕੌਰ ਤੇ ਬਾਬਾ ਅਕਾਲੀ ਉਸ ਨੂੰ ਅਪੀਲ ਕਰਨ ਤੋਂ ਰੋਕਦੇ ਸਨ ਤੇ ਦੂਜੇ ਪਾਸੇ ਉਹ ਵੀ ਘਰ ਦੀ ਮਾਲੀ ਹਾਲਤ ਵੇਖ ਕੇ ਘਬਰਾ ਗਿਆ ਸੀ। ਉਹਦੇ ਸਿਰ ਧੰਨੇ ਸ਼ਾਹ ਦਾ ਸੋਲਾਂ ਸੌ ਰੁਪਿਆ ਕਰਜ਼ਾ ਹੋ ਗਿਆ ਸੀ।

ਇਲਮ ਦੀਨ ਕਰਜ਼ੇ ਵਿੱਚ ਉਸ ਨਾਲੋਂ ਵਧ ਗਿਆ ਸੀ, ਪਰ ਉਹਨੇ ਕਰਜ਼ੇ ਦੇ ਸੂਦ ਤੋਂ ਬਚਣ ਦਾ ਧੰਨੇ ਸ਼ਾਹ ਦਾ ਦੱਸਿਆ ਰਾਹ ਪ੍ਰਵਾਨ ਕਰ ਲਿਆ। ਉਹਨੇ ਨੰਬਰਦਾਰ ਬਣਨ ਤੋਂ ਇਕ ਮਹੀਨਾ ਪਿੱਛੋਂ ਖੂਹ ਵਾਲੀ ਚਾਰ ਵਿਘੇ ਦੋ ਹਜ਼ਾਰ ਵਿੱਚ

ਗਹਿਣੇ ਕਰ ਦਿੱਤੀ। ਅਮਲੀ ਤੌਰ 'ਤੇ ਭਾਵੇਂ ਜ਼ਮੀਨ ਧੰਨੇ ਸ਼ਾਹ ਨੇ ਲਈ ਸੀ, ਪਰ ਕਾਗ਼ਜ਼ਾਂ ਵਿੱਚ ਰਜਿਸਟਰੀ ਲੱਖਾ ਸਿੰਘ ਵਰਨਾ ਵਾਲੇ ਦੇ ਨਾਂ ਹੋਈ। ਧੰਨੇ ਸ਼ਾਹ ਨੇ ਲੱਖਾ ਸਿੰਘ ਤੋਂ ਰਕਮ ਦਾ ਕਾਗ਼ਜ਼ ਕਰਵਾ ਲਿਆ।

ਭਰਾ ਵੱਲੋਂ ਵੇਖ ਕੇ ਦੋ ਵਿਘੇ ਕਰਮ ਦੀਨ ਨੇ ਵੀ ਗਹਿਣੇ ਕਰ ਦਿੱਤੀ। ਖੂਹ ਦੀ ਜੋਲਾਂ ਵਿਘੇ ਜ਼ਮੀਨ ਵਿੱਚੋਂ ਛੇ ਵਿਘੇ ਧੰਨੇ ਸ਼ਾਹ ਦੇ ਕਬਜ਼ੇ ਵਿੱਚ ਚਲੀ ਗਈ।

ਫਿਰ ਧੰਨੇ ਸ਼ਾਹ ਨੇ ਸਾਰਾ ਧਿਆਨ ਸੱਜਣ ਸਿੰਘ ਵੱਲ ਮੋੜ ਲਿਆ।

## 22

"ਬਾਬਾ 'ਕਾਲੀਆ! ਏਸੇ ਤਰ੍ਹਾਂ ਕਹੀ ਨਾਲ ਸਾਰੀ ਗੋਡ ਲਵੇਂਗਾ ? ਆ ਜਾ ਬਹਿ ਜਾਹ ਛਾਂਵੇਂ। ਭਲਕੇ ਚਾਰ ਹਲ ਲਿਆ ਕੇ ਵਾਹ ਦਿਆਂਗੇ।" ਸੱਜਣ ਸਿੰਘ ਨੇ ਬਰਾਬਰ 'ਤੇ ਆ ਕੇ ਕਿਹਾ।

ਸੱਜਣ ਸਿੰਘ, ਦੀਪਾ ਤੇ ਟਹਿਲ ਸਿੰਘ ਆਪਣੇ ਖੇਤਾਂ ਵੱਲੋਂ ਆ ਰਹੇ ਸਨ। ਅੱਗੇ ਬਾਬਾ ਅਕਾਲੀ ਕਹੀ ਨਾਲ ਪੈਲੀ ਗੋਡ ਰਿਹਾ ਸੀ। ਰੌਣੀ ਦਾ ਵੱਤਰ ਕੁਛ ਚੜ੍ਹ ਗਿਆ ਸੀ।

"ਸੱਜਣ ਸਿਹਾਂ! ਸਾਰੀ ਗੋਡੀ ਤਾਂ ਨਹੀਂ ਜਾਣੀ, ਪਰ ਮਰਦ ਦਾ ਕੰਮ ਹੌਸਲਾ ਹਾਰਨਾ ਨਹੀਂ। ਜੇਹਲ ਵਿੱਚੋਂ ਦੋ ਗੱਲਾਂ ਸਿੱਖ ਕੇ ਆਏ ਆਂ। ਸਭ ਤੋਂ ਪਹਿਲੀ ਗੱਲ ਕਿ ਵਿਹਲੇ ਕਦੇ ਨਾ ਬਹੋ। ਕਿਸੇ ਨਾ ਕਿਸੇ ਪਾਸੇ ਹੱਥ ਹਲੌਂਦੇ ਈ ਰਹੋ। ਭੈੜਿਆ, ਲੱਗੀ ਹੋਈ ਤਾਂ ਕੀੜੀ ਨਹੀਂ ਮਾਨ। ਵਿਹਲੇ ਬੈਠੇ ਰਹਿਣ ਨਾਲੋਂ ਕੁਛ ਥੋੜ੍ਹਾ ਬਹੁਤਾ ਕਰੋਗੇ ਈ। ਤੇ ਦੂਜੀ ਗੱਲ, ਪਈ ਦਿਲ ਕਦੇ ਨਾ ਛੱਡੋ। ਤੁਹਾਡੇ ਜ਼ੁੰਮੇਂ ਲੱਗ ਜਾਏ ਕਿ ਤੁਸਾਂ ਹਮਾਲੀਆ ਪਹਾੜ ਢਾਹ ਕੇ ਪੱਧਰਾ ਕਰ ਦੇਣਾ ਏਂ। ਤੁਸੀਂ ਇਹ ਕਦੇ ਨਾ ਸੋਚੋ ਕਿ ਇਹ ਕੰਮ ਤੁਹਾਥੋਂ ਹੋਣਾ ਨਹੀਂ। ਬੱਸ, ਤੁਸੀਂ ਕਹੀ ਫੜ ਕੇ ਟੱਕਰ ਪਵੋ। ਸੋ, ਮੈਂ ਵੀ...। ਹੱਛਾ, ਵੱਤਰ ਸੁਕਦਿਆਂ ਤੱਕ ਜਿੰਨੀ ਗੋਡੀ ਜਾਏਗੀ, ਓਨੀ ਹੀ ਸਹੀ।" ਬਾਬੇ ਅਕਾਲੀ ਨੇ ਲੱਕ ਸਿੱਧਾ ਕਰਕੇ ਧੂਖ ਕੱਢਦਿਆਂ ਕਿਹਾ।

"ਆ ਜਾ ਛਾਂਵੇਂ। ਭਲਕੇ ਅਸੀਂ ਦੂਹਰ ਪਾ ਕੇ ਵੱਤਰ ਦੱਬ ਜਾਵਾਂਗੇ।" ਅੱਗੇ ਵਧ ਕੇ ਦੀਪੇ ਨੇ ਬਾਬੇ ਅਕਾਲੀ ਦੇ ਹੱਥੋਂ ਕਹੀ ਫੜ ਲਈ।

ਚਾਰੇ ਜਣੇ ਲਾਗੇ ਖਲੀ ਟਾਹਲੀ ਦੀ ਛਾਂਵੇਂ ਜਾ ਬੈਠੇ।

"ਤੇ ਸ਼ਰਮ ਸੁੰਹ ਨੇ ਵਾਹੀ ਕਿਉਂ ਨਾ ? ਰੌਣੀ ਚੜ੍ਹ ਗਈ ਏ।" ਟਹਿਲ ਸਿੰਘ ਨੇ ਗੱਲ ਸ਼ੁਰੂ ਕਰਨ ਵਜੋਂ ਕਿਹਾ।

"ਉਹ ਵੀ ਅੰਗਰੇਜ਼ਾਂ ਵਾਂਗ ਵਾਹਦਾ ਕਰਕੇ ਮੁੱਕਰ ਗਿਆ ਈ।" ਬਾਬੇ ਅਕਾਲੀ ਨੇ ਟਹਿਲ ਸਿੰਘ ਵੱਲ ਤਕਦਿਆਂ ਕਿਹਾ, "ਤੁਹਾਨੂੰ ਪਤਾ ਏ, ਅੱਡ ਹੋਣ ਲੱਗਿਆਂ ਮੈਂ ਆਪ ਈ ਦੋ ਘੁਮਾਂ ਘੱਟ ਲੈ ਲਈ ਸੀ। ਜਿਹੜੀ ਚੰਗੀ ਮਾੜੀ ਉਹਨਾਂ ਮੈਨੂੰ ਦਿੱਤੀ,

ਉਹ ਵੀ ਓਹਾ ਵੌਂਹਦੇ ਬੀਜਦੇ ਨੇ। ਲੋਕੀਂ ਸਾਰੇ ਨਹਿਰੀ ਪੈਲੀ ਦਾ ਅੱਧ ਲੈਂਦੇ ਨੇ। ਤੇ ਮੈਨੂੰ ਉਹ ਤਿੱਜਾ ਹਿੱਸਾ ਦੇਂਦੇ ਨੇ।"

"ਉਹ ਵੀ ਰੱਬ ਕਰਾਏ ਦਾ ਵਧਿਆ ਘਟਿਆ।" ਕੋਲੋਂ ਦੀਪੇ ਨੇ ਕਿਹਾ।

"ਪੁੱਤ ਦੀਪ ਸਿਹਾਂ! ਮੈਨੂੰ ਕਿਹੜੀ ਭੁੱਲ ਏ ? ਪਰ ਮੈਂ ਵੇਖ ਕੇ ਅਣਡਿੱਠ ਕਰ ਛੱਡਦਾਂ। ਆਹਨਾਂ, ਚਲੋ ਮੇਰਾ ਕਿਹੜਾ ਖ਼ਰਚ ਏ। ਕਿਵੇਂ ਨਾ ਕਿਵੇਂ ਗੁਜ਼ਾਰਾ ਤੁਰਿਆ ਈ ਜਾਂਦਾ ਏ। ਆਹ ਚਾਰ ਕਨਾਲੀਂ ਉਹ ਮੈਨੂੰ ਵੱਖਰੀ ਬੀਜ ਕੇ ਦਿਆ ਕਰਦੇ ਸਨ। ਏਨੇ ਨਾਲ ਜ਼ਰਾ ਖੇਤ ਤੱਕ ਫੇਰਾ ਮਾਰਨ ਆ ਜਾਈਦਾ ਏ। ਐਤਕੀਂ ਬੜੇ ਵਖਤਾਂ ਨਾਲ ਰੌਣੀ ਕੀਤੀ, ਕਹੀ ਨਾਲ ਟਿੱਬੀਆਂ ਸੁੱਟ-ਸੁੱਟ ਕੇ। ਲੱਗੀ ਵਾਰੀ 'ਤੇ ਪਿੱਛੋਂ ਪਾਣੀ ਸੁੱਕ ਗਿਆ ਸੀ। ਦੋ ਦਿਨ ਮੈਂ ਸ਼ਰਮ ਸੁੰਹ ਦੇ ਮਗਰ ਫਿਰਦਾ ਰਿਹਾ, ਪਈ ਰੌਣੀ ਖੁਸ਼ਕ ਹੋ ਜਾਏਗੀ। ਉਹ ਅੱਗੋਂ ਐਵੇਂ ਹਾਂ ਹੂੰ ਕਰ ਛੱਡਦਾ ਰਿਹਾ। ਤੇ ਅੱਜ ਸਵੇਰੇ ਉਹਦੀ ਸਿੰਘਣੀ ਨੇ ਸਾਫ਼ ਜਵਾਬ ਦੇ ਦਿੱਤਾ।"

"ਉਹ ਭਈ, ਬੜੀ ਡਾਢੀ ਏ। ਮੈਂ ਦੋ ਜੋਤਰੇ ਲੈਣੇ ਸੀ ਉਹਨਾਂ ਤੋਂ। ਪਿਛਲੀ ਛਮਾਹੀਂ ਭੁੱਲ ਕੇ ਵਿੜ੍ਹੀ ਕਰ ਬੈਠਾ ਸਾਂ। ਉਹਦਾ ਇਕੋ ਈ ਦਬਕਾ ਵੱਜਾ। ਯਾਰ ਕੇ ਮੁੜ ਕੇ ਬੂਹੇ ਅਗਦੀ ਕਦੇ ਨਹੀਂ ਲੰਘੇ।" ਦੀਪੇ ਨੇ ਹੱਡ ਬੀਤੀ ਕਹਿ ਸੁਣਾਈ।

"ਤੇ ਸ਼ਰਮ ਸੁੰਹ ਨੇ ਜ਼ਬਾਨ ਨਹੀਂ ਕੀਤੀ ਹੋਈ ਤੈਨੂੰ ਏਨੀ ਪੈਲੀ ਬੀਜ ਕੇ ਦੇਣ ਦੀ ?" ਟਹਿਲ ਸਿੰਘ ਨੇ ਜ਼ਰਾ ਵਧੇਰੇ ਪੁੱਣ ਛਾਣ ਕਰਨ ਦੀ ਇੱਛਿਆ ਨਾਲ ਕਿਹਾ।

"ਜ਼ਬਾਨ ਤਾਂ ਕੀਤੀ ਹੋਈ ਸੀ, ਪਰ ਜਿਹੜਾ ਬਚਨ ਕਰਕੇ ਫਿਰ ਜਾਏ, ਉਹਦਾ ਕੀ ਇਲਾਜ ? ਤੈਨੂੰ ਦੱਸਿਆ ਏ ਨਾ, ਭਈ ਅੰਗਰੇਜ਼ ਵਾਇਸਰਾਏ ਮਹਾਤਮਾ ਗਾਂਧੀ ਨਾਲ ਲਿਖਤੀ ਸਮਝੌਤਾ ਕਰਕੇ ਮੁੱਕਰ ਗਿਆ ਸੀ।" ਬਾਬੇ ਅਕਾਲੀ ਨੇ ਬੜੇ ਧਿਆਨ ਨਾਲ ਉਹਦੇ ਵੱਲ ਵਿਹੰਦਿਆਂ ਕਿਹਾ। ਉਹ ਦੋ-ਤਿੰਨ ਦਿਨ ਤੋਂ ਅੰਦਰੇ-ਅੰਦਰ ਸੋਚ ਰਿਹਾ ਸੀ ਕਿ ਅੰਗਰੇਜ਼ ਕੌਮ ਦਾ ਵੱਡਾ ਜ਼ਿੰਮੇਂਵਾਰ ਆਦਮੀ ਬਚਨ ਕਰਕੇ ਕਿਉਂ ਫਿਰ ਗਿਆ ? ਕਾਂਗਰਸ ਨੇ ਉਹਦੇ ਉੱਤੇ ਇਤਬਾਰ ਕਿਉਂ ਕਰ ਲਿਆ? ਫਿਰ ਬੱਤੀ-ਤੇਤੀ ਦੇ ਮੋਰਚੇ ਵਿੱਚ ਏਨੀਆਂ ਕੁਰਬਾਨੀਆਂ ਦੇ ਕੇ ਕਾਂਗਰਸ ਕਿਉਂ ਹਾਰ ਗਈ? ਵਿਚੋ-ਵਿੱਚ ਇਹਨਾਂ ਵਿਚਾਰਾਂ ਨਾਲ ਉਹਦਾ ਦਿਲ ਭਰਿਆ ਪਿਆ ਸੀ, ਪਰ ਗੱਲਾਂ ਕਰਨ ਵਾਸਤੇ ਉਹਨੂੰ ਮਨ ਮਰਜ਼ੀ ਦਾ ਸਰੋਤਾ ਕੋਈ ਨਹੀਂ ਸੀ ਮਿਲਿਆ। ਅਸਲ ਵਿੱਚ ਉਹ ਕਿਸੇ ਅੱਗੇ ਆਪਣਾ ਆਪ ਫੋਲ ਕੇ ਹੌਲਾ ਕਰਨਾ ਚਾਹੁੰਦਾ ਸੀ।

"ਅੰਗਰੇਜ਼ ਕਿਹੜੀ ਗੱਲੋਂ ਮੁਕਰ ਗਏ ਸਨ ?" ਦੀਪੇ ਨੇ ਗੱਲਾਂ ਸੁਣਨ ਦੀ ਇੱਛਿਆ ਨਾਲ ਕਿਹਾ। ਉਹ ਬਾਬੇ ਅਕਾਲੀ ਦੇ ਸ਼ਰਧਾਲੂ ਸਰੋਤਿਆਂ ਵਿੱਚੋਂ ਇਕ ਸੀ।

"ਸੁਣ ਲਉ।" ਬਾਬਾ ਅਕਾਲੀ ਜ਼ਰਾ ਨਿੱਠ ਕੇ ਬਹਿ ਗਿਆ। "ਗਾਂਧੀ-ਇਰਵਨ ਸਮਝੌਤੇ ਦੀ ਸਭ ਤੋਂ ਵੱਡੀ ਸ਼ਰਤ ਸੀ ਰਾਜਸੀ ਕੈਦੀ ਰਿਹਾਅ ਕਰਨ ਦੀ।

ਰਿਹਾਈਆਂ ਦੀ ਚਾਲ ਸਰਕਾਰ ਨੇ ਬੜੀ ਸੁਸਤ ਰੱਖੀ। ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਸੱਚੀ ਗੱਲ ਏ, ਦੇਸ਼ ਸਾਰਾ ਉਹਨਾਂ ਦੀ ਰਿਹਾਈ ਦੀਆਂ ਆਸਾਂ ਲਾਈ ਬੈਠਾ ਸੀ ਤੇ ਓਹਾ ਨੇਪਰੇ ਨਾ ਚੜ੍ਹੀਆਂ। ਕਾਂਗਰਸ ਫੇਰ ਵੀ ਸਮਝੌਤੇ ਨਾਲ ਚੰਬੜੀ ਰਹੀ। ਉਤੋਂ ਇਰਵਨ ਦੀ ਥਾਂ ਨਵਾਂ ਵਾਇਸਰਾਏ ਆ ਗਿਆ ਲਾਰਡ ਵਾਲਿੰਗਡਨ (17 ਅਪ੍ਰੈਲ, 1931)। ਉਹ ਬੜਾ ਸਖ਼ਤ-ਸੁਭਾਅ ਤੇ ਚਲਾਕ ਸੀ। ਉਹਨੇ ਕਾਂਗਰਸ ਦੇ ਕੁਛ ਲੀਡਰਾਂ ਨੂੰ ਸਮਝਾਅ ਮਨਾ ਕੇ ਗੋਲਮੇਜ਼ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਵਾਸਤੇ ਰਾਜ਼ੀ ਕਰ ਲਿਆ, ਜੋ ਵਲੈਤ ਵਿੱਚ ਹੋਣੀ ਸੀ। ਗਾਂਧੀ ਜੀ ਭਾਰਤ ਦੇ ਨੇਤਾ ਬਣ ਕੇ ਕਾਨਫ਼ਰੰਸ ਵਿੱਚ ਸ਼ਾਮਲ ਹੋਏ। ਇਕੱਤੀ ਦਸੰਬਰ (1931) ਨੂੰ ਕਾਨਫ਼ਰੰਸ ਖ਼ਤਮ ਹੋ ਗਈ। ਅੰਗਰੇਜ਼ਾਂ ਨੇ ਭਾਰਤ ਨੂੰ ਦੇਣਾ ਲੈਣਾ ਕੀ ਸੀ, ਐਵੇਂ ਦੁਨੀਆਂ ਦੀਆਂ ਅੱਖਾਂ ਵਿੱਚ ਘੱਟਾ ਘੱਤਣ ਵਾਲੀ ਗੱਲ ਸੀ। ਗਾਂਧੀ ਜੀ ਜੇਹੋ ਜੇਹੇ ਗਏ ਸੀ, ਉਹੋ ਜੇਹੇ ਖ਼ਾਲੀ ਹੱਥੀਂ ਪਰਤ ਆਏ।"

"ਤੇ ਹੋਰ ਬੂਤਨਿਆਂ ਕੋਲੋਂ ਵੀ ਕਦੇ ਕਿਸੇ ਨੂੰ ਮੁਰਾਦ ਮਿਲੀ ਏ ?" ਦੀਪੇ ਦਾ ਸੁਭਾਅ ਚੁੱਪ ਕਰਕੇ ਗੱਲ ਸੁਣੀ ਜਾਣ ਦਾ ਨਹੀਂ ਸੀ।

"ਗਾਂਧੀ ਜੀ ਨੇ ਦੇਸ ਆਕੇ ਸਾਰੀ ਗੱਲ-ਬਾਤ ਸਾਥੀਆਂ ਨੂੰ ਦੱਸੀ। ਕਾਂਗਰਸ ਨੇ ਵਾਇਸਰਾਏ ਨਾਲ ਗੱਲ-ਬਾਤ ਸ਼ੁਰੂ ਕੀਤੀ ਕਿ ਦੇਸ਼ ਵਾਸੀਆਂ ਨੂੰ ਰਾਜ ਭਾਗ ਵਿੱਚ ਕੁਛ ਅਖ਼ਤਿਆਰ ਦਿੱਤੇ ਜਾਣ। ਵਾਇਸਰਾਏ ਅੱਗੇ ਮਨ ਵਿੱਚ ਕੁਛ ਹੋਰ ਹੀ ਧਾਰੀ ਬੈਠਾ ਸੀ। ਉਹਨੇ ਅੱਗੋਂ ਬੜਾ ਸਖ਼ਤ ਉੱਤਰ ਦਿੱਤਾ। ਗਾਂਧੀ ਜੀ ਨੇ ਫਿਰ ਵੀ ਅੱਗੋਂ ਬੜੇ ਨਰਮ ਸ਼ਬਦਾਂ ਵਿੱਚ ਕਿਹਾ ਕਿ ਸਰਕਾਰ ਮੁਲਕ ਵਿੱਚੋਂ ਅਸ਼ਾਂਤੀ ਦੂਰ ਕਰੇ, ਨਹੀਂ ਤਾਂ ਮੋਰਚਾ ਗਰਮ ਹੋ ਜਾਣ ਦਾ ਡਰ ਏ। ਵਾਇਸਰਾਏ ਨੇ ਏਸ ਨੂੰ ਧਮਕੀ ਸਮਝ ਕੇ ਸਖ਼ਤੀ ਸ਼ੁਰੂ ਕਰ ਦਿੱਤੀ। ਸਰਕਾਰ ਨੇ ਕਾਂਗਰਸ ਨੂੰ ਗ਼ੈਰ ਕਾਨੂੰਨੀ ਜਮਾਤ ਕਰਾਰ ਦੇ ਦਿੱਤਾ (ਚਾਰ ਜਨਵਰੀ, 1932)। ਓਸੇ ਦਿਨ ਮਹਾਤਮਾ ਗਾਂਧੀ ਤੇ ਵਲਭ ਭਾਈ ਪਟੇਲ ਨੂੰ ਗ੍ਰਿਫ਼ਤਾਰ ਕਰਕੇ ਜੇਹਲ ਵਿੱਚ ਭੇਜ ਦਿੱਤਾ।"

"ਪਹਿਲਾਂ ਹੀ ਵੱਡਿਆਂ ਤੋਂ ਸ਼ੁਰੂ ਕੀਤੋ ਨੇ।" ਦੀਪੇ ਦੀ ਵਾਜ ਆਈ।

"ਪਹਿਲੇ ਮੋਰਚੇ ਵੇਰੀਂ ਸਰਕਾਰ ਨੇ ਅਖ਼ੀਰ 'ਤੇ ਆ ਕੇ ਲਾਠੀ ਚਾਰਜ ਕਰਨਾ ਸ਼ੁਰੂ ਕੀਤਾ ਸੀ, ਪਰ ਇਸ ਵਾਰ ਉਹਨੇ ਆਰੰਭ ਵਿੱਚ ਹੀ ਸੱਤਿਆਗ੍ਰਹੀਆਂ ਨੂੰ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਵਾਇਸਰਾਏ ਦਾ ਖ਼ਿਆਲ ਸੀ ਕਿ ਉਹ ਮਹੀਨੇ ਡੂਢ ਮਹੀਨੇ ਵਿੱਚ ਹੀ ਮੋਰਚਾ ਤੋੜ ਦੇਵੇਗਾ, ਪਰ ਜਿਉਂ-ਜਿਉਂ ਸਰਕਾਰ ਸਖ਼ਤੀ ਕਰਦੀ ਗਈ, ਕੰਮ ਗਰਮ ਹੁੰਦਾ ਗਿਆ।"

"ਲੌ ਖਾਂ, ਕੁਰਬਾਨੀ ਕਰਨ ਵਾਲੇ ਕਦੇ ਸਖ਼ਤੀਆਂ ਤੋਂ ਵੀ ਡਰੇ ਨੇ ?" ਟਹਿਲ ਸਿੰਘ ਨੇ ਆਪਣੀ ਰਾਏ ਪੇਸ਼ ਕੀਤੀ।

"ਮਖ, ਫੁਟਬਾਲ ਨੂੰ ਜਿੰਨੀ ਜ਼ੋਰ ਦੀ ਧਰਤੀ 'ਤੇ ਮਾਰੀਏ, ਉਹ ਓਨਾ ਹੀ ਉੱਚਾ

ਬੁੜ੍ਹਕਦਾ ਏ। ਏਹਾਂ ਹਾਲ ਜਨਤਾ ਦਾ ਏ। ਸਰਕਾਰ ਨੇ ਮੋਟੇ-ਮੋਟੇ ਸਾਰੇ ਲੀਡਰ ਜੇਹਲਾਂ ਵਿੱਚ ਸੁੱਟ ਦਿੱਤੇ। ਕਾਂਗਰਸ ਦੇ ਸਾਰੇ ਦਫ਼ਤਰਾਂ 'ਤੇ ਕਬਜ਼ਾ ਕਰ ਲਿਆ। ਕੋਈਆਂ ਕੌਮੀ ਸਕੂਲਾਂ ਤੇ ਕਾਲਜਾਂ ਨੂੰ ਜੰਦਰੇ ਮਾਰ ਦਿੱਤੇ। ਕਾਲੇ ਕਨੂੰਨ ਜਾਰੀ ਕਰਕੇ ਜਲਸੇ ਜਲੂਸਾਂ 'ਤੇ ਪਾਬੰਦੀ ਲਾ ਦਿੱਤੀ। ਫਿਰ ਸੱਤਿਆਗ੍ਰਹੀਆਂ 'ਤੇ ਏਨੀ ਡਾਂਗ ਵਰ੍ਹਾਈ ਜਾਂਦੀ ਕਿ ਕਸਾਈ ਪਸ਼ੂਆਂ ਨੂੰ ਵੀ ਓਨੀ ਬੇਰਹਿਮੀ ਨਾਲ ਨਹੀਂ ਮਾਰਦੇ। ਕਈਆਂ ਦੇ ਹੱਡ ਬੰਦ ਟੁੱਟ ਜਾਂਦੇ। ਸਰਕਾਰੀ ਅਫ਼ਸਰ ਆਹੰਦੇ, 'ਏਨਾ ਮਾਰੋ, ਏਨਾ ਮਾਰੋ ਕਿ ਪਿੱਛੋਂ ਦੂਸਰੇ ਜਥੇ ਵਿੱਚ ਔਣ ਦਾ ਨਾ ਕੋਈ ਨਾ ਲਵੇ।' ਪਰ ਕੀ ਇਸ ਤਰ੍ਹਾਂ ਸੱਤਿਆਗ੍ਰਹਿ ਕਰਨ ਵਾਲੇ ਰੁਕ ਗਏ ? ਕਦੇ ਜਨਤਾ ਦਾ ਭੜਕਿਆ ਹੋਇਆ ਜੋਸ਼ ਵੀ ਮੱਠਾ ਹੋਇਆ ਏ ?"

"ਤੇ ਜੱਥੇ ਜਾਂਦੇ ਕਿੱਥੇ ਸਨ ?" ਬਾਬੇ ਅਕਾਲੀ ਦੀ ਗੱਲ ਟੋਕ ਕੇ ਸੱਜਣ ਸਿੰਘ ਨੇ ਪੁੱਛਿਆ। ਉਹਦੇ ਅੰਦਰ ਜੈਤੋ ਨੂੰ ਜਾਣ ਵਾਲੇ ਜੱਥਿਆਂ ਦੀ ਯਾਦ ਤਾਜ਼ਾ ਹੋ ਗਈ ਸੀ।

"ਗੁਰੂ ਕੇ ਬਾਗ਼ ਜਾਂ ਭਾਈ ਫੇਰੂ ਵਾਂਗ ਕਿਸੇ ਇਕ ਥਾਂ ਜੱਥੇ ਭੇਜਣ ਦਾ ਮੋਰਚਾ ਨਹੀਂ ਸੀ, ਸਗੋਂ ਸਾਰਾ ਦੇਸ਼ ਹੀ ਮੋਰਚਾ ਬਣ ਗਿਆ ਸੀ। ਕੋਈ ਇਲਾਕਿਆਂ ਵਿੱਚ ਲੋਕਾਂ ਨੇ ਸਰਕਾਰੀ ਲਗਾਨ ਦੇਣਾ ਬੰਦ ਕਰ ਦਿੱਤਾ ਸੀ। ਕਿਤੇ-ਕਿਤੇ ਚੌਕੀਦਾਰਾ ਦੇਣ ਤੋਂ ਲੋਕ ਇਨਕਾਰੀ ਹੋ ਗਏ ਸਨ। ਸਰਕਾਰ ਉਹਨਾਂ ਨੂੰ ਫੜ ਕੇ ਕੈਦ ਦੇ ਨਾਲ-ਨਾਲ ਜੁਰਮਾਨੇ ਕਰਦੀ। ਕੋਈ ਵਾਰ ਜੁਰਮਾਨੇ ਦੀ ਰਕਮ ਏਨੀ ਹੁੰਦੀ ਕਿ ਉਹਦੀ ਸਾਰੀ ਜਾਇਦਾਦ ਨਿਲਾਮ ਕਰਕੇ ਵੀ ਜੁਰਮਾਨਾ ਪੂਰਾ ਨਾ ਹੁੰਦਾ। ਫਿਰ ਸਰਕਾਰ ਉਹਦੇ ਭਰਾਵਾਂ ਭਾਈਆਂ ਤੇ ਸਾਕਾਂ ਸਰਬੰਧੀਆਂ ਦੀਆਂ ਜਾਇਦਾਦਾਂ ਕੁਰਕ ਕਰ ਲੈਂਦੀ। ਮਖ, ਕੋਈ ਇਕ ਅੰਨ੍ਹੀ ਮਚਾਈ ਹੋਈ ਸੀ ਨੌਕਰ-ਸ਼ਾਹੀ ਨੇ ? ਕੋਈ ਥਾਂਈਂ ਹਜ਼ਾਰਾਂ ਰੁਪਈਆਂ ਦੀਆਂ ਜਾਇਦਾਦਾਂ ਕੌਡੀਆਂ ਦੇ ਭੱਾ ਨਿਲਾਮ ਕਰ ਦਿੱਤੀਆਂ ਗਈਆਂ। ਸੱਤਿਆਗ੍ਰਹਿ ਕਰਨ ਵਾਲਿਆਂ ਦੀ ਜਾਇਦਾਦ ਦੀ ਆਮ ਲੋਕਾਂ 'ਚੋਂ ਤਾਂ ਬੋਲੀ ਦੇਂਦਾ ਕੋਈ ਨਹੀਂ ਸੀ।"

"ਏਸ ਤਰ੍ਹਾਂ ਬੋਲੀ ਦੇ ਕੇ ਕੌਣ ਮੂੰਹ ਕਾਲਾ ਕਰੇਂਦਾ ?" ਦੀਪੇ ਦੇ ਖ਼ਿਆਲ ਵਿੱਚ ਇਹ ਕੰਮ ਬਹੁਤ ਹੀ ਮਾੜਾ ਸੀ।

"ਸੋ ਬੋਲੀ ਦੇਂਦੇ ਸਨ ਸਿਰਫ਼ ਟੋਡੀ ਲੋਕ, ਏਹਾ ਜ਼ੈਲਦਾਰ, ਸਫੇਦਪੋਸ਼ ਤੇ ਹੋਰ ਏਹੋ ਜੇਹੇ ਝੋਲੀਚੁੱਕ।" ਬਾਬੇ ਅਕਾਲੀ ਨੇ ਆਪਣੀ ਗੱਲ ਜਾਰੀ ਰੱਖੀ, "ਤੇ ਉਹ ਐਵੇਂ ਨਾਂ-ਮਾਤਰ ਬੋਲੀ ਦੇ ਕੇ ਹਜ਼ਾਰਾਂ ਦੀ ਜਾਇਦਾਦ ਖ਼ਰੀਦ ਲੈਂਦੇ। ਇਹ ਜਾਇਦਾਦ ਦੀ ਮਾਰ ਲੋਕਾਂ ਵਾਸਤੇ ਸਹਿਣੀ ਬੜੀ ਔਖੀ ਸੀ, ਪਰ ਫਿਰ ਵੀ ਉਹਨਾਂ ਦਿਲ ਨਹੀਂ ਹਾਰਿਆ।"

"ਭਈ, ਜੋਸ਼ ਤੇ ਸਿਰੜ ਆਦਮੀ ਨੂੰ ਸ਼ਹੀਦ ਹੋਣ ਤੱਕ ਲੈ ਜਾਂਦਾ ਏ।" ਟਹਿਲ

ਸਿੰਘ ਨੇ ਗੋਡਿਆਂ ਉਦਾਲੇ ਸਾਫਾ ਵਲਦਿਆਂ ਕਿਹਾ। ਉਹ ਚੌਂਕੜੀ ਮਾਰ ਕੇ ਬੈਠਾ ਬੈਠਾ ਥੱਕ ਗਿਆ ਸੀ। ਲੱਕ ਦੇ ਮਗਰ ਦੀ ਸਾਫਾ ਪਾ ਕੇ ਦੋਹਾਂ ਗੋਡਿਆਂ ਦੇ ਉਦਾਲੇ ਘੁੱਟ ਕੇ ਬੰਨ੍ਹ ਕੇ ਉਹਨੇ ਇਕ ਕਿਸਮ ਦੀ ਆਰਾਮ-ਕੁਰਸੀ ਬਣਾ ਲਈ।

"ਤੇ ਏਹਾ ਜੋਸ਼ ਹੀ ਕਿਸੇ ਮੋਰਚੇ ਦੀ ਜਾਨ ਹੁੰਦੀ ਏ।" ਬਾਬੇ ਅਕਾਲੀ ਨੇ ਟਹਿਲ ਸਿੰਘ ਵੱਲ ਵੇਖ ਕੇ ਆਪਣੇ ਸ਼ਬਦਾਂ 'ਤੇ ਜ਼ੋਰ ਦੇਂਦਿਆਂ ਕਿਹਾ, "ਕੋਈਆਂ ਪਿੰਡਾਂ ਤੇ ਇਲਾਕਿਆਂ ਵਿੱਚ ਸਰਕਾਰ ਨੇ ਪੁਲਸ ਦੀਆਂ ਤਾਜੀਰੀ ਚੌਂਕੀਆਂ ਪਾ ਦਿੱਤੀਆਂ। ਉਹਨਾਂ ਦੇ ਖ਼ਰਚ ਵਜੋਂ ਲੋਕਾਂ ਤੋਂ ਹਜ਼ਾਰਾਂ ਰੁਪਏ ਉਗਰਾਹੇ ਗਏ। ਉਗਰਾਹੇ ਕਾਹਦੇ, ਲੁੱਟੇ ਗਏ। ਇਹ ਮੋਰਚੇ ਦਾ ਇਕ ਪਾਸਾ ਸੀ। ਅਜੇ ਹੋਰ ਸੁਣੋਂ। ਸਰਕਾਰ ਨੇ ਥਾਂ-ਥਾਂ ਕਾਂਗਰਸ ਦੇ ਦਫ਼ਤਰਾਂ 'ਤੇ ਕਬਜ਼ਾ ਕਰ ਲਿਆ ਸੀ। ਸੱਤਿਆਗ੍ਰਹਿ ਕਰਨ ਵਾਲਾ ਜੱਥਾ ਹੱਥਾਂ ਵਿੱਚ ਕਾਂਗਰਸੀ ਝੰਡਾ ਲੈ ਕੇ ਦਫ਼ਤਰ 'ਤੇ ਦੁਬਾਰਾ ਕਬਜ਼ਾ ਕਰਨ ਵਾਸਤੇ ਧਾਵਾ ਬੋਲਦਾ। ਉਸ ਮੋਰਚੇ ਨੂੰ 'ਧਾਵਾ ਬੋਲਣਾ' ਹੀ ਆਖਦੇ ਸਨ। ਜੱਥੇ ਵਾਲੇ 'ਇਨਕਲਾਬ' ਤੇ 'ਬੰਦੇ ਮਾਤਰਮ' ਦੇ ਨਾਹਰੇ ਲੌਂਦੇ ਅੱਗੇ ਵਧਦੇ। ਉਹ ਦਫ਼ਤਰ ਦੇ ਨੇੜੇ ਪਹੁੰਚਦੇ, ਤਾਂ ਅੱਗੋਂ ਪੁਲਸ ਡਾਂਗੀਂ ਡਹਿ ਪੈਂਦੀ। ਜਥੇ ਵਾਲੇ ਡਾਂਗਾਂ ਖਾਂਦੇ ਓਨਾ ਚਿਰ ਅੱਗੇ ਵਧਦੇ ਜਾਂਦੇ, ਜਿੰਨਾ ਚਿਰ ਬੇਹੋਸ਼ ਹੋ ਕੇ ਡਿੱਗ ਨਾ ਪੈਂਦੇ। ਹੋਰ ਹੱਥ ਤਾਂ ਅੱਗੋਂ ਚੁੱਕਦੇ ਨਹੀਂ ਸਨ। ਉਹਨਾਂ ਸ਼ਾਂਤਮਈ ਰੱਖਣ ਦਾ ਪ੍ਰਣ ਲਿਆ ਹੁੰਦਾ ਸੀ। ਇਹ ਨਜ਼ਾਰੇ ਵੇਖਣ ਵਿੱਚ ਬੜੇ ਦੁਖਦਾਈ ਹੁੰਦੇ ਸਨ। ਨਿਹੱਥਿਆਂ ਬੰਦਿਆਂ ਨੂੰ ਝੋਹ ਵਾਂਗ ਕੁੱਟੀ ਜਾਣਾ ਕੋਈ ਜਵਾਨ-ਮਰਦੀ ਏ ? ਫਿਰ ਕਿਤੇ ਸਕੂਲਾਂ ਦੇ ਸੋਹਲ ਬੱਚੇ ਜੱਥਾ ਲੈ ਕੇ ਜਾਂਦੇ। ਕਿਤੇ ਚੰਗੇ ਘਰਾਂ ਦੀਆਂ ਸੁਆਣੀਆਂ ਤੇ ਛੋਟੀਆਂ ਕੁੜੀਆਂ ਵੀ ਜੱਥਿਆਂ ਵਿੱਚ ਹੁੰਦੀਆਂ। ਸਰਕਾਰੀ ਟੁਕੜ-ਬੋਚ ਉਹਨਾਂ ਨੂੰ ਵੀ ਬੇ-ਕਿਰਕੀ ਨਾਲ ਮਾਰਦੇ ਕੁੱਟਦੇ।"

"ਹੱਤ, ਤੁਹਾਡਾ ਕੱਖ ਨਾ ਰਹੇ, ਟੋਡੀ ਬੱਚਿਓ।" ਦੀਪੇ ਨੇ ਡਾਢਾ ਸਤ ਕੇ ਕਿਹਾ।

"ਟੋਡੀਆਂ ਨਾਲ ਹੁੰਦੀ ਤਾਂ ਬਥੇਰੀ ਸੀ, ਪਰ ਉਹ ਲਾਲਚ ਦੇ ਮਾਰੇ ਸਮਝਦੇ ਨਹੀਂ ਸਨ।"

"ਮਖ, ਸ਼ਹਿਰਾਂ ਵਿੱਚ ਜ਼ਨਾਨੀਆਂ 'ਟੋਡੀ ਬੱਚਾ ਹਾਇ ਹਾਇ' ਕਰਕੇ ਸਿਆਪੇ ਕਰਦੀਆਂ ਹੁੰਦੀਆਂ ਸਨ। ਅਜੇ ਕੱਲ੍ਹ ਦੀ ਤਾਂ ਗੱਲ ਏ। ਆਏ ਦਿਨ ਕਸੂਰ ਵਿਹੰਦੇ ਹੁੰਦੇ ਸਾਂ ਕਿ!" ਟਹਿਲ ਸਿੰਘ ਨੇ ਬਾਬੇ ਅਕਾਲੀ ਦੇ ਕਥਨ ਦੀ ਪ੍ਰੋੜ੍ਹਤਾ ਵਜੋਂ ਕਿਹਾ।

"ਤੂੰ ਤਾਂ ਖਵਣੀ ਓਸ ਮੋਰਚੇ ਵਿੱਚ ਵੀ ਇਕ ਦਿਨ ਚਾਹਟਾ ਛਕ ਆਇਆ ਸੈਂ।" ਦੀਪੇ ਦੀ ਬੋਲੀ ਭਾਵੇਂ ਵਿਅੰਗਮਈ ਸੀ, ਪਰ ਉਸ ਵਿੱਚ ਸ਼ਰਧਾ ਤੇ ਸਲਾਹੁਤਾ ਵਧੇਰੇ ਸੀ।

"ਇਕ ਮੈਂ ਕੀ, ਆਪਣੇ ਪਿੰਡ ਵਿੱਚੋਂ ਚਾਰ ਪੰਜ ਆਦਮੀ ਗਏ ਸਨ।"

"ਓਦੋਂ ਤਾਂ ਅਸੀਂ ਧਰਮ ਸੁੰਹ ਛੜੇ ਨੂੰ ਵੀ ਨਾਲ ਲੈ ਗਏ ਸਾਂ।" ਕੋਲੋਂ ਸੱਜਣ ਸਿੰਘ ਨੇ ਉਗਾਹੀ ਵਜੋਂ ਕਿਹਾ, "ਉੱਞ ਵਾਪਸ ਔਂਦਿਆਂ ਉਹ ਸਾਨੂੰ ਸਾਰੇ ਰਾਹ ਛੇੜਦਾ ਆਇਆ। ਅਖੇ : ਤੁਹਾਡੀਆਂ ਤਾਂ ਜ਼ਨਾਨੀਆਂ ਸੱਟਾਂ ਉੱਤੇ ਸੇਕ ਕਰ ਦੇਣਗੀਆਂ, ਤੇ ਮੇਰੀ ਵਾਤ ਕੌਣ ਪੁੱਛੇਗਾ ?"

"ਉਹ ਬੇਗਮੋ ਨੂੰ ਸੱਦ ਲੈਂਦਾ।" ਗੱਲ ਟਿਕਾਣੇ ਆਈ ਵੇਖ ਕੇ ਦੀਪਾ ਟਕੋਰ ਕਰਨੋਂ ਨਾ ਟਲਿਆ।

"ਬੱਚੂ! ਤੁਹਾਨੂੰ ਹਾਸਾ ਠੱਠਾ ਸੁਝਦਾ ਏ, ਪਰ ਮੈਂ ਉਸ ਜੋਸ਼ ਵੱਲੇ ਵੇਖਦਾ ਹਾਂ।" ਬਾਬੇ ਅਕਾਲੀ ਨੇ ਦੀਪੇ ਵੱਲ ਵੇਖਦਿਆਂ ਕਿਹਾ, "ਸਾਰੇ ਦੇਸ਼ ਵਿੱਚ ਸ਼ਾਇਦ ਈ ਕੋਈ ਏਹੋ ਜੇਹਾ ਪਿੰਡ ਹੋਵੇ, ਜਿੱਥੋਂ ਕਿਸੇ ਇਕ ਬੰਦੇ ਵੀ ਕੌਮੀ ਲਹਿਰ ਵਿੱਚ ਹਿੱਸਾ ਨਾ ਲਿਆ ਹੋਵੇ। ਨਹੀਂ ਤਾਂ ਕਿਤੋਂ ਦੋ, ਕਿਤੋਂ ਦਸ, ਜ਼ਰੂਰ ਗਏ ਸਨ। ਫਿਰ ਇਸ ਪਿਕਟਿੰਗ ਦੇ ਕੰਮ ਵਿੱਚ ਤਾਂ ਉਹ ਬਹੁਤ ਹੀ ਅੱਗੇ ਰਹੇ ਹਨ। ਅਸਲ ਵਿੱਚ ਮਾਰ ਖਾਣ ਤੇ ਜੇਹਲ ਕੱਟਣ ਵਿੱਚ ਸ਼ਹਿਰੀਆਂ ਨਾਲੋਂ ਪੇਂਡੂ ਤਕੜਾ ਹੈ। ਇਕ ਜੁਰਮਾਨੇ ਦੀ ਮਾਰ ਨਹੀਂ ਸਹਿ ਸਕਦਾ। ਹਾਂ, ਸਾਰੀ ਜਾਇਦਾਦ ਜ਼ਬਤ ਹੋ ਜਾਵੇ, ਤਾਂ ਸਹਾਰ ਲਵੇਗਾ।"

"ਉ, ਫਿਰ ਸਿਰ ਪਈ ਤਾਂ ਝੱਲਣੀ ਪੈਂਦੀ ਏ ਨਾ ਭਈ!"

"ਬਹੁਤਾ ਜ਼ੋਰ ਬਦੇਸ਼ੀ ਮਾਲ ਦੇ ਬਾਈਕਾਟ 'ਤੇ ਸੀ। ਇਹ ਲਹਿਰ ਸਾਰੇ ਮੁਲਕ ਵਿੱਚ ਫੈਲ ਗਈ ਸੀ। ਉਸ ਵੇਲੇ ਵਲਾਇਤੀ ਮਾਲ ਮੰਗਾਉਣ ਵਾਲੇ, ਵੇਚਣ ਵਾਲੇ ਜਾਂ ਵਰਤਣ ਵਾਲੇ ਨੂੰ ਲੋਕ ਨਫ਼ਰਤ ਨਾਲ ਵੇਖਦੇ ਸਨ। ਸੱਤਿਆਗ੍ਰਹੀ ਦੁਕਾਨਾਂ ਦੇ ਬੂਹੇ ਅੱਗੇ ਪਿਕਟਿੰਗ ਕਰਦੇ। ਸਰਕਾਰ ਝੋਲੀ ਚੁੱਕਾਂ ਨੂੰ ਗਾਹਕ ਬਣਾ ਕੇ ਮਾਲ ਖ਼ਰੀਦਣ ਵਾਸਤੇ ਭੇਜਦੀ। ਪਿਕਟਿੰਗ ਕਰਨ ਵਾਲੇ ਗਾਹਕਾਂ ਅੱਗੇ ਹੱਥ ਜੋੜਦੇ, ਮੁਲਕ ਦਾ ਵਾਸਤਾ ਪੌਂਦੇ ਤੇ ਅੰਤ ਉਹਨਾਂ ਦੇ ਰਾਹ ਵਿੱਚ ਲੇਟ ਜਾਂਦੇ। ਓਸੇ ਵੇਲੇ ਪੁਲਸ ਡਾਂਗੀਂ ਡਹਿ ਪੈਂਦੀ। ਜਿਵੇਂ ਗਭਰੂ ਮੁੰਡੇ ਛੱਲੀਆਂ ਕੁੱਟਦੇ ਨੇ, ਪੁਲਸ ਏਹ ਹਾਲ ਕਰਦੀ। ਪਿਕਟਿੰਗ ਕਰਨ ਵਾਲਿਆਂ ਨੂੰ ਉਹ ਗ੍ਰਿਫ਼ਤਾਰ ਘੱਟ ਕਰਦੀ ਸੀ ਤੇ ਮਾਰਦੀ ਵਧੇਰੇ ਸੀ। ਸਰਕਾਰ ਕੈਦ ਕਰੀ ਵੀ ਕਿੰਨਿਆਂ ਕੁ ਨੂੰ ਜਾਂਦੀ। ਇਸ ਮੋਰਚੇ ਵਿੱਚ ਇਕ ਲੱਖ ਵੀਹ ਹਜ਼ਾਰ ਤੋਂ ਵੱਧ ਲੋਕ ਕੈਦ ਹੋਏ ਸਨ। ਤੇ ਮਾਰ ਤਾਂ ਸ਼ਾਇਦ ਪੰਜ-ਸੱਤ ਲੱਖ ਨੂੰ ਪਈ ਹੋਏ।"

"ਬੱਲੇ ਬੱਲੇਹ।" ਦੀਪੇ ਨੇ ਹੈਰਾਨੀ ਨਾਲ ਕਿਹਾ। "ਪਰ ਵਲੈਤੀ ਮਾਲ ਦੇ ਬਾਈਕਾਟ ਦੀ ਅੰਗਰੇਜ਼ਾਂ ਨੂੰ ਕੀ ਪੀੜ ਹੁੰਦੀ ਸੀ ?"

"ਅੰਗਰੇਜ਼ਾਂ ਨੂੰ ? ਏਸੇ ਗੱਲ ਦੀ ਤਾਂ ਸਭ ਤੋਂ ਵਧੇਰੇ ਪੀੜ ਹੁੰਦੀ ਸੀ। ਅਸਲ ਵਿੱਚ ਅੰਗਰੇਜ਼ ਬਪਾਰੀ ਕੌਮ ਏਂ। ਮਨ ਮਰਜ਼ੀ ਦੇ ਭਾਵਾਂ 'ਤੇ ਆਪਣਾ ਮਾਲ ਵੇਚਣ ਵਾਸਤੇ ਈ ਇਹਨਾਂ ਨੇ ਅੱਧੀ ਦੁਨੀਆਂ ਨੂੰ ਗ਼ੁਲਾਮ ਬਣਾਇਆ ਹੋਇਆ ਏ। ਕਦੇ ਤਾਂ ਅਮਰੀਕਾ ਵੀ ਅੰਗਰੇਜ਼ਾਂ ਦਾ ਗ਼ੁਲਾਮ ਸੀ। ਕੇਈ ਮੁਲਕ ਸਹਿਜ-ਸਹਿਜ ਇਹਨਾਂ

ਦੇ ਪੰਜੇ ਵਿੱਚੋਂ ਨਿਕਲ ਗਏ ਨੇ। ਹੁਣ ਸਾਡੀ ਵਾਰੀ ਏ। ਤੇ ਸਾਡੇ ਕੋਲ ਸਭ ਤੋਂ ਵਧੀਆ ਹਥਿਆਰ ਇਹਨਾਂ ਦੇ ਮਾਲ ਦਾ ਬਾਈਕਾਟ ਏ। ਕਿਤੇ ਸਾਰੇ ਹਿੰਦੁਸਤਾਨੀ ਇਹਨਾਂ ਦਾ ਮਾਲ ਖ਼ਰੀਦਣਾ ਛੱਡ ਦੇਣ, ਤਾਂ ਇਹ ਬਿੱਲੇ ਆਪਣੇ ਆਪ ਈ ਭੂੜ੍ਹੀ ਵਲ੍ਹੇਟ ਕੇ ਤੁਰ ਜਾਣ। ਮਹਾਤਮਾ ਗਾਂਧੀ ਨੇ ਮਾਰਸ਼ਲ-ਲਾਅ ਤੋਂ ਪਿੱਛੋਂ ਇਹ ਬਾਈਕਾਟ ਦੀ ਲਹਿਰ ਚਲਾਈ ਏ, ਤੇ ਹੁਣ ਤੱਕ ਅੰਗਰੇਜ਼ਾਂ ਦੇ ਕੇਈ ਕਾਰਖ਼ਾਨੇ ਬੰਦ ਹੋ ਗਏ ਨੇ। ਮਖ, ਵਲਾਇਤ ਵਿਚ ਸੱਥਰ ਵਿਛ ਗਏ ਨੇ। ਹਜ਼ਾਰਾਂ ਮਜ਼ਦੂਰ ਵਿਹਲੇ ਫਿਰ ਰਹੇ ਨੇ। ਪਾਰਲੀਮੈਂਟ ਵਿੱਚ ਤਰਥੱਲੀ ਮੱਚ ਗਈ ਸੀ ਓਦੋਂ।"

"ਫਿਰ ਘਰ ਨੂੰ ਅੱਗ ਜੁ ਲੱਗੀ ਹੋਈ ਸੀ।" ਅੰਗਰੇਜ਼ਾਂ ਦੇ ਘਰ ਵਿੱਚ ਹਲਚਲ ਦੀ ਖ਼ਬਰ ਸੁਣ ਕੇ ਦੀਪੇ ਨੇ ਬੜੀ ਖ਼ੁਸ਼ੀ ਮਹਿਸੂਸ ਕੀਤੀ।

"ਤੇ ਜਿਉਂ-ਜਿਉਂ ਪਾਰਲੀਮੈਂਟ ਵਿੱਚ ਰੌਲਾ ਪੈਂਦਾ, ਏਥੋਂ ਦੀ ਸਰਕਾਰ ਵਧੇਰੇ ਸਖ਼ਤੀਆਂ ਕਰਦੀ। ਉਹ ਸਿਰਫ਼ ਬਾਹਰ ਪਿਕਟਿੰਗ ਕਰਨ ਵਾਲਿਆਂ ਨੂੰ ਹੀ ਨਹੀਂ ਸੀ ਮਾਰਦੀ, ਸਗੋਂ ਜੇਹਲ ਵਿੱਚ ਕੈਦੀਆਂ ਉੱਤੇ ਵੀ ਪੱਜ ਬਹਾਨੇ ਬਹੁਤ ਸਖ਼ਤੀ ਕਰਦੀ। ਕੇਈ ਤਾਂ ਜੇਹਲਾਂ ਦੇ ਅੰਦਰ ਹੀ ਉਸ ਪਸ਼ੂਪੁਣੇ ਦਾ ਸ਼ਕਾਰ ਹੋ ਗਏ, ਤੇ ਕੇਈ ਸਾਰੀ ਉਮਰ ਦੇ ਰੋਗੀ ਬਣ ਕੇ ਬਾਹਰ ਆਏ। ਪਰ ਇਸ ਸਭ ਕਾਸੇ ਦੇ ਹੁੰਦਿਆਂ ਹੋਇਆਂ ਵੀ ਸੱਤਿਆਗ੍ਰਹਿ ਚਲਦਾ ਰਿਹਾ। ਬਹੁਤੇ ਲੀਡਰ ਤਾਂ ਅੰਦਰ ਸਨ, ਤੇ ਜਿਹੜੇ ਕੁਛ ਬਾਹਰ ਬਚ ਗਏ, ਉਹ ਲੁਕ ਛਿਪ ਕੇ ਆਪਣਾ ਕੰਮ ਕਰਦੇ ਰਹੇ। ਕਾਂਗਰਸ ਨੇ ਐਲਾਨ ਕੀਤਾ ਕਿ ਅਸੀਂ ਅਪ੍ਰੈਲ (1932) ਵਿੱਚ ਦਿੱਲੀ ਅੰਦਰ ਸੈਸ਼ਨ ਕਰਾਂਗੇ। ਸਰਕਾਰ ਨੂੰ ਪਿੱਸੂ ਪੈ ਗਏ। ਉਹਨੇ ਪੁਲਸ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਦਿੱਲੀ ਕੱਠੀਆਂ ਕਰ ਲਈਆਂ। ਵੱਡੇ ਅਫ਼ਸਰਾਂ ਨੇ ਬੜੇ ਐਲਾਨ ਕੀਤੇ ਕਿ ਦਿੱਲੀ ਵਿੱਚ ਸੈਸ਼ਨ ਨਹੀਂ ਹੋਣ ਦਿੱਤਾ ਜਾਵੇਗਾ, ਪਰ ਉਹ ਸੈਸ਼ਨ ਹੋ ਗਿਆ। ਤੇ ਹੋਇਆ ਵੀ ਦੱਸੇ ਹੋਏ ਥਾਂ 'ਤੇ, ਮਿੱਥੇ ਹੋਏ ਸਮੇਂ 'ਤੇ।"

"ਕਿਥੇ ਹੋਇਆ ਸੀ ?" ਦੀਪਾ ਪੁੱਛੇ ਬਿਨਾਂ ਰਹਿ ਨਾ ਸਕਿਆ।

"ਦਿੱਲੀ ਦੀ ਸਭ ਤੋਂ ਰੌਣਕੀ ਥਾਂ, ਚੌਂਕ ਘੰਟਾ ਘਰ ਵਿੱਚ।"

"ਮਖ ਮੂੰਹੋਂ ਕੱਢੀ ਗੱਲ ਮਰਦਾਂ ਨੇ ਪੂਰੀ ਕਰ ਦਿੱਤੀ ਕਿ!" ਇਹ ਟਹਿਲ ਸਿੰਘ ਦੀ ਵਾਜ ਸੀ।

"ਖ਼ੈਰ ਸੱਤਿਆਗ੍ਰਹਿ ਚਲਦਾ ਰਿਹਾ।" ਬਾਬੇ ਅਕਾਲੀ ਨੇ ਫਿਰ ਪਹਿਲੀ ਗੱਲ ਸ਼ੁਰੂ ਕਰ ਦਿੱਤੀ, "ਮੁਸਲਮਾਨਾਂ ਤੇ ਗ਼ੈਰ-ਮੁਸਲਮਾਨਾਂ ਦੀਆਂ ਪਰਚੀਆਂ ਵੱਖ ਵੱਖ ਪਿਆ ਕਰਦੀਆਂ ਨੇ। ਅੰਗਰੇਜ਼ਾਂ ਨੇ ਐਲਾਨ ਕਰ ਦਿੱਤਾ ਕਿ ਅਗ੍ਹਾਂ ਅਛੂਤਾਂ ਦੀਆਂ ਵੋਟਾਂ ਵੀ ਵੱਖਰੀਆਂ ਪਿਆ ਕਰਨਗੀਆਂ। ਇਸ ਦਾ ਮਤਲਬ ਸੀ ਕਿ ਦੇਸ਼ ਵਿੱਚ ਇਕ ਹੋਰ ਤੀਸਰੀ ਕੌਮ ਬਣਾ ਕੇ ਉਹਨੂੰ ਹਿੰਦੂਆਂ ਨਾਲੋਂ ਵੱਖ ਕਰ ਦਿੱਤਾ ਜਾਵੇ! ਮਹਾਤਮਾ ਗਾਂਧੀ ਨੇ ਸਰਕਾਰ ਨੂੰ ਚਿੱਠੀ ਲਿਖੀ ਕਿ ਜੇ ਇਹ ਹੁਕਮ ਵਾਪਸ ਨਾ

ਲਿਆ ਗਿਆ, ਤਾਂ ਮੈਂ (ਵੀਹ ਸਤੰਬਰ ਨੂੰ) ਮਰਨ-ਬਰਤ ਰੱਖ ਲਵਾਂਗਾ। ਵਾਇਸਰਾਏ ਚਿੱਠੀਆਂ ਦਾ ਜਵਾਬ ਤਾਂ ਹੇਰ ਫੇਰ ਨਾਲ ਦੇਂਦਾ ਰਿਹਾ, ਪਰ ਉਹਨੇ ਮਹਾਤਮਾ ਗਾਂਧੀ ਦੀ ਇਹ ਗੱਲ ਨਾ ਮੰਨੀ। ਮਿਥਿਆ ਦਿਨ ਆ ਗਿਆ, ਤੇ ਗਾਂਧੀ ਜੀ ਨੇ ਜੇਹਲ ਵਿੱਚ ਹੀ ਮਰਨ-ਬਰਤ ਰੱਖ ਦਿੱਤਾ। ਇਹ ਖ਼ਬਰ ਸੁਣ ਕੇ ਸਾਰੇ ਦੇਸ਼ ਵਿੱਚ ਹਲਚਲ ਮਚ ਗਈ। ਸੱਤਿਆਗ੍ਰਹਿ ਵਧੇਰੇ ਤੇਜ਼ ਹੋ ਗਿਆ। ਵੱਡਿਆਂ ਬੰਦਿਆਂ ਨੂੰ ਫ਼ਿਕਰ ਬਣ ਗਿਆ। ਵਲਾਇਤ ਤਕ ਤਾਰਾਂ ਖੜਕ ਗਈਆਂ। ਅੰਗਰੇਜ਼ਾਂ ਦਾ ਸਿੰਘਾਸਣ ਡੋਲਿਆ।"

"ਡੋਲਣਾ ਤਾਂ ਸੀ। ਜੇ ਕਿਤੇ ਮਹਾਤਮਾ ਗਾਂਧੀ ਮਰ ਜਾਂਦਾ, ਤਾਂ....।" ਦੀਪਾ ਤਸੱਲੀ ਨਾਲ ਕੁਛ ਨਾ ਕਹਿ ਸਕਿਆ ਕਿ ਫਿਰ ਕੀ ਹੋ ਜਾਂਦਾ ?

"ਪੰਜਾਂ ਸੱਤਾਂ ਦਿਨਾਂ ਅੰਦਰ ਹੀ ਹਾਲਾਤ ਬਦਲ ਗਏ। ਮੁਲਕ ਦੇ ਵਿਚਾਰਵਾਨ ਬੰਦੇ ਤੇ ਕੋਈ ਧੜਿਆਂ ਦੇ ਲੋਕ ਪੂਨੇ ਵਿੱਚ 'ਕੱਠੇ ਹੋਏ। ਅਛੂਤਾਂ ਦੇ ਵੀ ਸਾਰੇ ਹੀ ਚੋਟੀ ਦੇ ਲੀਡਰ ਆਏ, ਸਣੇ ਡਾਕਟਰ ਅੰਬੇਦਕਰ ਦੇ। ਉਹਨਾਂ ਸਰਬ ਸੰਮਤੀ ਨਾਲ ਰਲ ਕੇ ਫ਼ੈਸਲਾ ਕੀਤਾ ਕਿ ਅਛੂਤਾਂ ਦੀਆਂ ਵੋਟਾਂ ਵੱਖਰੀਆਂ ਨਾ ਪਿਆ ਕਰਨ, ਪਰ ਦਸ ਸਾਲ ਵਾਸਤੇ ਉਹਨਾਂ ਲਈ ਕੁਛ ਮੈਂਬਰੀਆਂ ਰਾਖਵੀਆਂ ਜ਼ਰੂਰ ਰਹਿਣ। ਉਹ ਵੀ ਅਛੂਤ ਜਾਂ ਵੱਖਰੀ ਕੌਮ ਸਮਝ ਕੇ ਨਹੀਂ, ਸਗੋਂ ਪਛੜੇ ਹੋਏ ਸਮਝ ਕੇ। ਏਸ ਫ਼ੈਸਲੇ ਨੂੰ ਪੂਨਾ-ਪੈਕਟ ਕਹਿੰਦੇ ਨੇ। ਮਜਬੂਰ ਹੋ ਕੇ ਸਰਕਾਰ ਨੇ ਇਸ ਫ਼ੈਸਲੇ ਨੂੰ ਮੰਨ ਲਿਆ। ਦਿੱਲੀ ਤੇ ਲੰਡਨ ਤੋਂ ਇਕੱਠਾ ਐਲਾਨ ਕੀਤਾ ਗਿਆ, ਪੂਨਾ-ਪੈਕਟ ਦੀ ਪ੍ਰਵਾਨਗੀ ਦਾ (26 ਸਤੰਬਰ)। ਫਿਰ ਮਹਾਂ ਕਵੀ ਰਵੀਂਦਰ ਨਾਥ ਟੈਗੋਰ ਮਹਾਤਮਾ ਗਾਂਧੀ ਜੀ ਕੋਲ ਪਹੁੰਚੇ ਤੇ ਉਹਨਾਂ ਨੂੰ ਮਰਨ-ਬਰਤ ਛੱਡਣ ਵਾਸਤੇ ਕਿਹਾ। ਅਖ਼ੀਰ ਬਹੁਤ ਸਾਰੇ ਲੀਡਰਾਂ ਦੇ ਬੇਨਤੀ ਕਰਨ 'ਤੇ ਅਗਲੇ ਮਹੀਨੇ ਦੀ ਛੇ ਤਰੀਖ਼ ਨੂੰ ਮਹਾਤਮਾ ਗਾਂਧੀ ਨੇ ਮਰਨ-ਬਰਤ ਛੱਡਿਆ।"

"ਫੇਰ ਮੋਰਚਾ ਬੰਦ ਹੋ ਗਿਆ ?" ਦੀਪੇ ਨੇ ਸਵਾਲ ਕੀਤਾ।

"ਨਹੀਂ। ਸਤਿਆਗ੍ਰਹਿ ਓਸੇ ਤਰ੍ਹਾਂ ਜਾਰੀ ਰਿਹਾ, ਪਰ ਇਉਂ ਭਾਸਦਾ ਸੀ, ਜਿਵੇਂ ਜੋਸ਼ ਕੁਛ ਮੱਠਾ ਪੈ ਗਿਆ ਹੋਵੇ। ਲੋਕਾਂ ਦਾ ਵਧੇਰੇ ਧਿਆਨ ਅਛੂਤਾਂ ਦੇ ਮਸਲੇ ਵੱਲ ਹੋ ਗਿਆ ਸੀ। ਜਿੰਨ੍ਹਾਂ ਦੇ ਪਰਛਾਂਵੇਂ ਤੋਂ ਅੱਗੇ ਲੋਕ ਡਰਦੇ ਸਨ, ਉਹਨਾਂ ਵਾਸਤੇ ਮੰਦਰ ਖੁਹਲੇ ਜਾਣ ਲੱਗ ਪਏ। ਉਹਨਾਂ ਦੇ ਹੱਥੋਂ ਖਾਣ ਵਿੱਚ ਪਹਿਲਾਂ ਵਰਗੀ ਛੂਤ-ਛਾਤ ਨਾ ਰਹੀ, ਪਰ ਏਨੇ ਨਾਲ ਮਹਾਤਮਾ ਗਾਂਧੀ ਦੀ ਤਸੱਲੀ ਨਾ ਹੋਈ। ਅਗਲੇ ਸਾਲ ਉਹਨੇ ਅਛੂਤਾਂ ਦੀ ਸ਼ੁੱਧੀ ਵਾਸਤੇ ਇੱਕੀ ਦਿਨ ਦਾ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਇਹ ਵਰਤ ਰੱਖਣ ਵਾਸਤੇ ਸਰਕਾਰ ਨੇ ਗਾਂਧੀ ਜੀ ਨੂੰ ਰਿਹਾਅ ਕਰ ਦਿੱਤਾ। ਓਸੇ ਦਿਨ (ਅੱਠ ਮਈ, 1933) ਮਹਾਤਮਾ ਜੀ ਨੇ ਵਰਤ ਸ਼ੁਰੂ ਕਰ ਦਿੱਤਾ। ਨਾਲ ਹੀ ਉਹਨੇ ਡੂਢ ਮਹੀਨੇ ਵਾਸਤੇ ਸੱਤਿਆਗ੍ਰਹਿ ਬੰਦ ਕਰਨ ਦਾ ਹੁਕਮ ਦੇ ਦਿੱਤਾ। ਇਸ

ਤਰ੍ਹਾਂ ਸੱਤਿਆਗ੍ਰਹਿ ਬੰਦ ਹੋ ਗਿਆ ਤੇ ਲੋਕ ਅਛੂਤਾਂ ਨੂੰ ਨਾਲ ਮਲੌਣ ਦੇ ਕੰਮ ਵਿੱਚ ਲੱਗ ਗਏ। ਅਛੂਤ ਮੰਦਰਾਂ ਵਿੱਚ ਜਾ ਕੇ ਮਹਾਤਮਾ ਗਾਂਧੀ ਦੀ ਸੇਹਤ ਵਾਸਤੇ ਪ੍ਰਾਰਥਨਾ ਕਰਦੇ। ਉੱਚ ਜਾਤੀਏ ਅਛੂਤਾਂ ਦੇ ਹੱਥੋਂ ਬੜੇ ਚਾਅ ਨਾਲ ਲੈ ਕੇ ਖਾਂਦੇ। ਸਮਝੋ, ਕਿ ਇਸ ਸੁੱਚ-ਭਿੱਟ ਮੰਨਣ ਵਾਲੇ ਦੇਸ਼ ਵਿੱਚ ਇਕ ਕਿਸਮ ਦਾ ਇਨਕਲਾਬ ਆ ਗਿਆ। ਬੜਾ ਸੁਧਾਰ ਹੋਇਆ। ਡੇਢ ਮਹੀਨਾ ਬੀਤਣ ਪਿੱਛੋਂ, ਗਾਂਧੀ ਜੀ ਨੇ ਛੇ ਹਫ਼ਤੇ ਹੋਰ ਸੱਤਿਆਗ੍ਰਹਿ ਬੰਦ ਰੱਖਣ ਦਾ ਹੁਕਮ ਦੇ ਦਿੱਤਾ। ਏਸ ਸਮੇਂ ਗਾਂਧੀ ਜੀ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਮੁਲਾਕਾਤ ਦਾ ਵਕਤ ਮੰਗਿਆ। ਅਸਲ ਵਿੱਚ ਉਹ 'ਗਾਂਧੀ-ਇਰਵਨ' ਸਮਝੌਤੇ ਵਾਂਗ ਇਸ ਵਾਰ ਵੀ ਕੋਈ ਸਮਝੌਤੇ ਦਾ ਰਾਹ ਕੱਢਣਾ ਚੌਹਦੇ ਸਨ, ਪਰ ਅੱਗੋਂ ਵਾਇਸਰਾਏ ਆਕੜ ਗਿਆ।"

"ਲੈ ਖਾਂ, ਹਕੂਮਤ ਦਾ ਨਸ਼ਾ ਥੋੜ੍ਹਾ ਹੁੰਦਾ ਏ ?"

"ਵਾਇਸਰਾਏ ਨੇ ਜਵਾਬ ਲਿਖਿਆ ਕਿ ਪਹਿਲਾਂ ਬਿਨਾਂ ਸ਼ਰਤ ਸੱਤਿਆ-ਗ੍ਰਹਿ ਦਾ ਮੋਰਚਾ ਵਾਪਸ ਲਵੋ, ਫਿਰ ਮੁਲਾਕਾਤ ਹੋ ਸਕੇਗੀ। ਹੁਣ ਕਾਂਗਰਸ ਕੀ ਕਰਦੀ। ਬੜੀ ਸੋਚ ਵਿਚਾਰ ਮਗਰੋਂ ਮਹਾਤਮਾ ਗਾਂਧੀ ਨੇ ਆਮ ਜਨਤਾ ਨੂੰ ਸੱਤਿਆ-ਗ੍ਰਹਿ ਕਰਨੋਂ ਰੋਕ ਦਿੱਤਾ, ਪਰ ਛੋਟੇ ਵੱਡੇ ਰਹਿੰਦੇ ਲੀਡਰਾਂ ਨੂੰ ਹੁਕਮ ਦਿੱਤਾ ਕਿ ਉਹ ਇਕੱਲੇ-ਇਕੱਲੇ ਸੱਤਿਆਗ੍ਰਹਿ ਕਰਕੇ ਜੇਹਲਾਂ ਵਿੱਚ ਚਲੇ ਜਾਣ।"

"ਆਓ ਖਾਂ ਐਧਰ! ਤੁਸੀਂ ਵੀ ਅੰਧਿਆਂ-ਕੁ ਨੂੰ ਕੈਦ ਕਰਾਕੇ ਆਪ ਬਾਹਰ ਮੌਜਾਂ ਲੈਂਦੇ ਫਿਰਦੇ ਸਾਜੇ।" ਦੀਪੇ ਦੀ ਹਮਦਰਦੀ ਬਾਹਰਲਿਆਂ ਨਾਲੋਂ ਜੇਹਲਾਂ ਵਿੱਚ ਜਾ ਚੁੱਕੇ ਲੀਡਰਾਂ ਨਾਲ ਵਧੇਰੇ ਸੀ।

"ਲੜਾਈ ਜਾਰੀ ਰਹੀ, ਪਰ ਉਹਦਾ ਤਰੀਕਾ ਬਦਲ ਗਿਆ। ਸਰਕਾਰ ਨੇ ਮਹਾਤਮਾ ਗਾਂਧੀ ਨੂੰ ਫੇਰ ਫੜ ਕੇ ਇਕ ਸਾਲ ਕੈਦ ਸੁਣਾ ਦਿੱਤੀ (31 ਜੁਲਾਈ, 1933)। ਇਸ ਵਾਰ ਜੇਹਲ ਵਾਲਿਆਂ ਨੇ ਗਾਂਧੀ ਜੀ ਨਾਲ ਪਹਿਲਾਂ ਨਾਲੋਂ ਵੀ ਬੁਰਾ ਵਰਤਾਉ ਕਰਨਾ ਸ਼ੁਰੂ ਕਰ ਦਿੱਤਾ। ਇਸ ਬਦ-ਸਲੂਕੀ ਦੇ ਵਿਰੁੱਧ ਰੋਸ ਵਜੋਂ ਮਹਾਤਮਾ ਗਾਂਧੀ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਸਰਕਾਰ ਨੇ ਡਰ ਕੇ, ਜਾਂ ਪਤਾ ਨਹੀਂ ਕੀ ਸੋਚ ਕੇ, ਛੇਤੀ ਹੀ ਗਾਂਧੀ ਜੀ ਨੂੰ ਰਿਹਾਅ ਕਰ ਦਿੱਤਾ। (23 ਅਗਸਤ, 1933)। ਅਸਲ ਵਿੱਚ ਦੋਵੇਂ ਧਿਰਾਂ ਹੀ ਇਸ ਲੰਮੇ ਮੋਰਚੇ ਤੋਂ ਜਿਵੇਂ ਥੱਕ ਗਈਆਂ ਸਨ। ਕੁਛ ਹੋਰ ਲੀਡਰ ਵੀ ਬਾਹਰ ਆ ਗਏ ਸਨ। ਵਰਕਿੰਗ ਕਮੇਟੀ ਦੇ ਮੈਂਬਰ ਪਟਨੇ ਵਿੱਚ ਕੱਠੇ ਹੋਏ (19 ਮਈ, 1934)। ਮਹਾਤਮਾ ਗਾਂਧੀ ਦੇ ਕਹਿਣ ਉੱਤੇ ਕਾਂਗਰਸ ਨੇ ਸੱਤਿਆਗ੍ਰਹਿ ਉੱਕਾ ਬੰਦ ਕਰ ਦਿੱਤਾ। ਮੁੱਕਦੀ ਗੱਲ, ਐਨੀਆਂ ਕੁਰਬਾਨੀਆਂ ਦੇ ਕੇ ਵੀ ਅਸੀਂ ਹਾਰ ਗਏ।" ਬਾਬੇ ਅਕਾਲੀ ਨੇ ਅਫ਼ਸੋਸ ਵਿੱਚ ਸਿਰ ਫੇਰਦਿਆਂ ਕਿਹਾ।

"ਮਖ, ਲੱਕ ਟੁੱਟ ਗਿਆ ਕਿ! ਏਡੀ ਵੱਡੀ ਹਾਰ ?" ਟਹਿਲ ਸਿੰਘ ਨੇ ਵੀ ਓਸੇ ਤਰ੍ਹਾਂ ਸਿਰ ਧੁਣਦਿਆਂ ਕਿਹਾ।

ਧਿਆਨ ਨਾਲ ਵੇਖਿਆਂ ਪਤਾ ਲੱਗਦਾ ਸੀ ਕਿ ਉਹ ਸਾਰੇ ਹੀ ਉਸ ਹਾਰ ਨੂੰ ਬੁਰੀ ਤਰ੍ਹਾਂ ਮਹਿਸੂਸ ਕਰ ਰਹੇ ਸਨ।

"ਮੈਨੂੰ ਕਾਂਗਰਸ ਦੇ ਹਾਰ ਜਾਣ ਦਾ ਐਨਾ ਅਫ਼ਸੋਸ ਨਹੀਂ।" ਬਾਬੇ ਅਕਾਲੀ ਨੇ ਸਾਰਿਆਂ ਵੱਲ ਝਾਤੀ ਮਾਰਦਿਆਂ ਕਿਹਾ, "ਲੜਾਈ ਵਿੱਚ ਜਿੱਤ ਹਾਰ ਹੁੰਦੀ ਹੀ ਹੈ, ਹਾਰ ਕੇ ਕਿਹੜੀ ਕਾਂਗਰਸ ਨੇ ਆਪਣੀ ਆਜ਼ਾਦੀ ਦੀ ਮੰਗ ਛੱਡ ਦਿੱਤੀ ਸੀ। ਮੈਂ ਤਾਂ ਏਸ ਗੱਲੋਂ ਝੂਰਦਾਂ ਕਿ ਮੈਂ ਉਸ ਮੋਰਚੇ ਵਿੱਚ ਹਿੱਸਾ ਨਹੀਂ ਲੈ ਸਕਿਆ।"

"ਹਾਂ, ਤੂੰ ਓਦੋਂ ਬਮਾਰ ਪਿਆ ਸੈਂ ਨਾ!" ਟਹਿਲ ਸਿੰਘ ਨੇ ਚੇਤੇ ਕਰਕੇ ਕਿਹਾ।

"ਬਮਾਰ ਵਰਗਾ ਬਮਾਰ ? ਕੁਛ ਦਿਨ ਤਾਂ ਅਸੀਂ ਆਸ ਹੀ ਲਾਹ ਬੈਠੇ ਸਾਂ।" ਸੱਜਣ ਸਿੰਘ ਨੇ ਪਹਿਲੇ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ। ਉਹ ਬਾਬੇ ਦੀ ਸੇਵਾ ਵਿੱਚ ਵਧੇਰੇ ਰਿਹਾ ਕਰਦਾ ਸੀ।

"ਹਕੀਮ ਨੇ ਤਾਂ ਇਕ ਵਾਰ ਜਵਾਬ ਦੇ ਦਿੱਤਾ ਸੀ, ਪਰ ਮੇਰੀ ਹੀ ਸਲਾਹ ਨਾ ਬਣੀ ਮਰਨ ਦੀ।" ਬਾਬੇ ਅਕਾਲੀ ਨੇ ਸੱਜਣ ਸਿੰਘ ਦੀ ਨਿਗ੍ਹਾ ਨਾਲ ਨਿਗ੍ਹਾ ਮਿਲਾ ਕੇ ਕਿਹਾ।

"ਹੱਛਾ, ਮਰਨ ਵਾਸਤੇ ਵੀ ਸਲਾਹ ਬਣੌਣੀ ਪੈਂਦੀ ਏ ?" ਦੀਪੇ ਨੇ ਉਦਾਸ ਵਾਤਾਵਰਣ ਨੂੰ ਬਦਲਣ ਦੀ ਇੱਛਿਆ ਨਾਲ ਕੁਛ ਮੁਸਕਰਾਉਂਦਿਆਂ ਪੁੱਛਿਆ।

"ਹਾਂ, ਆਪਣੇ ਇਰਾਦੇ ਦਾ ਜਿਊਣ ਮਰਨ ਨਾਲ ਬੜਾ ਗੂੜ੍ਹਾ ਸੰਬੰਧ ਹੁੰਦਾ ਹੈ। ਜਿਸ ਆਦਮੀ ਦੇ ਸਾਹਮਣੇ ਜ਼ਿੰਦਗੀ ਦਾ ਨਸ਼ਾਨਾ ਕੋਈ ਨਹੀਂ, ਉਹ ਤਾਂ ਮਾੜੀ ਮੋਟੀ ਬਮਾਰੀ ਨਾਲ ਹੀ ਮਰਿਆ ਪਿਆ ਹੁੰਦਾ ਏ। ਤੇ ਮੈਂ ? ਵੇਖ ਲਈਂ ਤੂੰ। ਦੇਸ਼ ਵਿੱਚ ਆਜ਼ਾਦੀ ਦਾ ਝੰਡਾ ਝੂਲਦਾ ਵੇਖ ਕੇ ਮਰਾਂਗਾ।" ਬਾਬੇ ਅਕਾਲੀ ਨੂੰ ਆਪਣੇ ਉੱਤੇ ਕਿੰਨਾ ਦ੍ਰਿੜ੍ਹ ਵਿਸ਼ਵਾਸ ਸੀ।

"ਵਖਾ ਦਿਹ, ਵਖਾ ਦਿਹ, ਬਾਬਾ 'ਕਾਲੀਆ! ਸਾਨੂੰ ਵੀ ਛੇਤੀ-ਛੇਤੀ ਆਜ਼ਾਦੀ ਵਖਾ ਦਿਹ।" ਦੀਪੇ ਦੀ ਵਾਜ ਵਿੱਚ ਬਹੁਤ ਚਾਅ ਤੇ ਉਤਸ਼ਾਹ ਸੀ।

ਕਹਾਣੀ ਲਗਭਗ ਮੁੱਕ ਗਈ ਸਮਝ ਕੇ ਸਾਰੇ ਉਠਣ ਨੂੰ ਤਿਆਰ ਹੋ ਪਏ, ਪਰ ਟਹਿਲ ਸਿੰਘ ਅਜੇ ਓਵੇਂ ਬੈਠਾ ਕੁਛ ਸੋਚ ਰਿਹਾ ਸੀ। ਅੰਤ ਉਹਨੇ ਸਵਾਲ ਕਰ ਹੀ ਦਿੱਤਾ, "ਬਾਬਾ 'ਕਾਲੀਆ! ਏਸ ਮੋਰਚੇ ਦੇ ਹਾਰਨ ਦਾ ਵੱਡਾ ਕਾਰਨ ਕੀ ਸੀ ?"

"ਵੱਡਾ ਕਾਰਨ ?" ਬਾਬੇ ਅਕਾਲੀ ਨੇ ਉਹਦੇ ਵੱਲ ਬੜੇ ਧਿਆਨ ਨਾਲ ਤਕਦਿਆਂ ਕਿਹਾ, "ਕਾਂਗਰਸ ਵਿੱਚ ਉਸ ਵੇਲੇ ਦੋ ਧੜੇ ਹੋ ਗਏ ਸਨ। ਸਰਕਾਰ ਨੇ ਅਗਲੇ ਸਾਲ ਤੋਂ ਹਿੰਦੁਸਤਾਨ ਨੂੰ ਕੁਛ ਅਖ਼ਤਿਆਰ ਦੇਣ ਦਾ ਐਲਾਨ ਕੀਤਾ ਸੀ। ਉਹਨੂੰ ਉੱਨੀ ਸੌ ਪੈਂਤੀ ਦੀ ਰਾਜ ਬਣਤਰ ਆਹੰਦੇ ਨੇ। ਉਸ ਮੁਤਾਬਕ ਨਵੀਆਂ ਚੋਣਾਂ ਹੋਣੀਆਂ ਸਨ। ਆਹ ਜਿਹੜੀਆਂ ਪਿੱਛੇ ਜੇਹੇ ਹੋਈਆਂ ਸਨ। ਕੁਛ ਕਾਂਗਰਸੀ ਆਹੰਦੇ ਸਨ ਕਿ ਸੱਤਿਆਗ੍ਰਹਿ ਬੰਦ ਕਰਕੇ ਚੋਣਾਂ ਲੜਨੀਆਂ ਚਾਹੀਦੀਆਂ ਨੇ। ਤੇ ਕੋਈ ਏ

ਗੱਲ ਦੇ ਵਿਰੁਧ ਸਨ। ਪਹਿਲੀ ਧਿਰ ਦਾ ਜ਼ੋਰ ਪੈ ਗਿਆ। ਉਹ ਚੋਣਾਂ ਵਿੱਚ ਜਿੱਤ ਕੇ ਅਸੈਂਬਲੀਆਂ ਦੇ ਅੰਦਰ ਜਾ ਕੇ ਮੁਲਕ ਦਾ ਭਲਾ ਕਰਨਾ ਚੌਂਹਦੇ ਸਨ। ਸਾਰੀਆਂ ਗੱਲਾਂ 'ਤੇ ਵਿਚਾਰ ਕਰਕੇ ਗਾਂਧੀ ਜੀ ਨੇ ਸੱਤਿਆਗ੍ਰਹਿ ਬੰਦ ਕਰ ਦਿੱਤਾ। ਫਿਰ ਬੜੇ ਜ਼ੋਰ ਸ਼ੋਰ ਨਾਲ ਚੋਣਾਂ ਹੋਈਆਂ। ਜਿੰਨ੍ਹਾਂ ਸੂਬਿਆਂ ਵਿੱਚ ਹਿੰਦੂਆਂ ਦੀ ਬਹੁ-ਗਿਣਤੀ ਸੀ, ਓਥੇ ਕਾਂਗਰਸ ਬਹੁਤੀਆਂ ਸੀਟਾਂ ਲੈ ਗਈ। ਇਸ ਵੇਲੇ ਵੇਖਦੇ ਓ, ਕਿੰਨਿਆਂ ਸੂਬਿਆਂ ਵਿੱਚ ਕਾਂਗਰਸ ਦੀਆਂ ਵਜ਼ਾਰਤਾਂ ਹਨ। ਅੱਗੇ ਵੇਖੋ।"

"ਹੱਛਾ, ਜਿੱਦਣ ਪੂਰੀ ਅਜ਼ਾਦੀ ਮਿਲੇਗੀ, ਵੇਖਾਂਗੇ।" ਕਹਿੰਦਾ ਹੋਇਆ ਦੀਪਾ ਉਠ ਬੈਠਾ।

"ਲੈ ਫਿਰ, ਆਪਾਂ ਭਲਕੇ ਬਾਬੇ 'ਕਾਲੀ ਦੀ ਪੈਲੀ ਵੌਂਹਣੀ ਊਂ। ਚੇਤਾ ਨਾ ਭੁੱਲਾ ਦੇਈਂ।" ਸੱਜਣ ਸਿੰਘ ਵੀ ਉਠ ਖਲੋਤਾ।

"ਬਾਬੇ 'ਕਾਲੀ ਦੇ ਕੰਮ ਦਾ ਚੇਤਾ ਭੁੱਲਾ ਦੇਣਾ ਏਂ ? ਇਹਦੇ ਤਾਂ ਆਪਾਂ ਚੇਲੇ ਚਾਟੜੇ ਹੋਏ।" ਦੀਪੇ ਨੇ ਹੇਠਾਂ ਵਿਛਾਇਆ ਹੋਇਆ ਪਰਨਾ ਝਾੜਦਿਆਂ ਕਿਹਾ।

"ਸਾਡਾ ਹਲ ਵੀ ਲੈ ਆਇਓ। ਭਲਾ ਬਾਬੇ 'ਕਾਲੀ ਦੇ ਕੰਮ ਵਾਸਤੇ ਕਿਹੜਾ ਨਾਂਹ ਕਰਨ ਲੱਗਾ ਏ।" ਟਹਿਲ ਸਿੰਘ ਨੇ ਵੀ ਸੇਵਾ ਵਿੱਚ ਹਿੱਸਾ ਪਾਉਣ ਦੇ ਇਰਾਦੇ ਨਾਲ ਕਿਹਾ।

ਬਾਬੇ ਅਕਾਲੀ ਦੀ ਕਹੀ ਫੜ ਕੇ ਦੀਪੇ ਨੇ ਮੋਢੇ 'ਤੇ ਧਰ ਲਈ। ਸਾਰੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਪਿੰਡ ਨੂੰ ਤੁਰ ਪਏ।

## 23

ਪੀਰੂ ਵਾਲਾ ਵੰਡਿਆ ਗਿਆ। ਸਿੱਖ ਇਕ ਪਾਸੇ; ਮੁਸਲਮਾਨ ਇਕ ਪਾਸੇ। ਦੋ ਕੌਮਾਂ, ਦੋ ਪੱਤੀਆਂ, ਦੋ ਨੰਬਰਦਾਰ, ਦੋ ਮਜਲਸਾਂ। ਤੂਤਾਂ ਵਾਲੇ ਖੂਹ ਉੱਤੇ ਵੀ ਇਕ ਦੀ ਥਾਂ ਦੋ ਤਖ਼ਤਪੋਸ਼ ਡਹਿ ਗਏ। ਇਕ ਸੱਜਣ ਸਿੰਘ ਦੇ ਪਾਸੇ, ਇਕ ਇਲਮ ਦੀਨ ਦੇ ਪਾਸੇ। ਰੌਣਕ ਵੰਡੀ ਗਈ। ਸਿੱਖ ਇਕ ਪਾਸੇ ਬਹਿੰਦੇ, ਮੁਸਲਮਾਨ ਦੂਜੇ ਪਾਸੇ। ਕਦੇ ਕੋਈ ਸਿੱਖ ਗਭਰੂ ਦਲੇਰੀ ਕਰਕੇ ਮੁਸਲਮਾਨਾਂ ਦੇ ਤਖ਼ਤਪੋਸ਼ 'ਤੇ ਜਾ ਬਹਿੰਦਾ। ਕਦੇ ਕੋਈ ਮੁਸਲਮਾਨ ਗ਼ਲਤੀ ਕਰਕੇ ਸਿੱਖਾਂ ਦੇ ਪਾਸੇ ਜਾ ਬਹਿੰਦਾ। ਦੋਹਾਂ ਨੂੰ ਆਪਣੇ ਧਰਮ ਭਾਈਆਂ ਵੱਲੋਂ ਕਿੰਨੀਆਂ ਕੁ ਸੁਣਨੀਆਂ ਪੈਂਦੀਆਂ, ਇਹ ਓਹਾ ਹੀ ਜਾਣਦੇ।

ਗਹਿਣਾ ਲੁਹਾਰ ਹੁਣ ਖੂਹ 'ਤੇ ਕਦੇ ਨਹੀਂ ਆਉਂਦਾ। ਉਹ ਇਕ ਦਿਨ ਆਇਆ ਸੀ। ਉਹਨੇ ਇਕ ਦੀ ਥਾਂ ਓਥੇ ਤੂਤਾਂ ਛਾਂਵੇਂ ਦੋ ਤਖ਼ਤਪੋਸ਼ ਵੇਖੇ। ਇਕ ਖੂਹ ਤੋਂ ਲਹਿੰਦੇ ਪਾਸੇ, ਇਕ ਚੜ੍ਹਦੇ ਪਾਸੇ। ਇਕ ਉਤੇ ਸਿੱਖ ਬੈਠੇ ਤਾਸ਼ ਖੇਡ ਰਹੇ ਸਨ, ਇਕ ਉੱਤੇ ਮੁਸਲਮਾਨ। ਖੂਹ ਦੇ ਬਨੇਰੇ ਉਤੇ ਪੈਰ ਧਰ ਕੇ ਗਹਿਣਾ ਦੋ ਮਿੰਟ ਖਲਾ ਦੋਹਾਂ ਵੱਲ ਵਿਹੰਦਾ ਰਿਹਾ। ਆਪਣੇ ਮਜ਼੍ਹਬ ਦਾ ਬੰਦਾ ਉਹਨੂੰ ਦੋਹੀਂ ਪਾਸੀਂ ਬੈਠਾ ਕੋਈ

ਨਾ ਦਿੱਸਿਆ। ਉਹ ਨਿਰਾਸ਼ ਹੋ ਕੇ ਮੁੜ ਗਿਆ। ਉਸ ਦਿਨ ਤੋਂ ਪਿੱਛੋਂ ਉਹ ਖੂਹ 'ਤੇ ਕਦੇ ਨਹੀਂ ਗਿਆ। ਉਹ ਸਾਰਾ ਦਿਨ ਦੁਕਾਨ 'ਤੇ ਬੈਠਾ ਫਾਲੇ ਡੰਗਦਾ ਰਹਿੰਦਾ।

"ਬਾਬਾ ਗਹਿਣਿਆਂ! ਤੂੰ ਏਨਾ ਉਦਾਸ ਕਿਉਂ ਰਹਿੰਦਾ ਏਂ ?" ਦਾਤਰੀ ਦੇ ਦੰਦੇ ਕਢਾਉਣ ਗਏ ਦੀਪੇ ਨੇ ਹਮਦਰਦੀ ਨਾਲ ਪੁੱਛਿਆ, "ਤੂੰ ਤਾਂ ਗਭਰੂਆਂ ਨਾਲ ਗਭਰੂ ਤੇ ਬੁੱਢਿਆਂ ਨਾਲ ਬੁੱਢਾ ਸੈਂ। ਹਰ ਇਕ ਦਾ ਯਾਰ। ਤੇਰੀਆਂ ਗੱਲਾਂ ਸੁਣਨ ਦੇ ਮਾਰੇ ਈ ਤਿੱਜੇ ਦਿਨ ਦੰਦੇ ਕਢੌਣ ਆ ਜਾਈਦਾ ਸੀ। ਤੇ ਹੁਣ ਤੂੰ ਚੱਤੇ ਪਹਿਰ ਮੂੰਹ ਸੀਤੀ ਰਖਦਾ ਏਂ।"

"ਦੀਪ ਸਿਹਾਂ!" ਗਹਿਣੇ ਦਾ ਦੰਦੇ ਕੱਢਣ ਵਾਲਾ ਹੱਥ ਰੁਕ ਗਿਆ। ਪਲ ਦਾ ਪਲ ਉਹ ਬੜੇ ਧਿਆਨ ਨਾਲ ਦੀਪੇ ਦੇ ਚਿਹਰੇ ਵੱਲ ਵੇਖਦਾ ਰਿਹਾ। "ਬਾਗ਼ ਉਜੜ ਗਿਆ ਏ।" ਗਹਿਣਾ ਲੰਮਾ ਸਾਰਾ ਠੰਢਾ ਸਾਹ ਭਰਕੇ ਬੋਲਿਆ, "ਜਿਥੇ ਕਦੇ ਬੁਲਬੁਲਾਂ ਗੌਂਦੀਆਂ ਸਨ, ਓਥੇ ਅੱਜ ਉੱਲੂਆਂ ਦਾ ਬੋਲ ਬਾਲਾ ਏ। ਤੇ ਜਾਣਦਾ ਏਂ ਉੱਲੂ ਸਦਾ ਉਜਾੜ ਭਾਲਦੇ ਨੇ, ਉਜਾੜ। ਤੇ ਗਹਿਣਾ ਵਚਾਰਾ—ਇਕ ਚੱਕੀ ਰਾਹਾ—ਸੋਚ ਰਿਹਾ ਏ ਕਿ ਮੈਂ ਕਿਧਰ ਜਾਵਾਂ। ਸੱਚ ਪੁੱਛਦਾ ਏਂ ਪੁੱਤ! ...ਨਰਾਜ ਨਾ ਹੋਵੀਂ ਸਰਦਾਰਾ! ਇਕ ਮਲੇਛ ਨੇ ਤੈਨੂੰ ਪੁੱਤ ਆਖਕੇ ਕਿਉਂ ਬੁਲਾਇਆ ਏ ? ਤੂੰ ਮੇਰੇ ਹੁਸੈਨ ਦਾ ਹਾਣੀ ਏਂ। ਨਿੱਕੇ ਹੁੰਦੇ ਤੁਸੀਂ ਕੱਠੇ ਖੇਡਦੇ ਹੁੰਦੇ ਸਾਜੇ। ਬਿਲਕੁਲ ਇਕੋ ਜੇਹੇ। ਉਹ ਨਿੱਤ ਤੁਹਾਡੇ ਘਰੋਂ ਖਾ ਔਂਦਾ ਸੀ। ਇਕ ਦਿਨ ਤੂੰ ਸਾਡੇ ਘਰੋਂ ਹੁਸੈਨ ਦੇ ਨਾਲ ਖਾ ਲਿਆ। ਮੈਂ ਵੇਖ ਕੇ ਬੜਾ ਪਛਤਾਇਆ। ਓਸ ਵੇਲੇ ਤੈਨੂੰ ਚੁੱਕ ਕੇ ਮੈਂ ਤੁਹਾਡੇ ਘਰ ਜਾ ਦੱਸਿਆ। ਤੇਰੀ ਮਾਂ ਹੱਸ ਕੇ ਆਖਣ ਲੱਗੀ, 'ਭਾਈ! ਤੂੰ ਔਂਦਿਆਂ ਰਾਹ ਵਿੱਚ ਮਸੀਤੋਂ ਨੁਹਾਈ ਲਿਔਣਾ ਸੀ ਇਹਨੂੰ। ਆਪੇ ਸੁੱਚਾ ਹੋ ਜਾਂਦਾ। ਮਸੀਤ ਵੀ ਤਾਂ ਰੱਬ ਦਾ ਘਰ ਏ।' ਦੀਪ ਸਿਹਾਂ! ਕਈ ਦਿਨ ਮੈਂ ਤੇਰੀ ਮਾਂ ਦੀ ਗੱਲ ਉਤੇ ਵਚਾਰ ਕਰਦਾ ਰਿਹਾ। ਮਸੀਤ ਰੱਬ ਦਾ ਘਰ ਏ। ਗੁਰਦੁਆਰਾ ? ਉਹ ਵੀ ਰੱਬ ਦਾ ਘਰ ਏ। ਮੰਦਰ, ਠਾਕਰਦੁਆਰਾ, ਗਿਰਜਾ, ਸਾਰੇ ਰੱਬ ਦਾ ਘਰ ਨੇ। ਮੈਂ ਮਸੀਤੇ ਵੀ ਚਲਾ ਜਾਂਦਾ ਸਾਂ, ਗੁਰਦੁਆਰੇ ਵੀ। ਤੇ ਹੁਣ ਸਹੁੰ ਲੈ ਲੈ, ਜੇ ਦੋਹਾਂ ਥਾਂਵਾਂ 'ਚੋਂ ਕਿਤੇ ਕਦੇ ਪੈਰ ਪਾਇਆ ਹੋਵੇ ਤਾਂ। ਜਿੱਦਣ ਪਹਿਲੋ-ਪਹਿਲ ਏਥੇ ਚੌਧਰੀ ਫ਼ਜ਼ਲ ਹੱਕ ਤੇ ਉਹਦੇ ਨਾਲ ਇਕ ਮੌਲਵੀ ਆਇਆ ਸੀ, ਓਸ ਦਿਨ ਮਸੀਤੇ ਗਿਆ ਸਾਂ ਮੈਂ। ਬੱਸ, ਉਹ ਆਖ਼ਰੀ ਦਿਨ ਸੀ। ਉਸ ਤੋਂ ਪਿੱਛੋਂ ਮੈਂ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ। ਜੱਥੇਦਾਰ ਸੁੰਦਰ ਸਿੰਘ ਨੇ ਮੈਥੋਂ ਉਹ ਘਰ ਵੀ ਛੁਡਾ ਦਿੱਤਾ। ਮਸੀਤੇ ਮੁਸਲਮਾਨ ਹੁੰਦੇ ਨੇ। ਗੁਰਦੁਆਰੇ ਸਿੱਖ ਹੁੰਦੇ ਨੇ। ਗਹਿਣੇ ਗ਼ਰੀਬ ਦਾ ਰੱਬ ਕਿਤੇ ਨਹੀਂ ਹੁੰਦਾ। ਦੀਪ ਸਿਹਾਂ! ਜਿਵੇਂ ਮੇਰਾ ਹੁਸੈਨ ਮੈਥੋਂ ਵਿਛੜ ਗਿਆ ਸੀ, ਓਸੇ ਤਰ੍ਹਾਂ ਰੱਬ ਵੀ ਮੈਨੂੰ ਛੱਡ ਗਿਆ ਏ। ਤੇ ਤੂੰ ? ਤੇਰੇ ਵੱਲੇ ਵੇਖ ਕੇ ਮੈਨੂੰ ਹੁਸੈਨ ਯਾਦ ਆ ਜਾਂਦਾ ਸੀ। ਹੁਣ ਤੂੰ ਵੀ ਵਿਛੜ ਜਾਵੇਂਗਾ। ਅਸੀਂ ਸਾਰੇ ਵਿਛੜ ਜਾਵਾਂਗੇ, ਸਾਰੇ।" ਗਹਿਣੇ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ।

ਕੁਛ ਚਿਰ ਸ਼ੇਖ਼ ਦੀਪੇ ਨੂੰ ਵੀ ਅੱਗੋਂ ਕੋਈ ਗੱਲ ਨਾ ਅਹੁੜੀ। ਗਹਿਣੇ ਦੇ ਅਸਰ ਹੇਠ ਉਹ ਦੋ ਮਿੰਟ ਚੁੱਪਚਾਪ ਬੁੱਤ ਬਣਿਆ ਬੈਠਾ ਰਿਹਾ। ਅੰਤ ਉਹਨੇ ਗਹਿਣੇ ਦੀ ਗੱਲ ਦਾ ਅਰਥ ਲਾਉਂਦਿਆਂ ਜ਼ਰਾ ਹਸਾਉਣੇ ਲਹਿਜੇ ਵਿੱਚ ਕਿਹਾ, "ਬਾਬਾ ਗਹਿਣਿਆਂ! ਤੂੰ ਐਵੇਂ ਮੁਸਲਮਲੀਗੀਆਂ ਦੇ ਫੋਕੇ ਦਮਗਜੇ ਸੁਣ ਕੇ ਸੋਚੀਂ ਪੈ ਗਿਆ ਏਂ? ਅੱਵਲ ਤਾਂ ਪਾਕਸਤਾਨ ਬਣਦਾ ਨਹੀਂ। ਤੇ ਜੇ ਬਣਿਆਂ ਵੀ, ਤਾਂ ਰਾਵੀਓਂ ਪਾਰ ਬਣੇਗਾ। ਆਹ ਸਭ ਪਾਕਸਤਾਨ ਦੇ ਆਸ਼ਕ ਓਥੇ ਤੁਰ ਜਾਣਗੇ। ਤੇ ਤੂੰ ਨਾ ਡਰ। ਤੈਨੂੰ ਅਸੀਂ ਸਿੱਖ ਬਣਾ ਕੇ ਰੱਖ ਲਵਾਂਗੇ। ਮੈਂ ਤੇਰਾ ਪੁੱਤਰ ਬਣ ਜਾਵਾਂਗਾ।"

"ਪੁਤ ਦੀਪ ਸਿਹਾਂ!" ਲੋਹੇ ਨਾਲ ਕਾਲੇ ਹੋਏ ਹੱਥ ਨਾਲ ਅੱਖਾਂ ਪੂੰਝਦਿਆਂ ਗਹਿਣੇ ਨੇ ਕਿਹਾ, "ਮੈਂ ਮੁਸਲਮਾਨਾਂ ਦੇ ਘਰ ਜੰਮਿਆਂ ਸਾਂ। ਸਾਰੇ ਲੋਕ ਭੁਲੇਖੇ ਨਾਲ ਮੈਨੂੰ ਮੁਸਲਮਾਨ ਆਹੰਦੇ ਰਹੇ ਨੇ। ਮੈਨੂੰ ਕਾਲਿਆਂ ਤੋਂ ਧੌਲੇ ਆ ਗਏ ਨੇ, ਪਰ ਅਜੇ ਤਕ ਮੈਂ ਮੁਸਲਮਾਨ ਨਹੀਂ ਬਣ ਸਕਿਆ। ਕਸੂਰ ਬੁੱਲ੍ਹੇ ਸ਼ਾਹ ਦੇ ਮਕਬਰੇ 'ਤੇ ਇਕ ਵਾਰ ਕੁਆਲੀ ਸੁਣੀ ਸੀ, 'ਮਨ ਆਪਣਾ ਪੁਰਾਣਾ ਪਾਪੀ ਏ, ਬਰਸੋਂ ਮੈਂ ਨਮਾਜ਼ੀ ਬਣ ਨਾ ਸਕਿਆ।' ਨਹੀਂ ਬਣ ਸਕਿਆ। ਇਹ ਪਾਪੀ ਮਨ ਸਾਰੀ ਉਮਰ ਵਿੱਚ ਨਮਾਜ਼ੀ ਨਹੀਂ ਬਣ ਸਕਿਆ ਤੇ ਤੁਸੀਂ ਮੈਨੂੰ ਇਕ ਦਿਨ ਵਿੱਚ ਸਿੱਖ ਕਿਵੇਂ ਬਣਾ ਲਵੋਗੇ? ਔਖਾ ਕੰਮ ਏ, ਡਾਢਾ ਔਖਾ। ਗੁਰੂ ਨਾਨਕ ਦਾ ਸਿੱਖ ਬਣਨਾ ਬੜਾ ਮੁਸ਼ਕਲ ਏ। ਹਾਂ, ਤੁਸੀਂ ਮੈਨੂੰ ਜਥੇਦਾਰ ਸੁੰਦਰ ਸਿੰਘ ਦਾ ਸਿੱਖ ਜ਼ਰੂਰ ਬਣਾ ਲਵੋਗੇ। ਜਿਵੇਂ ਮੇਰੇ ਬਾਕੀ ਭਰਾ ਫ਼ਜ਼ਲ ਹੱਕ ਦੇ ਮੁਸਲਮਾਨ ਬਣ ਗਏ ਨੇ।" ਚੋਖਾ ਚਿਰ ਗਹਿਣਾ ਉਦਾਸੀ ਵਿੱਚ ਸਿਰ ਫੇਰਦਾ ਰਿਹਾ। ਫਿਰ ਉਹ ਆਪਣੇ ਦੰਦੇ ਕੱਢਣ ਦੇ ਆਹਰ ਰੁੱਝ ਗਿਆ।

"ਬਾਬਾ! ਅੱਜ ਤਾਂ ਤੂੰ ਚੌਥੇ ਪਦ ਦੀਆਂ ਗੱਲਾਂ ਛੁਹ ਬੈਠਾ ਏਂ। ਭਲਾ ਅਸੀਂ ਮੁੰਡੇ-ਖੁੰਡੇ ਇਹਨਾਂ ਨੂੰ ਕੀ ਸਮਝੀਏ? ਸਾਡੇ ਨਾਲ ਤਾਂ ਸਾਡੇ ਵਰਗੀਆਂ ਗੱਲਾਂ ਕਰਿਆ ਕਰ।" ਸੱਚਮੁੱਚ ਹੀ ਦੀਪਾ ਗਹਿਣੇ ਦੀਆਂ ਰਮਜ਼ਾਂ ਨਹੀਂ ਸੀ ਸਮਝ ਸਕਿਆ। ਹਾਂ, ਉਹ ਬਦਲੇ ਹੋਏ ਗਹਿਣੇ ਵੱਲ ਵੇਖ ਕੇ ਹੈਰਾਨ ਜ਼ਰੂਰ ਹੋ ਰਿਹਾ ਸੀ।

"ਸੱਚ ਆਹਨਾ ਏਂ, ਦੀਪ ਸਿਹਾਂ! ਮੇਰੇ ਵਰਗੇ ਝੱਲੇ ਦੀਆਂ ਗੱਲਾਂ ਤੁਸੀਂ ਨਹੀਂ ਸਮਝ ਸਕਦੇ। ਕੋਈ ਵੀ ਨਹੀਂ ਸਮਝ ਸਕਦਾ। ਸਿਰਫ਼ ਇਕ ਬੰਦਾ ਸਾਰੇ ਪਿੰਡ ਵਿੱਚੋਂ ਸਮਝ ਸਕਦਾ ਏ, ਪਰ ਹੁਣ ਉਹਦੇ ਕੋਲ ਜਾਣੋਂ ਵੀ ਦਿਲ ਡਰਦਾ ਏ। ਹੱਛਾ, ਵਾਹ ਵਾ! ਉਹਦੇ ਰੰਗ।" ਗਹਿਣਾ ਸਿਰ ਝੁਕਾਈ ਕਾਰੇ ਲੱਗਾ ਰਿਹਾ।

ਤੂਤਾਂ ਵਾਲੇ ਖੂਹ ਉਤੇ ਮੀਆਂ ਗਹਿਣਾ ਕਦੇ ਨਹੀਂ ਜਾਂਦਾ। ਬਾਬਾ ਅਕਾਲੀ ਵੀ ਓਥੇ ਨਹੀਂ ਜਾਂਦਾ। ਵੰਡੇ ਹੋਏ ਪਿੰਡ ਵਿੱਚ ਉਹ ਦੋਵੇਂ ਹੀ ਓਪਰੇ ਸਨ, ਆਪਣੇ ਹੀ ਘਰ ਵਿੱਚ ਓਪਰੇ।

ਤੂਤਾਂ ਵਾਲੇ ਖੂਹ 'ਤੇ ਵੀ ਉਦਾਸੀ ਦਾ ਅਸਰ ਹੁੰਦਾ ਜਾਂਦਾ ਸੀ। ਇਕ ਤਖ਼ਤਪੋਸ਼ 'ਤੇ ਚਾਰ ਬੰਦੇ ਬਹਿੰਦੇ। ਉਹ ਆਪਣੀਆਂ ਗੱਲਾਂ ਕਰਦੇ, ਜਿਨ੍ਹਾਂ ਨੂੰ ਉਹ

'ਆਪਣੀਆਂ' ਸਮਝਦੇ। ਦੂੱਜੇ ਤਖ਼ਤਪੋਸ਼ ਉਤੇ ਦੂਸਰੇ ਧੜੇ ਦੇ ਦੋ ਆ ਬਹਿੰਦੇ, ਤਾਂ ਪਹਿਲੇ ਚੁੱਪ ਕਰ ਜਾਂਦੇ। ਆਖ਼ਰ 'ਓਪਰਿਆਂ' ਦੇ ਸਾਹਮਣੇ 'ਆਪਣੀਆਂ' ਗੱਲਾਂ ਕਿਵੇਂ ਕੀਤੀਆਂ ਜਾ ਸਕਦੀਆਂ ਸਨ। ਪੀਹੜੀਆਂ ਦੇ 'ਆਪਣੇ' ਦਿਨੋ-ਦਿਨ 'ਓਪਰੇ' ਬਣਦੇ ਜਾ ਰਹੇ ਸਨ।

ਪਿਛਲੀਆਂ ਚੋਣਾਂ ਵਿੱਚ 'ਪੰਥ', 'ਇਸਲਾਮ' ਤੇ 'ਧਰਮ' ਦਾ ਬਹੁਤ 'ਪ੍ਰਚਾਰ' ਹੋਇਆ ਸੀ। ਉਸ ਦਾ ਅਸਰ ਅਜੇ ਤਕ ਲੋਕਾਂ ਦੇ ਦਿਲਾਂ ਤੋਂ ਗਿਆ ਨਹੀਂ ਸੀ।

'ਸੱਜਣ ਸਿੰਘ ਇਕੱਲਾ ਹੀ ਆਪਣੇ ਤਖ਼ਤਪੋਸ਼ 'ਤੇ ਬੈਠਾ ਟੁੱਟੇ ਹੋਏ ਰੱਸੇ ਨੂੰ ਗੰਢ ਲਾ ਰਿਹਾ ਸੀ। ਕਦੇ ਉਹ ਲਹਿੰਦੇ ਪਾਸੇ ਝਾਤੀ ਮਾਰ ਲੈਂਦਾ, ਕਦੇ ਚੜ੍ਹਦੇ ਪਾਸੇ। ਲਹਿੰਦੇ ਪਾਸੇ ਬਸ਼ਕਾ ਹਲ ਵਾਹ ਰਿਹਾ ਸੀ। ਹੁਣ ਉਸ ਨੂੰ ਬਸ਼ਕੇ ਦੀ ਥਾਂ ਘਰ ਦੇ ਬਖ਼ਸ਼ੀਸ਼ ਆਖ ਕੇ ਬੁਲਾਇਆ ਕਰਦੇ ਸਨ। ਉਹਦੇ ਚਿਹਰੇ ਉੱਤੇ ਮੁੱਛਾਂ ਵਾਲੀ ਥਾਂ ਕਾਲੋਂ ਝਲਕਣ ਲੱਗ ਪਈ ਸੀ। ਕੱਦ ਵੱਲੋਂ ਉਹ ਸੱਜਣ ਸਿੰਘ ਜਿੰਨਾ ਉੱਚਾ-ਲੰਮਾ ਹੋ ਗਿਆ ਸੀ।'

ਚੜ੍ਹਦੇ ਪਾਸੇ ਅਲੀਆ ਹਲ ਵਾਹ ਰਿਹਾ ਸੀ। ਲਾਗੇ ਜੈਨਾ ਤੇ ਜੰਤੇ ਸਬਜ਼ੀ ਗੋਡ ਰਹੀਆਂ ਸਨ। ਪਿਛਲੇ ਸਾਲ ਉਹ ਪੈਲੀ ਜੈਨਾ ਦੀ ਆਪਣੀ ਸੀ, ਪਰ ਹੁਣ ਉਹ ਧੰਨੇ ਸ਼ਾਹ ਦੀ ਹੋ ਗਈ ਸੀ। ਧੰਨੇ ਸ਼ਾਹ ਨੇ ਤਰਸ ਖਾ ਕੇ, ਲਿਹਾਜ਼ ਕਰਕੇ, ਜਾਂ ਆਪਣੀ ਕਿਸੇ ਗੁੱਝੀ ਗ਼ਰਜ਼ ਨੂੰ ਮੁੱਖ ਰੱਖ ਕੇ ਉਹ ਪੈਲੀ ਇਲਮ ਦੀਨ ਨੂੰ ਹੀ ਹਿੱਸੇ 'ਤੇ ਦੇ ਛੱਡੀ ਸੀ। ਇਲਮ ਦੀਨ ਮਾਲਕ ਤੋਂ ਮੁਜ਼ਾਰਾ ਬਣ ਗਿਆ ਸੀ, ਜੈਨਾ ਮੁਜ਼ਾਰੇ ਦੀ ਵਹੁਟੀ ਤੇ ਅਲੀਆ ਮੁਜ਼ਾਰੇ ਦਾ ਪੁੱਤਰ। ਮਾਲਕਾਂ ਤੋਂ ਅੱਗੇ ਮੁਜ਼ਾਰਿਆਂ ਦੀ ਪੀਹੜੀ ਤੁਰ ਪਈ ਸੀ।

ਤੇ ਤੂਤਾਂ ਵਾਲੇ ਖੂਹ ਦੀ ਪੈਲੀ ? ਉਹਦੀ ਵੀ ਜਿਵੇਂ ਤਾਸੀਰ ਬਦਲ ਗਈ ਸੀ। ਪੈਲੀ ਓਹਾ ਸੀ। ਕੰਮ ਕਰਨ ਵਾਲੇ ਓਹਾ ਸਨ, ਪਰ ਫ਼ਸਲ ਓਹੋ ਜੇਹੀ ਨਹੀਂ ਸੀ। ਪਹਿਲਾਂ ਉਹ ਮਾਲਕਾਂ ਦੇ ਹਲਾਂ ਹੇਠ ਹੁੰਦੀ ਸੀ, ਹੁਣ ਮੁਜ਼ਾਰਿਆਂ ਦੇ। ਮਾਲਕ ਪਾਣੀ ਦੀ ਥਾਂ ਆਪਣੇ ਮੁੜ੍ਹਕੇ ਨਾਲ ਫ਼ਸਲਾਂ ਸਿੰਜਦਾ ਹੈ, ਪਰ ਮੁਜ਼ਾਰਾ ? ਜਿਸ ਖੇਤ ਦੀ ਕਮਾਈ ਕਿਸੇ ਹੋਰ ਨੇ ਲੈ ਜਾਣੀ ਹੋਵੇ, ਓਥੇ ਕੋਈ ਲਹੂ ਪਾਣੀ ਕਰਕੇ ਕਿਉਂ ਵਹਾਵੇ ?

ਸੱਜਣ ਸਿੰਘ ਬੈਠਾ ਸੋਚ ਰਿਹਾ ਸੀ, 'ਇਹ ਕੀ ਬਣ ਗਿਆ। ਕਿਸੇ ਆਖਿਆ ਸੀ, ਨਾ ਜਰ ਰਿਹਾ ਨਾ ਯਾਰੀ। ਮੇਰਾ ਬਾਪੂ ਤੇ ਚਾਚਾ ਚਰਾਗ਼ ਦੀਨ ਸਾਰੀ ਉਮਰ ਕੱਠੇ ਹਲ ਵੌਂਹਦੇ ਰਹੇ ਸਨ। ਲੋਕੀਂ ਆਹੰਦੇ ਹੁੰਦੇ ਹਨ, ਇਹਨਾਂ ਦੀ ਚੰਦ ਚਕੋਰ ਵਾਲੀ ਪ੍ਰੀਤ ਏ। ਮੈਂ ਤੇ ਇਲਮਾ ਵੀ ਸਦਾ ਕੱਠੇ ਖੇਡਦੇ ਸਾਂ। ਕਾਢਾ ਕੱਢਣ ਜਾਣਾ, ਤਾਂ ਦੋਹਾਂ ਕੱਠਿਆਂ ਕਰਾੜੀ ਦੀਆਂ ਝੋਲੀਆਂ ਇਕੋ ਥਾਂ ਲਾਹੀ ਜਾਣੀਆਂ। ਪਿੱਛੋਂ ਇਕੋ ਜੇਹੀਆਂ ਪੰਡਾਂ ਬਣਾ ਕੇ ਚੁੱਕ ਲਿਔਣੀਆਂ। ਕੋਈ ਨਿੰਦ ਵਿਚਾਰ ਨਹੀਂ ਸੀ। ਮਾਲ ਚਾਰਨ ਵੀ ਦੋਹਾਂ ਕੱਠਿਆਂ ਹੀ ਜਾਣਾ। ਇਕੋ ਝੋਲੀ ਵਿੱਚੋਂ ਦੋਹਾਂ ਦਾਣੇ ਚੱਬਣੇ। ਤੇ ਓਦਣ,

ਜਿੰਦਣ ਮਲ੍ਹੇ ਵਿੱਚੋਂ ਮਾਖੋ ਲਾਹੀ ਸੀ। ਅਸੀਂ ਦੋਵੇਂ ਛੱਲੀ 'ਚੋਂ ਉਂਗਲਾਂ ਨਾਲ ਲਾਹ-ਲਾਹ ਕੇ ਸ਼ਹਿਤ ਚੱਟ ਰਹੇ ਸਾਂ। ਸੀ ਕੋਈ ਸੁੱਚ ਜੂਠ ਦੀ ਪਰਵਾਹ ? ਉੱਤੋਂ ਆ ਗਿਆ ਬਾਬਾ ਚੇਤ ਸੁੰਹ। ਮੈਂ ਡਰਦਾ ਹੱਥ ਪੂੰਝ ਕੇ ਪਰ੍ਹਾਂ ਹੋ ਗਿਆ। ਇਲਮਾ ਓਸੇ ਤਰ੍ਹਾਂ ਮੌਜ ਨਾਲ ਖਾਧੀ ਗਿਆ। ਉਹ ਔਧਓਂ ਬਹੁਤਾ ਸਮੇਟ ਗਿਆ। ਮੈਨੂੰ ਵੇਖ-ਵੇਖ ਰਿਵੀਆਂ ਪੈਣ। ਮੈਂ ਜੀਅ ਵਿੱਚ ਬਾਬੇ ਨੂੰ ਬਥੇਰੀਆਂ ਆਖੀਆਂ। ਉਹ ਜ਼ਰਾ ਕੁ ਪਾਸੇ ਹੋਇਆ, ਤਾਂ ਮੈਂ ਝਪਟ ਮਾਰ ਕੇ ਇਲਮੇ ਕੋਲੋਂ ਛੱਲੀ ਵਾਲੀ ਟਾਹਣੀ ਖੁਹ ਲਈ। ਅੱਗੇ-ਅੱਗੇ ਮੈਂ ਤੇ ਮਗਰ-ਮਗਰ ਇਲਮਾ। ਨਾਲੇ ਵਾਹਣ ਵਿੱਚ ਭੱਜੇ ਫਿਰੀਏ, ਨਾਲੇ ਤਾਂ ਮੈਂ ਮੂੰਹ ਨਾਲ ਸ਼ਹਿਤ ਚੱਟੀ ਜਾਵਾਂ। ਐਨ ਜ਼ਬਾਨ ਨਾਲ ਛੱਲੀ ਸਾਫ਼ ਕਰ ਲਈ, ਟਾਹਣੀ ਮੈਂ ਇਲਮੇ ਦੇ ਪੈਰਾਂ ਵਿੱਚ ਦੇ ਮਾਰੀ। ਓਹਾ ਦਿਨ ਚੰਗੇ ਸਨ। ਫਿਰ ਕਿੰਨੀ ਵਾਰ ਅਸਾਂ ਇਕੋ ਕੌਲੀ ਵਿੱਚ ਸ਼ਰਾਬ ਪੀਤੀ ਏ। ਤੇ ਅੱਜ ? ਜਬਾਨ ਸਾਂਝੀ ਕਰਨ ਦੇ ਵੀ ਰਵਾਦਾਰ ਨਹੀਂ। ਐਨੇ ਦੂਰ ਕਿਉਂ ਹੋ ਗਏ ? ਅਸਾਂ ਦੋਹਾਂ ਪਹਿਲੇ ਦਿਨ ਕੱਠੇ ਹਲ ਜੁੱਤੇ ਸਨ। ਤੇ ਅੱਜ ਬਖ਼ਸ਼ੀਸ਼ ਤੇ ਅਲੀਆ। ਮੁੰਡਿਆਂ ਵਚਾਰਿਆਂ ਦੇ ਕੀ ਵੱਸ, ਜਦ ਅਸੀਂ ਦੋਵੇਂ ਚਾਰ ਪੈਰ ਕੱਠੇ ਨਹੀਂ ਤੁਰ ਸਕਦੇ। ਇਕ ਦੂੱਜੇ ਦੇ ਮੱਥੇ ਲਗਣੋਂ ਵੀ ਸੰਗਦੇ ਰਹਿੰਦੇ ਆਂ। ਸਾਡੇ ਨਾਲੋਂ ਤਾਂ ਜੈਨਾ ਈ ਤਕੜੀ ਏ। ਉਹ ਸਾਰੇ ਟੱਬਰ ਦੀਆਂ ਸਹਿ ਕੇ ਪੰਜੀਂ-ਸੱਤੀਂ ਦਿਨੀ ਕਦੇ ਦੋ ਘੜੀਆਂ ਦੀਪੇ ਦੀ ਮਾਂ ਕੋਲ ਆ ਬਹਿੰਦੀ ਏ। ਦੋਵੇਂ ਜਣੀਆਂ ਦੁੱਖ-ਸੁੱਖ ਦੀਆਂ ਕਰਕੇ ਦਿਲ ਹੌਲੇ ਕਰ ਲੈਂਦੀਆਂ ਨੇ। ਕਿਸੇ ਦਿਨ ਉਹਨਾਂ ਦਾ ਮਿਲਣਾ ਵੀ ਬੰਦ ਹੋ ਜਾਇਗਾ। ਭਲਾ ਦੱਸੋ, ਸਾਨੂੰ ਲੰਬਰਦਾਰੀ ਨੇ ਕੀ ਤਾਰਿਆ ? ਦੋਵੇਂ ਘਰ ਕਰਜ਼ੇ ਥੱਲੇ ਦੱਬੇ ਗਏ ਆਂ। ਇਲਮਾ ਤਾਂ ਖੂਹ ਤੋਂ ਨਿਕਲ ਗਿਆ। ਕੋਈ ਛੁਡਾ ਲੈਣੀ ਸੁ ਅੱਜ ਦੀ ਪਾਈ ਹੋਈ ? ਚਾਰ ਵਿਘੇ ਪੈਲੀ ਦੋ ਹਜ਼ਾਰ ਰੁਪਈਆ। ਦੋ ਵਿਘੇ ਕਰਮੂੰ ਵੀ ਪਾ ਬੈਠਾ ਏ। ਹੋਰ ਦੋ ਵਰ੍ਹਿਆਂ ਨੂੰ ਬਾਕੀ ਦੀ ਦੋ ਵਿਘੇ ਵੀ ਪਾ ਦੇਵੇਗਾ। ਤੇ ਉਹਨਾਂ ਦੀ ਗੱਲ ਕਰਦਾਂ, ਮੇਰੇ ਪੱਲੇ ਕੀ ਰਹਿ ਗਿਆ ਏ ? ਸੋਲਾਂ ਸੌ ਹੋ ਗਿਆ ਏ, ਸੋਲਾਂ ਸੌ। ਤੇ ਜਾਣਦਾ ਏਂ ਸੋਲਾਂ ਸੌ ਦਾ ਬਿਆਜ ਕਿੰਨਾ ਬਣਦਾ ਏ ਸਾਲ ਦਾ ? ਸੌ ਨੂੰ ਪੰਝੀ ਪੈਂਦੇ ਨੇ। ਚਾਰ ਸੌ ਬਿਆਜ ਦਾ ਬਣ ਗਿਆ। ਸੋਲਾਂ ਸੌ ਪਿੱਛੇ ਚਾਰ ਸੌ। ਤੇ ਆਮਦਨ ਕਿੰਨੀ ਏਂ ? ਕਿੱਥੋਂ ਤਰੇਗਾ ਇਹ ਸੋਲਾਂ ਸੌ ? ਖ਼ਰਚ ਵੀ ਕੋਈ ਨਹੀਂ ਕਰੀਦਾ। ਹੁਣ ਢਿੱਡ ਨੂੰ ਤਾਂ ਝੁਲਕਾ ਦੇਣਾ ਈ ਹੋਇਆ। ਚੋਪੜੀ ਨਾ ਸਹੀ, ਰੁੱਖੀ ਸਹੀ। ਕਣਕ ਦੀ ਨਹੀਂ, ਤਾਂ ਮਕਈ ਬਾਜਰੇ ਦੀ ਹੀ ਸਹੀ। ਆਖ਼ਰ ਭੱਠੀ ਨੇ ਬਾਲਣ ਤਾਂ ਮੰਗਣਾ ਈਂ ਏਂ। ਫਿਰ ਨੰਗੇਜ ਵੀ ਢੱਕਣਾ ਹੋਇਆ। ਖੱਦਰ ਈ ਸਹੀ, ਲੁਧਿਆਣਾ ਈ ਸਹੀ। ਅੱਗੇ ਕਿਹੜੀ ਅਸੀਂ ਬੋਸਕੀ ਹੰਢੌਂਦੇ ਆਂ। ਸਾਰਾ ਟੱਬਰ ਮੂੰਹ ਬੰਨ੍ਹ ਕੇ ਵੀ ਬਚਾਈਏ, ਤਾਂ ਸੋਲਾਂ ਸੌ ਦਾ ਬਿਆਜ ਨਹੀਂ ਮੋੜ ਸਕਦੇ। ਇਹ ਫਲ ਮਿਲਿਆ ਏ ਲੰਬਰਦਾਰੀ ਦਾ। ਅਜੇ ਧੰਨੇ ਸ਼ਾਹ ਤੇ ਸੁੰਦਰ ਸੁੰਹ ਆਹੰਦੇ ਸੀ ਅਪੀਲ ਕਰ। ਉਹਨਾਂ ਦੇ ਆਖੇ ਲੱਗ ਜਾਂਦਾ, ਤਾਂ ਸਾਰੀ ਹੀ ਜਾਂਦੀ। ਖੂਹ ਵਾਲੀ ਤਾਂ ਹੁਣ ਵੀ ਗਈ ਸਮਝੋ।

ਧੰਨੇ ਸ਼ਾਹ ਦੀ ਅੱਖ ਏਸੇ 'ਤੇ ਆ। ਪਰ ਹੁਣ ਕੀਤਾ ਕੀ ਜਾਵੇ ? ਇਕ ਵਾਰ ਧੰਨੇ ਸ਼ਾਹ ਦੀ ਸਲਾਹ ਨਹੀਂ ਮੰਨੀ। ਪਰ ਉਹਨੂੰ ਟਾਲਾਂਗਾ ਕਿੰਨਾ ਕੁ ਚਿਰ ? ਉਹਦੀਆਂ ਗੱਲਾਂ ਸੁੱਟੀਆਂ ਵੀ ਨਹੀਂ ਜਾਂਦੀਆਂ। ਉਹ ਮੀਸਣਾ ਜਿਹਾ ਮੂੰਹ ਦਾ ਕਿੰਨਾ ਮਿੱਠਾ ਏ, ਤੇ ਅੰਦਰੋਂ ਜ਼ਹਿਰੀ ਨਾਗ। ਅਖੇ : ਕੱਛੇ ਛੁਰੀ ਤੇ ਮੂੰਹੋਂ ਰਾਮ-ਰਾਮ। ਕਿਆ ਸਮਝੌਤੀਆਂ ਦੇਂਦਾ ਸੀ ਓਦਣ। 'ਸ. ਸੱਜਣ ਸਿਹਾਂ! ਅਸੀਂ ਲੋਕ ਤੁਹਾਡੀ ਪਤ ਦੇ ਸਾਂਝੇ ਹੁੰਦੇ ਆਂ। ਸੱਜਣ ਮਿੱਤਰ ਦੀ ਬਦਨਾਮੀ ਕਰਕੇ ਖ਼ੁਸ਼ ਨਹੀਂ ਧੰਨੇ ਸ਼ਾਹ। ਮੇਰਾ ਤਾਂ ਅਸੂਲ ਏ, ਜਿਵੇਂ ਅੰਦਰ ਵੜ ਕੇ ਲਿਆਈਏ ਕਿਸੇ ਤੋਂ, ਓਵੇਂ ਮੋੜ ਆਈਏ। ਤਿੱਜੇ ਕੰਨ ਕੋਈ ਸੁਣੇ ਤਕ ਨਾ। ਹੁਣ ਇਲਮ ਦੀਨ ਆਪ ਭਾਵੇਂ ਲੋਕਾਂ ਨੂੰ ਦੱਸਦਾ ਫਿਰੇ, ਪਰ ਧੰਨੇ ਸ਼ਾਹ ਦੇ ਮੂੰਹੋਂ ਕੋਈ ਗੱਲ ਨਿਕਲੀ ਏ ? ਲੈ ਭਈ ਤੂੰਹੇਂ ਵਾਹੀ ਬੀਜੀ ਜਾਹ। ਹੋਈ-ਬਹੋਈ ਵਿੱਚੋਂ ਜਿਹੜੇ ਚਾਰ ਮਣ ਪੁੱਜਣ ਸਰਨ, ਦੇ ਛੱਡੀਂ। ਜਿਸ ਦਿਨ ਪੈਸੇ ਦੇ ਦੇਵੇਂ, ਤੇਰੀ ਦੌਲਤ ਤੇਰੇ ਕੋਲ ਏ। ਤੈਨੂੰ ਵੀ ਇਹ ਸਲਾਹ ਤੇਰੇ ਭਲੇ ਕਰਕੇ ਈ ਦਿੱਤੀ ਸੀ। ਹਰ ਸਾਲ ਵਿਆਜ ਦਾ ਚਾਰ ਸੌ ਦੇਣਾ ਤੇਰੇ ਵਾਸਤੇ ਔਖਾ ਈ। ਓਸ ਤਰ੍ਹਾਂ ਤਾਂ ਹਿੱਸੇ ਠੇਕੇ ਦੇ ਜਿਹੜੇ ਦੋ ਮਣ ਆਉਣਗੇ, ਓਹਾ ਲੈ ਜਾਣੇ ਨੇ ਨਾ ਮੈਂ। ਹੋਰ ਇਤਬਾਰ ਕਰ ਮੇਰੇ ਤੇ, ਤਿੱਜੇ ਕੰਨ ਭਿਣਕ ਨਹੀਂ ਪਵੇਗੀ। ਹਲ ਤੇਰੇ ਹੀ ਵਗਣਗੇ ਏਥੇ। ਤੇ ਹਿੱਸਾ ਵੀ ਜੋ ਤੇਰਾ ਰੱਬ ਕਰਾਏ, ਦੇ ਛੱਡੀਂ। ਭੈੜਿਆ! ਤੂੰ ਤਾਂ ਫੇਰ ਵੀ ਹਿੰਦੂ ਧਰਮ ਆਪਣਾ ਏਂ, ਮੈਂ ਇਲਮ ਦੀਨ ਤੋਂ ਕਦੇ ਹਿਸਾਬ ਨਹੀਂ ਪੁੱਛਿਆ। ਸੋ, ਠੰਢੇ ਦਿਲ ਨਾਲ ਦੋਵੇਂ ਜੀਅ ਸੋਚ ਲਵੋ। ਓਧਰੋਂ ਕੁੜੀ ਮੁੰਡਾ ਵੀ ਵਿਆਹੁਣ ਵਾਲੇ ਹੋਏ ਖਲੇ ਨੇ। ਆਪਾਂ ਕਿਤੇ ਅਗ੍ਹਾਂ ਵਰਤਣੋਂ ਤਾਂ ਨਹੀਂ ਹਟ ਜਾਣਾ।" ਧੰਨੇ ਸ਼ਾਹ...ਧੰਨੇ ਸ਼ਾਹ ਦੀਆਂ ਗੱਲਾਂ...। ਸਮਝ ਕੋਈ ਨਹੀਂ ਪੈਂਦੀ। ਕੀ ਕੀਤਾ ਜਾਵੇ ? ਮੁੰਡੇ ਕੁੜੀ ਵਾਲੀ ਵੀ ਗੱਲ ਠੀਕ ਏ। ਬਖ਼ਸ਼ੀਸ਼ ਦੀ ਤਾਂ ਅਜੇ ਚਾਰ ਵਰ੍ਹੇ ਖ਼ੈਰ ਏ, ਪਰ ਕੋਠੇ ਜਿੱਡੀ ਧੀ ਨੂੰ ਕਿੰਨਾ ਚਿਰ ਘਰ ਬਹਾ ਛੱਡਾਂਗੇ। ਕੁਛ ਨਹੀਂ ਸੁਝਦਾ।'

ਸੱਜਣ ਸਿੰਘ ਸੱਚਮੁੱਚ ਹੀ ਓਸ ਥਾਂ ਪਹੁੰਚ ਗਿਆ ਸੀ, ਜਿੱਥੇ ਸਮਝ ਕੰਮ ਨਹੀਂ ਕਰਦੀ। ਉਹਨਾਂ ਦੇ ਘਰ ਵਿੱਚ ਕਈ ਦਿਨ ਸਲਾਹੀਂ ਹੁੰਦੀਆਂ ਰਹੀਆਂ। ਅੱਧੀ-ਅੱਧੀ ਰਾਤ ਤੱਕ ਉਹ ਦੋਵੇਂ ਜੀਅ ਸੋਚਾਂ ਵਿੱਚ ਡੁੱਬੇ ਜਾਗਦੇ ਰਹਿੰਦੇ। ਭਜਨ ਕੌਰ ਵਧੇਰੇ ਦੋਸ਼ ਆਪਣੇ ਆਪ ਨੂੰ ਦੇਂਦੀ, ਜੀਹਨੇ ਉਧਾਰ ਮਹਿੰ ਲੈ ਆਉਣ ਦੀ ਕਦੇ ਜ਼ਿਦ ਕੀਤੀ ਸੀ, ਪਰ ਆਪਣੇ ਸਿਰ ਜਾਂ ਕਿਸੇ ਦੂਸਰੇ ਦੇ ਸਿਰ ਦੋਸ਼ ਮੜ੍ਹਨ ਨਾਲ ਕਰਜ਼ਾ ਨਹੀਂ ਸੀ ਉਤਰ ਸਕਦਾ। ਅਖ਼ੀਰ ਇਕ ਮਹੀਨੇ ਦੇ ਰੇੜਕੇ ਪਿੱਛੋਂ ਸੱਜਣ ਸਿੰਘ ਤੇ ਧੰਨੇ ਸ਼ਾਹ ਵਿੱਚ ਸਮਝੌਤਾ ਹੋ ਗਿਆ। ਸੱਜਣ ਸਿੰਘ ਨੇ ਖੂਹ ਵਾਲੀ ਅੱਠ ਵਿਘੇ ਬਾਰਾਂ ਸਾਲ ਵਾਸਤੇ ਧੰਨੇ ਸ਼ਾਹ ਨੂੰ ਮੁਸਤਾਜਰੀ (ਪਟਾ) ਵਜੋਂ ਲਿਖ ਦਿੱਤੀ, ਜਿਸ ਦਾ ਅਰਥ ਸੀ ਕਿ ਆਪਣੇ ਕਰਜ਼ੇ ਵਿੱਚ ਧੰਨੇ ਸ਼ਾਹ ਬਾਰਾਂ ਸਾਲ ਵਾਸਤੇ ਉਸ ਜ਼ਮੀਨ ਦੀ ਆਮਦਨ ਖਾ ਲਵੇ। ਸੱਜਣ ਸਿੰਘ ਨੇ ਸੋਚਿਆ, 'ਚਲੋ, ਬਾਰਾਂ ਸਾਲ ਪਿੱਛੋਂ ਤਾਂ ਜ਼ਮੀਨ ਬਿਨਾਂ

ਪੈਸਿਆਂ ਤੋਂ ਆਪਣੀ ਹੋ ਜਾਵੇਗੀ ? ਕਰਜ਼ਾ ਵਾਪਸ ਤਾਂ ਨਾ ਦੇਣਾ ਪਵੇਗਾ ? ਮੁਸਤਾਜਰੀ ਇਕ ਕਿਸਮ ਦਾ ਠੇਕਾ ਈ ਏ ਨਾ। ਸਮਝ ਛੱਡਾਂਗੇ ਠੇਕਾ ਪਹਿਲਾਂ ਲੈ ਲਿਆ। ਤੇ ਆਪ ਕਿਸੇ ਭਰਾ ਦੀ ਹਿੱਸੇ 'ਤੇ ਵਾਹ ਲਈ ਏ।'

ਮੁਸਤਾਜਰੀ ਪਟਾ ਲਿਖਿਆ ਗਿਆ। ਖੂਹ ਦੇ ਸੋਲਾਂ ਵਿਘਿਆਂ ਵਿੱਚੋਂ ਚੌਦਾਂ ਦਾ ਮਾਲਕ ਧੰਨੇ ਸ਼ਾਹ ਬਣ ਗਿਆ। ਤੇ ਅਸਲੀ ਮਾਲਕ ਸੱਜਣ ਸਿੰਘ ਤੇ ਇਲਮ ਦੀਨ ਬਣ ਗਏ ਧੰਨੇ ਸ਼ਾਹ ਦੇ ਮੁਜ਼ਾਰੇ।

## 24

ਯੂਰਪ ਉਤੇ ਚਰੋਕਣੇ ਜੰਗ ਦੇ ਬੱਦਲ ਛਾਏ ਹੋਏ ਸਨ। ਅੰਤ ਲੜਾਈ ਸ਼ੁਰੂ ਹੋ ਗਈ। ਜਰਮਨੀ ਨੇ ਕੁਛ ਛੋਟੇ-ਛੋਟੇ ਗਵਾਂਢੀ ਮੁਲਕਾਂ ਉੱਤੇ ਹਮਲਾ ਕਰ ਦਿੱਤਾ। ਤਿੰਨ ਸਤੰਬਰ, 1939 ਨੂੰ ਬਰਤਾਨੀਆਂ ਵੀ ਜੰਗ ਵਿੱਚ ਕੁਦ ਪਿਆ। ਲੜਾਈ ਪੈਂਦੀ ਸੱਟੇ ਗਰਮ ਹੋ ਗਈ। ਸਿਆਣੇ ਨੀਤੀਵਾਨਾਂ ਦਾ ਖ਼ਿਆਲ ਸੀ ਕਿ ਇਹ ਜੰਗ ਬਹੁਤ ਭਿਆਨਕ ਹੋਵੇਗੀ। ਕਾਂਗਰਸ, ਜਰਮਨੀ ਦੇ ਵਰੁੱਧ, ਅੰਗਰੇਜ਼ਾਂ ਦੀ ਮਦਦ ਕਰਨਾ ਚਾਹੁੰਦੀ ਸੀ, ਪਰ ਕੁਛ ਸ਼ਰਤਾਂ ਉਤੇ। ਕਿਉਂਕਿ ਪਹਿਲੀ ਯੂਰਪ ਜੰਗ ਵਿੱਚ ਪੂਰੀ ਤਰ੍ਹਾਂ ਮਦਦ ਕਰਨ ਪਿੱਛੋਂ ਵੀ ਕਾਂਗਰਸ ਨੂੰ ਅੰਗਰੇਜ਼ਾਂ ਵੱਲੋਂ ਨਿਰਾਸ਼ ਹੋਣਾ ਪਿਆ ਸੀ, ਸਗੋਂ ਕੀਤੀ ਸੇਵਾ ਬਦਲੇ ਇਨਾਮ ਦੀ ਥਾਂ ਰੌਲਟ ਐਕਟ ਤੇ ਮਾਰਸ਼ਲ ਲਾਅ ਮਿਲੇ ਸਨ। ਕਾਂਗਰਸੀ ਨੇਤਾਵਾਂ ਨੇ ਬਹੁਤ ਸੋਚ ਵਿਚਾਰ ਪਿੱਛੋਂ ਅੰਗਰੇਜ਼ਾਂ ਪਾਸੋਂ ਲੋਕ-ਰਾਜ ਦੀ ਮੰਗ ਕੀਤੀ। ਉਹਨਾਂ ਨੇ ਰਾਏ ਪ੍ਰਗਟ ਕੀਤੀ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਉੱਤੇ ਜਨਤਾ ਨੂੰ ਵਧੇਰੇ ਭਰੋਸਾ ਹੋਵੇਗਾ। ਇਸ ਤਰ੍ਹਾਂ ਹਿੰਦੁਸਤਾਨ ਬਰਤਾਨੀਆਂ ਦੀ ਵਧੇਰੇ ਮਦਦ ਕਰ ਸਕੇਗਾ।

ਅੰਗਰੇਜ਼ਾਂ ਨੇ ਜ਼ਬਾਨੀ-ਜ਼ਬਾਨੀ ਭਰੋਸਾ ਦੁਆਉਣ ਦਾ ਯਤਨ ਕੀਤਾ ਕਿ ਜੰਗ ਖ਼ਤਮ ਹੋਣ ਪਿੱਛੋਂ ਛੇਤੀ ਤੋਂ ਛੇਤੀ ਭਾਰਤ ਨੂੰ ਆਜ਼ਾਦ ਕਰ ਦਿੱਤਾ ਜਾਵੇਗਾ। ਪਿਛਲੇ ਤਲਖ਼ ਤਜਰਬੇ ਦੇ ਕਾਰਨ ਕਾਂਗਰਸ ਜ਼ਬਾਨੀ-ਜ਼ਬਾਨੀ ਇਤਬਾਰ ਕਰਨ ਵਾਸਤੇ ਤਿਆਰ ਨਹੀਂ ਸੀ। ਕਾਂਗਰਸ ਨੇ ਦੋ ਮੰਗਾਂ ਰੱਖੀਆਂ : ਇਕ ਤਾਂ ਜੰਗ ਦੇ ਸਮੇਂ ਅੰਦਰ ਹੀ, ਭਾਵ ਓਸੇ ਵੇਲੇ ਆਰਜ਼ੀ ਕੌਮੀ ਸਰਕਾਰ ਬਣਾ ਕੇ ਰਾਜ-ਸੱਤਿਆ ਉਹਦੇ ਹੱਥ ਦੇ ਦਿੱਤੀ ਜਾਵੇ। ਦੂਜੀ; ਜੰਗ ਖ਼ਤਮ ਹੋਣ ਪਿੱਛੋਂ ਮੁਕੰਮਲ ਆਜ਼ਾਦੀ ਵਾਸਤੇ ਤਾਰੀਖ਼ ਨੀਯਤ ਕਰ ਦਿੱਤੀ ਜਾਵੇ। ਅੰਗਰੇਜ਼ੀ ਸਰਕਾਰ ਦੋਹਾਂ ਕੰਮਾਂ ਵਾਸਤੇ ਤਿਆਰ ਨਹੀਂ ਸੀ। ਉਹ ਜ਼ਬਾਨੀ-ਜ਼ਬਾਨੀ ਸਭ ਕੁਛ ਦੇਂਦੀ ਸੀ, ਪਰ ਅਮਲੀ ਤੌਰ 'ਤੇ ਕੁਛ ਵੀ ਨਾ। ਅੰਤ ਤੰਗ ਪੈ ਕੇ ਕਾਂਗਰਸ ਨੇ ਵਜ਼ਾਰਤਾਂ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਉਸ ਵੇਲੇ ਮਦਰਾਸ, ਯੂ.ਪੀ., ਮੱਧ ਪ੍ਰਦੇਸ਼, ਬਿਹਾਰ, ਉੜੀਸਾ ਆਦਿ ਸੱਤਾਂ ਸੂਬਿਆਂ

ਵਿੱਚ ਕਾਂਗਰਸ ਦੀਆਂ ਵਜ਼ਾਰਤਾਂ ਸਨ। ਉਹਨਾਂ ਸਾਰੀਆਂ ਵਜ਼ਾਰਤਾਂ ਨੇ ਅਕਤੂਬਰ-ਨਵੰਬਰ (1939) ਵਿੱਚ ਅਸਤੀਫ਼ੇ ਦੇ ਦਿੱਤੇ।

ਉਸ ਵੇਲੇ ਸਾਰੀ ਦੁਨੀਆਂ ਦਾ ਧਿਆਨ ਯੂਰਪ ਦੀ ਜੰਗ ਵੱਲ ਲੱਗਾ ਹੋਇਆ ਸੀ। ਹਿਟਲਰ ਦੀ ਅਗਵਾਈ ਵਿੱਚ ਜਰਮਨੀ ਕਈ ਸਾਲ ਤੋਂ ਜੰਗ ਦੀ ਤਿਆਰੀ ਕਰ ਰਿਹਾ ਸੀ। ਵਿਹੰਦਿਆਂ ਹੀ ਵਿਹੰਦਿਆਂ ਉਹਨੇ ਛੋਟੇ-ਛੋਟੇ ਕੋਈ ਗਵਾਂਢੀ ਮੁਲਕ ਫ਼ਤਹਿ ਕਰ ਲਏ। ਬਰਤਾਨੀਆਂ ਤੇ ਫਰਾਂਸ ਬਹੁਤ ਭੈ-ਭੀਤ ਹੋ ਰਹੇ ਸਨ। ਹਿੰਦੁਸਤਾਨ ਵਿੱਚ ਵੀ ਹਰ ਥਾਂ ਏਸੇ ਜੰਗ ਦੀ ਚਰਚਾ ਸੀ। ਸਾਧਾਰਨ ਜਨਤਾ ਡਰਦੀ ਮੂਹੋਂ ਕੁਛ ਨਹੀਂ ਸੀ ਕਹਿੰਦੀ, ਮਗਰ ਅੰਗਰੇਜ਼ਾਂ ਨਾਲ ਹਮਦਰਦੀ ਕਿਸੇ ਨੂੰ ਵੀ ਨਹੀਂ ਸੀ। ਜਰਮਨੀ ਦੀਆਂ ਜਿੱਤਾਂ ਸੁਣ-ਸੁਣ ਕੇ ਲੋਕ ਬਹੁਤ ਖ਼ੁਸ਼ ਹੁੰਦੇ। ਜਿੱਥੇ ਚਾਰ ਬੰਦੇ ਬਹਿੰਦੇ, ਓਥੇ ਏਹਾ ਗੱਲਾਂ। ਇਕ ਆਦਮੀ ਸ਼ਹਿਰੋਂ ਕੋਈ ਅਫ਼ਵਾਹ ਸੁਣ ਕੇ ਆਉਂਦਾ, ਤਾਂ ਪਿੰਡ ਦੇ ਸਾਰੇ ਬੰਦੇ ਉਸ ਤੋਂ ਵਾਰੀ-ਵਾਰੀ ਦੁਹਰਾਅ ਕੇ ਪੁੱਛਦੇ। ਸ਼ਹਿਰ ਗਿਆ ਕੋਈ ਅੱਧ ਪੜ੍ਹ ਪੇਂਡੂ ਪੰਜਾਬੀ ਦਾ ਅਖ਼ਬਾਰ ਲੈ ਆਉਂਦਾ, ਤਾਂ ਲੋਕ ਓਨਾ ਚਿਰ ਉਹਨੂੰ ਵਾਰ-ਵਾਰ ਸੁਣਦੇ ਰਹਿੰਦੇ, ਜਿੰਨਾ ਚਿਰ ਹੋਰ ਨਵਾਂ ਪਰਚਾ ਨਾ ਆ ਜਾਂਦਾ। 'ਅੱਜ ਜਰਮਨਾਂ ਨੇ ਫਲਾਨਾ ਮੁਲਕ ਮੱਲ ਲਿਆ ਏ। ਅੱਜ ਉਹਨਾਂ ਵੈਰੀ ਦੇ ਐਨੇ ਜਹਾਜ਼ ਡੇਗ ਦਿੱਤੇ ਨੇ। ਅੱਜ ਅੰਗਰੇਜ਼ਾਂ ਨੂੰ ਫਲਾਨੇ ਮੋਰਚੇ ਤੋਂ ਭਾਂਜ ਪੈ ਗਈ ਏ।' ਏਹੋ ਜੇਹੀਆਂ ਖ਼ਬਰਾਂ ਲੋਕ ਬੜੀ ਦਿਲਚਸਪੀ ਨਾਲ ਸੁਣਦੇ ਸਨ। ਇਸ ਦਾ ਇਹ ਅਰਥ ਨਹੀਂ ਕਿ ਹਿੰਦੁਸਤਾਨੀਆਂ ਨੂੰ ਜਰਮਨਾਂ ਨਾਲ ਬਹੁਤ ਮੁਹੱਬਤ ਸੀ, ਜਾਂ ਉਹ ਚਾਹੁੰਦੇ ਸਨ ਕਿ ਜਰਮਨ ਸਾਡੇ ਮੁਲਕ ਉੱਤੇ ਕਬਜ਼ਾ ਆ ਕਰਨ, ਸਗੋਂ ਭਾਰਤ ਵਾਸੀਆਂ ਨੂੰ ਅੰਗਰੇਜ਼ਾਂ ਨਾਲ ਅਥਾਹ ਘ੍ਰਿਣਾ ਹੋ ਗਈ ਸੀ। ਏਥੋਂ ਦੀ ਜਨਤਾ ਚਾਹੁੰਦੀ ਸੀ ਕਿ ਅੰਗਰੇਜ਼ ਕਮਜ਼ੋਰ ਹੋ ਕੇ ਨਿਕਲ ਜਾਣ। ਏਸ ਵਾਸਤੇ ਲੋਕ ਯੂਰਪ ਜੰਗ ਵਿੱਚ ਅੰਗਰੇਜ਼ਾਂ ਦੀ ਹਾਰ ਬਾਰੇ ਸੋਚਦੇ ਸਨ।

ਇਹਨਾਂ ਹੀ ਦਿਨਾਂ ਵਿੱਚ ਇਕ ਹੋਰ ਘਟਨਾ ਹੋ ਗਈ, ਜਿਸ ਨਾਲ ਸਾਰੇ ਹਿੰਦੁਸਤਾਨ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ। 1919 ਵਿੱਚ ਪੰਜਾਬ ਦਾ ਗਵਰਨਰ ਸਰ ਮਾਈਕਲ ਓਡਵਾਇਰ ਸੀ। ਸਹੀ ਅਰਥਾਂ ਵਿੱਚ ਓਹਾ ਜੱਲ੍ਹਿਆਂ ਵਾਲੇ ਦੇ ਸ਼ਹੀਦਾਂ ਦਾ ਕਾਤਲ ਮੰਨਿਆ ਜਾਂਦਾ ਹੈ, ਕਿਉਂਕਿ ਸਭ ਕੁਝ ਓਸੇ ਦੇ ਇਸ਼ਾਰੇ ਉੱਤੇ ਹੋਇਆ ਸੀ। ਹਿੰਦੁਸਤਾਨੀਆਂ ਦੇ ਸੀਨੇ ਵਿੱਚ ਉਹ ਕੰਡੇ ਵਾਂਗ ਰੜਕਦਾ ਸੀ। 13 ਮਾਰਚ, 1940 ਦਾ ਵਾਕਿਆ ਹੈ। ਇੰਡੀਆ ਹਾਊਸ ਲੰਡਨ ਵਿੱਚ ਜਲਸਾ ਹੋ ਰਿਹਾ ਸੀ। ਓਡਵਾਇਰ ਖਲਾ ਹਿੰਦੁਸਤਾਨ ਦੇ ਸੰਬੰਧ ਵਿੱਚ ਤਕਰੀਰ ਕਰ ਰਿਹਾ ਸੀ। ਪਾਸੇ 'ਤੇ ਗੈਲਰੀ ਵਿੱਚ ਸੁਨਾਮ ਦਾ ਸ਼ੇਰ ਊਧਮ ਸਿੰਘ ਬੈਠਾ ਸੀ। ਵੇਲਾ ਤਾੜ ਕੇ ਉਹਨੇ ਉਠ ਕੇ ਪਸਤੌਲ ਦੀਆਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਨਸ਼ਾਨਾ ਟਿੱਚ ਬੈਠਾ। ਓਡਵਾਇਰ ਡਿਗਦੇ ਸਾਰ ਪ੍ਰਾਣ ਤਿਆਗ ਗਿਆ। ਊਧਮ ਸਿੰਘ ਨੇ

ਨੱਸਣ ਦਾ ਯਤਨ ਨਹੀਂ ਕੀਤਾ, ਸਗੋਂ ਉਸ ਨੇ ਉੱਚੀ ਬਾਂਹ ਕਰਕੇ ਲਲਕਾਰ ਕੇ ਕਿਹਾ, "ਜੱਲਿਆਂਵਾਲੇ ਬਾਗ ਦੇ ਸ਼ਹੀਦਾਂ ਦਾ ਬਦਲਾ ਲੈ ਲਿਆ ਗਿਆ ਹੈ। ਮੈਂ ਆਪਣੇ ਕੀਤੇ ਪ੍ਰਣ ਵਿੱਚ ਕਾਮਯਾਬ ਹੋ ਗਿਆ ਹਾਂ।"

ਊਧਮ ਸਿੰਘ ਗ੍ਰਿਫ਼ਤਾਰ ਹੋ ਗਿਆ। ਵਲਾਇਤ ਵਿੱਚ ਉਹਨੇ ਆਪਣਾ ਨਾਮ 'ਰਾਮ ਮੁਹੰਮਦ ਸਿੰਘ' ਰਖਿਆ ਹੋਇਆ ਸੀ, ਪਰ ਮੁਕੱਦਮੇ ਵਿੱਚ ਉਹਨੇ ਆਪਣਾ ਸਹੀ ਨਾਮ ਦੱਸ ਦਿੱਤਾ। ਅੰਤ 13 ਜੂਨ, 1940 ਨੂੰ ਊਧਮ ਸਿੰਘ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

ਸ਼ਹੀਦ ਊਧਮ ਸਿੰਘ ਦਾ ਜਨਮ- 13 ਪੋਹ, 1957 ਬਿ. (ਦਸੰਬਰ 1901) ਨੂੰ ਸੁਨਾਮ ਦੇ ਇਕ ਗ਼ਰੀਬ ਸਿੰਘ ਘਰਾਣੇ ਵਿੱਚ ਹੋਇਆ। ਉਹ ਅਜੇ ਬਹੁਤ ਛੋਟਾ ਸੀ, ਜਾਂ ਮਾਤਾ ਸੁਰਗਵਾਸ ਹੋ ਗਈ। ਉਸ ਦਾ ਪਿਤਾ ਸ. ਕਾਬਲ ਸਿੰਘ ਸੁਨਾਮ ਛੱਡ ਕੇ ਅੰਮ੍ਰਿਤਸਰ ਆ ਗਿਆ। ਉਹ ਮਿਹਨਤ ਮਜ਼ਦੂਰੀ ਕਰਕੇ ਬੱਚੇ ਦੀ ਪਾਲਣਾ ਕਰ ਰਿਹਾ ਸੀ, ਜਾਂ ਨਿਰਦਈ ਮੌਤ ਨੇ ਉਸ ਨੂੰ ਵੀ ਬਾਲਕ ਕੋਲੋਂ ਖੁਹ ਲਿਆ। ਪਿੱਛੇ ਰਹਿ ਗਿਆ ਇਕੱਲਾ ਤੇ ਨਿਆਸਰਾ ਬੱਚਾ ਊਧਮ ਸਿੰਘ। ਕਿਸੇ ਗਵਾਂਢੀ ਨੇ ਤਰਸ ਖਾ ਕੇ ਉਸ ਨੂੰ ਯਤੀਮਖ਼ਾਨੇ ਵਿੱਚ ਦਾਖ਼ਲ ਕਰਾ ਦਿੱਤਾ।

ਊਧਮ ਸਿੰਘ ਯਤੀਮਖ਼ਾਨੇ ਵਿੱਚ ਪਲ ਕੇ ਜਵਾਨ ਹੋਇਆ। ਓਥੇ ਹੀ ਉਸ ਨੇ ਕੁਛ ਵਿੱਦਿਆ ਪ੍ਰਾਪਤ ਕੀਤੀ।

13 ਅਪ੍ਰੈਲ, 1919 ਨੂੰ ਵਿਸਾਖੀ ਦੇ ਦਿਨ ਜੱਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਹੋਇਆ। ਸੈਂਕੜੇ ਆਦਮੀ ਗੋਲੀਆਂ ਨਾਲ ਦਾਣਿਆਂ ਵਾਂਗ ਭੁੰਨ ਦਿੱਤੇ ਗਏ। ਓਥੋਂ ਦੇ ਫੱਟੜਾਂ ਵਿੱਚੋਂ ਬਹੁਤ ਸਾਰੇ ਯਤੀਮ-ਖ਼ਾਨੇ ਪੁਚਾਏ ਗਏ। ਬਾਕੀ ਬੱਚਿਆਂ ਦੇ ਨਾਲ ਊਧਮ ਸਿੰਘ ਵੀ ਓਥੇ ਫੱਟੜਾਂ ਦੀ ਮਰ੍ਹਮ ਪੱਟੀ ਕਰਾਉਂਦਾ ਰਿਹਾ। ਜ਼ਖ਼ਮੀਆਂ ਦੇ ਫੱਟ ਉਹ ਹੱਥੀਂ ਧੋਂਦਾ, ਪਰ ਉਸ ਅਠਾਰਾਂ ਸਾਲ ਦੇ ਯਤੀਮ ਬੱਚੇ ਦੇ ਦਿਲ 'ਤੇ ਡੂੰਘੇ ਜਖ਼ਮ ਹੁੰਦੇ ਜਾਂਦੇ। ਉਹਨੇ ਮਨ ਵਿੱਚ ਪ੍ਰਣ ਕਰ ਲਿਆ ਕਿ ਇਸ ਜ਼ੁਲਮ ਦਾ ਬਦਲਾ ਜ਼ਰੂਰ ਲਵਾਂਗਾ।

ਯਤੀਮ-ਖ਼ਾਨੇ ਵਿੱਚ ਉਹਨੇ ਹੱਛੀ ਵਿੱਦਿਆ ਪ੍ਰਾਪਤ ਕਰ ਲਈ ਸੀ। ਫਿਰ ਉਹ ਕਿਵੇਂ ਨਾ ਕਿਵੇਂ ਅਮਰੀਕਾ ਚਲਾ ਗਿਆ। ਆਜ਼ਾਦ ਦੇਸ਼ ਵਿੱਚ ਜਾ ਕੇ ਉਹਦਾ ਇਰਾਦਾ ਹੋਰ ਪੱਕਾ ਹੋ ਗਿਆ। ਹਿਂਦੁਸਤਾਨ ਵਿੱਚ 'ਨੌ-ਜਵਾਨ ਭਾਰਤ ਸਭਾ' ਬਣੀ, ਤਾਂ ਊਧਮ ਸਿੰਘ ਨੇ ਸ਼ਹੀਦ ਭਗਤ ਸਿੰਘ ਨਾਲ ਚਿੱਠੀ ਪੱਤਰ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦੀ ਪ੍ਰੇਰਨਾ ਨਾਲ ਊਧਮ ਸਿੰਘ ਵਾਪਸ ਦੇਸ਼ ਆ ਗਿਆ। ਏਥੇ ਆਉਂਦਾ ਉਹ ਕੌਮੀ ਕੰਮ ਵਿੱਚ ਜੁੱਟ ਗਿਆ। ਅੰਗਰੇਜ਼ੀ ਸਰਕਾਰ ਵੱਲੋਂ ਉਸ ਨੂੰ ਚਾਰ ਸਾਲ ਦੀ ਸਜ਼ਾ ਹੋਈ। ਜਿਹਲ ਵਿੱਚ ਉਹਦਾ ਮਨ ਹੋਰ ਵੀ ਪੱਕਾ ਹੋ ਗਿਆ। ਕੈਦ ਕੱਟ ਕੇ ਬਾਹਰ ਆਉਂਦਾ ਹੀ ਉਹ ਵਲਾਇਤ ਨੂੰ ਤੁਰ ਗਿਆ। ਇਸ ਵਾਰ ਉਹਨੇ 'ਰਾਮ

ਮੁਹੰਮਦ ਸਿੰਘ' ਨਾਮ ਥੱਲੇ ਪਾਸ ਪੋਰਟ ਬਣਾਇਆ। 1933 ਵਿੱਚ ਉਹ ਲੰਡਨ ਪਹੁੰਚ ਗਿਆ। ਓਥੇ ਉਹਨੇ ਇੰਜੀਨੀਅਰੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਸਹੀ ਅਰਥਾਂ ਵਿੱਚ ਵਲਾਇਤ ਅੰਦਰ ਰਹਿਣ ਵਾਸਤੇ ਇਹ ਇਕ ਬਹਾਨਾ ਸੀ। ਸੱਤ ਸਾਲ ਦੀ ਉਡੀਕ ਪਿੱਛੋਂ ਉਹ ਆਪਣੇ ਮਨੋਰਥ ਵਿੱਚ ਸਫ਼ਲ ਹੋਇਆ। ਓਡਵਾਇਰ ਨੂੰ ਕਤਲ ਕਰਕੇ ਉਹਨੇ ਸਾਬਤ ਕਰ ਦਿੱਤਾ ਕਿ ਹਿੰਦੁਸਤਾਨੀ ਬਦਲਾ ਲੈਣਾ ਜਾਣਦੇ ਹਨ।

ਓਡਵਾਇਰ ਦੇ ਕਤਲ ਹੋਣ ਦੀ ਖ਼ਬਰ ਭਾਰਤ ਦੇ ਸਾਰੇ ਅਖ਼ਬਾਰਾਂ ਨੇ ਮੋਟੀਆਂ ਸੁਰਖ਼ੀਆਂ ਦੇ ਕੇ ਛਾਪੀ। ਅਖ਼ਬਾਰਾਂ ਦੇ ਸਿਰਾਂ 'ਤੇ ਅੰਗਰੇਜ਼ੀ ਸਰਕਾਰ ਦੇ ਕਾਲੇ ਕਾਨੂੰਨਾਂ ਦੀ ਤਲਵਾਰ ਲਟਕ ਰਹੀ ਸੀ। ਉਹ ਆਪਣੇ ਦਿਲ ਦੀ ਖੁੱਲ੍ਹ ਕੇ ਨਹੀਂ ਸਨ ਕਹਿ ਸਕਦੇ। ਫੇਰ ਵੀ ਉਹਨਾਂ ਓਡਵਾਇਰ ਤੇ ਊਧਮ ਸਿੰਘ ਬਾਰੇ ਬਹੁਤ ਕੁਛ ਲਿਖ ਦਿੱਤਾ, ਭਾਵੇਂ ਉਹਨਾਂ ਦੀ ਬੋਲੀ ਬੜੀ ਨਰਮ ਤੇ ਸੰਕੋਚਵੀਂ ਸੀ। ਏਹਾ ਹਾਲ ਭਾਰਤ ਦੀ ਜਨਤਾ ਦਾ ਸੀ। ਲੋਕ ਉੱਘੜ ਕੇ ਕੁਛ ਨਹੀਂ ਸਨ ਕਹਿ ਸਕਦੇ, ਪਰ ਉਹਨਾਂ ਦੇ ਅੰਦਰ ਖ਼ੁਸ਼ੀ ਮਿਉਂਦੀ ਨਹੀਂ ਸੀ। ਉਹ ਮਹਿਸੂਸ ਕਰਦੇ ਸਨ ਕਿ ਹਿੰਦੁਸਤਾਨ ਨੇ ਇਕ ਕੌਮੀ ਕਰਜ਼ ਉਤਾਰ ਦਿੱਤਾ ਹੈ।

ਬਾਬਾ ਅਕਾਲੀ ਕਸੂਰ ਗਿਆ ਇਕ ਅਖ਼ਬਾਰ ਲੈ ਆਇਆ। ਸਾਰੇ ਰਾਹ ਉਹ ਤੁਰਿਆ ਆਉਂਦਾ ਓਸੇ ਦਾ ਪਾਠ ਕਰਦਾ ਆਇਆ। ਓਡਵਾਇਰ ਦੀ ਮੌਤ ਦੀ ਖ਼ਬਰ ਪੜ੍ਹ ਕੇ ਉਹ ਬਹੁਤ ਖ਼ੁਸ਼ ਸੀ, ਸਗੋਂ ਇਉਂ ਕਹਿਣਾ ਚਾਹੀਦਾ ਹੈ ਕਿ ਉਹਦੇ ਅੰਦਰ ਖ਼ੁਸ਼ੀ ਸੰਭਾਲੀ ਨਹੀਂ ਸੀ ਮਿਉਂਦੀ। ਪਿੰਡ ਆ ਕੇ ਉਹ ਘਰ ਨੂੰ ਨਹੀਂ ਗਿਆ, ਸਗੋਂ ਉਹ ਸਿੱਧਾ ਤੂਤਾਂ ਵਾਲੇ ਖੂਹ ਵੱਲ ਹੋ ਪਿਆ। ਉਸ ਵੇਲੇ ਦੁਪਹਿਰ ਢਲ ਰਹੀ ਸੀ। ਦੋਹਾਂ ਤਖ਼ਤਪੋਸ਼ਾਂ ਉੱਤੇ ਬੈਠੇ ਕੁਛ ਲੋਕ ਤਾਸ਼ ਖੇਡ ਰਹੇ ਸਨ।

ਬਾਬਾ ਅਕਾਲੀ ਇਕ ਮੁੱਦਤ ਬਾਹਦ ਤੂਤਾਂ ਵਾਲੇ ਖੂਹ 'ਤੇ ਆਇਆ ਸੀ। ਉਹਨੇ ਦੂਰੋਂ ਹੀ ਅਖ਼ਬਾਰ ਵਾਲਾ ਹੱਥ ਉੱਚਾ ਕਰਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਸੁਣੋ ਉਇ! ਤੁਹਾਡੇ ਵਾਸਤੇ ਇਕ ਖ਼ੁਸ਼ਖ਼ਬਰੀ ਲਿਆਇਆਂ। ਅੱਜ 'ਕੱਠੇ ਹੋ ਕੇ ਨੱਚੋ, ਭੰਗੜਾ ਪਾਓ ਉਇ! ਹਿੰਦੁਸਤਾਨ ਜਾਗ ਪਿਆ ਜੇ, ਜਾਗ ਪਿਆ ਜੇ। ਅਸਾਂ ਜੱਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਦਾ ਬਦਲਾ ਲੈ ਲਿਆ ਏ। ਆਓ, ਸੁਣੋ"।

ਦੋਹਾਂ ਤਖ਼ਤਪੋਸ਼ਾਂ 'ਤੇ ਬੈਠੇ ਤਾਸ਼ ਦੇ ਖਿਡਾਰੀ ਹੈਰਾਨ ਹੋਏ ਬਾਬੇ ਅਕਾਲੀ ਵੱਲ ਵੇਖੀ ਜਾ ਰਹੇ ਸਨ। ਕਿਸੇ ਨੂੰ ਵੀ ਬਾਬੇ ਦੀਆਂ ਗੱਲਾਂ ਦੀ ਸਮਝ ਨਹੀਂ ਸੀ ਪੈ ਰਹੀ। ਏਨੇ ਚਿਰ ਤਕ ਉਹ ਪੁਰਾਣੇ ਤਖ਼ਤਪੋਸ਼ ਕੋਲ ਪਹੁੰਚ ਪਿਆ।

"ਆਓ ਉਇ! ਏਥੇ ਪੁਰਾਣੇ ਤਖ਼ਤਪੋਸ਼ 'ਤੇ ਕੱਠੇ ਹੋ ਜੋ। ਕੁਬੁੱਧਿਓ, ਕਿਉਂ ਵੱਖ-ਵੱਖ ਹੋਏ ਬੈਠੇ ਓ। ਇਹ ਸੱਜਣ ਸੂਹ ਦਾ ਤਖ਼ਤਪੋਸ਼ ਨਹੀਂ। ਇਹ ਨਿਰਾ ਸਿੱਖਾਂ ਦਾ ਵੀ ਨਹੀਂ। ਇਹ ਚੰਦਾ ਸੂਹ ਤੇ ਚਰਾਗ ਦੀਨ ਦਾ ਤਖ਼ਤਪੋਸ਼ ਏ। ਇਹ ਦੋ ਮਿੱਤਰਾਂ

ਦੇ ਘਰਾਣੇ ਦੀ ਨਸ਼ਾਨੀ ਏਂ। ਆ ਜੋ ਏਥੇ। ਇਲਮ ਦੀਨ ਹੈ ਨਹੀਂ ? ਹੱਛਾ ? ਹੁੰਦਾ, ਤਾਂ ਮੈਂ ਉਹਨੂੰ ਵੀ ਧੌਣੋਂ ਫੜ ਕੇ ਧੂਹ ਲਿਔਣਾ ਸੀ। ਉਇ, ਜੱਲ੍ਹਿਆਂ ਵਾਲੇ ਬਾਗ਼ ਵਿੱਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਸਾਰਿਆਂ ਦਾ ਕੱਠਾ ਲਹੂ ਡੁੱਲਾ ਸੀ। ਉਹਨਾਂ ਦੀ ਕੁਰਬਾਨੀ ਸਦਕਾ ਅੱਜ ਸਾਰੇ ਕੱਠੇ ਹੋ ਜੇ। ਵੇਖੋ, ਸੁਣੋ, ਇਕ ਭਾਰਤ ਦੇ ਲਾਲ ਨੇ ਉਹਨਾਂ ਸ਼ਹੀਦਾਂ ਦਾ ਬਦਲਾ ਲੈ ਲਿਆ ਏ। ਆਓ, ਸੁਣਾਵਾਂ।"

ਇਕ ਦੂਸਰੇ ਦੇ ਮੂੰਹ ਵੱਲ ਵੇਖ ਕੇ ਸਹਿਜ-ਸਹਿਜ ਸਾਰੇ ਹੀ ਮੁਸਲਮਾਨ ਨਵਾਂ ਤਖ਼ਤਪੋਸ਼ ਛੱਡ ਕੇ ਪੁਰਾਣੇ 'ਤੇ ਆ ਬੈਠੇ। ਬਾਬੇ ਅਕਾਲੀ ਦਾ ਕੁਛ ਪ੍ਰਭਾਵ ਹੀ ਅਜੇਹਾ ਸੀ। ਬਾਬਾ ਅਕਾਲੀ ਵੀ ਇਕ ਨੁਕਰ ਵਿੱਚ ਤਖ਼ਤਪੋਸ਼ 'ਤੇ ਸਜ ਗਿਆ।

"ਹੁਣ ਸੁਣੋ। ਵੇਖੋ, ਤੁਸੀਂ ਭਰਾਵਾਂ ਵਾਂਗ ਕੱਠੇ ਬੈਠੇ ਕਿੰਨੇ ਚੰਗੇ ਲੱਗਦੇ ਜੇ।" ਬਾਬੇ ਅਕਾਲੀ ਦੇ ਝੁਰੜੀਆਂ ਪਏ ਚਿਹਰੇ 'ਤੇ ਪ੍ਰਸੰਨਤਾ ਦੀ ਲਾਲੀ ਝਲਕ ਰਹੀ ਸੀ।

"ਹੁਣ ਕੁਛ ਸੁਣਾਵੇਂ ਵੀ ?" ਦੀਪੇ ਨੇ ਕਾਹਲੇ ਪੈ ਕੇ ਕਿਹਾ।

"ਸੁਣੋ, ਸੁਣੋ। ਚੇਤਾ ਜੇ, ਜਦੋਂ ਜੱਲ੍ਹਿਆਂ ਵਾਲੇ ਬਾਗ਼ ਗੋਲੀ ਚੱਲੀ ਏ, ਓਦੋਂ ਪੰਜਾਬ ਦਾ ਲਾਟ ਕੌਣ ਸੀ ?...ਸਰ ਮਾਈਕਲ ਓਡਵਾਇਰ। ਸ਼ਹੀਦਾਂ ਦਾ ਸਹੀ ਕਾਤਲ ਓਹਾ ਸੀ, ਓਹਾ। ਆਹ ਵੇਖੋ ਮੇਰੇ ਹੱਥ ਵਿੱਚ ਅੱਜ ਦਾ ਅਖ਼ਬਾਰ ਏ।" ਬਾਬੇ ਅਕਾਲੀ ਨੇ ਹੱਥ ਅਗ੍ਹਾਂ ਕਰਕੇ ਸਾਰਿਆਂ ਨੂੰ ਅਖ਼ਬਾਰ ਵਿਖਾਉਂਦਿਆਂ ਕਿਹਾ।

"ਹੁਣ ਸਾਨੂੰ ਕੀ ਪਤਾ ਏ, ਇਹਦੇ ਉੱਤੇ ਗੀੜੀ ਰਾੜਾ ਕੀ ਲਿਖਿਆ ਹੋਇਆ ਏ। ਅਗ੍ਹਾਂ ਸਿੱਧੀ ਗੱਲ ਦੱਸ।" ਦੀਪੇ ਨੇ ਇਕ ਲੇਖੇ ਸਾਰਿਆਂ ਵੱਲੋਂ ਕਿਹਾ।

"ਲੰਡਨ ਦੇ ਇੰਡੀਆ ਹਾਊਸ ਵਿੱਚ ਓਡਵਾਇਰ ਤਕਰੀਰ ਕਰ ਰਿਹਾ ਸੀ। ਤਕਰੀਰ ਕਾਹਦੀ, ਬਕੜਵਾਹ ਕਰ ਰਿਹਾ ਸੀ। ਅਖੇ : 'ਮੈਂ ਹਿੰਦੁਸਤਾਨ ਵਿੱਚ ਆਹ ਕੀਤਾ, ਔਹ ਕੀਤਾ। ਮੈਨੂੰ ਹੁਣ ਵੀ ਓਥੇ ਭੇਜਿਆ ਜਾਵੇ, ਤਾਂ ਮੈਂ ਡੰਡੇ ਨਾਲ ਸੱਭ ਨੂੰ ਸਿੱਧਿਆਂ ਕਰ ਸਕਦਾਂ।' ਲਾਗੇ ਗੈਲਰੀ ਵਿੱਚ ਬੈਠਾ ਸੀ ਇਕ ਪੰਜਾਬ ਦਾ ਸ਼ੇਰ। ਉਹਦਾ ਖ਼ੂਨ ਉੱਬਲ ਪਿਆ। ਉਹਨੇ ਖਲੋ ਕੇ ਪਸਤੌਲ ਸਿੱਧਾ ਕਰ ਦਿੱਤਾ। ਠਾਹ, ਠਾਹ।" ਮੱਲੋ-ਮੱਲੀ ਜੋਸ਼ ਵਿੱਚ ਬਾਬੇ ਅਕਾਲੀ ਦੀ ਸੱਜੀ ਬਾਂਹ ਨਿੱਸਲ ਹੋ ਗਈ। "ਓਧਰੋਂ ਪਸਤੌਲ ਖ਼ਾਲੀ ਹੋ ਗਿਆ ਤੇ ਓਧਰੋਂ ਓਡਵਾਇਰ ਮੂਧਾ ਜਾ ਪਿਆ। ਡਿਗਦਿਆਂ ਸਾਰ ਉਹਦੇ ਪ੍ਰਾਣ ਹਵਾ ਹੋ ਗਏ।"

"ਮਰਦਿਆਂ ਸਾਰ ਜਾਨ ਨਿਕਲ ਗਈ ਕਿ।" ਦੀਪੇ ਨੇ ਵਿਅੰਗ ਕੱਸਿਆ।

ਸਾਰਿਆਂ ਚਿਹਰਿਆਂ 'ਤੇ ਉਸ ਵੇਲੇ ਖ਼ੁਸ਼ੀ ਦੀ ਮੁਸਕਰਾਹਟ ਫੈਲੀ ਹੋਈ ਸੀ।

"ਤੇ ਪਤਾ ਜੇ ਓਸ ਬਦਲਾ ਲੈਣ ਵਾਲੇ ਸੂਰਮੇ ਦਾ ਨਾਂ ਕੀ ਸੀ ?" ਬਾਬੇ ਅਕਾਲੀ ਨੇ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਸਾਰਿਆਂ ਵੱਲੇ ਤੱਕਿਆ। "ਰਾਮ ਮੁਹੰਮਦ ਸਿੰਘ। ਨਾ ਉਹ ਅਕਾਲੀ, ਨਾ ਉਹ ਮੁਸਲਮਲੀਗੀ, ਨਾ ਉਹ ਹਿੰਦੂ ਮਹਾਂ ਸਭਾਈ। ਉਹ ਸੀ ਤਿੰਨਾਂ ਮਜ਼ਬਾਂ ਦਾ ਸਾਂਝਾ ਰਾਮ ਮੁਹੰਮਦ ਸਿੰਘ। ਹੇਠਾਂ ਅਖ਼ਬਾਰ ਵਾਲਾ

ਲਿਖਦਾ ਏ...।" ਬਾਬੇ ਅਕਾਲੀ ਨੇ ਅਖ਼ਬਾਰ ਉਤੇ ਝਾਤੀ ਮਾਰਦਿਆਂ ਕਿਹਾ, "ਜੱਜ ਦੇ ਸਾਹਮਣੇ ਓਸ ਨੇ ਆਪਣਾ ਅਸਲੀ ਨਾਮ ਊਧਮ ਸਿੰਘ ਤੇ ਇਲਾਕਾ ਸੁਨਾਮ ਪ੍ਰਗਟ ਕਰ ਦਿੱਤਾ। ਮੈਂ ਸਾਰੀ ਪੌਣ ਛਾਣ ਕਰਕੇ ਆਇਆਂ। ਅਸਲ ਵਿੱਚ ਉਹ ਬੱਬਰਾਂ ਵਿੱਚੋਂ ਏ, ਬੱਬਰਾਂ ਵਿੱਚੋਂ।"

"ਬੱਬਰ ਕੌਣ ਸਨ ?" ਕੋਲੋਂ ਉਮਰਦੀਨ ਨੇ ਵਧੇਰੇ ਜਾਨਣ ਦੀ ਚਾਹ ਨਾਲ ਪੁੱਛ ਲਿਆ।

"ਤੁਸੀਂ ਨਹੀਂ ਜਾਣਦੇ ? ਲੌ ਸੁਣੋ। ਅਸਲ ਵਿੱਚ ਗ਼ਦਰ ਲਹਿਰ ਪਿੱਛੋਂ ਬੱਬਰ ਲਹਿਰ ਹੀ ਉਠੀ ਸੀ, ਜੀਹਦਾ ਨਸ਼ਾਨਾ ਹਥਿਆਰਾਂ ਨਾਲ ਅੰਗਰੇਜ਼ਾਂ ਨੂੰ ਏਥੋਂ ਕੱਢਣਾ ਸੀ, ਪਰ ਅਫ਼ਸੋਸ, ਉਹ ਸਾਰੇ ਮੁਲਕ ਵਿੱਚ ਨਾ ਫੈਲ ਸਕੀ। ਦੁਆਬੇ ਅੰਦਰ ਉੱਨੀ ਸੌ ਬਾਈ-ਤੇਈ ਵਿੱਚ ਉਹਦਾ ਬੜਾ ਜ਼ੋਰ ਰਿਹਾ ਹੈ। ਉਸ ਲਹਿਰ ਦਾ ਮੋਢੀ ਸੀ ਜਥੇਦਾਰ ਕਿਸ਼ਨ ਸਿੰਘ ਗੜਗੱਜ, ਪਿੰਡ ਬੜਿੰਗ, ਜ਼ਿਲ੍ਹਾ ਜਲੰਧਰ। ਉਹ ਤੀਹ-ਬੱਤੀ ਸਾਲ ਦਾ ਬੜਾ ਉੱਚਾ ਲੰਮਾ ਜੁਆਨ ਸੀ।"

"ਏਹੋ ਜੇਹੇ ਕੰਮ ਜੁਆਨਾਂ ਦੇ ਈ ਹੁੰਦੇ ਨੇ ਕਿ!" ਸਰੋਤਿਆਂ ਵਿੱਚੋਂ ਕਿਸੇ ਇਕ ਦੀ ਹੁੰਗਾਰੇ ਵਜੋਂ ਵਾਜ ਆਈ।

"ਕਿਸ਼ਨ ਸਿੰਘ, ਪੈਂਤੀ ਨੰਬਰ ਸਿੱਖ ਪਲਟਨ ਵਿੱਚ ਹੌਲਦਾਰ ਮੇਜਰ ਹੁੰਦਾ ਸੀ। ਜਦੋਂ ਅਸਾਂ ਸੰਨ ਪੰਦਰਾਂ ਵਿੱਚ ਗ਼ਦਰ ਦਾ ਪ੍ਰੋਗਰਾਮ ਬਣਾਇਆ ਸੀ, ਓਦੋਂ ਉਹ ਪਲਟਨ ਰਾਵਲਪਿੰਡੀ ਸੀ। ਉਸ ਪਲਟਨ ਦਾ ਵੀ ਸਾਡੇ ਨਾਲ ਗ਼ਦਰ ਵਿੱਚ ਸ਼ਾਮਲ ਹੋਣ ਦਾ ਵਾਹਦਾ ਸੀ। ਹੌਲਦਾਰ ਮੇਜਰ ਕਿਸ਼ਨ ਸਿੰਘ ਦਾ ਚਿੱਠੀ ਪੱਤਰ ਭਾਈ ਰਣਧੀਰ ਸਿੰਘ ਨਾਲ ਸੀ ਸਿੱਧਾ। ਗ਼ਦਰ ਦਾ ਪ੍ਰੋਗਰਾਮ ਫੇਹਲ ਹੋ ਗਿਆ। ਸਾਡੇ ਫ਼ੌਜੀ ਸਾਥੀ ਉਦਾਸ ਹੋ ਗਏ। ਪਿੱਛੋਂ ਜੱਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ, ਤਾਂ ਕਿਸ਼ਨ ਸਿੰਘ ਦਾ ਜੋਸ਼ ਬੇਕਾਬੂ ਹੋ ਗਿਆ। ਉਹਨੇ ਪਲਟਨ ਦੇ ਅੰਦਰ ਹੀ ਅੰਗਰੇਜ਼ਾਂ ਵਰੁੱਧ ਪ੍ਰਚਾਰ ਸ਼ੁਰੂ ਕਰ ਦਿੱਤਾ। ਅਫ਼ਸਰਾਂ ਨੇ ਕੋਰਟ-ਮਾਰਸ਼ਲ ਕਰਕੇ ਕਿਸ਼ਨ ਸਿੰਘ ਨੂੰ ਅਠਾਈ ਦਿਨਾਂ ਦੀ ਕੈਦ ਸੁਣਾ ਦਿੱਤੀ। ਕੈਦ ਕੱਟਣ ਪਿੱਛੋਂ ਉਹਨੇ ਫ਼ੌਜ ਵਿੱਚੋਂ ਨਾਂਵਾਂ ਕਟਾ ਲਿਆ। ਓਧਰੋਂ ਖ਼ਲਾਸੀ ਪਾਕੇ ਕਿਸ਼ਨ ਸਿੰਘ ਅਕਾਲੀ ਦਲ ਵਿੱਚ ਆ ਸ਼ਾਮਲ ਹੋਇਆ। ਕੁਛ ਚਿਰ ਉਹ ਅਕਾਲੀ ਦਲ ਦਾ ਸਕੱਤਰ ਵੀ ਰਿਹਾ, ਪਰ ਅਕਾਲੀ ਦਲ ਦਾ ਪ੍ਰੋਗਰਾਮ ਸ਼ਾਂਤਮਈ ਸੀ। ਸੋ ਕਿਸ਼ਨ ਸਿੰਘ ਦਾ ਮਨ ਓਥੇ ਬਹੁਤਾ ਮੰਨਿਆਂ ਨਾ। ਅਕਾਲੀ ਦਲ ਛੱਡ ਕੇ ਉਹਨੇ ਆਪਣਾ ਨਵਾਂ ਜੱਥਾ ਬਣਾ ਲਿਆ (ਨਵੰਬਰ, 1921)। ਪਹਿਲਾਂ ਉਹਨਾਂ ਆਪਣੇ ਜੱਥੇ ਦਾ ਨਾਂ 'ਚਕਰਵਰਤੀ' ਰਖਿਆ; ਪਰ ਪਿੱਛੋਂ 'ਬੱਬਰ ਅਕਾਲੀ ਜੱਥਾ ਦੁਆਬਾ' ਪ੍ਰਸਿੱਧ ਹੋ ਗਿਆ। ਜੱਥੇ ਦੀ ਬਕਾਇਦਾ ਚੋਣ ਹੋਈ, ਤਾਂ ਜੱਥੇਦਾਰ ਬਣਿਆਂ ਕਿਸ਼ਨ ਸਿੰਘ ਗੜਗੱਜ, ਦਲੀਪ ਸਿੰਘ ਗੋਸਲ ਸਕੱਤਰ ਤੇ ਬਾਬੂ ਸੰਤਾ ਸਿੰਘ ਖ਼ਜ਼ਾਨਚੀ। ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਤੇ ਉਦੇ

ਸਿੰਘ, ਹੋਰ ਸਰਗਰਮ ਮੈਂਬਰ ਬਣੇ। ਮਾਸਟਰ ਮੋਤਾ ਸਿੰਘ ਵੀ ਓਦੋਂ ਜੱਥੇ ਵਿੱਚ ਹੁੰਦਾ ਸੀ।"

"ਜੱਥੇ ਵਿੱਚ ਆਦਮੀ ਤਾਂ ਚੰਗੇ ਸਨ ਵਾਹਵਾ।" ਟਹਿਲ ਸਿੰਘ ਨੇ ਐਵੇਂ ਵਾਰਤਾ ਜਾਰੀ ਰੱਖਣ ਵਾਸਤੇ ਕੋਲੋਂ ਕਿਹਾ।

"ਮਖ, ਦੋ ਵਰ੍ਹੇ ਉਹਨਾਂ ਇਕ ਕਿਸਮ ਦਾ ਦੁਆਬੇ ਵਿੱਚ ਆਪਣਾ ਰਾਜ ਕਾਇਮ ਕਰ ਛੱਡਿਆ ਕਿ!" ਬਾਬੇ ਅਕਾਲੀ ਨੇ ਟਹਿਲ ਸਿੰਘ ਵੱਲ ਤਕਦਿਆਂ ਕਿਹਾ, "ਉਹਨਾਂ ਆਪਣਾ ਅਖ਼ਬਾਰ ਵੀ ਕੱਢ ਲਿਆ ਸੀ। ਇਕ ਛੋਟੀ ਜੇਹੀ ਮਸ਼ੀਨ ਹੁੰਦੀ ਏ ਸਾਈਕਲੋ ਸਟਾਈਲ। ਤੁਸੀਂ ਇਕ ਕਿਸਮ ਦਾ 'ਹੱਥ-ਛਾਪਾ' ਸਮਝ ਲਵੋ। ਘਰਾਂ ਵਿੱਚ ਕਪਾਹ ਵੇਲਣ ਵਾਲੇ ਵੇਲਣੇ ਜਿੱਡੀ ਹੁੰਦੀ ਏ ਮਸ੍ਹਾਂ। ਕੱਛ ਵਿੱਚ ਮਾਰ ਕੇ ਜਿੱਥੇ ਮਰਜ਼ੀ ਹੋਵੇ, ਲੈ ਜਾਵੋ।"

"ਬੁੱਕਲ ਦਾ ਛਾਪੇਖਾਨਾ ਹੋਇਆ ਕਿ!" ਦੀਪਾ ਵੀ ਆਪਣੀ ਰਾਏ ਦੇਣੋਂ ਰਹਿ ਨਾ ਸਕਿਆ।

"ਇਉਂ ਈਂ ਸਮਝ ਲਵੋ। ਛਾਪੇਖਾਨੇ ਦਾ ਨਾਂ ਰਖਿਆ ਉਹਨਾਂ 'ਉਡਾਰੂ ਪ੍ਰੈਸ।' ਤੇ...।"

"ਠੀਕ ਏ, ਐਸ ਪਿੰਡੋਂ ਉਡਾਰੀ ਮਾਰੀ ਤੇ ਅਗਲੇ ਪਿੰਡ।" ਦੀਪੇ ਨੇ ਫਿਰ ਟੋਣਾ ਝਾੜਿਆ।

"ਤੇ ਅਖ਼ਬਾਰ ਦਾ ਨਾਂ ਸੀ 'ਬੱਬਰ ਅਕਾਲੀ ਦੁਆਬਾ'। ਜੋ ਕੁਛ ਉਹਨਾਂ ਕਰਨਾ ਹੁੰਦਾ, ਉਹ ਪਹਿਲਾਂ ਹੀ ਅਖ਼ਬਾਰ ਵਿੱਚ ਛਾਪ ਦੇਂਦੇ। ਉਹ ਆਪਣੇ ਪ੍ਰਚਾਰ ਵਿੱਚ ਇਕੋ ਗੱਲ 'ਤੇ ਵਧੇਰੇ ਜ਼ੋਰ ਦੇਂਦੇ ਕਿ ਸਾਰੇ ਦੇਸ-ਭਰਾ ਰਲ ਕੇ ਹਥਿਆਰ-ਬੰਦ ਬਗ਼ਾਵਤ ਕਰਕੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਦਿਹੋ। ਉਹਨਾਂ ਦਾ ਵਿਸ਼ਵਾਸ ਸੀ, ਕਿ ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਸਮਝਦੇ।"

"ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋ।" ਕੋਲੋਂ ਟਹਿਲ ਸਿੰਘ ਨੇ ਇਕ ਪ੍ਰਸਿੱਧ ਲੋਕੁਕਤੀ ਦੁਹਰਾਈ।

"ਉਹ ਸਾਰੇ ਪਿੰਡਾਂ ਵਿੱਚ ਫਿਰ ਕੇ ਖੁੱਲ੍ਹ-ਮਖੁੱਲ੍ਹਾ ਸਰਕਾਰ ਦੇ ਬਰਖ਼ਿਲਾਫ਼ ਪ੍ਰਚਾਰ ਕਰਦੇ। ਕਿਤੇ ਕੋਈ ਦੀਵਾਨ ਹੁੰਦਾ, ਤਾਂ ਉਹ ਆਪੇ ਹੀ ਜਾ ਗੱਜਦੇ। ਆਪਣੀ ਰੱਖਿਆ ਵਾਸਤੇ ਉਹਨਾਂ ਪਸ਼ੌਰ ਵੱਲੋਂ ਪਸਤੌਲ ਆਦਿ ਹਥਿਆਰ ਵੀ ਮੰਗਵਾ ਲਏ ਸਨ। ਬੇ-ਹਥਿਆਰ ਰਹਿਣ ਦਾ ਤਾਂ ਉਹਨਾਂ ਦਾ ਅਸੂਲ ਈ ਨਹੀਂ ਸੀ। ਸਾਰਿਆਂ 'ਚੋਂ ਵਧੀਆ ਬੋਲਣ ਵਾਲਾ ਸੀ ਜੱਥੇਦਾਰ ਕਿਸ਼ਨ ਸਿੰਘ ਗੜਗੱਜ। ਉਹ ਨੰਗੀ ਤਲਵਾਰ ਮੋਢੇ 'ਤੇ ਰੱਖ ਕੇ ਸਟੇਜ 'ਤੇ ਖਲੋ ਜਾਂਦਾ। ਸਭ ਤੋਂ ਪਹਿਲਾਂ ਉਹ ਦਸਵੇਂ ਪਾਤਸ਼ਾਹ ਦਾ ਸਵੱਯਾ 'ਖਗ ਖੰਡ ਬਿਹੰਡੰ......।' ਪੜ੍ਹਦਾ। ਫਿਰ ਉਹ ਬੜੇ ਜਭੇ ਨਾਲ ਲਲਕਾਰ ਕੇ ਕਹਿੰਦਾ, 'ਸੁਣੋ ਉਇ ਪੁਲਸ ਵਾਲਿਓ! ਜ਼ਰਾ ਕੰਨ ਖੋਲ੍ਹ ਕੇ ਸੁਣ ਲਵੋ। ਮੈਂ ਜੇ

ਜੱਥੇਦਾਰ ਕਿਸ਼ਨ ਸਿੰਘ ਗੜਗੱਜ ਬੱਬਰ ਅਕਾਲੀ। ਜੀਹਨੇ ਮੈਨੂੰ ਗ੍ਰਿਫ਼ਤਾਰ ਕਰਨਾ ਏਂ, ਜ਼ਰਾ ਤਕੜਾ ਹੋ ਕੇ ਆਵੇ। ਮੈਂ ਆਹ ਤਿੰਨ ਫੁੱਟੀ ਨਿਰੀ ਮੱਥਾ ਟੇਕਣ ਵਾਸਤੇ ਨਹੀਂ ਰੱਖੀ ਹੋਈ। ਹਾਂਹੋ।"

"ਸੁਆਦ ਏ ਕਿ ਫਿਰ।"

ਫੇਰ ਉਹਨੇ ਆਪਣਾ ਲੈਕਚਰ ਸ਼ੁਰੂ ਕਰ ਦੇਣਾ। ਬੜਾ ਜੋਸ਼ ਤੇ ਅਸਰ ਸੀ ਉਹਦੀ ਜ਼ਬਾਨ ਵਿੱਚ। ਸੁਣਨ ਵਾਲਿਆਂ ਦੇ ਲੂੰ-ਕੰਡੇ ਖੜੇ ਹੋ ਜਾਣੇ। ਓਸ ਵੇਲੇ ਤਾਂ ਇਉਂ ਭਾਸਦਾ ਸੀ, ਜਿਵੇਂ ਹੁਣੇ ਸਾਰੇ ਲੋਕ ਉਠ ਕੇ ਸਰਕਾਰ ਦੇ ਵਰੁੱਧ ਲੜਨ ਵਾਸਤੇ ਤੁਰ ਪੈਣਗੇ, ਪਰ ਬੇ-ਹਥਿਆਰ ਮੁਲਕ ਕੀ ਕਰ ਸਕਦਾ ਸੀ ? ਦਸਵੇਂ ਪਾਤਸ਼ਾਹ ਨੇ ਠੀਕ ਕਿਹਾ ਸੀ, ਕਿ ਬਿਨਾਂ ਸ਼ਸਤਰ ਆਦਮੀ ਭੇਡ ਸਮਾਨ ਹੁੰਦਾ ਹੈ। ਬੱਬਰਾਂ ਦੇ ਪ੍ਰਚਾਰ ਦੇ ਅਸਰ ਨਾਲ ਉਹਨਾਂ ਨਾਲ ਹੋਰ ਕਈ ਦਿਲ-ਗੁਰਦੇ ਵਾਲੇ ਸੂਰਮੇ ਰਲ ਗਏ। ਸਰਕਾਰ ਨੂੰ ਬੜਾ ਫ਼ਿਕਰ ਬਣਿਆ। ਅਫ਼ਸਰਾਂ ਨੇ ਲਗਭਗ ਸਾਰੇ ਹੀ ਬੱਬਰਾਂ ਦੇ ਵਰੰਟ ਕੱਢ ਦਿੱਤੇ (ਮਾਰਚ 1922)। ਹੁਣ ਲੱਗੀ ਪੁਲਸ ਉਹਨਾਂ ਦੇ ਮਗਰ-ਮਗਰ ਫਿਰਨ। ਬੱਬਰਾਂ ਨੇ ਫ਼ੈਸਲਾ ਕਰ ਲਿਆ ਕਿ ਲਗਦੀ ਵੱਸ ਚੁੱਪ ਕਰਕੇ ਪੁਲਸ ਦੇ ਹੱਥ ਨਹੀਂ ਔਣਾ। ਜਿੱਥੋਂ ਤਕ ਚਾਰਾ ਚੱਲੇ, ਡਟਕੇ ਟਾਕਰਾ ਕਰਨਾ ਏਂ। ...ਤੇ ਸਭ ਤੋਂ ਪਹਿਲਾਂ ਟਾਕਰਾ ਹੋਇਆ ਪਿੰਡ ਸੂੰਢ ਵਿੱਚ (11 ਮਈ, 1922)। ਜੱਥੇਦਾਰ ਕਿਸ਼ਨ ਸਿੰਘ ਤੇ ਭਾਈ ਸੁੰਦਰ ਸਿੰਘ, ਸੂੰਢ ਵਾਲੇ ਅਰਜਣ ਸਿੰਘ ਦੇ ਘਰੋਂ ਪ੍ਰਸ਼ਾਦ ਛੱਕ ਕੇ ਜ਼ਰਾ ਹਨ੍ਹੇਰੇ ਹੋਏ ਤੁਰੇ। ਅਰਜਣ ਸਿੰਘ ਉਹਨਾਂ ਨੂੰ ਤੋਰਨ ਨਾਲ ਗਿਆ। ਉਹ ਅਜੇ ਪਿੰਡੋਂ ਨਿਕਲੇ ਈ ਸਨ, ਜਾਂ ਪਿੱਛੋਂ ਪੁਲਸ ਵਾਲੇ ਪਿੰਡ ਦੀ ਧਾੜ ਲੈ ਕੇ ਮਗਰ ਪੈ ਗਏ। ਅਰਜਣ ਸਿੰਘ ਦੇ ਅਕਾਲੀ ਹੋਣ ਕਰਕੇ ਵਰੰਟ ਨਿਕਲੇ ਹੋਏ ਸਨ। ਜੱਥੇਦਾਰ ਨੇ ਨੇੜੇ ਆਈ ਵਾਹਰ ਨੂੰ ਲਲਕਾਰ ਕੇ ਕਿਹਾ, 'ਖੜੇ ਰਹੋ। ਖਲੋ ਕੇ ਗੱਲ ਕਰੋ। ਮੈਂ ਕਿਸ਼ਨ ਸਿੰਘ ਗੜਗੱਜ ਜੇ। ਜਿਹੜਾ ਅੱਗੇ ਆਇਆ, ਮੈਂ ਲਿਹਾਜ ਨਹੀਂ ਜੇ ਕਰਨਾ।' ਪਿੰਡ ਵਾਲੇ ਠਠੰਬਰ ਕੇ ਖਲੋ ਗਏ। ਉਹਨਾਂ ਕਿਹਾ, ਅਸੀਂ ਤਾਂ ਸਿਰਫ਼ ਆਪਣੇ ਪਿੰਡ ਵਾਲੇ ਅਕਾਲੀ ਅਰਜਣ ਸੁੰਹ ਨੂੰ ਲੈਣ ਆਏ ਆਂ। ਤੁਹਾਡੇ ਨਾਲ ਸਾਡਾ ਕੋਈ ਵਾਸਤਾ ਨਹੀਂ।' ਅਰਜਣ ਸਿੰਘ ਨੇ ਜੱਥੇਦਾਰ ਨੂੰ ਕਿਹਾ ਕਿ 'ਮੇਰੇ ਮਾਮੂਲੀ ਵਰੰਟ ਨੇ ਆਖੋ, ਤਾਂ ਮੈਂ ਗ੍ਰਿਫ਼ਤਾਰ ਹੋ ਜਾਵਾਂ।' ਜੱਥੇਦਾਰ ਦੀ ਸਲਾਹ ਨਾਲ ਅਰਜਣ ਸਿੰਘ ਪਿੱਛੇ ਮੁੜ ਪਿਆ। ਉਹਨੂੰ ਪੁਲਸ ਨੇ ਹੱਥ ਕੜੀ ਮਾਰ ਲਈ। ਏਨੇ ਨੂੰ ਜੱਥੇਦਾਰ ਤੇ ਸੁੰਦਰ ਸਿੰਘ ਵਾਹਵਾ ਦੂਰ ਚਲੇ ਗਏ। ਪਿੱਛੋਂ ਪੁਲਸ ਨੇ ਪਿੰਡ ਵਾਲਿਆਂ ਨੂੰ ਆਖਿਆ ਕਿ ਜੇ ਤੁਸੀਂ ਬੱਬਰਾਂ ਨੂੰ ਫੜ ਲਵੋ, ਤਾਂ ਤੁਹਾਨੂੰ ਸਰਕਾਰ ਵੱਲੋਂ ਇਨਾਮ ਮਿਲੇਗਾ, ਨਹੀਂ ਤਾਂ ਬੱਬਰਾਂ ਨੂੰ ਪਨਾਹ ਦੇਣ ਦੇ ਜੁਰਮ ਵਿੱਚ ਤੁਹਾਨੂੰ ਸਜ਼ਾ ਹੋਵੇਗੀ। ਕੁਝ ਲਾਲਚ ਤੇ ਕੁਛ ਧਮਕੀ ਵਿੱਚ ਆ ਕੇ ਪਿੰਡ ਵਾਲੇ ਜੱਥੇਦਾਰ ਹੋਰਾਂ ਦੇ ਮਗਰ ਪੈ ਗਏ। ਬੱਬਰ ਵੀ ਅੱਗੋਂ ਡਟ ਖਲੋਤੇ। ਜੱਥੇਦਾਰ ਕੋਲ ਪਸਤੌਲ ਸੀ, ਤੇ ਸੁੰਦਰ ਸਿੰਘ ਕੋ

ਸਿਰਫ਼ ਕਿਰਪਾਨ। ਟਾਕਰਾ ਕਰਦਿਆਂ ਹਨ੍ਹੇਰੇ ਵਿੱਚ ਸੁੰਦਰ ਸਿੰਘ ਵੱਟ ਤੋਂ ਤਿਲਕ ਕੇ ਡਿੱਗ ਪਿਆ ਤੇ ਜਥੇਦਾਰ ਗੋਲੀਆਂ ਚਲੌਂਦਾ ਨਿਕਲ ਗਿਆ। ਡਿੱਗੇ ਪਏ ਸੁੰਦਰ ਸਿੰਘ ਉੱਤੇ ਪਿੰਡ ਵਾਲਿਆਂ ਅੰਨ੍ਹੇ ਵਾਹ ਡਾਂਗ ਵਰ੍ਹਾਈ। ਏਨੀ ਸਮਝੋ ਕਿ ਜਲੰਧਰ ਹਸਪਤਾਲ ਵਿੱਚ ਚੌਥੇ ਦਿਨ ਸੁੰਦਰ ਸਿੰਘ ਨੂੰ ਹੋਸ਼ ਆਈ। ਓਸ ਵੇਲੇ ਸਾਰੇ ਖ਼ਬਰ ਧੁੰਮ ਗਈ ਕਿ ਸੁੰਦਰ ਸਿੰਘ ਮਰ ਗਿਆ ਏ। ਬੰਗਿਆਂ ਦੇ ਠਾਣੇਦਾਰ ਨੂੰ ਇਕ ਹੋਰ ਚਾਲ ਸੁਝੀ। ਤੁਸੀਂ ਜਾਣਦੇ ਤਾਂ ਹੋ ਈ, ਪੁਲਸ ਵਾਲੇ ਕੇਹੋ ਜੇਹੇ ਹੁੰਦੇ ਨੇ।"

"ਮਖ, ਨਿਰੀ ਸ਼ਤਾਨ ਦੀ ਟੂਟੀ।"

"ਠਾਣੇਦਾਰ ਨੇ ਪਿੰਡ ਵਾਲਿਆਂ ਨੂੰ ਕੱਠਿਆਂ ਕਰਕੇ ਆਖਿਆ ਕਿ ਜਿੰਨ੍ਹਾਂ ਲੋਕਾਂ ਨੇ ਸੁੰਦਰ ਸਿੰਘ ਨੂੰ ਫੜਿਆ ਏ, ਆਪਣੇ ਨਾਂ ਲਖਾਓ। ਸਰਕਾਰ ਇਨਾਮ ਦੇਣਾ ਚੌਹਦੀ ਏ। ਤਿੜਿਆਂ-ਤਿੜਿਆਂ ਵੀਹਾਂ ਬੰਦਿਆਂ ਨੇ ਨਾਂ ਲਖਾ ਦਿੱਤੇ। ਉਹਨਾਂ ਵੀਹਾਂ ਨੂੰ ਠਾਣੇ ਲਜਾ ਕੇ ਠਾਣੇਦਾਰ ਨੇ ਧਮਕਾਇਆ। ਅਖੇ; 'ਜਮਾਨਤੀ ਲਿਆਓ ਤੇ ਨਹੀਂ ਤਾਂ ਅੰਦਰ ਹੋਵੋ। ਸੁੰਦਰ ਸਿੰਘ ਮਰ ਗਿਆ ਏ। ਤੁਹਾਡੇ ਉੱਤੇ ਖ਼ੂਨ ਦਾ ਮੁਕੱਦਮਾ ਚੱਲੇਗਾ।"

"ਆਏ ਗਿੱਦੜਾਂ ਵਾਲੇ ਭੱਤੇ।"

"ਮਖ, ਪੁੱਛੋ ਕੁਛ ਨਾ। ਪੰਜ-ਪੰਜ ਸੌ ਵੱਢੀ ਦੇ ਕੇ ਛੁਟੇ ਸਾਰੇ।"

"ਲੈ ਲੋ ਖਾਂ ਇਨਾਮ ਤੁਸੀਂ ਤਾਂ।" ਦੀਪੇ ਨੇ ਖ਼ੁਸ਼ ਹੋ ਕੇ ਕਿਹਾ।

"ਪਿੱਛੋਂ ਮੁਕੱਦਮੇ ਵਿੱਚ ਸੁੰਦਰ ਸਿੰਘ ਨੂੰ ਡੇਢ ਸਾਲ ਤੇ ਅਰਜਣ ਸਿੰਘ ਨੂੰ ਛੇ ਮਹੀਨੇ ਕੈਦ ਬੋਲੀ। ਜਿੰਨ੍ਹਾਂ ਵੀਹਾਂ ਬੰਦਿਆਂ ਨੇ ਸੁੰਦਰ ਸਿੰਘ ਨੂੰ ਫੜਨ ਬਦਲੇ ਨਾਂ ਲਖਾਏ ਸਨ, ਉਹਨਾਂ ਨੂੰ ਪਿੱਛੋਂ ਡੀ.ਸੀ. ਨੇ ਸੱਦ ਲਿਆ। ਉਹਨਾਂ ਵਿੱਚੋਂ ਡਰਦੇ-ਡਰਦੇ ਮਸ੍ਹਾਂ ਛੇ ਬੰਦੇ ਪਹਿਲੇ ਦਿਨ ਗਏ। ਡਿਪਟੀ ਕਮਿਸ਼ਨਰ ਨੇ ਉਹਨਾਂ ਨੂੰ ਇਕ-ਇਕ ਮੁਰੱਬਾ ਤੇ ਸੌ-ਸੌ ਰੁਪਏ ਇਨਾਮ ਦਿੱਤਾ। ਅਗਲੇ ਦਿਨ ਬਾਕੀ ਦੇ ਚੌਦਾਂ ਵੀ ਜਾ ਹਾਜ਼ਰ ਹੋਏ। ਡੀ.ਸੀ. ਨੇ ਕਿਹਾ ਕਿ ਮੁਰੱਬਿਆਂ ਦਾ ਦਿਨ ਤਾਂ ਕੱਲ੍ਹ ਈ ਸੀ। ਤੁਸੀਂ ਆਏ ਓ, ਤਾਂ ਸੌ-ਸੌ ਰੁਪਏ ਲੈ ਜਾਉ। ਤਿੰਨਾਂ ਨੰਬਰਦਾਰਾਂ ਨੂੰ ਵੀ ਸਰਕਾਰ ਨੇ ਕੁਛ ਟੁਕੜਾ ਪਾ ਦਿੱਤਾ, ਪੰਦਰਾਂ-ਪੰਦਰਾਂ ਰੁਪਏ ਸਾਲਾਨਾ ਜਗੀਰ ਲਾ ਦਿੱਤੀ।"

"ਐਵੇਂ ਮੂੰਹ ਕਾਲਾ ਕਰਾ ਲਿਓ ਨੇ ਕਿ! ਜਗੀਰ ਵੱਡੀ ਵੇਖ ਲੌ।"

"ਉ, ਤੇ ਮੁਰੱਬਿਆਂ ਵਾਲਿਆਂ ਵੀ ਕਿਹੜੇ ਹਿੱਕ 'ਤੇ ਧਰਕੇ ਲੈ ਜਾਣੇ ਨੇ। ਭਰਾਵਾਂ ਨਾਲ ਧਰੋਹ ਕਰਨਾ ਕੋਈ ਚੰਗਾ ਏ ?"

"ਭੁੱਖਾ ਮਰ ਜੇ, ਪਰ ਕੌਮ ਨਾਲ ਬੁਰਾ ਨਾ ਕਰੇ।"

ਸਰੋਤਿਆਂ ਵਿੱਚੋਂ ਅੱਡ-ਅੱਡ ਵਾਜਾਂ ਆ ਰਹੀਆਂ ਸਨ।

"ਖ਼ੈਰ, ਬੱਬਰਾਂ ਦੀ ਕਹਾਣੀ ਬਹੁਤ ਲੰਮੀ ਏ। ਮੈਂ ਤੁਹਾਨੂੰ ਕੁਛ ਮੋਟੀਆਂ-ਮੋਟੀਆਂ ਗੱਲਾਂ ਦੱਸਦਾਂ।" ਖੰਘੂਰੇ ਨਾਲ ਗਲਾ ਸਾਫ਼ ਕਰਕੇ ਬਾਬੇ ਅਕਾਲੀ ਨੇ ਫਿਰ

ਕਹਿਣਾ ਸ਼ੁਰੂ ਕਰ ਦਿੱਤਾ, "ਅਗਲੇ ਮਹੀਨੇ (15 ਜੂਨ) ਮਾਸਟਰ ਮੋਤਾ ਸਿੰਘ ਆਪਣੇ ਪਿੰਡ ਪਤਾਰਾ ਵਿੱਚ ਈ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨੂੰ ਵੀ ਇਕ ਝੋਲੀਚੁੱਕ ਨੇ ਈ ਫੜਾਇਆ ਸੀ। ਸਾਲ ਦੇ ਅਖ਼ੀਰ ਵਿੱਚ (30 ਨਵੰਬਰ, 1922) ਸਰਕਾਰ ਨੇ ਇਕ ਇਸ਼ਤਿਹਾਰ ਕੱਢਿਆ ਕਿ ਬੱਬਰਾਂ ਨੂੰ ਫੜੌਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ। ਜੱਥੇਦਾਰ ਕਿਸ਼ਨ ਸਿੰਘ ਬਦਲੇ ਦੋ ਹਜ਼ਾਰ ਤੇ ਐਡੀਟਰ ਕਰਮ ਸਿੰਘ ਦੌਲਤਪੁਰੀਏ ਵਾਸਤੇ ਇਕ ਹਜ਼ਾਰ। ਦੋ ਬੱਬਰਾਂ (ਕਰਮ ਸਿੰਘ ਝਿੰਗੜ ਤੇ ਦਲੀਪ ਸਿੰਘ ਗੋਸਲ) ਦਾ ਪੰਜ-ਪੰਜ ਸੌ ਇਨਾਮ ਰਖਿਆ ਗਿਆ। ਏਸ ਲਾਲਚ ਪਿੱਛੇ ਕੋਈ ਟੋਡੀ ਬੱਬਰਾਂ ਦੇ ਦੁਸ਼ਮਣ ਬਣ ਗਏ।

"ਟੋਡੀ ਬੱਚਾ ਹਾਇ ਹਾਇ।" ਦੀਪੇ ਨੇ ਪਿੱਟਣ ਵਾਲਿਆਂ ਵਾਂਗ ਹਿੱਕ ਨੂੰ ਹੱਥ ਮਾਰ ਕੇ ਵਿਅੰਗ ਨਾਲ ਕਿਹਾ।

"ਕਰਮ ਸਿੰਘ ਨੂੰ ਕਿਸੇ ਘਰ ਦੇ ਕੰਮ ਵਾਸਤੇ ਉਹਦੇ ਭਰਾ ਕੇਹਰ ਸਿੰਘ ਨੇ ਸੱਦ ਘੱਲਿਆ। ਦਲੀਪ ਸਿੰਘ ਗੋਸਲ ਨੂੰ ਨਾਲ ਲੈ ਕੇ ਕਰਮ ਸਿੰਘ ਆਪਣੇ ਪਿੰਡ ਝਿੰਗੜ ਚਲਾ ਗਿਆ। ਰਾਤ ਪੁਲਸ ਆ ਪਈ। ਕਰਮ ਸਿੰਘ ਤੇ ਦਲੀਪ ਸਿੰਘ ਫੜੇ ਗਏ (5 ਜਨਵਰੀ, 1923)। ਲੋਕਾਂ ਦਾ ਖ਼ਿਆਲ ਏ ਕਿ ਭਰਾ ਨੇ ਕਰਮ ਸਿੰਘ ਨੂੰ ਫੜਾਇਆ ਸੀ।

"ਕੋਈ ਵੱਡੀ ਗੱਲ ਨਹੀਂ, ਭਈ! ਲਾਲਚ ਬੁਰੀ ਬਲਾਅ ਏ।" ਟਹਿਲ ਸਿੰਘ ਨੇ ਅਫ਼ਸੋਸ ਨਾਲ ਸਿਰ ਫੇਰਦਿਆਂ ਕਿਹਾ।

"ਮੁਕੱਦਮੇ ਵਿੱਚ ਕਰਮ ਸਿੰਘ ਨੂੰ ਚਾਰ ਸਾਲ ਤੇ ਦਲੀਪ ਸਿੰਘ ਨੂੰ ਪੰਜ ਸਾਲ ਕੈਦ ਬੋਲੀ...। ਉਹਨਾਂ ਤੋਂ ਪਿੱਛੋਂ ਵਾਰੀ ਆ ਗਈ ਜੱਥੇਦਾਰ ਕਿਸ਼ਨ ਸਿੰਘ ਬੜਿੰਗ ਦੀ। ਓਹਾ ਜੱਥੇ ਦਾ ਅਸਲੀ ਮੋਢੀ ਸੀ। ਉਹਨਾਂ ਦੇ ਪਿੰਡ ਦਾ ਇਕ ਕਾਬਲ ਸਿੰਘ ਹਕੀਮ ਸੀ। ਉਹਨੇ ਜੱਥੇਦਾਰ ਨੂੰ ਇਹ ਕਹਿ ਕੇ ਵਿਸਾਹ ਲਿਆ, ਕਿ ਬੱਬਰਾਂ ਵਿੱਚੋਂ ਕੋਈ ਫੱਟੜ ਜਾਂ ਬੀਮਾਰ ਹੋ ਜਾਏ, ਤਾਂ ਉਹ ਉਸ ਦਾ ਇਲਾਜ ਕਰਕੇ ਖ਼ੁਸ਼ ਹੋਵੇਗਾ। ਏਸ ਤਰ੍ਹਾਂ ਦੋਹਾਂ ਦਾ ਨੇੜ ਵਧ ਗਿਆ। ਇਕ ਦਿਨ ਕੁਛ ਹੋਰ ਬੰਦਿਆਂ ਨਾਲ ਮੇਲ-ਮਿਲਾਪ ਦਾ ਲਾਰਾ ਲਾ ਕੇ ਕਾਬਲ ਸਿੰਘ, ਜੱਥੇਦਾਰ ਨੂੰ ਪਿੰਡ ਪੰਡੋਰੀ ਮਾਹਲ (ਜ਼ਿਲ੍ਹਾ ਹੁਸ਼ਿਆਰਪੁਰ) ਲੈ ਗਿਆ। ਰਾਤ ਸੁੱਤੇ ਪਿਆਂ ਧੋਖੇ ਨਾਲ ਕਾਬਲ ਸਿੰਘ ਨੇ ਜੱਥੇਦਾਰ ਦੇ ਸਾਰੇ ਹਥਿਆਰ ਲੁਕਾ ਲਏ। (26 ਫਰਵਰੀ, 1923) ਤੜਕੇ ਪੁਲਸ ਆ ਪਈ। ਨਿਹੱਥੇ ਹੋਣ ਕਰਕੇ ਜੱਥੇਦਾਰ ਜੀ ਟਾਕਰਾ ਨਾ ਕਰ ਸਕੇ, ਸੋ ਫੜੇ ਗਏ। ਏਸੇ ਤਰ੍ਹਾਂ ਕੁਛ ਹੋਰ ਬੱਬਰ ਵੀ ਟੋਡੀਆਂ ਨੇ ਧੋਖੇ ਨਾਲ ਫੜਾ ਦਿੱਤੇ।

"ਤੇ ਬੱਬਰਾਂ ਨੇ ਉਹਨਾਂ ਝੋਲੀ-ਚੁੱਕਾਂ ਨੂੰ ਨਾ ਬਿਲੇ ਲਾਇਆ ?" ਸੁਣ-ਸੁਣ ਚੁਗਲਾਂ ਦੇ ਵਰੁੱਧ ਦੀਪੇ ਦਾ ਮਨ ਕਾਹਲਾ ਪੈ ਰਿਹਾ ਸੀ।

"ਇਕ ? ਕੋਈ ਝੋਲੀ-ਚੁੱਕ ਮਾਰੇ ਬੱਬਰਾਂ ਨੇ ਕਿ!" ਬਾਬੇ ਅਕਾਲੀ ਨੇ

ਜੋਸ਼ ਨਾਲ ਕਿਹਾ, "ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਆ, ਬੂਟਾ ਨੰਬਰਦਾਰ (ਨੰਗਲ ਸ਼ਾਮਾ), ਜਵਾਲਾ ਸਿੰਘ (ਕੋਟਲੀ ਬਾਵਾ ਦਾਸ), ਮਿਸਤਰੀ ਲਾਭ ਸਿੰਘ (ਗੜ੍ਹ ਸ਼ੰਕਰ), ਨੰਬਰਦਾਰ ਹਜ਼ਾਰਾ ਸਿੰਘ ਬਹਿਬਲ ਪੁਰ, ਸੂਬੇਦਾਰ ਗੇਂਦਾ ਸਿੰਘ (ਘੁੜਿਆਲ), ਪਟਵਾਰੀ ਅਤਾ ਮੁਹੰਮਦ ਤੇ ਹੋਰ ਕਿੰਨੇ ਕੁ ਦੱਸਾਂ ? ਚਲੋ ਛੱਡੋ, ਉਹਨਾਂ ਦੇਸ਼ ਧਰੋਹੀਆਂ ਦਾ ਕੀ ਨਾਂ ਲੈਣਾ ਏਂ। ਤੁਸੀਂ ਸੂਰਮਿਆਂ ਦੀਆਂ ਗੱਲਾਂ ਸੁਣੋ। ਇਸ ਲਹਿਰ ਵਿੱਚ ਸਭ ਤੋਂ ਮਸ਼ਹੂਰ ਸਾਕਾ ਬੁਬੇਲੀ ਦਾ ਏ। ਪਿੰਡ ਮਾਣਕੋ ਦਾ ਇਕ ਅਨੂਪ ਸਿੰਘ ਹੁੰਦਾ ਸੀ। ਉਹ ਤਿੰਨ ਫੁੱਟੀ ਕਿਰਪਾਣ ਰੱਖਣ ਕਰਕੇ ਛੇ ਮਹੀਨੇ ਕੈਦ ਹੋ ਗਿਆ। ਮਿੰਟਗੁਮਰੀ ਜੇਹਲ ਵਿੱਚ ਉਹਦਾ ਮੇਲ ਭਾਈ ਸੁੰਦਰ ਸਿੰਘ ਬੱਬਰ ਨਾਲ ਹੋਇਆ। ਅਨੂਪ ਸਿੰਘ ਬਾਹਰ ਆ ਕੇ ਬਬਰਾਂ ਨਾਲ ਰਲ ਗਿਆ। ਪਿੱਛੋਂ ਘਰਦਿਆਂ ਦੇ ਭਰਮੌਣ 'ਤੇ ਅਨੂਪ ਸਿੰਘ ਬੇਈਮਾਨ ਹੋ ਗਿਆ। ਉਹਨੇ ਪੁਲਸ ਨਾਲ ਗੱਲ ਗਿਣ ਲਈ ਕਿ ਉਹ ਬੱਬਰਾਂ ਨੂੰ ਫੜਾ ਦੇਵੇਗਾ।"

"ਮਨ ਡੋਲ ਗਿਆ ਕਿ!"

"ਕਰਮ ਸਿੰਘ ਐਡੀਟਰ ਦੌਲਤਪੁਰੀਆ, ਉਦੇ ਸਿੰਘ (ਰਾਮ ਗੜ੍ਹ ਝੁੱਗੀਆਂ), ਬਿਸ਼ਨ ਸਿੰਘ ਮਾਂਗਟ ਤੇ ਮਹਿੰਦਰ ਸਿੰਘ (ਪੰਡੋਰੀ ਗੰਗਾ ਸਿੰਘ) ਸ਼ਾਮ ਨੂੰ ਝੁਮੇਲੀ ਪਿੰਡ ਤੋਂ ਬੁਬੇਲੀ ਵੱਲ ਤੁਰੇ। ਅਨੂਪ ਸਿੰਘ ਉਹਨਾਂ ਦੇ ਨਾਲ ਸੀ। ਪਿੰਡੋਂ ਬਾਹਰ ਨਿਕਲ ਕੇ ਉਹਨੇ ਐਡੀਟਰ ਨੂੰ ਕਿਹਾ ਕਿ ਏਥੇ ਮੇਰੀ ਮਾਸੀ ਬੀਮਾਰ ਏ, ਮੈਂ ਇਕ ਮਿੰਟ ਉਹਨੂੰ ਮਿਲ ਆਵਾਂ। ਏਸ ਪੱਜ ਉਹਨੇ ਜਾ ਕੇ ਆਪਣੀ ਮਾਸੀ ਦੇ ਪੁੱਤਰ ਨੂੰ ਭਜਾਇਆ ਕਿ ਉਹਦੇ ਚਾਚੇ ਨੂੰ ਸੁਨੇਹਾ ਪੁਚਾਵੇ, ਤੇ ਉਹ ਰਾਤੋ-ਰਾਤ ਪੁਲਸ ਲੈ ਕੇ ਬੁਬੇਲੀ ਪਹੁੰਚ ਜਾਵੇ। ਆਪਣਾ ਵਾਰ ਕਰਕੇ ਉਹ ਫੇਰ ਬੱਬਰਾਂ ਨਾਲ ਆ ਰਲਿਆ। ਪੰਜੇ ਜਣੇ ਰਾਤ ਬੁਬੇਲੀ ਆ ਸੁੱਤੇ। ਸੁੱਤਿਆਂ ਪਿਆਂ ਰਾਤ ਅਨੂਪ ਸਿੰਘ ਨੇ ਬੱਬਰਾਂ ਦੇ ਕੁਛ ਹਥਿਆਰ ਚੁੱਕ ਲਏ, ਤੇ ਬੰਬਾਂ ਵਿੱਚ ਤੇਲ ਪਾ ਕੇ ਖ਼ਰਾਬ ਕਰ ਦਿੱਤੇ। ਸਿਰਫ਼ ਐਡੀਟਰ ਕੋਲ ਇਕ ਬੰਦੂਕ ਰਹਿ ਗਈ ਤੇ ਸਭੋ-ਦੋ-ਚਾਰ ਗੋਲੀਆਂ, ਜੋ ਉਹਦੀ ਜੇਬ ਵਿੱਚ ਸਨ। ਸਵੇਰ ਹੁੰਦਿਆਂ ਤਕ ਪੁਲਸ ਕਪਤਾਨ ਸਮਿੱਥ ਨੇ ਦੋ ਹਜ਼ਾਰ ਫ਼ੌਜ ਤੇ ਪੁਲਸ ਦੇ ਜਵਾਨਾਂ ਨਾਲ ਪਿੰਡ ਨੂੰ ਘੇਰਾ ਪਾ ਲਿਆ। ਅਨੂਪ ਸਿੰਘ ਆਪ ਹੀ ਪੁਲਸ ਕੋਲ ਜਾ ਕੇ ਝੂਠੀ ਮੂਠੀ ਗ੍ਰਿਫ਼ਤਾਰ ਹੋ ਗਿਆ। ਬੱਬਰਾਂ ਨੇ ਵੇਖਿਆ ਕਿ ਧੋਖੇ ਨਾਲ ਉਹਨਾਂ ਦੇ ਹਥਿਆਰ ਲੁਕਾ ਲਏ ਗਏ ਨੇ। ਫਿਰ ਉਹਨਾਂ ਹੌਸਲਾ ਨਹੀਂ ਹਾਰਿਆ। ਉਹ ਪਿੰਡੋਂ ਨਿਕਲ ਕੇ ਸੱਤਵੀਂ ਪਾਤਸ਼ਾਹੀ ਦੇ ਗੁਰਦੁਆਰੇ ਵੱਲ ਹੋ ਤੁਰੇ। ਗੁਰਦੁਆਰਾ ਪਿੰਡੋਂ ਵਾਹਵਾ ਬਾਹਰਵਾਰ ਏ, ਤੇ ਉਹਦੇ ਦੁਆਲੇ ਇਕ ਡੂੰਘਾ 'ਚੋ' ਵਗਦਾ ਏ। ਸਮਿੱਥ ਨੇ ਦੂਰੋਂ ਵਾਜ ਮਾਰ ਕੇ ਕਰਮ ਸਿੰਘ ਨੂੰ ਕਿਹਾ, 'ਦੇਖੋ, ਕਰਮ ਸਿੰਘ! ਟਾਕਰਾ ਕਰਨੇ ਕਾ ਕੋਈ ਫ਼ਾਇਦਾ ਨਹੀਂ। ਹਮਾਰੇ ਪਾਸ ਦੋ ਹਜ਼ਾਰ ਜਵਾਨ ਹੈਂ। ਔਰ ਤੁਮ ਬੇ-

ਹਥਿਆਰੇ ਹੋ। ਗ੍ਰਿਫ਼ਤਾਰ ਹੋ ਜਾਉ।' ਕਰਮ ਸਿੰਘ ਨੇ ਅੱਗੋਂ ਗੱਜ ਕੇ ਕਿਹਾ, 'ਉਇ ਬਿੱਲਿਆ! ਸਾਡੇ ਕੋਲ ਹਥਿਆਰ ਹੁੰਦੇ, ਤਾਂ ਤੇਰੇ ਦੋ ਹਜ਼ਾਰ ਸੂਰਮੇ ਵੀ ਸਾਹਮਣੇ ਨਾ ਖਲੋਂਦੇ। ਕੀ ਹੋਇਆ, ਅਸੀਂ ਬੇ-ਹਥਿਆਰੇ ਆਂ ਤਾਂ। ਅਸੀਂ ਜਿਉਂਦੇ ਜੀਅ ਤੇਰੇ ਕਾਬੂ ਔਣ ਦੀ ਥਾਂ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਵਾਂਗੇ।' ਲਲਕਾਰੇ ਮਾਰਦੇ ਸ਼ੇਰ 'ਚੋ' ਦੇ ਕੰਢੇ ਨੇੜੇ ਜਾ ਪੁੱਜੇ। ਅਸਲ ਵਿੱਚ ਸਮਿੱਥ ਦਾ ਇਰਾਦਾ ਸੀ ਬੱਬਰਾਂ ਨੂੰ ਜਿਉਂਦਿਆਂ ਫੜਨ ਦਾ। ਪੁਲਸ ਨੇ ਉਦਾਲੇ ਘੇਰਾ ਮੁਕੰਮਲ ਕਰ ਲਿਆ ਸੀ, ਪਰ ਉਹ ਅਗ੍ਹਾਂ ਹੋ ਕੇ ਗਲ੍ਹ ਨਹੀਂ ਸੀ ਪੈਂਦੀ। ਬੱਬਰਾਂ ਨੇ ਭਰੇ ਹੋਏ 'ਚੋ' ਵਿੱਚ ਛਾਲਾਂ ਮਾਰ ਦਿੱਤੀਆਂ। ਉਸ ਵੇਲੇ ਸਮਿੱਥ ਨੇ ਫ਼ੌਜ ਨੂੰ ਗੋਲੀ ਚਲੌਣ ਦਾ ਹੁਕਮ ਦਿੱਤਾ। ਚੁਫੇਰਿਓਂ ਮੀਂਹ ਵਾਂਗ ਗੋਲੀ ਵਰ੍ਹਨ ਲੱਗ ਪਈ। ਉਦੇ ਸਿੰਘ ਤੇ ਮਹਿੰਦਰ ਸਿੰਘ 'ਚੋ' ਦੇ ਵਿੱਚ ਹੀ ਗੋਲੀਆਂ ਨਾਲ ਛਾਨਣੀ ਹੋ ਕੇ ਸ਼ਹੀਦ ਹੋ ਗਏ। ਕਰਮ ਸਿੰਘ ਕੋਈ ਫੱਟ ਖਾ ਕੇ ਵੀ ਪਾਰਦੇ ਕੰਢੇ ਜਾ ਪੁੱਜਾ। ਉਸ ਵੇਲੇ ਉਹਨੇ ਇਕ ਦੋ ਗੋਲੀਆਂ—ਜੋ ਕੋਲ ਬਚ ਰਹੀਆਂ ਸਨ—ਵੈਰੀ 'ਤੇ ਚਲਾ ਦਿੱਤੀਆਂ। ਉਤੋਂ ਫੇਰ ਵੈਰੀ ਨੇ ਗੋਲੀਆਂ ਦਾ ਅਰਾਬਾ ਮਾਰਿਆ ਤੇ ਕਰਮ ਸਿੰਘ ਸ਼ਹੀਦ ਹੋ ਗਿਆ। ਬਿਸ਼ਨ ਸਿੰਘ ਫੱਟੜ ਹੋਇਆ ਵੀ ਤਿੜ੍ਹ-ਰਿੜ੍ਹ ਕੇ ਗੁਰਦੁਆਰੇ ਦੇ ਦੂੱਜੇ ਪਾਸੇ ਕਾਹੀ ਵਿੱਚ ਜਾ ਡਿੱਗਾ। ਪੁਲਸ ਨੇ ਭਾਲ ਕਰਕੇ ਉਹਨੂੰ ਉੱਥੇ ਜਾ ਸ਼ਹੀਦ ਕੀਤਾ। ਸ਼ਹੀਦ ਹੋ ਗਏ ਚਾਰੇ, ਪਰ ਉਹ ਜਿਊਂਦੇ ਵੈਰੀ ਦੇ ਹੱਥ ਨਹੀਂ ਆਏ।" (ਪਹਿਲੀ ਸਤੰਬਰ, 1923)।

"ਵਾਹ, ਉ ਸੂਰਮਿਓਂ।" ਦੀਪੇ ਨੇ ਸ਼ਾਬਾਸ਼ ਦੇਂਦਿਆਂ ਕਿਹਾ, "ਬਾਬਾ 'ਕਾਲੀਆ! ਮੌਤ ਤਾਂ ਏਹੋ ਜੇਹੀ ਈ ਚੰਗੀ ਹੁੰਦੀ ਏ। ਪਿੱਛੋਂ ਦੁਨੀਆਂ ਯਾਦ ਤਾਂ ਕਰਦੀ ਏ ?"

"ਮਖ, ਸੂਰਮਿਆਂ ਵੀ ਪੁਜਾ ਦਿੱਤੀ ਕਿ! ਅਜੇ ਧੰਨਾ ਸਿੰਘ ਦੀ ਬਹਾਦਰੀ ਸੁਣੋਂ।"

"ਹਾਂ, ਹਾਂ। ਉਹ ਵੀ ਸੁਣਾ ਦਿਹ ਲਗਦੇ ਹੱਥ।"

ਸਰੋਤੇ ਬਾਕੀ ਗੱਲ ਵੀ ਸੁਣਨ ਦੇ ਚਾਹਵਾਨ ਸਨ।

"ਧੰਨਾ ਸਿੰਘ ਨੂੰ ਜੁਆਲਾ ਸਿੰਘ ਨੇ ਫੜਾਇਆ ਸੀ। ਧੰਨਾ ਸਿੰਘ ਬਹਿਬਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਸੀ।"

"ਤੇ ਜੁਆਲਾ ਸਿੰਘ ਕਿੱਥੋਂ ਦਾ ਸੀ ?"

"ਉਹ ਸ਼ਾਇਦ...ਹਾਂ, ਸ਼ਾਇਦ ਜਿਆਣ ਦਾ ਸੀ। ਉਤੋਂ-ਉਤੋਂ ਉਹ ਬੱਬਰਾਂ ਦ ਬੜੀ ਸੇਵਾ ਕਰਦਾ ਸੀ। ਇਕ ਦਿਨ ਧੰਨਾ ਸਿੰਘ ਨੂੰ ਆਪਣੇ ਖੇਤ ਵਿੱਚ ਪ੍ਰਸਾਦ ਛਕ ਕੇ ਜੁਆਲਾ ਸਿੰਘ ਰਾਤ ਮੰਨਣਹਾਣ ਲੈ ਗਿਆ। ਓਥੇ ਉਹ—ਮੇਰਾ ਖ਼ਿਆਲ ਏ ਹਾਂ—ਕਰਮ ਸਿੰਘ ਦੀ ਹਵੇਲੀ ਵਿੱਚ ਸੁੱਤੇ। ਰਾਤ ਸੁੱਤੇ ਪਏ ਧੰਨਾ ਸਿੰਘ ਦਾ ਪਸਤੌ ਕਰਮ ਸਿੰਘ ਨੇ ਚੁੱਕ ਲਿਆ। ਓਧਰੋਂ ਪੁਲਸ ਆ ਗਈ। ਉਹਨਾਂ ਸੁੱਤੇ ਪਏ ਧੰਨਾ ਸਿੰ

ਨੂੰ ਜਾ ਫੜਿਆ (25 ਅਕਤੂਬਰ, 1923)। ਉਹਨੂੰ ਹਥਕੜੀ ਲਾ ਲਈ। ਫਿਰ ਪੁਲਸ ਦੇ ਅੰਗਰੇਜ਼ ਅਫ਼ਸਰ ਹੌਰਟਨ ਤੇ ਜੈਨਕਿਨਜ਼ ਨੇੜੇ ਆਏ। ਹੌਰਟਨ ਨੇ ਤਾਹਨੇ ਨਾਲ ਕਿਹਾ, 'ਵੈੱਲ, ਧੰਨਾ ਸਿੰਘ! ਤੁਮ ਤੋ ਬੋਲਤਾ ਥਾ, ਹਮ ਜ਼ਿੰਦਾ ਨਹੀਂ ਪਕੜਾ ਜਾਇਗਾ। ਦੋ ਚਾਰ ਕੋ ਸਾਥ ਲੇ ਕਰ ਮਰੇਗਾ। ਅਬ ਬਤਾਓ।' ਧੰਨਾ ਸਿੰਘ ਨੇ ਅੱਗੋਂ ਗਰਜ ਕੇ ਕਿਹਾ, 'ਉਇ ਬਿੱਲਿਆ! ਇਹ ਗੱਲ ਏ ? ਆਹ ਲੈ ਫੜ ਫਿਰ।' ਧੰਨਾ ਸਿੰਘ ਦੀ ਡੱਬ ਵਿੱਚ ਇਕ ਬੰਬ ਸੀ। ਉਹਨੇ ਸੱਜੇ ਪਾਸੇ ਜ਼ਰਾ ਕੁ ਨਿਉਂ ਕੇ ਉੱਤੇ ਜ਼ੋਰ ਦੀ ਅਰਕ ਮਾਰੀ। ਏਨੀ ਠੋਕਰ ਨਾਲ ਹੀ ਬੰਬ ਚੱਲ ਗਿਆ। ਧੰਨਾ ਸਿੰਘ ਆਪ ਸ਼ਹੀਦ ਹੋ ਗਿਆ, ਪਰ ਕੇਈਆਂ ਨੂੰ ਨਾਲ ਲੈ ਕੇ। ਲਾਗੇ ਖਲਾ ਇਕ ਹੌਲਦਾਰ, ਇਕ ਦਫ਼ੇਦਾਰ, ਤੇ ਤਿੰਨ ਸਿਪਾਹੀ ਥਾਂ ਮਰ ਗਏ। ਇਕ ਸਿਪਾਹੀ ਤੇ ਠਾਣੇਦਾਰ ਮਾਹਲਪੁਰ ਜਾ ਮਰੇ। ਹੌਰਟਨ ਹਸਪਤਾਲ ਜਾ ਮਰਿਆ ਤੇ ਜੈਨਕਿਨਜ਼ ਇਹਨਾਂ ਜ਼ਖ਼ਮਾਂ ਦੇ ਕਾਰਨ ਸ਼ਾਇਦ ਕਲਕੱਤੇ ਜਾ ਮਰਿਆ।"

"ਸੁਆਦ ਏ ਨਾ। ਸੂਰਮੇ ਨੇ ਜੋ ਮੂੰਹੋਂ ਕੱਢੀ ਸੀ, ਗੱਲ ਪੂਰੀ ਕਰ ਦਿੱਤੀ।" ਦੀਪੇ ਨੇ ਬੜੀ ਜਿੱਤ ਮਹਿਸੂਸ ਕਰਦਿਆਂ ਕਿਹਾ, "ਤੇ ਜੁਆਲਾ ਸਿੰਘ ਦਾ ਕੀ ਬਣਿਆਂ ?"

"ਉਹਦਾ ਪਤਾ ਨਹੀਂ, ਪਰ ਉਹਦਾ ਸਾਥੀ ਕਰਮ ਸਿੰਘ ਬੱਬਰਾਂ ਨੇ ਪਾਰ ਬੁਲਾ ਦਿੱਤਾ। ਇਕ ਉਹ ਹੀ ਨਹੀਂ, ਬੁਬੇਲੀ ਦਾ ਸਾਕਾ ਕਰੌਣ ਵਾਲਾ ਅਨੂਪ ਸਿੰਘ ਵੀ ਪਿੱਛੋਂ ਖ਼ਤਮ ਕਰ ਦਿੱਤਾ ਗਿਆ ਸੀ।" ਬਾਬੇ ਅਕਾਲੀ ਨੇ ਬੜੇ ਮਾਣ ਨਾਲ ਚੁਫੇਰੇ ਸਾਰਿਆਂ ਵੱਲ ਵੇਖਿਆ, ਜਿਵੇਂ ਉਹ ਇਸ ਕੰਮ ਨੂੰ ਬਹੁਤ ਸ਼ਲਾਘਾਯੋਗ ਸਮਝਦਾ ਸੀ।

"ਤੇ ਉਡੈਰ (ਓਡਵਾਇਰ) ਨੂੰ ਵਲੈਤ ਵਿੱਚ ਮਾਰਨ ਵਾਲੇ ਸ਼ੇਰ ਊਧਮ ਸਿੰਘ ਦੀ ਗੱਲ ਵਿੱਚ ਕਿਤੇ ਵੀ ਨਾ ਆਈ।" ਉਮਰਦੀਨ ਨੇ ਸਵਾਲ ਕੀਤਾ।

"ਬੱਬਰ ਲਹਿਰ ਦੇ ਮੋਢੀ ਲੀਡਰਾਂ ਵਿੱਚੋਂ ਬਾਬੂ ਸੰਤਾ ਸਿੰਘ ਜ਼ਿਲ੍ਹਾ ਲੁਧਿਆਣੇ (ਪਿੰਡ ਛੋਟੀ ਹਰਿਓਂ, ਤਸੀਲ ਸਮਰਾਲਾ) ਦਾ ਸੀ। ਪਿੱਛੋਂ ਉਹਨੂੰ ਵੀ ਇਕ ਝੋਲੀ ਚੁੱਕ ਨੇ ਫੜਾ ਦਿੱਤਾ ਸੀ (19 ਜੂਨ, 1923)। ਉਹਦੇ ਉੱਦਮ ਨਾਲ ਮਾਲਵੇ ਵਿੱਚ ਵੀ ਜੱਥੇ ਦੇ ਕੇਈ ਮੈਂਬਰ ਬਣ ਗਏ ਸਨ। ਉਹਨਾਂ ਨੇ ਹੀ ਬੀ.ਟੀ. ਨੂੰ ਮਾਰਿਆ ਸੀ ਤੇ ਉਹਨਾਂ ਵਿੱਚੋਂ ਹੀ ਊਧਮ ਸਿੰਘ ਸੀ।"

"ਹੱਛਾ ਬਾਬਾ! ਇਕ ਗੱਲ ਹੋਰ ਦੱਸ। ਜਿਹੜੇ ਬੱਬਰ ਫੜੇ ਗਏ ਸਨ, ਉਹਨਾਂ ਨਾਲ ਕਿਵੇਂ ਬੀਤੀ ?" ਸੱਜਣ ਸਿੰਘ ਨੇ ਸਵਾਲ ਪੁੱਛਿਆ, ਜੋ ਚਰੋਕਣਾ ਇਸ ਬਾਰੇ ਸੋਚ ਰਿਹਾ ਸੀ।

"ਉਹਨਾਂ ਵਿੱਚੋਂ ਜੱਥੇਦਾਰ ਕਿਸ਼ਨ ਸਿੰਘ (ਬੜਿੰਗ), ਬਾਬੂ ਸੰਤਾ ਸਿੰਘ (ਛੋਟੀ ਹਰਿਓਂ) ਤੇ ਚਾਰ ਬੱਬਰ ਹੋਰ (ਕਰਮ ਸਿੰਘ ਮਾਣਕੋ, ਨੰਦ ਸਿੰਘ ਘੁੜਿਆਲ, ਦਲੀਪ

ਸਿੰਘ ਧਾਮੀਆਂ ਤੇ ਧਰਮ ਸਿੰਘ ਹਿਯਾਤਪੁਰ) ਫਾਂਸੀ ਲਾ ਕੇ ਸ਼ਹੀਦ ਕੀਤੇ ਗਏ (27 ਫਰਵਰੀ 1926), ਤੇ ਬਾਕੀ ਕੁਛ ਉਮਰ ਕੈਦ, ਕੇਈਆਂ ਨੂੰ ਸੱਤ-ਸੱਤ ਜਾਂ ਪੰਜ-ਪੰਜ ਸਾਲ ਕੈਦ ਹੋਈ।"

"ਵਾਹ ਭਾਈ ਬਾਬਾ 'ਕਾਲੀਆ! ਖ਼ੁਸ਼ ਕੀਤਾ ਈ ਅੱਜ ਤਾਂ। ਮਖ, ਸੁਆਦ ਆ ਗਿਆ।" ਦੀਪੇ ਨੇ ਤਾਰੀਫ਼ ਵਜੋਂ ਕਿਹਾ।

"ਤੇ ਤੁਸਾਂ ? ਦੋ ਤਖ਼ਤਪੋਸ਼ ਡਾਹ ਕੇ ਥੋੜ੍ਹਾ ਖ਼ੁਸ਼ ਕੀਤਾ ਏ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਘੂਰਦਿਆਂ ਕਿਹਾ, "ਵੇਖੋ ਉਇ! ਸਾਰੇ ਇਕ ਹੋ ਜੇ। ਇਕ ਬਾਬੇ ਯਾਤਰੀ ਦੀ ਔਲਾਦ ਓ ਸਾਰੇ, ਅੱਡੋ ਪਾਟੀ ਨਾ ਹੋਵੇ। ਇਹ ਮੈਨੂੰ ਚੰਗਾ ਨਹੀਂ ਲੱਗਦਾ। ਹੋਰ, ਮੈਂ ਤਾਂ ਜੇਲ੍ਹ ਦੀ ਤਿਆਰੀ ਕਰੀ ਬੈਠਾਂ। ਬੱਸ ਮੋਰਚਾ ਲੱਗਾ ਕਿ ਲੱਗਾ ਸਮਝੋ।"

"ਲੱਗਣ ਦਿਹ ਮੋਰਚਾ। ਬਥੇਰੀਆਂ ਫ਼ੌਜਾਂ ਤਿਆਰ ਹੋ ਜਾਣਗੀਆਂ।" ਟਹਿਲ ਸਿੰਘ ਦੀ ਵਾਜ ਆਈ। ਤੇ ਉਹ ਪਰਨਾ ਝਾੜਦਾ ਹੋਇਆ ਤਖ਼ਤਪੋਸ਼ ਤੋਂ ਉੱਠ ਬੈਠਾ।

## 25

"ਪੜ੍ਹੋ, ਪੜ੍ਹੋ, ਅੱਜ ਦਾ ਅਖ਼ਬਾਰ ਪੜ੍ਹੋ। ਫ਼ਰਾਸ ਨੇ ਹਥਿਆਰ ਸੁੱਟ ਦਿੱਤੇ ਜੇ (14 ਜੂਨ, 1940)। ਹੁਣ ਅਗਲਾ ਹਮਲਾ ਜਰਮਨ, ਅੰਗਰੇਜ਼ਾਂ ਉੱਤੇ ਕਰਨਗੇ।" ਬਾਬੇ ਅਕਾਲੀ ਨੇ ਕੋਲ ਬੈਠਿਆਂ ਵੱਲ ਅਖ਼ਬਾਰ ਵਧਾਉਂਦਿਆਂ ਕਿਹਾ। ਉਹ ਗੁਰਦੁਆਰੇ ਦੇ ਤਖ਼ਤਪੋਸ਼ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ, ਜੋ ਅੱਜ ਦੁਪਹਿਰੇ ਬਿਸ਼ਨ ਦਾਸ ਹਟਵਾਣੀਆ ਕਸੂਰੋਂ ਲਿਆਇਆ ਸੀ।

"ਬਾਬਾ 'ਕਾਲੀਆ! ਅਸੀਂ ਪੜ੍ਹਨ ਜੋਗੇ ਹੁੰਦੇ, ਤਾਂ ਤੇਰੇ ਮੂੰਹ ਵੱਲੇ ਕਿਉਂ ਵਿਹੰਦੇ ਰਹਿੰਦੇ।" ਦੀਪੇ ਨੇ ਮੁਸਕਰਾਉਂਦਿਆਂ ਕਿਹਾ, "ਦੱਸ, ਕੀ ਆਹੰਦਾ ਏ 'ਖ਼ਬਾਰ ਵਾਲਾ।"

"ਓਹੋ! ਮੈਂ ਸਮਝਿਆ, ਕਿਤੇ...।" ਬਾਬਾ ਅਕਾਲੀ ਆਪਣੀ ਗ਼ਲਤੀ ਨੂੰ ਸਮਝ ਕੇ ਚੁੱਪ ਕਰ ਗਿਆ।

"ਸਕੂਲ ਵਿੱਚ ਬੈਠਾ ਏਂ ?" ਦੀਪੇ ਨੇ ਬਾਬੇ ਦਾ ਛੱਡਿਆ ਵਾਕ ਪੂਰਾ ਕਰ ਦਿੱਤਾ।

"ਨਹੀਂ, ਮੇਰਾ ਧਿਆਨ ਕਿਤੇ ਦੂਰ ਚਲਾ ਗਿਆ ਸੀ। ਚਲੋ ਛੱਡੋ ਏਸ ਗੱਲ ਨੂੰ। ਅਖ਼ਬੇਾਰ ਵਾਲਾ ਦੱਸਦਾ ਏ।" ਬਾਬੇ ਅਕਾਲੀ ਨੇ ਫੇਰ ਅਖ਼ਬਾਰ ਅੱਖਾਂ ਦੇ ਨੇੜੇ ਕਰ ਲਿਆ। "ਤੁਸਾਂ ਅਫ਼ਵਾਹਾਂ ਸੁਣੀਆਂ ਸਨ ਨਾ ਕਿ ਹਿਟਲਰ ਆਹੰਦਾ ਏ, ਮੈਂ ਫਲਾਨੇ ਦਿਨ ਪੈਰਿਸ ਵਿੱਚ ਚਾਹ ਪੀਣੀ ਏਂ। ਸੋ ਉਹ ਗੱਲ ਲਗਭਗ ਸੱਚੀ ਹੋ ਗਈ। ਫ਼ਰਾਂਸ

ਨੇ ਹਥਿਆਰ ਸੁੱਟ ਦਿੱਤੇ ਨੇ। ਅੰਗਰੇਜ਼ਾਂ ਦਾ ਇਕ ਵੱਡਾ ਸਾਥੀ ਹਾਰ ਗਿਆ। ਹੁਣ ਇਹ ਧੜਾ ਵਧੇਰੇ ਕਮਜ਼ੋਰ ਹੋ ਗਿਆ ਸਮਝੋ।"

"ਹੱਛਾ, ਹਿਟਲਰ ਲੰਦਣ ਕਿੱਦਣ ਆਹੰਦਾ ਏ, ਚਾਹ ਪੀਣੀ ਏਂ। ਸਾਡਾ ਮਨ ਤਾਂ ਓਦਣ ਰਾਜ਼ੀ ਹੋਵੇਗਾ।" ਮਿਲਖਾ ਸਿੰਘ ਨੇ ਥੋੜ੍ਹਾ ਜਿਹਾ ਅਗ੍ਹਾਂ ਝੁਕ ਕੇ ਕਿਹਾ।

'ਲੰਡਨ ? ਕੁਛ ਕਿਹਾ ਨਹੀਂ ਜਾ ਸਕਦਾ।" ਬਾਬੇ ਅਕਾਲੀ ਨੇ ਨਾਂਹ ਵਿੱਚ ਸਿਰ ਹਿਲਾ ਕੇ ਕਿਹਾ। "ਅੰਗਰੇਜ਼ ਬੜੇ ਖਚਰੇ ਨੀਤੀਵਾਨ ਨੇ। ਤੇ ਅੱਜਕੱਲ੍ਹ ਦੀਆਂ ਲੜਾਈਆਂ ਤਾਕਤ ਦੀਆਂ ਨਹੀਂ, ਹੇਰਾ-ਫੇਰੀ ਦੀਆਂ ਨੇ।"

"ਪਰ ਐਦਕੀਂ ਹੇਰਾ-ਫੇਰੀ ਕੋਈ ਨਹੀਉਂ ਚੱਲਣੀ। ਵੇਖ ਲਈਂ ਤੂੰ।" ਚੰਦਾ ਸਿੰਘ ਨੇ ਵਾਜ 'ਤੇ ਜ਼ੋਰ ਦੇਂਦਿਆਂ ਕਿਹਾ। "ਹਿਟਲਰ ਦੇ ਟੈਂਕ ਵੀ—ਸੁਣਿਆਂ ਏਂ—ਦਸ ਮੀਲ ਤੱਕ ਅੱਗ ਵਰ੍ਹੌਂਦੇ ਚਲਦੇ ਨੇ। ਜਿੱਥੋਂ ਦੀ ਲੰਘ ਜਾਣ, ਬੱਸ ਸਭ ਕੁਛ ਸੁਆਹ।"

"ਠੀਕ ਏ, ਉਹਦੇ ਕੋਲ ਬੜੇ ਖ਼ਤਰਨਾਕ ਹਥਿਆਰ ਦੱਸੀਦੇ ਨੇ, ਪਰ ਫੇਰ ਵੀ...।"

"ਫੇਰ ਵੀ ਕਾਹਦੀ ? ਐਦਕੀਂ ਅੰਗਰੇਜ਼ਾਂ ਵਾਲਾ ਲੇਖਾ ਸਾਫ ਸਮਝੋ।" ਬਾਬੇ ਅਕਾਲੀ ਦੀ ਗੱਲ ਰਾਹੋਂ ਟੋਕ ਕੇ ਚੰਦਾ ਸਿੰਘ ਬੋਲ ਉੱਠਿਆ।

"ਬੱਕਰੇ ਦੀ ਮਾਂ ਕਿੰਨਾ ਚਿਰ ਖ਼ੈਰ ਮਨਾਏਗੀ। ਅੰਤ ਇਕ ਦਿਨ ਹਿਸਾਬ ਦੇਣਾ ਪੈਣਾ ਈ ਸੀ।" ਦੀਪੇ ਦੇ ਖ਼ਿਆਲ ਵਿੱਚ ਅੰਗਰੇਜ਼ਾਂ ਦੇ ਕੀਤੇ ਗੁਨਾਹਾਂ ਦੇ ਹਿਸਾਬ ਦਾ ਸਮਾਂ ਆ ਪਹੁੰਚਾ ਸੀ।

"ਭਈ, ਜ਼ਰਾ ਠੰਢੇ ਦਿਲ ਨਾਲ ਸੋਚੋ। ਹਿਟਲਰ ਜਿੱਤ ਗਿਆ, ਤਾਂ ਸਾਨੂੰ ਕੀ ਮਿਲੇਗਾ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਝਾਤੀ ਮਾਰਦਿਆਂ ਕਿਹਾ।

"ਤੇ ਅੰਗਰੇਜ਼ ਜਿੱਤ ਗਏ, ਤਾਂ ਕੀ ਮਿਲੇਗਾ ?" ਚੰਦਾ ਸਿੰਘ ਨੇ ਮੋੜਵਾਂ ਸਵਾਲ ਕੀਤਾ।

"ਉਹ ਕੀ ਆਹੰਦੇ ਨੇ, ਰੋਲਟ ਬਿੱਲ ਤੇ ਮਾਰਸ਼ਲ ਲਾਅ।" ਦੀਪੇ ਨੇ ਵਿਅੰਗ ਨਾਲ ਕਿਹਾ, "ਪਿਛਲੀ ਲੜਾਈ ਸਾਨੂੰ ਭੁੱਲ ਗਈ ਏ ?"

"ਭਲਿਓ ਲੋਕੋ! ਅਸੀਂ ਅੰਗਰੇਜ਼ ਨਾਲ ਖ਼ੁਸ਼ ਨਹੀਂ। ਨਾ ਹੀ ਜਰਮਨਾਂ ਨਾਲ ਖ਼ੁਸ਼ ਆਂ। ਹਿਟਲਰ ਕਿਹੜਾ ਚੰਗਾ ਏ, ਜੀਹਨੇ ਸਾਰੀ ਦੁਨੀਆਂ ਨੂੰ ਵਖਤ ਪਾ ਦਿੱਤਾ ਏ। ਮੇਰਾ ਮਤਲਬ...।"

"ਤੇ ਆਹ ਬਿੱਲੇ ਚੰਗੇ ਨੇ ?" ਬਾਬੇ ਦੀ ਪੂਰੀ ਗੱਲ ਸੁਣੇ ਬਿਨਾਂ ਹੀ ਚੰਦਾ ਸਿੰਘ ਬੋਲ ਉੱਠਿਆ। ਉਹ ਬਹੁਤਾ ਹੀ ਜੋਸ਼ ਵਿੱਚ ਜਾਪਦਾ ਸੀ। "ਉੱਚੀ ਸਾਹ ਨਹੀਂ ਲੈਣ ਦੇਂਦੇ ਕਿਸੇ ਨੂੰ। ਜ਼ਰਾ ਕੁ ਕੋਈ ਖੰਘਿਆ ਨਹੀਂ, ਤੇ ਫੜ ਕੇ ਅੰਦਰ ਧਕਿਆ ਨਹੀਂ।"

"ਮਖ, ਪੰਜਾਂ ਸੱਤਾਂ ਦਿਨਾਂ ਦੀ ਗੱਲ ਏ, ਕੋਈ ਪੇਂਡੂ ਲਹੌਰ ਨੂੰ ਗੱਡ ਲਈ

ਜਾਂਦਾ ਸੀ। ਮੀਆਂ ਮੀਰ ਵਾਲੀ ਨਹਿਰ ਦੇ ਪੁਲ ਦੀ ਚੜ੍ਹਾਈ ਚੜ੍ਹਨ ਲੱਗਿਆਂ ਉਹਨੇ ਬਲਦਾਂ ਨੂੰ ਲਲਕਾਰਾ ਮਾਰਿਆ। ਅਖੇ : ਚੜ੍ਹ ਜੋ ਛੋਰੋ, ਜਿਵੇਂ ਜਰਮਣਾਂ ਦੇ ਹਵਾਈ ਜ੍ਹਾਜ ਚੜ੍ਹਦੇ ਨੇ। ਲਾਗੇ ਕੋਈ ਸੀ.ਆਈ.ਡੀ. ਦਾ ਬੰਦਾ ਖਲਾ ਸੀ। ਉਹਨੇ ਸੁਣ ਲਿਆ। ਉਸ ਜੱਟ ਨੂੰ ਫੜ ਕੇ ਡੂਢ ਸਾਲ ਦੀ ਕੈਦ ਠੋਕ ਦਿੱਤੀ ਨੇ।" ਮਿਲਖਾ ਸਿੰਘ ਨੇ ਚੰਦਾ ਸਿੰਘ ਦੀ ਪ੍ਰੋੜ੍ਹਤਾ ਵਿੱਚ ਕਿਹਾ।

"ਤੇ ਸੁਣਿਆਂ ਏਂ, ਗਾਂਧੀ ਅਜੇ ਵੀ ਆਖੀ ਜਾਂਦਾ ਏ, ਅਸਾਂ ਅੰਗਰੇਜ਼ਾਂ ਨੂੰ ਔਖਿਆਂ ਨਹੀਂ ਕਰਨਾ।" ਚੰਦਾ ਸਿੰਘ ਮਹਾਤਮਾ ਗਾਂਧੀ ਨਾਲ ਵੀ ਨਾਰਾਜ਼ ਸੀ।

"ਔਖਿਆਂ ਨਹੀਂ ਕਰਨਾ, ਅੰਗਰੇਜ਼ ਮਾਮੇ ਲੱਗਦੇ ਨੇ।" ਦੀਪੇ ਨੇ ਘ੍ਰਿਣਾ ਨਾਲ ਕਿਹਾ।

"ਭਈ, ਤੁਸੀਂ ਸ਼ਾਂਤਮਈ ਨਾਲ ਸੁਣੋ, ਤਾਂ ਪਤਾ ਲੱਗੇ ਨਾ।"

"ਕੀ ਸੁਣੀਏਂ ? ਸਾਨੂੰ ਤਾਂ ਮਾਰ ਲਿਆ ਇਸ ਨਿੱਤ ਦੀ ਸ਼ਾਂਤਮਈ ਨੇ।" ਚੰਦਾ ਸਿੰਘ ਨੇ ਨੱਕ ਚੜ੍ਹਾ ਕੇ ਮੂੰਹ ਪਾਸੇ ਕਰ ਲਿਆ।

"ਪਰ ਭਈ, ਤੁਸੀਂ ਬਾਬੇ ਅਕਾਲੀ ਨੂੰ ਗੱਲ ਤਾਂ ਕਰਨ ਦਿਹੋ।" ਕੋਲੋਂ ਟਹਿਲ ਸਿੰਘ ਨੇ ਹੱਥ ਦੇ ਇਸ਼ਾਰੇ ਨਾਲ ਚੰਦਾ ਸਿੰਘ ਨੂੰ ਰੋਕਦਿਆਂ ਕਿਹਾ, "ਭਲਕੇ ਮੋਰਚਾ ਲੱਗਾ ਅੰਗਰੇਜ਼ਾਂ ਨੂੰ ਕੱਢਣ ਵਾਸਤੇ, ਤਾਂ ਬਾਬੇ ਅਕਾਲੀ ਨੇ ਈਂ ਜਾਣਾ ਏਂ। ਆਪਾਂ ਸਾਰਿਆਂ ਤਾਂ ਘਰੋਂ ਬਾਹਰ ਨਹੀਂ ਨਿਕਲਣਾ।"

"ਹੱਛਾ, ਅਸੀਂ ਨਹੀਂ ਬੋਲਦੇ।" ਚੰਦਾ ਸਿੰਘ ਚੁੱਪ ਕਰ ਗਿਆ। ਕਿਸੇ ਨਵੇਂ ਲ਼ੱਗਣ ਵਾਲੇ ਮੋਰਚੇ ਵਿੱਚ ਜਾਣ ਦੀ ਉਹ ਹਾਮੀ ਭਰਨ ਵਾਸਤੇ ਤਿਆਰ ਨਹੀਂ ਸੀ।

"ਅਸੀਂ ਕਿਸੇ-ਕਿਸੇ ਵੇਲੇ ਲੋੜ ਤੋਂ ਵਧੇਰੇ ਜੋਸ਼ ਵਿੱਚ ਆ ਜਾਂਦੇ ਆਂ।" ਬਾਬੇ ਅਕਾਲੀ ਨੇ ਬੜੇ ਠਰ੍ਹੰਮੇ ਨਾਲ ਕਹਿਣਾ ਸ਼ੁਰੂ ਕੀਤਾ, "ਇਸ ਦਾ ਕਾਰਨ : ਅਸੀਂ ਅੰਗਰੇਜ਼ਾਂ ਤੋਂ ਤੰਗ ਆ ਚੁੱਕੇ ਆਂ। ਅਸੀਂ ਸਮਝਦੇ ਆਂ, ਅੰਗਰੇਜ਼ਾਂ ਦਾ ਕੋਈ ਹੱਕ ਨਹੀਂ ਸਾਡੇ ਮੁਲਕ ਉੱਤੇ ਰਾਜ ਕਰਨ ਦਾ ਅਤੇ ਸਾਡਾ ਅਜੇਹਾ ਸੋਚਣਾ ਸੁਭਾਵਕ ਹੈ। ਮਹਾਤਮਾ ਤਿਲਕ ਨੇ ਕਿਹਾ ਸੀ, 'ਆਜ਼ਾਦੀ ਮੇਰਾ ਜਮਾਂਦਰੂ ਹੱਕ ਹੈ।' ਅਸੀਂ ਸਾਰੇ ਹੀ ਅੰਗਰੇਜ਼ ਦੀ ਗ਼ੁਲਾਮੀ ਤੋਂ ਛੁਟਕਾਰਾ ਪੌਣਾ ਚੌਂਹਦੇ ਆਂ। ਅੱਜ ਤੱਕ ਜਿੰਨੀਆਂ ਸਿਆਸੀ ਲਹਿਰਾਂ ਚੱਲੀਆਂ ਨੇ, ਸਭ ਦਾ ਮੂਲ ਕਾਰਨ ਏਹਾ ਹੈ। ਸਭ ਤੋਂ ਪਹਿਲਾਂ ਸਤਲੁਜ ਦੇ ਕੰਢਿਆਂ ਤੇ ਸਿੱਖਾਂ ਦੀ ਲੜਾਈ ਹੋਈ। ਆਮ ਲੋਕਾਂ ਤੇ ਸਪਾਹੀਆਂ ਦੇ ਦਿਲ ਵਿੱਚ ਅਸਲੀ ਗੱਲ ਏਹਾ ਸੀ ਕਿ ਅਸਾਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿੱਚੋਂ ਕੱਢ ਕੇ ਛੱਡਣਾ ਏਂ। ਸਪਾਹੀ ਖੁੱਲ੍ਹ-ਮ-ਖੁਲ੍ਹਾ ਕਹਿੰਦੇ ਸਨ ਕਿ ਅਸਾਂ ਦਿੱਲੀ ਫ਼ਤਹਿ ਕਰ ਲੈਣੀ ਏਂ। ਦਿੱਲੀ ਫ਼ਤਹਿ ਹੋਣ ਦਾ ਅਰਥ ਸੀ, ਸਾਰੇ ਹਿੰਦੁਸਤਾਨ ਦਾ ਅੰਗਰੇਜ਼ਾਂ ਦੇ ਪੰਜੇ ਵਿੱਚੋਂ ਨਿਕਲ ਜਾਣਾ। ਖ਼ੈਰ, ਘਰ ਦੇ ਭੇਤੀਆਂ ਲੰਕਾ ਸਾੜੀ ਵਾਲੀ ਗੱਲ ਹੋਈ ਸਾਡੇ ਨਾਲ। ਕੁਛ ਦੇਸ਼-ਦਰੋਹੀ ਲੀਡਰ ਅੰਗਰੇਜ਼ਾਂ ਨਾਲ ਮਿਲ ਗਏ, ਜਿਸ ਕਰਕੇ ਅਸੀਂ ਸਤਲੁਜ-ਯੁੱਧ ਹਾਰ ਗਏ।"

"ਕਿਤੇ....ਕਿਤੇ ਓਦੋਂ ਰਣਜੀਤ ਸੁੰਹ ਹੁੰਦਾ ਤਾਂ...।" ਦੀਪੇ ਨੇ ਵਾਕ ਅਧੂਰਾ ਛੱਡ ਦਿੱਤਾ। ਜੋਸ਼ ਵਿੱਚ ਉਹਦੀ ਛਾਤੀ ਧੜਕ ਰਹੀ ਸੀ।

"ਏਹਾ ਰਾਏ ਸ਼ਾਹ ਮੁਹੰਮਦ ਦੀ ਏ। ਉਹ ਲਿਖਦਾ ਏ : 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ'।" ਬਾਬੇ ਅਕਾਲੀ ਨੇ ਦੀਪੇ ਦੀ ਗੱਲ ਦੀ ਇਕ ਤਰ੍ਹਾਂ ਪ੍ਰੋੜ੍ਹਤਾ ਕਰਦਿਆਂ ਕਿਹਾ, "ਖ਼ੈਰ, ਸਿੱਖਾਂ ਦੇ ਹਾਰਨ ਨਾਲ ਅੰਗਰੇਜ਼ਾਂ ਨੇ ਹਿੰਦੁਸਤਾਨ ਦਾ ਬਾਕੀ ਰਹਿੰਦਾ ਹਿੱਸਾ ਵੀ ਮੱਲ ਲਿਆ। ਹਾਰੇ ਹੋਏ ਦੇਸ਼ ਨੂੰ ਅੰਗਰੇਜ਼ਾਂ ਹੋਰ ਦਬਾਉਣਾ ਸ਼ੁਰੂ ਕਰ ਦਿੱਤਾ, ਜਿਸ ਦਾ ਸਿੱਟਾ ਇਹ ਨਿਕਲਿਆ, ਕਿ ਕੁਛ ਅਣਖੀਲੇ ਦੇਸ਼ ਭਗਤਾਂ ਦੇ ਜਜ਼ਬਾਤ ਭੜਕੇ ਤੇ ਅਠਾਰਾਂ ਸੌ ਸਤਵੰਜਾ ਦਾ ਵੱਡਾ ਗ਼ਦਰ ਹੋ ਗਿਆ।"

"ਓਦੋਂ ਤਾਂ ਸੁਣਿਆਂ ਏਂ, ਇਕ ਵੇਰਾਂ ਹੇਠਲੀ ਉਤੇ ਹੋ ਗਈ ਸੀ।" ਕੋਲੋਂ ਟਹਿਲ ਸਿੰਘ ਨੇ ਹੁੰਗਾਰੇ ਵਜੋਂ ਕਿਹਾ।

"ਪਰ ਏਨਾ ਕੁਛ ਹੋਣ 'ਤੇ ਵੀ ਅਸੀਂ ਕਾਮਯਾਬ ਨਾ ਹੋਏ।" ਬਾਬੇ ਅਕਾਲੀ ਨੇ ਨਿਰਾਸ਼ਤਾ ਵਿੱਚ ਸਿਰ ਝੂਣਦਿਆਂ ਕਿਹਾ, "ਫਿਰ ਕੂਕਾ ਲਹਿਰ ਚੱਲੀ। ਅਸਲ ਵਿੱਚ ਉਹ ਵੀ ਅੰਗਰੇਜ਼ਾਂ ਦੇ ਵਿਰੁੱਧ ਇਕ ਕਿਸਮ ਦੀ ਬਗ਼ਾਵਤ ਹੀ ਸੀ। ਕੇਈ ਨਾਮਧਾਰੀ ਸੂਰਮੇ ਤੋਪਾਂ ਅੱਗੇ ਉਡਾ ਕੇ ਸ਼ਹੀਦ ਕੀਤੇ ਗਏ। ਫਿਰ, ਸ਼ਾਇਦ ਉੱਨੀ ਸੌ ਸੱਤ ਵਿੱਚ 'ਪਗੜੀ ਸੰਭਾਲ ਓ ਜੱਟਾ' ਲਹਿਰ ਚੱਲੀ। ਉਸ ਦਾ ਆਗੂ ਭਗਤ ਸਿੰਘ ਸ਼ਹੀਦ ਦਾ ਚਾਚਾ ਸ. ਅਜੀਤ ਸਿੰਘ ਸੀ। ਉਹ ਲਹਿਰ ਏਨੀ ਗਰਮ ਨਹੀਂ ਸੀ। ਫਿਰ ਵੀ ਅੰਗਰੇਜ਼ ਉਸ ਤੋਂ ਬੜੇ ਘਬਰਾ ਗਏ ਸਨ। ਫਿਰ ਗ਼ਦਰ ਲਹਿਰ ਦੀ ਤਾਂ ਤੁਹਾਨੂੰ ਕੇਈਆਂ ਨੂੰ ਸੰਭਾਲ ਹੋਵੇਗੀ।"

"ਹਾਂ ਮਖ, ਮੈਂ ਓਦੋਂ ਵਾਹਵਾ ਤਕੜਾ ਸਾਂ, ਜਦੋਂ ਕਰਤਾਰ ਸੁੰਹ ਸਰਾਭੇ ਨੂੰ ਫਾਂਸੀ ਲਾਇਆ ਸਾਨੇ।" ਟਹਿਲ ਸਿੰਘ ਨੇ 'ਹਾਂ' ਵਿੱਚ ਸਿਰ ਹਿਲਾਉਂਦਿਆਂ ਕਿਹਾ।

"ਓਦੋਂ ਅਜੇ ਦੇਸ਼ ਵਿੱਚ ਅੰਗਰੇਜ਼ਾਂ ਦੇ ਵਰੁੱਧ ਬਹੁਤੀ ਘ੍ਰਿਣਾ ਜਾਂ ਗ਼ੁੱਸਾ ਨਹੀਂ ਸੀ। ਏਸੇ ਵਾਸਤੇ ਲੋਕਾਂ ਨੇ ਵਧੇਰੇ ਸਾਡਾ ਸਾਥ ਨਾ ਦਿੱਤਾ। ਅਸਲ ਵਿੱਚ ਵਧੇਰੇ ਅੱਗ ਤਾਂ ਭੜਕਾਈ ਸੀ ਜੱਲਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ। ਅੰਗਰੇਜ਼ਾਂ ਨੇ ਮਾਰਸ਼ਲ-ਲਾਅ ਲਾ ਕੇ ਕੇਈ ਥਾਂਈਂ ਲਹੂ ਦੀ ਹੋਲੀ ਖੇਡੀ।"

"ਤਿੰਨ ਚਾਰ ਫਾਂਸੀਆਂ ਤਾਂ ਐਥੇ ਕਸੂਰ ਈ ਗੱਡ ਦਿੱਤੀਆਂ ਗਈਆਂ ਸਨ।" ਸੱਜਣ ਸਿੰਘ ਨੇ ਉਹ ਸਮਾਂ ਯਾਦ ਕਰਕੇ ਕਿਹਾ।

"ਉਸ ਤੋਂ ਪਿੱਛੋਂ ਜਿੰਨੀਆਂ ਵੀ ਲਹਿਰਾਂ ਚੱਲੀਆਂ ਨੇ, ਜਿੰਨੇ ਵੀ ਮੋਰਚੇ ਲੱਗੇ ਨੇ, ਸਾਰਿਆਂ ਵਿੱਚ ਅਥਾਹ ਜੋਸ਼ ਰਿਹਾ ਹੈ।"

"ਸਾਨੂੰ ਤਾਂ ਅਕਾਲੀ ਮੋਰਚੇ ਦਾ ਚੇਤਾ ਏ। ਅਸੀਂ ਛੋਟੇ-ਛੋਟੇ ਹੁੰਦੇ ਸਾਂ। ਪਰ ਸਾਡਾ ਜੀਅ ਕਰਦਾ ਸੀ ਕਿ ਖੱਟਾ ਚੋਲਾ ਪਾ ਕੇ ਜਥੇ ਦੇ ਨਾਲ ਈ ਤੁਰ ਜਾਈਏ।

ਅਗ੍ਹਾਂ ਭਾਵੇਂ ਗੋਲੀ ਚੱਲੇ ਤੇ ਭਾਵੇਂ ਡਾਂਗਾਂ ਪੈਣ।" ਮਿਲਖਾ ਸਿੰਘ ਨੇ ਸੱਜੇ ਹੱਥ ਨਾਲ ਮੁੱਛ ਨੂੰ ਥੋੜ੍ਹਾ ਜਿਹਾ ਵੱਟ ਦੇਂਦਿਆਂ ਕਿਹਾ।

"ਏਸੇ ਜੋਸ਼ ਨੇ ਹੀ ਉਹ ਮੋਰਚਾ ਜਿੱਤ ਲਿਆ ਸੀ। ਏਸੇ ਜੋਸ਼ ਕਰਕੇ ਕਾਂਗਰਸ ਦੇ ਮੋਰਚੇ ਸਫ਼ਲ ਰਹੇ। ਤੇ ਹੁਣ ਜਿਹੜਾ ਮੋਰਚਾ ਲੱਗੇਗਾ, ਉਹ ਸਾਰਿਆਂ ਤੋਂ ਵੱਡਾ ਹੋਵੇਗਾ।"

"ਪਰ ਲੱਗੇਗਾ ਕਦੋਂ ?" ਚੰਦਾ ਸਿੰਘ ਨੇ ਕਾਹਲੇ ਪੈ ਕੇ ਕਿਹਾ।

"ਜਦੋਂ ਆਪਾਂ ਤਿਆਰ ਹੋ ਜਾਵਾਂਗੇ। ਕਿਉਂ ? ਤਿਆਰ ਏਂ ਨਾ ?" ਦੀਪੇ ਨੇ ਗੁਟਕਦੀਆਂ ਅੱਖਾਂ ਨਾਲ ਚੰਦਾ ਸਿੰਘ 'ਤੇ ਸਵਾਲ ਕੀਤਾ।

"ਕਿਉਂ, ਖਾਣ ਪੀਣ ਨੂੰ ਭਾਗ ਭਰੀ ਤੇ ਧੌਣ ਭਨੌਣ ਨੂੰ ਜੁੰਮਾ ? ਮੌਜਾਂ ਲੁੱਟਣ ਨੂੰ ਜਥੇਦਾਰ ਤੇ ਲੀਡਰ ਲੋਕ, ਤੇ ਡਾਂਗਾਂ ਖਾਣ ਨੂੰ ਹਮਾਤੜ ? ਐਦਕੀਂ ਲੀਡਰ ਅੱਗੇ ਲੱਗਣ।" ਚੰਦਾ ਸਿੰਘ ਨੇ ਥੋੜ੍ਹਾ ਜਿਹਾ ਅੱਗੇ ਝੁਕ ਕੇ ਹੱਥ ਹਿਲਾਉਂਦਿਆਂ ਕਿਹਾ।

"ਤੇ ਤੂੰ ਚੱਲ ਘਰ ਨੂੰ।" ਪਾਸੇ ਤੋਂ ਮਿਲਖਾ ਸਿੰਘ ਨੇ ਤੋੜਾ ਝਾੜਿਆ।

"ਉਇ, ਅਸੀਂ ਪਿਛਾਂਹ ਤਾਂ ਨਹੀਂ ਰਹਿੰਦੇ। ਲੀਡਰਾਂ ਦੇ ਮਗਰ ਆਵਾਂਗੇ ਛਾਲਾਂ ਮਾਰਦੇ।" ਧੜਕਦੇ ਦਿਲ ਨਾਲ ਚੰਦਾ ਸਿੰਘ ਨੇ ਹਾਮੀ ਭਰ ਦਿੱਤੀ।

"ਭਈ, ਤੁਸੀਂ ਆਪਸ ਵਿੱਚ ਨਾ ਖਹਿਬੜੋ।" ਬਾਬੇ ਅਕਾਲੀ ਨੇ ਹੱਥ ਦੇ ਇਸ਼ਾਰੇ ਨਾਲ ਸਾਰਿਆਂ ਨੂੰ ਚੁੱਪ ਕਰਾਉਂਦਿਆਂ ਕਿਹਾ, "ਮੇਰੀ ਰਾਏ ਵੀ ਚੰਦਾ ਸੁੰਹ ਨਾਲ ਮਿਲਦੀ ਏ। ਮੇਰੀ ਸਮਝ ਵਿੱਚ ਐਦਕੀਂ ਲੀਡਰਾਂ ਨੂੰ ਹੀ ਅੱਗੇ ਲੱਗਣਾ ਚਾਹੀਦਾ ਏ। ਆਮ ਲੋਕਾਂ ਦੇ ਜੱਥੇ ਭੇਜਣ ਦੀ ਥਾਂ, ਵੱਡੇ-ਵੱਡੇ ਲੀਡਰਾਂ ਨੂੰ ਸੱਤਿਆ ਗ੍ਰਹਿ ਕਰਕੇ ਜੇਲ੍ਹ ਵਿੱਚ ਜਾਣਾ ਚਾਹੀਦਾ ਏ।"

"ਕਿਉਂ ?" ਚੰਦਾ ਸਿੰਘ ਨੇ ਮਿਲਖਾ ਸਿੰਘ ਦੀਆਂ ਅੱਖਾਂ ਵਿੱਚ ਤਕਦਿਆਂ ਕਿਹਾ। "ਠੀਕ ਆਹੰਦੇ ਨੇ ਨਾ : ਸੌ ਸਿਆਣਿਆਂ ਇੱਕੋ ਮੱਤ।"

"ਉ ਮੰਨ ਲਿਆ ਭਈ ਤੂੰ ਵੀ ਉਹਨਾਂ ਸੌ ਸਿਆਣਿਆਂ ਵਿੱਚੋਂ ਇਕ ਏਂ, ਪਰ ਹੁਣ ਬਾਬੇ 'ਕਾਲੀ ਦੀ ਵੀ ਗੱਲ ਸੁਣਨ ਦਿਹ।" ਦੀਪੇ ਨੇ ਮੋਢੇ ਵਾਲਾ ਸਾਫਾ ਗੋਡਿਆਂ ਉਦਾਲੇ ਵਲਦਿਆਂ ਕਿਹਾ।

"ਲੀਡਰਾਂ ਦੇ ਅੰਦਰ ਚਲੇ ਜਾਣ ਨਾਲ ਲੋਕਾਂ ਵਿੱਚ ਵਧੇਰੇ ਜੋਸ਼ ਪੈਦਾ ਹੋਵੇਗਾ। ਏਸ ਤਰ੍ਹਾਂ ਅੰਗਰੇਜ਼ਾਂ ਦੇ ਵਰੁੱਧ ਗ਼ੁੱਸਾ ਤੇਜ਼ ਹੋ ਜਾਇਗਾ ਤੇ ਉਹ ਤੰਗ ਆ ਕੇ ਇਕ ਦਿਨ...।"

"ਪਰ ਮਹਾਤਮਾ ਗਾਂਧੀ ਤਾਂ ਆਹੰਦਾ ਏ, ਮੈਂ ਅੰਗਰੇਜ਼ਾਂ ਨੂੰ ਔਖਿਆਂ ਨਹੀਂ ਹੋਣ ਦੇਣਾ।" ਚੰਦਾ ਸਿੰਘ ਨੇ ਫਿਰ ਗੱਲ ਮਹਾਤਮਾ ਗਾਂਧੀ ਵੱਲ ਮੋੜ ਦਿੱਤੀ।

"ਮਹਾਤਮਾ ਗਾਂਧੀ ਬੜਾ ਸੱਚਾ-ਸੁੱਚਾ ਤੇ ਦੂਰ ਦੀ ਸੋਚਣ ਵਾਲਾ ਲੀਡਰ ਏ। ਉਹ ਆਹੰਦਾ ਏ, 'ਅਸੀਂ ਚੋਂਹਦੇ ਆਂ, ਹਿਟਲਰ ਹਾਰ ਜਾਵੇ, ਪਰ ਅਸੀਂ ਅੰਗਰੇਜ਼ਾਂ ਨੂੰ

ਵੀ ਬੇਨਤੀ ਕਰਦੇ ਆਂ ਕਿ ਉਹ ਸਾਡਾ ਮੁਲਕ ਛੱਡ ਕੇ ਚਲੇ ਜਾਣ। ਫਿਰ ਮਹਾਤਮਾ ਗਾਂਧੀ ਇਹ ਨਹੀਂ ਕਹਿੰਦਾ ਕਿ ਅਸੀਂ ਆਜ਼ਾਦ ਹੋ ਕੇ, ਫ਼ੌਜਾਂ ਲੈ ਕੇ ਅੰਗਰੇਜ਼ਾਂ ਦੀ ਮਦਦ ਕਰਾਂਗੇ ਤੇ ਮੈਦਾਨ ਵਿੱਚ ਖਲੋ ਕੇ ਜਰਮਨਾਂ ਦੇ ਵਰੁੱਧ ਲੜਾਂਗੇ। ਉਹ ਕਹਿੰਦਾ ਹੈ, ਅਸੀਂ ਆਜ਼ਾਦ ਹੋ ਕੇ ਅੰਗਰੇਜ਼ਾਂ ਦੀ ਜਿੱਤ ਵਾਸਤੇ ਅਰਦਾਸ ਕਰਾਂਗੇ। ਉਹਦੀ ਰਾਇ ਬੜੀ ਸਪੱਸ਼ਟ ਹੈ ਕਿ ਹਰ ਮੁਲਕ ਦੇ ਵੱਸਣ ਵਾਲੇ ਆਪੋ ਆਪਣੇ ਮੁਲਕ ਦੇ ਆਪ ਮਾਲਕ ਹੋਣ। ਕੋਈ ਵੀ ਕਿਸੇ ਨੂੰ ਗ਼ੁਲਾਮ ਬਣਾ ਕੇ ਨਾ ਰੱਖੇ।"

"ਉ ਬਾਬਾਂ 'ਕਾਲੀਆ! ਭਾਵੇਂ ਮਹਾਤਮਾ ਗਾਂਧੀ ਕਿੰਨੀਆਂ ਬੇਨਤੀਆਂ ਕਰੇ, ਕਿੰਨੀਆਂ ਲਿਲਕੜੀਆਂ ਲਵੇ, ਅੰਗਰੇਜ਼ ਪੋਲੇ ਪੈਰੀਂ ਨਹੀਉਂ ਜਾਣ ਲੱਗੇ। ਚੰਬੜੇ ਹੋਏ ਜਿੰਨ ਮਿਰਚਾਂ ਦੀ ਧੂਣੀ ਦਿੱਤਿਆਂ ਈਂ ਨਿਕਲਦੇ ਹੁੰਦੇ ਨੇ। ਵੇਖ ਲਈਂ ਤੂੰ।" ਚੰਦਾ ਸਿੰਘ ਬਹੁਤਾ ਹੀ ਕਾਹਲਾ ਜਾਪਦਾ ਸੀ ਕਿ ਅੰਗਰੇਜ਼ ਛੇਤੀ ਤੋਂ ਛੇਤੀ ਏਥੋਂ ਨਿਕਲ ਜਾਣ।

"ਘਰ ਦਾ ਵੱਡਾ 'ਜਾਣ ਦਿਹੋ, ਜਾਣ ਦਿਹੋ' ਆਖੀ ਈ ਜਾਂਦਾ ਹੁੰਦਾ ਏ, ਪਰ ਉਹਨੇ ਮੁੰਡਿਆਂ ਦੀਆਂ ਬਾਂਹੀਂ ਤਾਂ ਨਹੀਂ ਬੱਧੀਆਂ ਹੁੰਦੀਆਂ। ਮਹਾਤਮਾ ਗਾਂਧੀ ਨੂੰ ਸ਼ਾਂਤੀ-ਸ਼ਾਂਤੀ ਕੂਕੀ ਜਾਣ ਦੇਈਏ ਖਾਂ। ਤੇ ਆਪਾਂ ਡੂਰਲੀ ਜੱਥਾ ਬਣਾ ਕੇ ਕੰਮ ਸ਼ੁਰੂ ਕਰ ਦੇਈਏ। ਲੱਗ ਸਾਡੇ ਅੱਗੇ।" ਦੀਪੇ ਨੇ ਉਹਦੀ ਅਣਖ ਨੂੰ ਵੰਗਾਰਦਿਆਂ ਕਿਹਾ।

"ਲੈ ਖਾਂ! ਤੁਸੀਂ ਤਾਂ ਆਹੰਦੇ ਜੇ, ਜਿਹੜਾ ਬੋਲੇ, ਓਹਾ ਕੁੰਡਾ ਖੋਲ੍ਹੇ!" ਚੰਦਾ ਸਿੰਘ ਨੇ ਪਾਸੇ ਨੂੰ ਮੂੰਹ ਕਰਦਿਆਂ ਕਿਹਾ।

"ਨਹੀਂ, ਨਹੀਂ। ਤੂੰ ਕਾਹਨੂੰ ਕੁੰਡਾ ਖੋਲ੍ਹਣਾ ਏਂ। ਤੂੰ ਬਹੁ ਬੰਤੇ ਦੀ ਮਾਂ ਦੇ ਗੋਡੇ ਕੋਲ। ਤੇ ਤੇਰੇ ਸੁੱਤਿਆਂ ਸੁੱਤਿਆਂ ਈ ਕੋਈ ਬੋਦੀਆਂ ਤੋਂ ਫੜ ਕੇ ਅੰਗਰੇਜ਼ਾਂ ਨੂੰ ਬਾਹਰ ਕੱਢ ਦੇਵੇਗਾ।" ਮਿਲਖਾ ਸਿੰਘ ਨੇ ਕੋਲੋਂ ਵਿਅੰਗ ਨਾਲ ਕਿਹਾ।

"ਵੇਖੋ ਭਈ, ਖਹਿਬੜੋ ਨਹੀਂ। ਨਾ ਸਾਰੇ ਲੋਕ ਜੇਲ੍ਹ ਜਾਂਦੇ ਹੁੰਦੇ ਨੇ ਤੇ ਨਾ ਸਾਰਿਆਂ ਦੇ ਜਾਣ ਦੀ ਲੋੜ ਹੁੰਦੀ ਏ। ਸਾਰਿਆਂ ਦੀ ਹਮਦਰਦੀ ਤੇ ਰੀਝ ਇਕ ਹੋਣੀ ਚਾਹੀਦੀ ਏ। ਫ਼ਰਜ਼ ਕਰੋ, ਆਪਣੇ ਪਿੰਡੋਂ ਦੋ ਮੋਰਚੇ ਵਿੱਚ ਚਲੇ ਜਾਂਦੇ ਨੇ, ਤੇ ਚਾਰ ਪਿੱਛੋਂ ਉਹਨਾਂ ਦੀਆਂ ਫ਼ਸਲਾਂ ਸੰਭਾਲਦੇ ਨੇ, ਉਹਨਾਂ ਦੇ ਬਾਲ ਬੱਚੇ ਦੀ ਪਾਲਣਾ ਕਰਦੇ ਨੇ, ਤਾਂ ਉਹਨਾਂ ਦਾ ਦੇਸ਼-ਪਿਆਰ ਕੈਦ ਹੋਣ ਵਾਲਿਆਂ ਨਾਲੋਂ ਘੱਟ ਨਹੀਂ। ਅਸੀਂ ਆਖਾਂਗੇ, ਸਾਰਿਆਂ ਨੇ ਹੀ ਆਜ਼ਾਦੀ ਦੀ ਜੰਗ ਵਿੱਚ ਹਿੱਸਾ ਪਾਇਆ ਏ। ਹੁਣ ਵੀ ਕੋਈ ਪਿੱਛੇ ਨਹੀਂ ਰਹੇਗਾ। ਹਰ ਕੋਈ ਪੁੱਜਦਾ ਸਰਦਾ ਹਿੱਸਾ ਜ਼ਰੂਰ ਪਾਵੇਗਾ।"

"ਮਖ ਬਹੁਤਾ ਨਹੀਂ, ਤਾਂ ਮੈਂ ਤੇ ਬੇਬੇ ਇੱਕੋ ਵਾਲੀ ਗੱਲ ਈ ਸਹੀ। ਆਖ਼ਰ ਥੋੜ੍ਹਾ ਬਹੁਤਾ ਡੱਡਾ ਭੋਰੂ ਈ ਨਾ ਹਰ ਕੋਈ।"

"ਬੱਸ, ਚੰਦਾ ਸੂਹ ਨੇ ਡੱਡਾ ਭੋਰਨ ਤੋਂ ਅਗ੍ਹਾਂ ਨਹੀਂ ਵਧਣਾ।"

"ਪੁੱਤ ਦੀਪ ਸਿਹਾਂ! ਤੁਸੀਂ ਸਾਰੇ ਚੰਦਾ ਸੰਹੁ ਨੂੰ ਦਬਾਈ ਨਾ ਆਓ। ਉਹਦੀਆਂ ਗੱਲਾਂ ਵਿੱਚ ਸੱਚਾਈ ਬੜੀ ਏ। ਮੇਰੇ ਖ਼ਿਆਲ ਵਿੱਚ ਇਹਦੀ ਵਾਜ ਸਾਰੇ ਸਾਧਾਰਨ ਲੋਕਾਂ ਦੀ ਵਾਜ ਏ। ਲੋਕਾਂ ਸਾਹਮਣੇ ਹਜ਼ਾਰਾਂ ਮਜਬੂਰੀਆਂ ਹਨ। ਸਾਰੇ ਲੋਕ ਨਾ ਜੇਲ੍ਹ ਜਾ ਸਕਦੇ ਨੇ, ਨਾ ਗੋਲੀ ਖਾ ਸਕਦੇ ਨੇ। ਹੁਣ ਵਾਲੇ ਮੋਰਚੇ ਵਿੱਚ ਵੀ ਸਾਰੇ ਖੁੱਲ੍ਹ ਕੇ ਹਿੱਸਾ ਨਹੀਂ ਲੈਣਗੇ। ਪਰ ਸਾਰਿਆਂ ਦੀ ਇਹ ਖ਼ਾਹਸ਼ ਜ਼ਰੂਰ ਏ ਕਿ ਅੰਗਰੇਜ਼ ਏਥੋਂ ਚਲੇ ਜਾਣ।" ਬਾਬਾ ਅਕਾਲੀ ਅੱਜ ਨਿੱਤ ਨਾਲੋਂ ਵਧੇਰੇ ਸ਼ਾਂਤ ਸੀ। ਉਹ ਕਈਆਂ ਦਿਨਾਂ ਤੋਂ ਅੰਦਰੇ-ਅੰਦਰ ਏਸ ਮਸਲੇ 'ਤੇ ਸੋਚ ਵਿਚਾਰ ਕਰ ਰਿਹਾ ਸੀ।

"ਬੱਸ, ਜਾ ਰਹੇ ਫਿਰ ਅੰਗਰੇਜ਼ ਕਿ।" ਦੀਪੇ ਨੇ ਗੋਡਿਆਂ ਉਦਾਲੇ ਵਲਿਆ ਹੋਇਆ ਸਾਫਾ ਖੁਹਲ ਕੇ ਝਾੜਦਿਆਂ ਕਿਹਾ। ਮਲੂਮ ਹੁੰਦਾ ਸੀ, ਉਹ ਉਠਣ ਵਾਸਤੇ ਕਾਹਲਾ ਪੈ ਗਿਆ ਸੀ।

ਅੰਗਰੇਜ਼ ਹੁਣ ਵਧੇਰੇ ਚਿਰ ਏਥੇ ਨਹੀਂ ਰਹਿ ਸਕਦੇ। ਉਹਨਾਂ ਨੂੰ ਹਰ ਹਾਲ ਜਾਣਾ ਪਵੇਗਾ। ਪਰ ਅਜੇ ਇਹ ਕਹਿਣਾ ਔਖਾ ਏ ਕਿ ਉਹ ਕਦੋਂ ਤੇ ਕਿਸ ਤਰ੍ਹਾਂ ਜਾਂਦੇ ਨੇ ?"

"ਤੇ ਮੋਰਚਾ ?" ਚੰਦਾ ਸਿੰਘ ਨੇ ਜਿਵੇਂ ਆਖ਼ਰੀ ਸਵਾਲ ਕੀਤਾ।

"ਮੋਰਚਾ ਵੀ ਲਗੇਗਾ, ਤੇ ਛੇਤੀ ਹੀ ਲਗੇਗਾ। ਅਸੀਂ ਤਾਂ ਬਿਸਤਰਾ ਬੱਧੀ ਬੈਠੇ ਆਂ।" ਬਾਬੇ ਅਕਾਲੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ।

× × ×

ਤੇ ਛੇਤੀ ਹੀ ਮੋਰਚਾ ਲੱਗ ਗਿਆ। ਸਤਾਰਾਂ ਅਕਤੂਬਰ 1940 ਨੂੰ ਸੱਤਿਆਗ੍ਰਹਿ ਸ਼ੁਰੂ ਹੋ ਗਿਆ। ਕਾਂਗਰਸ ਨੇ ਫ਼ੈਸਲਾ ਕੀਤਾ ਕਿ ਸੱਤਿਆਗ੍ਰਹਿ ਵਿਅਕਤੀਗਤ ਰਹੇ। ਭਾਵ ਇਕ ਇਕ ਲੀਡਰ ਅੰਗਰੇਜ਼ਾਂ ਦੇ ਵਰੁੱਧ ਲੈਕਚਰ ਦੇਵੇ ਤੇ ਗ੍ਰਿਫ਼ਤਾਰ ਹੋ ਜਾਵੇ। ਸੱਤਿਆਗ੍ਰਹਿ ਦੀ ਪਹਿਲੀ ਤਕਰੀਰ ਸੰਤ ਵਿਨੋਭਾ ਭਾਵੇ ਨੇ ਸਤਾਰਾਂ ਅਕਤੂਬਰ ਨੂੰ ਕੀਤੀ। ਇੱਕੀ ਅਕਤੂਬਰ ਨੂੰ ਉਸ ਨੂੰ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਮਹਿਜ਼ ਕੈਦ ਸੁਣਾਈ ਗਈ। ਮਗਰ ਪੰਡਤ ਜਵਾਹਰ ਲਾਲ ਨਹਿਰੂ ਨੂੰ ਇਕੱਤੀ ਅਕਤੂਬਰ ਨੂੰ ਗ੍ਰਿਫ਼ਤਾਰ ਕਰਕੇ ਚਾਰ ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਇਸ ਦਾ ਅਰਥ, ਕਿ ਇਕ ਕਾਨੂੰਨ ਕੋਈ ਨਹੀਂ ਸੀ। ਕੋਈ ਮੈਜਿਸਟਰੇਟ ਜਿੰਨੀ ਚਾਹਵੇ, ਸਜ਼ਾ ਦੇਵੇ। ਸਤਾਰਾਂ ਨਵੰਬਰ ਨੂੰ ਸਰਦਾਰ ਪਟੇਲ ਵੀ ਨਜ਼ਰਬੰਦ ਕਰ ਦਿੱਤਾ ਗਿਆ। ਫੇਰ ਕੀ ਸੀ ? ਸਾਰੇ ਦੇਸ਼ ਵਿੱਚ ਸੱਤਿਆਗ੍ਰਹਿ ਸ਼ੁਰੂ ਹੋ ਗਿਆ। ਛੋਟੇ-ਵੱਡੇ ਲੀਡਰ ਤੇ ਉਹਨਾਂ ਨਾਲ ਕੰਮ ਕਰਨ ਵਾਲੇ ਸੱਜਣ ਅੰਗਰੇਜ਼ਾਂ ਦੇ ਵਰੁੱਧ ਲੈਕਚਰ ਦੇਂਦੇ ਤੇ ਗ੍ਰਿਫ਼ਤਾਰ ਹੋ ਕੇ ਜੇਲ੍ਹ ਵਿੱਚ ਚਲੇ ਜਾਂਦੇ। ਛੇ ਮਹੀਨੇ ਵਾਸਤੇ ਬਾਬਾ ਅਕਾਲੀ ਵੀ ਜੇਲ੍ਹ ਚਲਾ ਗਿਆ।

# 26

"ਇਲਮ ਦੀਨਾ! ਨੰਬਰਦਾਰੀ ਤੂੰ ਸਾਂਭ ਬੈਠਾ ਏਂ, ਤੇ ਵਾਰ-ਫੰਡ (ਜੰਗੀ ਚੰਦਾ) ਦੀ ਚੱਟੀ ਸਾਨੂੰ ਭਰਨੀ ਪੈ ਗਈ ਏ।" ਧੰਨੇ ਸ਼ਾਹ ਨੇ ਬਹੁਤ ਵੱਡਾ ਅਹਿਸਾਨ ਜਤਾਉਂਦਿਆਂ ਕਿਹਾ।

ਹੁਣ ਧੰਨੇ ਸ਼ਾਹ ਇਲਮ ਦੀਨ ਦੇ ਨਾਂ ਤੋਂ ਪਹਿਲਾਂ ਸ਼ਬਦ 'ਚੌਧਰੀ' ਨਹੀਂ ਸੀ ਵਰਤਿਆ ਕਰਦਾ ਕਿਉਂਕਿ ਇਲਮ ਦੀਨ ਹੁਣ ਉਸ ਦਾ ਮੁਜ਼ਾਰਾ ਸੀ। ਤੇ ਮੁਜ਼ਾਰੇ ਦੇ ਨਾਂ ਨਾਲ ਕੋਈ ਸਤਕਾਰ ਵਾਲਾ ਵਸ਼ੇਸ਼ਣ ਜੋੜਨ ਦੀ ਮਾਲਕ ਲੋੜ ਨਹੀਂ ਸਮਝਦਾ।

"ਸ਼ਾਹ ਜੀ! ਅਸੀਂ ਵੀ ਕਿਸੇ ਗੱਲੋਂ ਮੂੰਹ ਮੋੜਨ ਵਾਲੇ ਬੰਦੇ ਨਹੀਂ। ਤੁਹਾਡੇ ਹੱਥੀਂ ਬੱਧੀਂ ਗ਼ਲਾਮ ਆਂ।" ਇਲਮ ਦੀਨ ਨੇ ਸੱਜੇ ਹੱਥ ਦੀ ਉਂਗਲ ਦੇ ਨੌਂਹ ਨਾਲ ਦਰੀ ਦੇ ਧਾਗਿਆਂ ਨੂੰ ਛੇੜਦਿਆਂ ਕਿਹਾ।

ਧੰਨੇ ਸ਼ਾਹ ਦੀ ਆੜ੍ਹਤ ਦੀ ਗੱਦੀ ਵਾਲੇ ਕਮਰੇ ਵਿੱਚ ਤਿੰਨ ਆਦਮੀ ਬੈਠੇ ਸਨ। ਕਮਰਾ ਦਸ ਫੁੱਟ ਚੌੜਾ ਤੇ ਬਾਰਾਂ ਫੁੱਟ ਲੰਮਾ ਸੀ। ਬੂਹੇ ਵੱਲ ਦੋ ਫੁੱਟ ਥਾਂ ਛੱਡ ਕੇ ਬਾਕੀ ਸਾਰੇ ਕਮਰੇ ਵਿੱਚ ਹਲਕੇ ਨੀਲੇ ਰੰਗ ਦੀ ਅੱਧੋ ਰਾਣੀ ਦਰੀ ਵਿਛੀ ਹੋਈ ਸੀ। ਕਮਰੇ ਦੀ ਇਕ ਗੁੱਠ ਵਿੱਚ ਦੋ ਫੁੱਟ ਚੌੜੀ ਤੇ ਚਾਰ ਫੁੱਟ ਉੱਚੀ ਲੋਹੇ ਦੀ ਪੇਟੀ ਖਲੀ ਸੀ। ਉਹਦੇ ਅੱਗੇ ਸੀ ਧੰਨੇ ਸ਼ਾਹ ਦੀ ਗੱਦੀ। ਦਰੀ ਉੱਤੇ ਇਕ ਤਲਾਈ ਵਿਛਾ ਕੇ ਉੱਪਰ ਲੱਠੇ ਦੀ ਚਿੱਟੀ ਚਾਦਰ ਵਿਛਾਈ ਹੋਈ ਸੀ। ਪਿਛਲੀ ਕੰਧ ਨਾਲ ਲਗਭਗ ਫੁੱਟ-ਫੁੱਟ ਮੋਟਾਈ ਦੇ ਸਰ੍ਹਾਣੇ ਰੱਖੇ ਹੋਏ ਸਨ। ਪੇਟੀ ਅੱਗੇ ਧੰਨੇ ਸ਼ਾਹ ਦੇ ਬੈਠਣ ਜੋਗੀ ਥਾਂ ਛੱਡ ਕੇ ਅੱਗੇ ਇਕ ਲੱਕੜ ਦੀ ਸੰਦੂਕੜੀ ਪਈ ਸੀ। ਇਹ ਧੰਨੇ ਸ਼ਾਹ ਦੇ ਮੇਜ਼ ਦਾ ਕੰਮ ਦੇਂਦੀ ਸੀ।

ਧੰਨੇ ਸ਼ਾਹ ਆਪਣੇ ਮੇਜ਼ ਅੱਗੇ ਬੈਠਾ ਸੀ। ਮੇਜ਼, ਭਾਵ ਉੱਡੇ ਹੋਏ ਪਾਲਸ਼ ਵਾਲੀ ਸੰਦੂਕੜੀ ਉਤੇ ਇਕ ਲਾਲ ਰੰਗ ਦੀ ਵਹੀ ਪਈ ਸੀ। ਧੰਨੇ ਸ਼ਾਹ ਦੇ ਬਰਾਬਰ 'ਤੇ ਸਰ੍ਹਾਣੇ ਨਾਲ ਢੋਹ ਲਾ ਕੇ ਲੱਖਾ ਸਿੰਘ ਬੈਠਾ ਸੀ। ਇਲਮ ਦੀਨ ਸਾਹਮਣੇ ਦਰੀ ਉੱਤੇ ਬੈਠਾ ਸੀ। ਉਹ ਧੰਨੇ ਸ਼ਾਹ ਤੋਂ ਕੁਛ ਹੋਰ ਕਰਜ਼ਾ ਲੈਣ ਦੀ ਆਸ ਲਾਈ ਬੈਠਾ ਸੀ।

"ਤਸੀਲਦਾਰ ਤੇਰਾ ਆਪਣਾ ਏਂ। ਤੂੰ ਐਵੇਂ ਗੱਲਾਂ-ਬਾਤਾਂ ਵਿੱਚ ਈ ਟਰਕਾਅ ਛੱਡਿਆ ਹੋਣਾ ਏਂ। ਹੋਰ ਤੂੰ ਵਾਰ ਫੰਡ ਦੇਣ ਵਾਲਾ।" ਕੋਲੋਂ ਲੱਖਾ ਸਿੰਘ ਨੇ ਥੋੜ੍ਹਾ ਜਿਹਾ ਪਾਸਾ ਪਰਤਦਿਆਂ ਕਿਹਾ।

"ਆਪਣਾ ? ਸ. ਲੱਖਾ ਸਿਹਾਂ! ਐਸ ਜ਼ਮਾਨੇ ਵਿੱਚ ਆਪਣਾ ਕਿਹੜਾ ਈ। ਫਿਰ ਸਰਕਾਰੀ ਅਫ਼ਸਰ ? ਉਹਨੇ ਸਾਫ਼ ਕਹਿ ਦਿੱਤਾ ਸੀ, ਅਖੇ : ਤੇਰੀ ਸਫ਼ਾਰਸ਼ ਮੰਨ ਕੇ ਇਲਮ ਦੀਨ ਨੂੰ ਨੰਬਰਦਾਰ ਬਣਾਇਆ ਏ। ਸੋ, ਰੱਖ ਵਾਰ-ਫੰਡ। ਹਜ਼ਾਰ ਤੋਂ ਘਟਦਾ ਨਹੀਂ ਸੀ। ਮਸਾਂ ਜੇਹੇ ਹੱਥ ਪੈਰ ਜੋੜ ਕੇ ਪੰਜ ਸੌ ਪੂਜ ਕੇ ਜਾਨ ਛੁਡਾਈ।

ਅੱਗੇ, ਇਹ ਭਾਵੇਂ, ਜਾਣੇ, ਭਾਵੇਂ ਨਾ ਜਾਣੇ।" ਆਖ਼ਰੀ ਵਾਕ ਧੰਨੇ ਸ਼ਾਹ ਨੇ ਇਲਮ ਦੀਨ ਵੱਲ ਇਸ਼ਾਰਾ ਕਰਕੇ ਕਿਹਾ।

"ਸ਼ਾਹ ਜੀ! ਅਸੀਂ ਨਾ ਜਾਣੀਏਂ ? ਸਾਡੀ ਤਾਂ ਜਾਨ ਹਾਜ਼ਰ ਏ। ਲਿਖ ਛੱਡੀਂ ਉਹ ਪੰਜ ਸੌ ਵੀ ਮੇਰੇ ਨਾਂ। ਪਰ ਅੱਜ ਦਾ ਕੰਮ ਸਾਰ।" ਇਲਮ ਦੀਨ ਹਰ ਸ਼ਰਤ ਉੱਤੇ ਕਰਜ਼ਾ ਲੈਣ ਵਾਸਤੇ ਮਜਬੂਰ ਹੋਇਆ ਬੈਠਾ ਸੀ।

"ਉਇ, ਨਾਂ ਲਿਖ ਛੱਡੀਂ, ਨਾਂ ਲਿਖ ਛੱਡੀਂ। ਲਿਖੇ ਹੋਏ ਨੂੰ ਧੰਨੇ ਸ਼ਾਹ ਚੱਟੇ ?" ਧੰਨੇ ਸ਼ਾਹ ਜ਼ਰਾ ਗਰਮ ਹੋ ਕੇ ਬੋਲਿਆ। ਤੰਦੂਏ ਦੇ ਜਾਲ ਵਿੱਚ ਫਸੇ ਹੋਏ ਸ਼ਕਾਰ ਉੱਤੇ ਗਰਮ ਹੋਣਾ ਉਹ ਆਪਣਾ ਹੱਕ ਸਮਝਦਾ ਸੀ। "ਪਹਿਲਾਂ ਦੋਵੇਂ ਭਰਾ ਆਪਣਾ ਪਿਛਲਾ ਹਿਸਾਬ ਨਬੇੜੋ। ਫੇਰ ਅਗ੍ਹਾਂ ਗੱਲ ਕਰਾਂਗੇ।" ਬੜੀ ਬੇ-ਪਰਵਾਹੀ ਨਾਲ ਧੰਨੇ ਸ਼ਾਹ ਆਪਣੀ ਵਹੀ ਦੇ ਪੱਤਰੇ ਉਥੱਲਣ ਲੱਗ ਪਿਆ।

"ਸ. ਲੱਖਾ ਸਿ੍ਹਾਂ! ਸ਼ਾਹ ਹੋਰੀਂ ਐਵੇਂ ਛਿੱਥੇ ਪਏ ਪੈਂਦੇ ਨੇ। ਭਲਾ ਅਸੀਂ ਇਹਨਾਂ ਤੋਂ ਭੱਜੇ ਹੋਏ ਆਂ ?" ਇਲਮ ਦੀਨ ਨੇ ਲੱਖਾ ਸਿੰਘ ਦੀ ਹਮਾਇਤ ਹਾਸਲ ਕਰਨ ਵਾਸਤੇ ਕਿਹਾ। "ਸ਼ਾਹ ਹੋਰੀਂ ਖੂਹ ਵਾਲੀ ਪੈਲੀ ਦੇ ਚਾਹਵਾਨ ਨੇ ਨਾਂ। ਲੈ, ਮੈਥੋਂ ਭਾਵੇਂ ਭਲਕੇ ਈ ਬੈਅ ਲਖਵਾ ਲੈਣ। ਤੇ ਕਰਮ ਦੀਨ ਵੀ ਮੈਥੋਂ ਵਿਹਰ ਨਹੀਂ ਚੱਲਿਆ। ਰੁਪਈਆ ਪੰਜ ਸੌ ਹੋਰ ਦੇਣ ਤੇ ਓਹਥੋਂ ਵੀ ਮੈਂ ਲਖਵਾ ਦੇਂਦਾ। ਸਾਡੇ ਵੱਲੋਂ ਅੱਠੇ ਵਿਘੇ ਖੂਹ ਵਾਲੀ ਸਦਾ ਵਾਸਤੇ ਇਹਨਾਂ ਦੀ ਹੋਈ।"

"ਲੈ, ਪੰਜ ਸੌ ਹੋਰ ਦਿਹ ਸੁ। ਰੁਪਏ ਕਿਤੇ ਝਾੜਾਂ ਨਾਲ ਲੱਗੇ ਹੋਏ ਨੇ। ਅਗਲੇ ਖਾਧੇ ਤਾਂ ਭੁੱਲ ਗਏ ਨਾ। ਮੈਂ ਪੈਲੀ ਨਹੀਂ ਲੈਂਦਾ। ਤੁਸੀਂ ਮੇਰੀ ਰਕਮ ਮੈਨੂੰ ਮੋੜ ਦਿਹੋ। ਬੜਾ ਖੱਟ ਲਿਆ ਏ ਮੈਂ ਤੁਹਾਡੀ ਦੋਸਤੀ 'ਚੋਂ। ਅਖੇ : ਜਿੰਨਾ ਨ੍ਹਾਤੀ, ਓਨਾ ਪੁੰਨ ਬੜਾ ਏ।" ਧੰਨੇ ਸ਼ਾਹ ਨੇ ਮੱਥੇ 'ਤੇ ਤਿਊੜੀਆਂ ਪਾ ਕੇ ਛੱਤਰੇ ਵਾਂਗ ਸਿਰ ਮਾਰਦਿਆਂ ਕਿਹਾ।

"ਭੋੜਿਆ ਧੰਨੇ ਸ਼ਾਹ! ਗਰਮ ਕਿਉਂ ਹੋ ਪੈਂਦਾ ਹੁੰਦਾ ਏਂ ਐਵੇਂ ਨਿੱਕੀ-ਨਿੱਕੀ ਗੱਲ ਤੋਂ। ਕਿਸੇ-ਕਿਸੇ ਵੇਲੇ ਤਾਂ ਤੂੰ ਅਸਲੋਂ ਟਿੰਡ ਤੋਂ ਗਿੜ੍ਹ ਪੈਂਦਾ ਏਂ।" ਲੱਖਾ ਸਿੰਘ ਨੇ ਢੋਹ ਛੱਡ ਕੇ ਜ਼ਰਾ ਸਿੱਧਾ ਹੋ ਕੇ ਬਹਿੰਦਿਆਂ ਕਿਹਾ, "ਲੰਬਰਦਾਰ ਮਾੜਾ ਬੰਦਾ ਨਹੀਂ। ਨਾਲੇ ਆਪਣਾ ਤਾਂ ਬਾਂਹ ਬੇਲੀ ਏ। ਤੂੰ ਸਰਕਾਰ ਨੂੰ ਵਾਰ-ਫੰਡ ਦੇ ਦਿੱਤਾ, ਤਾਂ ਕਿਹੜੀ ਆਖ਼ਰ ਆ ਗਈ। ਇਹ ਆਪਣੇ ਪਿੰਡੋਂ ਦੋ ਚਾਰ ਬੰਦੇ ਭਰਤੀ ਵਾਸਤੇ ਦੇ ਦੇਵੇਗਾ। ਹੋਰ ਦੱਸ।"

"ਸਰਦਾਰਾ! ਭਰਤੀ ਦਾ ਲਾਭ ਏ ਤੈਨੂੰ। ਤੂੰ ਦਸ-ਬਾਰਾਂ ਰੰਗਰੂਟ ਅੱਗੇ ਭਰਤੀ ਕਰਾਏ ਨੇ, ਦਸ-ਪੰਦਰਾਂ ਹੋਰ ਕਰਾ ਦੇਵੇਂਗਾ, ਤਾਂ ਸਰਕਾਰ ਕੋਲੋਂ ਨੇਕਨਾਮੀ ਦੀ ਚਿੱਠੀ ਤੇ ਇਕ ਦੋ ਮੁਰੱਬੇ ਮਾਠ ਲਵੇਂਗਾ। ਮੇਰੇ ਤਾਂ ਪੈਸਿਆਂ ਦੀ ਗੱਲ ਨਬੇੜੋ। ਹਾਂ।" ਆਖ਼ਰੀ 'ਹਾਂ' ਧੰਨੇ ਸ਼ਾਹ ਨੇ ਜ਼ੋਰ ਦੇਂਦਿਆਂ ਕਿਹਾ।

"ਦੱਸ ਭਈ ਲੰਬਰਦਾਰਾ!" ਲੱਖਾ ਸਿੰਘ ਨੇ ਛੇਤੀ ਗੱਲ ਨਿਬੇੜਨ ਦੇ ਇਰਾਦੇ ਨਾਲ ਕਿਹਾ।

"ਸ. ਲੱਖਾ ਸਿਹਾਂ! ਜੋ ਤੂੰ ਕਰ ਦੇਵੇਂ, ਮੈਨੂੰ ਮਨਜ਼ੂਰ। ਅਸਾਂ ਤਾਂ ਸ਼ਾਹ ਹੋਰਾਂ ਅੱਗੇ ਧੌਣ ਕੀਤੀ ਹੋਈ ਏ।" ਇਲਮ ਦੀਨ ਅਸਲੋਂ ਹੀ ਹਥਿਆਰ ਸੁੱਟੀ ਬੈਠਾ ਸੀ। ਉਹਦੇ ਮਾਮਲੇ ਵਿੱਚੋਂ ਦੋ ਸੌ ਰੁਪਏ ਥੁੜ੍ਹਦੇ ਸਨ।

ਜਦ ਇਕ ਧਿਰ ਏਥੋਂ ਤੱਕ ਲੰਮੀ ਪੈ ਜਾਵੇ, ਫੇਰ ਫ਼ੈਸਲਾ ਹੁੰਦਿਆਂ ਕਿਹੜਾ ਚਿਰ ਲੱਗਣਾ ਏ। ਪੰਦਰਾਂ ਮਿੰਟਾਂ ਵਿੱਚ ਗੱਲ ਮੁਕ ਗਈ।

ਪਿਛਲੇਰੇ ਸਾਲ ਆਪਣੇ ਹਿੱਸੇ ਦੀ ਚਾਰ ਵਿਘੇ ਗਹਿਣੇ ਕਰਨ ਪਿੱਛੋਂ ਇਲਮ ਦੀਨ ਪੰਜ ਸੌ ਰੁਪਏ ਸ਼ਾਹ ਕੋਲੋਂ ਹੋਰ ਲੈ ਜਾ ਚੁੱਕਾ ਸੀ। ਫ਼ੈਸਲਾ ਹੋਇਆ ਕਿ ਧੰਨੇ ਸ਼ਾਹ ਤਿੰਨ ਸੌ ਰੁਪਏ ਹੋਰ ਦੇਵੇ ਤੇ ਇਲਮ ਦੀਨ ਉਹ ਖੂਹ ਵਾਲੀ ਚਾਰੇ ਵਿਘੇ ਲੱਖਾ ਸਿੰਘ ਦੇ ਪੁੱਤਰ ਦੇ ਹੱਕ ਵਿੱਚ ਬੈਅ ਕਰ ਦੇਵੇਗਾ! ਕਰਮ ਦੀਨ ਵੱਲੋ ਵੀ ਧੰਨੇ ਸ਼ਾਹ ਦਾ ਸਾਢੇ ਛੇ ਸੌ ਰੁਪਈਆ ਹੋਇਆ ਖਲਾ ਸੀ। ਸਾਢੇ ਤਿੰਨ ਸੌ ਹੋਰ ਦੇ ਕੇ ਕਰਮ ਦੀਨ ਦੀ ਰਹਿੰਦੀ ਦੋ ਵਿਘੇ ਗਹਿਣੇ ਕਰਨ ਦੀ ਗੱਲ ਵੀ ਮੁੱਕ ਗਈ।

ਅਗਲੇ ਦਿਨ ਦੋਵੇਂ ਰਜਿਸਟਰੀਆਂ ਹੋ ਗਈਆਂ। ਬੈਅ ਦੀ ਰਜਿਸਟਰੀ ਵਿੱਚ ਧੰਨੇ ਸ਼ਾਹ ਨੇ ਅਸਲ ਨਾਲੋਂ ਦੋ ਹਜ਼ਾਰ ਰੁਪਏ ਵੱਧ ਲਿਖਵਾਏ। ਦੋ ਸੌ ਰਜਿਸਟਰੀ ਦਾ ਖ਼ਰਚ ਆਦਿ ਪਾ ਕੇ ਚਾਰ ਵਿਘੇ ਜ਼ਮੀਨ ਪੰਜ ਹਜ਼ਾਰ ਵਿੱਚ ਬੈਅ ਲਿਖੀ ਗਈ।

"ਲੈ ਧੰਨੇ ਸ਼ਾਹ! ਅੱਜ ਤੇਰੀਆਂ ਪਤਾਲ ਵਿੱਚ ਜੜ੍ਹਾਂ ਲਾ ਦਿੱਤੀਆਂ ਈਂ।" ਲਖਾ ਸਿੰਘ ਨੇ ਅਦਾਲਤੋਂ ਬਾਹਰ ਸੜਕ 'ਤੇ ਆ ਕੇ ਕਿਹਾ। "ਪੋਤਰਿਆਂ-ਪੜੋਤਰਿਆਂ ਤੱਕ ਹੁਣ ਤੁਸੀਂ ਪੀਰੂਵਾਲੇ ਦੇ ਮਾਲਕ ਬਣ ਗਏ।"

"ਸ. ਲੱਖਾ ਸਿਹਾਂ। ਅਜੇ ਅੱਧਾ ਮੋਰਚਾ ਫ਼ਤਹਿ ਹੋਇਆ ਏ। ਹੁਣ ਸੱਜਣ ਸਿਹੁੰ ਵੀ ਕਿਸੇ ਕੁਲ 'ਤੇ ਆ ਜਾਏ, ਤਾਂ ਗੱਲ ਏ।" ਧੰਨੇ ਸ਼ਾਹ ਦੀ ਹਵਸ ਅਜੇ ਪੂਰੀ ਨਹੀਂ ਸੀ ਹੋਈ।

"ਜੇਰਾ ਕਰ, ਜੇਰਾ। ਸਿਆਣਿਆਂ ਆਖਿਆ ਏ, ਸਹਿਜ ਪੱਕੇ, ਸੋ ਮੀਠਾ ਹੋ।"

"ਜੀਹਨੂੰ ਭੁੱਖ ਲੱਗੀ ਹੋਵੇ, 'ਉਹ ਸਹਿਜ ਪੱਕੇ' ਦੀ ਉਡੀਕ ਕਿੰਨਾ ਚਿਰ ਕਰੇ। ਮੇਰੀ ਰੀਝ ਏ ਕਿ ਉਹ ਸੋਲਾਂ ਵਿਘੇ ਹੱਥ ਲੱਗ ਜਾਏ ਤਾਂ ਸਾਰੇ ਬਾਗ਼ ਲਾ ਕੇ ਵਿੱਚ ਛੋਟੀ ਜੇਹੀ ਕੁਟੀਆ ਪਾ ਕੇ ਬਹਿ ਜਾਈਏ। ਕਿਤੇ ਉਹ ਸਾਰੀ ਇਲਮ ਦੀਨ ਦੀ ਹੁੰਦੀ, ਤਾਂ ਹੁਣ ਤਕ ਬੇੜਾ ਪਾਰ ਲੱਗਾ ਹੁੰਦਾ।" ਧੰਨੇ ਸ਼ਾਹ ਨੇ ਸ਼ੇਖ਼ ਚਿੱਲੀ ਵਾਂਗ ਸਿਰ ਮਾਰਦਿਆਂ ਕਿਹਾ, "ਭਈ ਸ. ਲੱਖਾ ਸਿਹਾਂ। ਭਾਵੇਂ ਤੈਨੂੰ ਬੁਰੀ ਈ ਲੱਗੇ। ਇਹ ਸਿੱਖ ਜੱਟ ਜ਼ਮੀਨ ਦੇਣ ਨੂੰ ਬੜੇ ਚੀਹੜੇ ਹੁੰਦੇ ਨੇ। ਇਹ ਤਾਂ ਕਿਤੇ ਕਤਲ ਦੇ ਮੁਕੱਦਮੇ 'ਚ ਫਸੇ ਹੋਏ ਈ ਭਾਵੇਂ ਕਾਬੂ ਆਉਣ।"

"ਉਇ, ਕਤਲ ਵੀ ਕਿਹੜਾ ਜੱਟਾਂ ਨੇ ਪਾਂਧੇ ਕੋਲੋਂ ਪੱਤਰੀ ਕਢਾ ਕੇ ਕਰਨਾ ਹੁੰਦਾ ਏ। ਬੱਸ, ਦੋ ਘੁੱਟ ਵੱਧ ਪੀ ਲਈ, ਤੇ ਕਰ ਬਰਛੀ ਸਿੱਧੀ ਦਿੱਤੀ। ਪਤਾ ਈ ਓਦੋਂ

ਲੱਗਣਾ, ਜਾਂ 'ਬੋਲੇ ਸੋ ਨਿਹਾਲ' ਹੋ ਜਾਣੀ।" ਲੱਖਾ ਸਿੰਘ ਨੇ ਆਪਣੀ ਕੌਮ ਦੀ ਬੇ-ਸਮਝੀ ਬਾਰੇ ਤੜ੍ਹ ਮਾਰਦਿਆਂ ਕਿਹਾ।

"ਭਈ ਭਰਾਵਾ! ਇਹ ਪੋਲੇ ਪੈਰੀਂ ਕੰਮ ਨੇਪਰੇ ਨਹੀਓਂ ਚੜ੍ਹਨਾ। ਜ਼ਰਾ ਵਧੇਰੇ ਹੁਸ਼ਿਆਰੀ ਤੋਂ ਕੰਮ ਲੈਣਾ ਪਵੇਗਾ। ਇਕ ਤਜਵੀਜ਼ ਏ, ਜੇ ਵਾਰ ਚੱਲ ਗਿਆ ਤਾਂ। ਸਿਆਣਿਆਂ ਆਖਿਆ ਏ : ਦਾਅ ਦਾਤਾ ਤੇ ਵੰਝ ਵਰਿਆਮ। ਆ ਜ਼ਰਾ ਨਵੇਕਲੇ ਚੱਲ ਕੇ....।" ਧੰਨੇ ਸ਼ਾਹ ਲੱਖਾ ਸਿੰਘ ਨੂੰ ਬਾਂਹੋਂ ਫੜ ਕੇ ਸੜਕ ਤੋਂ ਪਾਸੇ ਨੂੰ ਲੈ ਤੁਰਿਆ।

ਸਬ ਰਜਿਸਟਰਾਰ ਦੀ ਅਦਾਲਤ ਦੇ ਸਾਹਮਣੇ ਖੁੱਲ੍ਹਾ ਮੈਦਾਨ ਪਿਆ ਸੀ। ਓਥੇ ਪੁਰਾਣੇ ਫਰਾਹਾਂ ਦੀ ਪਾਲ ਖਲੀ ਸੀ, ਜੋ ਨਾਂ-ਮਾਤਰ ਹਵਾ ਵਿੱਚ ਵੀ ਸ਼ਾਂ-ਸ਼ਾਂ ਕਰਦੇ ਰਹਿੰਦੇ ਸਨ। ਓਥੇ ਖਲੋ ਕੇ ਧੰਨੇ ਸ਼ਾਹ ਤੇ ਲੱਖਾ ਸਿੰਘ ਚੋਖਾ ਚਿਰ ਕੁਛ ਗੁਪਤ ਸਲਾਹਾਂ ਕਰਦੇ ਰਹੇ।

ਓਸੇ ਰਾਤ ਧੰਨੇ ਸ਼ਾਹ ਨੇ ਆਪਣੇ ਇਤਬਾਰੀ ਨੌਕਰ ਧੰਮੀ ਨੂੰ ਦਸ ਰੁਪਏ ਦਾ ਨੋਟ ਫੜਾਉਂਦਿਆਂ ਪੰਜ-ਸੱਤ ਮਿੰਟ ਕੰਨ ਵਿੱਚ ਕੁਛ ਪੱਕੀ ਕੀਤੀ।

× × ×

ਇਕ ਮਹੀਨੇ ਪਿੱਛੋਂ ਈਦ ਦਾ ਤਿਉਹਾਰ ਆ ਗਿਆ। ਮੁਸਲਮਾਨਾਂ ਵਾਸਤੇ ਸਭ ਤੋਂ ਮੁਬਾਰਕ ਦਿਨ ਹੈ ਈਦ ਦਾ। ਹਰ ਗ਼ਰੀਬ ਅਮੀਰ ਉਸ ਦਿਨ ਵਿਤ ਅਨੁਸਾਰ ਖ਼ੁਸ਼ੀ ਮਨਾਉਂਦਾ ਹੈ। ਜਿੰਨ੍ਹਾਂ ਸਾਲ ਭਰ ਕਦੇ ਮਸੀਤੇ ਪੈਰ ਨਹੀਂ ਪਾਇਆ ਹੁੰਦਾ, ਉਸ ਦਿਨ ਉਹ ਵੀ ਨਮਾਜ਼ੀਆਂ ਦੀ ਸਫ਼ ਵਿੱਚ ਜਾ ਖਲੋਂਦੇ ਹਨ। ਨਮਾਜ਼ ਦੀਆਂ ਆਇਤਾਂ ਆਉਂਦੀਆਂ ਹੋਣ ਜਾਂ ਨਾ, ਭਰਾਵਾਂ ਵਿੱਚ ਰਲਕੇ ਖਲੋਣਾ ਵੀ ਆਪਣੇ ਥਾਂ ਇਕ ਵਡਿਆਈ ਜਾਪਦਾ ਹੈ।

ਪੀਰੂਵਾਲੇ ਦੇ ਮੁਸਲਮਾਨ ਸਦਾ ਈਦ ਦੀ ਨਮਾਜ਼ ਤੂਤਾਂ ਵਾਲੇ ਖੂਹ ਉੱਤੇ ਪੜ੍ਹਿਆ ਕਰਦੇ ਸਨ। ਈਦ ਗਰਮੀ ਦੀ ਰੁੱਤ ਆਵੇ, ਤਾਂ ਓਥੇ ਨਮਾਜ਼ੀਆਂ ਵਾਸਤੇ ਛਾਂ ਦਾ ਕੁਦਰਤੀ ਆਸਰਾ ਮਿਲ ਜਾਂਦਾ ਸੀ। ਤੇ ਸਿਆਲ ਵਿੱਚ ਇਹ ਪਵਿੱਤਰ ਦਿਨ ਆ ਜਾਏ, ਤਾਂ ਲਾਗੇ ਦੀ ਖ਼ਾਲੀ ਪੈਲੀ ਵਿੱਚ ਲੋਕ ਕੱਠੇ ਹੋ ਜਾਂਦੇ। ਚੰਦਾ ਸਿੰਘ ਦੇ ਜਿਉਂਦਿਆਂ ਨਮਾਜ਼ੀਆਂ ਦੇ ਵੁਜ਼ੂ ਕਰਨ ਵਾਸਤੇ ਖੂਹ ਸਦਾ ਉਹ ਜੋਇਆ ਕਰਦਾ ਸੀ। ਏਸ ਤਰ੍ਹਾਂ ਭਰਾਵਾਂ ਦੀ ਸੇਵਾ ਕਰਕੇ ਉਹਨੂੰ ਆਤਮਕ ਖ਼ੁਸ਼ੀ ਹੋਇਆ ਕਰਦੀ ਸੀ। ਨੰਬਰਦਾਰੀ ਦਾ ਝਗੜਾ ਸ਼ੁਰੂ ਹੋਣ ਤੋਂ ਪਹਿਲਾਂ ਸੱਜਣ ਸਿੰਘ ਵੀ ਉਸ ਰਵਾਜ ਨੂੰ ਨਿਭਾਉਂਦਾ ਆਇਆ ਸੀ, ਪਰ ਹੁਣ ਦਿਲ ਦੂਰ ਹੋ ਗਏ ਸਨ।

ਇਸ ਵਾਰ ਈਦ ਦੇ ਮੁਬਾਰਕ ਦਿਨ ਅਲੀਆ ਨਵੇਂ ਕੱਪੜੇ ਪਾਈ ਸਵੇਰੇ ਸਵੇਰੇ ਜੋਗ ਲੈ ਕੇ ਖੂਹ ਉੱਤੇ ਪੁੱਜਾ। ਉਹਦੀ ਸਹਾਇਤਾ ਵਾਸਤੇ ਰਫ਼ੀ ਉਹਦੇ ਨਾਲ ਸੀ। ਉਹਨਾਂ ਖੂਹ ਜੋਅ ਕੇ ਸੰਢਿਆਂ ਨੂੰ ਹੱਕਿਆ, ਤਾਂ ਪਾਛੜੇ ਨਾਲ ਅੜ ਕੇ ਮਾਹਲ

ਦੀਆਂ ਟਿੰਡਾਂ ਨੇ ਖੜ ਖੜ ਕੀਤੀ। ਲੋਹੇ ਦਾ ਪਛੜਾ ਆਪਣੀ ਥਾਂ ਤੋਂ ਥੋੜ੍ਹਾ ਜਿਹਾ ਹਿੱਲਿਆ ਹੋਇਆ ਸੀ। ਲੰਮੀ ਨਸਾਰ ਨੂੰ ਫੜ ਕੇ ਪਾਛੜਾ ਸਿੱਧਾ ਕਰਦਿਆਂ ਰਫ਼ੀ ਦੀ ਨਜ਼ਰ ਥੱਲੇ ਔਲੂ ਵਿੱਚ ਜਾ ਪਈ।

"ਅਲੀਆ! ਐਧਰ ਵੇਖ ਉਇ! ਆਹ ਭੇਡ ਦੇ ਲੇਲੇ ਵਰਗਾ ਕੀ ਮਰਿਆ ਪਿਆ ਏ ?" ਰਫ਼ੀ ਨੇ ਕੁਛ ਘਬਰਾਈ ਹੋਈ ਸੁਰ ਵਿੱਚ ਕਿਹਾ।

"ਉਇ, ਇਹ ਤਾਂ ਉਂਧਾ ਜਾਪਦਾ ਏ।" ਅਲੀਏ ਨੇ ਧਿਆਨ ਨਾਲ ਵੇਖ ਕੇ ਕਿਹਾ, "ਜਾਹ ਭੱਜ ਕੇ ਚਾਚੇ ਨੂੰ ਲਿਆ ਸੱਦ ਕੇ।" ਉਹ ਆਪਣੇ ਪਿਤਾ ਨੂੰ ਚਾਚਾ ਹੀ ਕਹਿੰਦਾ ਸੀ।

ਰਫ਼ੀ ਓਸੇ ਵੇਲੇ ਘਰ ਨੂੰ ਘੂਕ ਗਿਆ। ਅਲੀਆ ਵੀ ਖੂਹ ਠੱਲ੍ਹ ਕੇ ਵੱਡਿਆਂ ਦੇ ਆਉਣ ਦੀ ਉਡੀਕ ਕਰਨ ਲੱਗਾ। ਦਸਾਂ ਮਿੰਟਾਂ ਪਿੱਛੋਂ ਇਲਮ ਦੀਨ ਤੇ ਕਰਮ ਦੀਨ ਖੂਹ 'ਤੇ ਆ ਗਏ। ਵੇਖਦੇ ਸਾਰ ਉਹਨਾਂ ਦੇ ਮੂੰਹ ਗੁੱਸੇ ਨਾਲ ਲਾਲ ਹੋ ਗਏ। ਰਫ਼ੀ ਨੂੰ ਭਜਾ ਕੇ ਉਹਨਾਂ ਪੱਤੀ ਦੇ ਪੰਜ ਸੱਤ ਆਦਮੀ ਹੋਰ ਵੀ ਬੁਲਾ ਲਏ। ਏਥੋਂ ਤੱਕ ਕਿ ਮਸੀਤ ਦਾ ਮੁੱਲਾਂ ਵੀ ਆ ਗਿਆ।

"ਤੋਬਾ! ਇਹ ਕਿਸ ਕਾਫ਼ਰ ਦਾ ਕੰਮ ਹੋਵੇ। ਅੱਜ ਈਦ ਦੇ ਮੁਬਾਰਕ ਦਿਨ ਇਹ ਮਕਰੂਹ ਫ਼ਿਅਲ ? ਇਸਤਗ਼ਫ਼ਾਰ ਅੱਲਾਹ।" ਮੌਲਵੀ ਨੇ ਦੋਵੇਂ ਹੱਥ ਕੰਨਾਂ ਉੱਤੇ ਧਰ ਕੇ ਕਿਹਾ। "ਯਾ ਹਜ਼ਰਤ ਰਸੂਲਿੱਲਾਹ, ਨਬੀ ਪਾਕ! ਆਪਣੀ ਉਮੱਤ ਦੀ ਹਿਫ਼ਾਜ਼ਤ ਕਰ।"

"ਉਇ ਫੌਤਿਆ! ਅਗ੍ਹਾਂ ਹੋ ਕੇ ਸੋਟੇ ਨਾਲ ਹਲਾ ਕੇ ਵੇਖ ਤਾਂ ਸਹੀ।" ਬੁੱਢੇ ਪੀਰ ਬਖ਼ਸ਼ ਨੇ ਆਪਣੇ ਅੱਗੇ ਖਲੇ ਗਭਰੂ ਨੂੰ ਕਿਹਾ।

"ਤੋਬਾ-ਤੋਬਾ! ਮੁਸਲਮਾਨ ਵਾਸਤੇ ਤਾਂ ਇਸ ਨੂੰ ਵੇਖਣਾ ਹੀ ਕੁਫ਼ਰ ਹੈ। ਤੇ ਤੁਸੀਂ ਸੋਟੇ ਨਾਲ ਛੁਹਣ ਵਾਸਤੇ ਕਹਿੰਦੇ ਓ। ਅੱਜ ਏਥੇ ਨਮਾਜ਼ ਨਹੀਂ ਪੜ੍ਹੀ ਜਾ ਸਕੇਗੀ।" ਮੌਲਵੀ ਨੇ ਸਿਰ ਫੇਰਦਿਆਂ ਕਿਹਾ।

"ਜਾਹ ਉਇ ਅਲੀਏ! ਮੰਗਲ ਮਜ਼੍ਹਬੀ ਨੂੰ ਲਿਆ ਸੱਦ ਕੇ।" ਇਲਮ ਦੀਨ ਨੇ ਕੁਛ ਖਰ੍ਹਵੀ ਸੁਰ ਵਿੱਚ ਕਿਹਾ।

ਅਲੀਆ ਹੁਕਮ ਮਿਲਦਿਆਂ ਸਾਰ ਦੌੜ ਗਿਆ। ਏਨੇ ਚਿਰ ਤਕ ਪਿੰਡ ਦੇ ਬਾਕੀ ਮੁਸਲਮਾਨ ਵੀ ਕੱਠੇ ਹੋ ਗਏ। 'ਈਦ ਦੇ ਦਿਨ ਇਹ ਭੈੜਾ ਕਾਰਾ' ਹਰ ਮੁਸਲਮਾਨ ਦੇ ਦਿਲ ਵਿੱਚ ਗ਼ੁੱਸਾ ਭਰਦਾ ਜਾ ਰਿਹਾ ਸੀ।

ਮੰਗਲ ਆ ਗਿਆ। ਮੰਗਲ ਪੈਂਤੀ ਕੁ ਸਾਲ ਦਾ ਤੁਰਦਾ ਫਿਰਦਾ ਪਿੰਜਰ, ਜੋ ਸਮੇਂ ਤੋਂ ਪਹਿਲਾਂ ਹੀ ਬੁੱਢਾ ਹੋ ਚੁੱਕਾ ਸੀ। ਜੀਹਨੇ ਪਿਛਲੇ ਵੀਹਾਂ ਸਾਲਾਂ ਵਿੱਚ ਮਾਲਕਾਂ ਦੇ ਹਲ ਵਾਹੁੰਦਿਆਂ ਸੈਂਕੜੇ ਮਣ ਅੰਨ ਪੈਦਾ ਕੀਤਾ ਸੀ, ਪਰ ਆਪ ਉਹ ਸਦਾ ਅੱਧਾ-ਭੁੱਖਾ ਰਿਹਾ ਸੀ।

ਨੰਬਰਦਾਰ ਦਾ ਹੁਕਮ ਪਾ ਕੇ ਉਹਨੇ ਔਲੂ ਵਿੱਚ ਪਈ ਲੋਥ ਨੂੰ ਉਲਟਾ ਕੇ ਵੇਖਿਆ।

"ਲੰਬਰਦਾਰਾ! ਤਿੰਨਾਂ ਚੌਂਹ ਮਹੀਨਿਆਂ ਦਾ ਸੂਰ ਦਾ ਬੱਚਾ ਏ।" ਮੰਗਲ ਨੇ ਇਲਮ ਦੀਨ ਵੱਲ ਤਕਦਿਆਂ ਕਿਹਾ।

"ਉਇ, ਇਹ ਤਾਂ ਮੈਨੂੰ ਵੀ ਦੀਹਦਾ ਏ ਪਿਆ। ਮੈਂ ਪੁੱਛਦਾਂ, ਇਹਨੂੰ ਹੋਇਆ ਕੀ ਏ ?"

"ਇਹਦੀਆਂ ਦੋਹਾਂ ਵੱਖੀਆਂ ਵਿੱਚ ਆਰ ਪਾਰ ਜ਼ਖ਼ਮ ਏਂ। ਜਾਪਦਾ ਏ, ਕਿਸੇ ਬਰਛੀ ਮਾਰ ਕੇ ਮਾਰਿਆ ਏ।" ਮੰਗਲ ਨੇ ਹੱਛੀ ਤਰ੍ਹਾਂ ਦੇਖ ਭਾਲ ਕਰਕੇ ਕਿਹਾ।

"ਹੱਛਾ, ਇਹਨੂੰ ਧੂਹ ਕੇ ਔਧਰ ਦੂਰ ਬੂਝਿਆਂ ਵਿੱਚ ਸੁੱਟ ਆ।"

ਨੰਬਰਦਾਰ ਦੀ ਆਗਿਆ ਪਾ ਕੇ ਮੰਗਲ ਮਰੇ ਹੋਏ ਸੂਰ ਦੇ ਬੱਚੇ ਨੂੰ ਲੱਤੋਂ ਫੜ ਕੇ ਧੂਹ ਤੁਰਿਆ। ਵੇਖਣ ਵਾਲਿਆਂ 'ਤੇ ਚੁੱਪ ਛਾਈ ਹੋਈ ਸੀ। ਉਹਨਾਂ ਦੇ ਅੰਦਰ ਗੁੱਸਾ ਭਰਿਆ ਹੋਇਆ ਸੀ, ਪਰ ਹਰ ਕੋਈ ਮੂੰਹੋਂ ਗੱਲ ਕੱਢਣ ਦੀ ਪਹਿਲ ਕਰਨ ਤੋਂ ਝਿਜਕ ਰਿਹਾ ਸੀ। ਅੰਤ ਮੌਲਵੀ ਨੇ ਉਸ ਚੁੱਪ ਨੂੰ ਤੋੜਿਆ। "ਇਹ ਸਭ ਕੁਛ ਗਿਣ ਮਿੱਥ ਕੇ ਕੀਤਾ ਗਿਆ ਹੈ। ਅਸੀਂ ਮੁੱਢ ਕਦੀਮ ਤੋਂ ਏਥੇ ਈਦ ਦੀ ਨਮਾਜ਼ ਪੜ੍ਹਦੇ ਆਏ ਆਂ। ਅੱਜ ਈਦ ਦਾ ਰੋਜ਼ ਮੁਬਾਰਕ। ਕਿਸੇ ਨੇ ਉਚੇਚਾ ਇਹ ਮਕਰੂਹ ਜਾਨਵਰ ਲਿਆ ਕੇ ਏਥੇ ਔਲੂ ਵਿੱਚ ਬਰਛੀ ਮਾਰ ਕੇ ਮਾਰਿਆ ਏ। ਸਿਰਫ਼ ਇਸ ਵਾਸਤੇ, ਕਿ ਅਸੀਂ ਖੂਹ ਤੋਂ ਵੁਜ਼ੂ ਨਾ ਕਰ ਸਕੀਏ।"

ਫੇਰ ਕੀ ਸੀ, ਸਾਰੇ ਹੀ ਮੂੰਹ ਆਈ ਆਪੋ ਆਪਣੀ ਕਹਿਣ ਲੱਗ ਪਏ। ਕੋਈ ਕਿਸੇ ਵੱਲੋਂ ਮੂੰਹ ਕਰਕੇ ਤੇ ਕੋਈ ਕਿਸੇ ਨੂੰ ਬਾਂਹੋਂ ਹਲੂਣ ਕੇ ਅੰਦਰ ਦੀ ਭੜਾਸ ਕੱਢਣ ਲੱਗਾ।

"ਮੈਂ ਸਮਝ ਲਿਆ ਏ, ਇਹ ਜੀਹਦੀ ਕਾਰਸਤਾਨੀ ਏਂ। ਫ਼ਿਕਰ ਨਾ ਕਰੋ, ਮੈਂ ਆਪੇ ਨਜਿੱਠ ਲਵਾਂਗਾ। ਪਰ ਅਸਾਂ ਅੱਜ ਖ਼ੁਸ਼ੀ ਦੇ ਦਿਨ ਗੱਲ ਨਹੀਂ ਵਧੌਣੀ। ਚਲੋ।" ਕਹਿ ਕੇ ਇਲਮ ਦੀਨ ਘਰ ਨੂੰ ਤੁਰ ਪਿਆ।

ਸਹਿਜ-ਸਹਿਜ ਸਾਰੀ ਭੀੜ ਖਿੰਡ ਗਈ। ਉਹ ਸਾਰਾ ਦਿਨ ਸਾਰੇ ਪਿੰਡ ਵਿੱਚ ਏਹਾ ਗੱਲਾਂ ਹੁੰਦੀਆਂ ਰਹੀਆਂ। ਕੁਝ ਕੁ ਸ਼ਰਾਰਤੀ ਬੰਦਿਆਂ ਨੂੰ ਛੱਡ ਕੇ ਬਾਕੀ ਸਾਰੇ ਹੀ ਸਿਆਣੇ ਆਦਮੀ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕਰ ਰਹੇ ਸਨ।

ਸੱਜਣ ਸਿੰਘ ਉਸ ਦਿਨ ਪਿੰਡ ਨਹੀਂ ਸੀ। ਇਸ ਗੱਲ ਨੇ ਵੀ ਇਲਮ ਦੀਨ ਦਾ ਸ਼ੱਕ ਪੱਕਾ ਕਰਨ ਵਿੱਚ ਸਹਾਇਤਾ ਕੀਤੀ। ਇਲਮ ਦੀਨ ਸਾਰੀ ਰਾਤ ਸੋਚਦਾ ਰਿਹਾ, 'ਉਸ ਤੋਂ ਬਿਨਾਂ ਇਹ ਹੋਰ ਕੀਹਦਾ ਕਾਰਾ ਹੋ ਸਕਦਾ ਏ ? ਤੇ ਹੋਰ ਮੇਰਾ ਫੱਟ ਵੀ ਕੀਹਦੇ ਨਾਲ ਏ ? ਸੱਜਣ ਸੁੰਹ ਨੂੰ ਏਸ ਹੱਦ ਤੱਕ ਨਹੀਂ ਸੀ ਅਪੜਨਾ ਚਾਹੀਦਾ, ਪਰ ਅੱਛਾ! ਹੁਣ ਵੇਖੀ ਜਾਇਗੀ।'

ਅਗਲੇ ਦਿਨ ਸੱਜਣ ਸਿੰਘ ਵਾਪਸ ਆਇਆ, ਤਾਂ ਸਾਰੀ ਗੱਲ ਸੁਣ ਕੇ ਉਹ ਬਹੁਤ ਹੈਰਾਨ ਹੋਇਆ। ਪਰ ਉਹਨੇ ਇਲਮ ਦੀਨ ਨਾਲ ਇਸ ਬਾਰੇ ਕੋਈ ਜ਼ਿਕਰ ਕਰਨਾ ਜ਼ਰੂਰੀ ਨਾ ਸਮਝਿਆ। ਉਹ ਸਾਰਾ ਦਿਨ ਅੰਦਰੇ-ਅੰਦਰ ਸੋਚਦਾ ਰਿਹਾ, 'ਇਲਮ ਦੀਨ ਨੂੰ ਮੇਰੇ ਨਾਲ ਏਥੋਂ ਤਕ ਨਫ਼ਰਤ ਹੋ ਗਈ ਏ ? ਉਹ ਉਸ ਭੈੜੇ ਕੰਮ ਦਾ ਮੇਰੇ ਉੱਤੇ ਸ਼ੱਕ ਕਰ ਰਿਹਾ ਏ। ਹੱਛਾ, ਉਹਦੀ ਮਰਜ਼ੀ। ਕਦੇ ਅਸੀਂ ਦੋਵੇਂ ਪਿਆਲੇ ਦੇ ਯਾਰ ਹੁੰਦੇ ਸਾਂ। ਤੋੜੀ ਵੀ ਓਸੇ ਨੇ ਆਂ। ਮੈਂ ਤਾਂ ਉਹਦਾ ਬੁਰਾ ਕੋਈ ਨਹੀਂ ਕੀਤਾ। ਮੇਰੇ ਸਿਰ ਅਲਜ਼ਾਮ ਥੱਪਣ ਲੱਗਾ ਭੈੜਾ ਇਹ ਤਾਂ ਸੋਚ ਲੈਂਦਾ ਕਿ ਸੱਜਣ ਸੁੰਹ ਏਹੋ ਜੇਹਾ ਕੰਮ ਕਰਨ ਵਾਲਾ ਨਹੀਂ। ਇਹ ਹੈ ਵੀ ਕਿਸੇ ਗਏ ਗੁਜ਼ਰੇ ਬੰਦੇ ਦੀ ਕਰਤੂਤ। ਮਰਦ ਆਦਮੀ ਕੋਈ ਏਹੋ ਜੇਹਾ ਕੰਮ ਨਹੀਂ ਕਰਦਾ। ਦੁਸ਼ਮਣ ਦਾ ਘਰ ਭਨਵਾ ਦੇਣਾ, ਖਲਵਾੜਾ ਲੂਹ ਦੇਣਾ, ਜਾਂ ਏਹੋ ਜੇਹਾ ਕੋਈ ਨੀਵਾਂ ਕਾਰਾ, ਇਹ ਸੂਰਮਿਆਂ ਦਾ ਕੰਮ ਥੋੜ੍ਹਾ ਏ ?....ਉਹਨੂੰ.....ਮੇਰੇ ਉੱਤੇ ਇਹ ਸ਼ੱਕ ਨਹੀਂ ਸੀ ਕਰਨਾ ਚਾਹੀਦਾ। ਸੱਜਣ ਸੁੰਹ ਨੇ ਵੈਰ ਵਰੋਧ ਕੱਢਣਾ ਈ ਹੁੰਦਾ, ਤਾਂ ਮਰਦਾਂ ਵਾਂਗ ਮਦਾਨ ਵਿੱਚ ਸਾਹਮਣੇ ਖਲੋ ਕੇ ਕੱਢਦਾ। ਏਹੋ ਜੇਹਾ ਗਿਰਿਆ ਹੋਇਆ ਕੰਮ ਨਹੀਂ ਸੀ ਕਰਦਾ। ਪਰ....ਪ...ਇਹ ਕਾਰਾ ਕੀਤਾ ਕੀਹਨੇ ਹੋਵੇ ? ਉਹ ਕੋਈ ਸਾਡਾ ਦੋਹਾਂ ਦਾ ਦਾਨਾ ਦੁਸ਼ਮਣ ਏਂ। ਫਿਰ ਸੂਰ ਮਰਿਆ ਠੀਕ ਬਰਛੀ ਨਾਲ ਏ। ਮੈਂ ਅੱਖੀਂ ਵੇਖ ਕੇ ਆਇਆਂ। ਹੈ ਤਾਂ ਕਿਸੇ ਦੀ ਬੜੀ ਡੂੰਘੀ ਚਾਲ। ਪਰ ਉਹ ਹੋਵੇ ਕੌਣ ?' ਉਹਨੇ ਸੋਚ ਦੇ ਘੋੜੇ ਬਥੇਰੇ ਦੁੜਾਏ, ਪਰ ਉਹ ਕਿਸੇ ਇਕ ਸਿੱਟੇ 'ਤੇ ਨਾ ਪਹੁੰਚ ਸਕਿਆ।

ਸੱਜਣ ਸਿੰਘ ਤੇ ਇਲਮ ਦੀਨ ਮਿੱਤਰ ਤਾਂ ਰਹੇ ਨਹੀਂ ਸਨ; ਹੁਣ ਉਹ ਦੁਸ਼ਮਣ ਬਣ ਗਏ। ਇਲਮ ਦੀਨ ਦੇ ਦਿਲ ਵਿੱਚ ਸੱਜਣ ਸਿੰਘ ਵਾਸਤੇ ਨਫ਼ਰਤ ਤੇ ਗ਼ੁੱਸਾ ਸੀ ਤੇ ਸੱਜਣ ਸਿੰਘ ਅੰਦਰ ਇਲਮ ਦੀਨ ਦਾ ਭੈਅ। ਇਸ ਤਰ੍ਹਾਂ ਦਾ 'ਭੈਅ' ਵੀ ਨਫ਼ਰਤ ਤੇ ਗ਼ੁੱਸੇ ਵਰਗਾ ਹੀ ਰੋਗ ਹੈ। ਉਹ ਦੋਵੇਂ ਇਕ ਦੂਸਰੇ ਤੋਂ ਸਾਵਧਾਨ ਰਹਿਣ ਲੱਗੇ। ਹਰ ਵੇਲੇ ਇਕ ਨੂੰ ਦੂਸਰੇ ਦੇ ਹਮਲੇ ਦਾ ਡਰ ਬਣਿਆ ਰਹਿੰਦਾ। ਜਿਹੜੇ ਅੱਗੇ ਕਦੇ ਤੂਤ ਦੀ ਛਮਕ ਹੱਥ ਵਿੱਚ ਲੈ ਕੇ ਨਹੀਂ ਸੀ ਤੁਰਦੇ, ਹੁਣ ਘਰੋਂ ਤੁਰਨ ਲੱਗਿਆਂ ਸੋਟੇ ਦਾ ਵਿਸਾਹ ਨਹੀਂ ਸੀ ਕਰਦੇ। ਦੋਹਾਂ ਧਿਰਾਂ ਦੇ ਅੰਦਰੇ-ਅੰਦਰ ਕ੍ਰੋਧ ਪੱਕਦਾ ਰਿਹਾ, ਤੇ ਅੰਤ ਇਕ ਦਿਨ ਫੁੱਟ ਪਿਆ। ਖੂਹ ਦੀ ਵਾਰੀ ਉੱਤੋਂ ਮਾੜਾ ਜਿਹਾ ਝਗੜਾ ਹੋ ਪਿਆ। ਗ਼ੁੱਸੇ ਗਿਲ੍ਹੇ ਦੀਆਂ ਗੱਲਾਂ ਵਿੱਚ ਬੋਲ-ਬੁਲਾਰਾ ਵੱਧ ਗਿਆ। ਗੱਲ ਏਥੋਂ ਤੱਕ ਪਹੁੰਚ ਗਈ ਕਿ ਅੱਠ-ਦਸ ਬੰਦੇ ਕਿ ਪਾਸਿਓਂ ਤੇ ਏਨੇ ਕੁ ਹੀ ਦੂਸਰੇ ਪਾਸਿਓਂ ਬਰਛੀਆਂ ਤਾਣ ਖਲੇ। ਜ਼ਰਾ ਕੁ ਚੁਆਤੀ ਲੱਗਣ ਦੀ ਢਿੱਲ ਰਹਿ ਗਈ। ਸਮਾਂ ਲੌਂਢੇ ਵੇਲੇ ਦਾ ਸੀ। ਰੌਲਾ ਸੁਣ ਕੇ ਸਾਰਾ ਪਿੰਡ ਕੱਠਾ ਹੋ ਗਿਆ। ਕੁਛ ਸਿਆਣੇ ਬੰਦੇ ਦੋਹਾਂ ਧੜਿਆਂ ਦੇ ਵਿੱਚ ਹੋ ਖਲੇ। ਦੀਪੇ ਨੇ ਸੱਜਣ ਸਿੰਘ ਨੂੰ ਬਾਂਹੋਂ ਫੜ ਕੇ ਪਿਛਾਂਹ ਨੂੰ ਮੋੜ ਲਿਆ। ਇਲਮ ਦੀਨ ਅੱਗੇ ਗਹਿਣਾ ਲੁਹਾਰ ਹੱਥ ਜੋੜ ਖਲਾ। ਦੋਹਾਂ ਧਿਰਾਂ ਦੇ ਮਨ ਮਿਹਰ ਪੈ

ਗਈ। ਭੜਕਣ ਲੱਗੀ ਅੱਗ ਸ਼ਾਂਤ ਹੋ ਗਈ। ਇਕ ਵਾਰ ਲੜਾਈ ਟਲ ਗਈ।

ਇਉਂ ਸਮਝੋ ਕਿ ਦੋਹਾਂ ਧਿਰਾਂ ਦੇ ਸਾਂਝੇ 'ਸੱਜਣ' ਧੰਨੇ ਸ਼ਾਹ ਦੀਆਂ ਦਿਲ ਦੀਆਂ ਦਿਲ ਵਿੱਚ ਹੀ ਰਹਿ ਗਈਆਂ।

## 27

ਯੂਰਪ ਜੰਗ ਦਾ ਜ਼ੋਰ ਬਹੁਤ ਵਧ ਗਿਆ ਸੀ। ਜਰਮਨੀ ਦੀ ਹਰ ਮੋਰਚੇ ਉੱਤੇ ਚੜ੍ਹਾਈ ਸੀ। ਸਾਰੀ ਦੁਨੀਆਂ ਹੀ ਭੈ-ਭੀਤ ਹੋ ਰਹੀ ਸੀ। ਕੋਈ ਨਹੀਂ ਸੀ ਕਹਿ ਸਕਦਾ ਕਿ ਇਸ ਭਿਆਨਕ ਲੜਾਈ ਦਾ ਅੰਤ ਕੀ ਹੋਵੇਗਾ। ਅੰਗਰੇਜ਼ ਤੇ ਉਹਨਾਂ ਦੇ ਪੱਖੀ ਬਹੁਤ ਘਬਰਾ ਰਹੇ ਸਨ।

ਏਸ ਜੰਗ ਦਾ ਅਸਰ ਗ਼ੁਲਾਮ ਹਿੰਦੁਸਤਾਨ ਉੱਤੇ ਵੀ ਪਿਆ। ਏਥੋਂ ਦੇ ਆਗੂਆਂ ਤੋਂ ਪੁੱਛਿਆਂ ਬਿਨਾਂ ਹੀ ਵਾਇਸਰਾਏ ਨੇ ਐਲਾਨ ਕਰ ਦਿੱਤਾ ਕਿ ਹਿੰਦੁਸਤਾਨ ਵੀ ਜੰਗ ਵਿੱਚ ਸ਼ਾਮਲ ਹੈ। ਇਕ ਪਾਸੇ ਲੋੜੀਂਦੀਆਂ ਚੀਜ਼ਾਂ ਦੇ ਭਾਅ ਵਧ ਰਹੇ ਸਨ। ਦੂਜੇ ਪਾਸੇ ਸਰਕਾਰੀ ਕਰਮਚਾਰੀ ਧੌਂਸ ਨਾਲ ਜੰਗੀ ਚੰਦਾ ਉਗਰਾਹ ਰਹੇ ਸਨ। ਸ਼ਹਿਰ ਵਿੱਚ ਤਾਂ ਸਿਰਫ਼ ਪੁੱਜਦੇ ਸਰਦੇ ਲੋਕਾਂ ਤੋਂ ਚੰਦਾ ਲਿਆ ਜਾਂਦਾ, ਪਰ ਪਿੰਡਾਂ ਦੀ ਗ਼ਰੀਬ ਜਨਤਾ ਦੇ ਭਾਅ ਦੀ ਬੜੀ ਸ਼ਾਮਤ ਬਣੀ। ਪਹਿਲਾਂ ਤਾਂ ਆਪਣੀ ਨੇਕਨਾਮੀ ਵਾਸਤੇ, ਜਾਂ ਹਾਕਮਾਂ ਦੇ ਦਬਾਏ ਹੋਏ, ਨੰਬਰਦਾਰ ਲੋਕਾਂ ਨੂੰ ਘੂਰ-ਘੱਪ ਕੇ ਕੁਛ ਨਾ ਕੁਛ ਵਸੂਲ ਕਰ ਲੈਂਦੇ। ਫਿਰ ਥਾਣੇਦਾਰ ਆ ਜਾਂਦੇ। ਕਿਸੇ ਇਕ ਪਿੰਡ ਵਿੱਚ ਤਫ਼ਤੀਸ਼ 'ਤੇ ਜਾਂਦੇ ਹੋਏ, ਉਹ ਰਾਹ ਵਿੱਚ ਚਾਰ ਪਿੰਡ ਹੋਰ ਵੀ ਸਰ ਕਰਦੇ ਜਾਂਦੇ। ਉਹ ਇਕ ਪਾਸੇ ਪਿੰਡ ਦੀਆਂ ਭਲੇਮਾਣਸਾਂ ਨੂੰ ਸੱਦ ਕੇ ਬਿਠਾ ਲੈਂਦੇ ਤੇ ਇਕ ਪਾਸੇ ਬਦਮਾਸ਼ਾਂ ਨੂੰ। ਉਹਨਾਂ ਦੀਆਂ ਸ਼ੱਕੀ ਨਜ਼ਰਾਂ ਵਿੱਚ ਉਸ ਵੇਲੇ ਸਭ ਇੱਕੋ ਜੇਹੇ ਸਨ। ਇਕ ਪਾਸੇ ਅਣਡਿੱਠੇ ਸੁਰਗ ਵਾਂਗ ਅਗੰਮੀ ਲਾਰੇ ਤੇ ਇਕ ਪਾਸੇ ਧਮਕੀਆਂ, ਪੁਲੀਸ ਵਾਲੇ 'ਸਾਮ-ਦੰਡ' ਦੋਵੇਂ ਹਥਿਆਰ ਵਰਤਦੇ। ਉਹ ਉੱਠਦੇ ਤਦ, ਜਾਂ ਉਪਰਲੀ-ਉਪਰਲੀ ਛਿੱਲ ਸਾਰਿਆਂ ਤੋਂ ਲਾਹ ਲੈਂਦੇ।

ਫੇਰ ਵਾਰੀ ਆ ਜਾਂਦੀ ਤਸੀਲਦਾਰਾਂ ਦੀ। ਦੌਰੇ ਰੱਖਦੇ ਉਹ ਮਾਮਲੇ ਦੀ ਬਾਕੀ ਉਗਰਾਹੁਣ ਦੇ ਬਹਾਨੇ, ਤੇ ਸੱਥ ਵਿੱਚ ਬਹਿ ਕੇ ਖੁਹਲ ਰਹਿੰਦੇ ਚੰਦੇ ਦੀਆਂ ਕਾਪੀਆਂ ਉਹ ਪਿੰਡ ਦੇ ਚੌਕੀਦਾਰਾਂ ਨੂੰ ਗਾਹਲਾਂ ਦੇਣ ਤੋਂ ਗੱਲ ਸ਼ੁਰੂ ਕਰਕੇ, ਜ਼ੈਲਦਾਰਾਂ ਸਫ਼ੇਦ-ਪੋਸ਼ਾਂ ਤੇ ਨੰਬਰਦਾਰਾਂ ਨੂੰ ਸਹਿੰਦੀਆਂ-ਸਹਿੰਦੀਆਂ ਝਿੜਕਾਂ ਦੇਂਦੇ ਹੋਏ, ਬਾਕੀ ਪਤਵੰਤਿਆਂ ਨੂੰ 'ਸਾਊ ਅਫ਼ਸਰਾਂ' ਵਾਲੀਆਂ ਧਮਕੀਆਂ 'ਤੇ ਲਿਆ ਮੁਕਾਉਂਦੇ। ਤੇ ਅੰਤ ਤਾਰ ਏਥੇ ਆ ਕੇ ਟੁੱਟਦੀ ਕਿ ਲਿਆਉ ਚੰਦਾ। ਕਿਸੇ ਘਰ ਖਾਣ ਨੂੰ ਹੋਵੇ, ਭਾਵੇਂ ਨਾ, ਪਰ ਜੰਗੀ ਚੰਦਾ ਦੇਣਾ ਉਹਦੇ ਵਾਸਤੇ ਲਾਜ਼ਮੀ ਸੀ। ਕੋਈ ਅੱਗੋਂ ਜ਼ਰਾ ਕੁ ਮਜਬੂਰੀ ਪ੍ਰਗਟ ਕਰਦਾ, ਤਾਂ ਤਸੀਲਦਾਰ ਝੱਟ ਬੋਲ ਚਾਲ ਦਾ ਢੰਗ ਬਦਲ ਕੇ

ਕਹਿੰਦਾ, 'ਫਿਰ ਉੱਤੇ ਲਿਖਦਿਆਂ, ਕਿ ਤੂੰ ਵਾਰ-ਫੰਡ ਦੇਣ ਤੋਂ ਇਨਕਾਰੀ ਏਂ ? ਫੇਰ ਤੂੰ ਜਾਣੀ ਤੇ ਪੁਲਸ ਵਾਲੇ ਜਾਨਣ।' ਇਸ ਧਮਕੀ ਦਾ ਸਾਫ਼ ਅਰਥ ਸੀ ਕਿ ਜਿਸ ਨੇ ਚੰਦਾ ਨਾ ਦਿੱਤਾ, ਉਹਦੇ ਉੱਤੇ 'ਜੰਗ ਦਾ ਵਰੋਧ ਕਰਨ' ਦਾ ਮੁਕੱਦਮਾ ਚਲਾ ਕੇ ਜੇਲ੍ਹ ਦੀ ਦਾਲ ਪੀਣ ਲਈ ਮਜਬੂਰ ਕੀਤਾ ਜਾਇਗਾ। ਬੇ-ਬੱਸ ਲੋਕ ਮੌਤ ਤੋਂ ਡਰਦੇ ਡਹਿਮਤ ਕਬੂਲਦੇ, ਤੇ ਬੱਚਿਆਂ ਦੇ ਮੂੰਹ ਵਿੱਚੋਂ ਰੁੱਖੇ ਟੁਕੜੇ ਖੁਹ ਕੇ ਚੰਦਾ ਮੰਗਣ ਵਾਲਿਆਂ ਦੇ ਥੜੇ ਪੂਜਦੇ।

ਤਸੀਲਦਾਰ ਜਾਂਦਾ, ਤਾਂ ਕੋਈ ਹੋਰ ਅਫ਼ਸਰ ਆ ਧਮਕਦਾ। ਕੋਈ ਨਾ ਕੋਈ 'ਡੰਡੇ ਨਾਲ ਖ਼ੈਰ ਲੈਣ ਵਾਲਾ' ਤੁਰਿਆ ਹੀ ਰਹਿੰਦਾ।

ਦੂੱਜੇ ਪਾਸੇ ਭਰਤੀ ਕਰਾਉਣ ਵਾਲਿਆਂ ਦਾ ਜ਼ੋਰ ਸੀ। ਅੱਧ-ਭੁੱਖੇ ਕਾਮਿਆਂ, ਜਾਂ ਬੇਕਾਰ ਗਭਰੂਆਂ ਨੂੰ ਲਾਲਚ ਦਿਖਾ ਕੇ, ਵਰਚਾਅ-ਭੁਚਲਾ ਕੇ ਜਾਂ ਡਰਾ ਧਮਕਾ ਕੇ ਫ਼ੌਜ ਵਿੱਚ ਭਰਤੀ ਕਰਾਇਆ ਜਾਂਦਾ। ਰਾਤ ਦਿਨੇ ਢਾਗਿਆਂ ਵਾਸੇ ਸ਼ਕਾਰ ਹੰਢਦੇ ਫਿਰਦੇ। ਆਦਮੀ ਦੇ ਕੱਦ ਦੀ ਮਿਣਤੀ ਵਾਸਤੇ ਸਿਰੋਂ ਉੱਚੀ ਵਾਂਸ ਦੀ ਸੋਟੀ, ਜਿਸ ਵਿੱਚ ਇਕ ਫੁੱਟ-ਕੁ ਲੰਮੀ ਫੱਟੀ ਅੜਾਈ ਹੁੰਦੀ, ਭਰਤੀ ਕਰਾਉਣ ਵਾਲੇ ਏਜੰਟਾਂ ਦੀ ਨਸ਼ਾਨੀ ਬਣ ਗਈ ਸੀ। ਸਿਰਫ਼ ਸਰਕਾਰ ਦਾ ਝੋਲੀ-ਚੁੱਕ ਤਬਕਾ ਹੀ ਭਰਤੀ ਵਾਸਤੇ ਨਹੀਂ ਸੀ ਫਿਰ ਰਿਹਾ, ਸਗੋਂ ਇਕ ਹੋਰ ਸ਼੍ਰੇਣੀ ਵੀ ਏਸ ਕੰਮ ਵਾਸਤੇ ਮੈਦਾਨ ਵਿੱਚ ਆ ਗਈ ਸੀ। ਮੁਸਲਮਲੀਗ ਦੇ ਜ਼ਹਿਰੀਲੇ ਪ੍ਰਚਾਰ ਨੇ ਬਾਕੀ ਧਰਮਾਂ ਦੇ ਰਖਵਾਲਿਆਂ ਦੇ ਦਿਲਾਂ ਵਿੱਚ ਵੀ ਇਹ ਖ਼ਿਆਲ ਭਰ ਦਿੱਤੇ ਸਨ ਕਿ ਅੰਗਰੇਜ਼ਾਂ ਦੇ ਜਾਣ ਪਿੱਛੋਂ ਹਿੰਦੁਸਤਾਨ ਤਲਵਾਰ ਨਾਲ ਵੰਡਿਆ ਜਾਵੇਗਾ। ਤੇ ਇਹ ਕੰਮ ਸਦਾ ਫ਼ੌਜ ਦੀ ਮਦਦ ਨਾਲ ਹੀ ਸੰਭਵ ਹੁੰਦਾ ਹੈ। ਸੋ ਕੁਛ ਲੋਕ ਇਹ ਸੋਚਣ 'ਤੇ ਮਜਬੂਰ ਹੋ ਗਏ ਸਨ ਕਿ ਜਿੱਤ ਓਸੇ ਧਿਰ ਦੀ ਹੋਵੇਗੀ, ਜੀਹਦਾ ਫ਼ੌਜਾਂ ਵਿੱਚ ਜ਼ੋਰ ਹੋਵੇਗਾ। ਇਸ ਲਈ ਵੱਖ-ਵੱਖ ਧਰਮਾਂ ਦੇ ਆਗੂ ਚਾਹੁੰਦੇ ਸਨ ਕਿ ਉਹਨਾਂ ਦੇ ਫ਼ਿਰਕੇ ਦੇ ਬਹੁਤੇ ਲੋਕ ਫ਼ੌਜ ਵਿੱਚ ਹੋਣ। ਪਰ ਉਹ ਲੀਡਰ ਖੁੱਲ੍ਹ-ਮ-ਖੁੱਲ੍ਹਾ ਭਰਤੀ ਦਾ ਪ੍ਰਚਾਰ ਕਰਕੇ 'ਸਰਕਾਰ ਨਾਲ ਰਲੇ ਹੋਏ' ਅਖਵਾਉਣ ਤੋਂ ਵੀ ਡਰਦੇ ਸਨ। ਡਾਢੀ ਸੋਚ ਵਿਚਾਰ ਪਿੱਛੋਂ ਉਹਨਾਂ ਇਕ ਨਵਾਂ ਰਾਹ ਲੱਭ ਲਿਆ। ਉਹਨਾਂ ਦੇ ਇਸ਼ਾਰੇ ਉੱਤੇ ਕੁਛ ਫ਼ਿਰਕਿਆਂ ਦੀਆਂ ਨਵੀਆਂ ਜਥੇਬੰਦੀਆਂ ਬਣ ਗਈਆਂ। ਉਹਨਾਂ ਦਾ ਕੰਮ ਪਿੰਡਾਂ ਵਿੱਚ ਜਲਸੇ ਕਰਕੇ ਅੱਧ—ਭੁੱਖੇ ਲੋਕਾਂ ਨੂੰ ਫ਼ੌਜ ਵਿੱਚ ਭਰਤੀ ਹੋਣ ਲਈ ਪ੍ਰੇਰਨਾ ਸੀ। ਪਰ ਉਹ ਯਤਨ ਅਜੇਹਾ ਕਰਦੇ ਕਿ ਸਿਰਫ਼ ਉਹਨਾਂ ਦੇ ਫ਼ਿਰਕੇ ਦੇ ਲੋਕ ਹੀ ਵਧੇਰੇ ਭਰਤੀ ਹੋਣ। ਇਕੱਲੇ-ਦੁਕੱਲੇ ਮਿਲਕੇ ਉਹ ਲੋਕਾਂ ਨੂੰ ਆਪਣੇ ਦਿਲ ਦੀ ਸਾਫ਼ ਵੀ ਦੱਸ ਦੇਂਦੇ। ਕਿਤੇ ਲੋੜ ਪਵੇ, ਤਾਂ ਉਹ ਆਪਣੇ ਫ਼ਿਰਕੇ ਦਿਆਂ ਵੱਡਿਆਂ ਲੀਡਰਾਂ ਦਾ ਨਾਂ ਵੀ ਵਰਤ ਲੈਂਦੇ। ਹਰ ਹੀਲੇ ਆਪਣੇ ਧਰਮ-ਭਰਾਵਾਂ ਦੇ ਦਮਾਗ਼ ਵਿੱਚ ਇਹ ਖ਼ਿਆਲ ਭਰਨ ਦਾ ਯਤਨ ਕਰਦੇ ਕਿ ਏਸ ਤਰ੍ਹਾਂ ਫ਼ੌਜ ਦੀ ਮਦਦ ਨਾਲ ਉਹ ਆਪਣੇ ਫ਼ਿਰਕੇ ਦਾ ਰਾਜ ਕਾਇਮ ਕਰ

ਸਕਣਗੇ। ਸਾਧਾਰਣ ਬੁੱਧੀ ਦੇ ਲੋਕਾਂ ਉੱਤੇ ਇਹਨਾਂ ਵਿਚਾਰਾਂ ਦਾ ਅਸਰ ਵੀ ਹੁੰਦਾ। ਏਸ ਤਰ੍ਹਾਂ ਸਿੱਧੀ-ਸਾਦੀ ਮੱਤ ਵਾਲੇ ਹਜ਼ਾਰਾਂ ਗਭਰੂ ਫ਼ੌਜ ਵਿੱਚ ਭਰਤੀ ਹੋ ਕੇ ਗੋਲੀ ਅੱਗੇ ਛਾਤੀ ਡਾਹੁਣ ਵਾਸਤੇ ਮੈਦਾਨ ਵੱਲੋਂ ਤੁਰ ਗਏ।

ਜਿੱਥੇ ਉਪਰਲਾ ਕੋਈ ਮੰਤਰ ਨਾ ਚੱਲਦਾ, ਓਥੇ ਪੋਲੀਸ ਤੇ ਪੋਲੀਸ ਦੇ ਚਾਟੜਿਆਂ ਨੇ ਇਕ ਹੋਰ ਢੰਗ ਚਾਲੂ ਕਰ ਲਿਆ। ਪੋਲੀਸ—ਬਿਨਾਂ ਕਾਰਨ ਹੀ—ਕਿਸੇ ਭਲੇਮਾਣਸ ਗਭਰੂ ਨੂੰ ਫੜ ਕੇ ਸ਼ੁਭੇ ਵਿੱਚ ਬਿਠਾ ਲੈਂਦੀ। ਦੂਸਰੇ ਦਿਨ ਇਲਾਕੇ ਦਾ ਨੰਬਰਦਾਰ, ਸਫ਼ੈਦਪੋਸ਼, ਜਾਂ ਜ਼ੈਲਦਾਰ, ਕਾਬੂ ਆਏ ਹੋਏ ਬੇ-ਕਸੂਰੇ ਲਾਚਾਰ ਬੰਦੇ ਦਾ ਸਫ਼ਾਰਸ਼ੀ ਬਣ ਕੇ ਆ ਜਾਂਦਾ। ਉਹ ਬੜੇ ਢੰਗ ਨਾਲ ਉਸ ਨੂੰ ਸਮਝਾਉਂਦਾ ਕਿ ਪੋਲੀਸ ਦੇ ਸ਼ਕੰਜੇ ਵਿੱਚੋਂ ਬਚਣ ਦਾ ਇਕੋ ਢੰਗ ਹੈ, ਫ਼ੌਜ ਵਿੱਚ ਭਰਤੀ ਹੋਣਾ। ਮਜਬੂਰ ਗ਼ਰੀਬ—ਇਕ ਪਾਸੇ ਅੱਗ ਤੇ ਇਕ ਪਾਸੇ ਪਾਣੀ—ਵੇਖ ਕੇ, ਡੋਬੂ ਪਾਣੀ ਵਿੱਚ ਛਾਲ ਮਾਰ ਦੇਂਦਾ।

ਉਸ ਵੇਲੇ ਦੇਸ਼ ਦੀ ਗ਼ਰੀਬ ਤੇ ਲਾਚਾਰ ਜਨਤਾ ਹਰ ਪਾਸਿਓਂ ਕੁੜਿੱਕੀ ਵਿੱਚ ਆਈ ਹੋਈ ਸੀ। ਉਹ ਭੀੜੀ ਤੌੜੀ ਵਾਂਗ ਅੰਦਰੇ-ਅੰਦਰ ਰਿੱਝ ਰਹੀ ਸੀ, ਪਰ ਮੂੰਹੋਂ ਉੱਚੀ ਕੁਛ ਨਹੀਂ ਸੀ ਕਹਿ ਸਕਦੀ।

ਸੰਨ ਇਕਤਾਲੀ ਦੇ ਅੱਧ ਬੀਤਦਿਆਂ ਤੱਕ ਯੂਰਪ ਜੰਗ ਨੇ ਆਪਣਾ ਰੁਕ ਬਦਲ ਲਿਆ। ਬਾਈ ਜੂਨ ਨੂੰ ਜਰਮਨੀ ਨੇ ਰੂਸ ਉੱਤੇ ਹਮਲਾ ਕਰ ਦਿੱਤਾ। ਇਸ ਨਵੇਂ ਮੋੜ ਦਾ ਅਸਰ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਉੱਤੇ ਪਿਆ। ਹਿੰਦੁਸਤਾਨ ਵੀ ਇਸ ਅਸਰ ਤੋਂ ਨਾ ਬਚ ਸਕਿਆ। ਏਥੋਂ ਦੇ ਕਮਿਊਨਿਸਟ ਤੇ ਉਹਨਾਂ ਨਾਲ ਹਮਦਰਦੀ ਰੱਖਣ ਵਾਲੇ ਲੋਕ ਅੰਗਰੇਜ਼ਾਂ ਦੇ ਹੱਕ ਵਿੱਚ ਹੋ ਗਏ। ਜਿਹੜੇ ਲੋਕ ਇਕ ਦਿਨ ਪਹਿਲਾਂ ਉਸ ਨੂੰ 'ਸਰਮਾਏਦਾਰੀ ਦੀ ਜੰਗ' ਕਹਿੰਦੇ ਸਨ, ਬਾਈ ਜੂਨ ਤੋਂ ਉਸ ਨੂੰ 'ਜਨਤਾ ਦੀ ਜੰਗ' ਆਖਣ ਲੱਗ ਪਏ।

ਅੰਗਰੇਜ਼ੀ ਸਰਕਾਰ ਨੇ ਵੀ ਬਦਲੇ ਹੋਏ ਹਾਲਤ ਤੋਂ ਫ਼ਾਇਦਾ ਉਠਾਉਣ ਚਾਹਿਆ। ਉਸ ਵੇਲੇ ਸਿਰਫ਼ ਕਾਂਗਰਸ ਹੀ ਅੰਗਰੇਜ਼ਾਂ ਦਾ ਖੁੱਲ੍ਹ-ਮ-ਖੁੱਲ੍ਹਾ ਵਰੋਧ ਕਰ ਰਹੀ ਸੀ। ਸਰਕਾਰ ਕਾਂਗਰਸ ਨੂੰ ਵੀ ਆਪਣੇ ਹੱਕ ਵਿੱਚ ਕਰਨਾ ਚਾਹੁੰਦੀ ਸੀ। ਅਕਤੂਬਰ ਵਿੱਚ ਸਰਕਾਰ ਨੇ ਐਲਾਨ ਕੀਤਾ ਕਿ ਸਿਰਫ਼ ਜ਼ਬਾਨੀ-ਜ਼ਬਾਨੀ ਵਰੋਧ ਕਰਨ ਵਾਲਿਆਂ ਨੂੰ ਰਿਹਾਅ ਕਰ ਦਿੱਤਾ ਜਾਇਗਾ। ਨਾਲ ਹੀ ਨਵੇਂ ਸੱਤਿਆਗ੍ਰਹਿ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨਾ ਵੀ ਬੰਦ ਕਰ ਦਿੱਤਾ। ਸਾਲ ਦੀ ਅਖ਼ੀਰਲੀ ਤਿਮਾਹੀ ਵਿੱਚ ਲਗਭਗ ਸਾਰੇ ਹੀ ਸੱਤਿਆਗ੍ਰਹਿ ਰਿਹਾਅ ਕਰ ਦਿੱਤੇ ਗਏ। ਪੰਡਤ ਜਵਾਹਰ ਲਾਲ ਨਹਿਰੂ ਚਾਰ ਦਸੰਬਰ (1941) ਨੂੰ ਰਿਹਾਅ ਹੋਏ। ਗਾਂਧੀ ਜੀ ਪਹਿਲਾਂ ਹੀ ਬਾਹਰ ਸਨ। ਉਹ ਇਸ ਮੋਰਚੇ ਵਿੱਚ ਗ੍ਰਿਫ਼ਤਾਰ ਨਹੀਂ ਸਨ ਕੀਤੇ ਗਏ। ਏਸ ਤਰ੍ਹਾਂ ਸੱਤਿਆਗ੍ਰਹਿ ਬੰਦ ਹੋ ਗਿਆ।

ਹੁਣ ਲੱਗੀਆਂ ਸੁਲ੍ਹਾ ਸਫ਼ਾਈ ਵਾਸਤੇ ਵਿਚਾਰਾਂ ਹੋਣ।

ਗਿਆਰਾਂ ਮਾਰਚ, 1942 ਨੂੰ ਕ੍ਰਿਪਸ-ਸਕੀਮ ਦਾ ਐਲਾਨ ਕੀਤਾ ਗਿਆ ਤੇ ਤੇਈ ਮਾਰਚ ਨੂੰ ਸਰ ਸਟੈਫੂਰਡ ਕ੍ਰਿਪਸ Sir Stafford Cripps ਮਦਾਰੀ ਵਾਲਾ ਥੈਲਾ ਲੈ ਕੇ ਦਿੱਲੀ ਪਹੁੰਚ ਗਿਆ। ਲੱਗੀਆਂ ਹਿੰਦ ਦੇ ਲੀਡਰਾਂ ਨਾਲ ਕ੍ਰਿਪਸ ਦੀਆਂ ਮੁਲਾਕਾਤਾਂ ਹੋਣ। ਉਹ ਗੱਲੀਂ ਬਾਤੀਂ ਹਿੰਦੁਸਤਾਨ ਨੂੰ ਸਭ ਕੁਛ ਦੇਂਦਾ ਸੀ, ਪਰ ਉਹਦੀ ਸਕੀਮ ਦੀ ਚੀਰ ਫਾੜ ਕੀਤਿਆਂ ਪਤਾ ਲੱਗਦਾ ਸੀ ਕਿ ਬਰਬਾਦੀ ਤੇ ਤਬਾਹੀ ਤੋਂ ਬਿਨਾਂ ਭਾਰਤ ਨੂੰ ਕੁਛ ਵੀ ਨਹੀਂ ਸੀ ਮਿਲਦਾ। ਉਹਦੇ ਸਾਰੇ ਗੋਰਖ-ਧੰਦੇ ਦਾ ਅਰਥ ਥੋੜ੍ਹੇ ਸ਼ਬਦਾਂ ਵਿੱਚ ਇਉਂ ਦੱਸਿਆ ਜਾ ਸਕਦਾ ਹੈ, "ਜੰਗ ਦੇ ਖ਼ਤਮ ਹੋਣ ਪਿੱਛੋਂ, ਤੇ ਲੜਾਈ ਪਿੱਛੋਂ ਜਿਹੜੇ ਝਗੜੇ ਸਾਂਝੇ ਰਹਿ ਜਾਂਦੇ ਨੇ, ਉਹਨਾਂ ਦੇ ਨਜਿੱਠੇ ਜਾਣ ਪਿੱਛੋਂ, ਛੇਤੀ ਤੋਂ ਛੇਤੀ ਹਿੰਦੁਸਤਾਨ ਨੂੰ ਦਰਜਾ 'ਨੌ-ਆਬਾਦੀਆਤ' ਦਾ ਰਾਜ ਪ੍ਰਬੰਧ ਸੌਂਪ ਦਿੱਤਾ ਜਾਵੇਗਾ। ਹਿੰਦੁਸਤਾਨ 'ਬ੍ਰਿਟਿਸ਼ ਕਾਮਨ ਵੈਲਥ' ਵਿੱਚ ਬਰਾਬਰ ਦਾ ਹਿੱਸੇਦਾਰ ਹੋਵੇਗਾ। ਕੌਮਾਂ ਤੇ ਮਜ਼੍ਹਬਾਂ ਦੀ ਰੱਖਿਆ ਦੀ ਜ਼ਿੰਮੇਂਵਾਰੀ ਅੰਗਰੇਜ਼ਾਂ ਸਿਰ ਹੋਵੇਗੀ। ਅੰਗਰੇਜ਼ੀ ਸਰਕਾਰ ਹਿੰਦ ਵਿੱਚ ਲੋਕ-ਰਾਜ ਸਭਾ Constituent Assembly ਬਣਾਇਗੀ। ਉਸ ਦੇ ਬਨਾਉਣ ਦਾ ਢੰਗ ਇਹ ਹੋਵੇਗਾ। ਲੜਾਈ ਪਿੱਛੋਂ ਚੋਣਾਂ ਹੋਣਗੀਆਂ। ਰਾਜ ਸਭਾ ਵਾਸਤੇ ਹਰ ਫ਼ਿਰਕਾ ਆਪੋ-ਆਪਣੇ ਹਿੱਸੇ ਆਉਂਦੇ ਮੈਂਬਰ ਚੁਣੇਗਾ। ਰਾਜ ਸਭਾ ਦੇ ਮੈਂਬਰ, ਸੂਬਿਕ ਅਸੈਂਬਲੀਆਂ ਦੇ ਮੈਂਬਰਾਂ ਦਾ ਦਸਵਾਂ ਹਿੱਸਾ ਹੋਣਗੇ। ਰਿਆਸਤਾਂ ਦੀ ਜਨਤਾ ਨੂੰ ਆਪਣੇ ਮੈਂਬਰ ਚੁਣਨ ਦਾ ਹੱਕ ਨਹੀਂ ਹੋਵੇਗਾ। ਸਗੋਂ ਰਿਆਸਤਾਂ ਦੇ ਹੁਕਮਰਾਨ ਆਪਣੇ ਵੱਲੋਂ ਮੈਂਬਰ ਨਾਮਜ਼ਦ ਕਰਿਆ ਕਰਨਗੇ, ਜਿਨ੍ਹਾਂ ਦੀ ਗਿਣਤੀ ਰਿਆਸਤੀ ਵੱਸੋਂ ਦੇ ਹਿੱਸੇ ਅਨੁਸਾਰ ਹੋਵੇਗੀ। ਰਿਆਸਤੀ ਮੈਂਬਰਾਂ ਦੇ ਅਧਿਕਾਰ ਦੂਸਰੇ ਚੁਣੇ ਹੋਏ ਮੈਂਬਰਾਂ ਦੇ ਬਰਾਬਰ ਹੋਣਗੇ।" ਇਹ ਸੀ ਬਣਨ ਵਾਲੀ ਸਭਾ ਦੇ ਮੈਂਬਰਾਂ ਬਾਰੇ ਢੰਗ। ਅੱਗੇ ਸਕੀਮ ਦਾ ਅੱਤ ਜ਼ਰੂਰੀ ਹਿੱਸਾ ਇਉਂ ਸੀ। "ਸਾਰੇ ਹਿੰਦੁਸਤਾਨ ਦੀ ਇਕ ਫ਼ੈਡਰੇਸ਼ਨ ਹੋਵੇਗੀ। ਪਰ ਜਿਹੜੇ ਸੂਬੇ ਤੇ ਦੇਸੀ ਰਿਆਸਤਾਂ ਆਪਣਾ ਵੱਖਰਾ ਸੰਘ Federation ਬਨਾਉਣਾ ਚਾਹੁਣ, ਬਣਾ ਕੇ ਹਿੰਦ ਨਾਲੋਂ ਵੱਖਰੇ ਹੋ ਸਕਣਗੇ। ਜਿੰਨਾ ਚਿਰ ਇਹ ਨਵਾਂ ਰਾਜ ਪ੍ਰਬੰਧ ਕਾਇਮ ਨਹੀਂ ਹੁੰਦਾ, ਓਨਾ ਚਿਰ ਹੁਣ ਵਾਲੀ ਰਾਜ-ਬਣਤਰ ਹੀ ਚਾਲੂ ਰਹੇਗੀ। ਵਾਇਸਰਾਏ ਨੂੰ ਆਪਣੀ ਕੌਂਸਲ ਵਿੱਚ ਵਾਧਾ-ਘਾਟਾ ਕਰਨ ਦਾ, ਤੇ ਮੈਂਬਰਾਂ ਨੂੰ ਬਦਲਣ ਦਾ ਪੂਰਾ ਅਖ਼ਤਿਆਰ ਹੋਵੇਗਾ। ਫ਼ੌਜ ਦਾ ਪ੍ਰਬੰਧ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਹੱਥ ਹੀ ਰਹੇਗਾ।"

ਇਹ ਸੀ, ਜੋ ਕ੍ਰਿਪਸ ਇੰਗਲੈਂਡ ਵਿੱਚੋਂ ਹਿੰਦੁਸਤਾਨ ਵਾਸਤੇ ਲੈ ਕੇ ਆਇਆ ਸੀ। ਮੁਲਕ ਦੀ ਕਿਸੇ ਜਥੇਬੰਦੀ ਨੇਂ ਵੀ ਇਸ ਨੂੰ ਪ੍ਰਵਾਨ ਨਾ ਕੀਤਾ। ਕਾਂਗਰਸ ਨੇ ਇਸ ਵਾਸਤੇ ਨਾ ਮੰਨਿਆ ਕਿ ਇਸ ਵਿੱਚ ਮੁਲਕ ਦੇ ਟੁਕੜੇ ਹੋਣ ਦਾ ਡਰ ਸੀ। ਤੇ ਮੁਸਲਮ ਲੀਗ ਨੇ ਇਸ ਲਈ ਠੁਕਰਾ ਦਿੱਤਾ ਕਿ ਇਸ ਵਿੱਚ ਖੁੱਲ੍ਹੇ ਸ਼ਬਦਾਂ ਰਾਹੀਂ

ਪਾਕਿਸਤਾਨ ਨਹੀਂ ਸੀ ਮੰਨਿਆ ਗਿਆ। ਮੁਸਲਮ ਲੀਗ ਤੇਈ ਮਾਰਚ 1940 ਨੂੰ ਲਾਹੌਰ ਸੈਸ਼ਨ ਵਿੱਚ ਵੱਖਰੇ ਮੁਲਕ 'ਪਾਕਿਸਤਾਨ' ਦਾ ਮਤਾ ਪਾਸ ਕਰ ਚੁੱਕੀ ਸੀ ਤੇ ਉਸ ਉੱਤੇ ਪੂਰੇ ਜ਼ੋਰ ਨਾਲ ਡੱਟੀ ਹੋਈ ਸੀ। ਸਿੱਖ ਲੀਡਰਾਂ ਨੇ ਕ੍ਰਿਪਸ ਕੋਲ ਜਾ ਕੇ ਰੌਲਾ ਪਾਇਆ, ਤਾਂ ਉਹਨੇ ਅੱਗੋਂ ਏਨਾ ਭਰੋਸਾ ਦੁਆਇਆ ਕਿ ਕਿਸੇ ਸੂਬੇ ਦਾ ਕੋਈ ਹਿੱਸਾ ਉਸ ਸੂਬੇ ਨਾਲੋਂ ਵੱਖਰਾ ਹੋ ਕੇ ਪਹਿਲੀ ਜਾਂ ਨਵੀਂ ਫ਼ੈਡਰੇਸ਼ਨ ਵਿੱਚ ਸ਼ਾਮਲ ਹੋਣਾ ਚਾਹੇ ਤਾਂ ਉਹਨੂੰ ਐਸਾ ਕਰਨ ਦਾ ਅਧਿਕਾਰ ਹੋਵੇਗਾ। ਇਸ ਦਾ ਅਰਥ ਸੀ ਕਿ ਜੇ ਪੰਜਾਬ ਪਾਕਸਤਾਨ ਵਿੱਚ ਜਾਣਾ ਚਾਹੇ, ਤਾਂ ਸਿੱਖ ਆਪਣਾ ਇਲਾਕਾ ਉਸ ਤੋਂ ਵੱਖਰਾ ਕਰ ਸਕਣਗੇ।

ਮੁੱਕਦੀ ਗੱਲ ਕ੍ਰਿਪਸ ਦੀ ਸਕੀਮ ਕਿਸੇ ਨਾ ਮੰਨੀ ਤੇ ਉਹ ਬਾਰਾਂ ਅਪ੍ਰੈਲ ਨੂੰ ਵਾਪਸ ਮੁੜ ਗਿਆ।

ਹੁਣ ਕਾਂਗਰਸ ਕੋਲ ਸਿੱਧੀ ਟੱਕਰ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ। ਸੱਤ-ਅੱਠ ਅਗਸਤ (1942) ਨੂੰ ਕਾਂਗਰਸ ਦੇ ਸਾਰੇ ਲੀਡਰ ਬੰਬਈ ਵਿੱਚ ਇਕੱਠੇ ਹੋਏ। ਉਥੇ ਅੰਗਰੇਜ਼ੀ ਸਰਕਾਰ ਦੇ ਵਰੁੱਧ ਇਕ ਆਖ਼ਰੀ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਗਿਆ ਤੇ ਨਾਲ ਹੀ ਸਾਰੇ ਅਖ਼ਤਿਆਰ ਮਹਾਤਮਾ ਗਾਂਧੀ ਜੀ ਨੂੰ ਸੌਂਪ ਦਿੱਤੇ ਗਏ। ਯੂਰਪ ਦਾ ਜੰਗ ਉਸ ਵੇਲੇ ਪੂਰੇ ਜ਼ੋਰਾਂ 'ਤੇ ਸੀ। ਅੱਠ ਅਗਸਤ ਨੂੰ ਕਾਂਗਰਸ ਨੇ ਐਲਾਨ ਕੀਤਾ, "ਅੰਗਰੇਜ਼ੋ! ਹਿੰਦੁਸਤਾਨ ਛੱਡ ਦਿਹੋ।" ਅੰਗਰੇਜ਼ ਸਰਕਾਰ ਨੇ ਇਸ ਨੂੰ ਕਾਂਗਰਸ ਵੱਲੋਂ ਆਪਣੇ ਵਰੁੱਧ, 'ਐਲਾਨਿ ਜੰਗ' ਸਮਝਿਆ। ਅਗਲੇ ਦਿਨ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਕਾਂਗਰਸ ਦੇ ਸਾਰੇ ਲੀਡਰ ਗ੍ਰਿਫ਼ਤਾਰ ਕਰ ਲਏ, ਕਾਂਗਰਸ ਕਮੇਟੀਆਂ ਕਾਨੂੰਨ ਵਰੁੱਧ ਕਰਾਰ ਦੇ ਦਿੱਤੀਆਂ, ਦਫ਼ਤਰਾਂ ਉੱਤੇ ਕਬਜ਼ਾ ਕਰ ਲਿਆ ਤੇ ਜਲਸੇ ਜਲੂਸਾਂ ਦੀ ਮਨਾਹੀ ਕਰ ਦਿੱਤੀ ਗਈ। ਇਸ ਨਾਲ ਸਾਰੇ ਦੇਸ਼ ਵਿੱਚ ਸਰਕਾਰ ਦੇ ਵਰੁੱਧ ਗੁੱਸੇ ਦੀ ਅੱਗ ਭੜਕ ਉੱਠੀ।

## 28

ਪੀਰੂਵਾਲਾ ਪਿੰਡ ਅਮਲੀ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਹੁਣ ਓਥੇ ਇਕ ਦੀ ਥਾਂ ਦੋ ਪਰ੍ਹੇ ਜੁੜਦੀਆਂ ਸਨ। ਮੁਸਲਮਾਨ ਪਿੰਡ ਦੇ ਚੜ੍ਹਦੇ ਪਾਸੇ ਤੇ ਹਿੰਦੂ ਸਿੱਖ ਲਹਿੰਦੇ ਪਾਸੇ। ਤੀਸਰੀ ਸ਼੍ਰੇਣੀ ਨੂੰ 'ਹਰੀਜਨ' ਕਹਿ ਲਓ, ਜਾਂ 'ਆਦਿ-ਧਰਮੀ' ਨਾਮ ਨਾਲ ਕੋਈ ਫ਼ਰਕ ਨਹੀਂ ਪੈ ਚੱਲਿਆ। ਉਹਨਾਂ ਉੱਤੇ ਕੋਈ ਬੰਦਸ਼ ਨਹੀਂ ਸੀ। ਉਹ ਜਿਸ ਪਰ੍ਹੇ ਵਿੱਚ ਚਾਹੁਣ, ਜਾ ਕੇ ਬੈਠ ਸਕਦੇ ਸਨ, ਪਰ ਉਹਨਾਂ ਕੋਲ ਪਰ੍ਹੇ ਵਿੱਚ ਬੈਠਣ ਦਾ ਵਿਹਲ ਹੀ ਕਿਥੇ ਸੀ ? ਆਪਣੀ ਦੋ ਡੰਗ ਦੀ ਰੋਟੀ ਪੈਦਾ ਕਰਨ ਵਾਸਤੇ ਉਹਨਾਂ ਨੂੰ ਅੱਠਾਂ ਵਿੱਚੋਂ ਪੰਜ ਪਹਿਰ ਧੰਧਾ ਪਿਟਣਾ ਪੈਂਦਾ ਸੀ।

ਸੱਜਣ ਸਿੰਘ ਦੇ ਘਰ ਦੇ ਪਿਛਲੇ ਪਾਸੇ ਚਾਰ ਕੁ ਕਨਾਲ ਵਿਹਲੀ ਰੋੜ ਪਈ

ਸੀ। ਉਸ ਵਿੱਚ ਪੰਜ-ਸੱਤ ਬੇ-ਕਾਰ ਖੁੰਢ ਤੇ ਦੋ ਵਣ ਦੀਆਂ ਵਿੰਗ-ਤੜਿੰਗੀਆਂ ਲੱਕੜੀਆਂ ਪਈਆਂ ਸਨ। ਸਿਆਲ ਦੇ ਪਿਛਲੇ ਪਹਿਰ ਨਿੱਘੀ-ਨਿੱਘੀ ਧੁੱਪ ਸੇਕਣ ਵਾਸਤੇ ਕੁਛ ਲੋਕ ਓਥੇ ਕੱਠੇ ਹੋ ਜਾਂਦੇ। ਉਸ ਤੋਂ ਅੱਗੇ, ਰਾਹ ਦੇ ਦੂਸਰੇ ਪਾਸੇ ਖੁੱਲ੍ਹੀ ਰੱਕੜ ਵਿੱਚ ਪਿੰਡ ਦੇ ਮੁੰਡੇ ਗੁੱਲੀ-ਡੰਡਾ ਜਾਂ ਖੁੱਦੋ-ਖੂੰਡੀ ਖੇਡਣ ਵਾਸਤੇ ਕੱਠੇ ਹੋ ਜਾਂਦੇ।

ਕਦੇ ਇਹਨਾਂ ਖੁੰਢਾਂ ਉੱਤੇ ਸਾਰੇ ਪਿੰਡ ਦੇ ਬੰਦੇ ਰਲ ਬੈਠਿਆ ਕਰਦੇ ਸਨ। ਪਰ ਨੰਬਰਦਾਰੀ ਦੇ ਝਗੜੇ ਪਿੱਛੋਂ ਕੋਈ ਵੀ ਮੁਸਲਮਾਨ ਏਥੇ ਆ ਕੇ ਨਹੀਂ ਸੀ ਬੈਠਦਾ। ਹਾਂ, ਸਾਹਮਣੀ ਰੱਕੜ ਵਿੱਚ ਮੁੰਡੇ ਅਜੇ ਇਕੱਠੇ ਹੀ ਖੇਡਦੇ ਸਨ। ਇਸ ਛੂਤ ਦੀ ਬੀਮਾਰੀ ਦੇ ਕੀੜੇ ਉਹਨਾਂ ਵਿੱਚ ਦਾਖ਼ਲ ਤਾਂ ਹੋ ਗਏ ਸਨ, ਪਰ ਅਜੇ ਜ਼ੋਰ ਨਹੀਂ ਸਨ ਪਕੜ ਸਕੇ।

ਸੱਜਣ ਸਿੰਘ ਇਕ ਖੁੰਢ ਉੱਤੇ ਬੈਠਾ ਸਣ ਦੀ ਤੰਦੂਲੀ ਛੱਡ ਰਿਹਾ ਸੀ। ਉਹਦਾ ਵੱਡਾ ਲੜਕਾ ਬਖ਼ਸ਼ੀਸ਼ ਵੱਟ ਚੜ੍ਹਾ ਰਿਹਾ ਸੀ ਤੇ ਛੋਟਾ ਪੱਪੂ—ਜੀਹਨੂੰ ਹੁਣ ਗੁਰਦੀਪ, ਜਾਂ ਲਾਡ ਨਾਲ ਦੀਪਾ ਕਿਹਾ ਜਾਂਦਾ ਸੀ—ਸਣ ਦੇ ਦੱਥੇ ਦੇ ਰਿਹਾ ਸੀ।

ਪੁਰਾਣਾ ਤਾਸ਼ ਦਾ ਖਿਡਾਰੀ ਦੀਪਾ, ਦਾੜ੍ਹੀ ਆ ਜਾਣ ਕਰਕੇ ਹੁਣ ਦੀਪ ਸਿੰਘ ਬਣ ਗਿਆ ਸੀ। ਨਾਲੇ ਇਕ ਬੱਚੇ ਦਾ ਬਾਪ ਬਣ ਜਾਣ ਕਰਕੇ ਹੁਣ ਉਹਦਾ ਅੱਧਾ ਨਾਂ ਕੋਈ ਨਹੀਂ ਸੀ ਸੱਦਦਾ। ਨਾਲ ਦੇ ਖੁੰਢ ਉਤੇ ਉਹ ਬੈਠਾ ਸਣ ਕੱਢ ਰਿਹਾ ਸੀ। ਉਹ ਇਕੱਲਾ ਹੀ ਇਕ ਖੁੰਡ ਮੱਲੀ ਬੈਠਾ ਸੀ। ਸੱਜੇ ਹੱਥ ਨਾਲ ਗਰੂਨੇ ਵਿੱਚੋਂ ਤੀਲੀ ਫੜ ਕੇ, ਉਹਦਾ ਥੋੜ੍ਹਾ ਜਿਹਾ ਮੱਥਾ ਤੋੜ ਕੇ, ਧਾਈਂ ਦਾ ਸਿਰਾਂ ਖੱਬੇ ਹੱਥ ਵਿੱਚ ਫੜ ਕੇ ਉਹ ਤੀਲੀ ਨਾਲੋਂ ਸਣ ਉਤਾਰਦਾ ਜਾਂਦਾ। ਸਣ ਕੱਢਣ ਵਾਲੇ ਦੇ ਖੱਬੇ ਹੱਥ ਬਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੁੰਦਾ। ਏਸੇ ਵਾਸਤੇ ਬਾਕੀ ਦੇ ਵਿਹਲੇ ਬੰਦੇ ਉਸ ਤੋਂ ਦੂਰ-ਦੂਰ ਦੂਸਰੇ ਖੁੰਢਾ ਉਤੇ ਬੈਠੇ ਸਨ।

ਦਿੱਸ-ਹੱਦੇ ਦੇ ਪੱਲੇ ਉਹਲੇ ਮੂੰਹ ਲੁਕਾਉਣ ਵਾਸਤੇ ਸੂਰਜ ਬੜੀ ਤੇਜ਼ੀ ਨਾਲ ਦੌੜਿਆ ਜਾ ਰਿਹਾ ਸੀ। ਉਹਦੀਆਂ ਟੇਢੀਆਂ ਕਿਰਨਾਂ ਸਰੀਰ ਨੂੰ ਬੜੀਆਂ ਪਿਆਰੀਆਂ ਲਗਦੀਆਂ ਸਨ। ਮਾਘ ਦਾ ਮਹੀਨਾ ਖ਼ਤਮ ਹੋਣ 'ਤੇ ਆ ਗਿਆ ਸੀ। ਬਸੰਤ ਭਾਵੇਂ ਲੰਘ ਚੁੱਕੀ ਸੀ, ਪਰ ਸਰਦੀ ਦਾ ਅਜੇ ਬਥੇਰਾ ਜ਼ੋਰ ਸੀ।

"ਰੱਸੇ ਵੱਟ ਰਿਹਾ ਏਂ ਆਪਣੇ ਪਸ਼ੂਆਂ ਨੂੰ ਜੂੜਨ ਵਾਸਤੇ ?" ਬਾਬੇ ਅਕਾਲੀ ਨੇ ਕੋਲ ਆ ਕੇ ਅਚਨਚੇਤ ਸੱਜਣ ਸਿੰਘ 'ਤੇ ਸਵਾਲ ਕਰ ਦਿੱਤਾ। ਉਹ ਆਪਣੇ ਹੀ ਕਿਸੇ ਖ਼ਿਆਲ ਵਿੱਚ ਡੁੱਬਾ ਖੇਤ ਵੱਲੋਂ ਆ ਰਿਹਾ ਸੀ। "ਚੰਗੀ ਗੱਲ ਏ। ਉਹਨਾਂ ਬੇ-ਜ਼ਬਾਨਾਂ ਨੂੰ ਚੰਗੀ ਤਰ੍ਹਾਂ ਜੂੜ ਕੇ ਰੱਖੋ। ਅੰਗਰੇਜ਼ ਦੇ ਸੰਗਲ ਤੋੜਨ ਜੋਗੇ ਤਾਂ ਅਸੀਂ ਨਹੀਂ। ਸੋ ਆਪਣਾ ਬਦਲਾ ਪਸ਼ੂਆਂ ਤੋਂ ਲੈਣ ਵਾਸਤੇ, ਉਹਨਾਂ ਦੇ ਹੀ ਰੱਸੇ ਪੈੜੇ ਅਸੀਂ ਵੱਟਦੇ ਰਹੀਏ।"

"ਬਾਬਾ 'ਕਾਲੀਆ! ਇਉਂ ਵਗਾਹਵਾਂ ਸੋਟਾ ਮਾਰਨ ਨਾਲ ਸੁਆਦ ਨਹੀਂ ਔਂਦਾ। ਜ਼ਰਾ ਬਹਿ ਕੇ ਗੱਲ ਸੁਣਾ।" ਸੱਜਣ ਸਿੰਘ ਦੀ ਥਾਂ ਦੀਪ ਸਿੰਘ ਨੇ ਉੱਤਰ ਦਿੱਤਾ। "ਸੁਣਿਆਂ ਏ ਮਹਾਤਮਾ ਗਾਂਧੀ ਨੇ ਜੇਲ੍ਹ ਵਿੱਚ ਮਰਨ ਵਰਤ ਰੱਖ ਦਿੱਤਾ ਏ ?"

"ਹਾਹੋ! ਤੂੰ ਗਰੂਨੇ ਭੰਨ ਤੇ ਮੈਂ ਗੱਲ ਸੁਣੌਂਦਾਂ। ਅਖੇ : ਵੀਰਾ, ਤੁਸੀਂ ਲਾਓ ਆਸਾ ਦੀ ਵਾਰ ਤੇ ਮੈਂ ਜ਼ਰਾ ਚੱਕੀ ਪੀਹ ਲਵਾਂ।" ਬਾਬੇ ਅਕਾਲੀ ਨੇ ਵਿਅੰਗ ਨਾਲ ਕਿਹਾ।

"ਇਹ ਗੱਲ ਏ, ਤਾਂ ਆਹਲਾ ਫੜ। ਦੀਪ ਸਿੰਘ ਨੇ ਗਰਨੇ ਉੱਤੇ ਖੱਬੇ ਹੱਥ ਵਾਲੀ ਸਣ ਵਲ੍ਹੈਟ ਕੇ ਰੱਖ ਦਿੱਤੀ "ਛੱਡਦੇ ਉਇ ਸੱਜਣ ਸਿਹਾਂ! ਬਾਬੇ 'ਕਾਲੀ ਕੋਲੋਂ ਕੁਛ ਦੋ-ਚਾਰ ਦੇਸ ਦੀਆਂ ਗੱਲਾਂ ਸੁਣ ਲਿਆ ਕਰ। ਤੂੰ ਤਾਂ ਲੰਬਰਦਾਰ ਬਣ ਕੇ ਅਸਲੋਂ ਸਰਕਾਰੀਆ ਹੋ ਗਿਆ ਏਂ।"

"ਸਰਕਾਰੀਆ ਹੋ ਗਿਆ ਹੁੰਦਾ, ਤਾਂ ਪਿੰਡ ਦੇ ਪੰਜ-ਸੱਤ ਗਭਰੂ ਭਰਤੀ ਨਾ ਕਰਾਏ ਹੁੰਦੇ ਹੁਣ ਤੱਕ ? ਆਪਾਂ ਤਾਂ ਬਾਬੇ 'ਕਾਲੀ ਦੇ ਚੇਲੇ ਆਂ।" ਸੱਜਣ ਸਿੰਘ ਨੇ ਦੂਹਰੀ ਕੀਤੀ ਹੋਈ ਤੰਦੂਲੀ ਇਕੱਠੀ ਕਰਦਿਆਂ ਕਿਹਾ।

ਉਹਦੀ ਗੱਲ ਦਾ ਨਸ਼ਾਨਾ ਦੂਸਰਾ ਨੰਬਰਦਾਰ ਇਲਮ ਦੀਨ ਸੀ, ਜੋ ਹੁਣ ਤੱਕ ਪਿੰਡ ਦੇ ਪੰਜ ਮੁੰਡੇ ਭਰਤੀ ਕਰ ਚੁੱਕਾ ਸੀ।

"ਇੱਛਿਆ ਹੈ ਤੁਹਾਡੀ ਕੁਛ ਸੁਣਨ ਦੀ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਝਾਤੀ ਮਾਰਦਿਆਂ ਸਵਾਲ ਕੀਤਾ।

"ਉ ਬਹਿਜਾ ਘੜੀ। ਸੁਣਾ ਕੋਈ ਖ਼ਬਰ। ਰੋਜ਼ ਕੇਈ ਹਵਾੜੇ ਉਡਦੇ ਸੁਣਦੇ ਆਂ। ਕੋਈ ਪਤੇ ਦੀ ਗੱਲ ਦੱਸ। ਐਥੇ ਆ ਜਾ ਮੇਰੇ ਕੋਲ।" ਟਹਿਲ ਸਿੰਘ ਨੇ ਆਪਣੇ ਸੱਜੇ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ।

"ਲੌ, ਸੁਣੋ ਫਿਰ। ਸਿਰਫ਼ ਦੋ ਦਿਨ ਤੁਹਾਡੇ ਕੋਲ ਹੋਰ ਆ। ਤਿੱਜੇ ਦਿਨ ਆਪਾਂ ਤੁਰ ਜਾਵਾਂਗੇ।" ਬਾਬਾ ਅਕਾਲੀ ਟਹਿਲ ਸਿੰਘ ਦੇ ਕੋਲ ਜਾ ਬੈਠਾ।

"ਕਿਧਰ ਤੁਰ ਜਾਣਾ ਈ ਬਾਬਾ 'ਕਾਲੀਆ! ਵੇਖੀਂ ਕਿਤੇ ਪਿੰਡ ਰੰਡਾ ਨਾ ਕਰ ਜਾਵੀਂ।" ਕੋਲੋਂ ਮਿਲਖਾ ਸਿੰਘ ਨੇ ਠੱਠੇ ਨਾਲ ਕਿਹਾ।

"ਵਾਹਗੁਰੂ ਬੋਲ ਉਇ, ਕੜਮਿਆਂ। ਕੇਹੋ ਜੇਹੀਆਂ ਗੱਲਾਂ ਕੱਢਦਾ ਏ ਮੂੰਹੋਂ।" ਦੀਪ ਸਿੰਘ ਨੇ ਮਿਲਖਾ ਸਿੰਘ ਨੂੰ ਝਿੜਕ ਦੇਂਦਿਆਂ ਕਿਹਾ।

"ਕੋਈ ਨਹੀਂ, ਕਾਂਵਾਂ ਦੇ ਆਖਿਆਂ ਕਦੇ ਢੋਰ ਮਰ ਚੱਲੇ ਨੇ ? ਆਪਾਂ ਹਿੰਦੁਸਤਾਨ ਆਜ਼ਾਦ ਹੋਇਆ ਵੇਖ ਕੇ ਮਰਨਾ ਏਂ। ਉਸ ਤੋਂ ਪਹਿਲਾਂ ਨਹੀਂ।" ਬਾਬੇ ਅਕਾਲੀ ਨੇ ਬੜੇ ਦ੍ਰਿੜ੍ਹ ਭਰੋਸੇ ਨਾਲ ਕਿਹਾ।

"ਹਿੰਦੁਸਤਾਨ ਵੀ ਜੇ ਹੁਣ ਆਜ਼ਾਦ ਹੋ ਗਿਆ ਤਾਂ ਹੋ ਗਿਆ, ਨਹੀਂ ਤਾਂ ਫੇਰ

ਨਹੀਂ ਛੱਡਦੇ ਇਹ ਬਿੱਲੇ।" ਟਹਿਲ ਸਿੰਘ ਦੇ ਖ਼ਿਆਲ ਕੁਛ ਡਾਵਾਂ-ਡੋਲ ਸਨ।

"ਟਹਿਲ ਸਿਹਾਂ! ਇਹ ਤਾਂ ਹੁਣ ਆਜ਼ਾਦ ਹੋ ਕੇ ਈ ਰਹੇਗਾ। ਕੋਈ ਵੀ ਤਾਕਤ ਹੁਣ ਇਸ ਨੂੰ ਗ਼ੁਲਾਮ ਨਹੀਂ ਰੱਖ ਸਕਦੀ। ਹਾਂ, ਇਸ ਬਾਰੇ ਨਹੀਂ ਕਿਹਾ ਜਾ ਸਕਦਾ ਕਿ ਕਾਂਗਰਸ ਦੀ ਇਹ ਲੜਾਈ ਆਖ਼ਰੀ ਹੋਵੇ, ਜਾਂ ਅਜੇ ਹੋਰ ਵੀ ਮੋਰਚਾ ਲੌਣਾ ਪਵੇ। ਪਰ ਪਿਛਲੀਆਂ ਸਾਰੀਆਂ ਲੜਾਈਆਂ ਨਾਲੋਂ ਇਹ ਸਖ਼ਤ ਹੈ।" ਬਾਬੇ ਅਕਾਲੀ ਨੇ ਟਹਿਲ ਸਿੰਘ ਵੱਲ ਤਕਦਿਆਂ ਕਿਹਾ।

"ਆਹ, ਜਿਹੜੇ ਰੋਜ਼ ਹਵਾੜੇ ਉਡਦੇ ਨੇ ਮਹਾਤਮਾ ਗਾਂਧੀ ਬਾਰੇ, ਇਹਨਾਂ 'ਚੋ ਸੱਚੀ ਗੱਲ ਕਿਹੜੀ ਏ ?" ਦੀਪ ਸਿੰਘ ਨੇ ਬਾਬੇ ਅਕਾਲੀ 'ਤੇ ਸਵਾਲ ਕੀਤਾ। ਉਹ ਕੁਛ, ਸੱਚੀ ਖ਼ਬਰ ਸੁਣਨਾ ਚਾਹੁੰਦਾ ਸੀ।

"ਵੇਖੋ ਨਾ, ਇਹ ਅੰਗਰੇਜ਼ ਅਫ਼ਸਰ ਹੈਨ ਤਾਂ ਬੜੇ ਸ਼ੈਤਾਨ...।"

"ਛਤਾਨ ਕੀ, ਛਤਾਨ ਦੀ ਟੂਟੀ।" ਦੀਪ ਸਿੰਘ ਨੇ ਬਾਬੇ ਦੀ ਗੱਲ ਰਾਹੋਂ ਟੋਕ ਕੇ, ਦਿਲ ਦੀ ਕਹਿ ਦਿੱਤੀ।

"ਛਤਾਨ ਦੀ ਟੂਟੀ ਨਾ ਹੁੰਦੇ, ਤਾਂ ਐਨਾ ਚਿਰ ਰਾਜ ਵੀ ਨਹੀਂ ਸਨ ਕਰ ਸਕਦੇ।" ਲਾਗਿਓਂ ਧਰਮ ਸਿੰਘ ਛੜੇ ਦੀ ਵਾਜ ਆਈ। ਗੱਲਾਂ ਵਿੱਚ ਗੱਲ ਕਰਕੇ ਉਹ ਵੀ ਆਪਣੀ ਹੋਂਦ ਦਾ ਸਬੂਤ ਦੇਣਾ ਚਾਹੁੰਦਾ ਸੀ।

"ਭਈ, ਹੁਣ ਸਾਰੇ ਭਾਂਤੋ-ਭਾਂਤ ਨਾ ਬੋਲੋ। ਬਾਬੇ 'ਕਾਲੀ ਕੋਲੋਂ ਸੁਣਨ ਦਿਹੋ।" ਟਹਿਲ ਸਿੰਘ ਨੇ ਅੱਧ ਵਿੱਚੋਂ ਗੱਲਾਂ ਟੋਕਣ ਵਾਲਿਆਂ ਨੂੰ ਇਕ ਲੇਖੇ ਹਦਾਇਤ ਕਰ ਦਿੱਤੀ। "ਹਾਂ ਭਈ। ਮੁੱਢੋਂ ਸਿਰਿਓਂ ਸੁਣਾ ਇਸ ਮੋਰਚੇ ਦੀ ਗੱਲ।"

"ਇਹ ਤਾਂ ਤੁਸੀਂ ਵਿਹੰਦੇ ਈ ਓ ਕਿ ਅੰਗਰੇਜ਼ ਬੜਾ ਕੁੜਿੱਕੀ 'ਚ ਫਸਿਆ ਹੋਇਆ ਏ।" ਖੰਘੂਰਾ ਮਾਰ ਕੇ ਬਾਬੇ ਅਕਾਲੀ ਨੇ ਬੜੇ ਟਿਕਾਣਿਓਂ ਗੱਲ ਸ਼ੁਰੂ ਕੀਤੀ। "ਪਰ ਫੂੰ-ਫਾਂ ਅਜੇ ਓਹਾ ਈ ਏ। ਅਖੇ : ਰੱਸੀ ਸੜ ਗਈ, ਪਰ ਵੱਟ ਨਾ ਗਿਆ। ਏਸ ਔਖੇ ਸਮੇਂ ਵੀ ਇਹ ਸਾਨੂੰ ਕੁਛ ਦੇਹ ਦਵਾਲ ਨਹੀਂ। ਗੱਲੀਂ-ਬਾਤੀਂ ਤਾਂ ਸਭ ਕੁਛ ਦੇਂਦਾ ਏ, ਪਰ ਅਮਲੀ ਤੌਰ 'ਤੇ ਕੁਛ ਵੀ ਨਹੀਂ। ਪਿੱਛੇ ਕ੍ਰਿਪਸ ਆਇਆ, ਤਾਂ ਉਹ ਐਵੇਂ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਮੁੜ ਗਿਆ। ਆਹੰਦੇ ਹੁੰਦੇ ਨੇ ਨਾ, ਪੈਂਚਾ! ਤੇਰਾ ਆਖਿਆ ਸਿਰ ਮੱਥੇ, ਪਰ ਪਨਾਲਾ ਓਥੇ ਦਾ ਓਥੇ।' ਉਹ ਗੱਲ ਏ ਇਹਨਾਂ ਦੋਗਲਿਆਂ ਦੀ। ਏਧਰੋਂ ਸਾਡੇ ਲੀਡਰ ਵੀ ਕੱਚੀਆਂ ਗੋਲੀਆਂ ਨਹੀਂ ਖੇਡੇ ਹੋਏ। ਇਹ ਵੀ ਅੰਗਰੇਜ਼ਾਂ ਦੇ ਦਾਅ-ਪੇਚ ਜਾਣਦੇ ਨੇ।"

"ਇੱਕੋ ਅਖਾੜੇ ਦੇ ਤਾਂ ਘੁਲਾਟੀਏ ਹੋਏ ਸਾਰੇ।" ਵੱਤਰ 'ਤੇ ਆਈ ਗੱਲ ਤੋਂ ਦੀਪ ਸਿੰਘ ਚੁੱਪ ਨਹੀਂ ਸੀ ਰਹਿ ਸਕਦਾ।

"ਸਾਡੇ ਵੱਡੇ-ਵੱਡੇ ਆਗੂਆਂ ਨੇ ਕਿਹਾ, 'ਭਈ, ਦੋ ਟੁੱਕ ਫ਼ੈਸਲਾ ਕਰੋ ਕਿ ਲੜਾਈ ਮੁੱਕਣ ਪਿੱਛੋਂ ਕਦੋਂ ਸਾਨੂੰ ਆਜ਼ਾਦ ਕਰੋਗੇ।' ਪਰ ਅੰਗੇਜ਼ਾਂ ਨੇ ਓਹਾ ਲਾਰੇ-

ਲੱਪੋ ਵਾਲੀ ਪੁਰਾਣੀ ਚਾਲ ਨਾ ਛੱਡੀ। ਅਖ਼ੀਰ ਕਾਂਗਰਸ ਨੇ ਸੰਨ ਚਾਲੀ ਵਿੱਚ ਮੋਰਚਾ ਲਾ ਦਿੱਤਾ। ਉਹ ਮੋਰਚਾ—ਤੁਸੀਂ ਜਾਣਦੇ ਓ—ਬੜਾ ਠੰਢਾ-ਠੰਢਾ ਸੀ। ਮਹਾਤਮਾ ਗਾਂਧੀ ਅੰਗਰੇਜ਼ਾਂ ਨੂੰ ਵਧੇਰੇ ਔਖਿਆਂ ਨਹੀਂ ਸੀ ਕਰਨਾ ਚੌਹੰਦਾ। ਤੇ ਅੰਗਰੇਜ਼ਾਂ ਨੇ ਸਮਝ ਲਿਆ ਕਿ ਇਹ ਸਾਥੋਂ ਡਰ ਗਏ ਨੇ।"

"ਓਹਾ ਗੱਲ ਕਿ ਲੱਜ ਮਰੇਂਦਾ ਅੰਦਰ ਵੜਿਆ, ਮੂਰਖ ਆਖੇ : ਮੈਥੋਂ ਡਰਿਆ।"

ਦੀਪ ਸਿੰਘ ਦੀ ਗੱਲ ਉੱਤੇ ਕਈ ਸਰੋਤਿਆਂ ਨੇ ਪ੍ਰੋੜ੍ਹਤਾ ਵਜੋਂ ਸਿਰ ਹਿਲਾਏ।

"ਤੰਗ ਆ ਕੇ ਕਾਂਗਰਸ ਨੇ ਅੱਠ ਅਗਸਤ (1942) ਨੂੰ ਵੱਡੇ ਮੋਰਚੇ ਦਾ ਅਲਾਨ ਕਰ ਦਿੱਤਾ ਤੇ ਸਾਰੇ ਲੀਡਰਾਂ ਨੇ ਸਰਬ-ਸੰਮਤੀ ਨਾਲ ਮਹਾਤਮਾ ਗਾਂਧੀ ਨੂੰ ਲੜਾਈ ਦਾ ਸੈਨਾਪਤੀ ਥਾਪ ਦਿੱਤਾ।"

"ਭਈ ਬੰਦਾ ਤਾਂ ਮਾੜਚੂ ਜਿਹਾ ਏ, ਪਰ ਦਿਲ ਦਾ ਬੜਾ ਪੱਕਾ!" ਟਹਿਲ ਸਿੰਘ ਨੇ ਸ਼ਰਧਾ ਨਾਲ ਸਿਰ ਹਿਲਾਉਂਦਿਆਂ ਕਿਹਾ।

"ਮਖ, ਨਿਰਾ ਸੈਂਡ ਏ, ਸੈਂਡ।" ਦੀਪ ਸਿੰਘ ਨੇ ਆਪਣੀ ਠੇਠ ਬੋਲੀ ਵਿੱਚ ਮਹਾਤਮਾ ਗਾਂਧੀ ਦੇ ਨਿੱਗਰ ਮਰਦਊਪੁਣੇ ਦੀ ਤਾਰੀਫ਼ ਕੀਤੀ।

"ਮਹਾਤਮਾ ਗਾਂਧੀ ਨੇ ਸਰਕਾਰ ਨੂੰ ਲਲਕਾਰ ਕੇ ਕਿਹਾ, 'ਅੰਗਰੇਜ਼ੋ! ਹਿੰਦੁਸਤਾਨ ਛੱਡ ਜਾਓ। ਸਰਕਾਰ ਪਹਿਲਾਂ ਹੀ ਸਮੇਂ ਦੀ ਉਡੀਕ ਵਿੱਚ ਸੀ। ਅਗਲੇ ਦਿਨ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸਰਕਾਰ ਨੇ ਸਣੇ ਮਹਾਤਮਾ ਗਾਂਧੀ ਸਾਰੇ ਵੱਡੇ-ਵੱਡੇ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀਆਂ ਬੰਬਈ ਵਿੱਚ ਹੋਈਆਂ। ਬੰਦ ਗੱਡੀਆਂ ਵਿੱਚ ਬਿਠਾ ਕੇ—ਪਤਾ ਨਹੀਂ ਪੁਲਸ ਵਾਲੇ, ਲੀਡਰਾਂ ਨੂੰ ਕਿੱਥੇ ਲੈ ਗਏ। ਨਾਲ ਹੀ ਸਰਕਾਰ ਨੇ ਸਭ ਨਿੱਕੀਆਂ-ਵੱਡੀਆਂ ਕਾਂਗਰਸ ਕਮੇਟੀਆਂ ਨੂੰ ਕਾਨੂੰਨ ਵਰੁੱਧ ਕਰਾਰ ਦੇ ਦਿੱਤਾ। ਸਾਰੇ ਦੇਸ਼ ਵਿੱਚ ਜਲਸੇ ਕਰਨ ਜਾਂ ਜਲੂਸ ਕੱਢਣ ਦੀ ਮਨਾਹੀ ਕਰ ਦਿੱਤੀ ਗਈ। ਛਾਪੇ ਮਾਰ ਕੇ ਥਾਂ-ਥਾਂ ਕਾਂਗਰਸ ਦੇ ਦਫ਼ਤਰਾਂ 'ਤੇ ਕਬਜ਼ਾ ਕਰ ਲਿਆ। ਕਈ ਥਾਂਵਾਂ 'ਤੇ ਰਾਤ ਦੇ ਸਾਢੇ-ਸੱਤ ਤੋਂ ਲੈ ਕੇ ਸਵੇਰ ਦੇ ਛੇ ਵਜੇ ਤਕ ਲੋਕਾਂ ਨੂੰ ਘਰਾਂ ਵਿੱਚੋਂ ਬਾਹਰ ਨਿਕਲਣ ਦੀ ਮਨਾਹੀ ਕਰ ਦਿੱਤੀ।"

"ਓਹਾ, ਮਾਰਸ਼ਲ ਲਾ ਦਿੱਤੀ ਕਿ।" ਟਹਿਲ ਸਿੰਘ ਦੀਆਂ ਅੱਖਾਂ ਸਾਹਮਣੇ ਉੱਨੀ ਸੌ ਉੱਨੀ ਵਾਲੇ ਮਾਰਸ਼ਲ-ਲਾਅ ਦਾ ਨਜ਼ਾਰਾ ਆ ਗਿਆ।

"ਇਹਨਾਂ ਧੱਕੇਸ਼ਾਹੀਆਂ ਤੋਂ ਲੋਕ ਸਗੋਂ ਭੜਕ ਉੱਠੇ। ਉਸ ਦਿਨ ਬੰਬਈ ਵਿੱਚ ਕਾਂਗਰਸ ਵਲੰਟੀਅਰਾਂ ਦੀ ਪਰੇਡ ਹੋਣੀ ਸੀ। ਲੋਕ ਸੋਚ ਰਹੇ ਸਨ ਕਿ ਵੇਖੀਏ ਕਾਂਗਰਸੀ ਪਰੇਡ ਕਰਦੇ ਨੇ, ਜਾਂ ਸਰਕਾਰ ਤੋਂ ਡਰਦੇ ਰੁਕ ਜਾਂਦੇ ਨੇ।"

"ਏਖੁਾਂ! ਜਿਨ੍ਹਾਂ ਦੇ ਅੰਦਰ ਲਗਨ ਹੁੰਦੀ ਏ, ਉਹ ਡਰ ਕੇ ਰੁਕਦੇ ਥੋੜ੍ਹੇ ਨੇ।"

"ਭਗਤ ਸੂੰਹ ਸ਼ੇਰ ਫ਼ਾਂਸੀ ਚੜ੍ਹਨੋਂ ਨਹੀਂ ਸੀ ਰੁਕਿਆ, ਤੇ ਏਥੇ ਤਾਂ....।"

"ਅਖ਼ੀਰ ਨੀਯਤ ਸਮੇਂ 'ਤੇ ਕਾਂਗਰਸੀ ਤਿਰੰਗੇ ਝੰਡੇ ਲੈ ਕੇ ਨਿਕਲੇ। ਬਜ਼ਾਰਾਂ

ਵਿੱਚ ਲੋਕਾਂ ਦੀ ਭੀੜ ਕੱਠੀ ਹੋ ਗਈ। ਆਪਣੇ ਆਪ ਈ ਜਲੂਸ ਬਣ ਗਏ। ਅੱਗੋਂ ਸਰਕਾਰ ਵੀ ਪੂਰੀ ਤਿਆਰੀ ਕਰੀ ਬੈਠੀ ਸੀ। ਪੁਲਸ ਦੀ ਮਦਦ ਵਾਸਤੇ ਫ਼ੌਜ ਵੀ ਬੁਲਾਈ ਹੋਈ ਸੀ। ਪੁਲਸ ਨੇ ਥਾਂ-ਥਾਂ ਜਲੂਸ ਰੋਕਣ ਦੀ ਕੋਸ਼ਿਸ਼ ਕੀਤੀ। ਅਫ਼ਸਰਾਂ ਦੀਆਂ ਫੋਕੀਆਂ ਧਮਕੀਆਂ ਸੁਣ ਕੇ ਭੀੜ ਨਾ ਖਿੰਡੀ, ਤਾਂ ਪੁਲਸ ਨੇ ਟੀਅਰ ਗੈਸ ਛੱਡੀ, ਤੇ ਲਾਠੀ ਚਾਰਜ ਕੀਤਾ। ਸਪਾਹੀਆਂ ਉਤੇ ਅਫ਼ਸਰਾਂ ਵੱਲੋਂ ਬੜਾ ਕੱਸ ਪਾਇਆ ਹੋਇਆ ਸੀ। ਸੋ, ਉਹਨਾਂ ਸਰਕਾਰ ਦੇ ਨਿਮਕ-ਹਲਾਲਾਂ ਨੇ ਅੰਨ੍ਹੇ-ਵਾਹ ਡਾਂਗ ਵਰ੍ਹਾਈ। ਰਾਤ ਤਕ ਕਈ ਸੌ ਲੋਕ ਫੱਟੜ ਹੋ ਗਏ। ਏਸ ਤਰ੍ਹਾਂ ਜਨਤਾ ਦਾ ਰੋਸ ਵਧੇਰੇ ਭੜਕ ਉੱਠਿਆ। ਅਗਲੇ ਦਿਨ ਸ਼ਹਿਰ ਵਿੱਚ ਹੜਤਾਲ ਹੋ ਗਈ। ਲੋਕ ਵਧੇਰੇ ਮੈਦਾਨ ਵਿੱਚ ਆ ਗਏ। ਇਉਂ ਜਾਪਦਾ ਸੀ, ਜਿਵੇਂ ਸਾਰੀ ਦੁਨੀਆਂ ਘਰ ਛੱਡ ਕੇ ਬਜ਼ਾਰਾਂ ਵਿੱਚ ਆ ਗਈ ਹੋਵੇ। ਜਿਸ ਬਜ਼ਾਰ ਵਿੱਚ ਵੇਖੋ, ਜਲੂਸ ਜਿੱਧਰ ਨਿਗ੍ਹਾ ਮਾਰੋ, ਬੱਸ ਕਾਂਗਰਸੀ ਝੰਡੇ ਈ ਨਜ਼ਰ ਔਂਦੇ ਸਨ। ਸਰਕਾਰ ਨੇ ਵੀ ਜ਼ੁਲਮ ਕਰਨ ਵੱਲੋਂ ਕੋਈ ਕਸਰ ਨਾ ਛੱਡੀ। ਉਸ ਦਿਨ (ਦਸ ਅਗਸਤ) ਸਿਰਫ਼ ਬੰਬਈ ਸ਼ਹਿਰ ਵਿੱਚ ਨਿਹੱਥੇ ਲੋਕਾਂ ਉੱਤੇ ਦਸ ਵਾਰ ਗੋਲੀ ਚੱਲੀ। ਤੇ ਅਗਲੇ ਦਿਨ ਤੇਰਾਂ ਵਾਰ। ਇਹ ਹਸਾਬ ਕੌਣ ਲੈਂਦਾ, ਕਿ ਪੁਲਸ ਦੀ ਗੋਲੀ ਨਾਲ ਕਿੰਨੇ ਮਰੇ ਤੇ ਕਿੰਨੇ ਫੱਟੜ ਹੋਏ। ਇਹ ਸਿਰਫ਼ ਇਕ ਸ਼ਹਿਰ ਦੀ ਗੱਲ ਏ। ਹੋਰ, ਨਾਗਪੁਰ, ਮਦਰਾਸ, ਕਰਾਚੀ, ਲਾਹੌਰ, ਦਿੱਲੀ, ਕਾਨਪੁਰ, ਅਲਾਹਾਬਾਦ, ਪੂਨਾ, ਅਹਿਮਦਾਬਾਦ, ਲਖਨਊ ਸਾਰੇ ਵੱਡੇ-ਵੱਡੇ ਸ਼ਹਿਰਾਂ ਵਿੱਚ ਹੱਤਿਆਕਾਂਡ ਹੋਏ। ਨਿਰੇ ਪਸਤੌਲਾਂ ਤੇ ਰਫਲਾਂ ਦੀਆਂ ਗੋਲੀਆਂ 'ਤੇ ਪੁਲਸ ਨੇ ਬੱਸ ਨਹੀਂ ਕੀਤੀ, ਕੋਈ ਥਾਂਈਂ ਹਵਾਈ ਜਹਾਜ਼ਾਂ ਤੋਂ ਬੰਬ ਸੁੱਟੇ ਤੇ ਮਸ਼ੀਨ ਗੰਨਾਂ ਨਾਲ ਨਿਹੱਥੇ ਬੇ-ਗੁਨਾਹਾਂ ਉੱਤੇ ਗੋਲੀਆਂ ਵਰ੍ਹਾਈਆਂ, ਫੜ ਕੇ ਦਾਣਿਆਂ ਵਾਂਗ ਲੋਕ ਭੁੰਨ ਸੁੱਟੇ। ਫਿਰ ਸੱਚੀ ਗੱਲ ਏ, ਕਿਤੇ-ਕਿਤੇ ਲੋਕ ਵੀ ਗ਼ੁੱਸੇ ਵਿੱਚ ਪਾਗ਼ਲ ਹੋ ਉੱਠੇ। ਭਾਵੇਂ ਮਹਾਤਮਾ ਗਾਂਧੀ ਦਾ ਹੁਕਮ ਸੀ ਕਿ ਹਰ ਜ਼ੁਲਮ ਸਹਿ ਕੇ ਸ਼ਾਂਤ ਰਹਿਣਾ। ਪਰ ਲੀਡਰਾਂ ਤੋਂ ਸੱਖਣੇ ਲੋਕ ਸ਼ਾਂਤ ਨਾ ਰਹਿ ਸੱਕੇ। ਕੋਈ ਥਾਂਈਂ ਭੜਕੀਲੇ ਗਭਰੂ ਆਪਣੀ ਆਈ 'ਤੇ ਆ ਗਏ। ਉਹਨਾਂ ਡਾਕਖਾਨੇ ਸਾੜ ਸੁੱਟੇ, ਰੇਲਾਂ ਉਲਟਾ ਦਿੱਤੀਆਂ, ਟੈਲੀਫ਼ੂਨ ਦੀਆਂ ਤਾਰਾਂ ਕੱਟ ਦਿੱਤੀਆਂ, ਅਨਾਜ ਦੀਆਂ ਦੁਕਾਨਾਂ ਲੁੱਟ ਲਈਆਂ, ਸਰਕਾਰੀ ਗੁਦਾਮਾਂ ਨੂੰ ਅੱਗਾਂ ਲਾ ਦਿੱਤੀਆਂ, ਬਜ਼ਾਰ ਵਿੱਚ ਰੋਕ ਕੇ ਕਾਰਾਂ ਪੰਚਰ ਕਰ ਦਿੱਤੀਆਂ ਤੇ ਰੇਲ ਦੀਆਂ ਪਟੜੀਆਂ ਪੁੱਟ ਦਿੱਤੀਆਂ। ਏਸ ਦਾ ਨਤੀਜਾ, ਸਾਰੇ ਦੇਸ਼ ਵਿੱਚ ਹੜਤਾਲ ਹੋ ਗਈ, ਕੋਈ ਰੇਲਾਂ ਚਲਣੀਆਂ ਬੰਦ ਹੋ ਗਈਆਂ ਤੇ ਇਕ ਤਰ੍ਹਾਂ ਸਾਰਾ ਕਾਰੋਬਾਰ ਬੰਦ ਹੋ ਗਿਆ। ਇਹਨਾਂ ਘਟਨਾਵਾਂ ਤੋਂ ਸਰਕਾਰ ਨੂੰ ਬਹਾਨਾ ਮਿਲ ਗਿਆ ਤੇ ਉਹਨੇ ਜਨਤਾ ਉੱਤੇ ਮਨ-ਮੰਨੇ ਜ਼ੁਲਮ ਕੀਤੇ।"

"ਕਿਤੇ ਸ਼ਹਿਰ ਗਿਆਂ, ਜਿਹੜੀਆਂ "ਫਵਾਹਾਂ ਸੁਣੀਦੀਆਂ ਸਨ, ਉਹ ਤਾਂ ਡਾਢੀਆਂ ਈ ਭੈੜੀਆਂ ਸਨ।"

"ਮਾਰ ਲੂੰ-ਕੰਡੇ ਖੜੇ ਹੋ ਜਾਂਦੇ ਸਨ ਸੁਣ ਕੇ।"

ਅੰਗਰੇਜ਼ਾਂ ਨੇ ਕੀਤੀ ਵੀ ਅਖ਼ੀਰ ਏ। ਕੋਈ ਵੀ ਸ਼ਰੀਫ਼ ਕੌਮ ਕਿਸੇ ਅਧੀਨ ਦੇਸ਼ ਉੱਤੇ ਏਨਾ ਤਸ਼ੱਦਦ ਨਹੀਂ ਕਰਦੀ। ਕਈ ਹਜ਼ਾਰ ਬੰਦੇ ਮਾਰੇ ਗਏ, ਕਈ ਘਰ ਤਬਾਹ ਹੋ ਗਏ ਤੇ ਕਈ ਖ਼ਾਨਦਾਨ ਸਮੂਲਚੋਂ ਮਿਟ ਗਏ।"

"ਏਸੇ ਵਾਸਤੇ ਮਹਾਤਮਾ ਗਾਂਧੀ ਨੇ ਮਰਨ ਵਰਤ ਰਖਿਆ ਏ ?" ਦੀਪ ਸਿੰਘ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਵਰਤ ਰੱਖਣ ਦਾ ਕਾਰਨ ਇਕ ਹੋਰ ਵੀ ਹੈ।" ਬਾਬੇ ਅਕਾਲੀ ਨੇ ਥੋੜ੍ਹਾ ਜਿਹਾ ਦੀਪ ਸਿੰਘ ਵੱਲ ਮੂੰਹ ਕਰਕੇ ਕਿਹਾ। "ਸਰਕਾਰ ਨੇ ਦੂਸ਼ਣ ਲਾਇਆ ਕਿ ਇਹ ਸਭ ਤਸ਼ੱਦਦ ਦੀਆਂ ਕਾਰਵਾਈਆਂ ਮਹਾਤਮਾ ਗਾਂਧੀ ਦੇ ਇਸ਼ਾਰੇ 'ਤੇ ਹੋਈਆਂ ਨੇ। ਸਰਕਾਰ ਨੇ ਦੇਸ਼ਾਂ ਪਰਦੇਸ਼ਾਂ ਵਿੱਚ ਢੰਡੋਰਾ ਪਿਟਿਆ ਕਿ ਕਾਂਗਰਸ ਨੇ ਇਹ ਸਕੀਮ ਅੰਦਰ ਖ਼ਾਨੇ ਪਹਿਲਾਂ ਹੀ ਬਣਾਈ ਹੋਈ ਸੀ। ਕਾਂਗਰਸ ਅਹਿੰਸਾ ਦੇ ਅਸੂਲ ਨੂੰ ਛੱਡ ਕੇ ਹੁਣ ਹਿੰਸਾ ਦੇ ਰਾਹ 'ਤੇ ਪੈ ਗਈ ਹੈ। ਮਹਾਤਮਾ ਗਾਂਧੀ ਨੇ ਏਸ ਗੱਲ ਦਾ ਵਰੋਧ ਕੀਤਾ ਤੇ ਰੋਸ ਵਜੋਂ ਭੁੱਖ ਹੜਤਾਲ ਕਰ ਦਿੱਤੀ। ਇਹਨੂੰ ਮਰਨ-ਵਰਤ ਨਹੀਂ ਕਿਹਾ ਜਾ ਸਕਦਾ। ਕਿਉਂਕਿ ਗਾਂਧੀ ਜੀ ਨੇ ਪਹਿਲਾਂ ਐਲਾਨ ਕਰਕੇ ਇੱਕੀ ਦਿਨ ਦਾ ਵਰਤ ਰਖਿਆ ਏ।"

"ਪਰ ਪਿੰਡਾਂ ਵਿੱਚ ਤਾਂ ਬੜੇ ਹਵਾੜੇ ਉਡਦੇ ਨੇ ਪਏ। ਸੁਣਿਆਂ ਏ, ਮਹਾਤਮਾ ਗਾਂਧੀ ਦੀ ਹਾਲਤ ਬੜੀ ਮਾੜੀ ਹੋ ਗਈ ਏ। ਰੱਬ ਨਾ ਕਰੇ, ਜੇ ਉਹਨੂੰ ਕੁਛ ਹੋ ਗਿਆ ਤਾਂ....।" ਟਹਿਲ ਸਿੰਘ ਨੇ ਆਖ਼ਰੀ ਵਾਕ ਅਧੂਰਾ ਛੱਡ ਦਿੱਤਾ।

"ਹਾਂ। ਕਿਸੇ ਹੱਦ ਤੱਕ ਇਹ ਅਫ਼ਵਾਹਾਂ ਸੱਚੀਆਂ ਨੇ। ਮਹਾਤਮਾ ਗਾਂਧੀ ਨੂੰ ਕੁਛ ਹੋ ਗਿਆ, ਤਾਂ ਅਜੇਹੀ ਅੱਗ ਭੜਕ ਉਠੇਗੀ, ਜਿਸ ਨੂੰ ਕੋਈ ਵੀ ਬੁਝਾ ਨਹੀਂ ਸਕੇਗਾ। ਸਰਕਾਰੀ ਲੋਕਾਂ ਵਾਸਤੇ ਉਹ ਦਿਨ ਪਰਲੋ ਦਾ ਹੋਵੇਗਾ। ਉਹਨਾਂ ਦੇ ਟੈਂਕ ਤੇ ਤੋਪਾਂ ਵੀ ਉਸ ਗ਼ੁੱਸੇ ਨੂੰ ਠੰਡਾ ਨਹੀਂ ਕਰ ਸਕਣਗੀਆਂ। ਵਾਹਿਗੁਰੂ ਅੱਗੇ ਅਰਦਾਸ ਕਰਿਆ ਕਰੋ ਕਿ ਇੱਕੀ ਦਿਨਾਂ ਦਾ ਵਰਤ ਸੁੱਖ ਸੁੱਖਾਂ ਨਾਲ ਨਿਭ ਜਾਏ 'ਤੇ ਮਹਾਤਮਾ ਜੀ ਨਵੇਂ ਨਰੋਏ ਏਸ ਛਿਲੇ ਤੋਂ ਉਠ ਬੈਠਣ। ਨਹੀਂ ਤਾਂ....ਨਹੀਂ ਤਾਂ....। ਅਜੇ ਕੁਛ ਨਹੀਂ ਕਿਹਾ ਜਾ ਸਕਦਾ।" ਬਾਬੇ ਅਕਾਲੀ ਨੇ ਸਿਰ ਫੇਰਦਿਆਂ ਬੜੀ ਚਿੰਤਾ ਭਰੀ ਵਾਜ ਵਿੱਚ ਕਿਹਾ।

"ਭਲਾ ਕਿੰਨੇ-ਕੁ ਲੋਕ ਕੈਦ ਹੋ ਗਏ ਹੋਣਗੇ ਹੁਣ ਤਕ ?" ਮਿਲਖਾ ਸਿੰਘ ਨੇ ਗੱਲ ਜਾਰੀ ਰੱਖਣ ਦੇ ਇਰਾਦੇ ਨਾਲ ਸਵਾਲ ਕੀਤਾ।

"ਕੋਈ ਸਹੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਨਾਲੇ ਅਜੇ ਕਿਹੜਾ ਮੋਰਚਾ ਫ਼ਤਹਿ ਹੋ ਗਿਆ ਏ। ਸਹਿਜ-ਸਹਿਜ ਲੋਕ ਜਾ ਈ ਰਹੇ ਨੇ। ਚੌਥ ਮੈਂ ਵੀ ਚਲਾ ਜਾਵਾਂਗਾ।"

"ਬਾਬਾ 'ਕਾਲੀਆ! ਮੈਂ ਵੀ ਤੇਰੇ ਨਾਲ ਚਲਾਂਗਾ। ਕੀ ਪਤਾ, ਫੇਰ ਕੋਈ ਮੋਰਚਾ ਲੱਗਣਾ ਏਂ ਕਿ ਨਹੀਂ। ਜਾਂਦੀ ਵਾਰ ਦਾ ਹਿੱਸਾ ਪਾ ਛੱਡੀਏ।" ਟਹਿਲ ਸਿੰਘ ਨੇ ਬੜੀ ਗੰਭੀਰ ਤੇ ਦ੍ਰਿੜ ਸੁਰ ਵਿੱਚ ਕਿਹਾ।

"ਛੜਿਆ! ਚਲਣਾ ਏਂ ਤੂੰ ਵੀ ?" ਦੀਪ ਸਿੰਘ ਨੇ ਠੱਠੇ ਨਾਲ ਧਰਮ ਸਿੰਘ ਨੂੰ ਪੁੱਛਿਆ।

"ਕਿਉਂ ਨਹੀਂ। ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਸਹਿਣ ਨੂੰ ਰਿੱਛ। ਨਿੱਘੀਆਂ ਬੁੱਕਲਾਂ ਦੀਆਂ ਮੌਜਾਂ ਲੁੱਟਣ ਨੂੰ ਤੁਸੀਂ ਤੇ ਜੇਲ੍ਹ ਜਾਣ ਨੂੰ ਛੜਾ। ਅੱਜ ਤੱਕ ਮੇਰੇ ਸਿਰ ਕੀ ਸ੍ਹਾਨ ਕੀਤਾ ਜੇ, ਜਿਹੜਾ ਮੈਨੂੰ ਵੰਗਾਰਦੇ ਜੇ।" ਧਰਮ ਸਿੰਘ ਨੇ ਅੱਗੋਂ ਫਿਕੀ ਜੇਹੀ ਹਾਸੀ ਹਸਦਿਆਂ ਕਿਹਾ।

"ਪੁੱਤ ਦੀਪ ਸਿਹਾਂ! ਬਾਬੇ ਅਕਾਲੀ ਨੇ ਬੜੇ ਠਰ੍ਹੰਮੇ ਨਾਲ ਕਿਹਾ। "ਵਚਾਰੇ ਧਰਮ ਸੁੰਹ ਨੂੰ ਹਾਸਾ-ਠੱਠਾ ਖ਼ੁਸ਼ੀ ਕਰੋ। ਸਾਰੇ ਲੋਕ ਕਿਸੇ ਵੀ ਲਹਿਰ ਵਿੱਚ ਨਹੀਂ ਜਾਇਆ ਕਰਦੇ। ਤੇ ਨਾ ਹੀ ਸਾਰਿਆਂ ਦੇ ਜਾਣ ਦੀ ਲੋੜ ਹੁੰਦੀ ਹੈ। ਨਾ ਹੀ ਮੈਂ ਸਾਰਿਆਂ ਨੂੰ ਜਾਣ ਵਾਸਤੇ ਕਹਿੰਦਾਂ। ਹਾਂ, ਸਾਰਿਆਂ ਦੀ ਹਮਦਰਦੀ ਜ਼ਰੂਰ ਹੋਣੀ ਚਾਹੀਦੀ ਹੈ। ਤੇ ਹਮਦਰਦੀ ਹੈ ਵੀ। ਜਿਹੜੇ ਦੇਸੀ ਅਫ਼ਸਰ ਇਸ ਵੇਲੇ ਸਰਕਾਰ ਦਾ ਸਾਥ ਦੇ ਰਹੇ ਨੇ, ਦਿਲੋਂ ਉਹ ਵੀ ਸਾਡੇ ਨਾਲ ਹਨ। ਤੁਹਾਨੂੰ ਪਤਾ ਹੋਵੇਗਾ, ਕਿ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਇਕ ਵੱਡੇ ਆਦਮੀ (ਸਰ ਸੀ. ਪੀ. ਰਾਮਾਸਵਾਮੀ ਅੱਯਰ) ਨੇ ਅਸਤੀਫ਼ਾ ਦੇ ਦਿੱਤਾ ਏ। ਕੇਈਆਂ ਹੋਰ ਅਫ਼ਸਰਾਂ ਨੇ ਵੀ ਨੌਕਰੀਆਂ ਛੱਡ ਦਿੱਤੀਆਂ ਨੇ। ਇਹ ਥੋੜ੍ਹੀ ਕੁਰਬਾਨੀ ਏ ? ਦੂਜੇ ਪਾਸੇ ਕੇਈ ਅੱਗੇ ਹੋ-ਹੋ ਕੇ ਨਾਹਰੇ ਲੌਣ ਵਾਲੇ ਕਾਂਗਰਸੀ ਵੀ ਡਰ ਕੇ ਦੜ ਵੱਟ ਗਏ ਨੇ। ਕੇਈਆਂ ਨੇ ਡਰਦਿਆਂ, ਘਰਾਂ ਵਿੱਚ ਪਈਆਂ ਕਾਂਗਰਸ ਦੀਆਂ ਭਰਤੀ ਦੀਆਂ ਪਰਚੀਆਂ ਤਕ ਸਾੜ ਛੱਡੀਆਂ ਨੇ। ਹਰ ਇਕ ਤਾਂ ਕੁਰਬਾਨੀ ਨਹੀਂ ਨਾ ਕਰ ਸਕਦਾ। ਪਰ ਮੈਂ ਉਹਨਾਂ ਨੂੰ ਵੀ ਬੁਰਾ ਨਹੀਂ ਕਹਿੰਦਾ। ਉਹਨਾਂ ਸਾਹਮਣੇ ਕੇਈ ਮਜਬੂਰੀਆਂ ਹਨ। ਵੈਸੇ ਦਿਲੋਂ ਉਹ ਵੀ ਆਜ਼ਾਦੀ ਦੇ ਚਾਹਵਾਨ ਹਨ। ਨਾਲੇ ਸਾਰਿਆਂ ਵਾਸਤੇ ਜੇਲ੍ਹਾਂ ਵਿੱਚ ਥਾਂ ਹੀ ਕਿੱਥੇ ਹੈ? ਵੇਖੋ, ਆਪਣੇ ਪਿੰਡ ਦੀ ਅਬਾਦੀ ਮਸਾਂ ਇਕ ਹਜ਼ਾਰ ਹੋਵੇਗੀ। ਤੇ ਅਸੀਂ ਦੋ ਏਥੋਂ ਚੱਲੇ ਆਂ। ਏਸ ਤਰ੍ਹਾਂ ਹਰ ਪੰਜ ਸੌ ਬੰਦੇ ਪਿੱਛੇ ਇਕ ਜਣਾ ਮੋਰਚੇ ਵਿੱਚ ਜਾਏ, ਤਾਂ ਹਸਾਬ ਲਾਓ, ਕਿ ਪੈਂਤੀ ਕਰੋੜ ਪਿੱਛੇ ਕਿੰਨੇ ਬਣ ਗਏ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਤਕਿਆ।

ਸਾਰੇ ਅੱਗੋਂ ਸਹਿਜ-ਸਹਿਜ ਸਿਰ ਹਿਲਾ ਰਹੇ ਸਨ। ਏਡੀ ਛੇਤੀ ਹਿਸਾਬ ਲਾ ਲੈਣ ਦੀ ਸੂਝ-ਬੂਝ ਕਿਸੇ ਵਿੱਚ ਵੀ ਨਹੀਂ ਸੀ।

"ਚਲੋ ਉਠੋ, ਚਲੀਏ। ਸਾਡੇ ਪਿੱਛੋਂ ਇਤਫ਼ਾਕ ਨਾਲ ਰਿਹੋ। ਕੋਈ ਹੋਰ ਗੜਬੜ ਨਾ ਕਰਿਓ। ਅੱਗੇ ਸੱਜਣ ਸੁੰਹ ਤੇ ਇਲਮ ਦੀਨ ਦੇ ਝਗੜੇ ਬਾਰੇ ਸੁਣ ਕੇ ਮੇਰਾ ਦਿਲ

ਦੁਖਿਆ ਸੀ। ਮੈਂ ਪਿੰਡ ਹੁੰਦਾ, ਤਾਂ ਏਹੋ ਜੇਹੀ ਘਟਨਾ ਕਦੇ ਨਾ ਹੋਣ ਦੇਂਦਾ।" ਬਾਬੇ ਅਕਾਲੀ ਨੇ ਸਿਰ ਫੇਰਦਿਆਂ ਕਿਹਾ।

"ਹਾਂ, ਤੂੰ ਓਦੋਂ ਜੇਲ੍ਹ ਵਿੱਚ ਸੈਂ, ਪਿਛਲੇ ਮੋਰਚੇ ਵਿੱਚ।" ਟਹਿਲ ਸਿੰਘ ਨੇ ਗੱਲ ਸਪੱਸ਼ਟ ਕਰਦਿਆਂ ਕਿਹਾ।

ਹਨ੍ਹੇਰਾ ਵਾਹਵਾ ਹੋ ਚੱਲਿਆ ਸੀ। ਬਾਬਾ ਅਕਾਲੀ ਉਠ ਕੇ ਘਰ ਨੂੰ ਤੁਰ ਪਿਆ। ਉਹਦੇ ਮਗਰੇ ਬਾਕੀ ਸੱਜਣ ਵੀ ਉਠ ਕੇ ਤੁਰ ਪਏ। ਪਰ ਸਾਰਿਆਂ ਦੇ ਦਿਲਾਂ ਵਿੱਚ ਹਲਚਲ ਮੱਚੀ ਹੋਈ ਸੀ। ਉਹਨਾਂ ਅੰਦਰ ਕਾਂਗਰਸ ਨਾਲ ਹਮਦਰਦੀ ਤੇ ਅੰਗਰੇਜ਼ਾਂ ਵਰੁੱਧ ਘ੍ਰਿਣਾ ਸੀ। ਉਹ ਵੀ ਮੋਰਚੇ ਵਿੱਚ ਹਿੱਸਾ ਲੈਣਾ ਚਾਹੁੰਦੇ ਸਨ। ਕੋਈ ਸੱਤਿਆਗ੍ਰਹਿ ਕਰਕੇ ਜੇਲ੍ਹ ਜਾਣ ਤੇ ਕਈ ਸਰਕਾਰ ਦੇ ਵਰੁੱਧ ਹਥਿਆਰਬੰਦ ਟਾਕਰਾ ਕਰਨ ਬਾਰੇ ਸੋਚ ਰਹੇ ਸਨ। ਪਰ ਉਹ ਆਪਣੀਆਂ ਮਜਬੂਰੀਆਂ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਨਹੀਂ ਸਨ ਲੱਭ ਰਹੇ।

ਉਹ ਸਾਰੀ ਰਾਤ ਬਾਬਾ ਅਕਾਲੀ ਆਪਣੇ ਅੰਦਰ ਟਹਿਲਦਾ ਰਿਹਾ। ਉਹ ਨਾ ਚਾਹੁੰਦਾ ਹੋਇਆ ਵੀ ਬਹੁਤ ਕੁਛ ਸੋਚ ਰਿਹਾ ਸੀ। 'ਬੱਸ, ਭਲਕ ਦਾ ਦਿਨ ਹੋਰ। ਖੇਮ ਕੁਰੇ! ਮੈਂ ਕਦੇ ਦਾ ਮੋਰਚੇ ਵਿੱਚ ਚਲਾ ਜਾਂਦਾ, ਪਰ ਮੈਂ ਇਸ ਵਾਰ ਮਨ ਨੂੰ ਮਨਾ ਨਹੀਂ ਸਕਿਆ। ਭਲਕ ਦਾ ਦਿਨ....ਤੈਨੂੰ ਚੇਤਾ ਏ ਨਾਂ....ਲੈ ਖਾਂ। ਕਦੇ ਭੁੱਲ ਸਕਦਾ ਏ?....ਤੂੰ ਭਾਵੇਂ ਇਹ ਮੇਰੀ ਕਮਜ਼ੋਰੀ ਈ ਸਮਝੇਂ। ਪਰ ਮੈਂ ਇਸ ਮੋਹ ਨੂੰ ਤਿਆਗ ਨਹੀਂ ਸਕਿਆ। ਸੋ ਭਲਕ ਦਾ ਦਿਨ ਮੈਂ ਤੇਰੇ ਏਸੇ ਕਮਰੇ ਵਿੱਚ ਗੁਜ਼ਾਰਨਾ ਚੌਂਹਦਾ ਹਾਂ। ਪਰਸੋਂ ਜ਼ਰੂਰ ਤੁਰ ਜਾਵਾਂਗਾ। ਤੇਰੀ....ਤੇਰੀ ਯਾਦ....। ਹਾਂ, ਤੂੰ ਸਦਾ ਮੇਰੇ ਨਾਲ ਏਂ, ਸਦਾ।'

ਅਗਲੀ ਰਾਤ ਵੀ ਬਾਬੇ ਅਕਾਲੀ ਨੇ ਏਸੇ ਤਰ੍ਹਾਂ ਗੁਜ਼ਾਰੀ ਤੇ ਅਗਲੇਰੇ ਦਿਨ ਉਹ ਕਮਰ-ਕਸਾ ਕਰਕੇ ਤੁਰ ਗਿਆ।

ਤਰਨਤਾਰਨ ਮਸਿਆ ਦਾ ਬੜਾ ਭਾਰਾ ਮੇਲਾ ਸੀ। ਸਾਰੇ ਬਾਜ਼ਾਰ ਭੀੜ ਨਾਲ ਭਰੇ ਹੋਏ ਸਨ। ਤਸੀਲ ਦੇ ਚੌਂਕ ਵਿੱਚ ਉੱਚੇ ਥਾਂ 'ਤੇ ਖਲੋ ਹੋ ਕੇ ਬਾਬੇ ਅਕਾਲੀ ਨੇ ਉੱਚੀ-ਉੱਚੀ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ, "ਉ, ਅੰਗਰੇਜ਼ੋ! ਤੇ ਅੰਗਰੇਜ਼ਾਂ ਦੇ ਚੇਲੇ-ਚਾਟੜਿਓ! ਸੁਣੋ। ਕੰਨ ਖੋਲ੍ਹ ਕੇ ਸੁਣੋ। ਅਸੀਂ ਸਾਰੇ ਮਹਾਤਮਾ ਗਾਂਧੀ ਦੇ ਨਾਲ ਜੇ। ਮੈਂ ਏਥੇ ਅੱਜ ਸੱਤਿਆਗ੍ਰਹਿ ਕਰਨ ਵਾਸਤੇ ਆਇਆ ਜੇ। ਮੈਂ ਮਹਾਤਮਾ ਗਾਂਧੀ ਦੇ ਅਲਾਨ ਨੂੰ ਦੁਹਰੌਂਦਾ ਆਂ, ਕਿ 'ਅੰਗਰੇਜ਼ੋ! ਹਿੰਦੁਸਤਾਨ 'ਚੋਂ ਨਿਕਲ ਜਾਓ, ਨਿਕਲ ਜਾਓ।' ਭਰਾਵੋ! ਤੁਸੀਂ ਵੀ ਮੇਰੀ ਬੇਨਤੀ ਸੁਣ ਲਵੋ। ਅਸੀਂ ਦੇਸ਼ ਦੀ ਆਜ਼ਾਦੀ ਬਦਲੇ ਅੰਗਰੇਜ਼ ਸਰਕਾਰ ਨਾਲ ਲੜ ਰਹੇ ਹਾਂ। ਤੁਸੀਂ ਸਾਡੀ ਮਦਦ ਕਰੋ। ਤੁਸੀਂ ਕੋਈ ਸਰਕਾਰ ਨੂੰ ਵਾਰ-ਫੰਡ ਨਾ ਦਿਹੋ। ਫ਼ੌਜ ਵਿੱਚ ਭਰਤੀ ਨਾ ਹੋਵੋ, ਤੇ....ਤੇ..... ਕਿਸੇ ਕਿਸਮ ਦਾ ਸਰਕਾਰ ਨਾ ਮਿਲਵਰਤਣ ਨਾ ਕਰੋ। ਜਿੱਥੇ ਕੋਈ ਅੰਗਰੇਜ਼ ਜਾਂ ਸਰਕਾਰੀ ਅਫ਼ਸਰ ਦਿਸੇ, ਲਲਕਾਰ ਕੇ ਆਖੋ, 'ਅੰਗਰੇਜ਼ੋ! ਏਥੋਂ ਨਿਕਲ ਜਾਓ'।"

ਬਾਬਾ ਅਕਾਲੀ ਓਨਾ ਚਿਰ ਏਸੇ ਤਰ੍ਹਾਂ ਉੱਚੀ ਬਾਂਹ ਕਰਕੇ ਨਾਹਰੇ ਲਾਉਂਦਾ ਰਿਹਾ, ਜਿੰਨਾ ਚਿਰ ਪੋਲੀਸ ਹਥਕੜੀਆਂ ਲੈ ਕੇ ਨਾ ਆ ਪਹੁੰਚੀ। ਲਾਲ ਪਟਕਿਆਂ ਵਾਲਿਆਂ ਨੂੰ ਵੇਖ ਕੇ ਉਹਨੇ ਸਾਰੇ ਜ਼ੋਰ ਨਾਲ ਨਾਹਰੇ ਲਾਏ, 'ਅੰਗਰੇਜ਼ੋ! ਹਿੰਦੁਸਤਾਨ ਛੱਡ ਜਾਓ। ਅੰਗਰੇਜ਼ੋ! ਸਾਡੇ ਦੇਸ਼ 'ਚੋਂ ਨਿਕਲ ਜਾਓ।"

ਬਾਬੇ ਅਕਾਲੀ ਨੂੰ ਹਥਕੜੀ ਲਾ ਕੇ ਪੋਲੀਸ ਵਾਲੇ ਤੁਰਨ ਲੱਗੇ, ਤਾਂ ਲਾਗੇ ਖਲਾ ਟਹਿਲ ਸਿੰਘ ਸਾਰੇ ਟਿੱਲ ਨਾਲ ਬੋਲ ਉੱਠਿਆ।

"ਉਏ ਖਲੋ ਜਾਇਓ ਉਇ ਇਕ ਮਿੰਟ। ਮੈਂ ਵੀ ਇਹਦੇ ਨਾਲ ਜੇ।" ਹੱਥ ਦੇ ਇਸ਼ਾਰੇ ਨਾਲ ਪੋਲੀਸ ਨੂੰ ਰੋਕਦਾ ਹੋਇਆ, ਟਹਿਲ ਸਿੰਘ, ਬਾਬੇ ਅਕਾਲੀ ਵਾਲੀ ਥਾਂ 'ਤੇ ਚੜ੍ਹ ਖਲਾ। "ਮੈਨੂੰ ਲੜਾ ਲਚਕਰ ਕਰਨਾ ਨਹੀਂ ਜੇ ਔਂਦਾ। ਮੈਂ ਤਾਂ ਸਿੱਧੀ ਆਖਾਂਗਾ। ਅੰਗਰੇਜ਼ੋਂ ਏਥੋਂ ਨਿਕਲ ਜਾਓ, ਨਿਕਲ ਜਾਓ'।" ਸਾਰੇ ਟਿੱਲ ਨਾਲ ਉਹਨੇ ਦੋਵੇਂ ਬਾਂਹੀਂ ਉੱਚੀਆਂ ਕਰਕੇ ਕਿਹਾ। ਜੋਸ਼ ਨਾਲ ਉਹਦਾ ਚਿਹਰਾ ਭਖ ਕੇ ਲਾਲ ਹੋ ਗਿਆ, ਤੇ ਰੋਹ ਵਿੱਚ ਮੁੱਠਾਂ ਮੀਟੀਆਂ ਗਈਆਂ। "ਲਓ ਹੁਣ ਮਾਰ ਲੋ ਹਥਕੜੀ।" ਉਹਨੇ ਦੋਵੇਂ ਬਾਂਹੀਂ ਅਗ੍ਹਾਂ ਵਧਾ ਦਿੱਤੀਆਂ।

× × ×

ਮਹਾਤਮਾ ਗਾਂਧੀ ਪੂਨੇ ਦੇ 'ਆਗ਼ਾ ਖ਼ਾਂ ਮਹਿਲ' ਵਿੱਚ ਬੰਦ ਸੀ। ਉਸ ਦੀ ਧਰਮ-ਪਤਨੀ ਕਸਤੂਰਬਾ ਬਾਈ, ਮੀਰਾਂ ਭੈਣ ਤੇ ਸਰੋਜਨੀ ਨਾਇਡੋ ਵੀ ਉਹਨਾਂ ਦੇ ਕੋਲ ਸਨ। ਸਰਕਾਰ ਨੇ ਖੁੱਲ੍ਹੇ ਆਮ ਮਹਾਤਮਾ ਗਾਂਧੀ ਸਿਰ ਦੋਸ਼ ਥੱਪੇ ਕਿ ਸਭ ਤਸ਼ਦੱਦ ਭਰੀ ਗੜਬੜ ਗਾਂਧੀ ਦੇ ਹੁਕਮ ਜਾਂ ਇਸ਼ਾਰੇ ਉੱਤੇ ਹੋਈ ਹੈ। ਗਾਂਧੀ ਜੀ ਨੇ ਇਸ ਦੂਸ਼ਣ ਦੇ ਵਰੁੱਧ ਸਖ਼ਤ ਰੋਸ ਪ੍ਰਗਟ ਕੀਤਾ ਤੇ ਜੇਲ੍ਹ ਦੇ ਅੰਦਰ ਇਕੀ ਦਿਨ ਦਾ ਵਰਤ ਰਖਿਆ। ਭੁੱਖ ਹੜਤਾਲ ਨੌਂ ਫਰਵਰੀ 1943 ਨੂੰ ਸ਼ੁਰੂ ਹੋਈ ਹੈ। ਵਰਤ ਦੇ ਚੌਥੇ ਪੰਜਵੇਂ ਦਿਨ ਤੋਂ ਹੀ ਗਾਂਧੀ ਜੀ ਦੀ ਹਾਲਤ ਵਿਗੜਨੀ ਸ਼ੁਰੂ ਹੋ ਗਈ। ਦਸ-ਬਾਰਾਂ ਦਿਨ ਬੀਤਣ ਤੇ ਤਾਂ ਹਾਲਤ ਬਹੁਤ ਹੀ ਖ਼ਰਾਬ ਹੋ ਗਈ। ਡਾਕਟਰਾਂ ਨੇ ਵੇਖ ਭਾਲ ਕਰਕੇ ਡਾਢੀ ਚਿੰਤਾ ਪ੍ਰਗਟ ਕੀਤੀ। ਉਸ ਵੇਲੇ ਦੇਸ਼ ਵਿੱਚ ਬਹੁਤ ਹੀ ਘਬਰਾਹਟ ਤੇ ਚਿੰਤਾ ਸੀ। ਅੰਗਰੇਜ਼ਾਂ ਦੇ ਵਰੁੱਧ ਰੋਸ ਦਾ ਪਿਆਲਾ ਭਰਿਆ ਹੋਇਆ ਜਾਪਦਾ ਸੀ। ਕਿਹਾ ਨਹੀਂ ਜਾ ਸਕਦਾ, ਕਿ ਕੋਈ ਅਭੀ-ਨਭੀ ਹੋ ਜਾਂਦੀ, ਤਾਂ ਉਹਦਾ ਸਿੱਟਾ ਕੀ ਨਿਕਲਦਾ ? ਪੰਦਰਵੇਂ-ਸੋਲ੍ਹਵੇਂ ਦਿਨ ਗਾਂਧੀ ਜੀ ਦੀ ਹਾਲਤ ਕੁਛ ਸੁਧਰਨੀ ਆਰੰਭ ਹੋ ਗਈ। ਇੱਕੀ ਦਿਨ ਪੂਰੇ ਹੋਣ ਉੱਤੇ ਤਿੰਨ ਮਾਰਚ ਨੂੰ ਮਹਾਤਮਾ ਗਾਂਧੀ ਜੀ ਨੇ ਵਰਤ ਛੱਡਿਆ, ਤਾਂ ਲੋਕਾਂ ਨੇ ਕੁਛ ਸੌਖਾ ਸਾਹ ਲਿਆ।

ਅਗਲੇ ਸਾਲ (1943) ਅਪ੍ਰੈਲ ਵਿੱਚ ਮਹਾਤਮਾ ਗਾਂਧੀ ਜੀ ਬੀਮਾਰ ਪੈ ਗਏ। ਬੀਮਾਰੀ ਕਾਫ਼ੀ ਵਧ ਗਈ। ਏਥੋਂ ਤਕ ਕਿ ਡਾਕਟਰਾਂ ਨੇ ਬੜੀ ਭਾਰੀ ਚਿੰਤਾ ਪ੍ਰਗਟ ਕੀਤੀ। ਇਸ ਵਾਸਤੇ ਸਰਕਾਰ ਨੇ ਛੇ ਮਈ ਨੂੰ ਗਾਂਧੀ ਜੀ ਨੂੰ 'ਬੀਮਾਰੀ ਦੇ ਕਾਰਨ'

ਰਿਹਾਅ ਕਰ ਦਿੱਤਾ। ਉਹਨਾਂ ਦੇ ਨਾਲ ਕੁਛ ਹੋਰ ਸਾਥੀ ਵੀ ਛੱਡ ਦਿੱਤੇ ਗਏ।

ਸੱਤ ਮਈ (1945) ਨੂੰ ਯੂਰਪ ਦੀ ਜੰਗ ਖ਼ਤਮ ਹੋ ਗਈ। ਅੰਗਰੇਜ਼ਾਂ ਦਾ ਧੜਾ ਯੁੱਧ ਵਿੱਚ ਜਿੱਤ ਗਿਆ। ਇਕ ਸਾਰੇ ਸੰਸਾਰ ਨੇ ਸੁੱਖ ਦਾ ਸਾਹ ਲਿਆ। ਅੰਗਰੇਜ਼ੀ ਸਰਕਾਰ ਨੇ ਛੇਤੀ ਹੀ ਹਿੰਦੁਸਤਾਨ ਨੂੰ ਕੁਛ ਦੇਣ ਦਾ ਐਲਾਨ ਕੀਤਾ ਤੇ ਸਹਿਜ-ਸਹਿਜ ਸਾਰੇ ਕਾਂਗਰਸੀ ਰਿਹਾਅ ਕਰ ਦਿੱਤੇ।

## 29

ਧੰਨੇ ਸ਼ਾਹ ਆਪਣੇ ਮਿਥੇ ਹੋਏ ਟੀਚੇ 'ਤੇ ਅਜੇ ਨਹੀਂ ਪਹੁੰਚ ਸੱਕਿਆ। ਉਹਦਾ ਨਸ਼ਾਨਾ ਸੀ ਤੂਤਾਂ ਵਾਲੇ ਖੂਹ ਦੀ ਸੋਲਾਂ ਦੀ ਸੋਲਾਂ ਵਿਘੇ ਜ਼ਮੀਨ ਹਾਸਲ ਕਰਨਾ। ਪਰ ਪੱਕੀ ਤਰ੍ਹਾਂ ਉਹਦੇ ਵਿੱਚੋਂ ਉਹ ਅਜੇ ਇਲਮ ਦੀਨ ਦੇ ਹਿੱਸੇ ਦੀ ਚਾਰ ਵਿਘੇ ਹੀ ਪਰਾਪਤ ਕਰ ਸਕਿਆ ਸੀ। ਕਰਮ ਦੀਨ ਵਾਲੀ ਚਾਰ ਵਿਘੇ ਉਹਨੇ ਗਹਿਣੇ ਕਰਵਾ ਲਈ ਸੀ। ਉਸ ਦੀ ਉਹਨੂੰ ਬਹੁਤ ਚਿੰਤਾ ਨਹੀਂ ਸੀ। ਉਹਨੂੰ ਯਕੀਨ ਸੀ ਕਿ ਥੋੜ੍ਹੀ ਬਹੁਤੀ ਰਕਮ ਹੋਰ ਦੇ ਕੇ ਕਿਸੇ ਵੇਲੇ ਵੀ ਉਹ ਚਾਰ ਵਿਘੇ ਬੈਅ ਲੈ ਸੱਕੇਗਾ। ਉਹ ਦਿਲ ਵਿੱਚ ਸੋਚਿਆ ਕਰਦਾ, ਸਗੋਂ ਮੁਲਕ ਦੇ ਆਜ਼ਾਦ ਹੋਣ ਤਕ ਇਹ ਸੌਦਾ ਲੰਮਾ ਹੁੰਦਾ ਜਾਵੇ, ਤਾਂ ਠੀਕ ਹੈ। ਕਾਂਗਰਸੀ ਲੀਡਰ ਮੂੰਹੋਂ-ਮੂੰਹ ਆਹੰਦੇ ਨੇ ਕਿ ਰਾਜ ਸੰਭਾਲਦਿਆਂ ਹੀ ਉਹ ਇਹ ਵਿਤਕਰੇ ਵਾਲਾ ਕਾਨੂੰਨ ਖ਼ਤਮ ਕਰ ਦੇਣਗੇ। ਫੇਰ ਹਰ ਹਿੰਦੁਸਤਾਨੀ ਨੂੰ ਜ਼ਮੀਨ ਖ਼ਰੀਦਣ ਦਾ ਹੱਕ ਹੋਵੇਗਾ। ਤੇ ਇਹ ਐਲਾਨ ਅਸੀਂ ਜ਼ੋਰ ਦੇ ਕੇ ਸਭ ਤੋਂ ਪਹਿਲਾਂ ਕਰਵਾਵਾਂਗੇ। ਅਸੀਂ ਆਏ ਸਾਲ ਕਾਂਗਰਸ ਨੂੰ ਐਵੇਂ ਨਹੀਂ ਚੰਦੇ ਭਰਦੇ। ਵੀਹ ਪਾਪੜ ਵੇਲ ਕੇ, ਚੋਰੀ ਠੱਗੀ ਕਰਕੇ ਕਮਾਏ ਹੋਏ ਪੈਸੇ ਇਹਨਾਂ ਖ਼ੱਦਰ-ਪੋਸ਼ਾਂ ਨੂੰ ਪੂਜੀ ਦੇ ਨੇ। ਸਰਕਾਰ ਦੇ ਸਫ਼ੈਦ-ਪੋਸ਼ ਤੇ ਕਾਂਗਰਸ ਤੇ ਖੱਦਰ-ਪੋਸ਼। ਰਾਜ ਕਰਨ ਵਾਲੇ ਕਿੰਨੀ ਦੂਰ ਦੀ ਸੋਚਦੇ ਨੇ। ਆਪਣੀ ਬਣਨ ਵਾਲੀ ਹਕੂਮਤ ਦੇ ਥੰਮ੍ਹ ਪਹਿਲਾਂ ਹੀ ਤਿਆਰ ਕੀਤੀ ਜਾ ਰਹੇ ਨੇ। ਖ਼ੈਰ, ਸਾਨੂੰ ਕੀ ? ਸਾਡਾ ਭਲਾ ਤਾਂ ਇਹਨਾਂ ਦੇ ਨਾਲ ਰਲ ਕੇ ਈ ਏ, ਅੱਜ ਅੰਗਰੇਜ਼ ਦਾ ਰਾਜ ਏ, ਤਾਂ ਅਸੀਂ ਉਹਨਾਂ ਦੇ ਨਾਲ ਆਂ। ਭਲਕੇ ਕਾਂਗਰਸ ਦਾ ਰਾਜ ਹੋ ਜਾਇਗਾ, ਤਾਂ ਅਸੀਂ ਵੀ ਗਾਂਧੀ ਟੋਪੀ ਪਾ ਲਵਾਂਗੇ। ਲੈ, ਸਾਨੂੰ ਕੀ ਫ਼ਰਕ ਪੈ ਚੱਲਿਆ ਏ ? ਬਾਦਸ਼ਾਹ ਦੀ ਤਸਵੀਰ ਕੰਧ ਨਾਲੋਂ ਲਾਹ ਕੇ ਓਥੇ ਮਹਾਤਮਾ ਗਾਂਧੀ ਦੀ ਲਾ ਦਿਆਂਗੇ। ਤੇ ਉਹਨਾਂ ਦਾ ਭਲਾ ਵੀ ਸਾਡੇ ਨਾਲ ਰਲ ਕੇ ਈ ਏ। ਕੋਈ ਵੀ ਸਰਕਾਰ ਬਪਾਰੀ ਜਮਾਤ ਨਾਲ ਰਲ ਕੇ ਈ ਸਫ਼ਲ ਹੋ ਸਕਦੀ ਹੈ। ਆਖ਼ਰ ਭਰਾ ਭਾਈ ਤਾਂ ਸਾਡੇ ਈ ਹੋਣਗੇ ਨਾ। ਰਲ ਕੇ ਚੱਲਾਂਗੇ। ਨਾਲੇ ਉਹ ਖਾਣਗੇ, ਨਾਲੇ ਅਸੀਂ। ਸੋ, ਪਹਿਲਾ ਕਾਨੂੰਨ ਅਸੀਂ ਇਹ ਪਾਸ ਕਰਵਾਵਾਂਗੇ ਕਿ ਜ਼ਮੀਨ ਖ਼ਰੀਦਣ ਦਾ ਸਭ ਨੂੰ ਹੱਕ ਹੈ। ਇਹ ਜ਼ਰਾਇਤ ਪੇਸ਼ਾ ਤੇ ਗ਼ੈਰ-ਜ਼ਰਾਇਤ ਪੇਸ਼ਾ ਦਾ ਸਵਾਲ ਨਹੀਂ ਰਹਿਣ ਦਿੱਤਾ ਜਾਵੇਗਾ। ਫੇਰ ਮੈਂ ਕਰਮ ਦੀਨ ਤੋਂ ਸਿੱਧੀ

ਰਜਿਸਟਰੀ ਕਰਵਾ ਸਕਾਂਗਾ। ਵਿੱਚੋਂ ਲੱਖਾ ਸਿਹੁੰ ਵਾਲਾ ਵਚੋਲਪੁਣਾ ਵੀ ਮੁੱਕ ਜਾਇਗਾ। ਚੰਗਾ ਏ ਲੱਖਾ ਸਿਹੁੰ ਅਜੇ ਤਕ, ਪਰ ਬੰਦੇ ਦਾ ਮਨ ਬਦਲਦਿਆਂ ਕਿਹੜਾ ਚਿਰ ਲੱਗਦਾ ਏ। ਨਾ ਜਾਣੀਏਂ ਜੱਟ ਬਾਵਾ ਸਿਰ ਫੇਰ ਦੇਵੇ, ਤਾਂ ਕੀ ਕਰ ਲਵਾਂਗੇ। ਕਰਜ਼ੇ ਦੇ ਦਾਹਵੇ ਕਰਦੇ ਫਿਰੋ ਪਿੱਛੋਂ। ਚਲੋ ਜੇਹੋ ਜਿਹਾ ਸਮਾਂ ਆਵੇਗਾ, ਵੇਖ ਵਰਤ ਲਵਾਂਗੇ। ਅਜੇ ਜਿੰਨਾ ਚਿਰ ਸਿਰ ਉਹਦੇ ਹੇਠ ਏ, ਓਨਾ ਚਿਰ ਤਾਂ ਨਿਉਂ ਕੇ ਈ ਕੱਟਣੀ ਪਵੇਗੀ। ਪੰਚਤੰਤਰ ਵਾਲਾ ਵੀ ਲਿਖਦਾ ਏ ਨਾ....ਛੱਡੋ ਪੰਚ-ਤੰਤਰ ਵਾਲੇ ਨੂੰ। ਵਧੇਰੇ ਸੋਚਣ ਵਾਲੀ ਗੱਲ ਤਾਂ ਏਂ ਸੱਜਣ ਸਿਹੁੰ ਦੀ। ਉਹ ਕਿਵੇਂ ਕਾਬੂ ਆਵੇ ? ਪਿੱਛੇ ਕੁੜਿਕੀ 'ਚ ਫਸਿਆ ਸੀ, ਪਰ ਇਕ ਤਰ੍ਹਾਂ ਸੁੱਕਾ ਈ ਨਿਕਲ ਗਿਆ। ਬਾਰਾਂ ਸਾਲ ਵਾਸਤੇ ਮੁਸਤਾਜਰੀ ਹੀ ਹੋਈ ਨਾ। ਅੱਖੀਂ ਮੀਟਿਆਂ ਬਾਰਾਂ ਸਾਲ ਪੁੱਜੇ ਖਲੇ ਨੇ। ਪੈਸੇ ਗਏ ਵੱਟੇ ਖਾਤੇ, ਤੇ ਪੈਲੀ ਫੇਰ ਉਹਦੀ। ਮੈਂ ਕੀ ਖੱਟਿਆ ਏਸ ਵਣਜ ਵਿੱਚੋਂ। ਆਹੰਦੇ ਹੁੰਦੇ ਨੇ, ਪਹੁੰਚਾ ਫੜਨ ਵਾਸਤੇ ਪਹਿਲਾਂ ਉਂਗਲ ਫੜੋ। ਸੋ, ਅਜੇ ਸਿਰਫ਼ ਉਂਗਲ ਕਾਬੂ ਆਈ ਏ। ਹੁਣ ਪਹੁੰਚਾ ਫੜਨ ਦਾ ਕੋਈ ਢੰਗ ਸੋਚਣਾ ਚਾਹੀਦਾ ਏ। ਜਿੰਨਾ ਚਿਰ...ਜਿੰਨਾ ਚਿਰ ਉਹ ਕਿਸੇ ਵੱਡੇ ਮੁਕੱਦਮੇ 'ਚ ਨਾ ਫਸੇ, ਸਾਡਾ ਕੰਮ ਨਹੀਂ ਬਣਨਾ। ਤੇ ਏਸ ਵਸਤੇ.....ਹਾਂ, ਓਹਾ ਬੰਦਾ ਕੰਮ ਆ ਸਕਦਾ ਏ। ਬੱਸ, ਠੀਕ ਏ। ਓਦੋਂ ਖੂਹ ਉੱਤੇ ਸੂਰ ਮਾਰ ਕੇ ਚੁਆਤੀ ਲਾਈ ਤਾਂ ਸੀ, ਪਰ ਉਹ ਧੁਖ ਕੇ ਈ ਬੁਝ ਗਈ, ਬਲੀ ਨਾ। ਹੱਛਾ, ਐਦਕੀਂ ਵੇਖੀ ਜਾਇਗੀ।'

ਧੰਨੇ ਸ਼ਾਹ ਨੂੰ ਇਉਂ ਜਾਪਣ ਲੱਗਾ, ਜਿਵੇਂ ਉਹ ਇਸ ਨਵੀਂ ਯੋਜਨਾ ਅਨੁਸਾਰ ਮੰਜ਼ਲ 'ਤੇ ਜ਼ਰੂਰ ਪਹੁੰਚ ਜਾਇਗਾ। ਉਹਨੇ ਇਕ ਵਾਰ ਫਿਰ ਚੌਧਰੀ ਫ਼ਜ਼ਲ ਹੱਕ ਦਾ ਆਸਰਾ ਲਿਆ।

ਮੁਸਲਮਲੀਗ ਦੇ ਜ਼ਹਿਰੀਲੇ ਪ੍ਰਚਾਰ ਦੇ ਕਾਰਨ, ਹਿੰਦੂ ਸਿੱਖ ਤੇ ਮੁਸਲਮਾਨ ਆਪਸ ਵਿੱਚ ਦੂਰ ਹੁੰਦੇ ਜਾ ਰਹੇ ਸਨ। ਪਾਕਿਸਤਾਨ ਦੇ ਨਾਹਰੇ ਨੇ ਹਰ ਮੁਸਲਮਾਨ ਦੇ ਦਿਲ ਦਮਾਗ਼ ਵਿੱਚ ਇਕ ਮਾਰੂ ਨਸ਼ਾ ਭਰਨਾ ਸ਼ੁਰੂ ਕਰ ਦਿੱਤਾ ਸੀ। ਨੀਤੀਵਾਨਾਂ ਦਾ ਸਿਧਾਂਤ ਹੈ, 'ਜਿਨ੍ਹਾਂ ਲੋਕਾਂ ਨੂੰ ਮਗਰ ਲਾਉਣਾ ਚਾਹੁੰਦੇ ਓ, ਉਹਨਾਂ ਨੂੰ ਕੋਈ ਅਜੇਹਾ ਨਾਹਰਾ ਦਿਹੋ, ਜੋ ਸਿੱਧਾ ਉਹਨਾਂ ਦੇ ਦਿਲ 'ਤੇ ਅਸਰ ਕਰੇ। ਫਿਰ ਉਹ ਬੁੱਧੀ ਦੀ ਆਵਾਜ਼ ਨਹੀਂ ਸੁਣਨਗੇ। ਉਹ ਕਾਠ ਦੀਆਂ ਪੁਤਲੀਆਂ ਵਾਂਗ ਤੁਹਾਡੇ ਇਸ਼ਾਰੇ 'ਤੇ ਨੱਚਣ ਲੱਗ ਪੈਣਗੇ।' ਏਹਾ ਅਸਰ 'ਪਾਕਸਤਾਨ' ਦੇ ਨਾਹਰੇ ਨੇ ਮੁਸਲਮਾਨਾਂ ਦੀ ਬਹੁ ਗਿਣਤੀ 'ਤੇ ਕੀਤਾ। ਕੁਛ ਸਿਆਣੇ ਹਿੰਦੂ ਸਿੱਖ ਸਮਝਾਉਣ ਦਾ ਯਤਨ ਕਰਦੇ, 'ਵੇਖੋ ਭਈ, ਇਕ ਦੇਸ਼ ਦੇ ਜੰਮ-ਪਲ ਹੋਣ ਕਰਕੇ ਆਪਾਂ ਸਾਰੇ ਭਾਈ ਭਾਈ ਹਾਂ।' ਤੇ ਅੱਗੋਂ ਪਾਕਿਸਤਾਨ ਦੇ ਪੁਜਾਰੀ ਮੁਸਲਮਾਨ ਮੂੰਹ-ਤੋੜ-ਜਵਾਬ ਦੇਂਦੇ, 'ਨਹੀਂ। ਅਸੀਂ ਹਿੰਦੂਆਂ ਸਿੱਖਾਂ ਦੇ ਭਾਈ ਨਹੀਂ। ਅਸੀਂ ਇਕ ਵੱਖਰੀ ਕੌਮ, ਮੁਸਲਮਾਨ ਹਾਂ, ਤੇ ਸਾਡਾ ਦੇਸ਼ ਪਾਕਿਸਤਾਨ ਹੈ।'

ਨਵਾਂ ਨਾਹਰਾ, ਨਵੇਂ ਸੁਪਨੇ ਤੇ ਨਵਾਂ ਨਸ਼ਾਨਾ, ਪਾਕਿਸਤਾਨ ਮੁਸਲਮਾਨਾਂ ਦੇ ਅੰਦਰ ਡੂੰਘਾ ਉਤਰਦਾ ਗਿਆ। ਉਤੋਂ ਫ਼ਜ਼ਲ ਹੱਕ ਵਰਗਿਆਂ ਨੇ ਐਸੇ ਢੰਗ ਨਾਲ ਪ੍ਰਚਾਰ ਕੀਤਾ ਕਿ ਮੁਸਲਮਾਨ ਗ਼ੈਰ-ਮੁਸਲਮਾਨਾਂ ਨੂੰ ਪੱਕੇ ਦੁਸ਼ਮਣ ਸਮਝਣ ਲੱਗ ਪਏ। ਜੇ ਕੋਈ ਕੌਮ-ਪ੍ਰਸਤ ਮੁਸਲਮਾਨ ਵੀ ਆਪਣੇ ਮਜ਼੍ਹਬੀ ਭਰਾਵਾਂ ਨੂੰ ਸਮਝਾਉਣ ਦਾ ਯਤਨ ਕਰਦਾ, ਤਾਂ ਉਹ ਮੁੱਸਲਮਲੀਗੀਆਂ ਵਾਸਤੇ—ਕਾਫ਼ਰ ਤੋਂ ਵੀ ਅਗ੍ਹਾਂ ਵਧ ਕੇ—ਦੂਸਰਾ ਸ਼ੈਤਾਨ ਬਣ ਜਾਂਦਾ, ਜਿਸ ਨੂੰ ਅੱਲਾਹ ਪਾਕ ਨੇ ਧੱਕੇ ਮਾਰ ਕੇ ਆਪਣੇ ਬਹਿਸ਼ਤਾਂ ਵਿੱਚੋਂ ਕੱਢ ਦਿੱਤਾ ਸੀ।

ਫ਼ਜ਼ਲ ਹੱਕ ਨੇ ਇਕ ਤੀਰ ਨਾਲ ਦੋ ਸ਼ਕਾਰ ਮਾਰਨ ਦੀ ਧਾਰ ਲਈ। ਉਹਨੇ ਆਪਣਾ ਅੱਡਾ ਪੀਰੂ ਵਾਲੇ ਜਮਾ ਲਿਆ। ਏਸ ਤਰ੍ਹਾਂ ਨਾਲੇ ਉਹ ਆਪਣੀ ਮਿਥੀ ਹੋਈ ਯੋਜਨਾ ਸਿਰੇ ਚਾੜ੍ਹ ਸਕਦਾ ਸੀ, ਨਾਲੇ ਇਸਲਾਮ ਦੀ ਸੇਵਾ ਕਰ ਸਕਦਾ ਸੀ।

ਤੂਤਾਂ ਵਾਲੇ ਖੂਹ ਉੱਤੇ ਸੂਰ ਮਾਰਨ ਵਾਲਾ ਪੁਰਾਣਾ ਕਿੱਸਾ ਉਹਨੇ ਫੇਰ ਲੋਕਾਂ ਦੇ ਸਾਹਮਣੇ ਲੈ ਆਂਦਾ। ਇਕ ਰਾਤ ਮਸੀਤ ਵਿੱਚ ਉਹਨੇ ਸਾਫ਼ ਕਹਿ ਦਿੱਤਾ, ਕਿ ਸਿੱਖਾਂ ਨੇ ਕਦੇ ਸੂਰ ਮਾਰਿਆ ਸੀ, ਤੇ ਅਸੀਂ ਬਕਰੀਦ ਵਾਲੇ ਦਿਨ ਓਸੇ ਖੂਹ ਉੱਤੇ ਗਾਂ ਦੀ ਕੁਰਬਾਨੀ ਦਿਆਂਗੇ। ਏਸ ਕੰਮ ਵਾਸਤੇ ਉਹਨੇ ਇਲਮ ਦੀਨ ਦੀ ਦੋ-ਢਾਈ ਸਾਲ ਦੀ ਬੱਗੀ ਵਹਿੜ ਵੀ ਚੁਣ ਲਈ। ਵਹਿੜ ਦੇ ਚਾਂਦੀ ਰੰਗੇ ਸਫ਼ੈਦ ਪਿੰਡੇ ਉੱਤੇ ਮਹਿੰਦੀ ਲਾ ਕੇ ਲਾਲ ਲਾਲ ਡੱਬ ਪਾਏ ਗਏ। ਉਹਦੇ ਗਲ ਵਿੱਚ ਮੌਲੀ ਦੀ ਅੱਟੀ ਤੇ ਗਾਨੀਆਂ ਪਾ ਕੇ ਉਹਨੂੰ ਸੱਜ-ਵਿਆਹੀ ਵਹੁਟੀ ਵਾਂਗ ਸ਼ੰਗਾਰ ਦਿੱਤਾ ਗਿਆ।

ਪਿੰਡ ਦੇ ਸਿੱਖ, ਆਏ ਸਾਲ ਸ਼ਹਿਰ ਵਿੱਚ ਭੇਡੂ ਦੇ ਦੁੰਬੇ ਏਸ ਤਰ੍ਹਾਂ ਸ਼ੰਗਾਰੇ ਹੋਏ ਵੇਖਿਆ ਕਰਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਇਹ ਸਜਾਏ ਹੋਏ ਜਾਨਵਰ ਬਕਰੀਦ ਦੇ ਦਿਨ ਕੁਰਬਾਨੀ ਦੇਣ ਵਾਸਤੇ ਹੁੰਦੇ ਹਨ। ਇਲਮ ਦੀਨ ਦੀ ਸ਼ੰਗਾਰੀ ਹੋਈ ਵਹਿੜ ਵੇਖ ਕੇ ਵੀ ਸਿੱਖਾਂ ਨੂੰ ਇਸ ਗੱਲ ਦਾ ਪੱਕਾ ਯਕੀਨ ਹੋ ਗਿਆ, ਕਿ ਏਥੋਂ ਦੇ ਮੁਸਲਮਾਨ ਬਕਰੀਦ ਦੇ ਦਿਨ ਗਾਂ ਹਲਾਲ ਕਰਨ 'ਤੇ ਤੁੱਲੇ ਹੋਏ ਹਨ। ਉਤੋਂ ਆਏ ਦਿਨ ਫ਼ਜ਼ਲ ਹੱਕ ਦੇ ਮਸੀਤ ਵਿੱਚ ਪ੍ਰਚਾਰ ਕਰਨ ਨਾਲ ਸਿੱਖਾਂ ਦਾ ਵਹਿਮ ਪੱਕਾ ਹੋ ਗਿਆ। ਜਿੱਥੇ ਚਾਰ ਸਿੱਖ ਮਿਲਦੇ, ਏਹਾ ਗੱਲਾਂ ਤੁਰ ਪੈਂਦੀਆਂ।

ਸਹਿਜ-ਸਹਿਜ ਇਹ ਖ਼ਬਰ ਲਾਗ ਦੇ ਪਿੰਡਾਂ ਵਿੱਚ ਖਿਲਰਨੀ ਸ਼ੁਰੂ ਹੋ ਗਈ। ਸਮਾਚਾਰ ਪਾ ਕੇ ਜੱਥੇਦਾਰ ਸੁੰਦਰ ਸਿੰਘ ਦੀ ਟੋਲੀ ਵੀ ਮੈਦਾਨ ਵਿੱਚ ਆ ਗਈ। ਆਖ਼ਰ ਪੰਥ 'ਤੇ ਭੀੜ ਬਣੀ ਵੇਖ ਕੇ ਉਹ ਕਿਵੇਂ ਚੁੱਪ ਰਹਿ ਸਕਦੇ ਸਨ ? ਆ ਪਿੰਡਾਂ ਵਿੱਚ ਧੂੰਆਂਧਾਰ ਤਕਰੀਰਾਂ ਹੋਣ ਲੱਗੀਆਂ। ਇਸ ਵਾਰ ਸੁੰਦਰ ਸਿੰਘ ਦੀ ਪ੍ਰੇਰਨਾ ਨੇ ਸੱਜਣ ਸਿੰਘ ਵੀ ਅੱਗੇ ਲਾ ਲਿਆ। ਉਹਦੇ ਵਿਹੜੇ ਵਿੱਚ ਬਹਿ ਕੇ ਚਾਹ ਪੀਂਦਿਆਂ ਜੱਥੇਦਾਰ ਸੁੰਦਰ ਸਿੰਘ ਨੇ ਬੜੇ ਤਾਹਨੇ ਭਰੇ ਢੰਗ ਨਾਲ ਕਿਹਾ, "ਵੇਖ ਉਇ ਸੱਜਣ ਸਿਹਾਂ! ਸਾਰੀ ਕਲ੍ਹੇ ਦਾ ਮੁੱਢ ਤੂੰ ਏਂ। ਤੇ ਹੁਣ ਮਰਦ ਬਣ ਕੇ ਅੱਗੇ ਲੱਗ। ਐਵੇਂ

ਗੀਦੀਪੁਣਾ ਨਾ ਵਖਾ। ਗੁਰੂ ਸਾਹਬ ਨੇ ਆਖਿਆ ਸੀ, ਤੇਲ ਵਿੱਚ ਬਾਂਹ ਭਿਉਂ ਕੇ ਤਿਲਾਂ ਦੇ ਢੇਰ ਵਿੱਚ ਖੁਭਾਅ ਦੇਈਏ। ਜਿੰਨੇ ਤਿਲ ਬਾਂਹ ਨਾਲ ਲੱਗ ਜਾਣ, ਓਨੀਆਂ ਕਸਮਾਂ ਵੀ ਮੁਸਲਮਾਨ ਖਾਏ, ਤਾਂ ਉਹਦੇ ਉਤੇ ਇਤਬਾਰ ਨਾ ਕਰੀਏ। ਤੂੰ ਗੁਰੂ ਸਾਹਬ ਦਾ ਹੁਕਮ ਭੁਲਾ ਕੇ ਇਲਮ ਦੀਨ ਨਾਲ ਸੱਜਣਤਾਈ ਬਣਾ ਲਈ। ਚੱਖ ਲਿਆ ਈ ਨਾ ਯਾਰੀ ਦਾ ਸੁਆਦ। ਫਿਰ ਉਹਨਾਂ ਆਪੇ ਈ ਸੂਰ ਮਾਰ ਕੇ ਨਾਂ ਤੇਰਾ ਲਾ ਦਿੱਤਾ। ਜਾਣਦਾ ਏਂ ਇਹ ਚਾਲ ਕਿਉਂ ਚੱਲੀ ਗਈ ? ਸਿਰਫ਼ ਏਸ ਖੂਹ 'ਤੇ ਗਾਂ ਹਲਾਲ ਕਰਕੇ ਸਾਡਾ ਧਰਮ ਭਰਿਸ਼ਟ ਕਰਨ ਵਾਸਤੇ। ਹੁਣ ਤੂੰ ਆਪਣੇ ਅੰਦਰ ਸੋਚ ਲੈ। ਜਾਂ ਤਾਂ ਸੂਰਮਾ ਬਣ ਕੇ ਸਾਡੇ ਅੱਗੇ ਲੱਗ ਤੁਰ, ਤੇ ਜਾਂ ਫਿਰ ਸਦਾ ਵਾਸਤੇ ਪੰਥ ਨੂੰ ਬਦਾਵਾ ਦੇ ਦਿਹ। ਤੇ ਅਸੀਂ ਤਾਂ ਪਿਛਾਂਹ ਹਟਣਾ ਈ ਨਹੀਂ, ਜਿਹੜੇ ਧਰਮ ਦੀ ਖ਼ਾਤਰ ਤਲੀ 'ਤੇ ਸਿਰ ਰੱਖੀ ਫਿਰਦੇ ਆਂ।" ਉਂਞ ਉਸ ਵੇਲੇ ਸੁੰਦਰ ਸਿੰਘ ਦੀ ਖੱਬੀ ਤਲੀ ਉੱਤੇ ਚਾਹ ਦਾ ਭਰਿਆ ਛੰਨਾ ਹੀ ਸੀ।

ਦੋਹਾਂ ਖਿਡਾਰੀਆਂ ਨੇ ਦੋ ਮੋਹਰੇ ਅੱਗੇ ਲਾ ਲਏ। ਫ਼ਜ਼ਲ ਹੱਕ ਦੇ ਅੱਗੇ ਇਲਮਦੀਨ ਤੇ ਸੁੰਦਰ ਸਿੰਘ ਦੇ ਅੱਗੇ ਸੱਜਣ ਸਿੰਘ। ਸਾਰਾ ਦਿਨ ਉਹ ਆਸ-ਪਾਸ ਦੇ ਪਿੰਡਾਂ ਵਿੱਚ ਧਰਮ ਤੇ ਦੀਨ ਦੀ ਦੁਹਾਈ ਦੇਂਦੇ ਫਿਰਦੇ ਤੇ ਰਾਤ ਨੂੰ ਉਹਨਾਂ ਦੀ ਤੌਣ ਉੱਤੇ ਆ ਹੱਥ ਸਾਫ਼ ਕਰਦੇ। ਦੋਹਾਂ ਘਰਾਂ ਵਿੱਚ ਦਿਨ ਦੇ ਡਾਕੂ ਵੜ ਕੇ ਲੱਗੇ ਦੋਹੀਂ-ਦੋਹੀਂ ਹੱਥੀਂ ਲੁੱਟਣ।

ਤਿੱਜਾ ਚਾਤਰ ਖਿਡਾਰੀ ਬਹੁਤ ਪਿੱਛੇ ਬੈਠਾ ਸੀ ਪਰਦੇ ਉਹਲੇ। ਏਸ ਵਾਸਤੇ ਉਹ ਕਿਸੇ ਨੂੰ ਨਜ਼ਰ ਨਹੀਂ ਸੀ ਆ ਰਿਹਾ।

ਬਕਰੀਦ ਦਾ ਦਿਨ ਆ ਗਿਆ। ਦੋਹਾਂ ਧਿਰਾਂ ਨੇ ਦੀਨ ਧਰਮ ਦੇ ਨਾਂ ਉੱਤੇ ਪੱਲੂ ਫੇਰ ਕੇ ਵੀਹ ਹਜ਼ਾਰ ਪੱਗ-ਬੰਨ੍ਹ ਬੰਦੇ ਕੱਠੇ ਕਰ ਲਏ। ਅੱਧੇ ਇਕ ਪਾਸੇ। ਅੱਧੇ ਇਕ ਪਾਸੇ। ਲੱਗੀਆਂ ਛਵ੍ਹੀਆਂ, ਕਿਰਪਾਨਾਂ ਤੇ ਬਰਛੀਆਂ ਚਮਕਣ।

ਖ਼ਬਰ ਪਾ ਕੇ ਪੋਲੀਸ ਵੀ ਆ ਗਈ। ਐਸ.ਆਈ. ਜਰਨੈਲ ਸਿੰਘ ਦੋ ਮਾਤਹਿਤ ਦੋ ਏ. ਐਸ. ਆਈ. ਸ਼ਫੀ ਮੁਹੰਮਦ ਤੇ ਰੂਪ ਚੰਦ, ਦਸਾਂ ਸਿਪਾਹੀਆਂ ਦੀ ਗਾਰਦ ਲੈ ਕੇ ਆ ਧਮਕੇ। ਉਹਨਾਂ ਤੂਤਾਂ ਵਾਲੇ ਖੂਹ 'ਤੇ ਮੋਰਚੇ ਜਮਾ ਲਏ। ਤਿੰਨਾਂ ਥਾਨੇਦਾਰਾਂ ਵਾਸਤੇ ਤਿੰਨਾਂ ਮੰਜਿਆਂ ਉੱਤੇ ਖੁੰਬ-ਚਿੱਟੀਆਂ ਦੋਹਰਾਂ ਵਿਛ ਗਈਆਂ। ਬਿਸ਼ਨ ਦਾਸ ਹਟਵਾਣੀਏਂ ਦੇ ਘਰੋਂ ਇਕ ਮੇਜ਼ ਕੁਰਸੀ ਵੀ ਆ ਗਿਆ। ਪੋਲੀਸ ਦੇ ਮੁਸਲਮਾਨ ਕਰਮਚਾਰੀਆਂ ਵਾਸਤੇ ਇਲਮ ਦੀਨ ਦੇ ਘਰ ਤੇ ਹਿੰਦੂ ਸਿੱਖਾਂ ਵਾਸਤੇ ਸੱਜਣ ਸਿੰਘ ਦੇ ਘਰ ਬੇ-ਬਾਂਗੇ ਕੁੱਕੜ ਰਿੱਝਣੇ ਧਰੇ ਗਏ। ਉਹਨਾਂ ਦਾ ਫ਼ਰਜ਼ ਵੀ ਸੀ ਆਈ ਪੋਲੀਸ ਦੀ ਸੇਵਾ ਕਰਨੀ। ਨਾਲੇ ਉਹ ਦੋਵੇਂ ਨੰਬਰਦਾਰ ਸਨ, ਨਾਲੇ ਇਸ ਧਰਮ-ਯੁੱਧ ਦੇ ਮੋਢੀ।

ਖੂਹੋਂ ਲਹਿੰਦੇ ਪਾਸੇ ਸਿੱਖ ਤੇ ਚੜ੍ਹਦੇ ਪਾਸੇ ਮੁਸਲਮਾਨ 'ਸ਼ਹੀਦੀਆਂ' ਪ੍ਰਾਪਤ

ਕਰਨ ਵਾਸਤੇ ਪਿੜ ਮੱਲੀ ਖਲੇ ਸਨ। ਦੋਹਾਂ ਦਲਾਂ ਦੇ ਵਿੱਚ ਮਸ੍ਹਾਂ ਅੱਸੀ-ਸੌ ਕਰਮ ਦੀ ਵਿੱਥ ਸੀ। ਵਿਚਕਾਰ 'ਅਮਨ ਦੀ ਰਖਵਾਲੀ' ਪੋਲੀਸ ਬੜੀ ਬੇ-ਫ਼ਿਕਰੀ ਨਾਲ ਬੈਠੀ ਹੋਈ ਸੀ, ਪਰ ਉਹ ਆਪਣੇ ਕੰਮ ਵੱਲੋਂ ਅਵੇਸਲੀ ਨਹੀਂ ਸੀ। ਵੱਡਾ ਥਾਨੇਦਾਰ ਸ. ਜਰਨੈਲ ਸਿੰਘ ਕੁਰਸੀ ਉੱਤੇ ਡਟਿਆ ਬੈਠਾ ਸੀ। ਉਹਦੇ ਸਾਮ੍ਹਣੇ ਮੇਜ਼ ਉੱਤੇ ਕੁਛ ਕਾਗਜ਼ ਪੱਤਰ ਖਿਲਰੇ ਪਏ ਸਨ। ਉਹਦੇ ਮਾਤਹਿਤ ਦੋਵੇਂ ਪੁਰਜ਼ੇ ਬੜੀ ਤੇਜ਼ੀ ਨਾਲ ਹਰਕਤ ਕਰ ਰਹੇ ਸਨ। ਕਦੇ ਰੂਪ ਚੰਦ, ਸੱਜਣ ਸਿੰਘ ਨੂੰ ਇਸ਼ਾਰਾ ਕਰਕੇ ਇਕ ਪਾਸੇ ਲੈ ਜਾਂਦਾ। ਦਸ-ਪੰਦਰਾਂ ਮਿੰਟ ਨਵੇਕਲੇ ਖਲੋ ਕੇ ਉਹ ਘੁਸਰ-ਮੁਸਰ ਕਰਦੇ ਰਹਿੰਦੇ। ਰੂਪ ਚੰਦ ਹੋਈ ਗੱਲਬਾਤ ਦਾ ਨਚੋੜ ਜਰਨੈਲ ਸਿੰਘ ਦੇ ਕੰਨ ਵਿੱਚ ਆ ਫੂਕਦਾ। ਫਿਰ ਸ਼ਫੀ ਮੁਹੰਮਦ, ਇਲਮਦੀਨ ਨੂੰ ਇੱਕਲਵਾਂਜੇ ਲੈ ਜਾਂਦਾ। ਲੋਕਾਂ ਤਕ ਉਹਨਾਂ ਵਿੱਚ ਹੋ ਰਹੀਆਂ ਗੱਲਾਂ ਤੇ ਨਾ ਪਹੁੰਚਦੀਆਂ, ਪਰ ਸਿਰ ਹਿੱਲਦੇ ਜ਼ਰੂਰ ਦਿਸਦੇ। ਏਸ ਤਰ੍ਹਾਂ ਸਲਾਹੀਂ ਹੁੰਦਿਆਂ ਦੋਪਹਿਰ ਢਲ ਗਈ, ਪਰ ਦੋਹਾਂ ਧੜਿਆਂ ਦੀ 'ਸੁਲ੍ਹਾ' ਜਾਂ 'ਲੜਾਈ' ਦੀ ਗੱਲ ਨੇਪਰੇ ਨਾ ਚੜ੍ਹੀ।

ਪੇਸ਼ੀ ਦੀ ਨਮਾਜ਼ ਦਾ ਸਮਾਂ ਹੋ ਗਿਆ। ਮੌਲਵੀ ਦਾ ਇਸ਼ਾਰਾ ਪਾ ਕੇ ਮੁਸਲਮਾਨ ਅੱਧੀ ਪੈਲੀ ਹੋਰ ਪਿੱਛੇ ਹਟ ਕੇ ਪਾਲਾਂ ਬੰਨ੍ਹ ਕੇ ਖਲੋ ਗਏ। ਜੀਹਨੇ ਉਮਰ ਭਰ ਨਮਾਜ਼ ਕਦੇ ਨਹੀਂ ਸੀ ਪੜ੍ਹੀ, ਅੱਜ ਉਹ ਵੀ ਮੌਲਵੀ ਦੇ ਪਿੱਛੇ ਹੱਥ ਬੰਨ੍ਹ ਕੇ ਖਲੋ ਗਿਆ। ਨਮਾਜ਼ ਤੋਂ ਵਿਹਲੇ ਹੋ ਕੇ ਉਹ ਫੇਰ ਪਹਿਲੇ ਮੋਰਚਿਆਂ 'ਤੇ ਆ ਖਲੇ।

ਦਿਨ ਢਲਦਾ ਵੇਖ ਕੇ ਖਿਡਾਰੀਆਂ ਨੂੰ ਬੜਾ ਫ਼ਿਕਰ ਬਣਿਆ। ਆਪਣੀ ਫ਼ੌਜ ਦੇ ਪਿਛਲੇ ਪਾਸੇ ਲੁਕ ਕੇ ਬੈਠਾ ਹੋਇਆ ਫ਼ਜ਼ਲ ਹੱਕ ਲੋਕਾਂ ਸਾਹਮਣੇ ਪ੍ਰਗਟ ਹੋਇਆ। ਅੱਗੇ ਆ ਕੇ ਉਹਨੇ ਸ਼ਫ਼ੀ ਮੁਹੰਮਦ ਨੂੰ ਇਸ਼ਾਰਾ ਕਰਕੇ ਇਕ ਪਾਸੇ ਬੁਲਾਇਆ। ਇਕ ਮਿੰਟ ਕੰਨ ਵਿੱਚ ਫੂਕ ਮਾਰ ਕੇ ਉਹ ਫਿਰ ਆਪਣੇ ਸੁਰੱਖਿਅਤ ਥਾਂ 'ਤੇ ਚਲਾ ਗਿਆ। ਸ਼ਫ਼ੀ ਮੁਹੰਮਦ ਨੇ ਉਹ ਦੋ-ਹਰਫ਼ੀ ਰੀਪੋਰਟ ਆਪਣੇ ਅਫ਼ਸਰ ਜਰਨੈਲ ਸਿੰਘ ਤਕ ਪੁਚਾ ਦਿੱਤੀ। ਏਨੇ ਵਿੱਚ ਹੀ ਕੋਈ ਮਿਥਿਆ ਹੋਇਆ ਫ਼ੈਸਲਾ ਹੋ ਗਿਆ।

ਪੰਦਰਾਂ ਮਿੰਟ ਬੀਤਦਿਆਂ ਤਕ ਉਹ ਸ਼ਿੰਗਾਰੀ ਹੋਈ ਵਹਿੜ ਮੁਸਲਮਾਨ ਦਲ ਦੇ ਸਾਹਮਣੇ ਪਿੜ ਵਿੱਚ ਆ ਗਈ। ਸਾਰੇ ਸਮਝ ਗਏ ਕਿ ਹੁਣ ਕੀ ਹੋਣ ਵਾਲਾ ਹੈ? ਚੜ੍ਹਦੇ ਪਾਸਿਓਂ ਕਿਸੇ ਦੀ ਖੜਕਵੀਂ ਵਾਜ ਆਈ, 'ਨਾਅਰਾ-ਇ-ਤਕਬੀਰ' 'ਅੱਲਾਹੁ ਅਕਬਰ।' ਦਸ ਹਜ਼ਾਰ ਮੁਸਲਮਾਨਾਂ ਦੀ ਮਿਲਵੀਂ ਵਾਜ ਨਾਲ ਪਿੰਡ ਦੀਆਂ ਕੰਧਾਂ ਗੂੰਜ ਉਠੀਆਂ।

ਗ਼ਾਜ਼ੀਆਂ ਦਾ ਲਲਕਾਰਾ ਸੁਣ ਕੇ ਧਰਮ ਦੇ ਪੁਜਾਰੀ ਕਦੋਂ ਚੁੱਪ ਰਹਿਣ ਵਾਲੇ ਸਨ। ਦੂੱਜੇ ਪਾਸਿਓਂ ਵੀ 'ਸਤ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਧਰਤੀ ਕੰਬਣ ਲੱਗ ਪਈ।

ਪਿੰਡ ਦੀਆਂ ਇਸਤਰੀਆਂ—ਜੋ ਸਵੇਰ ਦੀਆਂ ਭੁੱਖਣ-ਭਾਣੀਆਂ ਕੋਠਿਆਂ ਦੇ ਬਨੇਰੇ ਮੱਲੀ ਬੈਠੀਆਂ ਸਨ—ਉਠ ਕੇ ਖਲੋ ਗਈਆਂ। ਉਹਨਾਂ ਦੀਆਂ ਛਾਤੀਆਂ ਧੜਕ ਰਹੀਆਂ ਸਨ, ਦਿਲ ਘਬਰਾ ਰਹੇ ਸਨ। ਉਹ ਸਹਿਮੀਆਂ ਹੋਈਆਂ 'ਗ਼ਾਜ਼ੀਆਂ' ਤੇ 'ਸੂਰਮਿਆਂ' ਦੇ ਦਲਾਂ ਵੱਲ ਵੇਖ ਰਹੀਆਂ ਸਨ। ਉਹਨਾਂ ਦੀਆਂ ਆਂਦਰਾਂ ਨੂੰ ਵਲ੍ਹੇਟ ਫਿਰ ਰਹੇ ਸਨ। ਉਜੜਨਾ ਉਹਨਾਂ ਹੀ ਸੀ। ਕਿਸੇ ਦਾ ਸੁਹਾਗ, ਕਿਸੇ ਦਾ ਵੀਰ ਤੇ ਕਿਸੇ ਦਾ ਪੁੱਤਰ ਏਸ 'ਧਰਮ-ਯੁੱਧ' ਦੀ ਭੇਟਾ ਹੋ ਜਾਣਾ ਸੀ।

"ਯਾ ਐਲੀ!"

"ਨਾਅਰਾ-ਇ-ਤਕਬੀਰ।"

"ਅੱਲਾ-ਹੂ ਅਕਬਰ।"

"ਬੋਲੇ-ਸੋ ਨਿਹਾਲ।"

"ਸਤਿ ਸ੍ਰੀ ਅਕਾਲ।"

ਲਹੂ-ਪੀਣੀਆਂ ਬਰਛੀਆਂ, ਕਿਰਪਾਨਾਂ ਤੇ ਛਵ੍ਹੀਆਂ ਚਮਕੀਆਂ। ਕੁਛ ਲੱਥੀ-ਚੜ੍ਹੀ ਤੋਂ ਬੇ-ਫ਼ਿਕਰ ਤੇ ਕੁਛ ਸਹਿਮੇ ਹੋਏ ਕਦਮ ਅੱਗੇ ਵਧੇ। ਦੋਹਾਂ ਦਲਾਂ ਦੇ ਵਿਚਲੀ ਵਿੱਥ ਘਟਣ ਲੱਗੀ। ਭੂਹੇ ਹੋਈ ਹੋਈ ਮੌਤ ਆਪਣੀ ਮਰਜ਼ੀ ਦੇ ਸ਼ਕਾਰ ਤਕਾਉਣ ਲੱਗੀ।

ਤੇ ਪੋਲੀਸ ਵਾਲੇ ਆਪਣੀ ਥਾਂ ਮਸਤ ਬੈਠੇ ਸਨ। ਉਹ ਸਨ 'ਅਮਨ ਦੇ ਰਾਖੇ'। ਉਹਨਾਂ ਨੂੰ ਕੀ ਲੋੜ ਸੀ ਕਿ ਉਹ 'ਜਨਤਾ' ਦੇ 'ਲੜਾਈ ਝਗੜੇ' ਵਿੱਚ ਦਖ਼ਲ ਦੇਂਦੇ।

ਐਨ ਏਸ ਵੇਲੇ ਵਰਨਾ ਵਾਲੇ ਪਾਸਿਓਂ ਭੱਜਾ ਆਉਂਦਾ ਬਾਬਾ ਅਕਾਲੀ ਨਜ਼ਰੀਂ ਪਿਆ। ਉਹ ਮੋਢੇ ਵਾਲਾ ਦੋ-ਕੁ ਗਜ਼ ਦਾ ਖੱਦਰ ਦਾ ਖੱਟਾ ਪਰਨਾ ਸੱਜੇ ਹੱਥ ਵਿੱਚ ਫੜੀ ਉੱਚੀ ਬਾਂਹ ਕਰਕੇ ਹਿਲਾਉਂਦਾ ਆ ਰਿਹਾ ਸੀ, ਜਿਵੇਂ ਉਹ ਕਿਸੇ ਮੂਰਖ ਨੂੰ ਆਪਣੇ ਹੀ ਘਰ ਨੂੰ ਅੱਗ ਲਾਉਣੋਂ ਰੋਕ ਰਿਹਾ ਹੋਵੇ।

ਦੋਹਾਂ ਦਲਾਂ ਦੀ ਵਿੱਥ ਮਸ੍ਹਾਂ ਵੀਹ ਪੰਝੀ ਕਰਮਾਂ ਦੀ ਰਹਿ ਗਈ ਸੀ, ਜਾਂ ਬਾਬਾ ਅਕਾਲੀ ਦੋਹਾਂ ਦੇ ਵਿਚਕਾਰ ਪਹੁੰਚ ਕੇ ਛਾਤੀ ਤਾਣ ਖਲਾ।

"ਉਇ ਸੱਜਣਾ! ਉਇ ਇਲਮਿਆਂ!" ਸਾਹੋ-ਸਾਹ ਹੋਇਆ ਬਾਬਾ ਅਕਾਲੀ ਦੋਵੇਂ ਬਾਂਹੀਂ ਖਿਲਾਰ ਕੇ ਗਰਜਿਆ, "ਕੀ ਹੋ ਗਿਆ ਉਇ ਤੁਹਾਡੀ ਮੱਤ ਨੂੰ ? ਕਿਉਂ ਅਕਲ 'ਤੇ ਪੜਦਾ ਪੈ ਗਿਆ ਜੇ ? ਉਇ, ਤੁਸੀਂ ਇਕੋ ਵੱਡੇ ਵਡੇਰੇ ਯਾਤਰੀ ਦੀ ਉਲਾਦ। ਇਕੋ ਲਹੂ। ਕਿਉਂ ਲੱਗੇ ਜੇ ਕੈਰਵਾਂ ਪਾਂਡਵਾਂ ਵਾਂਗ ਆਪਸ ਵਿੱਚ ਲੜ ਕੇ ਕੁਲ ਦਾ ਨਾਸ਼ ਕਰਨ। ਤੇ ਲੜਦੇ ਕਿਹੜੀ ਗੱਲੋਂ ਜੇ ? ਪਸ਼ੂਆਂ ਤੋਂ ਚਿੜ ਕੇ ? ਕਦੇ ਗਾਂਈਂ ਤੇ ਕਦੇ ਸੂਰ ਆਪਸ ਵਿੱਚ ਲੜਦੇ ਵੇਖੇ ਜੇ ? ਕਦੇ ਗਾਂਈਂ ਨੇ ਐਸ ਤਰ੍ਹਾਂ ਦਲ ਕੱਠਾ ਕਰਕੇ ਸੂਰਾਂ 'ਤੇ ਹਮਲਾ ਕੀਤਾ ਹੋਵੇ। ਜਾਂ ਸੂਰਾਂ ਦੀ ਫ਼ੌਜ ਨੇ ਗਾਈਂ 'ਤੇ ਧਾਵਾ ਬੋਲਿਆ ਹੋਵੇ। ਪਸ਼ੂ ਆਪਸ ਵਿੱਚ ਕਦੇ ਨਹੀਂ ਲੜੇ। ਤੇ ਪਸ਼ੂਆਂ ਤੋਂ ਚਿੜ ਕੇ ਲੜਣ

ਵਾਲੇ ਤੁਸੀਂ ਕੀ ਹੋਏ ? ਹਟ ਜੋ ਪਿੱਛੇ।" ਬਾਬਾ ਅਕਾਲੀ ਦੋਹਾਂ ਪਾਸਿਆਂ ਨੂੰ ਪਿਛਾਂਹ ਕਰਨ ਵਾਸਤੇ ਹੱਥਾਂ ਦੇ ਇਸ਼ਾਰੇ ਕਰਨ ਲੱਗਾ।

"ਇਹ ਕੌਣ ਆ ਉਇ।" ਜਰਨੈਲ ਸਿੰਘ ਨੇ ਕੁਰਸੀ ਤੋਂ ਉਠ ਕੇ ਆਪਣੇ ਮਾਤਹਿਤਾਂ ਤੋਂ ਪੁੱਛਿਆ। ਉਹ ਨਵਾਂ-ਨਵਾਂ ਕਸੂਰ ਦੇ ਥਾਣੇ ਵਿੱਚ ਆਇਆ ਸੀ। ਇਸ ਵਾਸਤੇ ਉਹ ਬਾਬੇ ਅਕਾਲੀ ਨੂੰ ਨਹੀਂ ਸੀ ਜਾਣਦਾ। "ਅਖੇ : ਜੰਞ ਪਰਾਈ ਤੇ ਅਹਿਮਕ ਨੱਚੇ। ਕੱਢੋ ਏਸ ਬੁੱਢੇ ਨੂੰ ਬਾਹਰ।" ਉਹਨੇ ਥਾਣੇਦਾਰੀ ਰੁਹਬ ਵਿੱਚ ਗਰਜ ਕੇ ਕਿਹਾ।

"ਪਰਾਈ ਜੰਞ ? ਮੇਰੇ ਵਾਸਤੇ ਇਹ ਪਰਾਏ ? ਮੇਰਾ ਤਾਂ ਇਹ ਲਹੂ ਤੇ ਮਾਸ ਨੇ।" ਬਾਬੇ ਅਕਾਲੀ ਨੇ ਦੋ ਕਦਮ ਥਾਣੇਦਾਰ ਵੱਲ ਅੱਗੇ ਵਧ ਕੇ ਕਿਹਾ। "ਤੇ ਆਹਮਕ ਮੈਂ ਨਹੀਂ। ਆਹਮਕ ਤੁਸੀਂ ਓ, ਤੁਸੀਂ, ਜਿਹੜੇ ਇਹਨਾਂ ਨੂੰ ਲੜਾ ਕੇ ਤਮਾਸ਼ਾ ਵੇਖਣਾ ਚੌਂਹਦੇ ਓ।"

"ਫੜ ਲੈ ਏਸ ਬੁੱਢੇ ਨੂੰ।" ਥਾਣੇਦਾਰ ਸੱਜੀ ਬਾਂਹ ਉੱਚੀ ਕਰਕੇ ਗਰਜਿਆ।

ਕੋਲੋਂ ਰੂਪ ਚੰਦ ਨੇ ਨੇੜੇ ਹੋ ਕੇ ਜਰਨੈਲ ਸਿੰਘ ਨੂੰ ਸਮਝਾ ਦਿੱਤਾ ਕਿ ਬਾਬਾ ਅਕਾਲੀ ਕੌਣ ਹੈ, ਉਹਦੇ ਨਾਲ ਖਹਿਬੜਨਾ ਪੋਲੀਸ ਨੂੰ ਬਹੁਤ ਮਹਿੰਗਾ ਪੈ ਸਕਦਾ ਹੈ। ਸੋ, ਸਮੇਂ ਦੀ ਨਜ਼ਾਕਤ ਨੂੰ ਵੇਖ ਕੇ ਜਰਨੈਲ ਸਿੰਘ ਸਾਰਾ ਗੁੱਸਾ ਵਿਚੇ-ਵਿਚ ਪੀ ਗਿਆ।

"ਤੇ ਇਹ ਗੱਲ ਆਹਮਕਾਂ ਨਾਲੋਂ ਘੱਟ ਏ ?" ਬਾਬੇ ਅਕਾਲੀ ਨੇ ਵਧੇਰੇ ਰੋਹ ਵਿੱਚ ਆ ਕੇ ਕਿਹਾ, "ਬਗਾਨੇ ਘਰ ਅੱਗ ਲਾ ਕੇ ਤਮਾਸ਼ਾ ਵੇਖਣਾ ਨਿਰਾ ਆਹਮਕ ਦਾ ਨਹੀਂ, ਸ਼ੈਤਾਨ ਦਾ ਕੰਮ ਹੈ। ਤੇ ਸਭ ਤੋਂ ਵੱਡੇ ਆਹਮਕ ਨੇ ਆਹ।" ਬਾਬੇ ਅਕਾਲੀ ਨੇ ਦੋਹਾਂ ਦਲਾਂ ਵੱਲ ਹੱਥ ਕਰਕੇ ਕਿਹਾ, "ਓ ਸੱਜਣਾ! ਓ ਇਲਮਿਆ! ਲੜੋ। ਪੁਲਸ ਆਹੰਦੀ ਜੇ, ਛੇਤੀ ਲੜੋ! ਤੁਹਾਡਾ ਲਹੂ ਡੁੱਲ੍ਹੇਗਾ, ਤੇ ਇਹਨਾਂ ਘਰੀਂ ਮਾਸ ਨੂੰ ਤੜਕੇ ਲੱਗਣਗੇ। ਤੁਹਾਡੀਆਂ ਜ਼ਮੀਨਾਂ ਵਿਕਣਗੀਆਂ, ਘਰ ਕੁਰਕ ਹੋਣਗੇ, ਇਹਨਾਂ ਦੀਆਂ ਕੋਠੀਆਂ ਉਸਰਨਗੀਆਂ। ਤੁਹਾਡੀਆਂ ਪਿੱਛੇ ਵਿਧਵਾ ਰੋਣਗੀਆਂ, ਇਹਨਾਂ ਘਰੀਂ ਰੇਡੀਓ ਵੱਜਣਗੇ। ਸੁਣ ਲਿਆ ਜੇ ? ਉਇ, ਤੁਹਾਨੂੰ ਸ਼ਰਮ ਨਹੀਂ ਔਂਦੀ ਆਪਸ ਵਿੱਚ ਲੜਦਿਆਂ ? ਤੁਸੀਂ ਕੱਠੇ ਜੰਮੇ-ਪਲੇ, ਕੱਠੇ ਖੇਡੇ, ਕੱਠਿਆਂ ਖਾਧਾ ਪੀਤਾ, ਅੱਜ ਬਰਛੀਆਂ ਫੜ ਕੇ ਆਹਮੋ-ਸਾਹਮਣੇ ਆ ਖਲੇ ਜੇ। ਕਿਉਂ ਤੁਹਾਡਾ ਲਹੂ ਬੱਗਾ ਹੋ ਗਿਆ ਏ ? ਨਹੀਂ ਹਟਣਾ, ਤਾਂ ਪਹਿਲਾਂ ਮੈਨੂੰ ਮਾਰੋ। ਮਾਰ ਉਇ ਸੱਜਣਾ! ਮੇਰੀ ਹਿੱਕ 'ਚ ਬਰਛੀ ਮਾਰ। ਫਿਰ ਮੇਰੀ ਲੋਥ ਉੱਤੇ ਪੈਰ ਧਰ ਕੇ ਅੱਗੇ ਵਧੀਂ। ਦੂਜੇ ਪਾਸੇ ਤੂੰ ਮਾਰ ਉਇ ਇਲਮਿਆਂ! ਸਭ ਤੋਂ ਵੱਡਾ ਕਾਫ਼ਰ ਮੈਂ ਜੇ, ਜਿਹੜਾ ਤੁਹਾਨੂੰ ਲੜ ਕੇ ਮਰਨ ਨਹੀਂ ਦੇਂਦਾ। ਕਿਵੇਂ ਲੜਣ ਦਿਆਂ ਮੈਂ ? ਕੌਣ ਏਂ ਜਿਹੜਾ ਆਪਣੇ ਭਰਾਵਾਂ ਭਤੀਜਿਆਂ ਤੇ ਬੱਚਿਆਂ ਦਾ ਲਹੂ ਡੁਲ੍ਹਦਾ ਵੇਖ ਕੇ ਸਹਾਰ ਸਕੇ।

ਤੁਸੀਂ ਸਾਰੇ ਮੇਰੇ ਬੱਚੇ ਓ। ਮੇਰੀ ਗੋਦੀ ਖ਼ਾਲੀ ਨਾ ਕਰੋ ਉਇ! ਮੈਂ ਜਿਊਂਦੇ ਜੀ ਤੁਹਾਨੂੰ ਨਹੀਂ ਜੇ ਲੜਣ ਦੇਣਾ, ਨਹੀਂ ਲੜਣ ਦੇਣਾ।"

ਅਥਾਹ ਜੋਸ਼ ਵਿੱਚ ਬੋਲਦਾ-ਬੋਲਦਾ ਬਾਬਾ ਅਕਾਲੀ ਹਫ਼ ਗਿਆ। ਉਹਦੀ ਖੱਲ ਵਿੱਚ ਸਾਹ ਨਹੀਂ ਸੀ ਮਿਉਂ ਰਿਹਾ। ਉਹ ਲੰਮੇ-ਲੰਮੇ ਸਾਹ ਲੈ ਕੇ ਆਪਣੇ ਆਪ ਨੂੰ ਠੀਕ ਕਰਨ ਲੱਗਾ।

ਦੋਹੀਂ ਪਾਸੀਂ ਮੌਤ ਵਰਗੀ ਚੁੱਪ ਵਰਤੀ ਹੋਈ ਸੀ। ਕੋਈ ਉੱਚੀ ਸਾਹ ਨਹੀਂ ਸੀ ਲੈ ਰਿਹਾ। ਇਉਂ ਭਾਸਦਾ ਸੀ, ਜਿਵੇਂ ਕਿਸੇ ਬਲਦੀ ਅੱਗ ਉੱਤੇ ਪਾਣੀ ਪਾ ਦਿੱਤਾ ਹੋਵੇ। ਬਾਬੇ ਅਕਾਲੀ ਦਾ ਲੋਕਾਂ ਉੱਤੇ ਬਹੁਤ ਪ੍ਰਭਾਵ ਸੀ।

"ਸੱਜਣ ਸਿਹਾਂ! ਕਰ ਲੈ ਬਰਛੀ ਨੀਵੀਂ। ਤੂੰ ਮੇਰਾ ਪੁੱਤਰ ਏਂ। ਇਸ ਵੇਲੇ ਤੁਸੀਂ ਮੇਰੇ ਬੱਚੇ ਓ! ਮੇਰੇ ਪ੍ਰਾਣ ਓ। ਹਟ ਜਾ ਪਿੱਛੇ। ਭਰਾ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਨ ਨਾਲੋਂ, ਉਹਦੇ ਅੱਗੇ ਨਿਉਂ ਕੇ ਹਾਰ ਜਾਣਾ, ਬਹੁਤ ਵੱਡੀ ਜਿੱਤ ਏ। ਜਾਓ, ਬੁੱਢੇ ਬਾਬੇ ਦੀਆਂ ਅਸੀਸਾਂ ਲਵੋ।"

ਸੱਜਣ ਸਿੰਘ ਨੇ ਬਰਛੀ ਨੀਵੀਂ ਕਰ ਲਈ। ਉਹਨੇ ਆਸੇ-ਪਾਸੇ ਝਾਤੀ ਮਾਰ ਕੇ ਤਕਿਆ, ਜਿਵੇਂ ਸਾਥੀਆਂ ਦੀ ਸਲਾਹ ਪੁੱਛ ਰਿਹਾ ਹੋਵੇ।

"ਬਾਬਾ 'ਕਾਲੀਆ! ਇਹ ਧਰਮ ਦਾ....।" ਜਥੇਦਾਰ ਸੁੰਦਰ ਸਿੰਘ ਨੇ ਪਹਿਲੀ ਪਾਲ ਤੋਂ ਅੱਗੇ ਵਧ ਕੇ ਕਿਹਾ।

"ਢੱਕਿਆ ਰਹੁ ਉਇ। ਕੁਛ ਲਗਦਾ ਧਰਮ ਦਾ।" ਬਾਬੇ ਅਕਾਲੀ ਨੇ ਸੁੰਦਰ ਸਿੰਘ ਦੀ ਗੱਲ ਰਾਹੋਂ ਟੋਕ ਕੇ ਕਿਹਾ, "ਮੈਂ ਤਾਂ ਤੇਰੇ ਪੋਤੜਿਆਂ ਦਾ ਜਾਣੂ ਆਂ। ਵੱਡਾ ਧਰਮੀ। ਆਪਣਾ ਪਿੰਡ ਉਜਾੜ ਕੇ ਸਬਰ ਨਹੀਂ ਊਂ ਆਇਆ ? ਹੁਣ ਮੇਰਾ ਉਜਾੜਨ ਆ ਗਿਆ ਏਂ ? ਨਿਕਲ ਏਥੋਂ, ਨਹੀਂ ਤਾਂ ਮੈਂ ਤੇਰੀਆਂ ਸਾਰੀਆਂ ਕਰਤੂਤਾਂ ਨਸ਼ਰ ਕਰ ਦੇਊਂਗਾ।"

ਬਾਬੇ ਅਕਾਲੀ ਦੀ ਇਕੋ ਫਿਟਕਾਰ ਸੁਣ ਕੇ ਸੁੰਦਰ ਸਿੰਘ ਪਿੱਛੇ ਭੀੜ ਵਿੱਚ ਲੋਪ ਹੋ ਗਿਆ।

"ਬਾਬਾ 'ਕਾਲੀਆ। ਹੱਛਾ...।" ਇਲਮ ਦੀਨ ਵਾਕ ਪੂਰਾ ਨਾ ਕਰ ਸਕਿਆ। ਬਰਛੀ ਨੀਂਵੀਂ ਕਰਕੇ ਉਹ ਪਿਛਾਂਹ ਮੁੜ ਪਿਆ।

"ਸ਼ਾਵਾ, ਮੇਰੇ ਬੱਚਿਓ! ਬੁੱਢੇ ਵਾਰੇ ਮੇਰੀ ਪੱਗ ਦੀ ਲਾਜ ਰੱਖ ਲਈ ਜੇ। ਵਾਹਿਗੁਰੂ ਤੁਹਾਨੂੰ ਸੁਮੱਤ ਬਖ਼ਸ਼ੇ। ਅੱਜ ਮੈਨੂੰ ਮੇਰੀ ਸਾਰੀ ਕੁਰਬਾਨੀ ਦਾ ਮੁੱਲ ਮਿਲ ਗਿਆ।" ਬਾਬੇ ਅਕਾਲੀ ਨੇ ਬਹੁਤ ਵੱਡੀ ਜਿੱਤ ਮਹਿਸੂਸ ਕਰਦਿਆਂ ਕਿਹਾ।

ਇਕ ਆਦਮੀ ਨੇ ਇਲਾਕਾ ਉਜੜਨ ਤੋਂ ਬਚਾ ਲਿਆ। ਲੋਕੀਂ ਹਥਿਆਰ ਕੱਛਾਂ ਵਿੱਚ ਦੇ ਕੇ ਆਪੋ ਆਪਣੇ ਰਾਹੀਂ ਪੈ ਗਏ। ਪੰਦਰਾਂ ਮਿੰਟ ਵਿੱਚ ਮੈਦਾਨ ਖ਼ਾਲੀ ਹੋ ਗਿਆ।

× × ×

ਧੰਨੇ ਸ਼ਾਹ ਦਾ ਇਹ ਭਰਪੂਰ ਵਾਰ ਖ਼ਾਲੀ ਗਿਆ। ਫਿਰ ਵੀ ਉਹ ਨਿਰਾਸ਼ ਨਹੀਂ ਸੀ। ਸੱਜਣ ਸਿੰਘ ਦੇ ਸਿਰ ਉਹਦਾ ਨਵਾਂ ਕਰਜ਼ਾ ਪੰਜ ਸੌ ਦੇ ਲਗਭਗ ਹੋ ਗਿਆ ਸੀ।

## 30

"ਇਲਮ ਦੀਨਾ! ਘਰੇ ਏਂ ?" ਬਾਬੇ ਅਕਾਲੀ ਨੇ ਬੂਹੇ ਵਿੱਚ ਖਲੋ ਕੇ ਵਾਜ ਮਾਰੀ।

"ਆ ਬਾਬਾ 'ਕਾਲੀਆ! ਲੰਘ ਆ।" ਇਲਮ ਦੀਨ ਨੇ ਵਾਜ ਪਛਾਣ ਕੇ ਸਵਾਗਤ ਵਜੋਂ ਉਠਦਿਆਂ ਕਿਹਾ, "ਅਲੀਆ! ਬਾਬੇ ਵਾਸਤੇ ਮੰਜਾ ਡਾਹ ਉਇ!"

ਅਲੀਏ ਨੇ ਵਿਹੜੇ ਵਿੱਚ ਮੰਜਾ ਡਾਹ ਦਿੱਤਾ। ਬਾਬਾ ਅਕਾਲੀ ਰਵਾਂ-ਰਵੀਂ—ਆਪਣਿਆਂ ਵਾਂਗ—ਮੰਜੇ 'ਤੇ ਆ ਬੈਠਾ।

"ਆ ਬਾਬਾ 'ਕਾਲੀਆ!" ਇਲਮ ਦੀਨ ਨੇ ਨੇੜੇ ਆ ਕੇ ਰਸਮੀ ਤੌਰ 'ਤੇ ਪੁੱਛਿਆ।

"ਆ ਮੇਰੇ ਕੋਲ ਬਹਿ ਜਾ।" ਬਾਬੇ ਅਕਾਲੀ ਨੇ ਇਲਮ ਦੀਨ ਦਾ ਹੱਥ ਫੜ ਕੇ ਉਹਨੂੰ ਆਪਣੇ ਨਾਲ ਮੰਜੇ 'ਤੇ ਬਹਾ ਲਿਆ। "ਪੁੱਤ ਇਲਮ ਦੀਨਾ! ਕੱਲ੍ਹ ਤੂੰ ਮੇਰੇ ਚਿੱਟੇ ਦਾਹੜੇ ਦੀ ਲਾਜ ਰੱਖ ਲਈ ਏ।" ਬਾਬੇ ਨੇ ਬੜੇ ਪਿਆਰ ਨਾਲ ਉਹਦੀ ਕੰਡ ਪਲੋਸਦਿਆਂ ਕਿਹਾ, "ਮੈਂ ਤੇਰਾ ਧੰਨਵਾਦ ਕਰਨ ਆਇਆਂ।....ਮੈਂ ਪਿਛਲੇ ਚਾਰ-ਪੰਜ ਦਿਨ ਪਿੰਡੋਂ ਬਾਹਰ ਗਿਆ ਹੋਇਆ ਸਾਂ। ਨਹੀਂ ਤਾਂ ਸ਼ਾਇਦ ਇਹ ਗੱਲ ਏਥੋਂ ਤਕ ਨਾ ਪਹੁੰਚਦੀ।...ਮੈਨੂੰ ਕੱਲ੍ਹ ਵਾਪਸ ਔਂਦਿਆਂ ਵਰਨੀ ਖ਼ਬਰ ਮਿਲੀ। ਮੈਂ ਓਥੋਂ ਈ ਭੱਜ ਉਠਿਆ। ਭਲਾ ਜੀਹਦੇ ਘਰ ਨੂੰ ਅੱਗ ਲੱਗੀ ਹੋਵੇ, ਉਹਥੋਂ ਸਹਾਰਾ ਹੁੰਦਾ ਏ ?...ਫਿਰ ਵੀ...ਫਿਰ ਵੀ ਪਰਮਾਤਮਾ ਨੇ ਮੇਰੀ ਪੱਤ ਰੱਖ ਲਈ।" ਬਾਬਾ ਅਕਾਲੀ ਸਾਹ ਲੈਣ ਵਾਸਤੇ ਰੁਕ ਗਿਆ।

ਇਲਮ ਦੀਨ ਧਰਤੀ ਵੱਲ ਅੱਖਾਂ ਝੁਕਾਈ, ਪੈਰ ਨਾਲ ਭੋਇੰ 'ਤੇ ਲਕੀਰਾਂ ਪਾ ਰਿਹਾ ਸੀ। ਉਹਨੂੰ ਸੁਝਦਾ ਨਹੀਂ ਸੀ ਕਿ ਉਹ ਅੱਗੋਂ ਕੀ ਉੱਤਰ ਦੇਵੇ ?

ਏਨੇ ਚਿਰ ਤੱਕ ਜੈਨਾ ਨੇ ਆ ਕੇ ਬਾਬੇ ਅਕਾਲੀ ਦੇ ਪੈਰੀਂ ਹੱਥ ਲਾਇਆ।

"ਰਾਜੀ ਰਹੁ, ਧੀਏ! ਰੱਬ ਤੈਨੂੰ ਸੁਖੀ ਰੱਖੇ।" ਬਾਬੇ ਨੇ ਉਹਦੇ ਸਿਰ 'ਤੇ ਪਿਆਰ ਦੇਂਦਿਆਂ ਅਸੀਸ ਦਿੱਤੀ।

"ਬਾਬਾ ਜੀ! ਸਾਡੇ ਵਾਸਤੇ ਤਾਂ ਤੁਸੀਂ ਈ ਰੱਬ ਓ। ਕੱਲ੍ਹ ਤੁਸਾਂ ਸਾਨੂੰ ਉਜੜਨੋਂ ਬਚਾ ਲਿਆ। ਨਹੀਂ ਤਾਂ—ਅੱਲਾ ਜਾਣੇ—ਕੀ ਕਾਰੇ ਵਰਤ ਜਾਂਦੇ।" ਜੈਨਾ ਨੇ ਘੁੰਡ ਕੱਢੀ ਪਾਸੇ ਨੂੰ ਮੂੰਹ ਕਰਕੇ ਕਿਹਾ। ਪਿਛਲੇ ਦਿਨ ਦੀ ਵਰਤਣ ਵਾਲੀ ਹੋਣੀ ਨੂੰ ਯਾਦ ਕਰਕੇ ਉਹਦਾ ਕਲੇਜਾ ਅਜੇ ਤਕ ਧੜਕ ਰਿਹਾ ਸੀ।

"ਪੁੱਤਰਾ! ਮੈਂ ਆਪਣੇ ਬੱਚਿਆਂ ਨੂੰ ਆਪਸ ਵਿੱਚ ਲੜਦਿਆਂ ਵੇਖ ਕੇ ਕਿਵੇਂ ਸਹਾਰ ਲੈਂਦਾ ? ਕੋਈ ਵੀ...ਹਾਂ, ਕੋਈ ਵੀ ਪਿਤਾ ਨਹੀਂ ਸਹਿ ਸਕਦਾ। ਪੁੱਤਰ ਦਾ ਲਹੂ ਡੁਲ੍ਹਦਾ ਵੇਖਣ ਦੇ ਡਰ ਤੋਂ ਤਾਂ—ਆਹੰਦੇ ਨੇ—ਹਜ਼ਰਤ ਇਬਰਾਹੀਮ ਨੇ ਵੀ ਅੱਖਾਂ 'ਤੇ ਪੱਟੀ ਬੰਨ੍ਹ ਲਈ ਸੀ। ਤੁਸੀਂ ਵੀ ਸਾਰੇ ਮੇਰੇ ਬੱਚੇ ਓ। ਨਹੀਂ ਤਾਂ ਦੱਸੋ, ਮੇਰਾ ਹੋਰ ਕੌਣ ਏਂ ?" ਬਾਬੇ ਅਕਾਲੀ ਨੇ ਪਹਿਲਾਂ ਜੈਨਾ ਵੱਲ ਤੇ ਫਿਰ ਕੋਲ ਬੈਠੇ ਇਲਮ ਦੀਨ ਵੱਲ ਤਕਿਆ। "ਹਾਂ, ਤੁਸੀਂ ਹੀ ਮੇਰੇ ਬੱਚੇ ਓ, ਸਾਰੇ ਮੇਰੇ ਬੱਚੇ।" ਉਹਨੇ ਬਹੁਤ ਧੀਮੀ ਸੁਰ ਵਿੱਚ ਕਿਹਾ, ਜਿਵੇਂ ਉਹ ਆਪਣੇ ਆਪ ਨੂੰ ਕਹਿ ਰਿਹਾ ਹੋਵੇ।

ਜੈਨਾ ਵੱਲ ਵੇਖ ਕੇ ਫ਼ਤਹਿ ਬੀਬੀ ਤੇ ਸਰਾਜ ਬੀਬੀ ਨੇ ਵੀ ਆ ਕੇ ਬਾਬੇ ਅਕਾਲੀ ਦੇ ਪੈਰੀਂ ਹੱਥ ਲਾਇਆ। ਬਾਬੇ ਨੇ ਵੀ ਦੋਹਾਂ ਦੇ ਸਿਰ ਪਲੋਸਦਿਆਂ ਅਸੀਸ ਦਿੱਤੀ। ਸਤਕਾਰ ਵਜੋਂ ਪਿੰਡ ਦੀਆਂ ਸਾਰੀਆਂ ਨੋਂਹਾਂ ਬਾਬੇ ਅਕਾਲੀ ਨੂੰ ਮੱਥਾ ਟੇਕਿਆ ਕਰਦੀਆਂ ਸਨ।

ਏਨੇ ਚਿਰ ਤਕ ਪੱਤੀ ਦੇ ਪੰਜ-ਸੱਤ ਬੰਦੇ ਹੋਰ ਵੀ ਆ ਗਏ। ਉਹਨਾਂ ਬਾਬੇ ਅਕਾਲੀ ਨੂੰ ਇਲਮ ਦੀਨ ਦੇ ਘਰ ਵੜਦਿਆਂ ਵੇਖਿਆ ਸੀ। ਅਲੀਏ ਤੇ ਕਰਮ ਦੀਨ ਨੇ ਤਿੰਨ ਚਾਰ ਮੰਜੇ ਹੋਰ ਲਾਗੇ ਡਾਹ ਦਿੱਤੇ। ਆਉਣ ਵਾਲੇ ਹੱਥ ਉਠਾ ਕੇ ਬਾਬੇ ਅਕਾਲੀ ਨੂੰ ਸਲਾਮ ਕਰਕੇ ਮੰਜਿਆਂ 'ਤੇ ਬਹਿੰਦੇ ਗਏ। ਓਥੇ ਹੀ ਪਰ੍ਹੇ ਲੱਗ ਗਈ।

"ਬਾਬਾ 'ਕਾਲੀਆ।" ਇਲਮ ਦੀਨ ਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕਰਦਿਆਂ ਕਹਿਣਾ ਸ਼ੁਰੂ ਕੀਤਾ, "ਅਸੀਂ ਤੇਰਾ ਲਿਹਾਜ ਕਰਕੇ ਪਿੱਛੇ ਹਟ ਗਏ। ਤੇਰੀ ਕੀਤੀ ਅਸਾਂ ਸਿਰ ਮੱਥੇ ਮੰਨ ਲਈ, ਪਰ ਸੱਜਣ ਸੁੰਹ ਨੇ ਸਾਡੇ ਨਾਲ ਬੰਦਿਆਂ ਵਾਲੀ ਨਹੀਂ ਸੀ ਕੀਤੀ। ਖੂਹ ਸਾਡਾ ਦੋਹਾਂ ਦਾ ਸਾਂਝਾ ਏ। ਪਿਛਲੇਰੇ ਸਾਲ ਦਾ ਚੇਤਾ ਈ ਨਾ। ਉਹਨੂੰ ਏਥੋਂ ਤੱਕ ਨਹੀਂ ਸੀ ਅਪੜਨਾ ਚਾਹੀਦਾ।" ਬਾਬੇ ਅੱਗੇ ਉਹਨੇ ਅੰਦਰ ਕੱਠਾ ਹੋਇਆ ਗਿਲ੍ਹਾ ਪ੍ਰਗਟ ਕਰ ਦਿੱਤਾ।

"ਇਲਮ ਦੀਨਾ! ਪੁੱਤ ਮੇਰੇ 'ਤੇ ਇਤਬਾਰ ਕਰ। ਉਹ ਕੰਮ ਸੱਜਣ ਸੁੰਹ ਦਾ ਨਹੀਂ ਸੀ। ਉਹ ਮੇਰੇ ਪਿੰਡੇ 'ਤੇ ਹੱਥ ਲਾ ਕੇ ਸਹੁੰ ਖਾ ਗਿਆ ਸੀ। ਉਹਦਾ ਗੁਨਾਹ ਹੁੰਦਾ, ਤਾਂ ਉਹ ਮੇਰੇ ਅੱਗੇ ਮੁੱਕਰਦਾ ਨਹੀਂ ਸੀ। ਮੇਰਾ ਖ਼ਿਆਲ ਏ, ਉਹ ਕਰਤੂਤ ਤੁਹਾਡੇ ਕਿਸੇ ਸਾਂਝੇ ਦੁਸ਼ਮਣ ਦੀ ਸੀ। ਮੈਨੂੰ ਧੰਨੇ ਸ਼ਾਹ 'ਤੇ ਸ਼ੱਕ ਏ।" ਬਾਬੇ ਅਕਾਲੀ ਨੇ ਕੋਲ ਬੈਠੇ ਬਾਕੀਆਂ ਵੱਲ ਝਾਤੀ ਮਾਰਦਿਆਂ ਕਿਹਾ।

"ਹੋ ਸਕਦੈ, ਭਈ।" ਕੋਲੋਂ ਉਮਰ ਦੀਨ ਨੇ ਸਿਰ ਹਿਲਾਉਂਦਿਆਂ ਕਿਹਾ। ਗੱਲ ਉਹਦੇ ਦਿਲ ਲੱਗੀ ਸੀ।

"ਧੰਨੇ ਸ਼ਾਹ ਦੀ ਏਸ ਖੂਹ 'ਤੇ ਚਰੋਕਣੀ ਅੱਖ ਏ। ਉਹਨੇ ਗਿਣੀ ਮਿਥੀ ਚਾਲ ਅਨੁਸਾਰ ਇਹਨਾਂ ਦੋਹਾਂ ਨੂੰ ਕਰਜ਼ਾ ਦੇਣਾ ਸ਼ੁਰੂ ਕੀਤਾ। ਅੱਧਾ ਖੂਹ ਤਾਂ ਉਹ ਇਕ ਲੇਖੇ ਲੈ ਗਿਆ। ਬਾਕੀ ਦਾ ਅੱਧ ਉਹ ਹਰ ਕੀਮਤ 'ਤੇ ਹਾਸਲ ਕਰਨਾ ਚੌਂਹਦਾ ਏ। ਉਹ

ਇਹਨਾਂ ਦੋਹਾਂ ਨੂੰ ਲੜਾ ਕੇ ਆਪਣਾ ਉੱਲੂ ਸਿੱਧਾ ਕਰਨਾ ਚੌਂਹਦਾ ਏ। ਇਹ ਲੜਨਗੇ, ਮੁਕੱਦਮੇ ਕਰਨਗੇ, ਤਾਂ ਉਹਦੀ ਹਰ ਸ਼ਰਤ ਮੰਨ ਕੇ ਉਸ ਤੋਂ ਕਰਜ਼ਾ ਲੈਣਗੇ। ਏਸ ਵਿਚਾਰ ਦੇ ਆਧਾਰ 'ਤੇ ਮੈਂ ਕਹਿੰਦਾ ਕਿ ਇਹ ਸਾਰੀ ਸ਼ਰਾਰਤ ਧੰਨੇ ਸ਼ਾਹ ਦੀ ਹੋ ਸਕਦੀ ਏ। ਪਾਸੇ 'ਤੇ ਬੈਠਾ ਦੁਸ਼ਮਣ ਚੁਆਤੀ ਲਾ ਦੇਂਦਾ ਏ, ਤੇ ਅਸੀਂ ਬਿਨਾਂ ਸੋਚੇ ਸਮਝੇ ਲੜਨ ਵਾਸਤੇ ਤਿਆਰ ਹੋ ਜਾਂਦੇ ਆਂ।"

"ਬਾਬਾ 'ਕਾਲੀਆ! ਤੇਰੀ ਇਹ ਦਲੀਲ ਤਾਂ ਸਾਰਿਆਂ ਦੇ ਦਿਲ ਲੱਗਦੀ ਏ।" ਕੋਲੋਂ ਪੀਰ ਬਖ਼ਸ਼ ਨੇ ਵੀ ਪ੍ਰੋੜ੍ਹਤਾ ਕੀਤੀ।

"ਮੂੰਹ 'ਤੇ ਤਰੀਫ਼ ਨਹੀਂ ਕਰਦੇ। ਕੱਲ੍ਹ ਤਾਂ ਬਾਬਾ 'ਕਾਲੀਆ! ਤੂੰ ਬਚਾ ਲਿਆ। ਨਹੀਂ ਤਾਂ ਸਾਰਾ ਪਿੰਡ ਉਜੜ ਜਾਣਾ ਸੀ। ਹੁਣ ਨੂੰ ਘਰ-ਘਰ ਵੈਣ ਪਏ ਪੈਂਦੇ।"

"ਉ ਭਈ, ਚੁੱਕਣ ਵਾਲਿਆਂ ਦਾ ਕੀ ਜਾਣਾ ਸੀ, ਮਰਨਾ ਤਾਂ ਅਸਾਂ ਸੀ।"

"ਚੁਆਤੀ ਲੌਣ ਵਾਲੇ ਤਾਂ ਅਖੇ : ਅੱਗ ਲਾਈ ਤੇ ਕੁੱਤਾ ਕੰਧ 'ਤੇ।"

ਲਾਗੇ ਬੈਠਿਆਂ ਵਿੱਚੋਂ ਕੇਈਆਂ ਦੀਆਂ ਵਾਜਾਂ ਆਈਆਂ। ਦਿਲੋਂ ਸਾਰੇ ਹੀ ਬਾਬੇ ਅਕਾਲੀ ਦਾ ਅਹਿਸਾਨ ਮੰਨਦੇ ਸਨ।

"ਵਧੇਰੇ ਹੈਰਾਨੀ ਏਸ ਗੱਲ ਦੀ ਏ ਕਿ ਇਹ ਦੋਵੇਂ ਏਨੇ ਮਿੱਤਰ ਹੁੰਦੇ ਹੋਏ, ਦੁਸ਼ਮਣ ਕਿਵੇਂ ਬਣ ਗਏ ? ਚੰਦਾ ਸੁੰਹ ਤੇ ਚਰਾਗ਼ ਦੀਨ ਦੀ ਸਾਰੀ ਉਮਰ ਸਕੇ ਭਰਾਵਾਂ ਵਾਂਗ ਨਿਭ ਗਈ। ਫਿਰ ਇਹਨਾਂ ਦੋਹਾਂ ਵਿੱਚ ਵੀ ਕਿਤੇ ਸੂਈ ਨਹੀਂ ਸੀ ਲੰਘਦੀ ਹੁੰਦੀ। ਪਿਆਲੇ ਦੇ ਯਾਰ ਸਨ ਦੋਵੇਂ। ਪਤਾ ਨਹੀਂ, ਕੀਹਨੇ ਇਹਨਾਂ ਵਿੱਚ ਸੋਹ ਦਾ ਤੱਕਲਾ ਟੰਗ ਦਿੱਤਾ।" ਬਾਬੇ ਅਕਾਲੀ ਨੇ ਅਫ਼ਸੋਸ ਵਿੱਚ ਸਿਰ ਧਨਦਿਆਂ ਕਿਹਾ।

"ਬੱਸ ਲੰਬਰਦਾਰੀ ਲੈ ਕੇ ਬਹਿ ਗਈ।"

ਉਮਰ ਦੀਨ ਦੀ ਗੱਲ ਸੁਣ ਕੇ ਇਲਮ ਦੀਨ ਨੇ ਉਹਦੇ ਵੱਲ ਤਕਿਆ। ਉਹਦੇ ਜੀ ਵਿੱਚ ਆਈ, ਕਿ ਕਹਿ ਦੇਵੇ, 'ਉਹ ਵੀ ਧੰਨੇ ਸ਼ਾਹ ਨੇ ਚੁੱਕ ਕੇ ਈ ਉਸ ਤੋਂ ਦਰਖ਼ਾਸ ਦੁਆਈ ਸੀ।' ਪਰ ਉਹ ਸ਼ਰਮ ਦਾ ਮਾਰਿਆ ਕਹਿ ਨਾ ਸਕਿਆ।

"ਹਾਂ ਤੇਰੀ ਰਾਏ ਠੀਕ ਏ, ਉਮਰ ਦੀਨਾ!" ਬਾਬੇ ਅਕਾਲੀ ਨੇ 'ਹਾਂ' ਵਿੱਚ ਸਿਰ ਹਿਲਾਉਂਦਿਆਂ ਕਿਹਾ, "ਉਤੋਂ ਧਰਮ ਤੇ ਦੀਨ ਦੀ ਦੁਹਾਈ ਦੇਣ ਵਾਲਿਆਂ ਨੇ ਧੁਖਦੀ ਨੂੰ ਫੂਕਾਂ ਮਾਰ-ਮਾਰ ਕੇ ਮਚਾ ਦਿੱਤਾ। ਇਹ ਇਤਫ਼ਾਕ ਦੇ ਵੈਰੀ, ਕਿਤੇ ਸਿੱਖ ਤੇ ਮੁਸਲਮਾਨ ਦਾ, ਕਿਤੇ ਹਿੰਦੂ ਤੇ ਮੁਸਲਮਾਨ ਦਾ ਵਿਤਕਰਾ ਪੁਆ ਕੇ ਲੋਕਾਂ ਦੇ ਲਹੂ ਨਹੌਂਦੇ ਨੇ। ਜ਼ਰਾ ਸੋਚੋ, ਮਜ਼੍ਹਬ ਬਦਲਣ ਨਾਲ ਲਹੂ ਤਾਂ ਨਹੀਂ ਬਦਲ ਜਾਂਦਾ। ਮੈਂ ਵਧਾਵਾ ਸਿੰਘ ਦਾ ਪੁੱਤਰ ਕਰਮ ਸਿੰਘ ਆਂ। ਜੇ ਭਲਾ ਮੈਂ ਕਰਮ ਸਿੰਘ ਦੀ ਥਾਂ ਕਰਮ ਦੀਨ ਜਾਂ ਕਰਮ ਚੰਦ ਬਣ ਜਾਂਦਾ, ਤਾਂ ਪੁੱਤਰ ਤਾਂ ਵਧਾਵਾ ਸਿੰਘ ਦਾ ਹੀ ਰਹਿਣਾ ਸੀ। ਪਿਉ ਤਾਂ ਨਹੀਂ ਸੀ ਬਦਲ ਜਾਣਾ।"

ਬਾਬੇ ਅਕਾਲੀ ਦੀ ਅਕਾਟ ਯੁਕਤੀ ਦੇ ਸਾਹਮਣੇ ਸਾਰਿਆਂ ਨੇ ਸਿਰ ਹਿਲਾਇਆ।

"ਆਪਾਂ ਸਾਰੇ ਹੀ ਬਾਬੇ 'ਯਾਤਰੀ' ਦੀ ਉਲਾਦ ਆਂ। ਫਿਰ ਆਪਾਂ ਆਪਸ ਵਿੱਚ ਛਵ੍ਹੀਆਂ ਗੰਡਾਸੇ ਫੜ ਕੇ ਕਿਉਂ ਲੜੀਏ ?" ਬਾਬੇ ਅਕਾਲੀ ਨੇ ਸਾਰਿਆਂ ਵੱਲ ਪ੍ਰਸ਼ਨ ਭਰੀਆਂ ਅੱਖਾਂ ਨਾਲ ਤਕਦਿਆਂ ਪੁੱਛਿਆ। "ਗ਼ਦਰ ਲਹਿਰ ਵਿੱਚ ਅਸੀਂ ਕੋਈ ਕਿਤੋਂ ਦਾ ਸੀ, ਕੋਈ ਕਿਤੋਂ ਦਾ। ਸਾਰੇ ਅਸੀਂ ਕੱਠੇ ਖਾਂਦੇ ਪੀਂਦੇ ਸਾਂ। ਸਾਡੇ ਵਿੱਚ ਹਿੰਦੂ, ਸਿੱਖ, ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਸੀ। ਫਿਰ ਜੱਲ੍ਹਿਆਂ ਵਾਲੇ ਬਾਗ਼ ਵਿੱਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ, ਸਭ ਦਾ ਕੱਠਾ ਲਹੂ ਡੁੱਲ੍ਹਾ ਸੀ। ਕਾਂਗਰਸ ਵਿੱਚ ਸਾਰੇ ਕੱਠੇ ਕੰਮ ਕਰਦੇ ਨੇ। ਤੇ ਆਹ ਅਜੇ ਕੱਲ੍ਹ ਦੀ ਗੱਲ ਏ, 'ਆਜ਼ਾਦ ਹਿੰਦ ਫ਼ੌਜ' ਦੀ। ਉਹਨਾਂ ਦਾ ਲੰਗਰ ਈ ਸਾਰਿਆਂ ਦਾ ਕੱਠਾ ਹੁੰਦਾ ਸੀ। ਆਹ ਅਖ਼ਬਾਰਾਂ ਵਿੱਚ ਵੀ ਤੁਸੀਂ 'ਕਰਨਲ ਸ਼ਾਹ ਨਵਾਜ਼, ਕਰਨਲ ਸਹਿਗਲ, ਕਰਨਲ ਢਿੱਲੋਂ' ਤਿੰਨਾਂ ਦਾ ਕੱਠਾ ਜ਼ਿਕਰ ਪੜ੍ਹਦੇ ਓ ਨਾਂ ਰੋਜ਼। ਇਕ ਮੁਸਲਮਾਨ, ਇਕ ਹਿੰਦੂ, ਇਕ ਸਿੱਖ। ਤੇ ਤਿੰਨੇ ਸਕੇ ਭਰਾਵਾਂ ਨਾਲੋਂ ਵੱਧ। ਫਿਰ ਸਾਨੂੰ ਕੀ ਅਹੁਰ ਏ ? ਅਸੀਂ ਕਿਉਂ ਆਪਸ ਵਿੱਚ ਲੜਦੇ ਆਂ ?" ਜੋਸ਼ ਵਿੱਚ ਉਹਦੀ ਵਾਜ ਜ਼ਰਾ ਉੱਚੀ ਹੋ ਗਈ।

"ਬਾਬਾ 'ਕਾਲੀਆ! ਅਸਾਂ ਆਪਸ ਵਿੱਚ ਲੜਨਾ ਝਗੜਨਾ ਛੱਡਿਆ।" ਉਮਰ ਦੀਨ ਨੇ ਸਾਰਿਆਂ ਵੱਲੋਂ ਹਾਮੀ ਭਰਦਿਆਂ ਕਿਹਾ। ਸਾਥੋਂ ਭਾਵੇਂ ਕਸਮ ਚੁੱਕਾ ਲੈ। ਤੂੰ ਆਜ਼ਾਦ ਹਿੰਦ ਫ਼ੌਜ ਦੀ ਗੱਲ ਸੁਣਾ। ਸੁਣਿਆ ਏਂ, ਸੂਰਮਿਆਂ ਨੇ ਮਲਾਇਆ ਤੇ ਬਰ੍ਹਮਾ ਵਿੱਚ ਹੱਦ ਮੁਕਾ ਛੱਡੀ ਸੀ।"

"ਉਹਨਾਂ ਲੋਕਾਂ ਦੀ ਕੁਰਬਾਨੀ ਲਾਸਾਨੀ ਏਂ, ਉਮਰ ਦੀਨਾ!" ਬਾਬੇ ਅਕਾਲੀ ਦੀ ਵਾਜ ਵਿੱਚ ਅਥਾਹ ਸ਼ਰਧਾ ਸੀ। "ਤੇ ਸੱਚ ਪੁੱਛਦੇ ਓ, ਤਾਂ ਉਹਨਾਂ ਦੀਆਂ ਕੁਰਬਾਨੀਆਂ ਦਾ ਸਦਕਾ ਈ ਸਾਡਾ ਦੇਸ ਆਜ਼ਾਦ ਹੋ ਜਾਣਾ ਏਂ। ਹੁਣ ਅੰਗਰੇਜ਼ ਸਾਨੂੰ ਬਹੁਤਾ ਚਿਰ ਗ਼ੁਲਾਮੀ ਵਿੱਚ ਜਕੜ ਕੇ ਨਹੀਂ ਰੱਖ ਸਕਣਗੇ।" ਉਹਨੇ ਅੱਧਾ ਮਿੰਟ ਸਾਹ ਲੈ ਕੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਅੱਜ ਦਿਲ ਠੀਕ ਨਹੀਂ। ਫਿਰ ਵੀ ਮੈਂ ਥੋੜ੍ਹੀ ਬਹੁਤ ਗੱਲ ਸੁਣੌਨਾਂ ਤੁਹਾਨੂੰ। ਸੁਭਾਸ਼ ਚੰਦਰ ਬੋਸ ਦਾ ਨਾਂ ਤਾਂ ਆਪਾਂ ਸਾਰੇ ਜਾਣਦੇ ਈ ਆਂ। ਉਹ ਬੰਗਾਲੀ ਸੀ। ਉਹਦਾ ਪਿਤਾ ਜਾਨਕੀ ਨਾਥ ਬਹੁਤ ਵੱਡਾ ਵਕੀਲ ਸੀ। ਉਹਦੀ ਰੀਝ ਸੀ ਕਿ ਸੁਭਾਸ਼ ਪੜ੍ਹ ਲਿਖ ਕੇ ਬਹੁਤ ਵੱਡਾ ਅਫ਼ਸਰ ਬਣੇ। ਸੁਭਾਸ਼ ਨੇ ਵਲੈਤ ਜਾ ਕੇ ਆਈ.ਸੀ.ਐਸ. ਦਾ ਇਮਤਿਹਾਨ ਪਾਸ ਕੀਤਾ, ਪਰ ਵਾਪਸ ਦੇਸ਼ ਆ ਕੇ ਉਹ ਅੰਗਰੇਜ਼ੀ ਸਰਕਾਰ ਦਾ ਅਫ਼ਸਰ ਬਣਨ ਦੀ ਥਾਂ ਕਾਂਗਰਸ ਦਾ ਲੀਡਰ ਬਣ ਗਿਆ। ਉਹ ਕੇਈ ਵਾਰ ਜੇਲ੍ਹ ਵਿੱਚ ਗਿਆ। ਆਖ਼ਰੀ ਵਾਰ ਉਹ ਸੰਨ ਚਾਲੀ ਦੇ ਮੁੱਕਣ ਤੋਂ ਥੋੜ੍ਹਾ ਚਿਰ ਪਹਿਲਾਂ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਇਆ। ਓਦੋਂ ਜਰਮਨ-ਜੰਗ ਕਾਫ਼ੀ ਜੋਰਾਂ 'ਤੇ ਸੀ। ਅਗਲਾ ਸਾਲ ਚੜ੍ਹਦਿਆਂ ਹੀ (23

ਜਨਵਰੀ, 1941) ਉਹ ਘਰੋਂ ਅਲੋਪ ਹੋ ਗਿਆ। ਪਿੱਛੋਂ ਪਤਾ ਲੱਗਾ, ਸੁਭਾਸ਼ ਬਾਬੂ ਤੇ ਸੋਢੀ ਹਰਿਮੰਦਰ ਸਿੰਘ ਪਠਾਣਾਂ ਦਾ ਭੇਸ ਕਰਕੇ ਕਾਬਲ ਜਾ ਪੁੱਜੇ। ਓਥੋਂ ਸੁਭਾਸ਼ ਜਰਮਨੀ ਵਿੱਚ ਬਰਲਨ ਜਾ ਅਪੜਿਆ।"

"ਰੇਲ ਰਾਹੀਂ ?" ਉਮਰ ਦੀਨ ਨੇ ਹੁੰਗਾਰਾ ਭਰਨ ਵਜੋਂ ਸਵਾਲ ਕਰ ਦਿੱਤਾ। ਚੁੱਪ ਕਰਕੇ ਸੁਣੀ ਜਾਣ ਨਾਲ ਗੱਲ ਵਧੇਰੇ ਸੁਆਦ ਨਹੀਂ ਦੇਂਦੀ।

"ਨਹੀਂ। ਕਾਬਲ ਤੇ ਬਰਲਨ ਵਿੱਚ ਰੇਲ ਨਹੀਂ। ਓਧੋਂ ਉਹ ਹਵਾਈ ਜਹਾਜ਼ ਰਾਹੀਂ ਗਿਆ ਸੀ। ਓਥੇ ਉਹਦੀ ਹਿਟਲਰ ਨਾਲ ਮੁਲਾਕਾਤ ਹੋਈ। ਹਿਟਲਰ ਨੇ ਹਿੰਦ ਵਿੱਚ ਆਜ਼ਾਦੀ ਦੀ ਲੜਾਈ ਲੜਨ ਵਾਲਿਆਂ ਦੀ ਮਦਦ ਦਾ ਭਰੋਸਾ ਦੁਆਇਆ। ਫਿਰ ਸੁਭਾਸ਼ ਇਟਲੀ ਜਾ ਕੇ ਓਥੋਂ ਦੇ ਆਗੂਆਂ ਨੂੰ ਮਿਲਿਆ। ਇਟਲੀ ਵਿੱਚ ਹੀ ਉਹਨੇ ਪਹਿਲੇ-ਪਹਿਲ 'ਅਜ਼ਾਦ ਲੀਗ' ਬਣਾਈ। ਕੁਛ ਚਿਰ ਓਥੇ ਰਹਿ ਕੇ ਉਹ ਫਿਰ ਜਰਮਨੀ ਵਾਪਸ ਚਲਾ ਗਿਆ ਤੇ 'ਆਜ਼ਾਦ ਹਿੰਦ ਫ਼ੌਜ' ਖੜੀ ਕੀਤੀ। ਦੱਸਦੇ ਨੇ, ਉਹਦੀ ਦਸ-ਬਾਰਾਂ ਹਜ਼ਾਰ ਫ਼ੌਜ ਫ਼ਰਾਂਸ ਵਿੱਚ ਅੰਗਰੇਜ਼ਾਂ ਦੇ ਖ਼ਲਾਫ਼ ਲੜਦੀ ਰਹੀ। ਸੰਨ ਬਤਾਲੀ ਦੇ ਸ਼ਾਇਦ ਫਰਵਰੀ ਵਿੱਚ (ਪੰਦਰਾਂ ਫਰਵਰੀ) ਜਾਪਾਨੀਆਂ ਦਾ ਸਿੰਘਾਪੁਰ 'ਤੇ ਕਬਜ਼ਾ ਹੋ ਗਿਆ। ਚੜ੍ਹਦੇ ਜੁਲਾਈ ਨਾਲ (ਦੋ ਜੁਲਾਈ) ਸੁਭਾਸ਼ ਸਿੰਘਾਪੁਰ ਆ ਗਿਆ।"

"ਓਹਾ ਜਰਮਨੀ ਵਾਲੀ ਫ਼ੌਜ ਲੈ ਕੇ ?" ਉਮਰ ਦੀਨ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁੱਛਿਆ।

"ਨਹੀਂ। ਸਿੰਘਾਪੁਰ ਵਿੱਚ ਵੱਖਰੀ 'ਆਜ਼ਾਦ ਹਿੰਦ ਲੀਗ' ਬਣੀ ਸੀ (ਮਾਰਚ 1942)। ਉਸ ਦਾ ਪ੍ਰਧਾਨ ਰਾਸ ਬਿਹਾਰੀ ਬੋਸ ਸੀ। ਨਾਲ ਹੀ 'ਆਜ਼ਾਦ ਹਿੰਦ ਫ਼ੌਜ' ਵੀ ਬਣੀ, ਜਿਸ ਦਾ ਸੈਨਾਪਤੀ ਜਰਨੈਲ ਮੋਹਣ ਸਿੰਘ ਬਣਿਆ। ਅਗਲੇ ਮਹੀਨੇ ਸਿੰਘਾਪੁਰ ਵਿੱਚ 'ਅਜ਼ਾਦ ਹਿੰਦ ਲੀਗ' ਦੇ ਸਾਰੇ ਡੈਲੀਗੇਟਾਂ ਦੀ ਕਾਨਫ਼ਰੰਸ ਹੋਈ। ਰਾਸ ਬਿਹਾਰੀ ਬੋਸ ਨੇ ਕਾਨਫ਼ਰੰਸ ਵਿੱਚ ਫ਼ੈਸਲਾ ਕੀਤਾ ਕਿ ਹੁਣ ਉਹਦੀ ਥਾਂ ਸੁਭਾਸ਼ ਚੰਦਰ ਬੋਸ ਲੀਗ ਦੇ ਪ੍ਰਧਾਨ ਹੋਣਗੇ। ਜੁਲਾਈ ਵਿੱਚ ਸੁਭਾਸ਼ ਨੇ ਆ ਕੇ ਪ੍ਰਧਾਨਗੀ ਸੰਭਾਲ ਲਈ।....ਜਾਪਾਨੀਆਂ ਨੇ ਬਰ੍ਹਮਾ ਫ਼ਤਹਿ ਕਰ ਲਿਆ, ਤਾਂ ਸੁਭਾਸ਼ 'ਆਜ਼ਾਦ ਹਿੰਦ ਫ਼ੌਜ' ਦਾ ਹੈੱਡ ਕੁਆਟਰ ਸਿੰਘਾਪੁਰ ਤੋਂ ਰੰਗੂਨ ਲੈ ਆਇਆ। ਜਿਹੜੀ ਉਹਨੇ ਰੰਗੂਨ ਵਿੱਚ ਪਹਿਲੀ ਤਕਰੀਰ ਕੀਤੀ, ਕੋਈ ਹਜ਼ਾਰਾਂ ਲੋਕ ਸੁਣਨ ਵਾਸਤੇ ਆਏ ਹੋਏ ਸਨ। ਸੁਭਾਸ਼ ਨੂੰ ਸਾਰੇ 'ਨੇਤਾ ਜੀ' ਕਿਹਾ ਕਰਦੇ ਸਨ। ਉਹਨੇ ਲੋਕਾਂ ਨੂੰ ਲਲਕਾਰ ਕੇ ਕਿਹਾ, ਤੁਸੀਂ ਮੈਨੂੰ ਖ਼ੂਨ ਦਿਹੋ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ। ਐਨਾ ਅਸਰ ਪਿਆ ਲੋਕਾਂ 'ਤੇ ਏਸ ਗੱਲ ਦਾ ਕਿ ਪੁੱਛੋ ਕੁਛ ਨਾ। ਲੋਕਾਂ ਨੇ ਆਪਣੇ ਲਹੂ ਨਾਲ ਦਸਖ਼ਤ ਕਰਕੇ ਦਿੱਤੇ। ਹਰ ਜਵਾਨ ਹਿੰਦੀ ਬੜੇ ਚਾਅ ਨਾਲ ਆਜ਼ਾਦ ਹਿੰਦ ਫ਼ੌਜ ਵਿੱਚ ਭਰਤੀ ਹੋਇਆ। ਦੱਸਦੇ ਨੇ, ਨੇਤਾ ਜੀ ਦੀ ਫ਼ੌਜ ਸੱਤਰ-ਅੱਸੀ ਹਜ਼ਾਰ ਹੋ ਗਈ ਸੀ।"

"ਵਾਹ! ਆਜ਼ਾਦੀ ਦੀ ਲਗਨ ਏਂ ਨਾਂ।" ਕਿਸੇ ਸਰੋਤੇ ਦੀ ਮੱਧਮ ਜੇਹੀ ਵਾਜ ਆਈ।

"ਨੇਤਾ ਜੀ ਨੇ ਜਾਪਾਨੀਆਂ ਨਾਲ ਮੁਆਇਦਾ ਕੀਤਾ ਕਿ ਤੁਸੀਂ ਸਾਨੂੰ ਹਥਿਆਰਾਂ ਤੇ ਰਾਸ਼ਨ ਦੀ ਮਦਦ ਦਿਹੋ, ਮਗਰ ਹਿੰਦ ਵਿੱਚ ਅੱਗੇ ਵਧ ਕੇ ਲੜਾਂਗੇ ਸਿਰਫ਼ ਅਸੀਂ। ਤੁਹਾਡੀ ਫ਼ੌਜ ਭਾਰਤ ਵਿੱਚ ਦਾਖ਼ਲ ਨਹੀਂ ਹੋ ਸਕੇਗੀ। ਏਸ ਗੱਲ ਤੋਂ ਜਪਾਨੀ ਕੁਛ ਅੰਦਰੋਂ ਨਰਾਜ਼ ਹੋ ਗਏ।"

"ਉਹਨਾਂ ਦੀ ਸਲਾਹ ਹੋਣੀ ਏਂ, ਅੰਗਰੇਜ਼ਾਂ ਦੀ ਥਾਂ ਅਸੀਂ ਮੁਲਕ ਮੱਲ ਲਈਏ।" ਉਮਰ ਦੀਨ ਨੇ ਗੱਲ ਦਾ ਭਾਵ ਸਮਝਦਿਆਂ ਆਪਣੀ ਰਾਏ ਪੇਸ਼ ਕੀਤੀ।

"ਭਈ, ਕਮਜ਼ੋਰ ਤੇ ਪਾਟੇ ਹੋਏ ਘਰ ਉੱਤੇ ਕਬਜ਼ਾ ਕਰਨ ਨੂੰ ਹਰ ਇਕ ਦਾ ਦਿਲ ਲਲਚਾ ਜਾਂਦਾ ਏ। ਜਾਪਾਨੀਆਂ ਦੇ ਦਿਲ ਦੀ ਚਾਲ ਨੇਤਾ ਜੀ ਤਾੜ ਗਿਆ, ਪਰ ਸੁਘੜ ਨੀਤੀਵਾਨਾਂ ਵਾਂਗ ਉਹਨੇ ਮੂੰਹੋਂ ਕੋਈ ਗੱਲ ਨਾ ਕੱਢੀ। ਉਹਨੇ ਆਪਣੇ ਜਰਨੈਲਾਂ ਨੂੰ ਹਿੰਦ ਉੱਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਕਰਨਲ ਸ਼ਾਹ-ਨਵਾਜ਼ ਤੇ ਕਰਨਲ ਸਹਿਗਲ ਸੱਠ-ਸੱਤਰ ਹਜ਼ਾਰ ਫ਼ੌਜ ਲੈ ਕੇ ਅੱਗੇ ਵਧੇ। ਉਹਨਾਂ ਮਰਦਿਆਂ ਮਾਰਦਿਆਂ ਅੱਗੇ ਵਧ ਕੇ, 'ਇੰਫਲ' ਸ਼ਹਿਰ ਨੂੰ ਘੇਰਾ ਪਾ ਲਿਆ। ਓਥੇ ਅੰਗਰੇਜ਼ਾਂ ਦੀ ਫ਼ੌਜ ਦੋ ਲੱਖ ਦੱਸਦੇ ਨੇ। ਕੇਈ ਥਾਂਈਂ ਡਟ ਕੇ ਲੜਾਈ ਹੋਈ। ਜਿਸ ਵੇਲੇ ਨੇਤਾ ਜੀ ਦੇ ਜਰਨੈਲ 'ਜੈ ਹਿੰਦ' ਦਾ ਨਾਹਰਾ ਲੌਂਦੇ ਸਨ, ਜਵਾਨਾਂ ਦੇ ਜੋਸ਼ ਵਿੱਚ ਡੌਲੇ ਫਰਕਣ ਲੱਗ ਪੈਂਦੇ ਸਨ। ਉਹਨਾਂ ਦੀਆਂ ਅੱਖਾਂ ਸਾਹਮਣੇ ਨੇਤਾ ਜੀ ਦੀ ਤਸਵੀਰ ਆ ਜਾਂਦੀ ਸੀ। ਇਹ 'ਜੈ ਹਿੰਦ' ਦਾ ਨਾਹਰਾ ਕੌਮ ਨੂੰ ਓਸੇ ਨੇ ਦਿੱਤਾ ਸੀ। ਤੇ ਦੂਜਾ ਨਾਹਰਾ ਸੀ ਫ਼ੌਜੀਆਂ ਦਾ 'ਚਲੋ ਦਿੱਲੀ'। ਅੰਗਰੇਜ਼ਾਂ ਨੂੰ ਦਿੱਲੀ ਵਿੱਚੋਂ ਕੱਢ ਕੇ ਉਹ ਓਥੇ ਦੇਸ਼ ਦਾ ਝੰਡਾ ਗੱਡਣਾ ਚੌਂਹਦੇ ਸਨ। ਜਾਪਾਨੀਆਂ ਨੇ ਪਿੱਛੋਂ ਰਾਸ਼ਨ ਤੇ ਹਥਿਆਰ ਭੇਜਣੇ ਬੰਦ ਕਰ ਦਿੱਤੇ।"

"ਉਹ! ਮਿੱਤਰ-ਮਾਰ ਕੀਤੀਓ ਨੇ ਕਿ!"

"ਮਖ, ਬਨੇਰੇ 'ਤੇ ਚੜ੍ਹਾ ਕੇ ਪੌੜੀ ਖਿੱਚ ਲਈਓ ਨੇ।"

ਕੁਛ ਸਰੋਤਿਆਂ ਦੀਆਂ ਅਫ਼ਸੋਸ ਭਰੀਆਂ ਵਾਜਾਂ ਆਈਆਂ।

"ਏਸ ਹਾਲ ਵੀ ਸੂਰਮੇ ਸਾਲ ਭਰ ਲੜਦੇ ਰਹੇ। ਏਧਰੋਂ ਅੰਗਰੇਜ਼ਾਂ ਨੇ ਆਪਣੇ ਮੋਰਚੇ ਪੱਕੇ ਕਰ ਲਏ। ਨਾਲੇ ਮੌਸਮ ਬੜਾ ਖ਼ਰਾਬ ਹੋ ਗਿਆ। ਪਹਾੜੀ ਇਲਾਕਾ। ਆਜ਼ਾਦ ਹਿੰਦ ਫ਼ੌਜ ਦੇ ਕੋਲ ਨਾ ਪੂਰੇ ਹਥਿਆਰ ਤੇ ਨਾ ਹੀ ਖਾਣ ਨੂੰ ਰਾਸ਼ਨ ਸੀ। ਢਿੱਡੋਂ ਭੁੱਖੇ ਜਵਾਨ ਕਿੰਨਾ ਕੁ ਚਿਰ ਲੜ ਸਕਦੇ ਸਨ। ਨਾਲੇ ਜਾਪਾਨੀ ਆਪਣੀ ਹਾਰ ਨੇੜੇ ਸਮਝ ਕੇ ਬਰ੍ਹਮਾ 'ਚੋਂ ਨੱਸਣੇ ਸ਼ੁਰੂ ਹੋ ਗਏ। ਨੇਤਾ ਜੀ ਦੀ ਫ਼ੌਜ ਬੜੀ ਕੁਥਾਂ ਫਸੀ। ਕੋਈ ਪੇਸ਼ ਨਾ ਗਈ, ਤਾਂ ਅੰਤ ਕਰਨਲ ਸਹਿਗਲ ਦੀ ਫ਼ੌਜ ਨੇ ਅਪ੍ਰੈਲ (1945)

ਵਿੱਚ ਹਥਿਆਰ ਸੁੱਟ ਦਿੱਤੇ। ਭੁੱਖੇ ਤਿਹਾਏ ਸੂਰਮੇ ਅੰਗਰੇਜ਼ਾਂ ਦੇ ਕੈਦੀ ਬਣ ਗਏ। ਏਸੇ ਮਹੀਨੇ ਜਾਪਾਨੀ ਰੰਗੂਨ ਖ਼ਾਲੀ ਕਰਕੇ ਨੱਸ ਗਏ। ਅਗਲੇ ਮਹੀਨੇ (ਤਿੰਨ ਮਈ ਨੂੰ) ਅੰਗਰੇਜ਼ ਰੰਗੂਨ ਵਿੱਚ ਦਾਖ਼ਲ ਹੋ ਗਏ। ਓਥੇ ਉਹਨਾਂ ਕਰਨਲ ਸ਼ਾਹ ਨਵਾਜ਼ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਰੰਗੂਨ ਛੱਡ ਕੇ ਨੇਤਾ ਜੀ ਸਿੰਘਾਪੁਰ ਚਲੇ ਗਏ। ਓਥੋਂ ਉਹ ਜਾਪਾਨ ਨੂੰ ਉੱਡੇ, ਤਾਂ ਰਾਹ ਵਿੱਚ ਜਹਾਜ਼ ਨੂੰ ਅੱਗ ਲੱਗ ਜਾਣ ਕਰਕੇ ਉਹ ਵਿੱਚੇ ਸੜ ਕੇ ਸ਼ਹੀਦ ਹੋ ਗਏ (ਸੋਲ੍ਹਾਂ ਅਗਸਤ, 1945)। ਪਰ ਕਈਆਂ ਲੋਕਾਂ ਦਾ ਵਿਸ਼ਵਾਸ ਏ, ਕਿ ਨੇਤਾ ਜੀ ਜਿਊਂਦੇ ਹਨ, ਤੇ ਹਿੰਦੁਸਤਾਨ ਆਜ਼ਾਦ ਹੋ ਜਾਣ ਪਿੱਛੋਂ ਉਹ ਦੇਸ਼ ਵਿੱਚ ਵਾਪਸ ਆ ਜਾਣਗੇ। ਇਹ ਹੈ ਆਪਣੇ ਦੇਸ਼ ਬਦਲੇ ਲੜਣ ਮਰਨ ਵਾਲੀ ਅਜ਼ਾਦ ਹਿੰਦ ਫ਼ੌਜ ਦੀ ਕਹਾਣੀ। ਅਸਲ ਵਿੱਚ....ਅਸਲ ਵਿੱਚ ਅੱਜ ਮੈਂ ਗੱਲਾਂ ਕਰਨ ਦੇ ਰੌਂਅ ਵਿੱਚ ਨਹੀਂ ਸਾਂ। ਕਿਸੇ ਹੋਰ ਦਿਨ ਇਹ ਕਥਾ ਸੁਣ ਲਿਉ, ਤਾਂ...। ਸਾਰੀ ਰਾਤ ਮੈਨੂੰ ਨੀਂਦ ਨਹੀਂ ਸੀ ਆਈ। ਮੈਂ ਇਕੋ ਗੱਲ ਸੋਚਦਾ ਰਿਹਾ ਕਿ ਜੇ ਫ਼ਸਾਦ ਹੋ ਜਾਂਦਾ, ਤਾਂ...। ਪਰ ਰੱਬ ਨੇ ਰੱਖ ਲਿਆ। ਅਜੇ ਵੀ ਦਿਲ ਡਰਦਾ ਏ ਕੁਛ।" ਆਖ਼ਰੀ ਗੱਲ ਕਹਿ ਕੇ ਬਾਬੇ ਅਕਾਲੀ ਨੇ ਸਾਰਿਆਂ ਵੱਲ ਝਾਤੀ ਮਾਰ ਕੇ ਤਕਿਆ।

"ਬਾਬਾ 'ਕਾਲੀਆ! ਤੂੰ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਨੇ। ਹੁਣ ਭਾਵੇਂ ਕੋਈ ਸਾਨੂੰ ਕਿੰਨਾ ਪਿਆ ਚੁੱਕੇ, ਅਸੀਂ ਆਪਸ ਵਿੱਚ ਨਹੀਂ ਲੜਾਂਗੇ।" ਉਮਰ ਦੀਨ ਨੇ ਸਾਰਿਆਂ ਵੱਲੋਂ ਫ਼ੈਸਲਾ ਦੇ ਦਿੱਤਾ।

"ਕਿਉਂ ਪੁੱਤ ਇਲਮ ਦੀਨਾ।" ਬਾਬੇ ਅਕਾਲੀ ਨੇ ਇਲਮ ਦੀਨ ਵੱਲ ਵੇਖ ਕੇ ਕਿਹਾ। ਉਹਦੀ ਪ੍ਰਵਾਨਗੀ ਬਾਬਾ ਬਹੁਤ ਜ਼ਰੂਰੀ ਸਮਝਦਾ ਸੀ।

"ਬਾਬਾ 'ਕਾਲੀਆ! ਇਲਮ ਦੀਨ ਨੇ ਖੰਘੂਰਾ ਮਾਰ ਕੇ ਕਿਹਾ, "ਮੇਰੇ ਵੱਲੋਂ ਜਕੀਨ ਰੱਖ, ਮੈਂ ਹੁਣ ਕਿਸੇ ਗੱਲ ਵਿੱਚ ਨਹੀਂ ਆਵਾਂਗਾ। ਸੱਜਣ ਸੂੰਹ ਦੇ ਮੱਥੇ ਤਾਂ ਮੈਂ ਲੱਗਣਾ ਨਹੀਂ ਉਂ। ਮੈਂ ਆਪਣੀ ਸ਼ਰਮ ਵਿੱਚ ਮਰ ਰਿਹਾਂ। ਕਿਹੜਾ ਮੂੰਹ ਲੈ ਕੇ ਮੈਂ ਉਹਦੇ ਸਾਹਮਣੇ ਜਾਵਾਂ। ਹੋਰ, ਮੈਂ ਸਭ ਵੈਰ ਵਰੋਧ ਛੱਡਿਆ। ਤੂੰ ਗੁਰੂਆਂ ਪੀਰਾਂ ਦੀ ਥਾਂ ਏਂ, ਮੇਰੀ ਕੋਈ ਗੱਲ ਸੁਣੇਂਗਾ, ਤਾਂ ਬਸ਼ੱਕ ਨੀਂਵੇਂ ਥਾਂ ਬਹਾ ਲਵੀਂ। ਹੋਰ ਦੱਸ ?" ਇਲਮ ਦੀਨ ਨੇ ਆਖ਼ਰੀ ਵਾਕ ਬਾਬੇ ਅਕਾਲੀ ਦੀਆਂ ਅੱਖਾਂ ਵਿੱਚ ਤਕਦਿਆਂ ਕਿਹਾ।

"ਰੱਬ ਤੇਰਾ ਭਲਾ ਕਰੇ, ਪੁੱਤ ਇਲਮ ਦੀਨਾ! ਇਸ ਵੇਲੇ ਮੇਰੀ ਆਤਮਾ ਤੈਨੂੰ ਹਜ਼ਾਰਾਂ ਅਸੀਸਾਂ ਦੇ ਰਹੀ ਏ। ਤੇ ਜਿਹੜੀ ਸੱਜਣ ਸਿੰਘ ਦੇ ਮੱਥੇ ਨਾ ਲੱਗਣ ਦੀ ਗੱਲ ਆਹਨਾਂ ਏਂ, ਅੱਜ ਨਾ ਸਹੀ, ਸਮਾਂ ਪਾ ਕੇ ਤੁਸੀਂ ਪਹਿਲਾਂ ਵਾਂਗ ਹੀ ਭਰਾਵਾਂ ਵਾਂਗ ਜੱਫ਼ੀਆਂ ਪਾ ਕੇ ਮਿਲੋਗੇ। ਤੁਸੀਂ ਬਹੁਤਾ ਚਿਰ ਦੂਰ-ਦੂਰ ਨਹੀਂ ਰਹਿ ਸਕਦੇ। ਹੱਛਾ, ਮੈਂ

ਬੜਾ ਖ਼ੁਸ਼-ਖ਼ੁਸ਼ ਜਾ ਰਿਹਾ ਆਂ। ਮੇਰਾ ਆਏ ਦਾ ਮਾਣ ਰਖਿਆ ਜੇ, ਅੱਲਾ ਤੁਹਾਨੂੰ ਖ਼ੁਸ਼ ਰੱਖੇ।" ਕਹਿੰਦਾ ਹੋਇਆ ਬਾਬਾ ਅਕਾਲੀ ਮੰਜੇ ਤੋਂ ਉੱਠ ਬੈਠਾ।

## 31

ਉੱਨੀ ਸੌ ਛਤਾਲੀ ਦੇ ਮਾਰਚ ਮਹੀਨੇ ਵਿੱਚ ਸਾਰੇ ਦੇਸ਼ ਅੰਦਰ ਅਸੈਂਬਲੀਆਂ ਦੀਆਂ ਚੋਣਾਂ ਹੋਈਆਂ। ਉਸ ਚੋਣ ਵਿੱਚ ਹਰ ਫ਼ਿਰਕੇ ਨੇ ਆਪੋ ਆਪਣੇ ਹਿੱਸੇ ਆਉਂਦੇ ਮੈਂਬਰ ਵੱਖਰੇ-ਵੱਖਰੇ ਚੁਣਨੇ ਸਨ। ਸੋ ਚੋਣਾਂ ਦੇ ਬਹਾਨੇ ਪੰਥ, ਧਰਮ ਤੇ ਦੀਨ ਦਾ ਬਹੁਤ ਪ੍ਰਚਾਰ ਹੋਇਆ। ਪਰ ਇਸ 'ਧਰਮ ਪ੍ਰਚਾਰ' ਵਿੱਚ ਜੋ ਸਫ਼ਲਤਾ ਮੁਸਲਮ-ਲੀਗ ਨੂੰ ਪ੍ਰਾਪਤ ਹੋਈ, ਹੋਰ ਕਿਸੇ ਫ਼ਿਰਕੇ ਨੂੰ ਨਹੀਂ। ਲੀਗੀ ਲੀਡਰਾਂ ਨੇ ਮੁਸਲਮਾਨਾਂ ਨੂੰ ਯਕੀਨ ਕਰਾ ਦਿੱਤਾ ਕਿ ਪਾਕਿਸਤਾਨ ਬਣਨ ਦਾ ਸਾਰਾ ਨਿਰਭਰ ਏਸੇ ਚੋਣ ਉੱਤੇ ਸੀ। ਇਸ ਚੋਣ-ਘਮਸਾਣ ਦਾ ਅਸਲੀ ਸਿੱਟਾ ਇਹ ਨਿਕਲਿਆ ਕਿ ਮੁਸਲਮਾਨ ਬਾਕੀ ਹਿੰਦੂਆਂ ਨਾਲੋਂ ਬਹੁਤ ਦੂਰ ਹੋ ਗਏ।

ਜ਼ਿੰਮੇਂਵਾਰ ਅੰਗਰੇਜ਼ ਆਗੂਆਂ ਦੇ ਬਿਆਨਾਂ ਤੋਂ ਸਿੱਧ ਹੋ ਗਿਆ ਸੀ ਕਿ ਉਹ ਬਹੁਤ ਛੇਤੀ ਹਿੰਦੁਸਤਾਨ ਨੂੰ ਛੱਡ ਜਾਣਾ ਚਾਹੁੰਦੇ ਹਨ। ਸਵਾਲ ਸਿਰਫ਼ ਇਹ ਸੀ ਕਿ ਉਹ ਰਾਜ-ਪ੍ਰਬੰਧ ਕਿਸ ਢੰਗ ਨਾਲ ਤੇ ਕੀਹਦੇ ਹਵਾਲੇ ਕਰਕੇ ਜਾਣ।

ਚੋਣਾਂ ਤੋਂ ਛੇਤੀ ਹੀ ਪਿੱਛੋਂ ਸਰਕਾਰ ਬਰਤਾਨੀਆਂ ਨੇ ਇਕ ਮੰਤਰੀ-ਮਿਸ਼ਨ (ਕੈਬਨਿਟ ਮਿਸ਼ਨ) ਭਾਰਤ ਭੇਜਿਆ। ਉਸ ਦੇ ਤਿੰਨ ਮੈਂਬਰ ਸਨ : ਲਾਰਡ ਪੈਥਿਕ ਲਾਰੇਂਸ, ਸਰ ਸਟੈਫਰਡ ਕ੍ਰਿਪਸ ਤੇ ਐਚ.ਵੀ. ਅਲੈਗਜ਼ੈਂਡਰ। ਉਹ 23 ਮਾਰਚ, 1946 ਨੂੰ ਭਾਰਤ ਪਹੁੰਚੇ। ਉਹਨਾਂ ਨੇ ਜੋ ਰਾਜ-ਬਣਤਰ ਭਾਰਤੀ ਆਗੂਆਂ ਸਾਹਮਣੇ ਪੇਸ਼ ਕੀਤੀ, ਉਸ ਨੂੰ 'ਕੈਬਨਿਟ ਮਿਸ਼ਨ ਸਕੀਮ' ਦਾ ਨਾਮ ਦਿੱਤਾ ਗਿਆ। ਉਸ ਸਕੀਮ ਦੁਆਰਾ ਹਿੰਦੁਸਤਾਨ ਵਿੱਚ ਧਰਮ ਦੇ ਆਧਾਰ 'ਤੇ ਤਿੰਨ ਵੱਡੇ ਫ਼ਿਰਕੇ ਮੰਨੇ ਗਏ : ਮੁਸਲਮਾਨ, ਸਿੱਖ ਤੇ ਬਾਕੀ ਸਾਰੇ (ਹਿੰਦੂਆਂ ਵਿੱਚ ਸ਼ਾਮਲ)। ਨਾਲ ਹੀ ਸਕੀਮ ਵਿੱਚ ਭਾਰਤ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਗਿਆ। ਪਹਿਲਾ 'ਏ' ਗਰੁੱਪ, ਜਿਸ ਵਿੱਚ ਮਦਰਾਸ, ਬੰਬਈ, ਬਿਹਾਰ, ਉੜੀਸਾ, ਉੱਤਰ ਪ੍ਰਦੇਸ਼ (ਯੂ.ਪੀ.) ਤੇ ਮੱਧ ਪ੍ਰਦੇਸ਼ (ਸੀ.ਪੀ.) ਛੇ ਸੂਬੇ ਸਨ। ਦੂਸਰਾ 'ਬੀ' ਗਰੁੱਪ, ਜਿਸ ਵਿੱਚ ਪੱਛਮੀ ਭਾਰਤ ਦੇ ਚਾਰ ਸੂਬੇ (ਪੰਜਾਬ, ਸਿੰਧ, ਬਲੋਚਿਸਤਾਨ ਤੇ ਸਰਹੱਦੀ ਸੂਬਾ) ਸਨ। ਤੀਸਰੇ 'ਸੀ' ਗਰੁੱਪ ਵਿੱਚ ਬੰਗਾਲ ਤੇ ਅਸਾਮ ਦੇ ਸੂਬੇ ਸ਼ਾਮਲ ਕੀਤੇ ਗਏ। ਇਸ ਤਰ੍ਹਾਂ ਪਹਿਲਾ ਹਿੱਸਾ ਹਿੰਦੂਆਂ ਦੇ ਤੇ ਦੂਸਾਰ ਤੀਸਰਾ ਮੁਸਲਮਾਨਾਂ ਦੇ ਅਧੀਨ ਹੋ ਜਾਂਦਾ ਸੀ। ਮੈਂਬਰਾਂ ਦੀ ਗਿਣਤੀ ਇਉਂ ਮਿਥੀ ਗਈ। ਪਹਿਲੇ ਗਰੁੱਪ ਵਿੱਚ ਵੀਹ ਮੁਸਲਮਾਨ ਤੇ ਇਕ ਸੌ ਸਤਾਹਠ ਹਿੰਦੂ। ਦੂਸਰੇ ਵਿੱਚ ਬਾਈ ਮੁਸਲਮਾਨ, ਚਾਰ ਸਿੱਖ ਤੇ ਨੌਂ ਹਿੰਦੂ। ਤੀਸਰੇ

ਵਿੱਚ ਛੱਤੀ ਮੁਸਲਮਾਨ ਤੇ ਚੌਤੀ ਹਿਦੂ। ਬਾਨਵੇਂ ਮੈਂਬਰ ਦੇਸੀ ਰਿਆਸਤਾਂ ਦੇ ਹੋਣਗੇ। ਕੁਛ ਮੈਂਬਰ ਦਿੱਲੀ, ਅਜਮੇਰ, ਮਾਰਵਾੜ ਆਦਿ ਦੇ ਹੋਰ ਹੋਣਗੇ। ਏਸ ਤਰ੍ਹਾਂ ਸਾਰੇ ਭਾਰਤ ਦੇ ਕੁੱਲ ਮੈਂਬਰ 389 ਹੋਣਗੇ। ਉਸ ਵੱਡੀ (ਜਾਂ ਸਾਂਝੀ) ਕੌਂਸਲ ਦੇ ਅਧੀਨ ਸਿਰਫ਼ ਤਿੰਨ ਮਹਿਕਮੇ ਹੋਣਗੇ। ਫ਼ੌਜ, ਡਾਕ ਤੇ ਆਉਣ ਜਾਣ ਦੇ ਵਸੀਲੇ। ਬਾਕੀ ਸਾਰੇ ਮਹਿਕਮੇ ਅੱਡੋ-ਅੱਡ ਗਰੁੱਪਾਂ ਦੇ ਵੱਸ ਵਿੱਚ ਰਹਿਣਗੇ। ਭਾਵ, ਸਾਰੇ ਭਾਰਤ ਦਾ ਇਕ ਸਾਂਝਾ ਕੇਂਦਰ, ਜਿਸ ਦੇ ਅਧੀਨ ਸਿਰਫ਼ ਤਿੰਨ ਮਹਿਕਮੇ, ਤੇ ਉਸ ਤੋਂ ਥੱਲੇ ਤਿੰਨ ਖ਼ੁਦ-ਮੁਖ਼ਤਿਆਰ ਹਿੱਸੇ। ਕੇਂਦਰ ਵਿੱਚ ਮੁਸਲਮਾਨਾਂ ਨੂੰ 'ਕੀਤੀ ਰੱਦ ਕਰਨ' (ਵੀਟੋ) ਦਾ ਅਧਿਕਾਰ ਦੇ ਕੇ ਉਸ ਵਿੱਚ ਹਮੇਸ਼ਾਂ ਵਾਸਤੇ ਫੁੱਟ ਦਾ ਕਾਰਨ ਬਣਾ ਦਿੱਤਾ।

ਵਿਚਲੇ ਸਮੇਂ ਵਾਸਤੇ (ਜਿੰਨਾ ਚਿਰ ਇਹ ਨਵੀਂ ਕੌਂਸਲ ਰਾਜ ਪ੍ਰਬੰਧ ਨਹੀਂ ਸੰਭਾਲਦੀ) ਇਕ ਕੰਮ-ਚਲਾਊ ਸਰਕਾਰ ਬਣਨੀ ਸੀ। ਉਸ ਵਿੱਚ ਪੰਜ ਮੈਂਬਰ ਕਾਂਗਰਸ ਦੇ, ਪੰਜ ਮੁਸਲਮਲੀਗ ਦੇ, ਇਕ ਸਿੱਖ ਤੇ ਇਕ ਅਛੂਤ ਬਣਨਾ ਸੀ।

ਮੁਸਲਮਲੀਗ ਨੇ ਸਾਰੀ ਸਕੀਮ ਮੰਨ ਲਈ। ਕਾਂਗਰਸ ਨੇ ਕੰਮ ਚਲਾਊ ਸਰਕਾਰ ਵਿੱਚ ਹਿੱਸਾ ਲੈਣਾ ਨਾ ਮੰਨਿਆਂ ਤੇ ਬਾਕੀ ਸਕੀਮ ਮੰਨ ਲਈ। ਸਿੱਖਾਂ ਨੇ ਸਾਰੀ ਸਕੀਮ ਰੱਦ ਕਰ ਦਿੱਤੀ। ਕੰਮ ਚਲਾਊ ਸਰਕਾਰ ਵਿੱਚ ਸ਼ਾਮਲ ਹੋਣਾ ਕਾਂਗਰਸ ਨਹੀਂ ਸੀ ਮੰਨਦੀ, ਇਸ ਵਾਸਤੇ ਅੰਗਰੇਜ਼ਾਂ ਨੇ ਸਕੀਮ ਦਾ ਓਨਾ ਹਿੱਸਾ ਛੱਡ ਦਿੱਤਾ। ਏਸ ਗੱਲ ਤੋਂ ਚਿੜ ਕੇ ਮੁਸਲਮਲੀਗ ਨੇ ਸਾਰੀ ਸਕੀਮ ਨਾ-ਮਨਜ਼ੂਰ ਕਰ ਦਿੱਤੀ। ਨਾਲ ਹੀ ਮੁਸਲਮਲੀਗ ਨੇ ਸੋਲ੍ਹਾਂ ਅਗਸਤ ਨੂੰ ਡਾਇਰੈਕਟ ਐਕਸ਼ਨ (ਸਿੱਧੀ ਟੱਕਰ) ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ।

ਸੋਲ੍ਹਾਂ ਅਗਸਤ ਦਾ ਚੰਦਰਾ ਦਿਨ ਆ ਪੁੱਜਾ। ਮੁਸਲਮਲੀਗ ਨੇ ਮਾਰੂ ਹਥਿਆਰ ਲੈ ਕੇ ਕਲਕੱਤੇ ਵਿੱਚ ਜਲੂਸ ਕੱਢਿਆ। 'ਅੱਲਾਹੂ ਅਕਬਰ' ਤੇ 'ਯਾ ਅਲੀ' ਦੇ ਨਾਹਰਿਆਂ ਦੇ ਨਾਲ ਮੁਸਲਮਲੀਗ ਗ਼ਾਜ਼ੀ 'ਲੇ ਕੇ ਰਹੇਂਗੇ ਪਾਕਿਸਤਾਨ' 'ਜੈਸੇ ਲੀਆ ਥਾ ਹਿੰਦੁਸਤਾਨ, ਵੈਸੇ ਲੇਂਗੇ ਪਾਕਿਸਤਾਨ' ਭੜਕਾਊ ਨਾਹਰੇ ਵੀ ਲਾ ਰਹੇ ਸਨ। ਇਸ ਦਾ ਸਿੱਟਾ, ਜੋ ਕੁਛ ਮੁਸਲਮਲੀਗੀ ਲੀਡਰ ਚਾਹੁੰਦੇ ਸਨ, ਉਹ ਹੋ ਗਿਆ। ਫ਼ਿਰਕਾਦਾਰਾਨਾ ਫ਼ਸਾਦ। ਦਸਾਂ-ਬਾਰਾਂ ਦਿਨਾਂ ਅੰਦਰ ਕਲਕੱਤਾ ਉਜਾੜ ਹੋ ਗਿਆ। ਦੋਹਾਂ ਧਿਰਾਂ ਦੇ ਵੀਹ ਹਜ਼ਾਰ ਬੰਦੇ ਮਾਰੇ ਗਏ, ਤੇ ਇਸ ਤੋਂ ਕਈ ਗੁਣਾ ਵੱਧ ਫੱਟੜ ਹੋਏ। ਦੁਕਾਨਾਂ ਲੁੱਟੀਆਂ ਗਈਆਂ, ਘਰ ਸਾੜੇ ਗਏ ਤੇ ਦੇਸ਼ ਦੀਆਂ ਨਿਰਦੋਸ਼ ਬੱਚੀਆਂ ਦੀਆਂ ਇਜ਼ਤਾਂ ਲੁੱਟੀਆਂ ਗਈਆਂ। ਮਾਲੀ ਨੁਕਸਾਨ ਦਾ ਅੰਦਾਜ਼ਾ ਦੋ, ਸਵਾ ਦੋ ਅਰਬ ਦਾ ਹੈ।

ਕਲਕੱਤੇ ਤੋਂ ਬਾਅਦ ਨਵਾਖਲੀ, ਤੇ ਉਸ ਤੋਂ ਪਿੱਛੋਂ ਬਿਹਾਰ ਦੀ ਵਾਰੀ ਆ ਗਈ। ਇਨਸਾਨ ਨੇ ਸ਼ੈਤਾਨ ਦਾ ਰੂਪ ਧਾਰ ਲਿਆ। ਭਰਾ-ਭਰਾ ਦਾ ਵੈਰੀ ਬਣ

ਗਿਆ। ਚੜ੍ਹਦੇ 'ਚ ਲੱਗੀ ਅੱਗ ਪ੍ਰਚਾਰ ਰੂਪੀ ਹਵਾ ਨਾਲ ਲਹਿੰਦੇ ਪਾਸੇ ਵੀ ਅਪੜ ਪਈ। ਦਸੰਬਰ ਵਿੱਚ ਹਜ਼ਾਰੇ (ਸੂਬਾ ਸਰਹੱਦ) ਅੰਦਰ ਫ਼ਸਾਦ ਸ਼ੁਰੂ ਹੋ ਗਏ। ਜਦ ਦੋਵੇਂ ਪਾਸੇ ਸੜ ਰਹੇ ਹੋਣ, ਵਿਚਲਾ ਹਿੱਸਾ ਸੇਕ ਤੋਂ ਕਿਵੇਂ ਬਚ ਸਕਦਾ ਹੈ ? ਮਾਰਚ (1947) ਵਿੱਚ ਸਾਰੇ ਪੰਜਾਬ ਅੰਦਰ ਭਾਂਬੜ ਬਲ ਉਠੇ। ਲਾਹੌਰ, ਅੰਮ੍ਰਿਤਸਰ, ਰਾਵਲਪਿੰਡੀ, ਕੈਮਲਪੁਰ, ਜਿਹਲਮ, ਮੁਲਤਾਨ, ਜਲੰਧਰ, ਗੁੜਗਾਉਂ ਆਦਿ ਸਾਰੇ ਥਾਂਵਾਂ 'ਤੇ ਭਰਾਵਾਂ ਦੇ ਲਹੂ ਨਾਲ ਹੋਲੀ ਖੇਡਣੀ ਸ਼ੁਰੂ ਹੋ ਗਈ। ਖ਼ੂਨ ਦੇ ਰਿਸ਼ਤੇ ਮੁੱਕ ਗਏ। ਸਾਲਾਂ ਦੀ ਦੋਸਤੀ, ਵਿਹੰਦਿਆਂ-ਵਿਹੰਦਿਆਂ ਦੁਸ਼ਮਣੀ ਵਿੱਚ ਬਦਲ ਗਈ। ਸਾਰਾ ਦੇਸ਼ ਬਲ ਉੱਠਿਆ।

ਅੰਤ ਏਸ ਖ਼ੂਨ ਖ਼ਰਾਬੇ ਤੋਂ ਤੰਗ ਆ ਕੇ ਸਾਡੇ ਲੀਡਰਾਂ ਨੇ ਦੇਸ਼ ਦੇ ਟੁਕੜੇ ਕਰਨੇ ਮੰਨ ਲਏ। ਤਿੰਨ ਜੂਨ, 1947 ਨੂੰ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਮਾਊਂਟ ਬੇਟਨ ਨੇ ਪਾਕਿਸਤਾਨ ਬਣਾਏ ਜਾਣ ਦਾ ਐਲਾਨ ਕਰ ਦਿੱਤਾ।

## 32

ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ। ਬੰਗਾਲ ਤੇ ਪੰਜਾਬ ਦੇ ਟੁਕੜੇ ਕਰਨੇ ਵੀ ਮੰਨ ਲਏ ਗਏ। ਲਹਿੰਦਾ ਪੰਜਾਬ ਪਾਕਿਸਤਾਨ ਵਿੱਚ ਤੇ ਚੜ੍ਹਦਾ ਪੰਜਾਬ ਭਾਰਤ ਵਿੱਚ ਜਾਇਗਾ, ਇਸ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਸੀ। ਬਾਕੀ ਸ਼ੱਕ ਸੀ ਵਿਚਲੇ ਤਿੰਨਾਂ ਜ਼ਿਲ੍ਹਿਆਂ : ਗੁਰਦਾਸਪੁਰ, ਅੰਮ੍ਰਿਤਸਰ ਤੇ ਲਾਹੌਰ ਦੀ ਕਿਸਮਤ ਬਾਰੇ। ਇਹਨਾਂ ਦਾ ਕਿਹੜਾ-ਕਿਹੜਾ ਹਿੱਸਾ ਕਿਸ ਪਾਸੇ ਜਾਵੇ, ਇਸ ਦਾ ਫ਼ੈਸਲਾ ਇਕ ਨਾਮ-ਧਰੀਕ 'ਹੱਦ ਬੰਦੀ ਕਮਿਸ਼ਨ' ਨੇ ਕਰਨਾ ਸੀ।

ਸਾਰਾ ਪੰਜਾਬ ਬਲ ਰਿਹਾ ਸੀ, ਪਰ ਸ਼ਹਿਰ ਕਸੂਰ ਤੇ ਉਹਦੇ ਉਦਾਲੇ ਦੇ ਇਲਾਕੇ ਵਿੱਚ ਅਮਨ ਸੀ। ਪੀਰੂਵਾਲੇ ਪਿੰਡ ਦਾ ਵਾਤਾਵਰਣ ਵੀ ਉਪਰੋਂ-ਉਪਰੋਂ ਸ਼ਾਂਤ ਮਾਲੂਮ ਹੁੰਦਾ ਸੀ। ਫਿਰ ਵੀ ਅੰਦਰੋਂ ਦਿਲ ਦੂਰ ਹੁੰਦੇ ਜਾ ਰਹੇ ਸਨ। ਮੁਸਲਮਾਨਾਂ 'ਤੇ ਸਿੱਖਾਂ ਨੂੰ ਆਪਸ ਵਿੱਚ ਵਿਸ਼ਵਾਸ ਨਹੀਂ ਸੀ ਹੋ ਰਿਹਾ। ਉਹ ਉਪਰੋਂ ਇਕ ਦੂੱਜੇ ਨਾਲ ਹੱਸ ਕੇ ਬੋਲਦੇ ਤੇ ਵਿਹਾਰੀ ਗੱਲਾਂ ਕਰਦੇ, ਪਰ ਅੰਦਰ ਮੱਚ ਰਹੀ ਹਲਚਲ ਦਾ ਕਿਸੇ ਨੂੰ ਝਉਲਾ ਨਾ ਪੈਣ ਦੇਂਦੇ। ਕਿਤੇ ਚਾਰ ਸਿੱਖ ਖਲੋ ਵਿਚਾਰ ਕਰ ਰਹੇ ਹੁੰਦੇ, ਤਾਂ ਇਕ ਮੁਸਲਮਾਨ ਦੇ ਆ ਜਾਣ ਨਾਲ ਉਹ ਆਪਣੀਆਂ ਗੱਲਾਂ ਦਾ ਰੁਖ਼ ਬਦਲ ਲੈਂਦੇ। ਮੁਸਲਮਾਨ ਬੈਠੇ ਆਪਣੀਆਂ ਸਲਾਹੀਂ ਵਿੱਚ ਰੁੱਝੇ ਹੁੰਦੇ, ਤਾਂ ਕਿਸੇ ਇਕ ਓਪਰੇ ਦੇ ਆ ਜਾਣਾ ਨਾਲ ਹੀ ਵਿਘਨ ਪੈ ਜਾਂਦਾ। ਦੋਹਾਂ ਫ਼ਿਰਕਿਆਂ ਦੀਆਂ ਸਲਾਹੀਂ 'ਆਪਣੀਆਂ' ਨਵੇਕਲੀਆਂ ਹੋ ਗਈਆਂ ਸਨ। ਸਾਂਝਾ ਕੁਛ ਨਹੀਂ ਸੀ ਰਹਿ ਗਿਆ।

ਇਕ ਦਿਨ ਜੱਥੇਦਾਰ ਸੁੰਦਰ ਸਿੰਘ ਇਕ ਨਿਹੰਗ ਸਿੰਘ ਨੂੰ ਨਾਲ ਲੈ ਕੇ ਆਇਆ। ਉਹਨੇ ਰਾਤ ਨੂੰ ਲਗਭਗ ਸਾਰੇ ਸਿੱਖਾਂ ਨੂੰ ਗੁਰਦੁਆਰੇ ਸੱਦ ਕੇ ਸਮੇਂ ਦੀ

ਨਜ਼ਾਕਤ ਬਾਰੇ ਸਮਝਾਇਆ। ਕੁਛ ਉਹਦੀਆਂ ਗੱਲਾਂ ਨਾਲ ਪ੍ਰੇਰੇ ਗਏ, ਤੇ ਬਾਕੀ ਵੇਖੋ-ਵੇਖੀ ਉਹਨਾਂ ਦੇ ਮਗਰ ਲੱਗ ਗਏ। ਅਗਲੇ ਦਿਨ ਤੋਂ ਹੀ ਪਿੰਡ ਦੇ ਲਹਿੰਦੇ ਪਾਸੇ ਦੀ ਰੱਕੜ ਵਿੱਚ ਅਖਾੜਾ ਬਣ ਗਿਆ ਤੇ ਉਹ ਨਿਹੰਗ ਸਿੰਘ ਪਿੰਡ ਦੇ ਅੱਧਖੜ ਤੇ ਗਭਰੂਆਂ ਨੂੰ ਗਤਕਾ ਤੇ ਨੇਜ਼ਾ ਚਲਾਉਣਾ ਸਿਖਾਉਣ ਲੱਗ ਪਿਆ। ਦੂਸਰਾ ਮਸਲਾ ਸੀ ਹਥਿਆਰ (ਟਕੂਏ, ਬਰਛੀਆਂ, ਕਿਰਪਾਨਾਂ) ਬਨਾਉਣ ਦਾ। ਉਹ ਕਿਸੇ ਸਿਆਣੇ ਲੁਹਾਰ ਦੀ ਸਹਾਇਤਾ ਨਾਲ ਹੀ ਨੇਪਰੇ ਚੜ੍ਹ ਸਕਦਾ ਸੀ। ਪਰ ਪਿੰਡ ਦਾ ਲੁਹਾਰ ਮੀਆਂ ਗਹਿਣਾ ਸੀ ਮੁਸਲਮਾਨ। ਉਹਦੇ ਉਤੇ ਕੌਣ ਵਿੱਸਦਾ। ਸੋ ਇਹ ਸੇਵਾ ਵਰਨਾ ਦੇ ਸਿੱਖ ਲੁਹਾਰ ਗਰਜਾ ਸਿੰਘ ਨੂੰ ਸੌਂਪੀ ਗਈ। ਉਹ ਵੀ ਧਰਮ ਦਾ ਕੰਮ ਸਮਝ ਕੇ ਪੂਰੀ ਈਮਾਨਦਾਰੀ ਨਾਲ ਏਸ ਕੰਮ ਵਿੱਚ ਜੁੱਟ ਪਿਆ।

ਸਿੱਖਾਂ ਵੱਲੋ ਵੇਖ ਕੇ ਭਲਾ ਮੁਸਲਮਾਨ ਕਿਵੇਂ ਪਿੱਛੇ ਰਹਿੰਦੇ ? ਉਹਨਾਂ ਪਿੰਡੋਂ ਚੜ੍ਹਦੇ ਪਾਸੇ ਵੱਖਰਾ ਅਖਾੜਾ ਬਣਾ ਲਿਆ। ਐਟਮ-ਬੰਬ ਦੇ ਜ਼ਮਾਨੇ ਵਿੱਚ ਉਹ ਗਵਾਂਢੀਆਂ ਉੱਤੇ ਛੁਰੇ ਚਲਾਉਣ ਦੀ ਜਾਚ ਸਿੱਖਣ ਲੱਗੇ। ਰਾਤ ਨੂੰ ਨਮਾਜ਼ ਪੜ੍ਹਨ ਦੇ ਬਹਾਨੇ ਉਹ ਨੇਮ ਨਾਲ ਮਸੀਤ ਵਿੱਚ ਕੱਠੇ ਹੁੰਦੇ। ਰੱਬ ਦੀ ਬੰਦਗੀ ਕਰਨ ਵਾਸਤੇ ਨਹੀਂ, ਸਗੋਂ ਪਾਕਿਸਤਾਨ ਬਣਨ ਪਿੱਛੋਂ ਆਪਣੇ ਜ਼ਿੰਮੇਂ ਲੱਗੇ ਕੰਮ ਨੇਪਰੇ ਚਾੜ੍ਹਨ ਦੇ ਪ੍ਰੋਗਰਾਮ ਬਨਾਉਣ ਵਾਸਤੇ। ਅੱਧੀ-ਅੱਧੀ ਰਾਤ ਤਕ ਸਲਾਹੀਂ ਹੁੰਦੀਆਂ ਰਹਿੰਦੀਆਂ।

"ਸੁਣੋ ਭਈ! ਇਸ ਵਿੱਚ ਤਾਂ ਹੁਣ ਸ਼ੱਕ ਈ ਨਹੀਂ, ਕਿ ਪੰਦਰਾਂ ਅਗਸਤ ਨੂੰ ਪਾਕਿਸਤਾਨ ਬਣ ਜਾਣਾ ਏਂ।"

"ਤੇ ਆਪਣਾ ਪਿੰਡ ਜ਼ਰੂਰੀ ਪਾਕਿਸਤਾਨ ਵਿੱਚ ਰਹੇਗਾ।"

"ਆਪਣਾ ਪਿੰਡ ਕੀ, ਕਸੂਰ ਦੀ ਸਾਰੀ ਤਸੀਲ।"

"ਫਿਰ ਜਿਵੇਂ ਲੀਡਰ ਆਂਹਦੇ ਨੇ, ਸਾਰੇ ਪਾਕਿਸਤਾਨ ਵਿੱਚ ਇਕ ਵੀ ਹਿੰਦੂ ਸਿੱਖ ਨਹੀਂ ਰਹਿਣ ਦਿੱਤਾ ਜਾਵੇਗਾ।"

"ਉਹਨਾਂ ਦੀਆਂ ਜ਼ਮੀਨਾਂ ਤੇ ਘਰ, ਸਭ ਆਪਣੀ ਮਾਲਕੀ ਹੀ ਹੋਣਗੇ।"

"ਪਰ ਕੋਈ ਘਰ ਤੇ ਜੈਦਾਦ ਛੱਡ ਕੇ ਪੋਲੇ ਪੈਰੀਂ ਤਾਂ ਜਾਣ ਨਹੀਂ ਲੱਗਾ।"

"ਉਇ, ਆਹ ਛੁਰੇ ਤੇ ਬਰਛੀਆਂ ਕਾਹਦੇ ਵਾਸਤੇ ਨੇ। ਜਿੰਨ੍ਹਾਂ ਜੈਦਾਦ ਸਾਂਭਣੀ ਏਂ, ਉਹ ਏਨਾ ਵੀ ਨਾ ਕਰਨਗੇ ?"

"ਫਿਰ ਧੰਨੇ ਸ਼ਾਹ ਤਾਂ ਇਲਮ ਦੀਨ ਦੇ ਪੇਟੇ ਰਿਹਾ।"

"ਕੱਲ੍ਹਾ ਧੰਨੇ ਸ਼ਾਹ ਕਿਉਂ ? ਸੱਜਣ ਸੁੰਹ ਵੀ। ਨਾਲੇ ਇਹ ਦੋਵੇਂ ਯਾਰ ਬੇਲੀ ਨੇ ? ਆਪੇ ਨਿੱਬੜ ਲੈਣਗੇ।"

"ਭਈ, ਪਹਿਲਾਂ ਫ਼ੈਸਲਾ ਕਰ ਲੌ ਕਿ ਕਿਹੜਾ ਘਰ ਤੇ ਕਿਹੜੀ ਪੈਲੀ ਕੀਹਦੇ ਹਿੱਸੇ ਔਣੀ ਏਂ। ਪਿੱਛੋਂ ਆਪਸ ਵਿੱਚ ਝਗੜਾ ਨਾ ਪਵੇ।"

ਫਿਰ ਅੱਧੀ ਰਾਤ ਤਕ ਸਿੱਖਾਂ ਦੀ ਜਾਇਦਾਦ ਦੀਆਂ ਵੰਡੀਆਂ ਪੈਂਦੀਆਂ

ਰਹਿੰਦੀਆਂ। ਮਸੀਤ ਵਿੱਚ ਨਿੱਤ ਏਹੋ ਜੇਹੀਆਂ ਸਲਾਹੀਂ ਹੁੰਦੀਆਂ ਸੁਣ ਕੇ ਵਿਚਾਰਾ ਖ਼ੁਦਾ ਨੱਸ ਕੇ ਗਹਿਣੇ ਲੁਹਾਰ ਦੀ ਝੁੱਗੀ ਵਿੱਚ ਜਾ ਵੜਿਆ।

ਇਕ ਦਿਨ ਇਸਲਾਮ ਦੇ ਗ਼ਾਜ਼ੀ ਓਥੇ ਵੀ ਜਾ ਧਮਕੇ। "ਮੀਆਂ ਗਹਿਣਿਆਂ! ਇਹ ਦੀਨ-ਮਜ਼੍ਹਬ ਦਾ ਕਮ ਏਂ। ਮਰਨ ਕਨਾਰੇ ਪਹੁੰਚਿਆ ਹੋਇਆ ਏਂ, ਕੋਈ ਸਵਾਬ ਖੱਟ ਲੈ। ਮੁੰਡਿਆਂ ਨੂੰ ਕੁਛ ਛੁਰੇ ਤੇ ਬਰਛੀਆਂ ਬਣਾ ਦਿਹ।"

ਗਹਿਣੇ ਨੇ ਅੱਖਾਂ ਬੰਦ ਕਰਕੇ ਸਹਿਮੇ ਹੋਏ ਖ਼ੁਦਾ ਵੱਲ ਤੱਕਿਆ, ਤਾਂ ਉਹਦਾ ਦਿਲ ਕੰਬ ਗਿਆ। ਉਹਨੇ ਬੜੀ ਆਜਜ਼ੀ ਨਾਲ ਹੱਥ ਬੰਨ੍ਹ ਕੇ ਇਸ ਸੇਵਾ ਤੋਂ ਨਾਂਹ ਕਰ ਦਿੱਤੀ।

"ਉਇ ਇਹ ਤਾਂ ਮੁੱਢਾਂ ਦਾ ਕਾਫ਼ਰ ਏ। ਕਦੇ ਮਸੀਤੇ ਗਿਆ ਵੇਖਿਆ ਜੇ ? ਹੱਛਾ ਬਣ ਲੈਣ ਦਿਹੋ ਪਾਕਿਸਤਾਨ।"

ਗ਼ਰੀਬ ਗਹਿਣੇ ਦੇ ਕੰਨਾਂ ਵਿੱਚ ਸਾਰੀ-ਸਾਰੀ ਰਾਤ ਇਹ ਧਮਕੀਆਂ ਗੂੰਜਦੀਆਂ ਰਹਿੰਦੀਆਂ।

ਮਸੀਤ ਵਿੱਚ ਹੀ ਨਹੀਂ, ਗੁਰਦੁਵਾਰੇ ਵਿੱਚ ਵੀ ਰੌਣਕ ਵਧ ਗਈ ਸੀ। ਡੇਢ ਪਹਿਰ ਰਾਤ ਤਕ ਤਾਂ ਢੋਲਕੀ ਛੈਣੇ ਖੜਕਦੇ ਰਹਿੰਦੇ। ਗ੍ਰੰਥੀ ਅਮਰ ਸਿੰਘ ਦੇ ਪਿੱਛੇ ਲੱਗ ਕੇ ਸਾਰੇ ਸਿੰਘ ਸ਼ਬਦ ਪੜ੍ਹਦੇ

'ਨਾ ਕੋ ਬੈਰੀ ਨਾਹਿ ਬੇਗਾਨਾ...

ਤੇ ਫੇਰ ਵੰਡੀਆਂ ਪੈਣ ਲੱਗ ਪੈਂਦੀਆਂ : "ਕਿਉਂ ਭਈ! ਦਿਨ ਤਾਂ ਨੇੜੇ ਆ ਰਹੇ ਨੇ। ਪਹਿਲਾਂ ਈ ਫ਼ੈਸਲਾ ਕਰ ਛੱਡੋ ਕਿ ਕਿਹੜਾ ਬੰਦਾ ਕੀਹਦੇ ਪੇਟੇ ਆ।"

"ਕੱਲ੍ਹੇ ਨਾਲ ਕੱਲ੍ਹਾ ਤਾਂ ਪੂਰਾ ਨਹੀਂ ਔਣਾ। ਉਹ ਆਪਣੇ ਨਾਲੋਂ ਦੂਣੇ ਹੋਣੇ ਨੇ।"

"ਉਇ, ਸਿੰਘ ਤਾਂ ਕੱਲ੍ਹਾ ਈ ਸਵਾ ਲੱਖ ਹੁੰਦਾ ਏ। ਗੁਰੂ ਮਹਾਰਾਜ ਦੀਆਂ ਫ਼ੌਜਾਂ ਅੱਗੇ ਕੋਈ ਅੜਨ ਲੱਗਾ ਏ ?"

"ਗੁਰਮੁਖੋ! ਏਹੋ ਜੇਹੇ ਭੀੜ ਦੇ ਸਮੇਂ ਗੁਰੂ ਮਹਾਰਾਜ ਦੀਆਂ ਸ਼ਹੀਦੀ ਫ਼ੌਜਾਂ ਸਿੰਘਾਂ ਦੀ ਮੱਦਦ ਵਾਸਤੇ ਆ ਜਾਂਦੀਆਂ ਨੇ। ਸਿੱਖ ਨੂੰ ਅਕਾਲ ਪੁਰਖ ਦਾ ਆਸਰਾ ਲੈ ਕੇ ਸ਼ੁਰੂ ਕਰ ਦੇਣਾ ਚਾਹੀਦਾ ਏ।"

"ਹੱਛਾ, ਭਈ ਓਸੇ ਦਾ ਆਸਰਾ ਏ ਨਾ। ਅਖੇ ਜਿਸ ਪਤ ਰਖੇ ਸਾਈਆਂ...!

ਤੇ 'ਸਾਂਈ' ਉਸ ਵੇਲੇ ਬਾਬੇ ਅਕਾਲੀ ਦੇ ਭੀੜੇ ਹੋਏ ਬੂਹੇ ਅੱਗੇ ਕੰਨ ਲਾ ਕੇ ਖਲਾ ਉਹਦੇ ਹਉਕੇ ਸੁਣ ਰਿਹਾ ਹੁੰਦਾ।

ਬਾਬਾ ਅਕਾਲੀ ਸਾਰਾ ਦਿਨ ਘਰ-ਘਰ ਫਿਰ ਕੇ 'ਗ਼ਾਜ਼ੀਆਂ' ਤੇ 'ਧਰਮੀਆਂ' ਨੂੰ ਸਮਝਾਉਂਦਾ ਰਹਿੰਦਾ ਤੇ ਰਾਤ ਸਾਰੀ ਆਪਣੇ ਅੰਦਰ ਸੋਚਾਂ ਸੋਚਦਾ ਗੁਜ਼ਾਰ ਦੇਂਦਾ। ਉਹਦਾ ਸਭ ਅੱਗੇ ਇਕੋ ਵਾਸਤਾ ਹੁੰਦਾ, "ਵੇਖੀ ਪੁੱਤ ਸੱਜਣ ਸਿਹਾਂ! ਬੱਚੂ ਫ਼ੌਤਿਆ!

ਮਿਲਖਾ ਸਿਹਾਂ! ਇਲਮ ਦੀਨਾ! ਪੀਰ ਬਖਸ਼ਾ! ਸ਼ਰਮ ਸਿਹਾਂ! ਆਪਾਂ ਸਾਰੇ ਭਰਾ ਆਂ। ਭਰਾ ਬਣ ਕੇ ਰਿਹੋ। ਵੇਖਿਓ, ਕਿਸੇ ਦਾ ਬੁਰਾ ਨਾ ਤਕਿਓ। ਕਬੀਰ ਨੇ ਆਖਿਆ ਏ :

'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਦੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।'

'ਇਹ ਕਬੀਰ ਦੀ ਬਾਣੀ ਏ। ਜਿਹੜਾ ਨਾ ਹਿੰਦੂ, ਨਾ ਮੋਮਨ, ਨਾ ਸਿੱਖ, ਸਗੋਂ ਇਕ ਨੇਕ ਇਨਸਾਨ ਸੀ, ਰੱਬ ਦਾ ਭਗਤ। ਉਹਦੀ ਸੁਣਿਓਂ। ਮੇਰੀ ਨਾ ਸੁਣਿਓਂ, ਜੱਥੇਦਾਰ ਸੁੰਦਰ ਸਿੰਘ ਦੀ ਨਾ ਸੁਣਿਓਂ, ਚੌਧਰੀ ਫ਼ਜ਼ਲ ਹੱਕ ਦੀ ਨਾ ਸੁਣਿਓਂ। ਕਬੀਰ ਦੀ ਸੁਣਿਓ, ਕਬੀਰ ਦੀ। ਤੁਸੀਂ ਸਾਰੇ ਇਕ ਅਲਾਹ-ਅਕਾਲ ਪੁਰਖ ਦੇ ਬੰਦੇ ਓ। ਉਇ, ਤੁਸੀਂ ਉਲਾਦ ਵੀ ਇਕੋ ਬਾਬੇ ਯਾਤਰੀ ਦੀ ਓ। ਇਕੋ ਲਹੂ। ਵੇਖਿਓ ਕਿਤੇ।"

ਤੇ ਰਾਤ ਲੰਮਾ ਪਿਆ ਵੀ ਉਹ ਇਸ 'ਕਿਤੇ....ਕਿਤੇ....।' ਦੇ ਗੇੜ ਵਿੱਚੋਂ ਨਾ ਨਿਕਲ ਸਕਦਾ।

ਅੰਤ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਜਨਮ ਦਾ ਦਿਨ ਆ ਗਿਆ। ਪੰਦਰਾਂ ਅਗਸਤ ਨੂੰ ਦੋਹਾਂ ਮੁਲਕਾਂ ਦੇ ਸੁਤੰਤਰ ਹੋਣ ਦਾ ਐਲਾਨ ਹੋ ਗਿਆ, ਪਰ ਪੰਜਾਬ ਦੀ ਹੱਦਬੰਦੀ ਦਾ ਫ਼ੈਸਲਾ ਨਾ ਹੋਇਆ। ਪੀਰੂਵਾਲੇ ਦੇ ਵੱਸਣ ਵਾਲੇ ਆਪਣੀ ਕਿਸਮਤ ਬਾਰੇ ਨਾ ਜਾਣ ਸਕੇ ਕਿ ਉਹ ਪਾਕਿਸਤਾਨ ਦੀ ਪਰਜਾ ਹਨ ਜਾਂ ਭਾਰਤ ਦੀ। ਸਾਰਾ ਦਿਨ ਉਹਨਾਂ ਬੜੀ ਉਦਾਸੀ ਵਿੱਚ ਕੱਟਿਆ। ਉਹ ਕਸੂਰ ਵੱਲੋਂ ਆਉਣ ਵਾਲੇ ਹਰ ਆਦਮੀ ਦੇ ਮੂੰਹ ਵੱਲ ਵੇਖਦੇ, ਪਰ ਡਰਦੇ ਪੁੱਛਦੇ ਕੁਛ ਨਾ। ਰਾਹੀ ਦੇ ਚਿਹਰੇ ਦੇ ਖ਼ੁਸ਼ ਜਾਂ ਨਿਰਾਸ਼ ਭਾਵਾਂ ਤੋਂ ਉਹ ਆਪਣੇ ਮਨ ਦੇ ਅੰਦਰੋ-ਅੰਦਰ ਅਰਥ ਕੱਢਦੇ।

ਅਗਲੇ ਦੋਵੇਂ ਦਿਨ ਵੀ ਓਸੇ ਤਰ੍ਹਾਂ ਚਿੰਤਾ ਵਿੱਚ ਬੀਤ ਗਏ। ਅੰਤ ਸਤਾਰਾਂ ਅਗਸਤ ਦੀ ਸ਼ਾਮ ਨੂੰ ਰੇਡਿਓ 'ਤੇ ਐਲਾਨ ਹੋਇਆ, 'ਕਸੂਰ ਦੀ ਤਸੀਲ ਵੰਡ ਦਿੱਤੀ ਗਈ ਹੈ। ਕਸੂਰ ਪਾਕਿਸਤਾਨ ਵਿੱਚ ਤੇ ਖੇਮਕਰਨ ਭਾਰਤ ਵਿੱਚ ਹੈ।' ਪੀਰੂਵਾਲੇ ਦੀ ਚਿੰਤਾ ਅਜੇ ਵੀ ਨਾ ਮਿਟੀ। ਉਹ ਤਸੱਲੀ ਨਾਲ ਨਾ ਜਾਣ ਸਕੇ ਕਿ ਉਹਨਾਂ ਦਾ ਪਿੰਡ ਕਿਹੜੇ ਪਾਸੇ ਹੈ ?

ਅਗਲੇ ਦਿਨ ਸਵੇਰੇ ਦਸ ਵਜੇ ਕਸੂਰ ਵਿੱਚ ਫ਼ਸਾਦ ਹੋ ਗਿਆ। ਹਿੰਦੂ ਤੇ ਸਿੱਖ ਘਰ ਘਾਟ ਛੱਡ ਕੇ ਨੱਸਣ ਲੱਗ ਪਏ। ਸ਼ਾਮ ਹੁੰਦਿਆਂ ਤਕ ਹਾਲਤ ਬਹੁਤ ਹੀ ਵਿਗੜ ਗਈ।

ਧੰਨੇ ਸ਼ਾਹ ਦਾ ਇਕੋ ਇਕ ਪੁੱਤਰ ਮਾਰਿਆ ਗਿਆ। ਧੰਨੇ ਸ਼ਾਹ ਦੀ ਨੌਂਹ ਫ਼ਜ਼ਲ ਹੱਕ ਦੀ ਟੋਲੀ ਨੇ ਚੁੱਕ ਲਈ। ਧੰਨੇ ਸ਼ਾਹ ਦੀ ਲੜਕੀ ਨਾਨਕੇ ਗਈ ਹੋਣ ਕਰਕੇ ਬਚ ਗਈ। ਧੰਨੇ ਸ਼ਾਹ ਤੇ ਉਹਦੇ ਘਰ ਵਾਲੀ—ਸਿਰਫ਼ ਤਨ ਦੇ ਕੱਪੜਿਆਂ ਨਾਲ—

ਮਿਲਟਰੀ ਦੇ ਟਰੱਕ ਵਿੱਚ ਬਹਿ ਕੇ, ਫ਼ੀਰੋਜ਼ਪੁਰ ਨੂੰ ਤੁਰ ਪਏ। ਧੰਨੇ ਸ਼ਾਹ ਪਾਗਲਾਂ ਵਾਂਗ ਸਿਰ ਪਿਟਦਾ ਤੇ ਬੁੜਬੁੜਾਉਂਦਾ ਜਾ ਰਿਹਾ ਸੀ, "ਉੱਜੜ ਗਏ, ਉਇ ਲੋਕੋ! ਸਾਡੇ ਨਾਲ ਤਾਂ ਉਹ ਹੋਈ, ਅਖੇ : ਨਾ ਜਰ ਰਿਹਾ, ਨਾ ਯਾਰੀ। ਜਿਸ ਪੁੱਤਰ ਬਦਲੇ ਧੋਖਾ-ਫ਼ਰੇਬ ਕਰਕੇ ਜੋੜੀ ਸੀ, ਉਹ ਪੁੱਤਰ ਅੱਖਾਂ ਦੇ ਸਾਹਮਣੇ ਮਾਰਿਆ ਗਿਆ ਤੇ ਜਿਹੜਾ ਤੂਤਾਂ ਵਾਲਾ ਖੂਹ ਹਾਸਲ ਕਰਨ ਵਾਸਤੇ ਧੀਆਂ ਪੁੱਤਰਾਂ ਨੂੰ ਖਾਣ ਹੰਢਾਉਣ ਤੋਂ ਤਰਸਦਿਆਂ ਰਖਿਆ ਸੀ, ਉਹ ਖੂਹ ਵੀ ਸਾਡਾ ਨਾ ਰਿਹਾ। ਹਾਏ ਮੇਰਾ ਮਦਨ। ਹਾਏ ਸਾਡਾ ਤੂਤਾਂ ਵਾਲਾ ਖੂਹ।" ਉਹਦੀ ਸੁਰਤ ਉਸ ਵੇਲੇ ਵੀ ਤੂਤਾਂ ਵਾਲੇ ਖੂਹ ਉਦਾਲੇ ਭਟਕ ਰਹੀ ਸੀ।

ਪੀਰੂਵਾਲਾ ਅਜੇ ਵੀ ਓਸੇ ਚਿੰਤਾ ਵਿੱਚ ਡੁੱਬਾ ਹੋਇਆ ਸੀ। ਉੱਨੀ ਦੀ ਸਵੇਰ ਨੂੰ ਦੋ ਸਿੱਖ ਖੇਮਕਰਨ ਪਤਾ ਲੈਣ ਗਏ ਤੇ ਮੁਸਲਮਾਨ ਕਸੂਰ। ਦੁਪਹਿਰ ਤਕ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਕਿ ਪੀਰੂਵਾਲਾ ਪਾਕਿਸਤਾਨ ਵਿੱਚ ਹੈ।

ਸ਼ਾਮ ਤਕ ਇਕ ਬਹੁਤ ਭਿਆਨਕ ਖ਼ਬਰ ਪਹੁੰਚੀ, ਜਿਸ ਨਾਲ ਹਿੰਦੂ ਸਿੱਖਾਂ ਦੇ ਦਿਲ ਤ੍ਰਹਿ ਗਏ। ਪਤਾ ਲੱਗਾ ਕਿ ਉਸ ਦਿਨ ਕਈ ਹਜ਼ਾਰ ਮੁਸਲਮਾਨ ਕਸੂਰ ਵਿੱਚੋਂ ਉੱਠ ਕੇ ਹਠਾੜ ਦੇ ਪਿੰਡਾਂ 'ਤੇ ਪਏ ਹਨ। ਉਹਨਾਂ ਪਿੰਡ ਬੁਗਰੀ ਤੇ ਭਾਲ੍ਹਾ ਅਸਲੋਂ ਉਜਾੜ ਕੇ ਥੇਹ ਕਰ ਦਿੱਤੇ ਹਨ। ਬੁਗਰੀ ਦੇ ਤਾਂ ਮਸ੍ਹਾਂ ਪੰਜ-ਸੱਤ ਬੰਦੇ ਹੀ ਬਚੇ ਹਨ। ਇਹ ਵੀ ਖ਼ਬਰ ਮਿਲੀ ਕਿ ਅਗਲੇ ਦਿਨ ਉਹਨਾਂ ਬਲਵਈ ਮੁਸਲਮਾਨਾਂ ਦਾ ਪ੍ਰੋਗ੍ਰਾਮ ਪੀਰੂਵਾਲਾ, ਨੱਥੂਵਾਲਾ ਤੇ ਬੱਲਾਂ ਵਾਲਾ ਆਦਿ ਛੋਟੇ-ਛੋਟੇ ਪਿੰਡ ਲੁੱਟਣ ਦਾ ਹੈ।

ਹੁਣ ਤਾਂ ਹਿੰਦੂਆਂ ਸਿੱਖਾਂ ਦੇ ਅਸਲੋਂ ਥੰਮ੍ਹ ਥਿੜਕ ਗਏ। ਕੁਛ ਸਿਆਣਿਆਂ ਬੰਦਿਆਂ ਰਲ ਕੇ ਮਤਾ ਪਕਾਇਆ ਕਿ ਰਾਤੋ-ਰਾਤ ਸਾਰੇ ਹਿੰਦੂ ਸਿੱਖ ਪਿੰਡ ਛੱਡ ਚਲੀਏ। ਕੁਛ ਸਿਆਣੇ ਮੁਸਲਮਾਨਾਂ ਵੀ ਆ ਕੇ ਉਹਨਾਂ ਨੂੰ ਏਹਾ ਸਲਾਹ ਦਿੱਤੀ, "ਵੇਖੋ ਭਰਾਵੋ, ਸਾਡਾ ਤੁਹਾਡਾ ਲਹੂ ਸਾਂਝਾ ਏ। ਸਾਡੇ ਵਿੱਚੋਂ ਕੋਈ ਤੁਹਾਡੇ ਵੱਲ ਕੈਰੀ ਅੱਖ ਕਰਕੇ ਵੀ ਨਹੀਂ ਵੇਖੇਗਾ। ਪਰ ਜੇ ਅੰਮ੍ਰਿਤਸਰ, ਪੱਟੀ ਵਰਗੇ ਸ਼ਹਿਰਾਂ ਤੋਂ ਉਜੜ ਕੇ ਆਏ ਹੋਏ ਮੁਸਲਮਾਨ ਤੇ ਕਸੂਰ ਦੇ ਲੁਟੇਰੇ ਚੜ੍ਹ ਕੇ ਆ ਜਾਣ, ਤਾਂ ਫੇਰ ਅਸੀਂ ਕੀ ਕਰ ਸਕਾਂਗੇ ? ਸੋ, ਜੇ ਤੁਸੀਂ ਠੀਕ ਸਮਝੋ, ਤਾਂ ਰਾਤੋ-ਰਾਤ ਹੱਦੋਂ ਪਾਰ ਹੋ ਜਾਉ।"

ਹੋਰ ਕੋਈ ਚਾਰਾ ਰਹਿ ਵੀ ਨਹੀਂ ਸੀ ਗਿਆ। ਮਜਬੂਰ ਹੋ ਕੇ ਹਿੰਦੂ ਸਿੱਖ ਆਪਣਾ ਅੱਤ ਲੋੜੀਂਦਾ ਸਾਮਾਨ ਬੰਨ੍ਹਣ ਲੱਗ ਪਏ। ਜੀਹਦੇ ਕੋਲ ਗੱਡ, ਜਾਂ ਕੋਈ ਹੋਰ ਅਸਵਾਰੀ ਦਾ ਪ੍ਰਬੰਧ ਸੀ, ਉਹਨੇ ਵਧੇਰੇ ਸਾਮਾਨ ਲੱਦ ਲਿਆ, ਤੇ ਬਾਕੀਆਂ ਨੇ ਸਿਰਾਂ 'ਤੇ ਚੁੱਕਣ ਜੋਗਾ ਹੀ। ਅੱਧੀ ਰਾਤ ਤੱਕ ਸਾਰੇ ਤੁਰਨ ਵਾਸਤੇ ਤਿਆਰ ਹੋ ਗਏ।

ਏਸ ਵੇਲੇ ਦਸ-ਬਾਰਾਂ ਮੁੰਡਿਆਂ ਨੇ ਇਲਮ ਦੀਨ ਦੇ ਬੂਹੇ ਅੱਗੇ ਆ ਵਾਜ ਮਾਰੀ। ਉਹਨਾਂ ਵਿੱਚੋਂ ਕੁਛ ਪੀਰੂਵਾਲੇ ਦੇ ਤੇ ਕੁਛ ਲਾਗਲੇ ਪਿੰਡ ਰੰਗਪੁਰ ਦੇ ਸਨ।

ਅੱਗੇ ਇਲਮ ਦੀਨ ਸੱਜੇ ਹੱਥ ਬਰਛੀ ਫੜੀ ਵਿਹੜੇ ਵਿੱਚ ਟਹਿਲ ਰਿਹਾ ਸੀ। ਉਹਦੇ ਅੰਦਰ ਉਸ ਵੇਲੇ ਤੂਫ਼ਾਨ ਮੱਚ ਰਿਹਾ ਸੀ, ਪਰ ਉਹ ਅਜੇ ਕਿਸੇ ਫ਼ੈਸਲੇ 'ਤੇ ਨਹੀਂ ਸੀ ਪਹੁੰਚ ਸਕਿਆ।

"ਲੰਬਰਦਾਰਾ! ਆਹ ਨਜਾਮੀ ਖ਼ਬਰ ਲਿਆਇਆ ਏ ਕਿ ਦੋ ਹਜ਼ਾਰ ਕਸੂਰੀਏ ਰਲ ਕੇ ਰੋਹਿਓਂ ਪਾਰ ਰਾਹ ਮੱਲੀ ਬੈਠੇ ਨੇ। ਉਹਨਾਂ ਤੇਰੇ ਪਿੰਡ ਦਾ ਇਕ ਵੀ ਸੁੱਕਾ ਨਹੀਓਂ ਜਾਣ ਦੇਣਾ। ਖ਼ਾਸ ਕਰਕੇ ਸੱਜਣ ਸੂੰਹ ਲੰਬਰਦਾਰ ਨੂੰ ਤਾਂ ਉਹ ਸੌਂਹ ਖਾ ਕੇ ਵੀ ਨਹੀਂ ਛੱਡਣ ਲੱਗੇ। ਤੇ ਜੇ ਆਖੇਂ, ਤਾਂ ਅਸੀਂ ਲੁੱਟ ਲਈਏ ਕੁਛ ਥੋੜ੍ਹਾ ਬਹੁਤਾ ?"

ਇਕ ਮਿੰਟ ਇਲਮ ਦੀਨ ਚੁੱਪਚਾਪ ਖਲਾ ਸੋਚਦਾ ਰਿਹਾ। ਏਨੇ ਥੋੜ੍ਹੇ ਸਮੇਂ ਵਿੱਚ ਹੀ ਉਹਦੇ ਦਿਲ ਵਿੱਚ ਕੋਈ ਖ਼ਿਆਲ ਗੁਜ਼ਰ ਗਏ। ਅੰਤ ਉਹਨੇ ਫ਼ੈਸਲਾ ਕਰ ਲਿਆ।

"ਹੱਛਾ ਭਈ! ਤੁਸੀਂ ਚੱਲ ਕੇ ਮਸੀਤੇ ਬੈਠੋ। ਤੇ ਮੈਂ ਆਪਣੇ ਬੰਦੇ ਲੈ ਕੇ ਔਨਾ।" ਕਹਿ ਕੇ ਇਲਮ ਦੀਨ ਆਪਣੇ ਭਰਾ ਤੇ ਪੁੱਤਰ ਨੂੰ ਉਠਾਉਣ ਤੁਰ ਪਿਆ।

ਸੱਜਣ ਸਿੰਘ ਗੱਡ ਉੱਤੇ ਸਾਮਾਨ ਵਧੇਰੇ ਲੱਦ ਬੈਠਾ ਸੀ। ਉਤੋਂ ਭਜਨ ਕੌਰ ਨੇਹੀਂ ਤੇ ਮਧਾਣੀ ਚੁੱਕੀ ਆ ਗਈ। ਉਹਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਘਰ ਛੱਡਣਾ ਬੜਾ ਔਖਾ ਹੁੰਦਾ ਹੈ।

"ਮੈਂ ਅਗਲੇ ਵਿੱਚੋਂ ਵੀ ਕੁਛ ਸਮਾਨ ਲੌਹਣ ਦੀ ਸੋਚ ਰਿਹਾਂ, ਤੇ ਇਹ ਹੋਰ ਚੁੱਕੀ ਔਂਦੀ ਏ। ਦੋ ਢੱਗੇ ਏਨਾ ਭਾਰ ਖਿੱਚ ਲੈਣਗੇ ? ਸੁੱਟ ਪਰਾਂ।" ਸੱਜਣ ਸਿੰਘ ਨੇ ਕੁਛ ਛਿੱਥਿਆਂ ਪੈ ਕੇ ਕਿਹਾ।

"ਉਸ ਸੱਜਣ ਸਿਹਾਂ! ਬੂਹਾ ਖੁਹਲ।" ਨਾਲ ਹੀ ਬਾਹਰਲਾ ਬੂਹਾ ਖੜਕਿਆ।

"ਕੌਣ ? ਚੌਧਰੀ ਇਲਮ ਦੀਨ ?" ਵਾਜ ਪਛਾਣ ਕੇ ਸੱਜਣ ਸਿੰਘ ਦਾ ਕਲੇਜਾ ਧੜਕਣ ਲੱਗ ਪਿਆ। "ਆ ਭਈ! ਵਾਹਵਾ ਵੇਲਾ ਤਾੜਿਆ ਈ ਖ਼ੋਰ ਕੱਢਣ ਦਾ। ਸੂਰਮਿਆਂ ਦਾ ਏਹਾ ਕੰਮ ਹੁੰਦਾ ਏ। ਪਰ ਅਸੀਂ ਵੀ...।"

"ਨਹੀਂ ਉਇ ਸੱਜਣਾ!" ਇਲਮ ਦੀਨ ਵਿੱਚੋਂ ਹੀ ਬੋਲ ਉੱਠਿਆ, "ਚੌਧਰੀ ਇਲਮ ਦੀਨ ਨਹੀਂ। ਮੈਂ ਇਲਮਾ ਈ, ਤੇਰਾ ਮੁੱਢ ਕਦੀਮਾ ਦਾ ਯਾਰ, ਤੇਰਾ ਖੇਡਾਂ ਦਾ ਹਾਣੀ, ਤੇਰਾ ਪਿਆਲੇ ਦਾ ਸਾਂਝੀ। ਖੁਹਲ ਦੇ ਬੂਹਾ।" ਉਹਦੀ ਵਾਜ ਬੜੀ ਦਰਦ ਵਿੱਚ ਭਿੱਜੀ ਹੋਈ ਸੀ।

"ਖੋਲ੍ਹ ਦੇ ਚਾਚਾ, ਬੂਹਾ। ਮੈਨੂੰ ਆਖ਼ਰੀ ਵਾਰ ਆਪਣੀ ਸਹੇਲੀ ਨੂੰ ਮਿਲ ਲੈਣ ਦਿਹ। ਨੀ ਦੀਪੋ। ਮੈਂ ਜੈਤੋ ਆਂ।"

"ਸੱਜਣ ਸਿਹਾਂ! ਡਰ ਨਾ। ਬੂਹਾ ਖੁਹਲ ਦਿਹ। ਇਸ ਨਿਕਰਮਣ ਜੈਨਾ ਨੂੰ ਇਕ ਵਾਰ ਭੈਣ ਨੂੰ ਮਿਲ ਲੈਣ ਦਿਹ।" ਇਉਂ ਜਾਪਦਾ ਸੀ, ਜਿਵੇਂ ਜੈਨਾ ਰੋ ਰਹੀ ਸੀ।

"ਗੁਰਦੀਪ! ਖੁਹਲ ਦੇ ਬੂਹਾ।" ਸੱਜਣ ਸਿੰਘ ਨੇ ਕੁਛ ਸੋਚ ਕੇ ਛੋਟੇ ਪੁੱਤਰ ਨੂੰ ਹੁਕਮ ਦਿੱਤਾ।

ਡਰਦੇ ਝਿਜਕਦੇ ਗੁਰਦੀਪ ਨੇ ਅੱਗੇ ਵਧ ਕੇ ਬੂਹਾ ਖੁਹਲ ਦਿੱਤਾ। ਸਭ ਤੋਂ ਪਹਿਲਾਂ ਜੰਤੇ ਹਵੇਲੀ ਵਿੱਚ ਦਾਖ਼ਲ ਹੋਈ। ਉਹ ਇਕੇ ਵਾਰ ਡਡਿਆ ਕੇ ਗੁਰਦੀਪ ਦੇ ਗਲ ਨੂੰ ਚੰਬੜ ਗਈ। ਉਹਨੂੰ ਏਨੀ ਸੁੱਧ ਵੀ ਨਾ ਰਹੀ ਕਿ ਹੁਣ ਉਹ ਪੰਦਰਾਂ ਸੋਲਾਂ ਸਾਲ ਦੀ ਮੁਟਿਆਰ ਹੈ। "ਵੇ ਪੱਪੂ!" ਉਹ ਹਡਕੋਰੇ ਲੈਂਦੀ ਬੋਲੀ। "ਆਪਾਂ ਕਿਉਂ ਵੱਡੇ ਹੋ ਗਏ ? ਰੋ ਕੇ ਵਿਛੜਣ ਵਾਸਤੇ ? ਆਪਾਂ....ਆਪਾਂ ਹਾਇ ਅੱਲਾ।"

ਏਨੇ ਤਕ ਇਲਮ ਦੀਨ ਵੀ ਅੰਦਰ ਲੰਘ ਆਇਆ। ਹੱਥ ਵਾਲੀ ਬਰਛੀ ਉਹਨੇ ਅੰਦਰ-ਵਾਰ ਕੰਧ ਨਾਲ ਖਲੀ ਕਰ ਦਿੱਤੀ।

"ਦੀਪੋ ਕਿੱਥੇ ਆ ? ਮੇਰੀ ਗੁੱਡਿਆਂ ਪਟੋਹਲਿਆਂ ਦੀ ਸਹੇਲੀ।" ਜੰਤੇ ਗੁਰਦੀਪ ਨੂੰ ਛੱਡ ਕੇ ਦੀਪੋ ਦੇ ਗਲ ਨਾਲ ਜਾ ਚੰਬੜੀ।

"ਸੱਜਣਾ! ਕੀ ਬਣ ਗਿਆ ਉਇ! ਆਪਾਂ ਜਿਊਂਦੇ ਈ ਵਿਛੜ ਗਏ। ਮਾਰ ਲਿਆ ਸਾਨੂੰ ਲੀਡਰਾਂ ਨੇ।" ਸੱਜਣ ਸਿੰਘ ਦੇ ਗਲੁ ਨੂੰ ਚੰਬੜ ਕੇ ਇਲਮ ਦੀਨ ਹੰਝੂ ਕੇਰਨ ਲੱਗ ਪਿਆ।

"ਹੌਸਲਾ ਕਰ, ਇਲਮ ਦੀਨਾ! ਆਪਣੇ ਕੁਛ ਵੱਸ ਏ ?" ਅਸਲ ਵਿੱਚ ਸੱਜਣ ਸਿੰਘ ਆਪਣੇ ਆਪ ਨੂੰ ਹੌਸਲਾ ਦੇ ਰਿਹਾ ਸੀ।

"ਇਲਮਾ ਆਖ ਉਇ ਪਾਪੀਆ! ਇਲਮ ਦੀਨ ਤਾਂ ਤੇਰੇ ਨਾਲ ਬੇ-ਵਫ਼ਾਈ ਕਰ ਗਿਆ ਸੀ। ਉਹਦਾ ਨਾਂ ਨਾ ਲੈ।" ਇਲਮ ਦੀਨ ਨੇ ਸਾਰੇ ਜ਼ੋਰ ਨਾਲ ਮਿੱਤਰ ਨੂੰ ਬਾਂਹੀਂ ਵਿੱਚ ਘੁੱਟ ਲਿਆ।

ਤਿੱਜੇ ਪਾਸੇ ਭਜਨ ਕੌਰ ਤੇ ਜੈਨਾ ਗਲਵੱਕੜੀ ਪਾਈ ਰੋ ਰਹੀਆਂ ਸਨ। ਉਹ ਮੂੰਹੋਂ ਚੁੱਪ ਸਨ, ਪਰ ਉਹਨਾਂ ਦੇ ਦਿਲਾਂ ਦੀ ਸਾਂਝੀ ਧੜਕਣ ਇਕ ਦੂਸਰੀ ਨੂੰ ਬਹੁਤ ਕੁਛ ਕਹਿ ਰਹੀ ਸੀ।

ਸਭ ਤੋਂ ਵਧੇਰੇ ਜਜ਼ਬਾਤ ਵਿੱਚ ਰੁੜ੍ਹੀ ਜਾ ਰਹੀ ਸੀ ਜੰਤੇ। ਇਲਮ ਦੀਨ ਨੇ ਸੱਜਣ ਸਿੰਘ ਨੂੰ ਜੱਫ਼ੀ ਵਿੱਚੋਂ ਛੱਡਿਆ, ਤਾਂ ਜੰਤੇ ਉਹਦੇ ਗਲੁ ਨੂੰ ਚੰਬੜ ਗਈ।

"ਵੇ ਚਾਚਾ! ਕਿੱਧਰ ਤੁਰ ਚੱਲਿਆਂ ਏਂ ਰੋਂਦੀ ਧੀ ਨੂੰ ਛੱਡ ਕੇ। ਮੈਨੂੰ ਉਹ ਦਿਨ ਨਹੀਂ ਊਂ ਭੁੱਲਦਾ, ਜਿੱਦਣ ਕੰਧਾੜਿਆਂ 'ਤੇ ਚੁੱਕ ਕੇ ਸ਼ਹਿਰੋਂ ਲਿਆਇਆ ਸੈਂ। ਮਾਂ ਨੇ ਮੈਨੂੰ ਮਾਰਿਆ ਸੀ। ਤੇ ਤੂੰ ਮੈਨੂੰ ਚੁੱਕ ਕੇ ਆਖਿਆ ਸੀ, ਚੱਲ ਤੈਨੂੰ ਮੈਂ ਆਪਣੀ ਧੀ ਬਣਾ ਲੈਂਦਾਂ। ਤੇ ਓਦਣ ਦਾ ਚੇਤਾ ਈ ? ਨਿੱਕੇ ਹੁੰਦੇ ਮੈਂ ਤੇ ਪੱਪੂ ਖੇਡਦੇ ਪਏ ਸਾਂ। ਤੇ ਤੂੰ ਮੇਰੀ ਮਾਂ ਨੂੰ ਕੀ ਆਹੰਦਾ ਸੈਂ ? ਮੈਨੂੰ ਆਪਣੇ ਨਾਲੇ ਲੈ ਚੱਲ। ਲੈ ਚੱਲ, ਹਾਏ ਲੈ ਚੱਲ।"

ਜੰਤੇ ਦਿਆਂ ਵਿਰੜਿਆਂ ਨੇ ਸਾਰਿਆਂ ਦੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ।

"ਕਮਲੀ ਨਾ ਹੋਵੇ ਤਾਂ। ਇਹ ਕਿੱਥੇ ਚੱਲੇ ਨੇ ? ਆ ਦੋ ਦਿਨ ਗੜਬੜ ਦੇ ਹੈਗੇ ਨੇ। ਹੱਦੋਂ ਪਾਰ ਕਿਸੇ ਸਾਕ ਸਰਬੰਧੀ ਦੇ ਘਰ ਕੱਟ ਕੇ ਫੇਰ ਆ ਜਾਣਗੇ।" ਇਲਮ ਦੀਨ ਨੇ ਜੰਤੇ ਨੂੰ ਬਾਂਹੋਂ ਫੜ ਕੇ ਪਿਛਾਂਹ ਖਿਚਦਿਆਂ ਕਿਹਾ। "ਸੱਜਣ ਸਿਹਾਂ! ਛੇਤੀ ਕਰੋ। ਬੜੀ ਭੈੜੀ ਖ਼ਬਰ ਸੁਣ ਕੇ ਆਇਆਂ।" ਤੇ ਉਹਨੇ ਸਾਰੀ ਗੱਲ ਕਹਿ ਸੁਣਾਈ। "ਅਸੀਂ ਐਥੋਂ ਸਿੱਧੇ ਵਰਨਾ ਨੂੰ ਚੱਲਾਂਗੇ। ਤੇ ਅਗਲੇ ਕਾਦੀਵਿੰਡ ਵਾਲੇ ਰਾਹ ਤੋਂ ਬੱਲਾਂ ਵਾਲੇ ਨੂੰ ਮੁੜਾਂਗੇ। ਸਮਝ ਲਿਆ ? ਛੇਤੀ ਕਰੋ।"

ਜੰਤੇ ਤੇ ਜੈਨਾ ਇਕ ਵਾਰ ਫਿਰ ਸਹੇਲੀਆਂ ਦੇ ਗਲ੍ਹ ਮਿਲੀਆਂ। ਜੈਨਾ ਨੇ ਆਖ਼ਰੀ ਵਾਰ ਛੋਟਾ ਜਿਹਾ ਵਾਕ ਕਿਹੈ, "ਭਜਨ ਕੁਰੇ! ਕਦੇ-ਕਦੇ ਇਸ ਨਿਮਾਣੀ ਨੂੰ ਯਾਦ ਕਰ ਲਿਆ ਕਰੀਂ।" ਉਹਦਾ ਸੀਨਾ ਪਾੜਕੇ ਨਿਕਲੇ ਸਨ ਇਹ ਚਾਰ ਸ਼ਬਦ।

ਉਹ ਦੋਵੇਂ ਮਾਂਵਾਂ ਧੀਆਂ ਘਰ ਨੂੰ ਮੁੜ ਗਈਆਂ। ਵਤਨ ਛੋੜਾਂ ਦਾ ਕਾਫ਼ਲਾ ਵਰਨਾ ਵਾਲੇ ਰਾਹੇ ਪੈ ਗਿਆ। ਇਲਮ ਦੀਨ ਬਰਛੀ ਤਾਣ ਕੇ ਸੱਜਣ ਸਿੰਘ ਦੀ ਗੱਡ ਦੇ ਅੱਗੇ ਲੱਗ ਪਿਆ। ਉਹਦਾ ਭਰਾ, ਪੁੱਤਰ ਤੇ ਭਤੀਜਾ ਤਿੰਨੇ ਪਹਿਰੇਦਾਰਾਂ ਵਾਂਗ ਪਿੱਛੇ-ਪਿੱਛੇ ਤੁਰ ਪਏ। ਬਖ਼ਸ਼ੀਸ਼ ਸਿੰਘ ਮੁੱਢ 'ਤੇ ਬੈਠਾ ਗੱਡ ਹਿੱਕ ਰਿਹਾ ਸੀ। ਸੱਜਣ ਸਿੰਘ, ਭਜਨ ਕੌਰ, ਦੀਪੋ ਤੇ ਗੁਰਦੀਪ ਗੱਡ ਦੇ ਮਗਰ ਜਾ ਰਹੇ ਸਨ।

ਤੂਤਾਂ ਵਾਲੇ ਖੂਹ ਦੇ ਕੋਲ ਦੀ ਲੰਘਦਿਆਂ ਸੱਜਣ ਸਿੰਘ ਨੇ ਦਿਲ ਹੀ ਦਿਲ ਵਿੱਚ ਬੜੇ ਹਿਰਖ ਨਾਲ ਕਿਹਾ, 'ਲੈ ਉਏ ਧੰਨੇ ਸ਼ਾਹ! ਸਾਂਭ ਲੈ ਖੂਹ।' ਪਰ ਉਹ ਮੂੰਹੋਂ ਕੁਛ ਨਾ ਬੋਲ ਸਕਿਆ।

ਉਹ ਦੋ ਪੈਲੀਆਂ ਅੱਗੇ ਗਏ, ਤਾਂ ਉਹਨਾਂ ਦੇ ਕੰਨੀ ਗਹਿਣੇ ਲੁਹਾਰ ਦੀ ਉਦਾਸੀ ਹੋਈ ਵਾਜ ਪਈ, "ਬਾਬਾ 'ਕਾਲੀਆ! ਤੁਸੀਂ ਹਿੰਦੂ-ਸਿੱਖ ਹਿੰਦੁਸਤਾਨ ਵਿੱਚ ਚਲੇ ਜਾਉਗੇ। ਮੋਮਨਾਂ ਵਾਸਤੇ ਪਾਕਿਸਤਾਨ ਬਣ ਗਿਆ ਏ। ਤੇ ਮੇਰੇ ਵਰਗੇ ਕਾਫ਼ਰ ਵਾਸਤੇ ਕਿਹੜਾ ਥਾਂ ਏਂ ? ਮੈਨੂੰ ਵੀ ਕੁਛ ਦੱਸ ਜਾਹ।"

"ਮੀਆਂ ਗਹਿਣਿਆਂ! ਸਬਰ ਕਰ। ਕਰਤਾਰ ਦੇ ਰੰਗ ਵੇਖ। ਜੋ ਉਸ ਨੂੰ ਭਾਵੇ। ਹੱਛਾ, ਫੇਰ ਮਿਲਾਂਗੇ। ਜ਼ਰੂਰ ਮਿਲਾਂਗੇ।" ਬਾਬੇ ਅਕਾਲੀ ਨੇ ਉਹਨੂੰ ਧੀਰਜ ਦੇ ਕੇ ਪਿਛਾਂਹ ਨੂੰ ਮੋੜ ਦਿੱਤਾ।

"ਬਾਬਾ 'ਕਾਲੀਆ! ਲਿਆ ਟਰੰਕ ਗੱਡ 'ਤੇ ਰੱਖ ਦਿਹ।" ਸੱਜਣ ਸਿੰਘ ਨੇ ਕੋਲ ਪਹੁੰਚ ਕੇ ਹਮਦਰਦੀ ਨਾਲ ਕਿਹਾ।

"ਨਹੀਂ ਪੁੱਤ! ਇਹ ਕਿਸੇ ਦੀ ਅਮਾਨਤ ਏ। ਇਹ ਮੈਂ ਨਹੀਂ ਦੇ ਸਕਦਾ ਚਲੋ।" ਬਾਬੇ ਅਕਾਲੀ ਨੇ ਉਹ ਛੋਟਾ ਜਿਹਾ ਟਰੰਕ ਕੱਛ ਹੇਠ ਦਬਾਉਂਦਿਆਂ ਕਿਹਾ।

ਕਾਫ਼ਲਾ ਚੁੱਪ-ਚਾਪ ਤੁਰਿਆ ਜਾ ਰਿਹਾ ਸੀ। ਕਿਸੇ ਕੋਲ ਵੀ ਤਾਂ ਕਹਿਣ ਸੁਨਣ ਨੂੰ ਕੁਛ ਨਹੀਂ ਸੀ। ਹਰ ਦਿਲ ਉੱਤੇ ਇਕ ਮਾਰੂ ਸਹਿਮ ਛਾਇਆ ਹੋਇਆ ਸੀ। ਦਿਲ ਖੁੱਸਦੇ ਸਨ, ਅੱਖਾਂ ਵਹਿੰਦੀਆਂ ਸਨ, ਪਰ ਜ਼ਬਾਨ ਬੰਦ ਸੀ।

ਦੋਹਾਂ ਮੁਲਕਾਂ ਦੀ ਹੱਦ ਉੱਤੇ ਪਹੁੰਚ ਕੇ ਗੱਡ ਰੁਕ ਗਈ। ਜਿੱਥੇ ਕਾਗ਼ਜ਼ਾਂ 'ਤੇ ਲਕੀਰ ਖਿੱਚ ਕੇ, ਰਾਜ ਗੱਦੀ ਦੇ ਚਾਹਵਾਨਾਂ ਨੇ ਸੱਜਰੀ-ਸੱਜਰੀ ਧਰਤੀ ਦੀ ਹਿੱਕ ਚੀਰੀ ਸੀ। ਹੁਣ ਤਕ ਇਲਮ ਦੀਨ ਕਿਵੇਂ ਨਾ ਕਿਵੇਂ ਆਪਣੇ ਆਪ ਨੂੰ ਕਾਬੂ ਕੀਤੀ ਆਇਆ ਸੀ। ਆਖ਼ਰੀ ਵਾਰ ਬਾਲ-ਸਖਾਈ ਦੇ ਗਲ੍ਹ ਮਿਲਦਿਆਂ ਉਹਦੇ ਸਬਰ ਦੇ ਬੰਨ੍ਹ ਟੁੱਟ ਗਏ। ਉਹ ਉੱਚੀ-ਉੱਚੀ ਧਾਹੀਂ ਮਾਰ ਕੇ ਰੋ ਪਿਆ। "ਉਇ ਸੱਜਣਾ! ਕੀ ਆਪਾਂ ਹੁਣ ਕਦੇ ਵੀ ਨਹੀਂ ਮਿਲਾਂਗੇ ? ਆਪਾਂ ਮਰਨ ਤੋਂ ਪਹਿਲਾਂ ਈਂ ਵਿਛੜ ਗਏ? ਸਿਆਣੇ ਆਹੰਦੇ ਹੁੰਦੇ ਨੇ 'ਲੜਣ ਰਾਤ ਹੋਵੇ ਤੇ ਵਿਛੜਣ ਰਾਤ ਨਾ ਹੋਵੇ।' ਅਤੇ ਆਪਾਂ....ਆਪਾਂ...।" ਅਗ੍ਹਾਂ ਸਿਰਫ਼ ਦੋਹਾਂ ਦੇ ਹਟਕੋਰੇ ਹੀ ਰਹਿ ਗਏ।

"ਉਇ ਕਮਲਿਓ! ਕਿਉਂ ਰੋਂਦੇ ਉ ?" ਬਾਬੇ ਅਕਾਲੀ ਨੇ ਦੋਹਾਂ ਨੂੰ ਮਿੱਠੀ ਜੇਹੀ ਝਿੜਕ ਦੇਂਦਿਆਂ ਕਿਹਾ, "ਮਦਾਨ ਵਿੱਚ ਫੱਟੜ ਹੋ ਕੇ ਸੂਰਮੇ ਰੋਇਆ ਕਰਦੇ ਨੇ ? ਅਸੀਂ ਇਕ ਬਹੁਤ ਵੱਡੀ ਜੰਗ ਲੜੇ ਆਂ, ਅੰਗਰੇਜ਼ ਦੇ ਵਰੱਧ ਆਜ਼ਾਦੀ ਦੀ ਜੰਗ ਤੇ ਉਸ ਵਿੱਚ ਅਸੀਂ ਮਰਦਾਂ ਵਾਂਗ ਜਿੱਤੇ ਆਂ। ਜਾਂਦਾ-ਜਾਂਦਾ ਅੰਗਰੇਜ਼ ਸਾਡੇ ਵਿੱਚ ਇਹ ਪਾਟਕ ਪਾ ਚੱਲਿਆ ਏ, ਪਰ ਇਹ ਵਿੱਥਾਂ ਸਦਾ ਨਹੀਂ ਰਹਿਣਗੀਆਂ। ਤੁਸੀਂ ਇਕੋ ਲਹੂ ਓ, ਇਕੋ ਕੌਮ ਓ। ਵੇਖ ਲੈਣਾ ਤੁਸੀਂ ਫੇਰ ਮਿਲੋਗੇ। ਹਾਂ, ਫੇਰ ਮਿਲੋਗੇ।" ਬਾਬੇ ਨੇ ਸ਼ਬਦਾਂ 'ਤੇ ਜ਼ੋਰ ਦੇਂਦਿਆਂ ਕਿਹਾ, "ਫੇਰ ਤੁਹਾਨੂੰ ਕੋਈ ਨਹੀਂ ਨਖੇੜ ਸਕੇਗਾ। ਪਰ...ਪਰ...ਏਸ ਤਰ੍ਹਾਂ ਅੰਞਾਣਿਆਂ ਵਾਂਗ ਭੁੱਬਾਂ ਮਾਰ ਕੇ ਆਪਣੀ ਬਹਾਦਰੀ ਨੂੰ ਕਮਜ਼ੋਰ ਨਾ ਕਰੋ। ਅਜੇ ਤਾਂ ਤੁਸਾਂ ਇਕ ਹੋਰ ਲੜਾਈ ਲੜਨੀ ਏਂ, ਏਸ ਬੀਤੀ ਲੜਾਈ ਨਾਲੋਂ ਵੀ ਵੱਡੀ, ਬਹੁਤ ਵੱਡੀ। ਤੇ ਉਹ ਲੜਾਈ ਹੋਵੇਗੀ, ਭੁੱਖ ਦੇ ਖ਼ਲਾਫ਼, ਗ਼ਰੀਬੀ ਦੇ ਖ਼ਲਾਫ਼, ਤੇ ਹੋਰ ਨਿੱਕੀਆਂ ਮੋਟੀਆਂ ਕਈ ਬੀਮਾਰੀਆਂ, ਜੋ ਏਨੇ ਸਾਲਾਂ ਦੀ ਲੰਮੀ ਗ਼ੁਲਾਮੀ ਪਿੱਛੇ ਛੱਡ ਚੱਲੀ ਏ, ਉਹਨਾਂ ਸਾਰੀਆਂ ਦੇ ਖ਼ਲਾਫ਼। ਏਥੇ ਈ ਬੱਸ ਨਹੀਂ। ਐਨੀਆਂ ਕੁਰਬਾਨੀਆਂ ਦੇ ਕੇ ਜਿਹੜੀ ਆਜ਼ਾਦੀ ਹਾਸਲ ਕੀਤੀ ਏ, ਉਸ ਦੀ ਰੱਖਿਆ ਵੀ ਤੁਹਾਨੂੰ ਹੀ ਕਰਨੀ ਪਵੇਗੀ। ਸੋ, ਮੇਰੇ ਯੋਧਿਓ! ਤਕੜੇ ਹੋਵੋ, ਬਲ ਧਾਰੋ ਤੇ ਨਵੀਂ ਔਣ ਵਾਲੀ ਮੁਹਿੰਮ ਲਈ ਤਿਆਰ ਹੋਵੋ!"

ਸੀਤਲ ਭਵਨ, ਮਾਡਲ ਗਰਾਮ, —ਸੋਹਣ ਸਿੰਘ ਸੀਤਲ
ਲੁਧਿਆਣਾ—2,
17.10.62

# ਲਾਹੌਰ ਬੁੱਕ ਸ਼ਾਪ ਵੱਲੋਂ ਪ੍ਰਕਾਸ਼ਿਤ

## *ਸੋਹਣ ਸਿੰਘ ਸੀਤਲ ਰਚਿਤ ਪੁਸਤਕਾਂ*

**ਇਤਿਹਾਸ** : 1. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ 2. ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ 3. ਗੁਰੂ ਗੋਬਿੰਦ ਸਿੰਘ ਜੀ 4. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ 5. ਬੰਦਾ ਸਿੰਘ ਸ਼ਹੀਦ 6. ਸਿਖ ਰਾਜ ਕਿਵੇਂ ਬਣਿਆ 7. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ 8. ਸਿੱਖ ਰਾਜ ਤੇ ਸ਼ੇਰੇ ਪੰਜਾਬ 9. ਸਿੱਖ ਰਾਜ ਕਿਵੇਂ ਗਿਆ 10. ਦੁਖੀਏ ਮਾਂ ਪੁੱਤ 11. ਗੁਰ ਇਤਿਹਾਸ ਦਸ ਪਾਤਸ਼ਾਹੀਆਂ 12. ਬਾਬਾ ਨਾਨਕ 13. ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ 14. ਸਿੱਖ ਸ਼ਹੀਦ ਤੇ ਯੋਧੇ 15. ਗੁਰਬਾਣੀ ਵਿਚਾਰ 16. ਮੇਰੇ ਇਤਿਹਾਸਕ ਲੈਕਚਰ।

**ਨਾਵਲ** : 1. ਜੁੱਗ ਬਦਲ ਗਿਆ 2. ਜਵਾਲਾਮੁਖੀ 3. ਮੁੱਲ ਦਾ ਮਾਸ 4. ਪਤਵੰਤੇ ਕਾਤਲ 5. ਵਿਜੋਗਣ 6. ਅੰਨ੍ਹੀ ਸੁੰਦਰਤਾ 7. ਦੀਵੇ ਦੀ ਲੋ 8. ਜੰਗ ਜਾਂ ਅਮਨ 9. ਬਦਲਾ 10. ਈਚੋਗਿਲ ਨਹਿਰ ਤਕ 11. ਕਾਲੇ ਪਰਛਾਵੇਂ 12. ਪ੍ਰੀਤ ਤੇ ਪੈਸਾ 13. ਤੂਤਾਂ ਵਾਲਾ ਖੂਹ 14. ਧਰਤੀ ਦੇ ਦੇਵਤੇ 15. ਧਰਤੀ ਦੀ ਬੇਟੀ 16. ਪ੍ਰੀਤ ਕਿ ਰੂਪ 17. ਸੁੰਞਾਂ ਆਹਲਣਾ 18. ਮ: ਜਿੰਦਾਂ 19. ਮ: ਦਲੀਪ ਸਿੰਘ।

**ਕਵਿਤਾ** : 1. ਵਹਿੰਦੇ ਹੰਝੂ 2. ਸੱਜਰੇ ਹੰਝੂ 3. ਦਿਲ ਦਰਿਆ 4. ਮੇਰੇ ਗੀਤ 5. ਮੇਰੀ ਕਵਿਤਾ ਮੇਰੇ ਗੀਤ 6. ਮੇਰੀਆਂ ਢਾਡੀ ਵਾਰਾਂ ਪਹਿਲਾ ਭਾਗ 7. ਮੇਰੀਆਂ ਢਾਡੀ ਵਾਰਾਂ ਦੂਜਾ ਭਾਗ 8. ਮੇਰੀਆਂ ਢਾਡੀ ਵਾਰਾਂ ਤੀਜਾ ਭਾਗ 9. ਮੇਰੀਆਂ ਢਾਡੀ ਵਾਰਾਂ ਚੌਥਾ ਭਾਗ 10. ਨਾਵਲਕਾਰ ਸੋਹਣ ਸਿੰਘ ਸੀਤਲ 11. ਸਿੱਖ ਇਤਿਹਾਸ ਦੇ ਸੋਮੇ, ਪੰਜ ਭਾਗ।

**ਵਾਰਾਂ** : 1. ਸੀਤਲ ਕਿਰਣਾਂ 2. ਸੀਤਲ ਸੁਨੇਹੇ 3. ਸੀਤਲ ਹੰਝੂ 4. ਸੀਤਲ ਹੁਲਾਰੇ 5. ਸੀਤਲ ਤਰੰਗਾਂ 6. ਸੀਤਲ ਪ੍ਰਸੰਗ 7. ਸੀਤਲ ਪ੍ਰਕਾਸ਼ 8. ਸੀਤਲ ਤਰਾਨੇ 9. ਸੀਤਲ ਵਾਰਾਂ 10. ਸੀਤਲ ਤਾਂਘਾਂ 11. ਸੀਤਲ ਵਲਵਲੇ 12. ਸੀਤਲ ਚੰਗਿਆੜੇ 13. ਸੀਤਲ ਚਮਕਾਂ 14. ਸੀਤਲ ਰਮਜ਼ਾਂ 15. ਸੀਤਲ ਉਮੰਗਾਂ 16. ਸੀਤਲ ਅੰਗਿਆਰੇ 17. ਸੀਤਲ ਮੁਨਾਰੇ 18. ਸੀਤਲ ਸੁਗਾਤਾਂ।